พัชส พัชส

พัชส พัชส

# ਅੱਖਰ ਅੱਖਰ

**ਹੋਰ ਰਚਨਾਵਾਂ :**

| | |
|---|---|
| ਸ਼ੀਸ਼ਾ ਝੂਠ ਬੋਲਦਾ ਹੈ | (ਕਾਵਿ ਸੰਗ੍ਰਹਿ) 1978, 1992, 2003, 2011 |
| ਹਰ ਧੁਖਦਾ ਪਿੰਡ ਮੇਰਾ ਹੈ | (ਕਾਵਿ ਸੰਗ੍ਰਹਿ) 1996, 2007, 2021 |
| ਬੋਲ ਮਿੱਟੀ ਦਿਆ ਬਾਵਿਆ | (ਕਾਵਿ ਸੰਗ੍ਰਹਿ) 1992, 1999, 2003, 2009 |
| ਅਗਨ ਕਥਾ | (ਕਾਵਿ ਸੰਗ੍ਰਹਿ) 2000, 2003, 2010 |
| ਖ਼ੈਰ ਪੰਜਾਂ ਪਾਣੀਆਂ ਦੀ | (ਕਾਵਿ ਸੰਗ੍ਰਹਿ) 2005, 2006, 2009 |
| ਧਰਤੀ ਨਾਦ | (ਕਾਵਿ ਸੰਗ੍ਰਹਿ) 2006, 2008 |
| ਫੁੱਲਾਂ ਦੀ ਝਾਂਜਰ | (ਗੀਤ ਸੰਗ੍ਰਹਿ) 2006, 2012 |
| ਪਾਰਦਰਸ਼ੀ | (ਕਾਵਿ ਸੰਗ੍ਰਹਿ) 2008, 2014 |
| ਮਨ ਤੰਦੂਰ | (ਕਾਵਿ ਸੰਗ੍ਰਹਿ) 2014, 2015 |
| ਮੋਰ ਪੰਖ | (ਗ਼ਜ਼ਲ ਸੰਗ੍ਰਹਿ) 2010, 2021 |
| ਗੁਲਨਾਰ | (ਗ਼ਜ਼ਲ ਸੰਗ੍ਰਹਿ) 2015, 2021 |
| ਮਿਰਗਾਵਲੀ | (ਗ਼ਜ਼ਲ ਸੰਗ੍ਰਹਿ) 2016 (ਦੋ ਵਾਰ) |
| ਰਾਵੀ | (ਗ਼ਜ਼ਲ ਸੰਗ੍ਰਹਿ) 2018, 2019 |
| ਸੰਧੂਰਦਾਨੀ | (ਰੁਬਾਈਆਂ) 2019 |
| ਮਨ ਪਰਦੇਸੀ | (ਗ਼ਜ਼ਲ ਸੰਗ੍ਰਹਿ) 2019 |
| ਸੁਰਤਾਲ | (ਗ਼ਜ਼ਲ ਸੰਗ੍ਰਹਿ) 2021 |
| ਜਲ ਕਣ | (ਰੁਬਾਈਆਂ 2021) |
| ਚਰਖ਼ੜੀ | (ਕਾਵਿ ਸੰਗ੍ਰਹਿ) 2021, 2023 |
| ਜ਼ੇਵਰ | (ਗ਼ਜ਼ਲ ਸੰਗ੍ਰਹਿ) 2024 |

| | | |
|---|---|---|
| ਪੱਤੇ ਪੱਤੇ ਲਿਖੀ ਇਬਾਰਤ | (ਰੁਬਾਈਆਂ) 2021 | (ਤੇਜ ਪ੍ਰਤਾਪ ਸਿੰਘ ਸੰਧੂ ਦੇ ਫ਼ੋਟੋ ਚਿੱਤਰਾਂ ਸਹਿਤ) |
| ਕੈਮਰੇ ਦੀ ਅੱਖ ਬੋਲਦੀ | (ਸੁਚਿੱਤਰ ਵਾਰਤਕ) 1999 | |

**ਸ਼ਾਹਮੁਖੀ ਵਿੱਚ ਪ੍ਰਕਾਸ਼ਿਤ ਸੰਗ੍ਰਹਿ**

| | |
|---|---|
| ਖ਼ੈਰ ਪੰਜਾਂ ਪਾਣੀਆਂ ਦੀ | (ਕਾਵਿ ਸੰਗ੍ਰਹਿ) 2005, 2023 |
| ਰਾਵੀ | (ਗ਼ਜ਼ਲ ਸੰਗ੍ਰਹਿ) 2019 |
| ਸੁਰਤਾਲ | (ਗ਼ਜ਼ਲ ਸੰਗ੍ਰਹਿ) 2021 |
| ਗੁਲਨਾਰ | (ਗ਼ਜ਼ਲ ਸੰਗ੍ਰਹਿ) 2023 |
| ਮਿਰਗਾਵਲੀ | (ਗ਼ਜ਼ਲ ਸੰਗ੍ਰਹਿ) 2024 |

**ਮੇਰੀਆਂ ਰਚਨਾਵਾਂ ਦੇ ਹੋਰਨਾਂ ਵੱਲੋਂ ਸੰਪਾਦਿਤ ਸੰਗ੍ਰਹਿ**

| | |
|---|---|
| ਸੁਰਖ਼ ਸਮੁੰਦਰ | (ਕਾਵਿ ਸੰਗ੍ਰਹਿ) 1992, 1994, 2001, 2012 |
| ਦੋ ਹਰਫ਼ ਰਸੀਦੀ | (ਗ਼ਜ਼ਲ ਸੰਗ੍ਰਹਿ) 1996, 2021 |
| ਤਾਰਿਆਂ ਦੇ ਨਾਲ ਗੱਲਾਂ ਕਰਦਿਆਂ | (ਗ਼ਜ਼ਲ ਸੰਗ੍ਰਹਿ) 2014, 2021 |
| ਇਤਫ਼ਾਕ | (ਗ਼ਜ਼ਲ ਸੰਗ੍ਰਹਿ) 2024 |

| | |
|---|---|
| **ਹਿੰਦੀ** | (ਗ਼ਜ਼ਲ ਸੰਗ੍ਰਹਿ) 2017 |
| ਅਧਾਰ ਭੂਮੀ | (ਕਵਿਤਾਵਾਂ) 2022 |

# ਅੱਖਰ ਅੱਖਰ

(1973 ਤੋਂ 2023 ਤੱਕ ਕੀਤੀ ਗ਼ਜ਼ਲ-ਸਿਰਜਣਾ)

ਗੁਰਭਜਨ ਗਿੱਲ

**ਪੰਜਾਬੀ ਲੋਕ ਵਿਰਾਸਤ ਅਕਾਦਮੀ**
**ਲੁਧਿਆਣਾ**

# Akhar Akhar

Anthology of Ghazals by

© Gurbhajan Singh Gill
113-F Shaheed Bhagat Singh Nagar,
Pakhowal Road, Ludhiana-141013
Email : Gurbhajansinghgill@gmail.com

Last Page Photo T.P.S. Sandhu

ISBN : 978-81-7143-728-3

Price : ₹ 1000/-
US $ 20

First Print : 2 May 2023
Second Print : 2 May 2024

*Sole Distributor*
**Singh Brothers**
City Centre, Amritsar

**Published in memory of Mata Ji Satdarni Pritam Kaur by her son S. Raghbir Singh (Ghunn) Heuston (USA) by Punjabi Lok Virasat Academy, Ludhiana - INDIA**

*Printed at*
**Printwell**
146, Industrial Focal Point, Amristar

## ਸਮਰਪਣ

ਸਾਡੇ ਪਿੰਡ **ਬਸੰਤ ਕੋਟ** ਵਿਚ ਬੀਬੀ ਜੀ ਦੇ ਚੁੱਲ੍ਹੇ ਅੱਗੇ
ਸੁਆਹ ਵਿਛਾ ਕੇ ਪਹਿਲੀ ਵਾਰ
"**ਊੜਾ**" ਲਿਖ ਕੇ ਦੇਣ ਵਾਲੇ ਵੱਡੇ ਭੈਣਜੀ
ਪ੍ਰਿੰਸੀਪਲ **ਮਨਜੀਤ ਕੌਰ ਵੜੈਚ**
ਤੋਂ ਲੈ ਕੇ
ਮੇਰੀਆਂ ਲਿਖਤਾਂ ਦੀ ਵਰਤਮਾਨ ਪ੍ਰੇਰਨਾ
ਸਾਡੀ ਪੋਤਰੀ **ਅਸੀਸ ਕੌਰ ਗਿੱਲ**
ਦੇ ਨਾਮ



ਰੇਖਾਂਕਣ: ਅਸੀਸ ਕੌਰ ਗਿੱਲ

ਇੱਕ ਟਾਹਣੀ ਫੁੱਲ ਕੰਡੇ ਜੰਮਣ, ਜੋ ਖਿੜਦੇ, ਕਿਉਂ ਓਹੀ ਝੜਦੇ।
ਕੰਡਿਆਂ ਨੂੰ ਫੁੱਲ ਦੇਣ ਝਕਾਨੀ, ਖ਼ੁਸ਼ਬੋਈ ਬਣ ਹਰ ਸਾਹ ਵੜਦੇ।
ਤੂੰ ਪੁੱਛਿਆ ਹੈ, ਕੰਡਿਆਂ ਉੱਤੇ ਸੰਗਤ ਰੂਪ ਕਿਉਂ ਨਹੀਂ ਚੜ੍ਹਦਾ,
ਚੋਭਾਂ ਮਾਰਨ ਵਾਲੇ ਬੱਲਿਆ, ਦਿਲ ਦੀ ਕੋਈ ਕਿਤਾਬ ਨਾ ਪੜ੍ਹਦੇ।

# ਤਤਕਰਾ


| | |
|---|---|
| ਉਹ ਰਾਵੀਓਂ ਉਰਵਾਰ-ਪਾਰ | 13 |
| ਜਗ ਰਹੇ ਜੁਗਨੂੰ | 18 |
| ਆਪੋ ਆਪਣੀ ਚੁੱਪ | 18 |
| ਸਾਰਾ ਆਲਮ | 19 |
| ਕਾਫ਼ਲਿਆਂ ਦਾ ਸਾਥ | 19 |
| ਇਕ ਬਦਲੋਟੀ ਤੁਰਦੀ ਜਾਂਦੀ | 20 |
| ਖ਼ੁਦਕੁਸ਼ੀ ਹੀ ਖ਼ੁਦਕੁਸ਼ੀ | 20 |
| ਅੰਨ੍ਹੀ ਬੋਲ਼ੀ ਰਾਤ | 21 |
| ਵਗਦਾ ਦਰਿਆ | 21 |
| ਸਿਖ਼ਰ-ਦੁਪਹਿਰੇ | 22 |
| ਅੱਧੀ ਰਾਤੀਂ ਗੋਲੀ ਚੱਲੀ | 22 |
| ਕਿਹੋ ਜਿਹਾ ਸ਼ਹਿਰ | 23 |
| ਕਤਰਿਆ ਉਸ ਇਸ ਤਰ੍ਹਾਂ | 23 |
| ਲਟ ਲਟ ਬਲ਼ਦੇ | 24 |
| ਅੱਖਾਂ ਵਿਚ ਉਨੀਂਦਾ | 24 |
| ਇਸ ਦੋਸਤੀ ਦੀ ਮਹਿਕ | 25 |
| ਜਿਨ੍ਹਾਂ ਜ਼ਿੰਦਗੀ ਗੁਜ਼ਾਰੀ | 25 |
| ਮੀਲਾਂ ਦੇ ਵਿਚ ਫ਼ੈਲ | 26 |
| ਕਰਕੇ ਜਿਨ੍ਹਾਂ ਨੂੰ ਯਾਦ | 26 |
| ਬੇ-ਮੌਸਮ ਬਰਸਾਤ ਮਧੋਲੀ | 27 |
| ਗੁਆਚੇ ਯਾਰ ਸਾਰੇ ਸ਼ਹਿਰ | 27 |
| ਪੈੜਾਂ ਤੇ ਕੁਝ ਰਿਸ਼ਤੇ | 28 |
| ਆਵਾਜ਼ ਮੇਰੀ ਪਰਤ ਕੇ ਆਈ | 28 |
| ਯਾਦਾਂ ਦੇ ਹਵਾਲੇ | 29 |
| ਜੂਨ ਜੁਲਾਈ | 29 |
| ਰੁਕ ਰੁਕ ਤੇਜ਼ ਹਵਾ | 30 |
| ਹਰ ਸੀਸ ਤੇਗ ਹੇਠਾਂ | 30 |
| ਬੜਾ ਚਿਰ ਜੀ ਲਿਆ | 31 |
| ਦਿਨ ਭਰ ਜਿਹੜੀ ਰਾਤ ਉਡੀਕਾਂ | 31 |
| ਜੇ ਮੂੰਹੋਂ ਬੋਲਦੀ ਸ਼ੀਰੀਂ | 32 |
| ਸਾਡੇ ਘਰ ਨੂੰ ਤੀਲੀ ਲਾ ਗਏ | 32 |
| ਅੱਧੀ ਰਾਤੇ ਜਦ ਕੋਈ ਤਾਰਾ | 33 |
| ਗਰਦ ਚੜ੍ਹੀ ਅਸਮਾਨੇ | 33 |
| ਜੇਕਰ ਬਿਜਲੀ-ਘਰ ਦੇ ਨੇੜੇ | 34 |
| ਅਖ਼ਬਾਰਾਂ 'ਚ ਰੋਜ਼ਾਨਾ | 34 |
| ਚੇਤੇ 'ਚੋਂ ਨਹੀਂ ਜਾਂਦੀ | 35 |
| ਹਾੜ੍ਹ ਮਹੀਨਾ ਸਿਖ਼ਰ-ਦੁਪਹਿਰਾ | 35 |
| ਯਤਨ ਕਰਾਂਗਾ ਮੱਥੋ ਵਿਚਲੀ | 36 |
| ਅੰਗਾਂ ਦੇ ਵਿਚ ਵੜਦੀ ਜਾਵੇ | 36 |
| ਜੰਗਲ ਦੇ ਵਿਚ ਸ਼ਾਮ ਪਈ | 37 |
| ਜਿਨ੍ਹਾਂ ਦੇ ਪਿੰਡਿਆਂ ਦੇ ਉੱਤੇ | 37 |
| ਚੰਡੀਗੜ੍ਹ ਦੇ ਬਾਗ਼ | 38 |
| ਹੌਕਿਆਂ ਦੇ ਵਿਚ ਉਲਝ ਗਈ | 38 |
| ਚਾਰ-ਚੁਫ਼ੇਰੇ 'ਨੇਰ੍ਹ ਦਾ ਪਹਿਰਾ | 39 |
| ਅੰਬਰ ਦੇ ਵਿਚ ਬਿਜਲੀ ਕੜਕੇ | 39 |
| ਆਲ ਦੁਆਲੇ ਲਾਟਾਂ ਵਗਦੀ | 40 |
| ਹਵਾ ਵਿਚ ਉੱਡ ਰਿਹਾ ਸਾਂ | 40 |
| ਤਪਦੇ ਥਲਾਂ ਦਾ ਪੈਂਡਾ | 41 |
| ਹਰ ਹਾਦਿਸੇ | 41 |
| ਸਾਂਭ ਕੇ ਕਾਗ਼ਜ਼ ਕਿਤਾਬਾਂ | 42 |
| ਜਦੋਂ ਪੰਛੀ ਪਰਾਂ | 42 |
| ਕੰਡਿਆਂ ਦੀ ਤਾਰ | 43 |
| ਹਾਦਸਿਆਂ ਦੀ ਦੁਨੀਆਂ | 43 |
| ਪਿੰਡ ਗਏ ਨੂੰ ਘੂਰਦੀਆਂ | 44 |
| ਬੰਦ ਕਮਰੇ ਵਿਚ ਬੈਠ | 44 |
| ਗੋਲੀਆਂ ਵਿੰਨ੍ਹੇ ਜਿਸਮ | 45 |
| ਆਪਣੇ ਆਲ-ਦੁਆਲੇ | 45 |
| ਗੁਆਚਾ ਫਿਰ ਰਿਹਾਂ | 46 |
| ਜ਼ਿੰਦਗੀ ਵਿਚ ਮੁਸ਼ਕਲਾਂ | 46 |
| ਬੜ੍ਹਕਾਂ ਤੋਂ ਜੇ ਡਰ ਜਾਉਗੇ | 47 |
| ਰਿਸ਼ਤੇ ਨਾਤੇ ਗਏ ਗੁਆਚੇ | 47 |
| ਦੂਰ ਗਿਆਂ ਜਦ ਰਾਤ ਪੈਣ ਤੇ | 48 |
| ਤੁਸੀਂ ਉਲਝਾ ਲਿਆ ਸਾਨੂੰ | 48 |
| ਊਭੜ ਖਾਭੜ ਸੜਕਾਂ | 49 |
| ਮੋਈਆਂ ਘੁੱਗੀਆਂ ਚੇਤੇ ਆਈਆਂ | 49 |
| ਦੂਰ ਖੜ੍ਹਾ ਨਾ ਤੂੰ | 50 |
| ਵੱਢਿਆ ਟੁੱਕਿਆ ਜਿਸਮ | 50 |
| ਪੰਜ ਦਰਿਆ ਪੰਜਾਬ | 51 |
| ਖੋਹ ਲਿਆ ਸੂਰਜ | 51 |
| ਰੋਜ਼ ਸਵੇਰੇ ਘਰ | 52 |
| ਰੁੱਖਾਂ ਨੂੰ ਆਰੀ ਫੇਰ ਨਾ | 52 |
| ਜਦ ਤੋਂ ਹੋਰ ਜ਼ਮਾਨੇ ਆਏ | 53 |
| ਗਲ਼ੀਆਂ ਸੁੰਨ-ਮਸੁੰਨੀਆਂ | 53 |
| ਨਾ ਉਹ ਆਰ ਦੇ ਰਹੇ | 54 |
| ਜੀਅ ਕਰਦੈ ਅਪਣੇ ਪਿੰਡ ਜਾ ਕੇ | 54 |
| ਸੁਪਨ-ਪਰਿੰਦੇ ਸੰਘੀਉਂ ਫੜ ਕੇ | 55 |
| ਹਰ ਪਾਸੇ ਹਥਿਆਰ ਬੇਲੀਆ | 55 |
| ਅੱਜ ਚਾਰੇ ਪਾਸੇ ਹੋਣ ਹਥਿਆਰ | 56 |
| ਰੋਕੋ ਵਗਣੋਂ ਇਸ ਧਰਤੀ ਤੋਂ | 56 |
| ਧੂੰਏ ਵਿਚ ਗੁਆਚ ਗਿਆ | 57 |
| ਵਗਦੇ ਪਾਣੀ ਅੰਦਰ | 57 |
| ਚੇਤੇ ਰੱਖਿਓ | 58 |
| ਬੈਚੇਨੀ ਵਿਚ ਤੜਫ਼ਦੇ | 58 |
| ਭਟਕਣ ਪੱਲੇ ਪਾ ਬੈਠੇਂਗਾ | 59 |
| ਮੀਂਹ ਨੇਰ੍ਹੀ ਨੇ ਮੂਧੇ ਕੀਤੇ | 59 |
| ਉੱਚੇ ਪਰਬਤ ਉੱਤੇ ਸਬਜ਼ ਦਿਆਰ | 60 |
| ਜਦੋਂ ਸੂਰਜ ਅਜੇ ਧਰਤੀ ਦੇ ਘਰ | 60 |
| ਹਮਕਦਮ ਹੋਇਆ ਮੈਂ ਕਾਹਦਾ | 61 |
| ਖ਼ਬਰੇ ਕਿਹੜੇ ਗ਼ਮ ਨੇ ਖਾਧੇ | 61 |
| ਕਦੇ ਸੁਪਨੇ ਵਿਚ ਕਦੇ ਜਾਗਦਿਆਂ | 62 |
| ਪੌਣ ਜਿਵੇਂ ਤਿਰਹਾਈ ਹੋਵੇ | 62 |
| ਸਿੱਧੇ ਰਾਹੀਂ ਤੁਰੇ ਜਾਂਦਿਆਂ | 63 |
| ਦਿਲ ਹੋਇਆ ਛਾਲੇ ਛਾਲੇ | 63 |
| ਰਾਤੀਂ ਸੁਪਨੇ 'ਚ ਮੇਰੇ ਨਾਲ | 64 |
| 'ਵਾਜ ਦਿਆਂਗਾ ਆਖੀਂ ਹਾਂ | 64 |
| ਅੱਖਾਂ ਵਿੱਚੋਂ ਨੀਂਦਰਾਂ | 65 |
| ਪੱਤਝੜ ਮਗਰੋਂ ਕੋਮਲ ਪੱਤਿਆਂ | 65 |
| ਹੱਸ ਨਾ ਸਕੀਏ | 66 |
| ਸੁਪਨਿਆਂ ਦੀ ਨੈਂ ਝਨਾਂ | 66 |
| ਜ਼ਿੰਦਗੀ ਕਿਸ ਦੋਸ਼ ਬਦਲੇ | 67 |
| ਬੁੱਕਲ ਵਿਚ ਸਮੋ ਲਿਆ | 67 |
| ਕਰਦਾ ਜੇ ਤੂੰ ਫੁੱਲਾਂ ਨਾਲ ਪਿਆਰ | 68 |
| ਵਗ ਰਹੀ ਠੰਢੀ ਹਵਾ | 68 |
| ਉੱਪਰੋਂ ਲੰਘਣ ਕਾਫ਼ਲੇ | 69 |
| ਘੁੰਮਣ ਘੇਰ ਜਹਾਨ ਦੇ | 69 |
| ਦਿੱਲੀ ਦਿਲ ਤੋਂ ਦੂਰ | 70 |
| ਹਾਲ ਮੁਰੀਦਾਂ ਕਿਸ ਨੂੰ ਕਹੀਏ | 70 |
| ਰੂਹ ਦੀ ਪਿਆਸ | 71 |
| ਮੈਂ ਪੌਣ ਵੈਰਾਗਣ | 71 |
| ਮੈਂ ਹਕੂਮਤ ਨੂੰ ਕਹਾਂਗਾ | 72 |
| ਸਿਰਾਂ 'ਤੇ ਰਾਤ ਹੈ ਕਾਲ਼ੀ | 72 |
| ਅੱਖਾਂ 'ਚ ਉਨੀਂਦਰਾ | 73 |
| ਵਗਦੀ ਹਨ੍ਹੇਰੀ ਬੁਝੀ ਦੀਵਿਆਂ ਦੀ | 73 |
| ਬੰਦ ਕਰੋ ਦਰਵਾਜ਼ੇ ਸਾਰੇ | 74 |
| ਯਾਰੀ ਪਾਉਂਦੇ ਜੇ ਨਾ ਰੰਗਲੇ | 74 |
| ਜਗ ਰਹੇ ਜੁਗਨੂੰ | 75 |
| ਉਲਝ ਗਿਆ ਹੈ ਤਾਣਾ ਬਾਣਾ | 75 |
| ਮੈਂ ਤੰਬੂ ਹੇਠ ਮਰ ਚੱਲਿਆਂ | 76 |
| ਜ਼ਾਲਮ ਦੇ ਅੱਗੇ ਤਾਂ ਅੜੀਏ | 76 |
| ਅਪਣੀ ਜਾਚੇ ਉਹ ਤਾਂ ਵੱਡੇ ਘਰ | 77 |
| ਜੇ ਤੁਰਿਐਂ ਆਪਣੇ ਤੋਂ ਪਾਰ | 78 |
| ਦਰਿਆ ਝੀਲਾਂ ਤਲਖ ਸਮੁੰਦਰ | 78 |
| ਠੋਕਰਾਂ ਨਾ ਮਾਰ | 79 |
| ਹੰਝੂਆਂ ਨਾਲ ਮੈਂ ਸੱਤੇ ਸਾਗਰ | 79 |
| ਤੂੰ ਉਮੀਦਾਂ ਨੂੰ ਹਮੇਸ਼ਾਂ | 80 |
| ਕੰਠੇ ਉੱਪਰ ਮੰਜਾ ਡਾਹ ਕੇ | 80 |
| ਵੇਖ ਲਵੋ ਇਹ ਚੰਚਲ | 81 |
| ਅਕਲਾਂ ਦਾ ਇਹ ਭਰਮ ਜਖ਼ੀਰਾ | 81 |
| ਐਵੇਂ ਕਰੀ ਜਾਵੇਂ ਕਾਹਨੂੰ | 82 |
| ਮਰਤਬਾਨ ਵਿਚ ਬੰਦਾ | 82 |
| ਵਰ੍ਹਦੇ ਮੀਂਹ ਵਿਚ ਉੱਡਣ-ਖਟੋਲਾ | 83 |
| ਤੂੰ ਮਿਲੀ ਮੁੱਦਤ ਦੇ ਪਿੱਛੋਂ | 83 |
| ਬਹੁਤ ਬਣਦੇ ਯਾਰ ਅੱਜ ਕੱਲ੍ਹ | 84 |
| ਧਰਤ ਬੇਗਾਨੀ | 84 |
| ਅੰਬਰ ਦੇ ਵਿਚ ਤਾਰੀ ਲਾਉਂਦਿਆਂ | 85 |
| ਬਿਰਧ ਸਰੀਰ | 85 |
| ਐਟਮ ਦਾ ਵਣਜ ਕਰਦੇ | 86 |
| ਨਦੀ ਤੂਫ਼ਾਨੀ ਉੱਛਲੀ ਸੀ | 86 |
| ਜੀਅ ਭਰ ਤੱਕਿਆ ਤੈਨੂੰ | 87 |
| ਰੀਝ ਕਦੇ ਵੀ ਦਿਲ ਤੇ ਉੱਤੇ | 87 |
| ਗ਼ਜ਼ਲ ਕਾਹਦੀ ਕਿ ਜਿਸ ਨੂੰ ਸੁਣ ਕੇ | 88 |
| ਉਦੋਂ ਤੀਕਰ ਨਹੀਂ ਸੌਣਾ | 88 |
| ਤੇਰਾ ਰੁੱਸ ਕੇ ਜਾਣਾ | 89 |
| ਰਾਤ ਹਨੇਰੀ | 89 |

# ਅੱਖਰ ਅੱਖਰ


ਵੀਹਵੀਂ ਸਦੀ ਗੁਜ਼ਾਰਨ ਮਗਰੋਂ 90
ਸਮਾਂ ਹੈ ਰੁਕ ਗਿਆ 90
ਗੁਰੂ ਤੇਰੇ ਪੁੱਤਰਾਂ ਤੇ 91
ਯਾਦਾਂ ਵਾਲੇ ਉੱਡਣੇ ਪੰਛੀ 91
ਵਧ ਰਹੇ ਮਜ਼ਲੂਮ 92
ਜਲ ਨਦੀ ਦਾ ਇਹ ਨਿਰੰਤਰ ਵਹਿ 92
ਇੱਕ ਦੋ ਕਦਮ ਤੁਰਨ 93
ਸੁਣ ਰਿਹਾ ਹਾਂ ਗੀਤ 93
ਕਿਤਾਬਾਂ ਜੋ ਨਹੀਂ ਕਰ ਸਕਦੀਆਂ 94
ਕਈ ਸਦੀਆਂ ਪੁਰਾਣੀ ਰੀਤ 94
ਬਚਪਨ ਦੇ ਪਰਛਾਵੇਂ 95
ਮੁਹੱਬਤ ਦਾ ਕੋਈ ਵੀ ਨਾਂ ਨਹੀਂ ਹੁੰਦਾ 95
ਫਿਰਦੇ ਨੇ ਦਨਦਨਾਉਂਦੇ 96
ਥਲਾਂ ਵਿਚ ਭਰਮ ਜਲ 96
ਲਗਾਇਆ ਜ਼ੋਰ ਨੇਰ੍ਹੀ 97
ਕਰਕ-ਕਲੇਜੇ ਵਾਲੀ 97
ਅਪਣੀ ਛਾਂ ਵਿਚ ਉਲਝਿਆ 98
ਅੱਧੀ ਰਾਤੀਂ ਜਾਗ ਕੇ 98
ਲੰਮ ਸਲੰਮੀਆਂ ਸੜਕਾਂ ਉੱਤੇ 99
ਰਾਤ ਹਨ੍ਹੇਰੀ ਰੁੱਖਾਂ ਵਿਚ ਦੀ 99
ਆਸ ਬੇਗਾਨੀ ਤੇ ਜੇ ਰਹਿੰਦੇ 100
ਦੋ ਅੱਖਾਂ ਵਿਚ ਇੱਕੋ ਚਿਹਰਾ 100
ਰੁੱਤ ਬਸੰਤੀ ਟਾਹਣੀ ਟਾਹਣੀ 101
ਝੀਲ ਬਲੌਰੀ ਨੈਣਾਂ ਅੰਦਰ 101
ਇਕ ਦੂਜੇ ਤੋਂ ਮਸ਼ੀਨਾਂ 102
ਝੰਬਿਆ ’ਨ੍ਹੇਰੀ ਨੇ ਮੈਨੂੰ 102
ਤੋੜ ਨਿਭਾਉਣਾ 103
ਬੰਦ ਨੇ ਬੂਹੇ ਅਤੇ ਬਾਰੀਆਂ 103
ਧਰਤੀ ਮਾਂ ਦੀ ਗੋਦ ਭਰੀ ਹੈ 104
ਉਹ ਨਹੀਂ ਨੇੜੇ 104
ਛੱਡ ਪਗਡੰਡੀ ਸੜਕੀਂ ਚੜ੍ਹ ਪਏ 105
ਚੁੱਪ ਕਰ ਤੂੰ 105
ਜੋ ਮਨੁੱਖੀ ਜਾਨ ਲੈਂਦਾ 106
ਨੋਚਦੈ ਮਾਸੂਮ ਜਿੰਦਾਂ 107
ਵੀਰਵਾਰ ਨੂੰ ਜਗਦੇ ਦੀਵੇ 107
ਧਰਤ ਤੇ ਆਇਆ ਜਦੋਂ ਵੀ 108
ਮਾਲੀ ਨੂੰ ਵਿਸ਼ਵਾਸ ਨਹੀਂ ਹੁਣ 108
ਮੋਹ-ਮੁਹੱਬਤ ਪਾਰਦਰਸ਼ੀ ਹੈ 109
ਕੱਚ ਦੇ ਟੋਟੇ ਕਦੇ ਨਾ ਗੱਡੀਂ 109
ਅਪਣੇ ਹੀ ਘਰ ਗੁਆਚਿਆਂ 110
ਦਿਲ ਦੇ ਬੂਹੇ ਖੋਲ੍ਹ ਕੇ 110
ਗਰਜ਼ ਬਿਨਾ ਨਾ ਭਰਦਾ ਕੋਈ 111
ਕਿੰਨੇ ਚੋਰ ਲੁਕਾਏ ਨੇ ਮੈਂ 111
ਜ਼ਹਿਰ-ਪਰੁੱਚੀ ਪੌਣ ਦਾ ਪਹਿਰਾ 112
ਜਿਵੇਂ ਹਥਿਆਰ ਪਾਗਲ ਹੋ ਰਹੇ ਨੇ 112
ਰਾਤ ਬਰਾਤੇ ਅਚਨਚੇਤ 113
ਦਿਸਦਾ ਨਹੀਂ ਪਰ ਮਹਿਕ ਵਾਂਗੂੰ 113
ਤਪਦੇ ਥਲ ਦੇ ਉੱਪਰੋਂ ਰੁੱਤਾਂ 114
ਸਾਡੇ ਵਿਹੜੇ ਖਿੜਿਆ ਜਿਹੜਾ 114
ਰੁਕ ਗਈ ਤਾਜ਼ੀ ਹਵਾ 115
ਸਾਂਭੀ ਰੱਖ ਤੂੰ ਦਿਲ ਦੇ ਅੰਦਰ 115
’ਵਾ-ਵਰੋਲਾ, ਤੇਜ਼ ’ਨੇਰ੍ਹੀ 116
ਤਿਆਗੋ ਛੁਪਣਗਾਹਾਂ ਦੋਸਤੋ 116
’ਨੇਰ੍ਹ ਹੈ ਨਾ ਚਾਨਣਾ ਹੈ 117
ਸਿਆਸਤਦਾਨ ਜਿੱਤਣਗੇ 117
ਸੁਪਨ ਸੁਨੇਹਾ ਲਿਆਉਂਦੇ 118
ਤੁਰ ਰਿਹਾ ਭਾਵੇਂ ਅਗਾਂਹ ਨੂੰ 118
ਮਿੱਟੀ ਦਾ ਭਗਵਾਨ ਬਣਾ ਕੇ ਡਰੀ 119
ਵਹਿ ਗਿਆ ਪਾਣੀ ਪੁਲ਼ਾਂ ਦੇ ਹੇਠ 119
ਮੋਹ ਦੇ ਧਾਗੇ ਸਾਂਭਣ ਤੋਂ 120
ਤਪਦੇ ਤਨ ਤੇ ਘੜਾ ਡੋਲ਼ 120
ਮੈਂ ਸੁਲਝਾਉਂਦਾ ਉਲਝ ਗਿਆ ਹਾਂ 121
ਸਿਖ਼ਰ ਪਹਾੜੀ ਉਤਲੀ 121
’ਨੇਰ੍ਹਿਆਂ ਵਿਚ ਸ਼ਹਿਰ ਡੁੱਬਾ 122
ਜਮਾਤਾਂ ਨੂੰ ਜਦੋਂ ਵੀ ਜ਼ਾਤ 122
ਉਹਦੀ ਛੋਹ ਜਿਉਂ ਛੋਹ 123
ਕੱਚ ਕੰਕਰਾਂ ਪੈਰਾਂ ਦੇ ਵਿਚ 123
ਕਿਸ ਤੇ ਰੋਸ ਕਰੇਂਗੀ ਜਿੰਦੇ 124
ਹੋ ਗਿਆ ਮੈਨੂੰ ਭਲਾ ਕੀਹ 124
ਦਿਸਦੀ ਨਹੀਂ ਅਣਦਿਸਦੀ ਸ਼ਕਤੀ 125
ਅਸਾਂ ਤਾਂ ਬਲਦੇ ਰਹਿਣਾ ਹੈ 126
ਜਦ ਤੋਂ ਮੈਂ ਰਿਸ਼ਤਾ ਤੋੜਿਆ 126
ਲੋਕਾਂ ਦੇ ਮਨ ਉੱਤੇ 127
ਬੱਦਲਾਂ ਵਾਂਗੂੰ ਉੱਡਿਆ ਫਿਰਦੈ 127
ਸੁਪਨੇ ਦੇ ਵਿਚ ਆ ਕੇ ਤੂੰ 128
ਤੁਰ ਪਈਏ, ਰੁਕ ਜਾਈਏ 128
ਤੇਰੇ ਨੈਣ ਗੁਆਚੇ ਫਿਰਦੇ ਨੇ 129
ਸੁਪਨੇ ਵਿਚ ਤੂੰ ਪਹਿਲਾਂ 129
ਅੱਥਰੂ 'ਕੱਲੇ ਪਾਣੀ ਨਹੀਓਂ 130
ਕੌਣ ਹੈ ਜੋ ਤੁਰ ਰਿਹਾ ਮੇਰੇ ਬਰਾਬਰ 130
ਏਸ ਆਜ਼ਾਦੀ ਅੱਥਰੂ ਦਿੱਤੇ 131
ਇਨ੍ਹਾਂ ਤਾਂ ਫੁੱਲ ਬਣਕੇ ਮਹਿਕਣਾ ਸੀ 131
ਇੱਕ ਟਟਹਿਣਾ ਵੇਖ ਰਿਹਾ ਏ 132
ਧਰਤੀ ਝੂਮੇ, ਅੰਬਰ ਗਾਵੇ 132
ਨਵੇਂ ਰੰਗ ਵਿੱਚ ਰੰਗ ਦੇ ਮੈਨੂੰ 133
ਬਦਨੀਤਾਂ ਦੀ ਬਸਤੀ ਅੰਦਰ 133
ਆਟੇ ਦੀ ਇੱਕ ਲੱਪ ਦੇ ਬਦਲੇ 134
ਉੱਸਲਵੱਟੇ ਲੈਂਦਿਆਂ ਰਾਤ 134
ਹੋਠਾਂ ਉੱਤੇ ਚੁੱਪ ਦੇ ਜੰਦਰੇ 135
ਚਾਰ ਦਿਨਾਂ ਦੇ ਚਾਨਣ ਮਗਰੋਂ 135
ਮੇਰੀ ਬਾਤ ਦਾ ਹੁੰਗਾਰਾ 136
ਹਿੰਮਤ ਦੀ ਥਾਂ ਜਿਹੜੇ ਹੌਕੇ 136
ਸੁਣੋ ਸੁਣਾਵਾਂ ਬੋਲ ਜੋ ਪੁਰਖੇ ਕਹਿ 137
ਰਣ ਦੇ ਯੋਧੇ ਪਿਆਰ ਦੇ ਰਣ 'ਚੋਂ 137
ਤੇਰੇ ਕੋਲ ਕਿਤਾਬ ਪਈ ਹੈ 138
ਮਾਨਸਰਾਂ ਤੋਂ ਉੱਡ ਕੇ ਆਉਂਦੀ 138
ਮੈਂ ਜਿਸਮਾਂ ਦੀ ਹੱਦ 139
ਸੱਚ ਬੋਲਣ ਦਾ ਕਸ਼ਟ 139
ਚੌਂਕੀਦਾਰ ਆਵਾਜ਼ਾ ਦੇ ਗਿਆ 140
ਧੀਆਂ ਸਿਰ ਫੁਲਕਾਰੀ 140
ਜਾਲ ਵਿਚ ਸਾਨੂੰ ਇਹ 141
ਨਾ ਧਰਤੀ ਨਾ ਅੰਬਰ ਝੱਲੇ 141
ਸਾਨੂੰ ਮੋੜਾਂ ਉੱਤੇ ਟੱਕਰੇ ਜੀ 142
ਤੁਰ ਰਿਹੈ, ਬਸ ਤੁਰ ਰਿਹੈ 142
ਜਬਰ ਜ਼ੁਲਮ ਦਾ ਟੋਲਾ ਜਦ ਵੀ 143
ਤੇਰੀ ਚੁੱਪ ਦਾ ਪਹਾੜ 143
ਹਨ੍ਹੇਰੀ ਰਾਤ ਅੰਦਰ 144
ਸੂਰਜ ਚੜ੍ਹਿਆ ਥੱਕਿਆ ਥੱਕਿਆ 144
ਸਿਰ ਤੇ ਸੂਰਜ ਹੁੰਦਿਆਂ ਸੁੰਦਿਆਂ 145
ਦਾਨਿਸ਼ਵਰ ਲਈ ਮੁਕਤੀਦਾਤਾ 145
ਕਈ ਕੁਝ ਏਸ ਰੁਮਾਲ 'ਚ ਤੇਰੇ 146
ਸਭ ਲੋਕਾਂ ਲਈ ਇੱਕੋ ਧਰਤੀ 146
ਸਾਡੇ ਘਰ ਨੂੰ ਬਾਹਰੋਂ ਕਿਹੜਾ 147
ਖ਼ੁਦਾਇਆ ਇਹ ਕਦੇ ਨਾ ਕਹਿਰ 147
ਭਰਮ ਦੇ ਭਾਂਡੇ ਦੇ ਹੋ ਗਏ 148
ਸਰਫਰੋਸ਼ਾਂ ਨੂੰ ਕਿਤਾਬਾਂ 148
ਤਾਕਤ, ਅਕਲਾਂ, ਵਕਤ ਇਕੱਠੇ 149
ਜਿਹੜੇ ਹੌਕੇ ਲੰਘਦੇ ਸਾਹਾਂ ਥਾਣੀਂ 149
ਸਿਖ਼ਰ ਦੁਪਹਿਰੇ ਵਰਗਾ ਜੀਵਨ 150
ਮੱਥੇ ਦੇ ਵਿਚ ਜੋਤ ਜਗੇ ਤਾਂ 150
ਸ਼ਾਮ ਢਲੀ ਤੋਂ ਮਗਰੋਂ, ਛਾਵਾਂ 151
ਧਰਮ ਗਰੰਥਾਂ ਦੇ ਵਿਚ ਮੰਨਦੇ 151
ਪੁੱਛਿਆ ਕਰ ਤੂੰ ਦੁਖ ਸੁਖ 152
ਸ਼ਬਦ ਕੋਸ਼ 'ਚੋਂ ਖਾਰਜ ਕਰ ਦਿਉ 152
ਤੂੰ ਮੇਰੇ ਜਿਸਮ ਦੀ ਮਿੱਟੀ 153
ਦਿਨ ਚੜ੍ਹਦੈ ਤਾਂ ਤੁਰ ਪੈਂਦਾ ਏਂ 153
ਕਿੱਥੇ ਬੰਦ ਹਾਂ, ਗੁਪਤ ਗੁਫ਼ਾਵਾਂ 154
ਕਿੰਨੀ ਵਾਰੀ ਕੁੱਟ ਕੁੱਟ ਚੂਰੀਆਂ 154
ਰਾਤੀਂ ਬਹਿ ਕੇ ਖ਼ਤ ਲਿਖਿਆ ਕਰ 155
ਅੰਨ੍ਹੀ ਤਾਕਤ ਅਕਸਰ ਅੰਨ੍ਹਾ 155
ਕੌੜ ਕੁਸੈਲੇ ਬੋਲ ਹਮੇਸ਼ਾਂ 156
ਹੁਣ ਤੈਨੂੰ ਸਮਝਾਵੇ ਕਿਹੜਾ 156
ਹੋ ਗਈਆਂ ਨੇ ਗੱਲਾਂ 157
ਰਾਜ ਘਰਾਂ ਦੇ ਲੇਖੇ ਅੰਦਰ 157
ਅਗਨ ਲਗਨ ਦੀ ਸਾਂਝੀ ਧੜਕਣ 158
ਜ਼ਿੰਦਗੀ ਚੁਸਤ ਵਪਾਰੀ ਵਾਂਗੂੰ 158
ਮੇਰੇ ਸਾਹਾਂ 'ਚ ਖ਼ੁਸ਼ਬੂ 159
ਦਰ ਦਰਵਾਜ਼ੇ ਖੋਲ੍ਹੇਂਗਾ 159
ਧਨਵੰਤੇ ਦਾ ਬੋਲ ਕੁਬੋਲ ਵੀ 160
ਖ਼੍ਵਾਬ ਨਾ ਖ਼ਿਆਲ, ਕਦੇ 160
ਸ਼ਬਦ ਕੋਸ਼ 'ਚੋਂ ਲੱਭਦਾ ਫਿਰਦੈਂ 161
ਮਾਣ ਤੂੰ ਮਾਤ-ਜ਼ਬਾਨ 'ਚੋਂ ਖ਼ੁਸ਼ਬੂ 161
ਆਪਣੇ ਘਰ ਪਰਦੇਸੀਆਂ ਵਾਂਗੂੰ 162
ਦਿਲ ਨੂੰ ਇਹ ਸਮਝਾਉਂਦਾ ਰਹਿਨਾਂ 162
ਪੈਰਾਂ ਥੱਲੇ ਅਪਣੀ ਧਰਤੀ 163
ਪਾਣੀਆਂ ਦੀ ਮੌਜ ਦਾ ਹੀ 163
ਲੱਭਦੇ ਲੱਭਦੇ ਮਰ ਚੱਲੇ ਆਂ 164
ਇਕੋ ਵਾਰੀ ਮੰਦਿਰ ਜਾ ਕੇ 164
ਕਿਉਂ ਕੱਖਾਂ ਦੀ ਕੁੱਲੀ ਅੱਜ ਵੀ 165
ਹਰ ਵਸਤਰ ਦੇ ਹੇਠਾਂ ਕੱਜਿਆ 165
ਅੱਖਾਂ ਵਿੱਚ ਰੌਸ਼ਨੀ ਤੇ ਹੋਠਾਂ 166
ਅਣਖ਼ ਦੀ ਖਾਤਰ ਸੀਸ ਦੀ ਕੀਮਤ 166
ਦੇਹਿ ਸ਼ਿਵਾ ਵਰ ਮੋਹਿ ਤਕ ਤਾਂ 167

ਖੇਡ ਰਿਹਾਂ ਸ਼ਤਰੰਜ ਇਕੱਲਾ 167
ਨੰਗੀ ਅੱਖ ਨੂੰ ਦਿਸਦੇ ਇਹ ਜੋ 168
ਤੂੰ ਕਹਿੰਦਾ ਏ, ਇਹ ਆਜ਼ਾਦੀ 168
ਕੱਲ੍ਹ ਸ਼ਾਮੀਂ ਜਦ ਤੱਕਿਆ ਮੈਂ ਤਾਂ 169
ਧੁੱਪਾਂ ਤੋਂ ਵੱਧ ਛਾਵਾਂ 169
ਪੰਛੀ ਉਡਾਣ ਭਰ ਕੇ 170
ਅਕਲ ਦਾ ਅਸਲ ਟਿਕਾਣਾ ਹੁੰਦੈ 170
ਵਰ੍ਹਿਆਂ ਪਿੱਛੋਂ ਇੱਕ ਵੀ ਸੁਪਨਾ 171
ਖ਼ੁਸ਼ਬੂ ਦਾ ਫੁੱਲ ਤੋਂ ਵਿੱਛੜਨਾ 171
ਤੂੰ ਮੈਥੋਂ ਦੂਰ ਨਾ ਜਾਹ 172
ਬਹੁਤ ਨੇੜੇ ਆਣ ਕੇ 172
ਸ਼ਿਕਵੇ ਗਿਲੇ-ਗੁਜ਼ਾਰੀਆਂ 173
ਰਿਸ਼ਤਿਆਂ ਵਿਚ ਗੁਲਕੰਦ ਘੋਲਦੀ 173
ਮੁਸੀਬਤ ਪੈਣ ਤੇ ਹਰ ਆਦਮੀ 174
ਜੇ ਕਿਰਤੀ ਦਾ ਅੱਜ ਤੱਕ ਬਣਿਆ 175
ਉਸ ਦਿਨ ਅੰਬਰ ਕਾਲਾ ਹੋਇਆ 175
ਅਕੀਦਾ ਤੁਰਨ ਦਾ ਕਰੀਏ 176
ਧੜਕਣਾਂ ਵਿਚ ਚੋਰ ਵਾਂਗੂੰ 176
ਸੁਣਿਆ ਕਰ ਤੂੰ, ਅੰਬਰ ਵਿਚ ਜੋ 177
ਵੇਖ ਲੈ ਦਿਲ ਦਾ ਸਮੁੰਦਰ 177
ਮੁਹੱਬਤ ਬਹੁਤ ਲੰਮੀ ਖ਼ੁਦਕੁਸ਼ੀ 178
ਧਰਮ ਕਰਮ ਨੂੰ ਪਰਖ਼ਣ ਖਾਤਰ 178
ਜਿੰਦੇ ਮੇਰੀਏ ਨਾ ਹੋਵੀਂ 179
ਕਿੰਨੀ ਵਾਰੀ ਲਿਖਿਆ 179
ਮੋਤੀ ਮੋਤੀ ਤੇਰੇ ਹੋ 180
ਬਹਿ ਨਾ ਜਾਵੀਂ ਅੰਦਰ ਲੁਕ ਕੇ 180
ਏਸ ਵਤਨ ਦਾ ਹੁਣ ਕੀਹ ਕਰੀਏ 181
ਆਰ ਪਾਰ ਆਉਂਦਾ ਜਾਂਦਾ 181
ਧਰਮ ਕਰਮ ਦੇ ਰਾਖੇ ਵੇਖੋ 182
ਦਰਦ ਸਮੁੰਦਰ ਨਾਲ ਜਦੋਂ ਵੀ 182
ਸਾਡੇ ਹੱਥਾਂ ਵਿੱਚ ਚੱਲ ਗਏ ਨੇ 183
ਵੇਖ ਥਲਾਂ ਵਿਚ ਰੰਗ ਰੱਤੀ 183
ਜੇ ਤੂੰ ਵੇਖਣਾ ਹੈ ਏਥੇ ਤੇਰਾ 184
ਤੀਜਾ ਨੇਤਰ ਜਾਗ ਪਿਆ 184
ਗਿਆਨ ਅਤੇ ਵਿਗਿਆਨ ਜਦੋਂ 185
ਕਿਣ ਮਿਣ ਕਣੀਆਂ ਧਰਤ ਉਡੀਕੇ 185
ਮੇਰੇ ਸਾਹਾਂ ਵਿਚ ਸਮਤੋਲ ਰਹੇ 186
ਮੇਰੀ ਹਿੱਕ ਵਿਚ ਮਾਰਨ ਖ਼ਾਤਰ 186
ਅੱਜ ਵੀ ਮੇਰਾ ਧਰਮੀ ਬਾਬਲ 187
ਵੇਖੋ ਭੀੜ 'ਚ ਗੁਆਚਾ 187
ਅਕਸਰ ਚੇਤੇ ਕਰਦਾ ਰਹਿੰਦਾ 188
ਮੇਰੇ ਨੇੜੇ ਜਦ ਤੂੰ ਆਵੇਂ 188
ਉੱਡਣ ਖਟੋਲੇ ਵਾਲੇ ਭਾਈ 189
ਇਕ ਵਾਰ ਭਗਤ ਸਿੰਘ ਫਿਰ ਆਵੇ 189
ਵਕਤ ਹਮੇਸ਼ਾ ਸਾਨੂੰ ਸਭ ਨੂੰ 190
ਮੈਂ ਤਾਂ ਰੂਹ ਹਾਂ ਪਿਆਰ 'ਚ ਭਿੱਜੀ 190
ਮਨ ਦੀ ਬਸਤੀ, ਵੇਖਣ ਨੂੰ ਤਾਂ 191
ਕੰਨ ਕਰ ਕੋਲ ਮੇਰੇ 191
ਇਸ ਧਰਤੀ ਤੇ ਮੈਨੂੰ ਦੱਸੋ 192
ਅੱਖਾਂ ਉੱਤੋਂ ਕਾਲੀਆਂ ਤੂੰ ਐਨਕਾਂ 192
ਚੜ੍ਹਿਆ ਚੇਤਰ ਕਣਕਾਂ ਦੇ ਸਿੱਟਿਆਂ 193
ਜੁਗ ਜੁਗ ਜੀਵੋ ਮੇਰੇ ਪੁੱਤਰੋ 193
ਪਿਆਰ ਦੇ ਪਿਆਰਿਆਂ ਲਈ ਹਾਸੇ 194
ਬੱਚਿਆਂ ਨੂੰ ਬਘਿਆੜ ਖਾ ਗਿਆ 194
ਮੇਰੇ ਸਾਹਾਂ ਜੇ ਕੁਝ ਤਾਜ਼ਗੀ ਹੈ 195
ਆਨੰਦਪੁਰ ਕੋਈ ਸ਼ਹਿਰ ਨਹੀਂ ਹੈ 195
ਹਰ ਥਾਂ ਹਾਜ਼ਰ ਨਾਜ਼ਰ ਤੂੰ ਹੀ 196
ਪਿਆਰ ਦੇ ਪੁਜਾਰੀਆਂ ਦੀ ਵੱਖਰੀ 196
ਅਦਲੀ ਰਾਜੇ, ਧਰਮ ਕਚਹਿਰੀ 197
ਹਿੰਮਤਾਂ ਦੇ ਰਾਹੀਓ 197
ਜੀਵੇ ਜਾਗੇ ਭਾਵੇਂ 198
ਬਹੁਤ ਸੋਹਣੀ 198
ਟੁੱਟਿਆ ਸੌ ਵਾਰ 199
ਤੇਰੇ ਨਾਲ ਗੁਜ਼ਾਰੀਆਂ ਰਾਤਾਂ 199
ਕਿੱਦਾਂ ਮਰਨ ਦਿਆਂ ਮੈਂ 200
ਅਨਪੜ੍ਹ ਪੱਥਰ ਵਾਂਗ ਪਿਆ ਸਾਂ 200
ਅਕਲਾਂ ਵਾਲੇ ਕਿੱਧਰ ਤੁਰ ਪਏ 201
ਭੀਲ ਬੱਚਾ ਫੇਰ ਹਾਜ਼ਰ 201
ਦੀਵੇ ਨਾਲ ਤੂਫ਼ਾਨ ਲੜਾਈ 202
ਪਾਣੀ ਪਹਿਰੇਦਾਰ ਚੁਫ਼ੇਰੇ 202
ਸੱਤ ਸਮੁੰਦਰ ਪਾਰ 203
ਰੰਗ ਕਿਉਂ ਖ਼ੁੜ੍ਹੇ ਮੁਸੱਵਰ ਮਿੱਤਰਾ 203
ਅੱਜ ਉੱਠਦੇ ਸਵੇਰੇ ਤੇਰਾ ਆਇਆ 204
ਹਾਮੀ ਨਾ ਇਨਕਾਰ ਕਰੇਂ ਤੂੰ 204
ਅੱਗੇ ਅੱਗ ਸੀ ਪਿੱਛੇ ਪਾਣੀ 205
ਅੰਬਰਾਂ ਵਿਚ ਤਾਰੀ ਲੱਗਣੀ ਨਹੀਂ 205
ਬੰਸਰੀ ਵਿਚ ਫੂਕ ਮਾਰੀਂ 206
ਵੇਖ ਲਵੋ ਜੀ, ਸਾਡੇ ਹੁੰਦਿਆਂ 206
ਇਨਕਲਾਬ ਦਾ ਨਾਅਰਾ ਲਾਇਆ 207
ਤੂੰ ਮੈਨੂੰ ਜੀਣ ਜੋਗਾ ਛੱਡ 207
ਮੰਜ਼ਿਲ ਵੱਲ ਨਾ ਜਾਵੇ 208
ਗੈਰਾਂ ਤੋਂ ਖ਼ਬਰਾਂ ਮਿਲੀਆਂ ਨੇ 208
ਰੁੱਸ ਗਿਆ ਦਿਲ ਹੁਣ 209
ਜੀ ਆਇਆਂ ਨੂੰ ਆਖਣ ਦੇ 209
ਸ਼ੀਸ਼ੇ ਅੰਦਰ ਕਿਸ ਦਾ ਚਿਹਰਾ 210
ਰਾਤੀਂ ਬਿਰਖ਼ ਉਦਾਸ ਬੜੇ ਸੀ 210
ਕੀਹ ਦੱਸਾਂ ਮਹਿਕੰਦੜੇ ਯਾਰੋ 211
ਇਕ ਦੂਜੇ ਦੀ ਛਾਵੇਂ ਰਹੀਏ 211
ਝੀਲ ਦੇ ਪਾਣੀ 'ਚ ਚਿਹਰਾ 212
ਸਮੁੰਦਰ ਜਦ ਕਦੇ ਫੁੰਕਾਰਦਾ ਹੈ 212
ਤੇਰਾ ਹੱਸਣਾ ਬਹਾਰ ਦੇਂਦਾ ਹੈ 213
ਚਲੋ ਚਲੋ ਜੀ, ਧਰਤੀ ਪੈਰੀਂ ਝਾਂਜਰ 213
ਮਨ ਵਿਚਾਲੇ ਤੂੰ ਭਲਾ ਕਿੱਦਾਂ 214
ਜ਼ਿੰਦਗੀ ਕੀਤਾ ਤੂੰ ਮੈਨੂੰ 214
ਇਹ ਸਾਰੀ ਸ਼ਾਨ ਤਾਂ 215
ਦਹਿਸ਼ਤ ਦਾ ਕੋਈ ਧਰਮ ਨਾ ਹੁੰਦਾ 215
ਰੂਹ ਦੀ ਤੂੰਬੀ ਖ਼ੁਦ ਟੁਣਕਾਉਣੀ 216
ਚਲੋ ਤੁਰੀਏ ਕਿ ਮੰਜ਼ਿਲ ਦੂਰ ਭਾਵੇਂ 216
ਇਹ ਨਾ ਸਮਝੀਂ ਮੈਂ ਤਾਂ ਸਿਰਫ਼ 217
ਕਾਲੇ ਕਾਫ਼ਰ ਪਹਿਨ ਰਹੇ 217
ਜੋ ਹਾਲੇ ਚੁੱਪ ਨੇ 218
ਸੀਨਾ ਤਾਹੀਓਂ ਤਾਣ ਬਰਾਬਰ 218
ਸਾਡੇ ਹੋਠਾਂ ਨਾਲੋਂ 219
ਬੱਦਲ ਬਣ ਕੇ ਉੱਡਿਆ ਫਿਰਦੈਂ 219
ਇੱਕੋ ਵਿਹੜੇ ਚੋਗ ਚੁਗਦੀਆਂ 220
ਮਨ ਦਾ ਵਿਹੜਾ 220
ਮੈਂ ਅਪਣੇ ਆਪ ਨੂੰ 221
ਮੈਂ ਬਦਕਿਸਮਤ 221
ਲੋਕਤੰਤਰ ਬਣ ਗਿਆ 222
ਦਿਲ ਦੀ ਬਗੀਚੜੀ 222
ਜ਼ੁਲਮ ਜਬਰ ਦਾ ਕਹਿਰੀ 223
ਮੰਗਾਂ ਜੇ ਤੈਥੋਂ ਖ਼ੁਦ 223
ਖ਼ੁਰ ਗਿਆ ਜੀ 224
ਤੂੰ ਛੇੜ ਨਾ ਦਿਲ ਦੀਆਂ 224
ਜਿੰਦੇ ਮੇਰੀਏ ਨਾ 225
ਹੁਣ ਜ਼ਿੰਦਗੀ ਵਿਚ 225
ਜਰਦਾ ਜਰਦਾ ਮਰ ਨਾ ਜਾਵਾਂ 226
ਸ਼ਹਿਰ ਬਣ ਗਿਆ 226
ਮੰਨਿਆ ਦਰਦ ਦਿਲੇ ਦਾ 227
ਆ ਜਾ ਤੈਨੂੰ ਬਾਤ ਸੁਣਾਵਾਂ 227
ਤੇਰੇ ਨੀਮ ਨਸ਼ੀਲੇ ਨੈਣਾਂ ਵਿਚ 228
ਹੋਠਾਂ ਉੱਤੋਂ ਚੁੱਪ ਦੇ ਜੰਦਰੇ 228
ਹੁੱਬਿਆ ਨਾ ਫਿਰ 229
ਦੂਰ ਦੇਸ ਪਰਦੇਸੋਂ ਹੁਣ ਤੂੰ 229
ਅੱਜ ਹੀ ਸੁਣ ਲੈ 230
ਕਿਸ ਨੂੰ ਇਸ ਪਲ ਕੀਹ 230
ਤੈਨੂੰ ਇਸ ਦਾ ਇਲਮ ਪਤਾ ਨਹੀਂ 231
ਰਹਿਣ ਦਿਆ ਕਰ 232
ਸਰਹੱਦਾਂ ਜਾਂ ਚੌਕ ਚੁਰਸਤੇ 232
ਜੇ ਦੁੱਧ ਦੀ ਰਾਖੀ 233
ਪਿਆਰ ਮੁਹੱਬਤ ਖ਼ੁਸ਼ਬੂ 233
ਨੈਣ ਜਦੋਂ ਬਰਸਣ ਲਈ ਤਰਸਣ 234
ਸਹਿਮ ਦੀ ਬਗੀਚੜੀ 234
ਇਸ ਵਾਰੀ ਨਾ ਦਿਲ ਦੇ 235
ਰਾਜਿਆਂ ਦੇ ਪੁੱਤ ਰਾਜੇ 235
ਅੱਜ ਪਾਪ ਵਾਲੀ ਜੰਞ 236
ਵਕਤ ਦੇ ਇਸ ਕਾਫ਼ਲੇ ਨੂੰ 236
ਅਜਬ ਹੈ ਇਹ ਗਜ਼ਬ 237
ਜਬਰ ਸਬਰ ਦਾ ਜ਼ਿਕਰ 237
ਮੇਰੇ ਵੀਰੋ, ਮਾਂ ਪਿਉ ਜਾਇਓ 238
ਭੁੱਲ ਗਈ ਪਰਵਾਜ਼ ਮੈਨੂੰ 238
ਜਦ ਵੀ ਤੱਕਿਆ ਤੇ ਇੰਜ ਲੱਗਿਆ 239
ਧਰਤੀ ਉੱਤੇ ਸਦਾ ਹਨ੍ਹੇਰਾ 239
ਮਹਿਕਦਾ ਗੁਲਜ਼ਾਰ ਜਾਪੇ 240
ਸੱਜਣਾ ਤੇਰਾ ਬੋਲ ਤਿਖੇਰਾ 240
ਬਿਰਖ਼ ਬਰੂਟੇ ਚੀਕ ਰਹੇ ਨੇ 241
ਕਿੱਥੇ ਵੱਸਦੇ ਭੇਤ ਨਾ ਦੱਸਦੇ 241
ਖ਼ੁਸ਼ਬੂ, ਚਾਰ ਚੁਫ਼ੇਰੇ ਖ਼ੁਸ਼ਬੂ 242
ਟੁਕੜੇ ਟੁਕੜੇ ਦਿਲ ਦੇ ਵਰਕੇ 242
ਨਜ਼ਰ ਤੇਰੀ ਦੀ ਇਨਾਇਤ 243
ਵੇਖ ਲਉ ਤਾਰੀਖ਼ ਕੀਹ 243
ਤੇਰੇ ਨੈਣੀਂ ਸੁਪਨਾ ਬਣ ਜਾਂ 244
ਮਨ ਵਿੱਚ ਆਵੇ ਜਾਂ ਫਿਰ ਆਵੇ 244

# ਅੱਖਰ ਅੱਖਰ


ਮਹਿੰਗੇ ਵਸਤਰ 245
ਡੋਰ ਨਾ ਬੰਨ੍ਹੀਂ 245
ਕਾਲੀ ਬੋਲੀ ਰਾਤ ਸਿਰਾਂ ਤੇ 246
ਜ਼ਿੰਦਗੀ ਦੇ ਸਾਜ਼ ਨੂੰ 246
ਜ਼ਿੰਦਗੀ ਨੂੰ ਵਰਨ ਦਾ 247
ਧਰਤੀ ਵੀ ਬਦ ਰੰਗ 247
ਜੇ ਤੂੰ ਸਭ ਕੁਝ ਸੌਂਪਣਾ 248
ਡੇਰਾ ਲਾ ਕੇ ਬਹਿ ਨਾ ਜਾਵੇ 248
ਇੱਕ ਚਸ਼ਮਾ ਫੁੱਟਿਆ 249
ਕਿਸ ਧਰਤੀ ਨੂੰ ਅਪਣੀ ਆਖਾਂ 249
ਮੈਂ ਚਾਹਾਂ ਰਾਤ ਰਾਣੀ 250
ਦਰਦ ਸਮੁੰਦਰ ਭਾਫ਼ ਬਣੇ 250
ਉਹ ਤਾਂ ਕੇਵਲ ਚੋਲਾ ਬਦਲੇ 251
ਦੀਨਾ ਕਾਂਗੜ ਵਿਚ ਬਹਿ ਲਿਖਿਆ 251
ਪਹਿਲਾ ਬੋਲ ਸਮਰਪਿਤ ਮੇਰਾ 252
ਸਦੀਆਂ ਮਗਰੋਂ ਅੱਜ ਵੀ ਡਾਢੇ 252
ਮੇਰਾ ਵੀਰ ਜਤਿੰਦਰ ਪੰਨੂੰ 253
ਰਾਮ ਦਾਸ ਗੁਰ ਮੋਹੜੀ ਗੱਡੀ 253
ਛਾਂਗੇ ਰੁੱਖ ਦੀ ਟੀਸੀ ਬਹਿ ਕੇ 254
ਜਿਸ ਨੂੰ ਲੋਕੀਂ ਕਹਿਣ ਆਜ਼ਾਦੀ 254
ਵੇਖ ਲਵੋ ਇਹ ਮੋਮ ਤੇ ਬੱਤੀ 255
ਧੋ ਦੇ ਰੂਹ ਤੋਂ ਨਕਸ਼ ਉਦਾਸੇ 255
ਕਮਲੇ ਨੇ ਲੋਕ ਜਿਹੜੇ 256
ਬਹੁਤ ਹਾਲੇ ਅਣਕਿਹਾ 256
ਵਿਹੜੇ ਦੇ ਵਿੱਚ ਬੀਜੀਆਂ ਰੀਝਾਂ 257
ਲੋਚੀ ਤੇ ਮਨਜਿੰਦਰ ਨਾਂ ਦੇ 257
ਹੁਣੇ ਹੁਣੇ ਤੂੰ ਯਾਦ ਸੀ ਕੀਤਾ 258
ਗੋਲੀ ਮਾਰਨ ਨਾਲ ਜਿਊਂਦੇ 258
ਸੁਣਿਆ ਸੀ ਮੈਂ ਜ਼ਖ਼ਮ ਦਿਲਾਂ ਦੇ 259
ਏਕਮ ਦੇ ਚੰਨ ਮੁੰਦਰੀ ਅੰਦਰ 259
ਮੈਂ ਸਾਹਾਂ ਵਿੱਚ ਸਾਂਭ ਲਵਾਂਗਾ 260
ਜਿਸ ਦਿਨ ਤੂੰ ਨਜ਼ਰੀਂ ਆ ਜਾਵੇਂ 260
ਏਸ ਫ਼ਿਕਰ ਨੇ ਮਾਰ ਲਿਆ ਹੈ 261
ਲੋਕ ਹੈਰਾਨ ਪਤਾ ਨਹੀਂ ਕਿਉਂ ਨੇ 261
ਰੂਪ ਸਰੂਪ ਨਕਸ਼ਿਆਂ ਤੋਂ ਬਿਨ 262
ਗਲ ਗਲ ਤੀਕ ਗ਼ਮਾਂ ਦਾ ਪਹਿਰਾ 262
ਕੀ ਆਖਾਂ ਹੁਣ ਇਸ ਤੋਂ ਵੱਧ ਮੈਂ 263
ਤੇਰੇ ਦੋ ਨੈਣਾਂ ਵਿੱਚ ਸੁਪਨਾ 263
ਕੱਸਿਆ ਕਮਾਨ ਵਿੱਚ ਜੇ ਕੋਈ 264
ਮਾਰ ਉਡਾਰੀ ਚੱਲ ਹੁਣ ਚੱਲੀਏ 264
ਚਾਨਣ ਕਣੀਆਂ ਆਹ ਫੜ ਸੂਰਜ 265
ਤੇਰੇ ਲਈ ਦਰਿਆ ਹੈ ਰਾਵੀ 265
ਦਿਨ ਚੜ੍ਹਿਆਂ ਤੇ ਵੇਖੀ ਜਦ ਮੈਂ 266
ਸਿਰ ਤੇ ਲੈ ਬੱਦਲਾਂ ਦੀ ਚੁੰਨੀ 266
ਇੱਕ ਪਾਸੇ ਕੰਜਕਾਂ ਨੂੰ ਪੂਜੋ 267
ਸੁਰਖ਼ ਗੁਲਾਬਾਂ ਦੇ ਮੌਸਮ ਵਿੱਚ 267
ਸਭ ਕੁੜੀਆਂ ਨਹੀਂ ਚੰਨ ਤੇ 268
ਜਿਸ ਦਮ ਤੈਨੂੰ ਚੇਤੇ ਕੀਤਾ 268
ਬਲ਼ਦੀ ਜਿਉਂ ਪਰਚੰਡ ਜਵਾਲਾ 269
ਹੁਣੇ ਹੁਣੇ ਬੱਸ ਚੇਤੇ ਕੀਤਾ 269
ਖ਼ਬਰੇ ਹੈ ਇਹ ਕਿਸ ਦਾ ਚਿਹਰਾ 270
ਤੜਪ ਰਿਹੈ ਸੌ ਸਾਲ ਤੋਂ ਮਗਰੋਂ 270
ਛੱਡ ਓਹ ਮਿੱਤਰਾਂ ਬੀਤੀਆਂ ਗੱਲਾਂ 271
ਦੇ ਗਿਆ ਵਿਸ਼ਵਾਸ, ਪਰਤਾਂਗਾ 271
ਬੰਦ ਬੂਹਿਆਂ ਨੂੰ ਖੋਲ੍ਹਣ ਖਾਤਰ 272
ਸਿਖ਼ਰ ਪਹਾੜੋਂ ਆਇਆ ਰੁੱਕਾ 272
ਏਸੇ ਦਾ ਪਛਤਾਵਾ ਹੁਣ ਵੀ 273
ਸਦੀਆਂ ਲੰਮਾ ਸਫ਼ਰ ਮੁਕਾ ਕੇ 273
ਸਤਿਲੁਜ ਬਿਆਸ ਝਨਾਂ ਤੇ ਜਿਹਲਮ 274
ਹਾਕਮ ਹੁਕਮ ਹਕੂਮਤ ਖ਼ਾਤਰ 274
ਵੇ ਵੀਰਾ ਵੇ ਜੀਣ ਜੋਗਿਆ 275
ਬੱਲੀ ਵੀਰੇ, ਮੈਂ ਸੁਣਿਆ ਹੈ 275
ਲਿੰਬਣ ਪੋਚਣ, ਢਹਿ ਨਾ ਜਾਵੇ 276
ਵੱਸਦੇ ਪਿੰਡ ਉਜਾੜ ਕੇ 276
ਦੂਰ ਦੇਸ ਪਰਦੇਸ ਪੰਜਾਬੀ 277
ਬਲਿਹਾਰੀ ਤਾਂ ਆਪੇ ਕੁਦਰਤ 277
ਨੰਗੇ ਪੈਰ ਤਾਂ ਰੱਦੀ ਚੁਗਦੇ 278
ਧੀ ਪੁੱਤ ਪਾਲਣ, ਸਦਾ ਸੰਭਾਲਣ 278
ਕਿੰਨੇ ਸੂਰਜ ਚੜ੍ਹ ਕੇ ਲਹਿ ਗਏ 279
ਇੱਟਾਂ ਵੱਟਿਆਂ ਹੁਣ ਕੀ ਦੱਸਣੀ 279
ਹਿੰਮਤ ਬਾਝੋਂ, ਭਲਿਆ ਲੋਕਾ 280
ਜੀਵਨ ਮੂਲ ਦਾ ਮਹਿੰਗਾ ਪੱਤਰਾ 280
ਆ ਜਾਂਦੇ ਨੇ, ਤੁਰ ਜਾਂਦੇ ਨੇ 281
ਵੇਚੇਂ ਗੁਲਕੰਦ ਤੂੰ ਗੁਲਾਬ 281
ਜੋ ਜੋ ਸਬਕ ਸਿਖਾਵੇ ਕੁਰਸੀ 282
ਪਿੰਡ ਵਿਚਾਰੇ ਲੁਕਦੇ ਫਿਰਦੇ 282
ਆਰ ਸਮੁੰਦਰ ਪਾਰ ਸਮੁੰਦਰ 283
ਟੁੱਟ ਜਾਵਣ ਤਾਂ ਭੁਰ ਜਾਂਦੇ ਨੇ 283
ਇਨ੍ਹਾਂ ਦੀਆਂ ਅਜੇ ਤੀਕ ਆਸਾਂ 284
ਡੁੱਬ ਚੱਲਿਆ ਹਾਂ ਵਾਹਵਾ ਡੂੰਘਾ 284
ਰਾਤ ਹਨ੍ਹੇਰੀ ਅੰਦਰ ਦਗਦੇ 285
ਮੈਂ ਏਥੇ ਰਹਿ ਰਿਹਾਂ 285
ਰਾਤੀਂ ਤੈਨੂੰ ਰੱਜ ਕੇ ਤੱਕਿਆ 286
ਚੱਲ ਪੱਤਣਾਂ ਤੇ ਰੋਂਦਿਆਂ ਨੂੰ 286
ਛੱਡ ਨਾ ਜਾਵੀਂ ਅੱਧ ਵਿਚਕਾਰੇ 287
ਸ਼ਹਿਰ ਤੇਰੇ ਤਿਰਕਾਲਾਂ ਮਗਰੋਂ 287
ਦਿਨ ਚੜ੍ਹਿਆ ਹੈ, ਸੂਰਜ ਵਿੱਚੋਂ 288
ਅੱਜ ਰਾਤੀਂ ਮੈਂ ਸੁਪਨੇ ਅੰਦਰ 288
ਬੇੜੀ ਅੰਦਰ ਚੋਰ ਮਘੋਰੇ 289
ਕਿੱਧਰ ਤੁਰ ਗਏ ਯਾਰ ਪੁਰਾਣੇ 289
ਵਕਤ ਬਦਲਦਾ ਹੈ ਜਦ ਅੱਖੀਆਂ 290
ਜ਼ਿੰਦਗੀ! ਕਿੰਨੇ ਕੁ ਰਹਿੰਦੇ 290
ਗਿਰ ਗਿਆ ਬੰਦਾ ਗੁਆਚੀ ਸਾਖ 291
ਮਾਂ ਦੇ ਪੈਰਾਂ ਥੱਲੇ ਜੰਨਤ 291
ਲੋਕਤੰਤਰ ਝਾਕਦਾ ਹੈ 292
ਸੁਰਖ਼ ਗੁਲਾਬਾਂ ਦੇ ਬਾਗ਼ਾਂ ਵਿੱਚ 292
ਉਮਰ ਗਵਾਚ ਰਹੀ ਕਿਉਂ ਸਾਡੀ 293
ਕਿੱਧਰ ਤੁਰਿਉਂ, ਕਿੱਥੇ ਪਹੁੰਚੇਂ 293
ਨਜ਼ਰ ਭਰ ਤੂੰ ਵੇਖਿਆ 294
ਜਾਣ ਵਾਲਿਆ! ਤੁਰ ਤਾਂ ਚੱਲਿਐਂ 294
ਤੂੰ ਪੁੱਛਿਆ ਗਣਤੰਤਰ ਕੀ ਹੈ 295
ਕੀ ਦੱਸਾਂ ਜੀ ਸਮਝ ਪਵੇ ਨਾ 295
ਬੋਹੜਾਂ ਦੇ ਫੁੱਲ ਕਿੰਨੇ ਸੋਹਣੇ 296
ਤੂੰ ਮੈਂ ਜੋ ਅੱਜ ਤੀਕ ਨਾ ਕੀਤਾ 296
ਬੇਕਦਰੇ! ਤੂੰ ਅੱਖ ਵਿੱਚ ਅੱਥਰੂ 297
ਮੰਜ਼ਿਲ ਨੇੜੇ ਹੋ ਜਾਵੇ ਜਦ 297
ਵੇਖ ਲੈ ਹੋਇਆ ਕੀ ਮੇਰਾ 298
ਇੱਕ ਦੀਵੇ ਤੋਂ ਦੂਜਾ ਜਗਦਾ 298
ਪਤਾ ਨਹੀਂ, ਜ਼ਿੰਦਗੀ, ਤੂੰ ਕੀ 299
ਸਾਡੀ ਵੀ ਇਹ ਮਾਂ ਧਰਤੀ ਹੈ 299
ਰਾਵੀ ਪਾਰੋਂ ਅਸਦ ਅਮਾਨਤ 300
ਅਜਬ ਸਰੂਰ ਜਿਹਾ ਇੱਕ ਮਿਲਦੈ 300
ਕੀ ਦੱਸਾਂ ਕੀ ਦੱਸਾਂ ਯਾਰਾ 301
ਮਿਲਣ ਆਇਆ ਧਰਤ ਨੂੰ 301
ਕਿਵੇਂ ਲਿਖੇਂ ਤੂੰ ਮੁਹੱਬਤੀ 302
ਖ਼ੂਨ ਜਿਗਰ ਦਾ ਪਾਉਣਾ ਪੈਂਦਾ 302
ਰੂਹ ਦਾ ਸਾਜ਼ ਤਾਂ ਆਪਣੇ ਅੰਦਰੋਂ 303
ਚੇਤੇ ਰੱਖਿਓ ਇਹ ਦੋ ਬੋਲ ਫ਼ਕੀਰਾਂ ਦੇ 304
ਲਾਹ ਦੇ ਰੂਹ ਤੋਂ ਭਾਰ ਵੀਰਨਾ 304
ਤੁਰਦੇ ਫਿਰਦੇ ਸਾਰੇ ਪਰ ਨਾ ਹਲਚਲ 305
ਪਾਣੀ ਭਰੇ ਗਿਲਾਸ 'ਚ ਇਹ ਜੋ 305
ਮਰਨ ਮਾਰਨ ਦਾ ਜੋ ਚਲਦਾ 306
ਇਹ ਜੋ ਦਿਸਦੈ ਚਿਹਰਾ 306
ਜਿੱਥੇ ਤੂੰ ਨਹੀਂ ਓਸੇ ਥਾਂ ਹੀ ਨੇਰ੍ਹਾ ਹੈ 307
ਵੇਖਾ ਵੇਖੀ ਐਵੇਂ ਨਾ ਭਗਵਾਨ ਬਣ 307
ਕਿੱਥੋਂ ਤੁਰ ਕੇ ਪਹੁੰਚੀ ਵੇਖੋ 308
ਕਿਸ ਘੁੰਮਣ ਘੇਰ 'ਚ ਫਸ ਗਏ ਹਾਂ 308
ਲੱਤਾਂ ਤੇਰੀਆਂ ਨੇ ਚੁੱਕਣੈਂ 309
ਵਰਜ ਨਾ, ਕਿਓਂ ਆਖਦੈਂ 309
ਮੇਰਾ ਸੂਰਜ ਹਨ੍ਹੇਰਾ ਖਾ ਰਿਹਾ ਹੈ 310
ਤੇਰੇ ਹੱਥ ਮੇਰੀ ਡੋਰ 310
ਵਗਦੇ ਪਾਣੀ ਨਾਲ ਅਜ਼ਲ ਤੋਂ 311
ਅੱਖ ਤੇ ਅੱਥਰੂ ਜੀਕਣ 'ਕੱਠੇ 311
ਯਤਨ ਕਰਾਂਗਾ, ਵਕਤ ਸਮਾਵੇ 312
ਜਿਹੜੇ ਬੰਦੇ ਜਿੰਨਾ ਮਗਰੂਰ ਹੁੰਦੇ ਨੇ 312
ਲੜਨਾ ਹੁੰਦੈ ਸੌਖਾ ਯਾਰੋ 313
ਜ਼ਿੰਦਗੀ ਨਾ ਰੰਗਾਂ ਦੀ ਗ਼ੁਲਾਮ 313
ਤਾਰੇ ਵੀ ਤਾਂ ਮਰਦੇ ਨੇ 314
ਕੁਖ਼ ਵਿਚ ਨਾ ਤੂੰ ਮਾਰ ਬਾਬਲਾ 314
ਚਿਰ ਹੋਇਆ ਏ ਬਾਪੂ ਜੀ ਤਾਂ ਤੁਰ 315
ਮਨ ਦੇ ਅੰਦਰ ਖ਼ਲਬਲੀ ਹੈ 316
ਚੱਲ ਅੰਬਰਾਂ ਨੂੰ ਚੁੰਮੀਏ 316
ਜਦੋਂ ਵਿਧੀ ਤੇ ਵਿਧਾਨ ਜਾਣ ਬੰਦੇ 317
ਅੰਬਰਾਂ ਨੂੰ ਉਡਾਰੀ ਭਰਨ ਲਈ 317
ਦਰਦ ਸੁੱਤਾ ਜਦ ਕਦੇ ਵੀ ਜਾਗਦਾ 318
ਤੂੰ ਮਿਲੀ ਤਾਂ ਉਸ ਵੇਲੇ ਸਿਰ ਤੇ 318
ਵਗ ਰਹੇ ਦਰਿਆ 'ਚ ਸੂਰਜ 319
ਹੌਕੇ ਜਦ ਵੀ ਰੋ ਰੋ ਪੱਥਰ ਹੋ ਜਾਂਦੇ 319
ਤੈਨੂੰ ਜੇ ਦਸਤਾਰ ਵੀ ਸਿਰ ਤੇ ਭਾਰੀ 320
ਜ਼ਿੰਦਗੀ ਦਾ ਹੱਕ ਖੋਹਣ ਵਾਲੇ 320
ਪੂਰਨ ਪੁੱਤ ਪਰਦੇਸੀਂ ਜਦ ਵੀ 321
ਕੱਚੇ ਵਿਹੜਿਆਂ ਨੇ ਜਿਹੜਾ ਸਾਨੂੰ 321
ਮਨ ਦਾ ਬਗੀਚਾ ਭਰਪੂਰ ਜਿਹਾ 322

ਸ਼ਹਿਰ ਆ ਕੇ ਦਿਲ ਮਗ਼ਰੂਰ ਜਿਹਾ 322
ਭੋਲਿਆਂ ਪਰਿੰਦਿਆਂ ਨੂੰ ਜਦੋਂ ਕੋਈ 323
ਡਰਦੇ ਹਾਂ ਧੁੱਪਾਂ ਕੋਲੋਂ ਛਾਵਾਂ ਦੇ 323
ਹਨ੍ਹੇਰੇ ਦੀ ਰਿਆਸਤ ਵੇਖ ਕੇ ਜੇ ਡਰ 324
ਲਾਵੀਂ ਨਾ ਗਮਲੇ ਵਿਚ 324
ਆਪਸ ਦੇ ਵਿਚ ਕਿਉਂ ਲੜਦੇ ਹਾਂ 325
ਡਾਲਰਾਂ ਦੇ ਅੱਗੇ ਮੁੱਲ ਘਟਿਆ 325
ਜ਼ਿੰਦਗੀ ਖ਼ਾਤਰ ਹੁਣ ਕਿਉਂ ਆਪਾਂ 326
ਏਸ ਆਜ਼ਾਦੀ ਅੱਥਰੂ ਦਿੱਤੇ 326
ਤਪਿਆ ਖਪਿਆ ਸੂਰਜ ਸ਼ਾਮੀਂ 327
ਚਾਤਰ ਸ਼ਾਤਰ ਸਾਨੂੰ ਪੁੱਠੇ ਸਬਕ 327
ਰੋ ਰੋ ਮੈਥੋਂ ਗੀਤ ਬਣਾਇਆ 328
ਸਰਦ ਪਹਾੜੋਂ ਮਹਿਕਾਂ ਭਿੱਜੀ ਪੌਣ 328
ਖੇਤਾਂ ਦੀ ਲਾਲੀ ਹਰਿਆਲੀ 329
ਅੰਦਰੋਂ ਕੁੰਡੀ ਮਾਰਨ ਵਾਲੇ 329
ਦਿਸਦਾ ਵੀ ਨਹੀਂ, 'ਵਾਜ਼ ਨਾ ਆਵੇ 330
ਸੁਣੋ ਸੁਣਾਵਾਂ ਬੋਲ ਜੋ ਪੁਰਖੇ 330
ਹਿੰਮਤ ਦੀ ਥਾਂ ਰਹਿੰਦੇ ਹੌਕੇ ਭਰਦੇ ਜੀ 331
ਜਿਵੇਂ ਗੁਲਾਬ ਖਿੜੇ ਤੇ ਟਹਿਕੇ 331
ਦਿਲ ਨਾ ਛੱਡੀਂ, ਏਦਾਂ ਸੁਪਨੇ ਮਰ 332
ਹਉਮੈਂ ਦੇ ਪਰਬਤ ਨੂੰ ਏਹੀ ਸੱਚ 332
ਬਹੁਤੇ ਲੋਕੀਂ ਬੋਲ ਰਹੇ 333
ਤੋਰਨੀ ਜੇ ਗੱਲ ਅੱਗੇ 333
ਪਿੰਡੋਂ ਤੁਰਦਿਆਂ ਅੱਖੀਓਂ ਜੋ ਅੱਥਰੂ 334
ਕੌਣ ਕਹਿੰਦਾ ਹੈ ਗ਼ਜ਼ਾਲਾ ਮਰ ਗਈ 334
ਹਰ ਯੁਗ ਅੰਦਰ ਧਰਤੀ ਉੱਤੇ 335
ਵਕਤ ਸਾਡੇ ਨਾਲ ਕੀ ਕਾਰਾ 335
ਵੇਲ ਬੂਟੇ ਬਣ ਧਰਤੀ ਸ਼ਿੰਗਾਰਦੇ ਰਹੋ 336
ਪਿੱਛੋਂ ਤੋੜਨੇ ਨਾ ਪੈਣ, ਪਹਿਲਾਂ ਬੁੱਤ 336
ਸੁਰਖ਼ ਅੰਗਾਰਾਂ ਉੱਤੇ ਵੇਖਾਂ ਜਦ ਵੀ 337
ਸੂਰਜ ਜਾਣ ਤੋਂ ਮਗਰੋਂ ਤਾਂ ਬਸ 337
ਕਦੇ ਵੀ ਆਸ ਦੇ ਦੀਵੇ 338
ਦਰਦ ਸਿਆਹੀ ਨਾਲ ਤੂੰ ਲੀਕਾਂ 338
ਮਰ ਚੱਲੇ ਹਾਂ ਆਪਾਂ ਯਾਰੋ 339
ਇਸ ਧਰਤੀ ਤੇ ਵਿਰਲੇ ਵਿਰਲੇ 339
ਅੱਗ ਨਾਲ ਖੇਡੀਏ ਅੰਗਾਰਾਂ ਨਾਲ 340
ਟਾਹਲੀ ਤੂਤ ਫੁਟਾਰਾ ਫੁੱਟਿਆ 340
ਇੱਕ ਅੱਧ ਬੋਲ ਸੁਣਾ ਦੇ ਮੈਨੂੰ 341
ਝੜ ਗਏ ਪੱਤ ਪੁਰਾਣੇ ਭਾਵੇਂ 341
ਮਿਲਦਿਆਂ ਤੈਨੂੰ ਮੇਰਾ ਕੈਸਾ 342
ਜਾਣ ਵਾਲਿਆ ਜਾਹ ਨਾ ਬੀਬਾ 342
ਸ਼ਾਮਾਂ ਨੂੰ ਸੂਰਜ ਜਾਂਦਿਆਂ 343
ਪਿਆਰ ਦੇ ਰਾਹ ਵਿੱਚ ਦੱਸੋ ਤਾਂ ਸਹੀ 343
ਯਾਦ ਤੇਰੀ ਦਾ ਚਾਨਣ ਏਨਾ 344
ਸੂਰਜ ਅੱਗੇ ਨਾਕਾ ਭਲਿਆ 344
ਮਹਿੰਗੇ ਵਸਤਰ, ਸੋਨਾ, ਗਹਿਣੇ 345
ਮਨ ਦਾ ਚੈਨ ਗੁਆਚ ਨਾ ਜਾਵੇ 345
ਨੀ ਖੁਸ਼ਬੋਈਏ, ਜੀਣ ਜੋਗੀਏ 346
ਮੈਂ ਇਹ ਗੱਲ ਕਦੇ ਵਿਸਾਰੀ ਨਾ 346
ਹੱਕ ਸੱਚ ਇਨਸਾਫ਼ ਦਾ ਪਹਿਰੂ 347
ਸਿਰ ਚੜ੍ਹ ਕੇ ਅੱਜ ਬੋਲੇਗੀ ਜੀ 348
ਪਿਆਰ ਦਾ ਬੂਟਾ 348
ਸੱਜਣਾਂ ਬਗੀਚਿਉਂ ਗੁਲਾਬ ਭੇਜਿਆ 349
ਕਿਹੜੇ ਕੰਮ ਆਈਆਂ ਸਾਡੇ 349
ਸੁਣ ਲਓ ਜੀ ਕੰਨ ਖੋਲ੍ਹ ਕੇ ਸੁਣ ਲਉ 350
ਬਿਰਖ਼ ਤਾਂ ਹਰਿਆਵਲੇ ਸੀ 350
ਐਵੇਂ ਗੁੰਮ ਸੁੰਮ, ਗੁੰਮ ਸੁੰਮ 351
ਲੋਕ ਉਡੀਕ ਰਹੇ ਨੇ ਝੰਡੇ 351
ਇਹ ਤੂੰ ਕਿੱਧਰ ਤੁਰਿਆ ਫਿਰਦੈਂ 352
ਪੁੱਛਦੇ ਨੇ ਲੋਕ ਜੀ 352
ਧੇਤੇ ਨਾਲ ਪੁਤੇਤੇ ਰਲ਼ ਗਏ 353
ਹੱਕ ਸੱਚ ਤੇ ਇਨਸਾਫ਼ ਦੀ ਵੇਖੀ 353
ਆ ਕੋਠੇ ਤੇ ਮੰਜੀਆਂ ਡਾਹ ਕੇ 354
ਮਨ ਮੰਦਰ ਦੀ ਟੱਲੀ ਨੂੰ 354
ਅੰਬਰੋਂ ਕਿਰਿਆ ਇੱਕ ਅੱਧ ਅੱਥਰੂ 355
ਕੀ ਬਦਸ਼ਗਨੀ ਹੋ ਗਈ ਮੈਥੋਂ 355
ਮੇਰੀ ਮਾਂ ਤੇ ਬਾਬਲ ਬਣ ਗਏ 356
ਨੀਮ ਗੁਲਾਬੀ ਹੋਠਾਂ ਉੱਤੋਂ 356
ਕੁੰਡੇ ਜੰਦਰੇ ਕਿਉਂ ਲਾਉਂਦੇ ਹੋ 357
ਫਿਰ ਰਿਹਾ ਇਹ ਕੌਣ 357
ਮਹਿਕ ਰਹੀ ਮੁਸਕਾਨ ਪਿਆਰੀ 358
ਕਤਰਾ ਕਤਰਾ ਤੁਪਕਾ ਤੁਪਕਾ 358
ਸ਼ਹਿਨਸ਼ਾਹੀ ਕੁਫ਼ਰ ਜਦ ਵੀ ਬੋਲਦਾ 359
ਖ਼ਬਰ ਹੀ ਨਹੀਂ 359
ਚੱਲ ਨੀ ਭੈਣੇ ਆਪਾਂ ਰਲ਼ ਕੇ 360
ਕਿਉਂ ਹੋਲੀ ਦਾ ਭਰਮ ਪਾਲਦੈਂ 360
ਮੈਂ ਸਤਰੰਗੀ ਪੀਂਘ ਚੜ੍ਹਾਈ 361
ਮਨ ਮਸਤਕ ਵਿੱਚ ਪਹਿਲਾਂ 361
ਮਾਂ ਜਾਏ ਵੀ ਆਪਣੀ ਥਾਂ ਨੇ 362
ਹੋਸ਼ ਦੇ ਨਾਲੋਂ ਮਸਤੀ ਚੰਗੀ 362
ਜਗ ਰਿਹਾ ਸੂਰਜ ਦਾ ਗੋਲਾ 363
ਸਰਦ ਸਿਆਲ ਤਰੇਲ਼ 363
ਹੱਕ ਸੱਚ ਤੇ ਇਨਸਾਫ਼ 364
ਬੰਦਿਆਂ ਕੋਲੋਂ ਛਾਵਾਂ ਮੰਗਣ 364
ਜ਼ਿੰਦਗੀ 'ਚ ਕਦੇ ਬੀਬਾ 365
ਤਨ ਮਨ ਅੰਦਰ ਸਵਾਸ 365
ਸਾਡੇ ਮਨ ਦੀ ਗਲੀ 366
ਮਰ ਚੱਲੇ ਹਾਂ ਦਮ ਦਮ ਕਰਕੇ 366
ਡੁੱਬਦੇ ਸੂਰਜ ਦੇ ਵਿੱਚ ਘੁਲਿਆ 367
ਨਿਸ਼ਚਾ ਧਾਰ ਤੁਰੋ ਤਾਂ ਕਾਦਰ 367
ਤਾਰਿਆਂ ਦੇ ਨਾਲ ਐਵੇਂ 368
ਮਾਰਨ-ਖੰਡਾ ਸਾਨ੍ਹ 368
ਕੀ ਪੁੱਛਦੇ ਹੋ ਬਾਤਾਂ ਯਾਰੋ 369
ਵੇਖੋ ਪਿਆਰ ਨਾਲ 369
ਧਰਤੀ ਮੇਰੇ ਚਾਰ ਚੁਫ਼ੇਰੇ 370
ਸ਼ੇਰਾਂ ਦੇ ਸ਼ਿਕਾਰੀ 370
ਮੈਂ ਉਹ ਬਿਰਖ਼ ਕਿਤੇ ਨਹੀਂ ਡਿੱਠਾ 371
ਪੌਣਾਂ ਹੱਥ ਸੁਨੇਹਾ ਘੱਲਿਆ 371
ਇਸ ਧਰਤੀ ਤੇ ਦੱਸੋ ਕਿਹੜੈ 372
ਵਤਨ ਅਸਾਡਾ ਚੋਰਾਂਵਾਲੀ 372
ਤੁਰ ਰਿਹਾ ਹੈ ਵਕਤ ਸਹਿਜੇ 373
ਕਹਿ ਦਿੰਦਾਂ, ਪਰ ਵਰਤਾਂ ਨਾ ਮੈਂ 373
ਵਿਹੜੇ ਦੇ ਵਿੱਚ ਰੁੱਖੜਾ 374
ਰਾਜਿਆਂ ਨੂੰ ਯਾਦ 374
ਨਾ ਮਤਲਾ ਨਾ ਮਕਤਾਅ 375
ਕੱਚਿਆਂ ਘਰਾਂ ਦੇ ਬੂਹੇ 375
ਨਾ ਘਬਰਾਵੀਂ ਜੀਣ ਜੋਗਿਆ 376
ਇੱਕ ਪੁੜ ਥੱਲੇ ਦੂਜਾ ਉੱਤੇ 376
ਦਾਸ ਕਬੀਰ ਦੀ ਝੁੱਗੀ ਹੈ 377
ਸਾਡੇ ਹੁੰਦੇ ਸੁੰਦਿਆਂ 377
ਬੜਾ ਹੀ ਵਰਜਿਆ ਖ਼ੁਦ ਨੂੰ 378
ਚੁੱਕੀ ਫਿਰਦੈਂ ਲਾਸ਼ ਅਜੇ ਵੀ 378
ਬਚ ਜਾਹ ਪੰਜਾਬ ਸਿੰਹਾਂ 379
ਮਾਧੋ ਲਾਲ ਹੁਸੈਨ ਦੇ ਹੁਜਰੇ 379
ਰਾਤ ਹਨ੍ਹੇਰੀ ਹੋਕਾ ਦੇਵੇਂ 380
ਮੈਂ ਤੇਰੇ ਸਾਹਾਂ 'ਚ ਹਾਜ਼ਰ 380
ਮੇਰੇ ਹੱਥ ਵਿੱਚ ਸੂਰਜ ਨਹੀਂਉਂ 381
ਦਿਨ ਚੜ੍ਹਦੇ ਤੋਂ ਸ਼ਾਮ ਤੀਕ 381
ਹਮੇਸ਼ਾਂ ਢਾਲ ਹੀ ਬਣਨਾ 382
ਮੈਂ ਵੀ ਨਿਰਮਲ ਨੀਰ ਕਦੇ ਸੀ 382
ਰਣਭੂਮੀ ਨੇ ਰੂਪ ਬਦਲਿਆ 383
ਕੀਹਦੀ ਏ ਮਜਾਲ ਸਾਨੂੰ 383
ਪਲਕਾਂ ਉਹਲੇ ਲੁਕਿਆ ਸੂਰਜ 384
ਤਨ ਦੀ ਭਟਕਣ 384
ਜਿੰਨ੍ਹਾਂ ਦੇ ਹੱਥ ਕੁੰਜੀਆਂ 385
ਏਸ ਵਤਨ ਵਿੱਚ ਘਰ ਕਿੱਥੇ ਹੈ 385
ਤਾਣ ਦਿਉ ਹਰਿਆਲੀ ਛਤਰੀ 386
ਭਗਤ ਸਰਾਭਾ ਊਧਮ ਸਿੰਘ 386
ਸਾਰਾ ਜੰਗਲ ਸਾੜ ਲਿਆ ਹੈ 387
ਕਦੇ ਵੀ ਆਸ ਦੇ ਦੀਵੇ 387
ਚੀਕਦੇ ਸਾਰੇ ਕਿ ਇਹ ਤਾਂ ਰੱਜਿਆਂ 388
ਮੈਂ ਅੱਖੀਂ ਤੱਕਿਐ ਕਈ ਵਾਰੀ 388
ਸੁਣਿਆ ਸੀ ਰੁੱਤਾਂ ਇੱਕਸਾਰ 389
ਬਿਨ ਮਿਲਿਆਂ ਤੂੰ ਮੇਰੇ ਦਿਲ ਦੀ 389
ਢੇਰੀ ਢਾਹ ਕੇ ਬਹਿ ਜਾਂਦਾ ਏਂ 390
ਜ਼ਿੰਦਗੀ ਤੇਰੇ ਵਰਗੇ ਸੱਜਣ 390
ਮੈਂ ਜੋ ਆਖਿਐ, ਉਹ ਮੇਰਾ ਹੈ 391
ਚੱਲ ਘੁਮਿਆਰਾ ਗੁੰਨ੍ਹ ਕੇ ਮਿੱਟੀ 391
ਜਬਰ ਜ਼ੁਲਮ ਦੀ ਪੀਂਘ ਸਿਖ਼ਰ 392
ਕਿਸ ਦਰਵਾਜ਼ੇ ਦੀਪ ਧਰਾਂ ਮੈਂ 392
ਤੱਕ ਲੈ ਬੁੱਲ੍ਹਿਆ ਧਰਮਾਂ ਵਾਲੇ 393
ਕੀ ਦੱਸਾਂ ਨੀ ਖੁਸ਼ਬੂ ਜਹੀਏ 393
ਛੱਡ ਦੇ ਆਲਸ ਭਰਾਵਾ 394
ਸਬਰ ਸਿਦਕ ਸੰਤੋਖ ਸਮਰਪਣ 394
ਤੇਰਾ ਦਿੱਤਾ ਜ਼ਖ਼ਮ 395
ਸ਼ਬਦ ਹਮੇਸ਼ਾਂ ਚੁੱਪ ਰਹਿੰਦੇ ਨੇ 395
ਬਣੀ ਜ਼ਿੰਦਗੀ ਨਿਮਾਣੀ ਲੱਗੀ 396
ਸ਼ਯਾਮ ਘਟਾਂ ਚੜ੍ਹ ਆਈਆਂ ਮੁੜ ਕੇ 396
ਅੰਬਰਾਂ 'ਚ ਉੱਡਦੇ ਗੁਬਾਰੇ 397
ਰੰਗਲੇ ਚੂੜੇ ਵਾਲੀ ਧੀ 397
ਛਾਂਗਿਆ ਬਿਰਖ਼ ਉਦਾਸ ਖੜ੍ਹਾ ਹਾਂ 398
ਰਾਤੀਂ ਤੈਨੂੰ ਯਾਦ ਕਰਦਿਆਂ 398
ਸਦੀਆਂ ਤੋਂ ਹੀ ਲੋਕ ਵਿਚਾਰੇ 399

ਸੁੱਕਦੇ ਸੁੱਕਦੇ ਸੁੱਕ ਚੱਲੇ ਨੇ 399
ਇਸ ਤਰ੍ਹਾਂ ਕਿਉਂ ਜਾਪਦਾ 400
ਸ਼ਹਿਰ ਖਾਮੋਸ਼ ਦੇ ਬੂਹੇ ਬੰਦ ਨੇ 400
ਤੂੰ ਪੁੱਛਿਆ ਹੈ, ਗ਼ਜ਼ਲ ਲਿਖਾਂ ਮੈਂ 401
ਸੋਚ ਦੇ ਡੂੰਘੇ ਸਮੁੰਦਰ ਤਰਦਿਆਂ ਵੀ 401
ਕਈ ਜਨਮਾਂ ਤੋਂ ਵਿੱਛੜੇ ਆਪਾਂ 402
ਮੇਰੀ ਰੂਹ ਦੇ ਅੰਦਰ ਵਾਰ ਕਿਤੇ 402
ਮੁੰਗੜੇ ਨੇ ਲੋਕ ਜਿਹੜੇ ਰਲੇ 403
ਬੜਾ ਸੋਚਿਆ ਕਿ ਤੈਨੂੰ 403
ਵੇਖਣ ਵਾਲੀ ਅੱਖ ਨਹੀਂ ਲੱਭਦੀ 404
ਮੇਰੇ ਸਾਹਾਂ 'ਚ ਜੇ 404
ਕੰਨ ਕਰ ਕੋਲ ਮੇਰੇ 405
ਮਨ ਦੀ ਬਸਤੀ ਵੇਖਣ ਨੂੰ ਤਾਂ 405
ਕਾਹਲੀ ਕਾਹਲੀ ਹਰ ਪਲ ਕਾਹਲੀ 406
ਦਿਲ ਤੇ ਭਾਰ ਬੜਾ ਹੈ ਭਾਵੇਂ 406
ਭੁੱਲ ਕੇ ਵੀ ਵਿਰਲਾਪ ਨਾ ਕਰੀਏ 407
ਕਿਉਂ ਮਰਦੇ ਹੋ ਮਾਰਨ ਲੱਗਿਆਂ 407
ਵੇਖੀਂ ਇੱਕ ਦਿਨ ਖੁੱਲ੍ਹ ਜਾਵਣਗੇ 408
ਤਿਤਲੀ ਦੇ ਖੰਭਾਂ ਤੇ ਲਿਖ ਕੇ 408
ਤੂੰ ਤੁਰਿਐਂ ਤਾਂ ਏਦਾਂ ਲੱਗਿਐ 409
ਆ ਲਖਵਿੰਦਰ ਚੱਲ ਤੁਰ ਚੱਲੀਏ 409
ਕਿੰਨੇ ਸੂਰਜ ਚੜ੍ਹ ਕੇ ਲਹਿ ਗਏ 410
ਨਾ ਸੀ ਕਾਲ਼ੀ ਐਨਕ ਅੱਖੀਂ 410
ਗੋਲ਼ੀ ਮਾਰ, ਬੰਦੂਕ ਚਲਾਉ 411
ਸਾਲ ਮਗਰੋਂ ਫੇਰ ਮੁੜ ਕੇ 411
ਦਿੱਲੀ ਵਿੱਚ ਦਰਬਾਰੀ ਵੇਖੋ 412
ਸ਼ਹਿਨਸ਼ਾਹੀ ਕੁਫ਼ਰ 412
ਅੱਜ ਕਾਹਨੂੰ ਹੋਈਆਂ ਤੈਨੂੰ 413
ਸੁੱਤਿਆਂ ਅੰਦਰ ਸੁਪਨ ਜਗਾਉਂਦੇ 413
ਕੌਣ ਕਹਿੰਦਾ ਹੈ ਮੁਹੱਬਤ 414
ਤੂੰ ਤੇ ਮੈਨੂੰ ਆਪ ਕਿਹਾ ਸੀ 414
ਟਿਕਿਆ ਰਹਿ ਹਮਦਰਦਾ ਵੱਡਿਆ 415
ਗਰਦ-ਗੁਬਾਰ ਹਨੇਰ ਚੁਫ਼ੇਰਾ 415
ਦਿਲ ਦਾ ਕਮਾਲ ਵੇਖ 416
ਉਮਰ ਗੁਜ਼ਾਰੀ ਜਿੰਨ੍ਹਾਂ ਸਾਰੀ 416
ਮਾਂ-ਧਰਤੀ, ਜਣਨੀ, ਮਾਂ-ਬੋਲੀ 417
ਐ ਦਿਲਾ! ਜਦ ਤੱਕ ਤੁਰੇਂਗਾ 417
ਸੂਰਜ ਜਾਣ ਤੋਂ ਮਗਰੋਂ 418
ਦਰਦ-ਸਿਆਹੀ ਨਾਲ ਤੂੰ 418
ਇਸ ਧਰਤੀ ਤੇ ਵਿਰਲੇ ਵਿਰਲੇ 419
ਮਿਲਦਿਆਂ ਤੈਨੂੰ ਮੇਰਾ ਕੈਸਾ 419
ਇੱਕ ਅੱਧ ਬੋਲ ਸੁਣਾ ਦੇ ਮੈਨੂੰ 420
ਟਾਹਲੀ ਤੂਤ ਫੁਟਾਰਾ ਫੁੱਟਿਆ 420
ਅੱਗ ਨਾਲ ਖੇਡੀਏ 421
ਜਾਣ ਵਾਲਿਆ ਜਾਹ ਨਾ ਬੀਬਾ 421
ਸ਼ਾਮਾਂ ਨੂੰ ਸੂਰਜ ਜਾਂਦਿਆਂ 422
ਫੁੱਲ ਕਿਰਦੇ ਜਦ ਬਿਰਖਾਂ ਮੂੰਹੋਂ 422
ਦੇਸ ਪੰਜਾਬ ਦੇ ਬਰਖ਼ੁਰਦਾਰਾ 423
ਰਾਤ ਪਈ ਹੈ, ਫਿਰ ਕੀ ਹੋਇਆ 423
ਝੜ ਗਏ ਪੱਤ ਪੁਰਾਣੇ ਭਾਵੇਂ 424
ਸਤਿਲੁਜ ਕੰਢੇ ਬੇਟ 'ਚ ਜੰਮੀ 424
ਮੈਂ ਸੁਣਿਆ ਸੀ ਅੰਬਰੀਂ ਵੱਸਦਾ 425
ਕਿੰਨੀ ਵਾਰ ਕਿਹਾ ਏ ਤੈਨੂੰ 425
ਸਾਰੀ ਰਾਤ ਗੁਜ਼ਾਰ ਲਈ ਹੈ 426
ਸ਼ਬਦ ਕੋਲੋਂ ਦਰਦ, ਜਿੰਨਾ ਅਣਕਿਹਾ 426
ਸਾਥੋਂ ਦੂਰ ਦੂਰ ਹੋਰ ਦੂਰ ਦੂਰ ਜਾ 427
ਰਿਸ਼ਤਾ ਤਾਂ ਵਿਸ਼ਵਾਸ ਦਾ ਨਾਂ ਹੈ 427
ਜਦ ਵੀ ਤੱਕਿਆ ਤੇ ਇੰਝ ਲੱਗਿਆ 428
ਟਾਹਣੀ ਬੈਠੀ ਬੁਲਬੁਲ ਬੋਲੇ 428
ਇਹ ਕ੍ਰਿਸ਼ਮਾ ਫਿਰ ਦੋਬਾਰਾ ਹੋ ਗਿਆ 429
ਸੜ ਗਏ ਜੰਗਲ ਦੇ ਵਿੱਚ ਵੇਖੋ 429
ਤੇਰੇ ਹੀ ਸਵਾਲਾਂ ਦਾ ਜਵਾਬ ਲੈ ਕੇ 430
ਧਰਤੀ ਤੇ ਹੋਰ ਕੋਈ ਸ਼ਹਿਰ ਜਾਂ ਗਿਰਾਂ 430
ਸੱਚੀ ਗੱਲ ਹੈ, ਮੈਥੋਂ ਇਹ ਕੁਝ 431
ਚਾਲ ਸਮੇਂ ਦੀ ਤੁਰ ਪਈ ਪੁੱਠੀ 431
ਅਲੋਕਾਰ ਬਾਤ, ਕੇਹੀ ਰਾਤ ਕਮਜ਼ਾਤ 432
ਦੁਨੀਆ ਵਾਲੇ ਮੇਲੇ ਅੰਦਰ 433
ਪਹਿਰੇਦਾਰ ਬਿਨਾ ਦਿਨ ਰਾਤੀਂ 433
ਅਸਲ ਕਲਾ ਤਾਂ ਏਹੀ ਮਿੱਤਰੋ 434
ਸਹਿਜ ਮਤੇ ਸੰਤੋਖ ਨਾਲ ਤੁਰ 434
ਤਾਰੇ ਵੀ ਤਾਂ ਮਰਦੇ ਨੇ 435
ਵੇਖ ਕਿਵੇਂ ਤੂੰ, ਸੂਰਜ ਚੜ੍ਹਦਾ 435
ਭਟਕਦਿਆਂ ਦਾ ਸਫ਼ਰ ਕਦੇ ਵੀ 436
ਖ਼ੁਸ਼ੀਆਂ ਖੇੜੇ ਘਰ ਨਾ ਪਰਤੇ 436
ਆਪਣੇ ਅੰਦਰ ਹਰ ਦਿਨ ਹਰ ਪਲ 437
ਪੱਤ ਝੜਿਆਂ ਤੇ ਬਿਰਖ਼ ਬੂਟੇ 437
ਹਰ ਪਲ ਆਖਣ ਬੰਦਿਆ ਟਿਕ ਟਿਕ 438
ਜੰਗਲ ਬੇਲਾ ਚਿੰਤਾ ਵਿੱਚ ਹੈ 438
ਤੇਰੀ ਮੇਰੀ ਰੂਹ ਦਾ ਚੰਬਾ ਖਿੜ ਕੇ 439
ਲੋਕ ਵਿਚਾਰੇ ਵਖ਼ਤਾਂ ਮਾਰੇ 439
ਪਾਟੀ ਚਿੱਠੀ ਜਦ ਵੀ ਆਵੇ 440
ਗਲਤੀ ਦੇ ਅਹਿਸਾਸ ਤੋਂ ਮਗਰੋਂ 440
ਸਾਡੇ ਪਿੰਡ ਦੀ ਹਰ ਇਕ ਮਾਂ ਸੀ 441
ਜੇਕਰ ਧੌਲ ਉਠਾਈ ਧਰਤੀ 441
ਰੰਗ ਬਰੰਗੇ ਵਸਤਰ ਨੇ 442
ਅੱਗ ਬਗੂਲਾ ਹੋਇਆ ਫਿਰਦੈਂ 442
ਤੂੰ ਨਾ ਰੂਹੇ ਦਸਤਕ ਦਿੱਤੀ 443
ਹਰ ਰਿਸ਼ਤੇ ਦਾ ਵੱਖਰਾ ਚਿਹਰਾ 443
ਦਿੱਲੀਏ ਤੇਰੀ ਕਬਰ ਤੇ ਖਿੜਦੇ 444
ਵਕਤ ਹਮੇਸ਼ਾਂ ਲਿਖ ਸਮਝਾਵੇ 444
ਨੈਣਾਂ ਦੀ ਇਹ ਝੀਲ ਬਲੌਰੀ 445
ਇਨਕਲਾਬ ਦੀ ਪਹਿਲੀ ਝਲਕੀ 445
ਜ਼ਾਲਮ ਦੇ ਹੱਥ ਡੋਰ ਸਮੇਂ ਦੀ 446
ਪਾਕਿ ਪਟਨ ਮੈਂ ਆ ਨਹੀਂ ਸਕਿਆ 446
ਡੋਲ ਰਿਹਾ ਕਿਉਂ ਮੇਰੇ ਹੁੰਦਿਆਂ 447
ਮਾਂ ਤੇਰੇ ਦਰਦਾਂ ਨੇ ਦੱਸਿਐ 447
ਜੇਕਰ ਵਿਦਿਆ ਵਰਤੀ ਹੀ ਨਾ 448
ਉਹ ਹਿੱਕੜੀ ਵੀ ਕਾਹਦੀ ਹਿੱਕੜੀ 448
ਆਹ ਫੜ ਸੂਰਜ ਆਹ ਫੜ ਕਿਰਨਾਂ 449
ਰੰਗ ਬਰੰਗ ਗੁਬਾਰੇ ਏਥੇ 449
ਗੁਰੂ ਨਾਨਕ ਦੀ ਬਾਣੀ ਪੜ੍ਹਦਾਂ 450
ਸਮਝ ਪਵੇ ਨਾ ਇਸ ਧਰਤੀ ਤੇ 450
ਵਾਇਰਸ ਨਾਲ ਲੜੇ ਹੁਣ ਕਿਹੜਾ 451
ਯਾਦ ਤੇਰੀ ਦਾ ਚਾਨਣ 451
ਥੱਕ ਚੱਲੇ ਹਾਂ 452
ਵਕਤ ਕਦੇ ਨਹੀਂ ਪਿੱਛੇ ਮੁੜਦਾ 452
ਮੈਂ ਅਜੇ ਨਿੱਕਾ ਹਾਂ ਭਾਵੇਂ 453
ਖ਼ਤਰਨਾਕ ਅਣਗੌਲਿਆਂ ਕਰਨਾ 453
ਬਿਨ ਰੰਗਾਂ ਤੋਂ ਰੀਝਾਂ ਦੇ ਫੁੱਲ 454
ਗਲ਼ੀ ਗਲ਼ੀ ਵਣਜਾਰਾ ਫਿਰਦਾ 454
ਘਰ ਵਿੱਚ ਬੰਦ ਹਾਂ 455
ਧੋ ਕੇ ਰੂਹ ਤੋਂ ਨਕਸ਼ ਉਦਾਸੇ 455
ਆ ਜਾਂਦੇ ਨੇ, ਤੁਰ ਜਾਂਦੇ ਨੇ 456
ਪਿੰਜਰਿਆਂ ਵਿੱਚ ਵੱਸਦੇ ਵੱਸਦੇ 456
ਧਰਮ ਦਾਸ ਜੀ, ਧਰਮ ਨਾਲ ਜੀ 457
ਤਨ-ਮਨ ਕਵਿਤਾ ਹੋਇਆ 457
ਬਿਨ ਮਿਲਿਆਂ ਵੀ ਇਸ਼ਕ 458
ਸਮਝਿਆ ਤੂੰ ਦੋਸਤੀ ਨੂੰ 458
ਜ਼ਿੰਦਗੀ ਦੇ ਸਾਜ਼ ਨੂੰ 459
ਚੱਲ ਨੀ ਭੈਣੇ ਆਪਾਂ ਰਲ਼ ਕੇ 459
ਮੌਸਮ ਦੇ ਪੈਰਾਂ ਵਿੱਚ ਝਾਂਜਰ 460
ਜੇਕਰ ਟੁਕੜੇ ਹੁੰਦਾ ਸੂਰਜ 460
ਵੱਖੋ-ਵੱਖਰੀ ਜੜ੍ਹ ਹੈ ਭਾਵੇਂ 461
ਆਹ ਫੜ ਸੂਰਜ 461
ਕੀ ਆਖਾਂ ਹੁਣ ਇਸ ਤੋਂ ਵੱਧ ਮੈਂ 462
ਤੇਰੇ ਨੈਣਾਂ ਦੇ ਵਿਚ ਸੂਰਜ 462
ਏਸ ਆਜ਼ਾਦੀ ਅੱਥਰੂ ਦਿੱਤੇ 463
ਵੇਦ ਕਤੇਬ ਦੇ ਨਾਂ ਤੇ ਜੋ ਵੀ ਲੜਦੇ 463
ਖ਼ੁਸ਼ਬੂ ਦਾ ਫੁੱਲ ਤੂੰ ਵਿੱਛੜਨਾ 464
ਖ਼ੂਨ ਜਿਗਰ ਦਾ ਪਾਉਣਾ ਪੈਂਦਾ 464
ਆਹ ਫੜ ਸੂਰਜ, ਮੱਥੇ ਜੜ ਲੈ 465
ਸੁਰਮ ਸਲੇਟੀ ਰੰਗ 'ਚ ਰੂਹ ਨੂੰ 465
ਤੇਰੀ ਚੁੱਪ ਦਾ ਪਹਾੜ 466
ਦਿਲ ਦਾ ਕਮਾਲ ਵੇਖ 466
ਟੁੱਟਿਆਂ ਸੌ ਵਾਰ 467
ਨਵੇਂ ਰੰਗ ਵਿਚ ਰੰਗ ਦੇ 467
ਹੁਣੇ-ਹੁਣੇ ਬੱਸ ਚੇਤੇ ਕੀਤਾ 468
ਛੱਡ ਦੇ ਹੁਣ ਤੂੰ ਬੀਤੀਆਂ ਗੱਲਾਂ 468
ਰੰਗ ਤੇ ਖ਼ੁਸ਼ਬੂ ਦਾ ਰਿਸ਼ਤਾ 469
ਵਿਛੜਿਆਂ ਦਾ ਜ਼ਿਕਰ ਜਦੋਂ ਵੀ 469
ਵਕਤ ਮਿਲੇ ਤਾਂ ਹਿੰਮਤ ਕਰਕੇ 470
ਮੇਰੇ ਹੱਥ ਵਿਚ ਸੂਰਜ ਨਹੀਂਓਂ 470
ਅੱਜ ਕੱਲ੍ਹ ਅੰਬਰੀ ਫ਼ਿਰਨ ਅਵਾਰਾ 471
ਆਪਣੇ ਅੰਦਰ ਹਰ ਦਿਨ ਹਰ ਪਲ 471
ਖੰਭਾਂ ਵਿਚ ਪਰਵਾਜ਼ ਭਰੇ ਜੇ 472
ਏਦਾਂ ਹੀ ਨਾ ਬੈਠ ਰਿਹਾ ਕਰ 472

੦

## ਗੁਰਭਜਨ ਗਿੱਲ

## ਸਾਵਾ ਬਿਰਖ਼

ਉਹ ਰਾਵੀਓਂ ਉਰਵਾਰ-ਪਾਰ
ਕੂਕਦੀ ਆਵਾਜ਼ ਦਾ ਸਿਰਨਾਵਾਂ ਹੈ
ਇਹ ਕੂਕ ਧਰਤੀ 'ਤੇ ਮਨਹੂਸ ਲੀਕ ਦੇ ਖਿੱਚੇ ਜਾਣ ਤੋਂ
ਹਵਾ ਵਿਚ ਫ਼ੈਲਰੀ ਸੀ
ਉਦੋਂ ਜਦੋਂ
ਦਰਿਆਵਾਂ ਦੇ ਨਿਰਮਲ ਪਾਣੀ
ਲਹੂ ਦੀਆਂ ਤਤੀਰੀਆਂ ਨਾਲ
ਲਾਲ ਹੋ ਗਏ ਸਨ
ਬਿਰਖ਼ ਚੀਕਾਂ ਬਣ ਗਏ ਸਨ
ਤੇ ਪਹੇ-ਪਗਡੰਡੀਆਂ
ਬੇਗਾਨੇ ਹੋ ਗਏ ਸਨ
ਇਨ੍ਹਾਂ ਅਣਕਿਆਸੇ
ਦੁਖਦਾਈ ਪਲਾਂ 'ਚ
ਸਹਿਮੇ ਸਹਿਮੇ ਘੁੱਗ ਵੱਸਦੇ ਘਰ ਛੱਡ
ਉਹਦੇ ਵਡੇਰੇ ਜਦੋਂ ਰਾਵੀ ਪਾਰੋਂ
ਵਕਤਾਂ ਦੀ ਬੇਵਿਸ਼ਵਾਸੀ ਹੱਥੋਂ
ਰਾਵੀ ਦੇ ਉਰਲੇ ਪਾਸੇ ਆ ਵੱਸੇ

ਉਹਨਾਂ ਵਕਤਾਂ ਦਾ ਦਰਦ
ਉਹਦੀਆਂ ਅੱਖਾਂ 'ਚੋਂ
ਹੁਣ ਵੀ ਸੇਕ ਵਾਂਗ ਨਿਕਲਦਾ ਹੈ
ਵੰਡ ਤੋਂ ਛੇ ਵਰ੍ਹੇ ਮਗਰੋਂ ਜੰਮਣ ਦੇ ਬਾਵਜੂਦ ਉਹ ਅੱਜ
ਤੱਕ ਵੀ
ਭੁੱਲ ਨਹੀਂ ਸਕਿਆ
ਆਪਣੇ ਵੱਡ-ਵਡੇਰਿਆਂ ਦੀ
ਉਸ ਮੋਹ-ਮਿੱਟੀ ਨੂੰ ਪਰਸਣ ਦਾ
ਹੁਣ ਵੀ ਉਹਦੇ ਪੈਰਾਂ ਨੂੰ
ਇਕ ਝੱਲ ਜਿਹਾ
ਕੁੱਦਿਆ ਰਹਿੰਦਾ ਹੈ
ਰਾਵੀਓਂ ਪਾਰ ਜਾਣ ਦਾ ਸ਼ੁਦਾਅ।

ਉਹਦਾ ਜੀਵਨ ਸਾਦਾ ਸਰਲ ਨਹੀਂ
ਸੰਘਰਸ਼ ਦੀ ਲੰਮੇਰੀ ਵਿਥਿਆ ਹੈ
ਤੇ ਇਸਦੀ ਪੈੜ-ਦਰ-ਪੈੜ ਪਛਾਣ
ਉਹਦੀਆਂ ਕਾਵਿ-ਸਤਰਾਂ ਵਿਚ
ਸੰਕੇਤਕ ਸੂਤਰ-ਬੱਧ ਹੈ
ਅਧਿਆਪਨ, ਸੰਪਾਦਨ,
ਪੱਤਰਕਾਰੀ ਤੇ ਪ੍ਰਸ਼ਾਸਨ
ਦੇ ਉੱਚ ਮੁਕਾਮ ਤਕ ਪਹੁੰਚਣ ਲਈ
ਆਪਣੇ ਅਕੀਦਿਆਂ ਦੇ
ਮਹੀਂਵਾਲ ਦੇ
ਦਰਸ਼ਨ-ਦੀਦਾਰੇ ਦੀ ਖਾਤਰ
ਉਸ ਸਿਆਹ ਰਾਤਾਂ ਵਿਚ ਵੀ
ਸ਼ੂਕਦੇ ਡਰਾਉਣੇ ਝਨਾਂ ਪਾਰ ਕੀਤੇ
ਐਪਰ ਉਹ ਹੰਭਿਆ ਨਹੀਂ
ਨਾ ਹਾਰਿਆ।
ਕੋਈ ਵੀ ਚੰਦਰੀ ਅਮਰ-ਵੇਲ
ਉਹਦੇ ਹਰੇ-ਕਚੂਰ ਹੌਸਲਿਆਂ ਨੂੰ
ਅੱਜ ਤੀਕ ਵੀ
ਪਸਤ ਨਹੀਂ ਕਰ ਸਕੀ।
ਮਾਯੂਸੀਆਂ ਨੇ
ਉਸਨੂੰ ਸਾਹ-ਸਤ ਹੀਣ ਨਹੀਂ
ਸਗੋਂ ਸਤਿਆਵਾਨ ਹੋਣ ਦਾ
ਸਾਹਸ ਦਿੱਤਾ ਹੈ ਹਰ ਪਲ।

ਦੋਸਤਾਂ ਦੇ ਹੁੰਗਾਰੇ ਬਟੋਰਦੇ
ਉਹਦੇ ਹੱਥਾਂ ਨੇ ਸਦਾ

ਸਿਖ਼ਰਲੀ ਸ਼ਾਖ ਨੂੰ ਹੀ ਫੜਿਆ
ਇਹੋ ਹੀ ਨਹੀਂ
ਨਿੱਕੀਆਂ ਨਿੱਕੀਆਂ ਸਿਫ਼ਤਾਂ,
ਸਲਾਹਾਂ, ਸੁਝਾਉਣੀਆਂ
ਉਸ ਦੋਸਤਾਂ ਦੀ ਝੋਲੀ ਪਾਈਆਂ
ਉਹਦਾ ਦਰ ਹਰ ਕਿਸੇ ਲਈ ਖੁੱਲ੍ਹਾ ਹੈ
ਜੋ ਦਰ ਆਵੇ ਸੋ ਰਾਜ਼ੀ ਜਾਵੇ
ਇਸੇ ਕਰਕੇ ਉਹਦੇ ਘਰ ਦੇ
ਇਕ ਨਹੀਂ ਦੋ ਦਰਵਾਜ਼ੇ ਹਨ
ਤੇ ਦਿਲ ਦੇ ਅਨੰਤ।

ਆਪਣੇ ਨਿਰੋਲ ਅਨਪੜ੍ਹ ਬਾਪ ਦੀਆਂ
ਸ਼ਫ਼ਾ ਜਿਹੀਆਂ ਸੁਣੌਤੀਆਂ ਕਰਕੇ
ਜਾਂ ਮਾਂ ਤੋਂ ਸੁਣੀਆਂ
ਕਥਾ-ਕਹਾਣੀਆਂ ਕਰਕੇ
ਜਾਂ ਵੀਰਾਂ ਤੇ
ਵੱਡੀ ਭੈਣ ਤੋਂ ਮਿਲੇ ਧਰਵਾਸ ਸਦਕਾ
ਉਹਦੀ ਦੇਹ-ਮਿੱਟੀ 'ਚ
ਖ਼ਬਰੇ ਕੇਹੀ ਤਾਸੀਰ ਸਮਾ ਗਈ
ਕਿ ਉਥੇ ਪੋਹਲੀਆਂ ਦੀ ਥਾਵੇਂ
ਸਦਾ ਮਰੂਆ ਹੀ ਖਿੜਦਾ ਹੈ।

ਉਹ ਰਿਸ਼ਤਿਆਂ ਦੀ
ਧਰਮੀ ਧਰਾਤਲ 'ਤੇ
ਮੋਹ-ਮਿੱਟੀ 'ਚ ਗੁੰਨਿਆ ਵਜੂਦ ਹੈ
ਉਹਦੀ ਸੋਚ 'ਚ ਸੁਚਿਆਈ
ਅੱਖਾਂ 'ਚ ਲੱਜਾ ਦੀ ਲਿਸ਼ਕ
ਤੇ ਗਰਦਨ 'ਚ ਗ਼ੈਰਤ ਦੀ ਬੁਲੰਦੀ
ਹਿੱਕ 'ਚ ਪੰਜਾਬੀ ਰਹਿਤਲ ਦੀ ਰਸਾਈ
ਦਿਲ 'ਚ ਦਰਦਮੰਦਾਂ ਦਾ ਦਰਦ
ਹੱਥਾਂ 'ਚ ਹੋਰਾਂ ਲਈ
ਹਥੌਲੇ ਵਰਗੀ ਰਹਿਮਤ
ਪਰ ਪੈਰਾਂ 'ਚ ਟਿਕਾਅ ਨਹੀਂ
ਮੰਜ਼ਿਲ ਪ੍ਰਸਤ ਕਾਹਲ ਹੈ
ਬ੍ਰਹਿਮੰਡ ਦੀਆਂ
ਸਗਲ ਧਰਤੀਆਂ ਗਾਹੁਣ ਦੀ ਰੀਝ

ਉਸ ਦੇ ਤੀਸਰੇ ਨੇਤਰ ਨੂੰ
ਸੌਣ ਨਹੀਂ ਦੇਂਦੀ।

ਗੱਲਾਂ ਕਰਦਾ ਕਰਦਾ
ਉਹ ਕਠੋਰ ਲੱਗੇਗਾ ਨਾਰੀਅਲ ਜਿਹਾ
ਅੰਦਰੋਂ ਨਿਰਮਲ ਨੀਰ ਦਾ ਚਟੂਰਾ

ਨੇੜੇ ਹੋ ਵਰਤ ਕੇ ਬੈਠੋ
ਤਾਂ ਨਿਰੀ ਮੋਮ ਦੀ ਕੋਮਲ ਮੂਰਤ
ਤੁਸੀਂ ਆਪਣਾ ਗ਼ਮ ਸਾਂਝਾ ਤਾਂ ਕਰੋ
ਭਰੇ ਦਿਲ ਦੀ ਟੀਸ ਬਾਰੇ ਤਾਂ ਦੱਸੋ
ਉਹ ਬਰਫ਼ ਦੀ ਡਲੀ ਵਾਂਗ
ਪਿਘਲ ਜਾਏਗਾ ਸਮੂਲਚਾ।
ਤੇ ਤੁਹਾਡੇ ਟਸੂੰ ਟਸੂੰ ਕਰਦੇ ਦਿਲ ਤੋਂ
ਗ਼ਮਾਂ ਦੀ ਪੰਡ ਲਹਿ ਜਾਏਗੀ
ਦੀਨ ਦੁਖੀ ਲਈ ਉਹ
ਪਹਿਲੀ ਹਾਕ 'ਤੇ ਹੀ
ਦਵਾ ਦਾਰੂ ਹੋ ਨਿਬੜਦਾ ਹੈ।

ਸੰਬੰਧੀਆਂ 'ਚ ਗੀਤ ਦੇ ਮੁੱਖੜੇ ਜਿਹਾ
ਦੋਸਤਾਂ 'ਚ ਗ਼ਜ਼ਲ ਦੇ ਮਤਲੇ ਜਿਹਾ
ਬੁਰਿਆਂ ਲਈ ਤੇਜ਼ ਤਿੱਖਾ ਤੀਰ
ਚੰਡੀ ਦੀ ਵਾਰ ਜਿਹਾ।
ਇਹ ਭਰਿਆ ਭਕੁੰਨਾ ਸ਼ਖ਼ਸ਼
ਬੋਲਾਂ ਦਾ ਧਨੀ
ਕਲਮ ਦਾ ਸ਼ਾਹ-ਸਵਾਰ
ਤੇ ਆਪਣੇ ਤਰਕੀਬੀ ਤਰਕ ਨਾਲ
ਹੋਰਾਂ ਨੂੰ ਕੀਲਣ ਦੀ ਸ਼ਕਤੀ ਰੱਖਦਾ ਹੈ।

ਉਹਦੀ ਯਾਦਾਸ਼ਤ ਬੜੀ ਤੇਜ਼ ਹੈ
ਬਚਪਨ ਦੇ ਨਿੱਕੇ ਨਿੱਕੇ ਵਕੂਏ
ਉਹਨੂੰ ਪਹਾੜਿਆਂ ਵਾਂਗ ਯਾਦ ਨੇ
ਐਪਰ ਇਹ ਹੀ ਨਹੀਂ
ਜਨਮ ਤੋਂ ਪਹਿਲੀ
ਬਾਪ ਦਾਦੇ ਦੀ ਵਿਰਾਸਤ
ਸਾਕ-ਸੰਬੰਧੀਆਂ,

ਦੋਸਤਾਂ ਮਿੱਤਰਾਂ ਦੀਆਂ
ਅੰਗਲੀਆਂ ਸੰਗਲੀਆਂ ਦਾ ਜੁਗਰਾਫ਼ੀਆ
ਉਹਦੇ ਚੇਤਿਆਂ ਵਿਚ ਮੁਹਾਰਨੀ ਵਾਂਗ ਵਿਛਿਆ ਹੋਇਆ ਹੈ।
ਬੱਚਿਆਂ ਲਈ ਉਹ ਮੋਹ-ਮੁਹਬੱਤ ਦਾ
ਅਸੀਸ ਵਰਗਾ ਰਹਿਮਤਾਂ ਭਰਿਆ ਅਸ਼ੀਰਵਾਦੀ ਹੱਥ ਹੈ
ਰਿਸ਼ਤੇਦਾਰੀ ਦੇ ਦਾਇਰੇ ਤੋਂ
ਬਾਹਰਲੇ ਬੱਚੇ ਵੀ
ਉਸਦੀ ਮੁਹੱਬਤੀ ਬੁੱਕਲ ਦਾ
ਨਿੱਘ ਮਾਣਦੇ
ਆਪਣੇਪਣ ਦਾ ਅਹਿਸਾਸ ਕਬੂਲਦੇ
ਸੁਰਖ਼ਰੂ ਜਿਹੇ ਹੋ,
ਨਵੀਆਂ ਪੁਲਾਂਘਾਂ ਦਾ ਸਾਹਸ ਬਟੋਰਦੇ
ਰਿਸ਼ਤਿਆਂ ਦੀ ਨਿਵੇਕਲੀ ਪਰਿਭਾਸ਼ਾ ਸਿਰਜਦੇ ਵੇਖੇ ਨੇ।
ਐਪਰ ਦੂਜਿਆਂ ਨੂੰ ਹਮੇਸ਼ਾਂ
ਧਰਵਾਸ ਦੀਆਂ ਥੰਮੀਆਂ ਦਿੰਦੇ
ਇਸ ਬੰਦੇ ਨੂੰ ਮੈਂ
ਨਿਜ-ਪਰ ਪੀੜ ਵਿਚ
ਲੁੱਛਦਾ ਹੀ ਨਹੀਂ
ਟੋਟਾ-ਟੋਟਾ ਹੋ ਕੇ
ਬਿਖ਼ਰਦਾ ਵੀ ਵੇਖਿਆ ਹੈ।

ਪਹਿਲ-ਪਲੇਠੀ ਮਿਲਣੀ ਦੀ
ਕਸਤੂਰੀ ਗੰਧ
ਉਹਦੇ ਚੇਤਿਆਂ 'ਚ ਚਿਤਵਣੀ ਲਾਉਂਦੀ
ਕਦੇ ਗਾਇਬ ਨਹੀਂ ਹੁੰਦੀ
ਮੈਂ ਉਹਨੂੰ ਜ਼ਿੰਮੇਵਾਰ ਖਾਵੰਦ
ਤੇ ਪਿਆਰਾ ਜਿਹਾ ਬਾਪ ਬਣਦਿਆਂ
ਮੋਹ ਦੀ ਹਰਿਆਵਲੀ ਧਰਤ 'ਤੇ
ਘਾਹ ਵਾਂਗ ਵਿਛਦਾ ਵੀ ਵੇਖਿਆ ਹੈ
ਸੰਬੰਧਾਂ ਦੀਆਂ ਤੰਦਾਂ ਦੀ ਤਾਣੀ
ਬਣਾਉਣ ਤੇ ਸੁਲਝਾਉਣ ਦੀ
ਉਸਨੂੰ ਬਰੀਕੀ ਨਾਲ ਜਾਚ ਹੈ
ਇਸੇ ਲਈ ਉਹਦਾ ਤਾਣਾ-ਬਾਣਾ
ਕਾਬਿਲੇ-ਜ਼ਿਕਰ ਹੈ
ਸਾਧਾਂ, ਸੰਤਾਂ, ਅਧਿਕਾਰੀਆਂ ਤੋਂ ਲਿਆਕਤਵਾਨਾਂ ਤੱਕ
ਸਿਆਸਤਦਾਨਾਂ ਤੋਂ ਨੀਤੀਵਾਨਾਂ ਤੱਕ
ਵਿਦਿਆਰਥੀਆਂ ਤੋਂ ਵਿਦਵਾਨਾਂ ਤੱਕ
ਦਰਬਾਰ ਤੋਂ ਲੈ ਕੇ ਦਰਬਾਨਾਂ ਤੱਕ
ਖਿਡਾਰੀ ਤੋਂ ਲੈ ਕੇ ਖੇਡ ਮੈਦਾਨਾਂ ਤੱਕ
ਉੱਚ ਦੁਮਾਲੜੇ ਲਿਖਾਰੀਆਂ ਤੋਂ ਲੈ ਕੇ
ਆਮ ਇਨਸਾਨਾਂ ਤੱਕ
ਕਮਾਲ ਦਾ ਹੈ
ਇਸ ਵਿਚ ਉਹਦੀ ਦਿਆਨਤਦਾਰੀ
ਗੱਲ ਕਰਨ ਦੀ ਸਮਰੱਥਾ
ਤੇ ਯੋਗਤਾ ਹੱਦ ਤੋਂ ਵੀ ਵੱਧ ਹੈ।

ਇਨਾਮਾਂ ਸਨਮਾਨਾਂ ਦੀ ਝਾਕ ਦੇ ਮੌਸਮ ਵਿਚ
ਉਹ ਇਸ ਖੇਡ ਦਾ ਖਿਡਾਰੀ ਨਹੀਂ
ਤੇ ਨਾ ਹੀ ਝਾਕ ਦੀ ਪੂਰਤੀ ਹਿਤ
ਅਸੂਲ ਛਿੱਕੇ ਟੰਗ ਬੇਥਾਹ ਭਟਕਦਾ ਹੈ
ਸਮਝਦਾ ਹੈ ਕਿ ਦੇਣ ਵਾਲਾ
ਦੇਵਣਹਾਰ ਵੱਡਾ ਹੁੰਦਾ ਹੈ-
ਲੈਣ ਵਾਲਾ ਨਹੀਂ
ਸਮਾਜ-ਸੇਵੀ ਸੰਗਠਨਾਂ,
ਲੇਖਕ ਸਭਾਵਾਂ
ਅਨੇਕਾਂ ਹੀ ਖੇਡ ਸੰਸਥਾਵਾਂ ਦਾ
ਮੋਹਰੀ ਹੋ ਸਹੀ ਸਰਪ੍ਰਸਤੀ ਤੇ ਅਗਵਾਈ ਦੇਣਾ ਹੀ
ਉਸ ਲਈ
ਮਾਣ-ਸਨਮਾਨ ਬਰਾਬਰ ਹੈ।

ਕਿਤੋਂ ਕਿਤੋਂ ਈਰਖਾ 'ਚ ਪਰੁੰਨੀ
ਇਹ ਅਵਾਜ਼ ਵੀ ਸੁਣੀਂਦੀ ਹੈ
ਕਿ ਉਹ ਜੋ ਹੈ,
ਅਸਲ ਵਿਚ ਉਹ ਹੈ ਨਹੀਂ
ਪਰ ਇਹ ਰੱਬ ਹੀ ਜਾਣਦੈ
ਹੋਰ ਕੋਈ ਨਹੀਂ
ਕਿ ਇਸ ਵਿਚ ਸੱਚ ਕਿੰਨਾ ਕੁ ਹੈ।

ਇਹ ਤਾਂ ਮੰਨਿਆ
ਕਿ ਸਿਆਸੀ ਵਿਸ਼ਲੇਸ਼ਣ
ਉਹਦੇ ਸੁਭਾਅ 'ਚ ਹੈ
ਪਰ ਸਿਆਸਤ ਦੀ ਸ਼ਤਰੰਜ 'ਚ

# ਅੱਖਰ ਅੱਖਰ

ਸੋਚ-ਸਮਝ ਕੇ ਚਾਲ ਚੱਲਣੀ
ਜਿੱਤ ਦਾ ਨਿਸ਼ਚਾ ਧਾਰ ਕੇ
ਕਦਮ ਪੁੱਟਣਾ
ਸਿਆਣਪ ਦੀ ਸੂਝ ਦਾ ਹੀ ਪ੍ਰਮਾਣ ਹੈ।
ਯੁੱਧ ਲੜਦਿਆਂ ਉਹਦੀ ਨਿਗ੍ਹਾ
ਸਿਰਫ਼ ਤੇ ਸਿਰਫ਼
ਮੱਛੀ ਦੀ ਅੱਖ ਤੇ ਹੀ ਹੁੰਦੀ ਹੈ।

ਹਰ ਧੁਖ਼ਦੇ ਪਿੰਡ ਨੂੰ ਆਪਣਾ ਕਹਿ
ਉਸ ਦੀ ਅਗਨਕਥਾ ਸੁਣਾਉਂਦਾ
ਪਾਰਦਰਸ਼ੀ
ਪੰਜਾਂ ਪਾਣੀਆਂ ਦੀ ਖ਼ੈਰ ਮੰਗਦਾ
ਦੋ ਹਰਫ਼ ਰਸੀਦੀ ਲਿਖ
ਮੋਰ-ਪੰਖ ਲੈ
ਫੁੱਲਾਂ ਦੀ ਝਾਂਜਰ ਛਣਕਾਉਂਦਾ
ਮਨ ਦੇ ਬੂਹੇ ਬਾਰੀਆਂ ਖੋਲ੍ਹ ਕੇ
ਧਰਤੀ-ਨਾਦ ਸੁਣਦਾ ਸੁਣਾਉਂਦਾ
ਵੇਖਦੈ ਕਿ
ਸ਼ੀਸ਼ਾ ਝੂਠ ਤਾਂ ਨਹੀਂ ਬੋਲਦਾ
ਕਦੇ ਉਹ ਸੁਰਖ਼ ਸਮੁੰਦਰ ਦੀ
ਥਾਹ ਪਾਉਂਦਾ ਸੀ
ਪਰ ਮਨ-ਤੰਦੂਰ ਦੀ
ਤਪਸ਼ ਉਹਦੇ ਬੋਲਾਂ 'ਚ
ਅੱਜ ਵੀ ਤਪਦੀ ਹੈ
ਦੋ ਹਰਫ਼ ਰਸੀਦੀ ਬਣਕੇ।
ਤਾਰਿਆਂ ਦੇ ਨਾਲ ਗੱਲਾਂ ਕਰਦਿਆਂ
ਰਾਤ ਭਰ ਜਾਗ ਸਕਦੈ
ਹੁੰਗਾਰਿਆਂ ਬਦਲੇ।
ਸੰਧੂਰ ਦਾਨੀ ਵਿੱਚ
ਸੂਰਜ ਖਰਲ ਕੀਤਾ ਹੋਇਆ ਹੈ ਉਸ ਨੇ।
ਜਲ ਕਣ ਪਾਉਂਦੇ ਰਾਤਾਂ ਦੀਆਂ ਬਾਤਾਂ
ਤੁਪਕਾ ਤੁਪਕਾ ਲਿਸ਼ਕਦੀ।
ਪੱਤੇ ਪੱਤੇ ਲਿਖੀ ਇਬਾਰਤ ਨੂੰ
ਉਹੀ ਪੜ੍ਹਨੀ ਜਾਣਦਾ ਹੈ।
ਵਿਸ਼ਵ ਭਾਸ਼ਾ ਨੂੰ ਅੱਖਰ ਨਾ ਲੋੜੀਏ।
ਨਮ ਨੇਤਰ ਬੋਲ ਦਿੰਦੇ ਨੇ
ਸਗਲ ਦਰਦਨਾਮਾ।
ਸੁਰ ਤਾਲ ਵਿੱਚ ਗਾਉਂਦੇ ਨੇ ਉਸ ਦੇ ਹੌਕੇ
ਕਦੇ ਗ਼ਜ਼ਲ ਬਣਦੇ ਕਦੇ ਗੀਤ।
ਨਰਮ ਨਰਮ ਪਿੱਪਲ ਪੱਤੀਆਂ
ਪੌਣਾਂ ਵਿੱਚ ਰੁਮਕਦੀਆਂ
ਚਰਖ਼ੜੀ ਤੇ ਘੁੰਮਦਾ ਪਿੰਜਿਆ ਇਤਿਹਾਸ ਬੋਲਦਾ ਹੈ।
ਉਹ ਸ਼ਬਦਾਂ ਨੂੰ
ਸੁਨਿਆਰੇ ਦੀ ਕਲਾਵੰਤ ਅੱਖ ਨਾਲ
ਜ਼ੇਵਰ ਵਾਂਗ ਘੜਦਾ ਹੈ।
ਅੱਖਰ ਅੱਖਰ ਪਿਘਲਦਾ ਹੈ
ਫ਼ੌਲਾਦੀ ਵਿਸ਼ਵਾਸ
ਕਿ ਲੋਕ ਹੀ ਸ਼ਕਤੀ ਹੁੰਦੇ ਨੇ।
ਉਸ ਕੋਲ ਰਾਜੇ ਵੀ ਆਉਂਦੇ ਨੇ
ਤੇ ਨਿਤਾਣੇ ਰੰਕ ਵੀ।
ਸਭ ਨੂੰ ਇੱਕੋ ਘੜਿਉਂ
ਪਾਣੀ ਪਿਆਉਂਦਾ ਹੈ।
ਉਸ ਕੋਲ ਹੋਰ ਭਾਵੇਂ ਕੁਝ ਹੋਵੇ ਨਾ ਹੋਵੇ
ਅਥਾਹ ਬਲਣਸ਼ੀਲ ਊਰਜਾ ਹੈ
ਸ਼ਾਇਦ ਇਹੀ ਕੁਝ ਉਸਨੂੰ
ਗਰਦਨ ਸਿੱਧੀ ਰੱਖਣ ਦਾ
ਤਾਣ ਦੇਂਦੀ ਹੈ।

ਮੈਨੂੰ ਉਹ ਸਮਕਾਲੀ ਸਮਿਆਂ ਦੀ ਕਥਾ ਕਹਿ ਰਿਹਾ
ਕੋਈ ਜਾਗਰੂਕ ਰਿਸ਼ੀ ਲੱਗਦਾ ਹੈ
ਕਦੇ ਕੁੱਖਾਂ ਤੇ ਰੁੱਖਾਂ ਦੇ ਫ਼ਿਕਰ
ਘਰ ਘਰ ਪਹੁੰਚਾਉਂਦਾ
ਪੈਰ ਪੈਰ ਤੇ ਸ਼ਬਦਾਂ ਦੇ
ਸੁਰਖ਼ ਬਿਰਖ ਉਗਾਉਂਦਾ
ਲਾਲੀਆਂ ਹਰਿਆਲੀਆਂ
ਦੀ ਬਾਤ ਪਾਉਂਦਾ
ਬਾਬੇ ਦੀ ਬਾਣੀ ਦਾ ਸੱਚ
ਸੁੱਤੇ ਲੋਕਾਂ ਨੂੰ ਸਹੀ ਸਮਝਾਉਂਦਾ
'ਜਾਗ ਬਈ ਪਿੰਡਾ ਜਾਗ'
ਦਾ ਹੋਕਾ ਲਾਉਂਦਾ
ਦਰ ਦਰ ਜਾ ਅਲਖ ਜਗਾਉਂਦਾ
ਕੋਈ ਸ਼ਬਦ-ਰਿਸ਼ੀ ਸਾਵੇ ਬਿਰਖ ਜਿਹਾ

ਜਿਹੜਾ ਅਕਸਰ ਹੋਈਆਂ ਅਣਹੋਣੀਆਂ ਦੇ
ਹਾਵੇ ਹੌਕੇ  ਬਿਆਨਦਾ
ਤ੍ਰਿਹਾਏ ਮਿਰਗਾਂ ਦੀ ਤ੍ਰੇਹ ਦਾ ਹੱਲ ਤਲਾਸ਼ਦਾ
ਕੋਇਲਾਂ ਬੁਲਬੁਲਾਂ ਦੀਆਂ ਬੈਠ ਗਈਆਂ
ਰਗਾਂ ਦੀ ਪੀੜ ਪਛਾਣਦਾ
ਮੂੰਹ-ਮੋੜ ਹੋ ਗਏ
ਸਗਲ ਸੰਸਾਰ ਦੇ ਸਰੋਕਾਰਾਂ ਦੀ
ਕਲਮ-ਨੋਕ ਸੰਗ ਪੁਣ-ਛਾਣ ਕਰਦਾ
ਰਹੁ-ਰੀਤਾਂ ਦੀ ਕਿਣ-ਮਿਣ 'ਚ ਭਿੱਜਿਆ
ਹੁੰਗਰ ਨੂੰ ਹੁੰਗਾਰਿਆਂ 'ਚ ਬਦਲਦਾ
ਹਰ ਗਏ ਜਾਂ ਮਰ ਗਏ ਪੁੱਤਾਂ ਦੇ ਵਿਯੋਗ 'ਚ
ਵਿਲਕਦੀਆਂ ਨਿਕਰਮਣ ਮਾਵਾਂ ਦੇ
ਦਰਦ ਨੂੰ ਮਹਿਸੂਸਦਾ
ਸਾਡਾ ਇਹ ਸਾਵਾ ਬਿਰਖ਼
ਆਪਣੇ ਪੁੰਗਰਦੇ ਪੱਤਿਆਂ ਨੂੰ
ਸ਼ਬਦ-ਬ-ਸ਼ਬਦ ਤਸਲੀਮ ਕਰਦਾ
ਚੌਤਰਫ਼ੇ ਤੋਂ ਮੋਹ-ਮੁਕਤ ਨਹੀਂ ਹੋਇਆ।

ਉਹਦੇ ਜੀਵਨ ਵਿਚਲੇ ਕੁਝ ਰੰਗ ਬੜੇ ਪੱਕੇ ਹਨ
ਧੋਤਿਆਂ ਵੀ ਨਹੀਂ ਉੱਤਰਦੇ
ਪੰਜ ਦਹਾਕਿਆਂ ਤੋਂ ਵੱਧ
ਮਹਾਂ ਨਗਰ 'ਚ ਵੱਸਦਿਆਂ
ਦਿੱਲੀ ਦੱਖਣ ਦੇਸ ਪ੍ਰਦੇਸ ਘੁੰਮਦਿਆਂ
ਵਿਸ਼ਵ-ਭਰ ਦੀਆਂ ਸੋਚਾਂ ਨੂੰ
ਮਨ-ਮਸਤਕ ਵਿਚ
ਟਿਕਾਈ ਫਿਰਦਿਆਂ ਵੀ
ਸ਼ਾਇਦ ਪਿੰਡ ਉਹਦੇ ਜੀਵਨ-ਵਿਹਾਰ 'ਚੋਂ ਇਸੇ ਲਈ
ਖ਼ਾਰਜ ਨਹੀਂ ਹੋਇਆ
ਤੇ ਉਹਦਾ ਅਵਚੇਤਨ ਮਨ
ਬਾਤਾਂ ਪਿੰਡ ਦੀਆਂ ਹੀ
ਪਾਉਂਦਾ ਰਹਿੰਦਾ ਹੈ।

***ਰਵਿੰਦਰ ਸਿੰਘ ਭੱਠਲ*** *(ਪ੍ਰੋ.)*
*ਸਾਬਕਾ ਪ੍ਰਧਾਨ*
*ਪੰਜਾਬੀ ਸਾਹਿੱਤ ਅਕਾਡਮੀ*
*ਲੁਧਿਆਣਾ*

o

## ਜਗ ਰਹੇ ਜੁਗਨੂੰ

ਜਗ ਰਹੇ ਜੁਗਨੂੰ ਨੇ ਜਿਹੜੇ ਰਾਤ ਨੂੰ।
ਖ਼ਾਕ ਦੇ ਵਿਚ ਮਿਲਣਗੇ ਪ੍ਰਭਾਤ ਨੂੰ।

ਕੀ ਪਤਾ ਸੀ ਮਾਰੂਥਲ ਪੀ ਜਾਣਗੇ,
ਹੰਝੂਆਂ ਦੀ ਹੋ ਰਹੀ ਬਰਸਾਤ ਨੂੰ।

ਪੱਥਰਾਂ ਦੇ ਸ਼ਹਿਰ ਪੱਥਰ ਹੋ ਗਿਆਂ,
ਦੁਖ ਸੁਖ ਪੋਂਹਦਾ ਨਾ ਹੁਣ ਜਜ਼ਬਾਤ ਨੂੰ।

ਤੂੰ ਮੇਰੇ ਸਾਹਾਂ 'ਚ ਘੁਲ ਜਾ ਇਸ ਤਰ੍ਹਾਂ,
ਰਾਤ ਰਾਣੀ ਮਹਿਕਦੀ ਜਿਉਂ ਰਾਤ ਨੂੰ।

ਤੂੰ ਹੁੰਗਾਰਾ ਭਰਦੀ ਭਰਦੀ ਸੌਂ ਗਈ,
ਮੈਂ ਮੁਕਾਵਾਂ ਕਿਸ ਤਰ੍ਹਾਂ ਹੁਣ ਬਾਤ ਨੂੰ।

ਚਾਰ ਦੀਵਾਰੀ 'ਚ ਮੇਰਾ ਬਸਰ ਨਾ,
ਲੈ ਰਿਹਾਂ ਬਾਹਾਂ 'ਚ ਕਾਇਨਾਤ ਨੂੰ।

ਅੱਗ ਦੇ ਅੰਗਾਰਿਆਂ 'ਤੇ ਤੁਰ ਰਿਹਾਂ,
ਬੈਠ ਰਹਿਣਾ ਮਿਹਣਾ ਮੇਰੀ ਜ਼ਾਤ ਨੂੰ।

1

o

## ਆਪੋ ਆਪਣੀ ਚੁੱਪ

ਆਪੋ ਆਪਣੀ ਚੁੱਪ ਤੋਂ ਡਰੀਏ।
ਸ਼ਾਮ ਸਵੇਰੇ ਹੌਕੇ ਭਰੀਏ।

ਧਰਤੀ ਪੀਤਾ ਸਾਰਾ ਪਾਣੀ,
ਮਾਰੂਥਲ ਵਿਚ ਕੀਕਣ ਤਰੀਏ।

ਕਾਲ਼ੇ ਸਾਏ ਚਾਰ ਚੁਫ਼ੇਰੇ,
ਨਾ ਹੀ ਜੀਂਦੇ ਨਾ ਹੀ ਮਰੀਏ।

ਵਾਹ ਕੇ ਕਾਗ਼ਜ਼ ਉੱਪਰ ਲੀਕਾਂ,
ਮਨ ਦੇ ਖ਼ਾਲੀ ਕੋਨੇ ਭਰੀਏ।

ਚਿੜੀ ਆਖਦੀ ਜਾਗ ਮੁਸਾਫ਼ਰ,
ਕੁਝ ਤਾਂ ਪੈਂਡਾ ਖੋਟਾ ਕਰੀਏ।

ਤਨ 'ਤੇ ਨਿੱਘਾ ਕੋਟ ਸਵੈਟਰ,
ਮਨ ਦੇ ਪਾਲ਼ੇ ਕਰਕੇ ਠਰੀਏ।

ਮਨ ਦੀ ਬੱਤੀ ਬਾਲ ਬਾਲ ਕੇ,
ਚਾਰ-ਚੁਫ਼ੇਰੇ ਚਾਨਣ ਕਰੀਏ।

ਡਾਢੀ ਤੇਜ਼ ਹਨ੍ਹੇਰੀ ਫਿਰ ਵੀ,
ਆ ਮਮਟੀ 'ਤੇ ਦੀਵਾ ਧਰੀਏ।

1

०

## ਸਾਰਾ ਆਲਮ

ਉਹ ਜਿਸ ਤੋਂ ਸਾਰਾ ਆਲਮ ਡਰ ਰਿਹਾ ਸੀ।
ਉਹ ਬੀਤੀ ਰਾਤ ਮੇਰੇ ਘਰ ਰਿਹਾ ਸੀ।

ਜੋ ਰਾਤੀਂ ਸਭ ਤੋਂ ਵਧ ਕੇ ਲਿਸ਼ਕਦਾ ਸੀ,
ਉਹ ਤਾਰਾ ਮੈਂ ਵੀ ਟੁੱਟਦਾ ਵੇਖਿਆ ਸੀ।

ਉਨ੍ਹਾਂ ਦੇ ਪੁੱਤ ਦੀ ਥਾਂ ਰਾਖ਼ ਪਰਤੂ,
ਉਡੀਕਣ ਵਾਲਿਆਂ ਨੂੰ ਕੀ ਪਤਾ ਸੀ।

ਹਨ੍ਹੇਰੀ ਰਾਤ ਵਿੱਚ ਮਨ ਸੋਚਦਾ ਹੈ,
ਬੜਾ ਹੀ ਜੁਗਨੂੰਆਂ ਦਾ ਆਸਰਾ ਸੀ।

ਉਹ ਘਿਰਿਆ ਸੀ ਜਦੋਂ ਫੁੱਲਾਂ ਦੇ ਅੰਦਰ,
ਮੇਰੇ ਲਈ ਉਹ ਤਾਂ ਬਿਲਕੁਲ ਮਰ ਗਿਆ ਸੀ।

ਉਦਾਸੀ ਪੌਣ ਤੇ ਕਹਿਰੀ ਸੰਨਾਟਾ,
ਦੋਹਾਂ ਦਾ ਰੂਪ ਮੇਰੇ ਘਰ ਜਿਹਾ ਸੀ।

ਮਿਰਗ ਤੋਂ ਤੇਜ਼ ਭੱਜ ਕੇ ਬਚ ਗਿਆ ਹਾਂ,
ਸ਼ਿਕਾਰੀ ਮੇਰੇ ਪਿੱਛੇ ਆ ਪਿਆ ਸੀ।

l

०

## ਕਾਫ਼ਲਿਆਂ ਦਾ ਸਾਥ

ਕਾਫ਼ਲਿਆਂ ਦਾ ਸਾਥ ਭਲਾ ਕੀ ਰਾਹ ਵਿਚ ਉੱਗੀਆਂ ਛਾਵਾਂ ਨਾਲ।
ਕਦਮ ਮਿਲਾ ਕੇ ਜਿੰਨ੍ਹਾਂ ਤੁਰਨਾ ਭਰ ਵਗਦੇ ਦਰਿਆਵਾਂ ਨਾਲ।

ਅੱਜ ਤੇਰੇ ਮੂੰਹ ਜੀਭ ਨਹੀਂ ਹੈ ਚਿਹਰਾ ਵੀ ਉਪਰਾਮ ਹੈ ਕਿਉਂ?
ਤੇਰੀ ਤਾਂ ਸੀ ਬਹਿਣੀ ਉੱਠਣੀ ਅੱਗ ਵਰ੍ਹੌਂਦੀਆਂ 'ਵਾਵਾਂ ਨਾਲ।

ਧਰਤ, ਸਮੁੰਦਰ, ਦਰਿਆ, ਸਹਿਰਾ, ਹੰਝੂਆਂ ਦਾ ਵੀ ਮੀਂਹ ਵਰ੍ਹਦੈ,
ਪੋਟਾ ਪੋਟਾ ਵਿੰਨ੍ਹਿਆਂ ਦਿਲ ਹੈ ਹੌਕੇ ਬਲਦੀਆਂ ਆਹਵਾਂ ਨਾਲ।

ਸ਼ੀਸ਼ੇ ਸਨਮੁਖ ਰੋਜ਼ ਖਲੋ੍ਹ ਕੇ ਮੇਰਾ ਬੁੱਤ ਘਬਰਾਉਂਦਾ ਹੈ,
ਆਪਣਾ ਆਪ ਪਕੜਨਾ ਚਾਹਵੇ ਥੱਕੀਆਂ ਥੱਕੀਆਂ ਬਾਹਵਾਂ ਨਾਲ।

ਦਿੱਲੀ ਦੱਖਣ ਗਾਹੁਣ ਮਗਰੋਂ ਘਰ ਵਿਚ ਆਣ ਖਲੋ ਜਾਈਏ,
ਛਾਵਾਂ ਖ਼ਾਤਰ ਜੁੜ ਜਾਂਦੇ ਹਾਂ ਨਿੱਕੀਆਂ ਨਿੱਕੀਆਂ ਥਾਵਾਂ ਨਾਲ।

ਮੰਜ਼ਿਲ ਤਾਂ ਸੀ ਟੇਢੀ ਮੇਢੀ ਉਂਞ ਵੀ ਸੀ ਵੀਰਾਨ ਜਹੀ,
ਐਵੇਂ ਯਾਰੋ ਪਰਚ ਗਏ ਆਂ ਸਿੱਧ-ਮ-ਸਿੱਧੀਆਂ ਰਾਹਵਾਂ ਨਾਲ।

ਰਾਤ, ਹਨ੍ਹੇਰੀ, ਗੜ੍ਹੇਮਾਰ ਤੇ ਬੱਦਲ, ਕਣੀਆਂ, ਤੇਜ਼ ਹਵਾ,
ਪੱਕੀਆਂ ਫ਼ਸਲਾਂ ਕੌਣ ਉਡੀਕੇ ਏਨੇ ਦੁਸ਼ਮਣ ਚਾਵਾਂ ਨਾਲ।

ਧਰਤੀ ਮਾਂ ਹੈ ਸੋਨ-ਚਿੜੀ ਹੈ ਪਤਾ ਨਹੀਂ ਇਹ ਕੀ ਕੀ ਹੈ?
ਬੇਘਰ ਵਿਧਵਾ ਜਾਣੀ ਜਾਵੇ ਰੰਗ-ਬਰੰਗੇ ਨਾਵਾਂ ਨਾਲ।

l

o

## ਇਕ ਬਦਲੋਟੀ ਤੁਰਦੀ ਜਾਂਦੀ

ਇਕ ਬਦਲੋਟੀ ਤੁਰਦੀ ਜਾਂਦੀ ਥਲ ਨੂੰ ਇਕ ਪਲ ਠਾਰ ਗਈ।
ਸਦੀਆਂ ਦੀ ਤੜਪਾਹਟ ਕੰਡਾ ਅਣਖ਼ਾਂ ਵਾਲਾ ਮਾਰ ਗਈ।

ਬੰਜਰ ਧਰਤੀ ਰੇਤਲ ਟਿੱਬੇ ਪੁੰਗਰਿਆ ਸੀ ਆਸ ਦਾ ਬੀਜ,
ਪਾਣੀ ਦੀ ਥਾਂ ਬੱਦਲੀ ਰਾਣੀ ਗੱਲੀਂ ਬਾਤੀਂ ਸਾਰ ਗਈ।

ਹਿੱਕ 'ਚ ਰਹਿ ਗਏ ਹੌਕੇ, ਹਾਵੇ, ਸੁੱਤੀਆਂ ਆਸਾਂ ਰਾਂਗਲੀਆਂ,
ਜਾਂਦੀ ਹੋਈ ਰਾਤ ਕੁਲਹਿਣੀ ਐਸਾ 'ਨੇਰ੍ਹ ਪਸਾਰ ਗਈ।

ਸਾਡੇ ਪਿੰਡ ਦੇ ਚਿਹਰੇ 'ਤੇ ਉਦਰੇਵਾਂ ਆ ਕੇ ਬੈਠ ਗਿਆ,
ਬੋਹੜਾਂ ਤੇ ਪਿੱਪਲਾਂ ਦੀ ਰੌਣਕ ਜਦ ਤੋਂ ਦਰਿਆ ਪਾਰ ਗਈ।

ਸ਼ਹਿਰਾਂ ਵਾਲੀ ਅੱਗ ਨਾ ਕਿਧਰੇ ਸਾਡੀਆਂ ਜੂਹਾਂ ਘੇਰ ਲਵੇ,
ਡਰਦੀ ਮਾਰੀ ਉੱਡ ਕੇ ਏਥੋਂ ਏਸੇ ਲਈ ਹੈ ਡਾਰ ਗਈ।

ਰਣ-ਖੇਤਰ ਵਿਚ ਖ਼ੂਬ ਲੜੇ ਹਾਂ, ਹੋਰ ਲੜਾਂਗੇ ਚਾਵਾਂ ਲਈ,
ਹੋਇਆ ਕੀ ਜੇ ਬੇਹਥਿਆਰੀ ਧਿਰ ਸਾਡੀ ਫਿਰ ਹਾਰ ਗਈ।

1

o

## ਖ਼ੁਦਕੁਸ਼ੀ ਹੀ ਖ਼ੁਦਕੁਸ਼ੀ

ਖ਼ੁਦਕੁਸ਼ੀ ਹੀ ਖ਼ੁਦਕੁਸ਼ੀ ਬੱਸ ਖ਼ੁਦਕੁਸ਼ੀ।
ਕੌਣ ਪਾਗਲ ਚਾਹੇਗਾ ਇਹ ਜ਼ਿੰਦਗੀ।

ਚੌਂਕ ਦੇ ਬੁੱਤ ਅੱਖ ਨੀਵੀਂ ਕਰ ਲਈ,
ਨਿੱਤ ਦਿਹਾੜੀ ਵੇਖ ਸਾਡੀ ਬੁਜ਼ਦਿਲੀ।

ਤਾਰ ਉੱਤੇ ਤੁਰੇ ਰਹੇ ਹਾਂ ਰਾਤ ਦਿਨ,
ਕੋਹਾਂ ਲੰਮੀ ਮੌਤ ਵਰਗੀ ਜ਼ਿੰਦਗੀ।

ਭੀੜ ਦਾ ਹਿੱਸਾ ਬਣਾਂ ਤਾਂ ਜਾਪਦੈ,
ਬਣ ਗਿਆ ਹਾਂ ਆਪਣੇ ਘਰ ਅਜਨਬੀ।

ਪਿੰਡ ਜਾ ਕੇ ਇਸ ਤਰ੍ਹਾਂ ਮਹਿਸੂਸਦਾਂ,
ਸ਼ਹਿਰ ਸਾਡੀ ਖਾ ਰਹੇ ਨੇ ਸਾਦਗੀ।

ਜ਼ਿੰਦਗੀ ਅਖ਼ਬਾਰ ਤਾਂ ਨਹੀਂ ਦੋਸਤੋ,
ਵਾਚਦੇ ਹੋ ਏਸ ਨੂੰ ਵੀ ਸਰਸਰੀ।

1

## ਅੰਨ੍ਹੀ ਬੋਲ਼ੀ ਰਾਤ

ਅੰਨ੍ਹੀ ਬੋਲ਼ੀ ਰਾਤ ਹਨ੍ਹੇਰੀ ਰਹਿਣ ਦਿਉ।
ਕਾਲਖ਼ ਦੇ ਦਰਿਆ ਨੂੰ ਏਦਾਂ ਵਹਿਣ ਦਿਉ।

ਏਸ ਨਮੋਸ਼ੀ ਨੂੰ ਵੀ ਜੀਣਾ ਚਾਹੁੰਦਾ ਹਾਂ,
ਮੈਨੂੰ ਮੇਰਾ ਹਿੱਸਾ ਆਪੇ ਸਹਿਣ ਦਿਉ।

ਕਿੱਥੋਂ ਕਿੱਥੋਂ ਗਰਕਦਿਆਂ ਨੂੰ ਰੋਕੋਗੇ,
ਜੋ ਢਹਿੰਦਾ ਹੈ ਉਹਨੂੰ ਤਾਂ ਬੱਸ ਢਹਿਣ ਦਿਉ।

ਫਿਰ ਆਖੋਗੇ ਸਿਲ-ਪੱਥਰ ਹੈ ਕੂੰਦਾ ਨਹੀਂ,
ਮੈਨੂੰ ਅਪਣੀ ਦਰਦ-ਕਹਾਣੀ ਕਹਿਣ ਦਿਉ।

ਨਹਿਰਾਂ ਸੂਏ ਖਾਲ਼ ਤੁਹਾਡੇ ਨੌਕਰ ਨੇ,
ਮੇਰਾ ਇਕ ਦਰਿਆ ਤਾਂ ਵਗਦਾ ਰਹਿਣ ਦਿਉ।

ਹੌਲ਼ੀ ਹੌਲ਼ੀ ਇਕ ਦਿਨ ਆਪੇ ਨਿੱਤਰੇਗਾ,
ਮਿੱਟੀ ਰੰਗੇ ਪਾਣੀ ਨੂੰ ਹੁਣ ਬਹਿਣ ਦਿਉ।

ਜਗਦਾ ਬੁਝਦਾ ਜੰਗਲ਼ ਹੈ ਇਹ ਆਸਾਂ ਦਾ,
ਦਿਨ ਚੜ੍ਹਦੇ ਤਕ ਬਾਂਸਾਂ ਨੂੰ ਇੰਞ ਖਹਿਣ ਦਿਉ।

1

## ਵਗਦਾ ਦਰਿਆ

ਵਗਦਾ ਦਰਿਆ ਓਸ ਕੰਢੇ ਸਾਰੇ ਖੰਡਰ ਯਾਦ ਨੇ।
ਬਚਪਨੇ ਵਿਚ ਜੋ ਉਸਾਰੇ ਕਾਗ਼ਜ਼ੀ ਘਰ ਯਾਦ ਨੇ।

ਇੱਕ ਦਰਿਆ ਪਾਰ ਕਰਕੇ ਦੂਸਰੇ ਕੰਢੇ ਖਲੋ,
ਪਰਤਦੇ ਯਾਰਾਂ ਦੀਆਂ ਅੱਖਾਂ ਤੇ ਅੱਥਰ ਯਾਦ ਨੇ।

ਚਰਖ਼ੜੀ ਤੇ ਰਾਤ ਦਿਨ ਬੇਸ਼ੱਕ ਅਸਾਡਾ ਬੀਤਿਆ,
ਨਿੱਕੇ ਨਿੱਕੇ ਚਾਅ ਕੁਆਰੇ ਹਾਲੇ ਤੀਕਰ ਯਾਦ ਨੇ।

ਪਹਿਲੇ ਖ਼ਤ ਤੋਂ ਬਾਅਦ ਭਾਵੇਂ ਤੂੰ ਕਦੇ ਲਿਖਿਆ ਨਹੀਂ,
ਉਹ ਪੁਰਾਣੇ ਜਗਦੇ ਬੁਝਦੇ ਸਾਰੇ ਅੱਖਰ ਯਾਦ ਨੇ।

ਦੋਸਤਾਂ ਦੇ ਕੀਮਤੀ ਤੋਹਫ਼ੇ ਮੈਂ ਕਿੱਦਾਂ ਭੁੱਲ ਜਾਂ,
ਤਾਅਨੇ, ਮਿਹਣੇ, ਤੁਹਮਤਾਂ ਸਾਰੇ ਹੀ ਨਸ਼ਤਰ ਯਾਦ ਨੇ।

ਸ਼ਹਿਰ ਦੇ ਜ਼ੰਗਾਲ ਨੇ ਰੂਹਾਂ ਨੂੰ ਭਾਵੇਂ ਖਾ ਲਿਆ,
ਛੋਲਿਆਂ ਦੇ ਖੇਤ ਵਿੱਚ ਚੁਗਦੇ ਕਬੂਤਰ ਯਾਦ ਨੇ।

ਡੇਰਾ ਬਾਬਾ ਨਾਨਕੋਂ ਕੋਠੇ ਤੇ ਚੜ੍ਹ ਕੇ ਦਿਸਣ ਜੋ,
ਜਿਸਮ ਨਾਲੋਂ ਕਤਰ ਕੇ ਸੁੱਟੇ ਗਏ ਪਰ ਯਾਦ ਨੇ।

1

o

## ਸਿਖ਼ਰ-ਦੁਪਹਿਰੇ

ਸਿਖ਼ਰ-ਦੁਪਹਿਰੇ ਕਾਂ-ਅੱਖ ਨਿਕਲੇ ਤੇ ਮੂੰਹ-ਜ਼ੋਰ ਹਵਾਵਾਂ।
ਆਲ-ਦੁਆਲੇ ਬਲ਼ਦਾ ਥਲ ਹੈ ਕਿੱਥੇ ਕਦਮ ਟਿਕਾਵਾਂ।

ਜਿਸਮ ਝੁਲਸਿਆ ਚਿੱਤ ਘਾਬਰਦਾ ਸਾਹ ਵੀ ਬੇ-ਇਤਬਾਰੇ,
ਤਪਦਿਆਂ ਤਾਈਂ ਠਾਰਦੀਆਂ ਨਾ ਹੁਣ ਰੁੱਖਾਂ ਦੀਆਂ ਛਾਵਾਂ।

ਇਹ ਵੀ ਇਕ ਇਤਫ਼ਾਕ ਸਮਝ ਲੈ ਯਾਰਾਂ ਦੀ ਮਸ਼ਹੂਰੀ,
ਆਪਣੇ ਵੱਲੋਂ ਖ਼ੁਰਾ-ਖੋਜ ਸੀ ਮੇਟ ਗਈਆਂ ਘਟਨਾਵਾਂ।

ਇਸ ਮਹਿਫ਼ਲ ਵਿਚ ਕੌਣ ਸੁਣੇਗਾ ਕੋਇਲਾਂ ਦੀ ਕੂਹ ਕੂ ਨੂੰ,
ਅੱਜ ਦੀ ਏਸ ਸੰਗੀਤ ਸਭਾ ਵਿਚ ਗੀਤ ਸੁਨਾਉਣੇ ਕਾਵਾਂ।

ਨਿੱਕੀਆਂ ਨਿੱਕੀਆਂ ਘਟਨਾਵਾਂ ਨੇ ਭੰਨਿਆ ਤੁੰਬਿਆ ਏਦਾਂ,
ਮੈਂ ਤਾਂ ਯਾਰੋ ਭੁੱਲ ਗਿਆ ਸਾਂ ਅਪਣਾ ਹੀ ਸਿਰਨਾਵਾਂ।

ਨਾ ਜੀਂਦੇ ਨਾ ਮੋਇਆਂ ਅੰਦਰ ਦੋ-ਚਿੱਤੀ ਨੇ ਘੇਰੇ,
ਕਿੱਥੇ ਤੀਕ ਪੁਚਾ ਛੱਡਿਆ ਏ ਨਿੱਕਿਆਂ ਨਿੱਕਿਆਂ ਚਾਵਾਂ।

1

o

## ਅੱਧੀ ਰਾਤੀਂ ਗੋਲੀ ਚੱਲੀ

ਅੱਧੀ ਰਾਤੀਂ ਗੋਲੀ ਚੱਲੀ ਵਰਤ ਗਈ ਚੁੱਪ-ਚਾਨ।
ਖ਼ਾਲੀ ਸੜਕਾਂ ਛਾਤੀ ਪਿੱਟਣ ਹੌਕੇ ਭਰਨ ਮਕਾਨ।

ਸਾਰੇ ਘਰ ਨੇਰ੍ਹੇ ਵਿਚ ਡੁੱਬੇ ਜਗਦਾ ਨਾ ਕੋਈ ਦੀਵਾ,
ਕੀਕਣ 'ਕੱਲ੍ਹਾ ਬਾਹਰ ਜਾਵਾਂ ਲੈ ਕੇ ਆਪਣੀ ਜਾਨ।

ਧਰਤੀ ਤੇ ਕੁਰਲਾਹਟ ਪਈ ਹੈ ਕੌਣ ਸੁਣੇ ਅਰਜ਼ੋਈ,
ਸਾਡੀਆਂ ਕਣਕਾਂ ਦਾ ਰਖ਼ਵਾਲਾ ਹੈ ਸਰਕਾਰੀ ਸਾਨ੍ਹ।

ਘੋੜ-ਸਵਾਰ ਬੰਦੂਕਾਂ ਵਾਲੇ ਮੱਲ ਖਲੋਤੇ ਬੂਹੇ,
ਅੰਦਰ ਬਾਹਰ ਲੈਣ ਤਲਾਸ਼ੀ ਅਣਸੱਦੇ ਮਹਿਮਾਨ।

ਉੱਚੀ ਕੰਧ ਨਾਲ ਟਕਰਾ ਕੇ ਸਾਡੀਆਂ ਕੂਕਾਂ ਮੁੜੀਆਂ,
ਕਿਲ੍ਹੇ ਦੇ ਅੰਦਰ ਗੂੰਜ ਰਿਹਾ ਸੀ ਅਪਣਾ ਕੌਮੀ-ਗਾਨ।

ਡੁੱਲ੍ਹੇ ਖ਼ੂਨ ਦਾ ਲੇਖਾ-ਜੋਖਾ ਕੌਣ ਕਰੇਗਾ ਯਾਰੋ,
ਕਲਮਾਂ ਦੇ ਵੱਲ ਘੂਰ ਰਿਹਾ ਏ ਚੁੱਪ ਕੀਤਾ ਆਸਮਾਨ।

1

## ਕਿਹੋ ਜਿਹਾ ਸ਼ਹਿਰ

ਕਿਹੋ ਜਿਹਾ ਸ਼ਹਿਰ ਜਿੱਥੇ ਧੁੱਪ ਹੈ ਨਾ ਛਾਂ ਹੈ।
ਚੱਤੇ ਪਹਿਰ ਮੌਸਮਾਂ ਦਾ ਇੱਕੋ ਜਿਹਾ ਨਾਂ ਹੈ।

ਨਵੀਂ ਤਹਿਜ਼ੀਬ ਜਿਸ ਜਿਸ ਨੂੰ ਮਧੋਲਿਆ,
ਉਨ੍ਹਾਂ ਅੰਗ-ਮਾਰਿਆਂ 'ਚ ਮੇਰਾ ਵੀ ਗਿਰਾਂ ਹੈ।

ਗਲੀਆਂ ਮੁਹੱਲਿਆਂ ਨੂੰ ਸੱਪ ਕੇਹਾ ਸੁੰਘਿਆ,
ਰੌਣਕਾਂ ਗੁਆਚ ਗਈਆਂ ਫ਼ੈਲੀ ਚੁੱਪ-ਚਾਂ ਹੈ।

ਜ਼ਿੰਦਗੀ ਖ਼ਾਮੋਸ਼ ਹੈ ਉਦਾਸ ਗੀਤ ਵਾਂਗਰਾਂ,
ਸੁਰਾਂ ਨਾਲ ਜ਼ੋਰ ਅਜ਼ਮਾਈ ਕਰੇ ਕਾਂ ਹੈ।

ਭੁੱਖ ਦੀ ਸਤਾਈ ਪਈ ਗੰਦਗੀ ਫ਼ਰੋਲਦੀ,
ਜਿਹਨੂੰ ਅਸੀਂ ਆਖਦੇ ਹਾਂ ਗਾਂ ਸਾਡੀ ਮਾਂ ਹੈ।

1

## ਕਤਰਿਆ ਉਸ ਇਸ ਤਰ੍ਹਾਂ

ਕਤਰਿਆ ਉਸ ਇਸ ਤਰ੍ਹਾਂ ਸਾਡੇ ਪਰਾਂ ਨੂੰ।
ਮੁੜਨ ਜੋਗੇ ਨਾ ਰਹੇ ਆਪਣੇ ਘਰਾਂ ਨੂੰ।

ਤਾਣ ਚਾਦਰ ਸੌਂ ਗਿਆ ਏ ਸ਼ਹਿਰ ਸਾਰਾ,
ਸਾਂਭ ਕੇ ਸੰਕੋਚ ਕੇ ਮਨ ਦੇ ਡਰਾਂ ਨੂੰ।

ਕਹਿਰ ਦਾ ਅਹਿਸਾਸ ਪਹਿਲੀ ਵਾਰ ਹੋਇਆ,
ਪਾਲ਼ ਵਿਚ ਗੁੰਮ ਸੁੰਮ ਖੜ੍ਹੇ ਪੱਕੇ ਘਰਾਂ ਨੂੰ।

ਪਿੰਡ ਜਾਗਣਗੇ ਸੰਭਾਲਣਗੇ ਉਹ ਮਿੱਟੀ,
ਮੁੜ ਉਸਾਰਨਗੇ ਉਹੀ ਢੱਠੇ ਘਰਾਂ ਨੂੰ।

ਕੌਣ ਕਿੱਥੇ ਹੈ ਖਲੋਤਾ ਨਾਲ ਕਿਸਦੇ,
ਫ਼ੈਸਲਾ ਸਮਿਆਂ ਨੇ ਕਰਨਾ ਆਖ਼ਰਾਂ ਨੂੰ।

1

੦

## ਲਟ ਲਟ ਬਲ਼ਦੇ

ਲਟ ਲਟ ਬਲ਼ਦੇ ਮੁਲਕ 'ਚ ਨੱਚਦਾ ਇਹ ਕਿੱਸਰਾਂ ਦਾ ਮੋਰ।
ਹੱਡੀਆਂ ਦੀ ਮੁੱਠ ਜਿਸਮ ਹੋ ਗਿਆ, ਫਿਰ ਵੀ ਬਾਂਕੀ ਤੋਰ।

ਸਾਉਣ-ਛਰਾਟੇ ਵਰ੍ਹਨ ਦੇ ਪਿੱਛੋਂ ਵਗ ਪਈ ਤੇਜ਼ ਹਨ੍ਹੇਰੀ,
ਫ਼ਸਲਾਂ ਦਾ ਲੱਕ ਟੁੱਟਿਆ ਫਿਰ ਵੀ ਸਿਰ ਤੇ ਘਟ ਘਨਘੋਰ।

ਕੁਝ ਮੌਸਮ ਦੀ ਭੇਟ ਚੜ੍ਹ ਗਿਆ ਬਾਕੀ ਜੋ ਵੀ ਬਚਿਆ,
ਦਾਣਾ ਫੱਕਾ ਹੂੰਝ ਕੇ ਲੈ ਗਏ ਰਲ ਮੰਡੀਆਂ ਦੇ ਚੋਰ।

ਇਕ ਇਕੱਲੇ ਕਿਰਤੀ ਪੁੱਤ ਨੂੰ ਚੂੰਡਣ ਵਾਲੇ ਕਿੰਨੇ,
ਥਾਂ ਥਾਂ ਦਫ਼ਤਰ, ਚੁੰਗੀਆਂ, ਠਾਣੇ, ਹਾਕਮ, ਵੱਢੀ-ਖ਼ੋਰ।

ਦੋ ਡੰਗ ਵੀ ਨਹੀਂ ਮਿਲਦੀ ਜਿਸਨੂੰ ਢਿੱਡ ਭਰ ਰੱਜਵੀਂ ਰੋਟੀ,
ਉਹਦੀ ਅੱਖ ਵਿੱਚ ਕਿੱਥੋਂ ਆਵੇ ਜੀਵਨ ਦਾਤਾ ਲੋਰ।

ਅੰਬਰ ਦੇ ਵਿਚ ਤਰਦੀ ਹੋਈ ਕਦੇ ਵੀ ਡੁੱਬ ਸਕਦੀ ਹੈ,
ਅਪਣੀ ਗੁੱਡੀ ਦੀ ਨਾ ਜਦ ਤਕ ਆਪ ਸੰਭਾਲੂ ਡੋਰ।

1

੦

## ਅੱਖਾਂ ਵਿਚ ਉਨੀਂਦਾ

ਅੱਖਾਂ ਵਿਚ ਉਨੀਂਦਾ ਰੜਕੇ ਉਮਰਾਂ ਦੇ ਬਨਵਾਸ ਦਾ।
ਫੋੜਾ ਰਿਸਦਾ ਅੰਦਰ ਵੱਲ ਨੂੰ ਬੀਤ ਗਏ ਇਤਿਹਾਸ ਦਾ।

ਝੱਖੜ-ਝਾਂਜਾ ਤੇਜ਼ ਹਨ੍ਹੇਰੀ ਅੱਗ ਬਲੇ ਪਈ ਜੰਗਲ ਵਿਚ,
ਫਿਰ ਵੀ ਬੂਟਾ ਪਾਲ ਰਿਹਾ ਹਾਂ ਰੰਗ-ਬਰੰਗੀ ਆਸ ਦਾ।

ਅੱਜ ਮੇਰੇ ਨਕਸ਼ਾਂ ਤੇ ਲੀਕਾਂ ਪਾਉਣ ਵਾਲਿਉ ਸੋਚ ਲਵੋ,
ਸਮਾਂ ਆਉਣ ਤੇ ਕੌਣ ਚੁਕਾਊ ਲੇਖਾ ਰੂਹ 'ਤੇ ਲਾਸ ਦਾ।

ਜਿਹੜੇ ਫੁੱਲਾਂ ਤੇ ਰੰਗਾਂ ਦੇ ਸਿਰ ਤੇ ਧਰਤੀ ਮਾਣ ਕਰੇ,
ਉਨ੍ਹਾਂ ਨੂੰ ਅਗਨੀ ਵਿਚ ਸਾੜੇ ਬੰਦਾ ਇਹ ਹੱਡ-ਮਾਸ ਦਾ।

ਅਪਣੇ ਪਿੰਡੇ ਸੂਈ ਦੀ ਵੀ ਚੋਭ ਨਹੀਂ ਜਰ ਸਕਦੇ ਜੋ,
ਚੇਤਾ ਅੱਜ ਕਰਾਵੇ ਓਹੀ ਜ਼ਖ਼ਮਾਂ ਦੇ ਅਹਿਸਾਸ ਦਾ।

ਜਿਸ ਨੇ ਮੇਰੇ ਵੱਸਦੇ ਪਿੰਡ ਨੂੰ ਮਿੱਟੀ ਵਿਚ ਮਿਲਾਇਆ ਹੈ,
ਉਹ ਹੀ ਅੱਜ ਬਿਠਾ ਕੇ ਮੈਨੂੰ ਸਬਕ ਦਏ ਧਰਵਾਸ ਦਾ।

1

## ਇਸ ਦੋਸਤੀ ਦੀ ਮਹਿਕ

ਇਸ ਦੋਸਤੀ ਦੀ ਮਹਿਕ ਤਾਂ ਸਾਹਾਂ 'ਚ ਭਰ ਗਈ।
ਤੇਰਾ ਹੀ ਮਣਕਾ ਫੇਰਦੇ ਉਮਰਾ ਹੈ ਲੰਘ ਰਹੀ।

ਤੇਰੀ ਉਡੀਕ ਕਰਦਿਆਂ ਖ਼ੁਰਿਆ ਮੇਰਾ ਵਜੂਦ,
ਆ ਕੇ ਕਦੇ ਤਾਂ ਪੁੱਛ ਲੈ ਕਿੱਦਾਂ ਗੁਜ਼ਰ ਰਹੀ।

ਜੀਂਦੇ ਹੀ ਰਹਿਣਗੇ ਸਦਾ ਕੁਝ ਪਲ ਉਹ ਮਹਿਕਦੇ,
ਕੀ ਹੋ ਗਿਆ ਜੇ ਦੋਸਤੀ ਰੰਗੋਂ ਬਦਲ ਗਈ।

ਇਹ ਆਮ ਅੱਗ ਤੋਂ ਵਧ ਕੇ ਹੈ ਪਰਚੰਡ ਮੇਰੇ ਯਾਰ,
ਅਗਨੀ ਜੋ ਸਾਡੇ ਜ਼ਿਹਨ ਵਿਚ ਯਾਦਾਂ ਦੀ ਬਲ਼ ਰਹੀ।

ਨਾਤੇ ਦੀ ਭੁੱਖ ਸਹਾਰਨੀ ਔਖੀ ਹੈ ਦੋਸਤਾ,
ਕਿੱਦਾਂ ਕਹਾਂ ਮੈਂ ਯਾਰ ਦੀ ਯਾਰੀ ਬਦਲ ਗਈ।

1

## ਜਿੰਨ੍ਹਾਂ ਜ਼ਿੰਦਗੀ ਗੁਜ਼ਾਰੀ

ਜਿੰਨ੍ਹਾਂ ਜ਼ਿੰਦਗੀ ਗੁਜ਼ਾਰੀ ਵਾਵਰੋਲ਼ਿਆਂ ਦੇ ਵਾਂਗ।
ਉਨ੍ਹਾਂ ਫਿਰਨਾ ਏਂ ਸਦਾ ਕੱਖੋਂ ਹੌਲ਼ਿਆਂ ਦੇ ਵਾਂਗ।

ਜਦੋਂ ਸਹਿਕਦੇ ਸੀ ਚੁੱਪ ਦੀ ਆਵਾਜ਼ ਤਾਈਂ ਕੰਨ,
ਅਸੀਂ ਜ਼ਿੰਦਗੀ ਗੁਜ਼ਾਰੀ ਸਾਰੀ ਰੌਲ਼ਿਆਂ ਦੇ ਵਾਂਗ।

ਜਿਹੜੇ ਤਾਂਘਦੇ ਸੀ ਲੋਕ ਸਾਡੇ ਪਿੱਛੇ ਪਿੱਛੇ ਆਉਣ,
ਉਨ੍ਹਾਂ ਕੀਤਾ ਸਾਨੂੰ ਸਦਾ ਅਣਗੌਲ਼ਿਆਂ ਦੇ ਵਾਂਗ।

ਉਨ੍ਹਾਂ ਨਾਲ ਕੌਣ ਤੁਰੇ ਜਿਹੜੇ ਰਾਹਾਂ ਵਿਚੋਂ ਮੁੜੇ,
ਉਨ੍ਹਾਂ ਕੁਝ ਨਾ ਪਛਾਤਾ ਅੰਨ੍ਹੇ ਬੋਲ਼ਿਆਂ ਦੇ ਵਾਂਗ।

ਜਿੰਨ੍ਹਾਂ ਰੁੱਖਾਂ ਕੋਲ ਫ਼ਲ ਫੁੱਲ ਹਰੇ ਪੱਤ ਸਨ,
ਐਸਾ ਸੇਕਿਆ ਹਵਾ ਨੇ ਹੋਏ ਕੋਲ਼ਿਆਂ ਦੇ ਵਾਂਗ।

1

੦

## ਮੀਲਾਂ ਦੇ ਵਿਚ ਫ਼ੈਲ

ਮੀਲਾਂ ਦੇ ਵਿਚ ਫ਼ੈਲ ਗਈ ਹੈ ਕਾਲੇ ਰੁੱਖ ਦੀ ਛਾਂ।
ਸਾਰੇ ਚਿਹਰੇ ਭੁੱਲ ਗਏ ਨੇ ਆਪੋ ਆਪਣੇ ਨਾਂ।

ਮਾਨ-ਸਰੋਵਰ ਖ਼ਾਲਮ-ਖ਼ਾਲੀ ਲਾ ਗਏ ਹੰਸ ਉਡਾਰੀ,
ਉਨ੍ਹਾਂ ਥਾਵੇਂ ਮੋਤੀ ਚੁਗਦੇ ਕਾਲੇ ਚਿੱਟੇ ਕਾਂ।

ਅੰਨ੍ਹੀ-ਬੋਲ਼ੀ ਰਾਤ 'ਚ ਜਗਦਾ ਦੂਰ-ਦੁਰਾਡੇ ਦੀਵਾ,
ਇਹਨੂੰ ਆਪਣੇ ਘਰ ਲੈ ਆਵਾਂ ਚਿਰ ਦਾ ਸੋਚ ਰਿਹਾਂ।

ਇਹ ਜਰਨੈਲੀ ਸੜਕ ਸਲੇਟੀ ਕਬਰਾਂ ਦੇ ਵੱਲ ਜਾਂਦੀ,
ਸਿੱਧੇ ਰਾਹਾਂ ਨੂੰ ਲੱਭਦਾ ਮੈਂ ਕਿੱਥੇ ਪਹੁੰਚ ਗਿਆਂ।

ਆਦਮ-ਬੋ ਆਦਮ-ਬੋ ਕਰਦੇ ਫਿਰਨ ਸ਼ਿਕਾਰੀ ਏਥੇ,
ਖੇਤਾਂ ਤੇ ਮਲ੍ਹਿਆਂ ਦੀ ਥਾਵੇਂ ਫ਼ੈਲਣ ਸ਼ਹਿਰ ਗਿਰਾਂ।

ਫਿਰ ਕੀ ਹੋਇਆ ਜੇਕਰ ਮੇਰੀ ਰੇਤ ਉਡਾਈ ਪੌਣਾਂ,
ਕੁਝ ਚਿਰ ਪਹਿਲਾਂ ਮੈਂ ਵੀ ਤਾਂ ਭਰ ਵਗਦਾ ਦਰਿਆ ਸਾਂ।

1

੦

## ਕਰਕੇ ਜਿੰਨ੍ਹਾਂ ਨੂੰ ਯਾਦ

ਕਰਕੇ ਜਿੰਨ੍ਹਾਂ ਨੂੰ ਯਾਦ ਮੈਂ ਰਾਤੀਂ ਸੀ ਰੋ ਪਿਆ।
ਉਨ੍ਹਾਂ ਸਵੇਰੇ ਉਠਦਿਆਂ ਬੂਹਾ ਹੀ ਢੋ ਲਿਆ।

ਇਹ ਉਮਰ ਜਿੰਨ੍ਹਾਂ ਵਾਸਤੇ ਰੱਖਣੀ ਸੀ ਰਾਖਵੀਂ,
ਉਨ੍ਹਾਂ ਨੇ ਸਾਡਾ ਰਾਤ ਦਿਨ ਹੁਣ ਤੋਂ ਹੀ ਖੋਹ ਲਿਆ।

ਦੁਸ਼ਮਣ ਤਾਂ ਦੁਸ਼ਮਣ ਹੈਣ ਹੀ ਯਾਰਾਂ ਨੂੰ ਕੀ ਕਹਾਂ,
ਸਾਰੇ ਦੇ ਸਾਰੇ ਸਾਜ਼ਿਸੀ ਸਭ ਨੂੰ ਹੈ ਟੋਹ ਲਿਆ।

ਜਿਸਨੂੰ ਮੈਂ ਲੱਭ ਰਿਹਾ ਸਾਂ ਢੱਕ ਕੇ ਜਿਸਮ ਆਪਣਾ,
ਰੌਲੇ 'ਚ ਕਿਸਨੇ ਮੈਥੋਂ ਮੇਰਾ ਚਿਹਰਾ ਖੋਹ ਲਿਆ।

ਵਗਦੀ ਹਵਾ ਦੇ ਕੰਨ ਵਿਚ ਖ਼ਵਰੇ ਤੂੰ ਕੀ ਕਿਹਾ,
ਉਹ ਲਿਪਟ ਗਈ ਮੈਨੂੰ ਜਦੋਂ ਮੈਂ ਤੇਰਾ ਨਾਂ ਲਿਆ।

ਕਾਹਦੇ ਗਿਲੇ, ਸ਼ਿਕਵੇ, ਸ਼ਿਕਾਇਤਾਂ ਨਾ ਮਿਲੇ ਤਾਂ ਕੀ,
ਏਨਾ ਬਹੁਤ ਹੈ ਦਰਦ ਦਾ ਮੈਂ ਗੀਤ ਛੋਹ ਲਿਆ।

1

O

## ਬੇ-ਮੌਸਮ ਬਰਸਾਤ ਮਧੋਲ਼ੀ

ਬੇ-ਮੌਸਮ ਬਰਸਾਤ ਮਧੋਲ਼ੀ ਫ਼ਸਲਾਂ ਦੀ ਖ਼ੁਸ਼ਬੋ।
ਸੜਕਾਂ ਉਤੇ ਚਹਿਲ-ਪਹਿਲ ਹੈ ਦਰਦ ਨਾ ਜਾਣੇ ਕੋ।

ਦਰਿਆ ਦੇ ਵਿਚ ਪਾਣੀ ਚੜ੍ਹਿਆ ਪਾਰ ਕਿਸ ਤਰ੍ਹਾਂ ਜਾਵਾਂ,
ਕਾਫ਼ੀ ਚਿਰ ਦਾ ਸੋਚ ਰਿਹਾ ਹਾਂ ਉਰਲੇ ਆਰ ਖਲੋ।

ਅੱਖਾਂ ਵਿਚ ਪਥਰਾਏ ਹੰਝੂ ਮੌਸਮ ਦੀ ਹੈ ਕਿਰਪਾ,
ਨਾ ਜੀਂਦੇ ਨਾ ਮੋਇਆਂ ਅੰਦਰ ਨਾ ਸਕਦੇ ਹਾਂ ਰੋ।

ਮਿੱਟੀ ਵਿਚ ਗੁਆਚੇ ਸੁਪਨੇ ਖੰਭ ਖੁਹਾ ਲਏ ਰੀਝਾਂ,
ਕਿਹੜਾ ਵੈਦ ਪਛਾਣੇ ਮਰਜ਼ਾਂ ਮਿਲਦੀ ਨਾ ਕਣਸੋਅ।

ਕਾਲ-ਕਲੂਟੀ ਰਾਤ ਹੈ ਸਿਰ ਤੇ ਟੋਏ-ਟਿੱਬੇ ਰਾਹ,
ਸਫ਼ਰ ਕਰਦਿਆਂ ਨਾਲ ਜਗਾਉ ਅਪਣੀ ਅਪਣੀ ਲੋਅ।

ਤੜਕਸਾਰ ਇਕ ਅਣਦਿਸ ਚਿਹਰਾ ਕੰਨਾਂ ਵਿਚ ਕਹਿ ਜਾਵੇ,
ਖੋਲ੍ਹ ਦਿਉ ਹੁਣ ਉਮਰਾਂ ਤੋਂ ਨੇ ਬੰਦ ਪਏ ਦਰ ਜੋ।

1

O

## ਗੁਆਚੇ ਯਾਰ ਸਾਰੇ ਸ਼ਹਿਰ

ਗੁਆਚੇ ਯਾਰ ਸਾਰੇ ਸ਼ਹਿਰ ਵਿਚ ਕਿਸ ਨੂੰ ਬੁਲਾਵਾਂਗਾ।
ਮੈਂ ਕਿਸਦੇ ਕੋਲ ਜਾ ਕੇ ਆਪਣੀ ਵਿਥਿਆ ਸੁਣਾਵਾਂਗਾ।

ਜੇ ਰਾਤਾਂ ਕਾਲੀਆਂ ਤੇ ਲੰਮੀਆਂ ਏਦਾਂ ਹੀ ਰਹੀਆਂ ਤਾਂ,
ਮੈਂ ਕੀਕਣ ਚਾਨਣੀ ਵਿਚ ਫ਼ਲਣ ਵਾਲਾ ਬਿਰਖ਼ ਲਾਵਾਂਗਾ।

ਮੈਂ ਬਚਪਨ ਵਿਚ ਕਦੀ ਜਦ ਬੰਟਿਆਂ 'ਤੇ ਚੋਟ ਲਾਉਂਦਾ ਸਾਂ,
ਨਹੀਂ ਸਾਂ ਜਾਣਦਾ ਏਦਾਂ ਹੀ ਮੈਂ ਵੀ ਤਿੜਕ ਜਾਵਾਂਗਾ।

ਮੈਂ ਸਾਰੀ ਰਾਤ ਅੱਥਰੇ ਸੁਪਨਿਆਂ ਨੂੰ ਟਾਲਦਾ ਰਹਿਨਾਂ,
ਪਤਾ ਹੈ ਸਾਂਭ ਕੇ ਇਨ੍ਹਾਂ ਨੂੰ ਮੈਂ ਤਾਂ ਬਿਖ਼ਰ ਜਾਵਾਂਗਾ।

ਤੁਸਾਂ ਐਵੇਂ ਹੀ ਤਾੜੀ ਮਾਰ ਕੇ ਨਾ ਗੱਲ ਗੁਆ ਦੇਣੀ,
ਜਦੋਂ ਮੈਂ ਆਪਣੇ ਮੱਥੇ 'ਚ ਖੁੱਭੇ ਕਿੱਲ ਗਿਣਾਵਾਂਗਾ।

ਗੁਆਚੇ ਚਿਹਰਿਓ, ਆਓ ਤੁਹਾਨੂੰ ਘਰ ਨੂੰ ਲੈ ਚੱਲਾਂ,
ਨਹੀਂ ਤਾਂ ਆਪ ਵੀ ਮੈਂ ਰੌਲ਼ਿਆਂ ਵਿਚ ਗਰਕ ਜਾਵਾਂਗਾ।

1

੦

## ਪੈੜਾਂ ਤੇ ਕੁਝ ਰਿਸ਼ਤੇ

ਪੈੜਾਂ ਤੇ ਕੁਝ ਰਿਸ਼ਤੇ ਨਵੇਂ ਨਵੇਲੇ।
ਇਕਲਾਪੇ ਵਿਚ ਇਹੀਓ ਸਾਥ ਸੁਹੇਲੇ।

ਭਟਕ ਚੁਕੇ ਹਾਂ ਅਸੀਂ ਬੜਾ ਹੀ ਪਹਿਲਾਂ,
ਖਾਣ ਨੂੰ ਆਉਂਦੇ ਹੁਣ ਤਾਂ ਜੂਹਾਂ ਬੇਲੇ।

ਮੋਇਆਂ ਦਾ ਗ਼ਮ ਸਿੱਲ੍ਹਾ ਸਿਰ ਤੇ ਚੁੱਕ ਕੇ,
ਜਾਗਦਿਆਂ ਦੇ ਸੁਪਨੇ ਗਏ ਤਰੇਲ਼ੇ।

ਕਿਉਂ ਤੇਰੇ ਹੋਠਾਂ 'ਤੇ ਚੁੱਪ ਦਾ ਪਹਿਰਾ,
ਨਾਗ ਤਾਂ ਜ਼ਹਿਰੀ ਮੁਸਕਣੀਆਂ ਸੰਗ ਖੇਲ੍ਹੇ।

ਨਾ ਰੋ ਐਵੇਂ ਬੀਤ ਗਿਆ ਕਰ ਚੇਤੇ,
ਨਾ ਹੁਣ ਐਵੇਂ ਟੱਕਰਾਂ ਮਾਰ ਕੁਵੇਲ਼ੇ।

1

੦

## ਆਵਾਜ਼ ਮੇਰੀ ਪਰਤ ਕੇ ਆਈ

ਆਵਾਜ਼ ਮੇਰੀ ਪਰਤ ਕੇ ਆਈ ਨਾ ਮੇਰੇ ਕੋਲ।
ਕਾਹਨੂੰ ਤੂੰ ਐਵੇਂ ਵੇਖਨੈਂ ਭੁੱਬਲ ਨੂੰ ਫ਼ੋਲ ਫ਼ੋਲ।

ਜਸ਼ਨਾਂ 'ਚ ਰੁੱਝੇ ਲੋਕ ਨੇ ਤੇ ਬਲ਼ ਰਿਹਾ ਹਾਂ ਮੈਂ,
ਵੱਜਦੇ ਨਗਾਰੇ ਤੂਤੀਆਂ ਪਏ ਖੜਕਦੇ ਨੇ ਢੋਲ।

ਪੈਂਡੇ ਦੋਹਾਂ ਦੇ ਘਟਣ ਦੀ ਥਾਂ ਵਧ ਰਹੇ ਨੇ ਹੋਰ,
ਜਿੰਨਾ ਵੀ ਆਪਾਂ ਆ ਰਹੇ ਇਕ ਦੂਸਰੇ ਦੇ ਕੋਲ।

ਤੇਰੀ ਇਹ ਬਲ਼ਦੀ ਮੁਸਕਣੀ ਮੇਰੇ ਸਿਵੇ ਦੀ ਲਾਟ,
ਕੰਬਦੀ ਆਵਾਜ਼ ਵਾਂਗਰਾਂ ਕਿੱਦਾਂ ਰਹੀ ਹੈ ਡੋਲ।

ਕਿੰਨਾ ਅਜੀਬ ਹਾਦਿਸਾ ਕਿ ਮਰ ਗਿਆ ਹਾਂ ਮੈਂ,
ਦੁਸ਼ਮਣ ਤਾਂ ਖ਼ਾਲੀ ਹੱਥ ਸੀ ਹਥਿਆਰ ਮੇਰੇ ਕੋਲ।

1

੦

## ਯਾਦਾਂ ਦੇ ਹਵਾਲੇ

ਯਾਦਾਂ ਦੇ ਹਵਾਲੇ ਜਿੰਦ ਕੀਤਿਆਂ ਨ ਸਰੇ।
ਕੌਣ ਜਾਂ ਬੇਗਾਨੇ ਗ਼ਮ-ਸਾਗਰਾਂ 'ਚ ਤਰੇ।

ਕਾਹਦਾ ਪਛਤਾਵਾ ਜੜ੍ਹੋਂ ਆਪ ਹੀ ਤਾਂ ਪੁੱਟੇ,
ਭਰਮਾਂ ਦੇ ਰੁੱਖ ਕਦੇ ਹੋਣੇ ਨਹੀਂ ਸੀ ਹਰੇ।

ਰੋਕ ਲੈ ਤੂੰ ਅੱਖਾਂ ਤੋਂ ਤੂੰ ਨਦੀਆਂ ਪਿਛਾਂਹ,
ਰੋੜ੍ਹ ਹੀ ਨਾ ਦੇਣ ਮੈਨੂੰ ਹਠ ਤੋਂ ਇਹ ਪਰੇ।

ਠੀਕ ਸੀ ਜੇ ਤੋੜ ਤੀਕ ਨਿਭ ਜਾਂਦੇ ਦੋਵੇਂ,
ਠੀਕ ਹੈ ਜੇ ਦੋਵੇਂ ਹੀ ਨਾ ਜਿੱਤੇ ਨਾ ਹੀ ਹਰੇ।

ਖ਼ੋਟ ਦੇ ਜ਼ਮਾਨੇ ਵਿਚ ਹੋਣੀ ਸੀ ਅਖ਼ੀਰ,
ਫਿਰਦੇ ਗੁਆਚੇ ਦੋਵੇਂ ਸਿੱਕੇ ਆਪਾਂ ਖ਼ਰੇ।

ਹਵਾ ਹੱਥ ਭੇਜੀਂ ਨਾ ਤੂੰ ਚੇਤਿਆਂ ਦੀ ਡਾਕ,
ਵਾਪਸੀ ਬੇਰੰਗ ਚਿੱਠੀ ਮੁੜੂ ਤੇਰੇ ਘਰੇ।

l

੦

## ਜੂਨ ਜੁਲਾਈ

ਜੂਨ ਜੁਲਾਈ ਸਿਰ ਤੇ ਬਲ਼ਦੀ।
ਰਾਹੀਆਂ ਦੀ ਕੋਈ ਪੇਸ਼ ਨਾ ਚਲਦੀ।

ਚੀਲਾਂ ਗਿਰਝਾਂ ਕੁੱਤਿਆਂ ਦੇ ਵੱਸ,
ਜ਼ਿੰਦਗੀ ਹੈ ਅੱਜ ਤਲੀਆਂ ਮਲ਼ਦੀ।

ਆਦਮ-ਖ਼ੋਰ ਆਵਾਜ਼ਾਂ ਦੇ ਵਿਚ,
ਮੇਰੀ ਤਾਂ ਬਈ ਸੁਰ ਨਾ ਰਲ਼ਦੀ।

ਏਨੀ ਧੁੱਪ ਤੋਂ ਸਹਿਮ ਗਏ ਹੋ,
ਚੇਤੇ ਹੈ ਅੱਗ ਮਾਰੂਥਲ ਦੀ।

ਇਸ ਮੌਸਮ ਵਿਚ ਚੁੱਪ ਨਾ ਬੈਠੋ,
ਏਦਾਂ ਨਹੀਂ ਮੁਸੀਬਤ ਟਲ਼ਦੀ।

ਘੇਰ ਲਉ ਵਰਮੀ ਨੂੰ ਜਾ ਕੇ,
ਨਾਗਣ ਤਾਂ ਨਿੱਤ ਜਾਵੇ ਫ਼ਲਦੀ।

ਸੱਜੇ ਖੱਬੇ ਸਿਰ ’ਤੇ ਅਗਨੀ,
ਆਸ-ਕਰੂੰਬਲ ਫਿਰ ਵੀ ਪਲ਼ਦੀ।

l

o

## ਰੁਕ ਰੁਕ ਤੇਜ਼ ਹਵਾ

ਰੁਕ ਰੁਕ ਤੇਜ਼ ਹਵਾ ਨਾ ਚੱਲ।
ਕਾਫ਼ਲਿਆਂ ਦਾ ਰਾਹ ਨਾ ਮੱਲ।

ਜ਼ਖ਼ਮਾਂ ਖ਼ਾਤਰ ਮਰਹਮ ਬਣ ਜਾ,
ਹੋਰ ਵਧਾ ਨਾ ਦਿਲ ਦੇ ਸੱਲ।

ਅੱਜ ਦੀ ਏਸ ਭਿਆਨਕ ਰਾਤੇ,
ਚੰਗਾ ਲੱਗਦੈ ਬੀਤਿਆ ਕੱਲ੍ਹ।

ਹਰ ਮੀਟੀ ਮੈਂ ਹਾਰ ਗਿਆ ਹਾਂ,
ਜਿੱਤ ਦਾ ਕੋਈ ਸੁਨੇਹਾ ਘੱਲ।

ਤੁਰਦਾ ਤੁਰਦਾ ਏਸ ਪੜਾਅ ਤੇ,
ਪਹੁੰਚ ਗਿਆ ਏ ਦਿਲ ਦਾ ਝੱਲ।

ਸੱਚੋ ਸੱਚ ਇਹ ਦੱਸ ਦੇ ਤੂੰ ਹੈਂ,
ਦੁਸ਼ਮਣ ਵੱਲ ਜਾਂ ਮੇਰੇ ਵੱਲ।

ਮਸਾਂ ਮਸਾਂ ਅੱਜ ਲਾਟ ਬਣੀ ਹੈ,
ਧੁਖ਼ਦੀ ਧੁਖ਼ਦੀ ਦਿਲ ਦੀ ਗੱਲ।

ਤੂੰ ਤੇ ਮੈਂ ਜੇ ਰਲ਼ ਮਿਲ਼ ਜਾਈਏ,
ਬੀਤਿਆ, ਅੱਜ ਤੇ ਸਾਡਾ ਕੱਲ੍ਹ।

1

o

## ਹਰ ਸੀਸ ਤੇਗ ਹੇਠਾਂ

ਹਰ ਸੀਸ ਤੇਗ ਹੇਠਾਂ ਹਰ ਜਿਸਮ ਆਰਿਆਂ 'ਤੇ।
ਇਹ ਕਿਸ ਤਰ੍ਹਾਂ ਦਾ ਮੌਸਮ ਆਇਆ ਹੈ ਸਾਰਿਆਂ 'ਤੇ।

ਪੈਰਾਂ 'ਚ ਝਾਂਜਰਾਂ ਨੇ ਬੇਚੈਨ ਆਂਦਰਾਂ ਨੇ,
ਨੱਚਦੇ ਹਾਂ ਨਾਚ ਕਿਹੜਾ ਕਿਸਦੇ ਇਸ਼ਾਰਿਆਂ 'ਤੇ।

ਵਰ੍ਹਿਆਂ ਤੋਂ ਸਾਂਭਿਆ ਹੈ ਜਿਸ ਚਾਨਣੀ ਦਾ ਸੁਪਨਾ,
ਕਿੰਨੀ ਕੁ ਦੇਰ ਹਾਲੇ ਪਰਚਾਂਗੇ ਲਾਰਿਆਂ 'ਤੇ।

ਹਰ ਬੋਲ ਉੱਤੇ ਪਹਿਰਾ ਵੀਰਾਨ ਜਿੰਦੂ ਸਹਿਰਾ,
ਹੈ ਸਾਜ਼ਿਸ਼ੀ ਕਰੋਪੀ ਛੰਨਾਂ ਤੇ ਢਾਰਿਆਂ 'ਤੇ।

ਮਿਲ ਕੇ ਹੀ ਜਰ ਸਕਾਂਗੇ ਉਹ ਹਾਦਿਸੇ ਨੂੰ ਆਪਾਂ,
ਡਿੱਗੀ ਜੇ ਬਿੱਜ ਕੋਈ ਬਰਫ਼ਾਂ ਦੇ ਠਾਰਿਆਂ 'ਤੇ।

ਕਿੱਧਰ ਨੂੰ ਕੋਈ ਜਾਵੇ ਕਿੱਧਰ ਤੋਂ ਕੋਈ ਆਵੇ,
ਹਰ ਸੜਕ ਚੌਂਕ ਗਲੀਆਂ ਪਹਿਰੇ ਨੇ ਸਾਰਿਆਂ 'ਤੇ।

ਇਹ ਰਾਤ ਦੀ ਸਿਆਹੀ ਹੱਡਾਂ 'ਚ ਬਹਿ ਨ ਜਾਵੇ,
ਗਰਮਾਓ ਸਰਦ ਜੁੱਸੇ ਰੱਖ ਕੇ ਅੰਗਾਰਿਆਂ 'ਤੇ।

ਇਹ ਜ਼ਿੰਦਗੀ ਹੈ ਯਾਰੋ ਕੋਈ ਵਾਰਤਾ ਨਹੀਂ ਹੈ,
ਚੱਲਦੀ ਰਹੂ ਜੋ ਆਪੇ ਢਿੱਲੇ ਹੁੰਗਾਰਿਆਂ 'ਤੇ।

1

੦

## ਬੜਾ ਚਿਰ ਜੀ ਲਿਆ

ਬੜਾ ਚਿਰ ਜੀ ਲਿਆ ਮੈਂ ਪਿੰਡ ਦਿਆਂ ਰੁੱਖਾਂ ਤੋਂ ਡਰ ਡਰ ਕੇ।
ਪਤਾ ਨਹੀਂ ਕਿੰਵ ਹਾਂ ਜ਼ਿੰਦਾ ਅਨੇਕਾਂ ਵਾਰ ਮਰ ਮਰ ਕੇ।

ਕਿਸੇ ਨੂੰ ਕੀ ਪਤਾ ਸੀ ਮਘ ਪਵੇਗੀ ਰਾਖ਼ 'ਚੋਂ ਏਦਾਂ,
ਜੋ ਆਪਾਂ ਠਾਰ ਦਿੱਤੀ ਅੱਗ ਬਰਫ਼ਾਂ ਹੇਠ ਧਰ ਧਰ ਕੇ।

ਇਹ ਦਿਲ, ਦਰਿਆ ਨਹੀਂ ਸੀ, ਨਹਿਰ ਵੀ ਲਹਿਰਾਂ ਵਿਹੂਣੀ ਸੀ,
ਇਹ ਜਾਦੂ ਮੇਲ਼ ਦਾ ਕਿ ਵਗ ਰਿਹਾਂ, ਕੰਢਿਆਂ ਤੋਂ ਭਰ ਭਰ ਕੇ।

ਤੂੰ ਜਿਸ ਦਿਨ ਮੇਰਿਆਂ ਹੋਠਾਂ ਤੋਂ ਮੇਰੀ ਬਾਤ ਖੋਹੀ ਸੀ,
ਮੈਂ ਉਸ ਦਿਨ ਬਹੁਤ ਰੋਇਆ ਆਪਣੇ ਪਰਛਾਵੇਂ ਤੋਂ ਡਰ ਡਰ ਕੇ।

ਮੈਨੂੰ ਲੱਗਦੈ ਬਹੁਤ ਭਟਕਾਂਗਾ ਮੈਂ ਤੈਥੋਂ ਜੁਦਾ ਹੋ ਕੇ,
ਮੈਂ ਦਿਲ ਨੂੰ ਸਾਂਭਦਾ ਹਾਂ ਤੇਰੀਆਂ ਹੀ ਗੱਲਾਂ ਕਰ ਕਰ ਕੇ।

ਇਹ ਮੇਰਾ ਸੀਸ ਐਵੇਂ ਦਰ-ਬ-ਦਰ ਨਹੀਂ ਭਟਕਦਾ ਫਿਰਦਾ,
ਇਹ ਝੁਕਿਆ ਜਦ ਵੀ ਝੁਕਿਆ ਸਿਰਫ਼ ਝੁਕਿਆ ਤੇਰੇ ਦਰ ਕਰਕੇ।

1

੦

## ਦਿਨ ਭਰ ਜਿਹੜੀ ਰਾਤ ਉਡੀਕਾਂ

ਦਿਨ ਭਰ ਜਿਹੜੀ ਰਾਤ ਉਡੀਕਾਂ ਰਾਤ ਪਏ ਘਬਰਾਵਾਂ।
ਸਮਝ ਨਹੀਂ ਆਉਂਦੀ ਅੰਨ੍ਹੇ ਖ਼ੂਹ 'ਚੋਂ ਕਿੱਧਰ ਨੂੰ ਮੈਂ ਜਾਵਾਂ।

ਓਸ ਕੁੜੀ ਨੂੰ ਹੁਣ ਹੱਥਾਂ ਦੀ ਮਹਿੰਦੀ ਤੋਂ ਡਰ ਲੱਗੇ,
ਜੀਹਦਾ ਕੰਤ ਜਹਾਜ਼ੇ ਚੜ੍ਹਿਆ ਲੈ ਕੇ ਚਾਰ ਕੁ ਲਾਵਾਂ।

ਬੰਦਿਆਂ ਦਾ ਇਤਬਾਰ ਭਲਾ ਮੈਂ ਕੀ ਕਰਦਾ ਇਸ ਰੁੱਤੇ,
ਰੁੱਖਾਂ ਨਾਲ ਖਲੋਤਾ ਮੈਂ ਹਾਂ ਜਾਂ ਪੱਤ ਵਿਰਲਾ ਟਾਵਾਂ।

ਕੱਲ੍ਹ ਤਿਰਕਾਲੀਂ ਡੁੱਬਦਾ ਸੂਰਜ ਜਾਪ ਰਿਹਾ ਸੀ ਏਦਾਂ,
ਜੀਕਣ ਸਾਮੀ ਘੇਰੀ ਹੋਵੇ ਸਾਡੇ ਪਿੰਡ ਦੇ ਸ਼ਾਹਵਾਂ।

ਕੱਲ੍ਹ ਦਰਿਆ ਸੀ ਚਾਰ-ਚੁਫ਼ੇਰੇ ਵਿੱਚ ਖਲੋਤਾ ਮੈਂ ਸਾਂ,
ਅੱਜ ਮੈਂ ਉਹਦੀ ਰੇਤ 'ਚ ਪੋਟਾ ਪੋਟਾ ਧਸਦਾ ਜਾਵਾਂ।

ਆਪਣੇ ਸ਼ਹਿਰ ਪਰਾਇਆਂ ਵਾਂਗੂੰ ਰੁੱਖ ਘੂਰਦੇ ਮੈਨੂੰ,
ਸ਼ਹਿਰ ਬੇਗਾਨੇ ਲੋਕੀਂ ਮੈਨੂੰ ਹੱਥੀਂ ਕਰਦੇ ਛਾਵਾਂ।

ਤੇਰੀ ਧੁੱਪ ਮੁਬਾਰਕ ਤੈਨੂੰ, ਛਾਂ ਤੇਰੀ ਵੀ ਤੈਨੂੰ,
ਮੈਨੂੰ ਬਹੁਤ ਗੁਜ਼ਾਰੇ ਜੋਗਾ ਆਪਣਾ ਹੀ ਪਰਛਾਵਾਂ।

1

o

## ਜੇ ਮੂੰਹੋਂ ਬੋਲਦੀ ਸ਼ੀਰੀਂ

ਜੇ ਮੂੰਹੋਂ ਬੋਲਦੀ ਸ਼ੀਰੀਂ ਗ਼ਜ਼ਲ ਦੀ ਬਹਿਰ ਦੇ ਵਾਂਗੂੰ।
ਤਾਂ ਹੋ ਜਾਣਾ ਸੀ ਖ਼ੁਦ ਫ਼ਰਹਾਦ ਨੇ ਵੀ ਨਹਿਰ ਦੇ ਵਾਂਗੂੰ।

ਮੈਂ ਉਸ ਨੂੰ ਲੱਭਦਾ ਲੱਭਦਾ ਆਪ ਕਿਧਰੇ ਗੁੰਮ ਹੋ ਚੱਲਿਆਂ,
ਕਿਤੇ ਤਾਂ ਮਿਲ ਪਵੇ ਮੱਥੇ ਦੀ ਘੂਰੀ ਕਹਿਰ ਦੇ ਵਾਂਗੂੰ।

ਉਦ੍ਹੀ ਇਕ ਯਾਦ ਦਾ ਪੱਲੂ ਹੀ ਬਣਿਆ ਆਸਰਾ ਮੇਰਾ,
ਨਹੀਂ ਤਾਂ ਜ਼ਿੰਦਗੀ ਹੋ ਜਾਣੀ ਸੀ ਇਹ ਜ਼ਹਿਰ ਦੇ ਵਾਂਗੂੰ।

ਜਦੋਂ ਸੀ ਕੋਲ ਮੇਰੇ ਜਾਪਦੀ ਬਲ਼ਦੀ ਹੋਈ ਸ਼ਮ੍ਹਾਂ,
ਜਦੋਂ ਨਿੱਖੜੀ ਤਾਂ ਜਾਪੀ ਉਹ ਸਰਾਪੇ ਸ਼ਹਿਰ ਦੇ ਵਾਂਗੂੰ।

ਕਿਵੇਂ ਉਹਨੂੰ ਕਲਾਵੇ ਵਿਚ ਭਰਨ ਦਾ ਹੌਸਲਾ ਕਰਦਾ,
ਹਵਾ ਦਾ ਜਿਸਮ ਸੀ ਪਾਣੀ ਦੇ ਉਤਲੀ ਲਹਿਰ ਦੇ ਵਾਂਗੂੰ।

ਉਹ ਮੈਨੂੰ ਝੁਲਸ ਕੇ ਕਰ ਗਈ ਹਵਾਲੇ ਸ਼ਾਮ ਗੂੜ੍ਹੀ ਦੇ,
ਮਿਲੀ ਸੀ ਜ਼ਿੰਦਗੀ ਦੇ ਮੋੜ 'ਤੇ ਦੋਪਹਿਰ ਦੇ ਵਾਂਗੂੰ।

ਹੁਲਾਰਾ ਪੀਂਘ ਦਾ ਮੈਂ ਉਸ ਦਾ ਨਾਮ ਰੱਖ ਦਿੱਤਾ ਹੈ,
ਮਿਲੀ ਜੋ ਜ਼ਿੰਦਗੀ ਵਿਚ ਇਕ ਘੜੀ ਸੀ ਕਹਿਰ ਦੇ ਵਾਂਗੂੰ।

1

o

## ਸਾਡੇ ਘਰ ਨੂੰ ਤੀਲੀ ਲਾ ਗਏ

ਸਾਡੇ ਘਰ ਨੂੰ ਤੀਲੀ ਲਾ ਗਏ ਬਹੁ-ਰੰਗੇ ਅਖ਼ਬਾਰ।
ਅੰਨ੍ਹੇ-ਕਾਣੇ ਫਿਰਨ ਘੁਮਾਉਂਦੇ ਦੋਧਾਰੀ ਤਲਵਾਰ।

ਨਾ ਅੰਬਰ 'ਚੋਂ ਬਿਜਲੀ ਡਿੱਗੀ ਨਾ ਕੋਈ ਹੋਰ ਚੁੜੇਲ,
ਬਿਟ ਬਿਟ ਝਾਕੇ ਕੰਧ 'ਤੇ ਬੈਠੀ ਖੰਭ-ਸੜਿਆਂ ਦੀ ਡਾਰ।

ਮਾਂ ਪਿਉ ਜਾਏ ਬਣੇ ਪਰਾਏ ਵੰਡਿਆ ਧਰਤੀ ਅੰਬਰ,
ਵਿਸ਼-ਵਣਜਾਰਿਆਂ ਲੀਕਾਂ ਪਾ ਕੇ ਦਿੱਤਾ ਕਹਿਰ ਗੁਜ਼ਾਰ।

ਅੰਦਰੋਂ ਕੁੰਡੀ ਲਾ ਕੇ ਸੁੱਤੇ ਵੈਦ-ਧਨੰਤਰ ਸਾਰੇ,
ਆਪਣੇ ਆਪ ਤਾਂ ਲਹਿ ਨਾ ਸਕਣਾ ਡਾਢਾ ਤੇਜ਼ ਬੁਖ਼ਾਰ।

ਮੌਸਮ ਸਿਰ ਇਲਜ਼ਾਮ ਲਗਾ ਕੇ ਕੰਢੇ 'ਤੇ ਜਾ ਬੈਠੇ,
ਚਿੱਟੇ ਲੀੜਿਆਂ ਵਾਲੇ ਮੇਰੇ ਵੰਨ ਸੁਵੰਨੇ ਯਾਰ।

ਗਲੀਆਂ ਚੌਂਕ ਚੁਰਸਤੇ ਸੜਕਾਂ ਸੁੰਨ ਮ-ਸੁੰਨੀਆਂ ਹੋਈਆਂ,
ਦਫ਼ਾ-ਚੁਤਾਲੀ ਧੌਣ ਪੰਜਾਲੀ ਜੇ ਰਲ ਬੈਠਣ ਚਾਰ।

ਏਦਾਂ ਗਰਕ ਗਰਕ ਕੇ ਯਾਰੋ ਬਾਕੀ ਰਹਿ ਕੀ ਜਾਊ,
ਵਧਦੀ ਗਈ ਜੇ ਏਦਾਂ ਆਪਣੇ ਗਰਕਣ ਦੀ ਰਫ਼ਤਾਰ।

1

੦

## ਅੱਧੀ ਰਾਤੇ ਜਦ ਕੋਈ ਤਾਰਾ

ਅੱਧੀ ਰਾਤੇ ਜਦ ਕੋਈ ਤਾਰਾ ਟੁੱਟੇ ਤਾਂ।
ਮੈਨੂੰ ਜਾਪੇ ਮੈਂ ਹੀ ਕਿਤਿਓਂ ਤਿੜਕ ਗਿਆਂ।

ਖਾਂਦੀ ਖਾਂਦੀ ਰਾਤ ਮੈਨੂੰ ਖਾ ਜਾਏਗੀ,
ਅੱਖ ਪਲਕ ਵਿਚ ਦੇਖ ਮੈਂ ਕਿੰਨਾ ਬਦਲ ਗਿਆਂ।

ਜਿਸ ਨੂੰ ਰੋਜ਼ ਉਡੀਕਦੇ ਹਾਂ ਦਿਨ ਚੜ੍ਹਦੇ ਤੋਂ,
ਢਿੱਲਾ ਜੇਹਾ ਮੂੰਹ ਲੈ ਆਉਂਦੈ ਦਿਨ ਢਲਿਆਂ।

ਮੱਥੇ ਵਿਚਲੀ ਤਲਬ ਜਹੀ ਤੜਫ਼ਾਉਂਦੀ ਹੈ,
ਸੌਂ ਜਾਵੇਗੀ ਇਕ ਅੱਧ ਬੁਰਕੀ ਦੇ ਮਿਲਿਆਂ।

ਰਾਹਾਂ ਦੇ ਵਿਚ ਖ਼ੁਰ ਚੱਲਿਆ ਸੀ ਮੇਰਾ ਤਨ,
ਤੈਨੂੰ ਚੇਤੇ ਕਰਕੇ ਏਨਾ ਵੀ ਬਚਿਆਂ।

ਕਦੇ ਕਦੇ ਇਹ ਅਣਖ਼ ਜਹੀ ਤੰਗ ਕਰਦੀ ਏ,
ਆਪਣੀ ਜਾਚੇ ਭਾਵੇਂ ਕਿੰਨਾ ਸੁਧਰ ਗਿਆਂ।

ਉਹਨੂੰ ਜੇਕਰ ਮੇਟ ਸਕੇਂ ਤਾਂ ਮੇਟ ਲਵੀਂ,
ਮੈਂ ਜਿਹੜੇ ਵਰਕੇ ਦਾ ਗੂੜ੍ਹਾ ਅੱਖਰ ਹਾਂ।

ਉਸ ਦਾ ਕੰਮ ਹੈ ਬਲਣਾ ਉਸ ਨੂੰ ਬਲਣ ਦਿਉ,
ਉਹ ਤਾਂ ਸੂਰਜ ਹੈ ਮੈਂ ਸੂਰਜ ਥੋੜ੍ਹਾ ਹਾਂ।

l

੦

## ਗਰਦ ਚੜ੍ਹੀ ਅਸਮਾਨੇ

ਗਰਦ ਚੜ੍ਹੀ ਅਸਮਾਨੇ ਰਾਤਾਂ ਕਾਲ਼ੀਆਂ।
ਸੋਹਣੇ ਪੁੱਤ ਗਵਾ ਲਏ ਪੁੱਤਾਂ ਵਾਲ਼ੀਆਂ।

ਸਿਖ਼ਰ ਦੁਪਹਿਰਾ ਸਿਰ 'ਤੇ ਕਾਂਬਾ ਕਹਿਰ ਦਾ,
ਦੋਹਾਂ ਚੋਂ ਕਿਸ ਰੁੱਤ ਨੂੰ ਦੇਵਾਂ ਗਾਲ਼ੀਆਂ।

ਪਾਲ਼ੇ ਠਰ ਕੇ ਰਾਤ ਮੁਸਾਫ਼ਰ ਮਰ ਗਿਆ,
ਹੁਣ ਕਿਉਂ ਲੋਥ ਸਿਰ੍ਹਾਣੇ ਅੱਗਾਂ ਬਾਲ਼ੀਆਂ।

ਆਰ ਪਾਰ ਪਈ ਮਹਿਕ ਕਰੇ ਅਠਖੇਲੀਆਂ,
ਕਾਹਨੂੰ ਵਿਚ ਵਿਚਾਲੇ ਲਾਈਆਂ ਜਾਲ਼ੀਆਂ।

ਪੇਟ ਵਜਾ ਕੇ ਭੁੱਖੇ ਗਾ ਕੇ ਰੱਜ ਗਏ,
ਦੇਣ ਤਸੱਲੀ ਆਈਆਂ ਜਦ ਨੂੰ ਥਾਲ਼ੀਆਂ।

ਰਾਤੀਂ ਖ਼ਬਰੇ ਕੌਣ ਸੁਨਾਉਣੀ ਦੇ ਗਿਆ,
ਬੋਹੜਾਂ ਦੇ ਪੱਬ ਡੋਲਣ ਥਿੜਕਣ ਟਾਹਲ਼ੀਆਂ।

ਜਾਦੂਗਰ ਦੀ ਸਾਜ਼ਿਸ਼ ਕੋਈ ਨਾ ਜਾਣਦਾ,
ਐਵੇਂ ਭੀੜ ਵਜਾਈ ਜਾਵੇ ਤਾਲ਼ੀਆਂ।

ਫੁੱਲਾਂ ਦਾ ਰੰਗ ਲਾਲ ਬਣੇਗਾ ਅੰਤ ਨੂੰ,
ਭਾਵੇਂ ਇਨ੍ਹਾਂ ਥੱਲੇ ਹਰੀਆਂ ਡਾਲ਼ੀਆਂ।

l

੦

## ਜੇਕਰ ਬਿਜਲੀ-ਘਰ ਦੇ ਨੇੜੇ

ਜੇਕਰ ਬਿਜਲੀ-ਘਰ ਦੇ ਨੇੜੇ ਰੌਸ਼ਨ ਚਾਰ-ਚੁਫ਼ੇਰਾ ਹੈ।
ਇਹਦਾ ਮਤਲਬ ਇਹ ਤਾਂ ਨਹੀਂ ਕਿ ਹੋਇਆ ਸੋਨ-ਸਵੇਰਾ ਹੈ।

ਚੰਡੀਗੜ੍ਹ ਦੇ ਜੰਡ, ਕਰੀਰਾਂ ਸੜਕਾਂ ਕੋਲ ਤਾਂ ਹੈ ਚਾਨਣ,
ਸਾਡੇ ਪਿੰਡ ਦੇ ਅੰਦਰ ਬਾਹਰ ਕਾਲਾ ਘੋਰ-ਹਨ੍ਹੇਰਾ ਹੈ।

ਔੜ ਪਏ ਜਾਂ ਮਾਰ ਦਏ ਫਿਰ ਬੇਮੌਸਮ ਬਰਸਾਤ ਜਹੀ,
ਰੋਜ਼ ਦਿਹਾੜੀ ਮਰ ਮਰ ਜੀਣਾ ਸਾਡੇ ਪਿੰਡ ਦਾ ਜੇਰਾ ਹੈ।

ਪੁਰਖ਼ਿਆਂ ਨੇ ਤਲਵਾਰ, ਢਾਲ ਦੇ ਨਾਲ ਕਦੇ ਜੋ ਜਿੱਤਿਆ ਸੀ,
ਓਸ ਕਿਲ੍ਹੇ ਵਿਚ ਅੱਜ ਕੱਲ੍ਹ ਲੱਗਿਆ ਵਿਸ਼-ਕੰਨਿਆ ਦਾ ਡੇਰਾ ਹੈ।

ਹੋਰ ਕਿਸੇ ਸੁਕਰਾਤ ਦੀ ਖ਼ਾਤਰ ਜ਼ਹਿਰ ਪਿਆਲਾ ਸਾਂਭ ਲਵੋ,
ਮੈਨੂੰ ਤਾਂ ਬੱਸ ਏਸੇ ਜੀਵਨ ਦਾ ਹੀ ਜ਼ਹਿਰ ਬਥੇਰਾ ਹੈ।

ਮੇਰੀ ਹੋਂਦ ਕਬੂਲ ਕਰੋਗੇ ਇਕ ਦਿਨ ਐਸਾ ਆਵੇਗਾ,
ਮੈਂ ਭਾਵੇਂ ਇਕ ਬਿੰਦੂ ਹਾਂ ਪਰ ਹਰ ਬਿੰਦੂ ਦਾ ਘੇਰਾ ਹੈ।

ਜਿੱਥੇ ਕਿਧਰੇ ਚੀਕਾਂ ਤੇ ਕੁਰਲਾਹਟਾਂ ਦੀ ਆਵਾਜ਼ ਸੁਣੇ,
ਹਰ ਬਸਤੀ, ਘਰ, ਸ਼ਹਿਰ, ਦੇਸ਼ ਤੇ ਹਰ ਧੁਖਦਾ ਪਿੰਡ ਮੇਰਾ ਹੈ।

1

੦

## ਅਖ਼ਬਾਰਾਂ 'ਚ ਰੋਜ਼ਾਨਾ

ਅਖ਼ਬਾਰਾਂ 'ਚ ਰੋਜ਼ਾਨਾ, ਮਰਿਆਂ ਦੀ ਖ਼ਬਰ ਲੱਗੇ।
ਜ਼ਹਿਰੀਲੀ ਹਵਾ ਦਾ ਹੀ, ਹਰਫ਼ਾਂ ਤੇ ਅਸਰ ਲੱਗੇ।

ਦੀਵਾਰਾਂ ਨੇ ਸਭ ਪਾਸੇ, ਨਾ ਬੂਹਾ ਨਾ ਬਾਰੀ ਹੈ,
ਅੰਬਰ ਵੱਲ ਝਾਕਦਿਆਂ, ਖੁੱਲ੍ਹਾ ਇੱਕ ਦਰ ਲੱਗੇ।

ਧੁੱਪਾਂ ਤੋਂ ਕਣੀਆਂ ਤੋਂ, ਜਿਸ ਛਤਰੀ ਬਚਾਉਣਾ ਸੀ,
ਉਸ ਕੱਪੜੇ ਸਣੇ ਤਾਰਾਂ, ਮੈਨੂੰ ਜਾਲ਼ ਤੋਂ ਡਰ ਲੱਗੇ।

ਇਹ ਵਕਤ ਭਲਾ ਕੈਸਾ, ਸਿਰ ਉੱਤੇ ਹੈ ਆਣ ਖੜ੍ਹਾ,
ਪਾਣੀ ਤੇ ਅਗਨ ਸਣੇ, ਸਾਹਾਂ ਤੇ ਵੀ ਕਰ ਲੱਗੇ।

ਕਤਰਨ ਨੂੰ ਖੰਭ ਮੇਰੇ, ਫਿਰ ਲੈ ਕੇ ਆਏ ਨੇ,
ਕੈਂਚੀ ਵੀ ਉਹ ਜਿਸਨੂੰ, ਸੋਨੇ ਦੇ ਨੇ ਪਰ ਲੱਗੇ।

ਸੋਚਾਂ ਦੀ ਹਨ੍ਹੇਰੀ ਵਿਚ, ਮੈਂ ਖਿੱਲਰ ਗਿਆਂ ਏਦਾਂ,
ਬੂਹੇ 'ਤੇ ਖੜ੍ਹੋਤਿਆਂ ਵੀ, ਸੌ ਮੀਲ ਤੇ ਘਰ ਲੱਗੇ।

ਤਲੀਆਂ ਤੇ ਸੀਸ ਟਿਕਾ, ਇਹ ਕੌਣ ਕਿਵੇਂ ਕਿਹੜੇ,
ਧੂੰਏਂ 'ਚ ਗੁਆਚ ਗਏ, ਇਹ ਕਿਸਦੇ ਮਗਰ ਲੱਗੇ?

1

o

## ਚੇਤੇ 'ਚੋਂ ਨਹੀਂ ਜਾਂਦੀ

ਚੇਤੇ 'ਚੋਂ ਨਹੀਂ ਜਾਂਦੀ ਮੇਰੇ ਪਿਛਲੇ ਪਿੰਡ ਦੀ ਨਹਿਰ।
ਹੱਡਾਂ ਦੇ ਵਿਚ ਰਚਦਾ ਨਾ ਇਹ ਓਪਰਿਆਂ ਦਾ ਸ਼ਹਿਰ।

ਸਿਰ ਤੇ ਛਤਰੀ ਤਾਣ ਲਵਾਂ ਜੇ ਧੁੱਪ ਤੋਂ ਡਰਦਾ ਮਾਰਾ,
ਚੁਭਦੀ ਜਾਨ ਵਲੂੰਧਰਦੀ ਹੈ ਫਿਰ ਵੀ ਸਿਖ਼ਰ ਦੁਪਹਿਰ।

ਰੁੱਖਾਂ ਦੇ ਪਰਛਾਵੇਂ ਮੇਰੇ ਘਰ ਤੀਕਣ ਨਾ ਆਉਂਦੇ,
ਸੂਰਜ ਸਾਜ਼ਿਸ਼ ਕਰ ਲੈਂਦਾ ਹੈ ਕਿੱਡਾ ਵੱਡਾ ਕਹਿਰ।

ਹੁਣ ਲੋਹੜੇ ਦਾ ਮੀਂਹ ਆਵੇਗਾ ਰੁੱਖ ਡੋਲਦੇ ਵੇਖੋ,
ਅੰਬਰ ਦੇ ਨੈਣਾਂ 'ਚੋਂ ਦਿਸਦੀ ਸੁਰਮੇ-ਰੰਗੀ ਗਹਿਰ।

ਅਣਦੇਖੇ ਦੁਸ਼ਮਣ ਦਾ ਚਿਹਰਾ ਮੁੜ ਘਿੜ ਨਜ਼ਰੀਂ ਆਵੇ,
ਪਤਾ ਨਹੀਂ ਕੀ ਸੁਪਨਾ ਆਵੇ ਰਾਤ ਦੇ ਪਿਛਲੇ ਪਹਿਰ।

ਅਧਮੋਏ ਦਫ਼ਤਰ ਵਿਚ ਹੋਏ ਸੁੱਤ-ਉਨੀਂਦੇ ਲੋਕੀਂ,
ਸਹਿਕਦਿਆਂ ਨੂੰ ਖ਼ੋਰੀ ਜਾਵੇ ਚਾਕਰੀਆਂ ਦਾ ਜ਼ਹਿਰ।

ਕੱਲ-ਕਲੋਤਰ ਸ਼ਾਇਦ ਮੈਂ ਵੀ, ਪਾਣੀ ਵਿਚ ਵਹਿ ਜਾਵਾਂ,
ਕੱਲ੍ਹੀ ਕੀਕਣ ਤੁਰ ਸਕਦੀ ਏ ਪਾਣੀ ਉਤੇ ਲਹਿਰ।

1

o

## ਹਾੜ੍ਹ ਮਹੀਨਾ ਸਿਖ਼ਰ-ਦੁਪਹਿਰਾ

ਹਾੜ੍ਹ ਮਹੀਨਾ ਸਿਖ਼ਰ-ਦੁਪਹਿਰਾ ਤੇਜ਼ ਹਵਾ।
ਵੇਂਹਦੇ ਵੇਂਹਦੇ ਸਾਵਾ ਰੁੱਖ ਸੀ ਝੁਲਸ ਗਿਆ।

ਰਾਤਾਂ ਦੇ ਜਗਰਾਤੇ ਕੱਟ ਕੇ ਜੋ ਬੁਣਿਆ,
ਨੇੜੇ ਆਇਆ ਸੁਪਨਾ ਹੱਥੋਂ ਤਿਲਕ ਗਿਆ।

ਸੀਟੀ ਮਾਰ ਜਗਾਉਂਦਾ ਸੀ ਜੋ ਪਿੰਡ ਸਾਰਾ,
ਪਹਿਰੇਦਾਰ ਪਤਾ ਨਹੀਂ ਕਿੱਥੇ ਗਰਕ ਗਿਆ।

ਜਿਸ ਦੀ ਸ਼ੂਕਰ ਦਿੱਲੀ-ਤਖ਼ਤ ਡਰਾਉਂਦੀ ਸੀ,
ਅੱਥਰਾ ਦਰਿਆ ਕਿਹੜੇ ਟਿੱਬਿਆਂ ਡੀਕ ਲਿਆ।

ਦਰਿਆਵਾਂ ਦੇ ਵਹਿਣ ਅਜੇ ਵੀ ਸ਼ੂਕਰਦੇ,
ਕਾਫ਼ਲਿਆਂ ਦਾ ਮੂੰਹ ਕਿਉਂ ਪਿੱਛੇ ਪਰਤ ਗਿਆ।

ਚਿੜੀ ਚੂਕਦੀ ਸ਼ੀਸ਼ੇ ਨੂੰ ਟੁਣਕਾਰ ਗਈ,
ਬਾਹਰ ਨਿਕਲੋ ਸੂਰਜ ਬੂਹੇ ਆ ਢੁਕਿਆ।

1

o

## ਯਤਨ ਕਰਾਂਗਾ ਮੱਥੇ ਵਿਚਲੀ

ਯਤਨ ਕਰਾਂਗਾ ਮੱਥੇ ਵਿਚਲੀ ਬਲ਼ਦੀ ਅੱਗ ਨੂੰ ਠਾਰ ਦਿਆਂ।
ਆਪਣੇ ਵਿਚਲਾ ਅੱਥਰਾ ਘੋੜਾ ਮਾਰ ਮਾਰ ਕੇ ਮਾਰ ਦਿਆਂ।

ਸਰਦੀ ਰੁੱਤੇ ਸੇਕ ਨਹੀਂ ਪਰ ਜੇਠ ਹਾੜ੍ਹ ਨੂੰ ਤਪਦਾ ਹੈ,
ਰੋਜ਼ ਸੋਚਨਾਂ ਏਸ ਕਿਸਮ ਦੇ ਸੂਰਜ ਨੂੰ ਦੁਰਕਾਰ ਦਿਆਂ।

ਕੋਰੇ ਕਾਗਜ਼ 'ਤੇ ਨਾ ਐਵੇਂ ਨਵੀਆਂ ਲੀਕਾਂ ਵਾਹ ਦੇਵੇ,
ਪੁੱਤਰ ਕੋਲੋਂ ਕਾਪੀ ਖੋਹ ਕੇ ਰੱਦੀ ਚੋਂ ਅਖ਼ਬਾਰ ਦਿਆਂ।

ਵੱਖਰੇ ਵੱਖਰੇ ਮੋਰਚਿਆਂ ਤੇ ਵੰਨ-ਸੁਵੰਨੇ ਦੁਸ਼ਮਣ ਨੇ,
ਇਕ ਇਕੱਲ੍ਹਾ ਕਿੱਧਰ ਕਿੱਧਰ, ਕਿਸ ਕਿਸ ਨੂੰ ਮੈਂ ਹਾਰ ਦਿਆਂ।

ਪੱਥਰਾਂ ਦੀ ਬਰਸਾਤ 'ਚ ਟੁੱਟੇ ਸ਼ੀਸ਼ੇ ਵਰਗੇ ਸੁਪਨੇ ਸਭ,
ਫਿਰ ਵੀ ਪੱਥਰ ਚਾਹੁੰਦੇ ਨੇ ਮੈਂ ਪੱਥਰਾਂ ਨੂੰ ਸਤਿਕਾਰ ਦਿਆਂ।

ਤਲਖ਼ ਤਜ਼ਰਬੇ ਕੋਲ ਗਵਾਹ ਨੇ ਨਾ ਲਿਫ਼ਿਆ ਨਾ ਮੁੜਿਆ ਹਾਂ,
ਯਤਨ ਕਰਾਂਗਾ ਏਦਾਂ ਤਣ ਕੇ ਬਾਕੀ ਰਾਤ ਗੁਜ਼ਾਰ ਦਿਆਂ।

ਨਾ ਖ਼ਤ ਆਵੇ ਨਾ ਖ਼ਤ ਜਾਵੇ ਫਿਰ ਵੀ ਸਾਂਝ ਅਜੇ ਬਾਕੀ,
ਕੇਹੇ ਧਾਗੇ ਨਾਲ ਜਕੜਿਆ ਸੱਜਣਾਂ ਹੱਦੋਂ ਪਾਰ ਦਿਆਂ।

1

o

## ਅੰਗਾਂ ਦੇ ਵਿਚ ਵੜਦੀ ਜਾਵੇ

ਅੰਗਾਂ ਦੇ ਵਿਚ ਵੜਦੀ ਜਾਵੇ ਠੰਢੀ ਠਾਰ ਹਵਾ।
ਸਰਦ ਸਿਆਲੀਆਂ ਰਾਤਾਂ ਦਿਲ ਚੋਂ ਅੱਗ ਨੂੰ ਚੂਸ ਲਿਆ।

ਮੀਂਹ ਦਾ ਪਾਣੀ ਹੜ੍ਹ ਦਾ ਪਾਣੀ ਏਥੇ ਆਣ ਖਲੋਵੇ,
ਨੀਵੇਂ ਥਾਂ 'ਤੇ ਉੱਗੇ ਰੁੱਖ ਨੂੰ ਡਾਢੀ ਸਖ਼ਤ ਸਜ਼ਾ।

ਨੰਗ-ਮੁਨੰਗੇ ਠੁਰ ਠੁਰ ਕਰਦੇ ਕੱਚੀਆਂ ਕੰਧਾਂ ਉਹਲੇ,
ਇਨ੍ਹਾਂ ਹਿੱਸੇ ਆਉਂਦੀ ਅੱਗ ਨੂੰ ਕਿਹੜਾ ਸੇਕ ਰਿਹਾ?

ਸਾਡੀ ਧਰਤੀ 'ਤੇ ਹਰ ਬੂਟਾ ਚੜ੍ਹੇ ਜਵਾਨੀ ਸੋਹਣੀ,
ਪਤਾ ਨਹੀਂ ਕਿਉਂ ਫ਼ਲ ਦੀ ਰੁੱਤੇ ਰੁੱਖ ਜਾਵੇ ਕੁਮਲਾ।

ਤੇਜ਼ ਹਨ੍ਹੇਰੀ ਤੋਂ ਕੰਬਦਾ ਹੈ ਸਾਰਾ ਪਿੰਡ ਉਦੋਂ ਤੋਂ,
ਜਦ ਤੋਂ ਝਟਕੇ ਨਾਲ ਬੋਹੜ ਦਾ ਬੂਟਾ ਉਖੜ ਗਿਆ।

ਧਰਤੀ ਅੰਬਰ ਜਾਣ ਫ਼ੈਲਦੇ ਮਹਿਲ ਮੁਨਾਰੇ ਖ਼ਾਤਰ,
ਸਾਡੀ ਧਰਤੀ ਸਾਡਾ ਅੰਬਰ ਕਾਹਨੂੰ ਸੁੰਗੜ ਗਿਆ।

ਠਰਦੇ ਹੱਥਾਂ ਬਹੁਤ ਬੁਲਾਇਆ ਲੱਖ ਇਸ਼ਾਰੇ ਕੀਤੇ,
ਅੱਗ ਦਾ ਗੀਤ ਗਵੱਈਆ ਰਾਹ 'ਚੋਂ ਆ ਕੇ ਪਰਤ ਗਿਆ।

1

o

## ਜੰਗਲ ਦੇ ਵਿਚ ਸ਼ਾਮ ਪਈ

ਜੰਗਲ ਦੇ ਵਿਚ ਸ਼ਾਮ ਪਈ ਤੇ ਖ਼ੁਰਿਆ ਹੈ ਪਰਛਾਵਾਂ।
ਵੰਨ-ਸੁਵੰਨੀਆਂ ਚੀਕਾਂ, ਕੂਕਾਂ, ਰੌਲਾ ਬੱਦ-ਬਲਾਵਾਂ।

ਜਿੰਨ੍ਹਾਂ ਦੇ ਗਲ਼ ਸੰਗਲ ਰੱਸੇ ਹਾਰ ਹਮੇਲਾਂ ਛਣਕਣ,
ਖ਼ਸਮ ਪਛਾਣ ਕੇ ਪਿੱਛੇ ਤੁਰੀਆਂ ਭੇਡਾਂ, ਮੱਝਾਂ, ਗਾਵਾਂ।

ਸਿਰ ਤੇ ਜਦੋਂ ਦੁਪਹਿਰ ਖੜ੍ਹੀ ਸੀ ਕਦਮ ਨ ਪੁੱਟਿਆ ਕੋਈ,
ਸਾਨੂੰ ਐਵੇਂ ਬੰਨ੍ਹ ਬਿਠਾਇਆ ਬੁੱਢੇ ਰੁੱਖਾਂ, ਛਾਵਾਂ।

ਆਲ-ਦੁਆਲਾ ਸਾਰੇ ਰਸਤੇ ਸ਼ੇਰ ਬਘੇਲਿਆਂ ਮੱਲੇ,
ਤੇਰੇ ਤੱਕ ਵੀ ਆਵਾਂ ਤਾਂ ਦੱਸ ਕਿਹੜੇ ਰਸਤੇ ਆਵਾਂ।

ਸਿਰ ਤੇ ਐਨ ਵਰ੍ਹਾਊ ਬੱਦਲ, ਕਹਿਰ, ਗੁਬਾਰ, ਹਨ੍ਹੇਰਾ,
ਵਿਰਲਾਂ ਥਾਣੀਂ ਝਾਕੇ ਫਿਰ ਵੀ ਤਾਰਾ ਵਿਰਲਾ ਟਾਵਾਂ।

ਏਨੇ ਸਾਲ ਬੇਗਾਨੀ ਧਰਤੀ ਖ਼ੋਰ ਖ਼ੋਰ ਕੇ ਪੀਤਾ,
ਹੁਣ ਬਨਵਾਸੀ ਪੁੱਤਰਾਂ ਤਾਈਂ ਕਿੰਵ ਪਛਾਨਣ ਮਾਵਾਂ।

1

o

## ਜਿੰਨ੍ਹਾਂ ਦੇ ਪਿੰਡਿਆਂ ਦੇ ਉੱਤੇ

ਜਿੰਨ੍ਹਾਂ ਦੇ ਪਿੰਡਿਆਂ ਦੇ ਉੱਤੇ ਲਿਸ਼ਕ-ਪੁਸ਼ਕਵੇਂ ਬਸਤਰ ਸੀ।
ਉਨ੍ਹਾਂ ਹੀ ਤਾਂ ਬੇ-ਤਰਤੀਬੀ ਕੀਤੀ ਸਾਡੀ ਨੀਂਦਰ ਸੀ।

ਖ਼ੁਸ਼ੀਆਂ ਵਿਚ ਮਖ਼ਮੂਰ ਜਦੋਂ ਸਨ ਮੇਰੀ ਜਾਨ ਦੇ ਵੈਰੀ ਲੋਕ,
ਮੇਰੇ ਅੰਦਰ ਖ਼ੌਲ਼ ਰਿਹਾ ਤਦ ਦੁੱਖ ਦਾ ਤਲਖ਼-ਸਮੁੰਦਰ ਸੀ।

ਗਰਮ ਹਵਾ ਦੇ ਰੋੜ੍ਹ 'ਚ ਰੁੜ੍ਹ ਗਏ ਕਿਣਕੇ 'ਕੱਲੇ 'ਕੱਲੇ ਸਨ,
ਵੇਖਣ ਨੂੰ ਜੋ ਲੱਗਦੇ ਭਾਵੇਂ ਗਿੱਲੇ ਰੇਤੇ ਦਾ ਘਰ ਸੀ।

ਚੋਰ-ਚਕਾਰ ਬੁਰੇ ਦੇ ਭਾਵੇਂ ਅਪਣੇ ਪੈਰ ਨਹੀਂ ਹੁੰਦੇ,
ਪਿੱਛਾ ਕਰਨੋਂ ਰੋਕ ਲਿਆ ਜਿਸ ਅਪਣੇ ਮਨ ਦਾ ਹੀ ਡਰ ਸੀ।

ਕਰਫ਼ਿਊ ਵਾਲੀ ਰਾਤ ਜਦੋਂ ਕਿ ਚਾਰ-ਚੁਫ਼ੇਰ ਹਨ੍ਹੇਰਾ ਸੀ,
ਇੱਕ ਟਟਹਿਣਾ ਜਗਦਾ, ਮੇਰੀਆਂ ਨਜ਼ਰਾਂ ਦੇ ਵਿੱਚ ਹੀ ਨਰ ਸੀ।

ਹਰ ਵਾਰੀ ਇਸ ਬਕਸੇ ਵਿਚੋਂ ਮੌਤ ਸੁਨੇਹਾ ਨਿਕਲ ਆਇਆ,
ਹਰ ਵਾਰੀ ਉਸ ਪਰਚੀ ਉਤੇ ਅਪਣੇ ਹੀ ਹਸਤਾਖ਼ਰ ਸੀ।

1

### ੦

## ਚੰਡੀਗੜ੍ਹ ਦੇ ਬਾਗ਼

ਚੰਡੀਗੜ੍ਹ ਦੇ ਬਾਗ਼ 'ਚ ਜੀਕੂੰ ਖ਼ੁਸ਼ਬੋਹੀਣ ਗੁਲਾਬ ਹੈ।
ਮੈਨੂੰ ਅੱਜ ਕੱਲ੍ਹ ਏਦਾਂ ਜਾਪੇ ਅਪਣਾ ਦੇਸ-ਪੰਜਾਬ ਹੈ।

ਇਸ ਬੂਟੇ ਨੂੰ ਕੰਡਿਆਂ ਤੋਂ ਬਿਨ ਹੋਰ ਤਾਂ ਕੁਝ ਵੀ ਲੱਗਣਾ ਨਾ,
ਫੁੱਲਾਂ ਖ਼ਾਤਰ ਲਾਈ ਜਾਵੇ ਇਹ ਭੜੂਆ ਜੋ ਦਾਬ ਹੈ।

ਮੋਢਿਆਂ ਨਾਲੋਂ ਛਾਂਗੀਆਂ ਬਾਹਾਂ, ਬੇ-ਸਿਰ, ਪੈਰ-ਵਿਹੂਣੇ ਲੋਕ,
ਰੋਜ਼ ਰਾਤ ਨੂੰ ਅੱਜ-ਕੱਲ੍ਹ ਮੈਨੂੰ ਦਿਸਦਾ ਏਹੀ ਖ਼੍ਵਾਬ ਹੈ।

ਪਾਟੀਆਂ ਲੀਰਾਂ ਵਾਂਗ ਰੁਲ਼ੇ ਨਾ ਇਹਦਾ ਵਰਕਾ ਵਰਕਾ ਵੀ,
ਸਾਂਝ-ਭਰਪੱਣ ਵਾਲੀ ਇਹ ਜੋ ਹੱਥਾਂ ਵਿਚ ਕਿਤਾਬ ਹੈ।

ਜਨਮ, ਜ਼ਾਤ ਤੇ ਨਸਲਾਂ ਦੇ ਅਨੁਸਾਰ ਖ਼ੂਨ ਦਾ ਰੰਗ ਹੋਵੇ,
ਮੂਰਖ਼ ਨੂੰ ਸਮਝਾਵੇ ਕਿਹੜਾ, ਇਹ ਤਾਂ ਗਲਤ ਹਿਸਾਬ ਹੈ।

ਕਿਹੜਾ ਮਾਲੀ ਐਸੀ ਡਾਲੀ ਫਿਰ ਲਾਵੇਗਾ ਘਰ ਸਾਡੇ,
ਜਿਸ ਦੀ ਖ਼ੁਸ਼ਬੋ ਆਪ ਕਹੇਗੀ ਇਹ ਸਾਡਾ ਪੰਜਾਬ ਹੈ।

l

### ੦

## ਹੌਕਿਆਂ ਦੇ ਵਿਚ ਉਲਝ ਗਈ

ਹੌਕਿਆਂ ਦੇ ਵਿਚ ਉਲਝ ਗਈ ਹੈ ਸਾਹਾਂ ਦੀ ਖ਼ੁਸ਼ਬੋ।
ਧੂੰਏਂ ਵਿਚ ਗਵਾਚ ਗਈ ਹੈ ਕਿਉਂ ਸੂਰਜ ਦੀ ਲੋਅ।

ਮੈਂ ਤੇਰਾ ਇਕ ਜਾਣਕਾਰ ਹਾਂ ਗੂੜ੍ਹ-ਨੇਰ੍ਹੀਏ ਰਾਤੇ,
ਸਾਡੇ ਹਿੱਸੇ ਦਾ ਸੂਰਜ ਨਾ ਬੁੱਕਲ਼ ਵਿਚ ਲੁਕੋ।

ਸੁਰਖ਼-ਸਵੇਰਾ ਚੀਰ ਹਨੇਰਾ ਤੇਰੇ ਦਰ 'ਤੇ ਆਇਆ,
ਜਾਗ ਸੁੱਤਿਆ ਲੋਕਾ ਉੱਠ ਕੇ ਤੇਲ ਤਾਂ ਬੂਹੇ ਚੋ।

ਚਾਰ-ਦੀਵਾਰੀ ਅੰਦਰ ਖ਼ੁਸ਼ਬੋ ਕੈਦਣ ਬਣ ਕੇ ਰੋਵੇ,
ਕੱਚਿਆਂ-ਵਿਹੜਿਆਂ ਪਾਲੀ ਪੋਸੀ ਗਈ ਪਰਾਈ ਹੋ।

ਪੈਰ ਪੈਰ ਤੇ ਮੌਤ ਖਲੋਤੀ ਦਰ-ਦਰਵਾਜ਼ੇ ਖੋਲ੍ਹੀ,
ਸਾਡੇ ਲਈ ਜ਼ਿੰਦਗਾਨੀ ਨੇ ਵੀ ਬੂਹੇ ਲਏ ਨੇ ਢੋਅ।

ਰਾਵੀ ਦੇ ਉਰਵਾਰ-ਪਾਰ ਦੁੱਖ-ਦਰਦਾਂ ਦਾ ਰੰਗ ਇੱਕੋ,
ਜਿਸਮ ਚੀਰ ਕੇ ਮੁਲਕ ਬਣਾਏ ਭਾਵੇਂ ਇਕ ਤੋਂ ਦੋ।

l

o

## ਚਾਰ-ਚੁਫ਼ੇਰੇ 'ਨੇਰ੍ਹ ਦਾ ਪਹਿਰਾ

ਚਾਰ-ਚੁਫ਼ੇਰੇ 'ਨੇਰ੍ਹ ਦਾ ਪਹਿਰਾ ਗਠੜੀ ਲੈ ਗਏ ਚੋਰ।
ਅੱਧ-ਸੁੱਤੀਏ ਹੁਣ ਜਾਗ ਨੀ ਤੇਰਾ ਲੁੱਟਿਆ ਸ਼ਹਿਰ ਭੰਬੋਰ।

ਸੱਤਰੰਗੀ ਅਸਮਾਨ ਦੀ ਲੀਲ੍ਹਾ ਕੋਲ ਸੀ ਜਿਹੜੀ ਉੱਡਦੀ,
ਅੱਜ ਬੇਗਾਨਿਆਂ ਤੋੜ ਮਰੋੜੀ ਸਣੇ ਪਤੰਗ ਦੇ ਡੋਰ।

ਨਾ ਕੋਈ ਬਾਗ਼-ਬਗੀਚਾ ਖਿੜਿਆ ਨਾ ਅੰਬਾਂ ਨੂੰ ਬੂਰ,
ਨਾ ਕੋਇਲਾਂ ਨਾ ਗਾਉਣ ਬੰਬੀਹੇ ਨਾ ਹੀ ਨੱਚਦੇ ਮੋਰ।

ਸਾਡੇ ਚਿਹਰੇ ਇੰਞ ਧੁਆਂਖੇ ਰਹੀ ਪਛਾਣ ਨਾ ਕੋਈ,
ਆਪਣੇ ਜ਼ਖ਼ਮ ਵਿਖਾ ਕੇ ਕੁੰਜੀਆਂ ਲੈ ਗਿਆ ਕੋਈ ਹੋਰ।

ਲਹਿੰਦੇ ਬੰਨੇ ਸੂਰਜ ਨੂੰ ਅੱਗ ਲੱਗ ਕੇ ਬੁਝ ਗਈ ਹੈ,
ਚੜ੍ਹਦੇ ਪਾਸੇ ਹੋਰ ਚੜ੍ਹੀ ਹੈ ਕਾਲ਼ੀ-ਘਟ ਘਨਘੋਰ।

ਰੁਕ ਰੁਕ ਕੇ ਸਾਹ ਚੱਲਦਾ ਜਾਪੇ ਨਬਜ਼ ਖਲੋਤੀ ਹੋਈ,
ਢੀਠ ਮੁਲਕ ਦੀ ਪਹਿਲਾਂ ਨਾਲੋਂ ਵੀ ਮਸਤਾਨੀ ਤੋਰ।

ਸੱਜੇ ਖੱਬੇ ਅੱਗੜ ਪਿੱਛੜ ਗੱਲ ਕਾਹਦੀ ਹਰ ਪਾਸੇ,
ਚੋਰ-ਉਚੱਕਿਆਂ ਰਲ ਕੇ ਮੱਲਿਆ ਸਾਡਾ ਤਖ਼ਤ-ਲਾਹੌਰ।

1

o

## ਅੰਬਰ ਦੇ ਵਿਚ ਬਿਜਲੀ ਕੜਕੇ

ਅੰਬਰ ਦੇ ਵਿਚ ਬਿਜਲੀ ਕੜਕੇ, ਲਿਸ਼ਕੇ, ਚਮਕ ਡਰਾਵੇ।
ਬਾਹਰ ਖਲੋਤੀਆਂ ਪੱਕੀਆਂ ਕਣਕਾਂ ਜਾਨ ਨਿਕਲਦੀ ਜਾਵੇ।

ਲਿਸ਼ਕ ਚਾਨਣੀ ਮਾਰ ਗਈ ਹੈ ਲਹਿ-ਲਹਿਰਾਉਂਦੇ ਛੋਲੇ,
ਦਾਣਿਆਂ ਦੀ ਥਾਂ ਘਰ ਨੂੰ ਪਰਤੇ ਹੌਕੇ ਹੰਝੂ ਹਾਵੇ।

ਸਾਡੇ ਪਿੰਡ ਤਾਂ ਫੂਹੜੀ ਵਿਛ ਗਈ ਗੜ੍ਹੇਮਾਰ ਦੇ ਮਗਰੋਂ,
ਸ਼ਹਿਰਾਂ ਦੇ ਵਿਚ ਲਾਊਡ-ਸਪੀਕਰ ਉੱਚੀ ਉੱਚੀ ਗਾਵੇ।

ਕੱਚੇ ਘਰ ਪਾਣੀ ਵਿਚ ਡੁੱਬੇ ਖ਼ੁਰਦੀਆਂ ਜਾਵਣ ਕੰਧਾਂ,
ਉੱਚੇ, ਪੱਕੇ ਘਰ ਦੇ ਵਿਹੜੇ ਚਿੜੀ ਰੇਤ ਵਿਚ ਨ੍ਹਾਵੇ।

ਚਾਰ-ਚੁਫ਼ੇਰੇ ਚਿੱਕੜ ਖੋਭਾ ਗੋਡੇ ਗੋਡੇ ਪਾਣੀ,
ਸਾਡੀ ਖ਼ਬਰ-ਸਾਰ ਨੂੰ ਕਿੱਦਾਂ ਪਤਵੰਤਾ ਕੋਈ ਆਵੇ।

ਲਹਿਣੇਦਾਰ ਆਵਾਜ਼ਾਂ ਮਾਰਨ ਬੂਹੇ ਨੂੰ ਖੜਕਾ ਕੇ,
ਖ਼ਾਲੀ ਜੇਬ ਹੁੰਗਾਰਾ ਭਰਨੋਂ ਵੀ ਕੰਨੀ ਕਤਰਾਵੇ।

ਠੰਢਾ-ਚੁੱਲ੍ਹਾ ਖ਼ਾਲੀ-ਬੋਰੀ ਸੱਖਣੇ-ਪੀਪੇ ਰੋਂਦੇ,
ਵੇਖ ਭੜੋਲੀਆਂ ਖ਼ਾਲਮ-ਖ਼ਾਲੀ ਸਾਹ-ਸਤ ਮੁੱਕਦਾ ਜਾਵੇ।

1

o

## ਆਲ ਦੁਆਲੇ ਲਾਟਾਂ ਵਗਦੀ

ਆਲ ਦੁਆਲੇ ਲਾਟਾਂ ਵਗਦੀ ਗਰਮ ਹਵਾ।
ਚਿਰ ਤੋਂ ਗਾਉਂਦਾ ਪੰਛੀ ਸੁਰ ਤੋਂ ਡੋਲ ਗਿਆ।

ਦਰਿਆ ਪਾਣੀ ਵਗਦੇ ਇਕ ਦਮ ਠਹਿਰ ਗਏ,
ਕਿਸ ਕਲਜੋਗਣ ਨਹਿਸ਼ ਪਰੀ ਦਾ ਪੈਰ ਪਿਆ।

ਪਤਾ ਨਹੀਂ ਕੀਹ ਮਾਰ ਵਗੀ ਹੈ ਸਮਿਆਂ ਨੂੰ,
ਫੁੱਲਾਂ ਦੀ ਖੁਸ਼ਬੋਈ ਕੋਈ ਚੂਸ ਗਿਆ।

ਏਨੀ ਤੇਜ਼ ਹਨ੍ਹੇਰੀ ਆਈ ਇਸ ਵਾਰੀ,
ਬਾਗ਼-ਬਗੀਚਾ ਜੰਗਲ-ਬੂਟਾ ਸਹਿਮ ਗਿਆ।

ਹੱਥ ਨੂੰ ਹੱਥ ਪਛਾਨਣ ਤੋਂ ਇਨਕਾਰ ਕਰੇ,
'ਨ੍ਹੇਰੇ ਦਾ ਪਰਿਵਾਰ ਚੁਫ਼ੇਰੇ ਫ਼ੈਲ ਗਿਆ।

ਡਾਰੋਂ-ਵਿੱਛੜੀ ਕੂੰਜ ਵਾਂਗ ਕੁਰਲਾਉਂਦੀ ਹੈ,
ਬਲ਼ਦੀ ਅੱਗ ਨੇ ਜ਼ਿੰਦਗੀ ਨੂੰ ਇੰਝ ਘੇਰ ਲਿਆ।

ਬਾਲ-ਬਚਪਨਾ ਕਲਮ-ਦਵਾਤ ਸਲੇਟਾਂ ਵੀ
ਉਡਾ, ਐੜਾ ਸਣੇ ਬਸਤਿਆਂ ਝੁਲਸ ਗਿਆ।

1

o

## ਹਵਾ ਵਿਚ ਉੱਡ ਰਿਹਾ ਸਾਂ

ਹਵਾ ਵਿਚ ਉੱਡ ਰਿਹਾ ਸਾਂ, ਡਿੱਗ ਪਿਆ ਹਾਂ।
ਮੈਂ ਅਪਣੇ ਆਪ ਵਿਚੋਂ ਲਾਪਤਾ ਹਾਂ।

ਦਿਆਂ ਪਰਵਾਜ਼ ਦਾ ਤੋਹਫ਼ਾ ਕੀ ਅੰਬਰ,
ਮੈਂ ਖੰਭਾਂ ਤੋਂ ਵਿਹੂਣਾ ਹੋ ਗਿਆ ਹਾਂ।

ਚੁਫ਼ੇਰੇ ਜ਼ਹਿਰ ਹੈ ਸੱਪਾਂ 'ਚ ਘਿਰਿਆਂ,
ਜਵਾਨੀ ਵਿਚ ਹੋਇਆ ਹਾਦਿਸਾ ਹਾਂ।

ਤੂੰ ਮੈਥੋਂ ਦੂਰ ਹੈਂ ਆਵਾਜ਼ ਤਾਂ ਦੇਹ,
ਸੁਰਾਂ ਨੂੰ ਸਹਿਕਦਾ ਮੈਂ ਬੇ-ਸੁਰਾ ਹਾਂ।

ਤਰਸਦਾ ਹਾਂ ਮੈਂ ਤੇਰੀ ਰੌਸ਼ਨੀ ਨੂੰ,
ਮੈਂ ਤੇਰੇ ਬਾਝ ਤਾਂ ਬੁਝਿਆ ਪਿਆ ਹਾਂ।

ਤੇਰੀ ਉਸ ਮੁਸਕਣੀ ਤੋਂ ਕੁਝ ਕੁ ਪਹਿਲਾਂ,
ਮੈਂ ਬਿਲਕੁਲ ਆਮ ਵਰਗਾ ਆਦਮੀ ਸਾਂ।

ਹਜ਼ਾਰਾਂ ਵਾਰ ਇੱਕੋ ਸਿਰ ਤੇ ਸਹਿ ਕੇ,
ਮੈਂ ਤੇਰੇ ਸਾਹਮਣੇ ਸਾਬਤ ਖੜ੍ਹਾ ਹਾਂ।

1

o

## ਤਪਦੇ ਥਲਾਂ ਦਾ ਪੈਂਡਾ

ਤਪਦੇ ਥਲਾਂ ਦਾ ਪੈਂਡਾ ਸਾਹਾਂ ਦੀ ਰਾਸ ਲੈ ਕੇ।
ਮੈਂ ਤੁਰ ਰਿਹਾ ਹਾਂ ਫਿਰ ਵੀ ਜਨਮਾਂ ਦੀ ਪਿਆਸ ਲੈ ਕੇ।

ਕੰਡਿਆਂ 'ਚ ਉਲਝਦੀ ਹੈ ਹਰ ਵਾਰ ਨਜ਼ਰ ਮੇਰੀ,
ਇਹ ਜ਼ਿੰਦਗੀ ਨਾ ਮਹਿਕੀ ਫੁੱਲਾਂ ਦੀ ਬਾਸ ਲੈ ਕੇ।

ਹਰ ਇਕ ਕਦਮ ਤੇ ਪੀੜਾਂ ਤੇ ਪੈਰ ਪੈਰ ਛਾਲੇ,
ਮੈਂ ਆ ਰਿਹਾ ਹਾਂ ਏਥੇ ਛਮਕਾਂ ਦੀ ਲਾਸ ਲੈ ਕੇ।

ਭਾਵੇਂ ਉਡੀਕ ਮੈਨੂੰ ਜਾਂ ਨਾ ਉਡੀਕ ਐਪਰ,
ਬੂਹੇ 'ਚ ਬੈਠ ਨਾ ਤੂੰ ਚਿਹਰਾ ਉਦਾਸ ਲੈ ਕੇ।

ਸ਼ਿਕਵਾ ਸ਼ਿਕਾਇਤ ਰੋਸਾ ਕਿਸ 'ਤੇ ਕਰਾਂ ਮੈਂ ਯਾਰੋ,
ਮੈਂ ਆਪ ਆ ਰਿਹਾ ਹਾਂ ਜੰਗਲ ਦਾ ਵਾਸ ਲੈ ਕੇ।

ਐ ਜ਼ਿੰਦਗੀ ਤੂੰ ਮਿਲ ਜਾ, ਤੈਨੂੰ ਉਡੀਕਦਾ ਮੈਂ
ਅੱਜ ਤੀਕ ਜੀਅ ਰਿਹਾ ਹਾਂ ਮਿਲਣੇ ਦੀ ਆਸ ਲੈ ਕੇ।

1

o

## ਹਰ ਹਾਦਿਸੇ

ਹਰ ਹਾਦਿਸੇ ਨੂੰ ਜਿਹੜਾ ਮਿਲਦਾ ਸੀ ਮੁਸਕਰਾ ਕੇ।
ਉਹ ਅੱਜ ਬਹੁਤ ਬਹੁਤ ਰੋਇਆ ਬੁੱਕਲ ਮੇਰੀ 'ਚ ਆ ਕੇ।

ਕੋਹਾਂ ਤੋਂ ਲਿਸ਼ਕ ਜਿਸਦੀ ਆਵਾਜ਼ ਮਾਰਦੀ ਸੀ,
ਸਾਗਰ ਉਹ ਰੇਤ ਦਾ ਸੀ ਤੱਕਿਆ ਮੈਂ ਨੇੜ ਜਾ ਕੇ।

ਲਫ਼ਜ਼ਾਂ ਤੇ ਸੁਰ ਨੇ ਮਿਲਕੇ ਨੇਰ੍ਹੇ ਨੂੰ ਚੀਰਨਾ ਹੈ,
ਖ਼ਾਮੋਸ਼ੀਆਂ ਨੂੰ ਤੋੜੋ ਦਰਦੀਲੀ ਹੇਕ ਲਾ ਕੇ।

ਆਸਾਂ, ਉਮੀਦਾਂ, ਰੀਝਾਂ ਜੀਵਨ ਦਾ ਆਸਰਾ ਨੇ,
ਦੁੱਖ ਦੀ ਘੜੀ ਨੂੰ ਟਾਲ਼ੋ ਇਨ੍ਹਾਂ ਦੀ ਬਾਤ ਪਾ ਕੇ।

ਪੱਥਰ ਉਹ ਰਾਹ ਦਾ ਸੀ ਐਪਰ ਕਮਾਲ ਦਾ ਸੀ,
ਅੱਜ ਜ਼ਿੰਦਗੀ ਹੈ ਜਾਗੀ ਓਸੇ ਦੀ ਚੋਟ ਖਾ ਕੇ।

1

○

## ਸਾਂਭ ਕੇ ਕਾ.ਗਜ਼ ਕਿਤਾਬਾਂ

ਸਾਂਭ ਕੇ ਕਾ.ਗਜ਼ ਕਿਤਾਬਾਂ ਕੰਧ 'ਤੇ ਲਿਖਿਆ ਪੜ੍ਹੋ।
ਸਾਂਭ ਕੇ ਕਲਮਾਂ, ਦਵਾਤਾਂ, ਕੰਧ 'ਤੇ ਲਿਖਿਆ ਪੜ੍ਹੋ।

ਸੇਕ ਮਾਰਨ ਸੁਰਖ਼ੀਆਂ ਅਖ਼ਬਾਰ ਦੀਆਂ ਰੋਜ਼ ਹੀ,
ਅੱਗ ਉਗਲਣ ਵਾਰਦਾਤਾਂ, ਕੰਧ 'ਤੇ ਲਿਖਿਆ ਪੜ੍ਹੋ।

ਖ਼੍ਵਾਬ ਵਿਚ ਵੇਖੇ ਨਹੀਂ ਅੱਖਰ ਕਦੇ ਏਨੇ ਉਦਾਸ,
ਰੁੱਤ ਨੇ ਦਿੱਤੀਆਂ ਸੁਗਾਤਾਂ, ਕੰਧ 'ਤੇ ਲਿਖਿਆ ਪੜ੍ਹੋ।

ਜ਼ਿੰਦਗੀ ਵਿਚ ਕਿਸ ਤਰ੍ਹਾਂ ਦਾ ਦਖ਼ਲ ਦਿੱਤੈ 'ਨ੍ਹੇਰਿਆਂ,
ਹੋ ਗਈਆਂ ਬਲਵਾਨ ਰਾਤਾਂ, ਕੰਧ 'ਤੇ ਲਿਖਿਆ ਪੜ੍ਹੋ।

ਰਾਤ ਦਿਨ ਮੌਸਮ ਹਵਾਵਾਂ 'ਨ੍ਹੇਰੀਆਂ ਤੇ ਬਿਜਲੀਆਂ,
ਕਿੰਨੀਆਂ ਗੋਤਾਂ ਤੇ ਜ਼ਾਤਾਂ, ਕੰਧ 'ਤੇ ਲਿਖਿਆ ਪੜ੍ਹੋ।

l

○

## ਜਦੋਂ ਪੰਛੀ ਪਰਾਂ

ਜਦੋਂ ਪੰਛੀ ਪਰਾਂ ਨੂੰ ਤੋਲਦਾ ਹੈ।
ਮੇਰੇ ਸਾਹਾਂ 'ਚ ਮਿਸ਼ਰੀ ਘੋਲਦਾ ਹੈ।

ਗੁਆਚੀ ਮਹਿਕ ਸੁੱਚੇ ਰਿਸ਼ਤਿਆਂ ਦੀ,
ਮੇਰਾ ਮਨ ਮਾਰੂਥਲ 'ਚੋਂ ਟੋਲਦਾ ਹੈ।

ਸਣੇ ਤਰਕਸ਼ ਸਮੇਂ ਨੇ ਮਾਰਿਆ ਹਾਂ,
ਮੇਰੇ ਅੰਦਰ ਦਾ ਮਿਰਜ਼ਾ ਬੋਲਦਾ ਹੈ।

ਜਦੋਂ ਵੀ ਫ਼ੋਲਦਾ ਹਾਂ ਖ਼ਤ ਪੁਰਾਣੇ,
ਕਲੇਜਾ ਪਾਰੇ ਵਾਂਗੂੰ ਡੋਲਦਾ ਹੈ।

ਅਰਸ਼ ਵਿਚ ਡਾਰ ਤੱਕ ਮੁਰਗਾਬੀਆਂ ਦੀ,
ਕੋਈ ਰੇਤੇ 'ਚੋਂ ਪੈੜਾਂ ਫ਼ੋਲਦਾ ਹੈ।

l

## ਕੰਡਿਆਂ ਦੀ ਤਾਰ

ਕੰਡਿਆਂ ਦੀ ਤਾਰ ਅੰਦਰ ਜ਼ਿੰਦਗੀ।
ਹੋਰ ਕਿਸ ਨੂੰ ਆਖਦੇ ਨੇ ਖ਼ੁਦਕੁਸ਼ੀ।

ਇਹ ਹਵਾ ਕਿੱਥੋਂ ਕੁਲਹਿਣੀ ਆ ਗਈ,
ਕੰਬਦੇ ਨੇ ਪਿੰਡ ਵੀ ਤੇ ਸ਼ਹਿਰ ਵੀ।

ਛਾਂਗਿਆ ਰੁੱਖਾਂ ਨੂੰ ਜਦ ਤਲਵਾਰ ਨੇ,
ਜੀਂਦੀਆਂ ਟਾਹਣਾਂ ਦੀ ਨਿਕਲੀ ਚੀਕ ਸੀ।

ਵਕਤ ਨੇ ਪੈਰਾਂ 'ਚ ਏਦਾਂ ਮਿੱਧਿਆ,
ਵੈਣ ਵਾਂਗੂੰ ਰੜਕਦੇ ਨੇ ਗੀਤ ਵੀ।

ਕਰਫ਼ੀਊ ਕੈਸਾ ਮਨਾਂ 'ਤੇ ਬਹਿ ਗਿਆ,
ਡਰਦਿਆਂ ਬਾਹਰ ਨਾ ਨਿਕਲੇ 'ਵਾਜ਼ ਵੀ।

1

## ਹਾਦਸਿਆਂ ਦੀ ਦੁਨੀਆਂ

ਹਾਦਸਿਆਂ ਦੀ ਦੁਨੀਆਂ ਅੰਦਰ ਅਜਬ ਹਾਦਸਾ ਵਾਪਰਿਆ।
ਬੰਦ-ਬਾਰੀਆਂ, ਬੂਹੇ, ਫਿਰ ਵੀ, ਮੇਰੇ ਘਰ ਉਹ ਪਹੁੰਚ ਗਿਆ।

ਸੂਰਜ ਛੁਪਿਆ ਹੀ ਸੀ ਬੁੱਢੇ ਰੁੱਖ ਤੋਂ ਪੰਛੀ ਬੋਲ ਪਿਆ,
ਬਸ ਫਿਰ ਕੀ ਸੀ ਸ਼ਾਮ ਉਦਾਸੀ ਨੇ ਮੈਨੂੰ ਆ ਘੇਰ ਲਿਆ।

ਉਸ ਦਿਨ ਪਿੱਛੋਂ ਸੇਕ ਅੱਗ ਦਾ ਮੇਰਾ ਪਿੰਡਾ ਸਾੜ ਰਿਹਾ,
ਜਿਸ ਦਿਨ ਦਾ ਮੈਂ ਅੱਗ ਵਿਚ ਸੜਦਾ ਸੁਰਖ਼ ਗੁਲਾਬ ਹੈ ਵੇਖ ਲਿਆ।

ਚਿਹਰੇ ਤੇ ਬੇਰੌਣਕੀ ਜੰਮੀ ਉਦਰੇਵੇਂ ਦਾ ਲੇਪ ਜਿਹਾ,
ਜਿਸ ਦਿਨ ਦਾ ਇਕ ਫ਼ੁਲਦਾਨ ਹੈ ਮੇਰੇ ਹੱਥੋਂ ਤਿੜਕ ਗਿਆ।

ਰੁੱਖਾਂ ਵਾਂਗ ਮਨੁੱਖਾਂ ਨੂੰ ਕੀਹ ਵਾਢ ਧਰੀ ਹੈ ਸਮਿਆਂ ਨੇ,
ਮੈਨੂੰ ਜਾਪੇ ਗੋਡਿਆਂ ਕੋਲੋਂ ਮੈਨੂੰ ਕਿਸੇ ਨੇ ਛਾਂਗ ਲਿਆ।

1

o

## ਪਿੰਡ ਗਏ ਨੂੰ ਘੂਰਦੀਆਂ

ਪਿੰਡ ਗਏ ਨੂੰ ਘੂਰਦੀਆਂ ਨੇ ਧੂੜਾਂ ਅੱਟੀਆਂ ਰਾਹਵਾਂ।
ਵਾਂਗ ਬੇਗਾਨੇ ਝਾਕਦੀਆਂ ਨੇ ਕੰਧਾਂ, ਧੁੱਪਾਂ, ਛਾਵਾਂ।

ਅਮਰ-ਵੇਲ ਨੇ ਘੇਰ ਲਿਆ ਹੈ ਵਾਂਗ ਦਰਖ਼ਤਾਂ ਮੈਨੂੰ,
ਸਾਹ ਤੇ ਸੋਚ ਜਕੜ ਲਈ ਜਾਪੇ ਕੱਸੀਆਂ ਲੱਤਾਂ ਬਾਹਵਾਂ।

ਇਸ ਰੁੱਤੇ ਜੇ ਪੌਣ ਉਦਾਸੀ ਨਾ ਕਰ ਸ਼ਿਕਵਾ ਕੋਈ,
ਹੌਕੇ ਭਰ ਵਿਰਲਾਪ ਕਰਦੀਆਂ ਸਭ ਰੁੱਖਾਂ ਦੀਆਂ ਛਾਵਾਂ।

ਸੁਪਨ-ਸਿਰਜਣਾ ਕਰਾਂ ਮੈਂ ਕਿੱਥੇ ਆਲ਼-ਦੁਆਲ਼ੇ ਤਾਰਾਂ,
ਬੇਆਬਾਦ ਘਰਾਂ 'ਚੋਂ ਕਿਸਦੀ ਕੁੰਡੀ ਜਾ ਖੜਕਾਵਾਂ।

ਨਾਗ ਤਾਂ ਜ਼ਹਿਰੀ ਕੱਢ ਵਰਮੀਆਂ ਬੈਠੇ ਚੌਂਕ-ਚੁਰਾਹੇ,
ਜ਼ਹਿਰ-ਪਰੁੱਚੀਆਂ ਵਗਦੀਆਂ ਏਥੇ ਤਾਂ ਹੀ ਸਰਦ ਹਵਾਵਾਂ।

1

o

## ਬੰਦ ਕਮਰੇ ਵਿਚ ਬੈਠ

ਬੰਦ ਕਮਰੇ ਵਿਚ ਬੈਠ ਪੜ੍ਹਾਂ ਮੈਂ ਰੋਜ਼ਾਨਾ ਅਖ਼ਬਾਰਾਂ ਨੂੰ।
ਫਿਰ ਕਾਹਦੇ ਲਈ ਖ਼ਤਰਾ ਜਾਪੇ ਮੇਰੇ ਤੋਂ ਸਰਕਾਰਾਂ ਨੂੰ।

ਡਰਦਾ ਮਾਰਾ 'ਵਾਜ਼ ਨਾ ਕੱਢਾਂ ਬੂਹਾ ਖੜਕੇ ਘੜੀ ਮੁੜੀ,
ਕੰਨ ਵਲ੍ਹੇਟੀ ਸੁਣਦਾ ਹਾਂ ਮੈਂ ਯਾਰ ਦੀਆਂ ਫਿਟਕਾਰਾਂ ਨੂੰ।

ਵਿਰਲਾਂ ਥਾਣੀ ਬਲ਼ਦਾ ਸੂਰਜ ਜਦ ਚਾਨਣ ਜਾਂ ਸੇਕ ਦਏ,
ਨਿੱਘ ਦੀ ਖ਼ਾਤਰ ਜੀਅ ਕਰਦਾ ਏ ਡੇਗ ਦਿਆਂ ਦੀਵਾਰਾਂ ਨੂੰ।

ਅਪਣਾ ਆਪ ਲੁਕਾ ਕੇ ਭਾਵੇਂ ਪਿੰਜਰੇ ਦੇ ਵਿਚ ਵਾਸ ਕਰਾਂ,
ਉੱਡਣ ਦੀ ਸਿਖਲਾਈ ਦੇਵਾਂ ਪਰ-ਕਟਿਆਂ ਦੀਆਂ ਡਾਰਾਂ ਨੂੰ।

ਸ਼ਹਿਰ ਵੜਦਿਆਂ ਲੈਣ ਤਲਾਸ਼ੀ ਹਾਕਮ ਦੇ ਕਾਰਿੰਦੇ ਹੁਣ,
ਕਾਗ਼ਜ਼, ਕਲਮ, ਦਵਾਤ ਲੁਕਾ ਲਾਂ ਖ਼ਤਰਨਾਕ ਹਥਿਆਰਾਂ ਨੂੰ।

ਮੀਲਾਂ ਤੀਕ ਉਦਾਸੀ ਦਾ ਥਲ ਮਾਰੂ ਅੱਗ ਵਰ੍ਹਾਏਗਾ,
ਆਪੋ ਆਪਣੇ ਘਰਾਂ 'ਚੋਂ ਰੋਕੋ ਅਗਨੀ ਦੇ ਵਿਸਥਾਰਾਂ ਨੂੰ।

1

o

## ਗੋਲੀਆਂ ਵਿੰਨ੍ਹੇ ਜਿਸਮ

ਗੋਲੀਆਂ ਵਿੰਨ੍ਹੇ ਜਿਸਮ ਕੂਕਦੇ ਸੜਕਾਂ ਦਾ ਇਤਿਹਾਸ ਲਿਖੋ।
ਵਰਕਾ ਵਰਕਾ ਜੋੜ ਜੋੜ ਕੇ ਜ਼ਖ਼ਮਾਂ ਦਾ ਇਤਿਹਾਸ ਲਿਖੋ।

ਬਾਗ਼-ਬਗੀਚੇ ਅੱਗ ਦੀ ਭੇਟਾ, ਬਿਰਖ ਚਿਤਾਵਾਂ ਵਿਚ ਸੜੇ,
ਗ਼ਰਮ ਰਾਖ਼ ਦਾ ਹਿੱਸਾ ਬਣੀਆਂ ਲਗਰਾਂ ਦਾ ਇਤਿਹਾਸ ਲਿਖੋ।

ਇਹ ਕੈਸੀ ਬਰਸਾਤ ਛਾਨਣੀ ਧਰਤੀ ਮਾਂ ਦਾ ਸੀਨਾ ਹੈ,
ਕੋਰੇ ਸਫ਼ੇ ਉਡੀਕ ਰਹੇ ਨੇ ਜ਼ੁਲਮਾਂ ਦਾ ਇਤਿਹਾਸ ਲਿਖੋ।

ਤਣੇ ਹੋਏ ਮੁੱਕੇ ਨੂੰ ਆਖੋ ਹੋਸ਼ ਨਾਲ ਸਮਤੋਲ ਕਰੇ,
ਸੰਗਰਾਮੀ ਦੀ ਚਾਲ ਤੁਰਦਿਆਂ ਕਦਮਾਂ ਦਾ ਇਤਿਹਾਸ ਲਿਖੋ।

ਅੱਜ ਦੀ ਰਾਤ ਭਿਆਨਕ ਕਾਲ਼ੀ ਅੱਗੇ ਨਾਲੋਂ ਵਧ ਕੇ ਹੈ,
ਚੁੱਪ-ਚੁਪੀਤੇ ਘਰ ਨਾ ਬੈਠੋ ਫ਼ਰਜ਼ਾਂ ਦਾ ਇਤਿਹਾਸ ਲਿਖੋ।

ਕਲਮ, ਬੁਰਸ਼ ਤੇ ਸਾਜ਼ ਵਾਲ਼ਿਓ ਇਸ ਮੌਸਮ ਦਾ ਫ਼ਿਕਰ ਕਰੋ,
'ਸੱਚ ਕੀ ਬੇਲਾ' ਹੱਕ ਨਿਤਾਰੋ ਕੰਧਾਂ ਦਾ ਇਤਿਹਾਸ ਲਿਖੋ।

l

o

## ਆਪਣੇ ਆਲ-ਦੁਆਲੇ

ਆਪਣੇ ਆਲ-ਦੁਆਲੇ ਤਣਿਆ ਹੋਇਆ ਜੋ ਧੂੰਆਂ ਤਾਂ ਦੇਖ।
ਇਸ ਧੂੰਏਂ ਦੇ ਪੈਰਾਂ ਹੇਠਾਂ ਇਕ ਧੁਖਦਾ ਚਿਹਰਾ ਤਾਂ ਦੇਖ।

ਬੇਬਸ ਬੱਚਾ ਉਲਝ ਗਿਆ ਹੈ ਜੇਕਰ ਪਿਲਚੀ ਡੋਰ ਤੇ ਨਾਲ,
ਕਾਗ਼ਜ਼ ਦੀ ਗੁੱਡੀ ਸੰਗ ਜੁੜਿਆ ਉੱਡਣ ਦਾ ਸੁਪਨਾ ਤਾਂ ਦੇਖ।

ਇਹ ਮੌਸਮ ਦੀ ਕਰਾਮਾਤ ਹੈ ਸਿਖ਼ਰ ਦੁਪਹਿਰ ਹਨ੍ਹੇਰਾ ਹੈ,
ਪਰ ਇਸ ਵੇਲੇ ਸਿਰ 'ਤੇ ਦਗਦਾ ਸੂਰਜ ਦਾ ਗੋਲਾ ਤਾਂ ਦੇਖ।

ਅਪਣੇ ਘਰ ਦੀ ਚਾਰ-ਦੀਵਾਰੀ ਤੋਂ ਵੀ ਬਾਹਰ ਝਾਕ ਜ਼ਰਾ,
ਪਰਛਾਵੇਂ ਤੋਂ ਡਰਨ ਵਾਲਿਆ ਆਪਣਾ ਉੱਚਾ ਕੱਦ ਤਾਂ ਦੇਖ।

ਤੂੰ ਵੀ ਤਾਂ ਉਸ ਭੀੜ ਦਾ ਹਿੱਸਾ, ਜੋ ਮਲਬਾ ਬਣ ਵਿਛੀ ਪਈ,
ਜਿਸ ਦੇ ਪੈਰਾਂ ਹੇਠ ਪਿਆ ਏਂ, ਜ਼ਾਲਮ ਦਾ ਚਿਹਰਾ ਤਾਂ ਦੇਖ!

ਇਸ ਪਰਬਤ ਨੂੰ ਤੋੜ ਸਕਣ ਦਾ ਸਾਡਾ ਦਾਅਵਾ ਕੋਈ ਨਹੀਂ,
ਬੱਸ ਫਰਹਾਦ ਨੇ ਹੱਥਾਂ ਵਿਚ ਜੋ ਫੜਿਆ ਹੈ ਤੇਸਾ ਤਾਂ ਦੇਖ।

l

o

## ਗੁਆਚਾ ਫਿਰ ਰਿਹਾਂ

ਗੁਆਚਾ ਫਿਰ ਰਿਹਾਂ ਦੱਸੋ ਮੇਰਾ ਘਰ ਬਾਰ ਕਿੱਥੇ ਹੈ?
ਮੈਂ ਜਿਸ ਤੋਂ ਨਿਖੜਿਆਂ ਉਹ ਪੰਛੀਆਂ ਦੀ ਡਾਰ ਕਿੱਥੇ ਹੈ?

ਮੈਂ ਗੂੜ੍ਹੀ ਨੀਂਦ ਵਿਚੋਂ ਜਾਗਿਆਂ ਮੈਨੂੰ ਵਿਖਾਓ ਤਾਂ,
ਮੈਂ ਜਿਹੜਾ ਸੁਪਨਿਆਂ ਵਿਚ ਸਾਜਿਆ ਸੰਸਾਰ ਕਿੱਥੇ ਹੈ?

ਭਰਾਓ ਮੈਂ ਪੰਜਾਬੀ ਹਾਂ, ਮੈਂ ਨਾਨਕ ਦਾ ਰਬਾਬੀ ਹਾਂ,
ਲਿਆਓ ਜੋੜ ਕੇ ਦੇਵਾਂ ਉਹ ਟੁੱਟੀ ਤਾਰ ਕਿੱਥੇ ਹੈ?

ਤੁਸੀਂ ਜਿਸ ਤੇ ਚੜ੍ਹਾਉਣਾ ਸੀ ਤੇ ਉਸਨੇ ਮੁਸਕਰਾਉਣਾ ਸੀ,
ਮਸੀਹਾ ਲੱਭਦਾ ਫਿਰਦੈ ਭਲਾ ਉਹ ਦਾਰ ਕਿੱਥੇ ਹੈ?

ਮੈਂ ਜਿਸ ਦੇ ਨਾਲ ਪੰਜ ਸਦੀਆਂ ਹੰਢਾਈਆਂ ਧੁੱਪ ਛਾਂ ਬਣ ਕੇ,
ਮੇਰਾ ਨਾਨਕ ਨਾ ਖੋਹਵੋ ਦੱਸੋ ਮੇਰਾ ਯਾਰ ਕਿੱਥੇ ਹੈ?

ਇਹ ਮੇਰਾ ਸਾਜ਼ ਹੈ, ਆਵਾਜ਼ ਹੈ, ਪਰਵਾਜ਼ ਵੀ ਵੇਖੋ,
ਤੇ ਫਿਰ ਦੱਸੋ ਕਿ ਇਸ ਤੋਂ ਵਧ ਖ਼ਰਾ ਹਥਿਆਰ ਕਿੱਥੇ ਹੈ?

ਮੈਂ ਮੋਏ ਪੁੱਤਰਾਂ ਨੂੰ ਗਿਣਦਿਆਂ ਖ਼ੂੰਖ਼ਾਰ ਨਾ ਬਣ ਜਾਂ,
ਲਿਆਉ ਪਾੜ ਦੇਵਾਂ ਅੱਜ ਦਾ ਅਖ਼ਬਾਰ ਕਿੱਥੇ ਹੈ?

ਮੈਂ ਕਿੱਧਰ ਜਾ ਰਿਹਾਂ ਵੇਖੋ ਮੇਰਾ ਅਗਲਾ ਪੜਾਅ ਕਿੱਥੇ,
ਭਟਕਦੀ ਰੂਹ ਦਾ ਇਸ ਯੁਗ 'ਚ ਇਤਬਾਰ ਕਿੱਥੇ ਹੈ?

l

o

## ਜ਼ਿੰਦਗੀ ਵਿਚ ਮੁਸ਼ਕਲਾਂ

ਜ਼ਿੰਦਗੀ ਵਿਚ ਮੁਸ਼ਕਲਾਂ ਦੁਸ਼ਵਾਰੀਆਂ।
ਲੱਗਦੀਆਂ ਨੇ ਪਰਬਤਾਂ ਤੋਂ ਭਾਰੀਆਂ।

ਵੇਖ ਲੈ ਮਾਰੂਥਲਾਂ ਵਿਚ ਘਿਰ ਗਿਆ,
ਜੋ ਲਗਾਉਂਦਾ ਸੀ ਹਵਾ ਵਿਚ ਤਾਰੀਆਂ।

ਠੋਕਰਾਂ ਨੇ ਪੱਥਰਾਂ ਨੂੰ ਭੋਰਿਆ,
ਤੋੜ ਬੈਠੇ ਧਰਤ ਨਾਲੋਂ ਯਾਰੀਆਂ।

ਮਰਮਰੀ ਬੁੱਤ ਬੋਲਿਆ ਨਾ ਕੁਸਕਿਆ,
ਮੈਂ ਤਾਂ ਉਸਨੂੰ ਬਹੁਤ 'ਵਾਜ਼ਾਂ ਮਾਰੀਆਂ।

ਮਨ ਦਾ ਪੰਛੀ ਖੰਭ ਹੀਣਾ ਹੋ ਗਿਆ,
ਚਾਰੇ ਪਾਸੇ ਬੈਠੀਆਂ ਲਾਚਾਰੀਆਂ।

ਜ਼ਹਿਰ ਤਾਂ ਸਾਰੀ ਹਵਾ ਵਿਚ ਘੁਲ ਗਈ,
ਕੀ ਕਰੇਂਗਾ ਲਾ ਕੇ ਪਹਿਰੇਦਾਰੀਆਂ।

ਆਉਣ ਦੇ ਤਾਜ਼ਾ ਹਵਾ ਨੂੰ ਆਉਣ ਦੇ,
ਖੋਲ੍ਹ ਦੇ ਸਾਰੇ ਤੂੰ ਬੂਹੇ, ਬਾਰੀਆਂ।

l

o

## ਬੜ੍ਹਕਾਂ ਤੋਂ ਜੇ ਡਰ ਜਾਉਗੇ

ਬੜ੍ਹਕਾਂ ਤੋਂ ਜੇ ਡਰ ਜਾਉਗੇ।
ਚੁੱਪ-ਚੁਪੀਤੇ ਮਰ ਜਾਉਗੇ।

ਆਲ੍ਹਣਿਆਂ ਵਿੱਚ ਬੋਟ ਉਡੀਕਣ,
ਕਿਹੜੇ ਵੇਲੇ ਘਰ ਜਾਉਗੇ ?

ਸਿਦਕ-ਸਬੂਰੀ ਜੇ ਹੈ ਪੱਲੇ,
ਦਿਲ-ਦਰਿਆ ਨੂੰ ਤਰ ਜਾਉਗੇ।

'ਕੱਠੀਆਂ ਕਰੋ ਭਰਾਉ ਬਾਹਾਂ,
ਕੱਲ-ਮੁ-ਕੱਲ੍ਹੇ ਹਰ ਜਾਉਗੇ।

ਇਸ ਬਰਸਾਤ 'ਚ ਨੰਗੇ ਧੜ ਤਾਂ,
ਲੂਣ ਵਰਗਿਉ ਖ਼ਰ ਜਾਉਗੇ।

ਸੂਰਜ ਮੋਇਆ ਫਿਰ ਕੀ ਹੋਇਆ,
ਜੁਗਨੂੰਓਂ ਚਾਨਣ ਕਰ ਜਾਉਗੇ।

ਵੇਖਿਉ! ਜ਼ਿੰਦਗੀ ਤੜਪ ਰਹੀ ਹੈ,
ਜੇਕਰ ਅੰਬਰਸਰ ਜਾਉਗੇ।

1

o

## ਰਿਸ਼ਤੇ ਨਾਤੇ ਗਏ ਗੁਆਚੇ

ਰਿਸ਼ਤੇ ਨਾਤੇ ਗਏ ਗੁਆਚੇ ਉੱਜੜ ਗਈਆਂ ਥਾਵਾਂ ਨਾਲ।
ਬੇੜੀ ਦਾ ਕੀ ਸਾਕ ਰਹਿ ਗਿਆ ਸੁੱਕ ਗਏ ਦਰਿਆਵਾਂ ਨਾਲ।

ਮਾਰੂਥਲ ਵਿਚ ਪੈੜ ਤੇਰੀ ਤਾਂ ਮਿਟ ਚੱਲੀ ਸੀ ਰੇਤੇ ਹੇਠ,
ਮਹਿਕ ਤੇਰੀ ਨੇ ਉਂਗਲੀ ਫੜ ਕੇ ਸਾਥ ਨਿਭਾਇਆ ਸਾਹਵਾਂ ਨਾਲ।

ਖੜ੍ਹੇ ਖਲੋਤੇ ਸੁੱਕੇ ਰੁੱਖ ਨੂੰ ਲੱਕੜਹਾਰੇ ਚੀਰ ਧਰਨ,
ਰਾਹਗੀਰਾਂ ਨੂੰ ਮਤਲਬ ਹੁੰਦੈ ਬੱਸ ਇਕੱਲੀਆਂ ਛਾਵਾਂ ਨਾਲ।

ਇਕ ਇਕੱਲਾ ਕੁਝ ਨਹੀਂ ਹੁੰਦਾ ਨਾ ਏਧਰ ਨਾ ਓਧਰ ਦਾ,
ਮੱਥੇ ਨੂੰ ਵੀ ਤੁਰਨਾ ਪੈਂਦੈ ਇਕਜੁੱਟ ਹੋ ਕੇ ਬਾਹਵਾਂ ਨਾਲ।

ਜਗਦੇ ਬੁਝਦੇ ਅੱਖਰ ਬਾਤਾਂ ਪਾਉਂਦੇ ਨੇ ਜਦ ਸ਼ਾਮ ਢਲੇ,
ਬੁੱਝਣ ਵਾਲੇ ਬੁੱਝ ਲੈਂਦੇ ਨੇ ਕੁਝ ਨਾਵਾਂ ਕੁਝ ਥਾਵਾਂ ਨਾਲ।

ਦਿਸ਼ਾ-ਸੂਚਕੋ ਸੇਧ ਸੁਚੱਜੀ, ਤੁਸੀਂ ਕੀ ਦੇਣੀ ਰਾਹੀਆਂ ਨੂੰ,
ਤੁਸੀਂ ਤਾਂ ਘੁੰਮਣਘੇਰ 'ਚ ਪੈ ਗਏ ਵਗਦੀਆਂ ਤੇਜ਼ ਹਵਾਵਾਂ ਨਾਲ।

ਐਵੇਂ ਭਰਮ ਜਿਹਾ ਇਕ ਮਨ ਨੂੰ ਚੌਵੀ ਘੰਟੇ ਡੰਗਦਾ ਏ,
ਪੱਥਰਾਂ ਨੂੰ ਪਿਘਲਾ ਸਕਨਾਂ ਮੈਂ ਗ਼ਜ਼ਲਾਂ ਤੇ ਕਵਿਤਾਵਾਂ ਨਾਲ।

1

੦

## ਦੂਰ ਗਿਆਂ ਜਦ ਰਾਤ ਪੈਣ ਤੇ

ਦੂਰ ਗਿਆਂ ਜਦ ਰਾਤ ਪੈਣ ਤੇ ਘਰ ਦਾ ਚੇਤਾ ਆਵੇਗਾ।
ਵੇਖ ਲਵੀਂ ਤੂੰ ਗਾਉਂਦਾ ਪੰਛੀ ਟਾਹਣੀ ਫੜ ਕੁਰਲਾਵੇਗਾ।

ਸਿਖ਼ਰ-ਦੁਪਹਿਰੇ ਸਾਡੇ ਪਿੰਡ ਨੂੰ ਕਾਲ਼ੀ ਚਾਦਰ ਘਰੇ ਲਿਆ,
ਲੱਗਦਾ ਨਹੀਂ ਸੀ ਬੱਦਲੀ ਓਹਲੇ ਇੰਵ ਸੂਰਜ ਲੁਕ ਜਾਵੇਗਾ।

ਬਲ਼ਦੇ ਜੰਗਲ ਦੇ ਵਿਚ ਜਦ ਵੀ ਤੇਰੇ ਅਪਣੇ ਬੋਟ ਸੜੇ,
ਤੈਨੂੰ ਫੇਰ ਬਸੰਤਰ ਦਾਸਾ, ਪਾਣੀ ਚੇਤੇ ਆਵੇਗਾ।

ਉਮਰਾਂ ਜਿੱਡਾ ਲੰਮਾ ਹੌਕਾ ਧਰਤੀ ਮਾਂ ਨੇ ਭਰਿਆ ਹੈ,
ਪਤਾ ਨਹੀਂ ਕਦ ਸੇਕ ਏਸ ਦਾ ਪੱਥਰਾਂ ਨੂੰ ਪਿਘਲਾਵੇਗਾ।

ਤੇਜ਼ਾਬੀ ਬਰਸਾਤ 'ਚ ਪੱਤੇ ਬੂਟੇ ਹੀ ਨਹੀਂ ਝੁਲਸਣਗੇ,
ਗਰਭ-ਜੂਨ ਵਿਚ ਪਲਦਾ ਫੁੱਲ ਵੀ ਵੇਖ ਲਈਂ ਸੁੱਕ ਜਾਵੇਗਾ।

ਉੱਡਣੇ ਪੁੱਡਣੇ ਮਿੱਤ ਨਾ ਹੁੰਦੇ ਵੇਖ ਲਵੀਂ ਤੂੰ ਮਾਂਦਰੀਆ,
ਜਿਹੜੇ ਨਾਗ ਨੂੰ ਦੁੱਧ ਪਿਲਾਵੇਂ, ਤੈਨੂੰ ਹੀ ਡੰਗ ਜਾਵੇਗਾ।

ਪਤਾ ਨਹੀਂ ਸੀ ਖੇਡ ਖੇਡ ਵਿਚ ਏਥੋਂ ਤੱਕ ਜਾ ਪਹੁੰਚਾਂਗੇ,
ਸਾਜ਼ਾਂ ਨੂੰ ਆਵਾਜ਼ ਸਣੇ ਹੀ ਸਰਪ ਜਿਹਾ ਸੁੰਘ ਜਾਵੇਗਾ।

1

੦

## ਤੁਸੀਂ ਉਲ਼ਝਾ ਲਿਆ ਸਾਨੂੰ

ਤੁਸੀਂ ਉਲ਼ਝਾ ਲਿਆ ਸਾਨੂੰ ਹਿਸਾਬਾਂ ਤੇ ਕਿਤਾਬਾਂ ਵਿਚ।
ਕੋਈ ਵੀ ਫ਼ਰਕ ਨਾ ਜਾਪੇ ਸੁਆਲਾਂ ਤੇ ਜੁਆਬਾਂ ਵਿਚ।

ਜਦੋਂ ਦੇ ਜੰਗਲ਼ੀ ਬੂਟੇ ਨੂੰ ਸ਼ਹਿਰੀ ਹੱਥ ਲੱਗੇ ਨੇ,
ਉਦੋਂ ਦੀ ਮਹਿਕ ਮੋਈ ਹੈ ਬਗੀਚੇ ਦੇ ਗੁਲਾਬਾਂ ਵਿਚ।

ਮੈਂ ਮੋਈਆਂ ਤਿਤਲੀਆਂ ਦੇ ਖੰਭਾਂ ਕੋਲੋਂ ਬਹੁਤਾ ਡਰਦਾ ਹਾਂ,
ਜਿੰਨ੍ਹਾਂ ਦਾ ਕਤਲ ਹੋਇਆ ਮੇਰਿਆਂ ਰੰਗੀਨ ਖ਼੍ਵਾਬਾਂ ਵਿਚ।

ਜੋ ਸਾਰੀ ਉਮਰ ਨੰਗੇ ਪੈਰ ਲੰਮਾ ਸਫ਼ਰ ਕਰਦੇ ਨੇ,
ਉਨ੍ਹਾਂ ਦੇ ਪੈਰ ਨਹੀਂ ਫਸਦੇ ਕਦੇ ਬੂਟਾਂ ਜੁਰਾਬਾਂ ਵਿਚ ।

ਜਿੰਨ੍ਹਾਂ ਨੂੰ ਵੋਟ ਪਾ ਕੇ ਭੇਜਦੇ ਹਾਂ ਸੰਸਦਾਂ ਅੰਦਰ,
ਉਹ ਆਪਣੇ ਆਪ ਤਾਈਂ ਗਿਣਨ ਲੱਗਦੇ ਨੇ ਨਵਾਬਾਂ ਵਿਚ।

ਜ਼ਮਾਨਾ ਬਦਲਿਆ ਤੇ ਬਦਲੀਆਂ ਦਿਲਚਸਪੀਆਂ ਵੇਖੋ,
ਕਿ ਮੱਕੜੀ ਜਾਲ ਪਈ ਬੁਣਦੀ ਹੈ ਸਾਜ਼ਾਂ ਤੇ ਰਬਾਬਾਂ ਵਿਚ।

ਇਹ ਉੱਚੀ ਪੱਗ ਲੰਮੀ ਧੌਣ ਦੇ ਹੀ ਕਾਰਨੇ ਹੋਇਆ,
ਅਸਾਨੂੰ ਚੀਰਿਆ ਸ਼ੈਤਾਨ ਨੇ ਹੈ ਦੋ ਪੰਜਾਬਾਂ ਵਿਚ।

1

੦

## ਉਭੜ ਖਾਭੜ ਸੜਕਾਂ

ਉਭੜ ਖਾਭੜ ਸੜਕਾਂ ਉੱਤੇ ਲੱਗ ਰਹੇ ਹਿਚਕੋਲੇ।
ਪੋਟਲੀਆਂ 'ਚੋਂ ਕਿਰਦੇ ਜਾਂਦੇ ਗੁੱਡੀਆਂ ਅਤੇ ਪਟੋਲੇ।

ਸ਼ਾਮ ਢਲੇ ਹੀ ਬੇਵਿਸ਼ਵਾਸੀ ਚਾਰ-ਚੁਫ਼ੇਰਿਓਂ ਘੇਰੇ,
ਥਾਲ਼ੀ ਵਿਚਲੇ ਪਾਣੀ ਵਾਂਗੂੰ ਹਰ ਪਲ ਮਨੂਆ ਡੋਲੇ।

ਪੂਰਨਿਆਂ ਤੇ ਪੋਚਾ ਫਿਰਿਆ ਅੱਖਰ ਕਿਤੇ ਗੁਆਚੇ,
ਅਨਪੜ੍ਹ ਲੋਕਾਂ ਵਾਂਗੂੰ ਵਾਹਾਂ ਐਵੇਂ ਘੀਚ-ਮਚੋਲੇ।

ਮੋਇਆਂ ਦੀ ਬਸਤੀ ਵਿਚ ਦਸਤਕ ਦੇਵਾਂ ਤਾਂ ਕਿੰਞ ਦੇਵਾਂ,
ਆਸ ਨਹੀਂ ਹੈ ਮੁਰਦਾ ਜਾਗੇ, ਉੱਠੇ, ਕੁੰਡਾ ਖੋਲ੍ਹੇ।

ਮੰਦੀਆਂ ਖ਼ਬਰਾਂ 'ਕੱਠੀਆਂ ਕਰਕੇ ਭਰ ਜਾਂਦੇ ਨੇ ਵਿਹੜਾ,
ਮਨ ਦੀ ਛਤਰੀ ਉੱਤੇ ਬਹਿੰਦੇ ਆਣ ਕਬੂਤਰ ਗੋਲੇ।

ਉੱਚੇ ਨੀਵੇਂ ਛਾਬੇ ਇਸਦੇ ਗੌਰ ਨਾਲ ਤਾਂ ਵੇਖੋ,
ਬਾਂਦਰ ਹੱਥ ਤਰਾਜ਼ੂ ਦੱਸੋ, ਕਿੱਦਾਂ ਪੂਰਾ ਤੋਲੇ।

ਸਾਡੇ ਖ਼ੂਨ 'ਚ ਲਥਪਥ ਹੋਈ ਸਰਬ ਸਮੇਂ ਦੀ ਪੋਥੀ,
ਹਰ ਥਾਂ ਲਿਸ਼ਕੇ ਸੁਰਖ਼ ਇਬਾਰਤ ਜਿੰਨੇ ਵਰਕੇ ਫ਼ੋਲੇ।

1

੦

## ਮੋਈਆਂ ਘੁੱਗੀਆਂ ਚੇਤੇ ਆਈਆਂ

ਮੋਈਆਂ ਘੁੱਗੀਆਂ ਚੇਤੇ ਆਈਆਂ ਬਿਸਤਰ ਉਤੇ ਬਹਿੰਦੇ ਨੂੰ।
ਰਾਤ ਬਿਤਾਈ ਕੰਡਿਆਂ ਉੱਤੇ ਉਸੱਲਵੱਟੇ ਸਹਿੰਦੇ ਨੂੰ।

ਅੱਗ ਵੀ ਸਾੜੇ, ਠੰਢ ਵੀ ਠਾਰੇ, ਜੰਤ ਜਨੌਰਾਂ ਦਾ ਵੀ ਡਰ,
'ਕੱਲ੍ਹੀ ਜਾਨ ਨੂੰ ਲੱਖਾਂ ਕਜੀਏ ਜੰਗਲ ਦੇ ਵਿਚ ਰਹਿੰਦੇ ਨੂੰ।

ਸੁਰਖ਼ਪੋਸ਼ ਇਹ ਰਮਤਾ ਜੋਗੀ ਜਦ ਦਰਿਆ ਨੂੰ ਪਾਰ ਕਰੇ,
ਏਦਾਂ ਜਾਪੇ ਜਿੱਦਾਂ ਸੂਰਜ ਲਹਿ ਚੱਲਿਆ ਹੈ ਲਹਿੰਦੇ ਨੂੰ।

ਮੁੱਕ ਜਾਵਾਂਗੇ ਬਾਂਸ ਵਰਗਿਉ, ਆਪਣੀਓਂ ਹੀ ਅੱਗ ਦੇ ਨਾਲ,
ਡੱਕਿਆ ਨਾ ਜੇ ਬਾਹਾਂ ਨੂੰ ਹੁਣ ਆਪਸ ਦੇ ਵਿਚ ਖਹਿੰਦੇ ਨੂੰ।

ਸਿੰਗਾਂ ਵਾਲੇ ਇਕ ਚਿਹਰੇ ਤੋਂ ਹਰ ਦਮ ਡਰਦਾ ਰਹਿੰਦਾ ਹਾਂ,
ਹਰ ਵੇਲੇ ਉਹ ਖ਼ੌਰੂ ਪਾਏ ਘੂਰੇ ਉੱਠਦੇ ਬਹਿੰਦੇ ਨੂੰ।

ਖ਼ਬਰਦਾਰ ਜੀ, ਬਚ ਕੇ ਰਹਿਣਾ ਕੰਧਾਂ ਵਿਚ ਤਰੇੜਾਂ ਨੇ,
ਦੂਰ ਖਲੋਤੇ ਦੱਬ ਲੈਂਦੀ ਹੈ ਉੱਚੀ ਮਮਟੀ ਢਹਿੰਦੇ ਨੂੰ।

ਮੇਰੀ ਜੀਭ ਸੁਆਦਾਂ-ਪਿੱਟੀ ਝੂਠ ਦਾ ਮਿੱਠਾ ਖਾਂਦੀ ਹੈ,
ਸੱਚ ਏਸ ਨੂੰ ਕੌੜਾ ਲਗਦੈ ਮਨ੍ਹਾਂ ਕਰੇ ਸੱਚ ਕਹਿੰਦੇ ਨੂੰ।

ਪਤਾ ਨਹੀਂ ਇਸ ਇਮਤਿਹਾਨ ਵਿਚ ਕਿੰਨਾ ਕੁ ਚਿਰ ਰਹਿਣਾ ਹੈ,
ਚਾਰ ਜੁੱਗ ਤਾਂ ਬੀਤ ਗਏ ਨੇ ਜ਼ੋਰ ਜਬਰ ਇਹ ਸਹਿੰਦੇ ਨੂੰ।

1

o

## ਦੂਰ ਖੜ੍ਹਾ ਨਾ ਤੂੰ

ਦੂਰ ਖੜ੍ਹਾ ਨਾ ਤੂੰ ਨਦੀ ਦੇ ਕਿਨਾਰਿਆਂ ਨੂੰ ਵੇਖ।
'ਵਾਜ਼ਾਂ ਮਾਰਦੀਆਂ ਲਹਿਰਾਂ ਦੇ ਇਸ਼ਾਰਿਆਂ ਨੂੰ ਵੇਖ।

ਮੋਰ ਲੂਸ ਗਏ ਪਰਿੰਦਿਆਂ ਦੇ ਖੰਭ ਖਿੰਡ ਗਏ,
ਮੇਘ ਮੰਗਦੇ ਸਾਂ ਮਿਲ਼ ਗਏ ਅੰਗਾਰਿਆਂ ਨੂੰ ਵੇਖ।

ਵੇਖ ਸੱਥਰਾਂ ਦੇ ਨਾਲ ਕਿਵੇਂ ਭਰੇ ਸ਼ਮਸ਼ਾਨ,
ਕਿਵੇਂ ਰਾਤ ਦਿਨ ਚੀਰਦੇ ਨੇ ਆਰਿਆਂ ਨੂੰ ਵੇਖ।

ਐਵੇਂ ਰਾਤ ਦੀ ਉਡੀਕ 'ਚ ਨਾ ਚੁੱਪ ਕੀਤਾ ਬੈਠ,
ਇਨ੍ਹਾਂ ਦਿਨ ਦੀਵੀਂ ਚੜ੍ਹੇ ਚੰਨ-ਤਾਰਿਆਂ ਨੂੰ ਵੇਖ।

ਐਵੇਂ ਮੂਧੜੇ-ਮੂੰਹ ਡਿੱਗੀ ਜਾਨੈਂ ਵੇਖ ਕੇ ਮੁਨਾਰੇ,
ਕੋਲ ਵੱਸਦੇ ਨੇ ਜਿਹੜੇ ਛੰਨਾਂ, ਢਾਰਿਆਂ ਨੂੰ ਵੇਖ।

ਤੈਨੂੰ ਸੁਣਦੇ ਸਾਂ ਬਾਤ ਨੂੰ ਮੁਕਾ ਕੇ ਬਹਿ ਗਿਆ,
ਜਿਹੜੇ ਜਾਗਦੇ ਨੇ ਉਨ੍ਹਾਂ ਦੇ ਹੁੰਗਾਰਿਆਂ ਨੂੰ ਵੇਖ।

ਸਮਤੋਲ ਵਿਚ ਪੈਰ ਤਾਹੀਉਂ ਅੱਗੇ ਅੱਗੇ ਜਾਣਗੇ,
ਕਦੇ ਜਿੱਤਿਆਂ ਨੂੰ ਵੇਖ ਕਦੇ ਹਾਰਿਆਂ ਨੂੰ ਵੇਖ।

ਜਿਹੜੇ 'ਨ੍ਹੇਰੀਆਂ 'ਚ ਬਾਲ਼ਦੇ ਨੇ ਦੀਵਿਆਂ ਦੀ ਪਾਲ਼,
ਤੇਰੇ ਆਪਣੇ ਨੇ ਮਿੱਤਰਾਂ-ਪਿਆਰਿਆਂ ਨੂੰ ਵੇਖ।

1

o

## ਵੱਢਿਆ ਟੁੱਕਿਆ ਜਿਸਮ

ਵੱਢਿਆ ਟੁੱਕਿਆ ਜਿਸਮ ਪਿਆ ਹੈ ਰੋਜ਼ ਦੀਆਂ ਘਟਨਾਵਾਂ ਨਾਲ।
ਕਿੱਦਾਂ ਅੱਖ ਮਿਲਾਵਾਂ ਯਾਰੋ ਅੱਜ ਮੈਂ ਪੰਜ ਦਰਿਆਵਾਂ ਨਾਲ।

ਬੰਸਰੀਆਂ ਦੇ ਪੋਰ 'ਚ ਸਿੱਕਾ ਭਰ ਦਿੱਤਾ ਏ ਵਕਤਾਂ ਨੇ,
ਨੱਚਦੇ ਨੱਚਦੇ ਮੋਰ ਸਹਿਮ ਗਏ ਕਿਹੜਾ ਸਾਜ਼ ਵਜਾਵਾਂ ਨਾਲ।

ਖੜ੍ਹੀਆਂ ਫ਼ਸਲਾਂ ਕੱਚੇ ਕੋਠੇ ਇਹ ਚੰਦਰੇ ਕਿਉਂ ਢਾਹੁੰਦੇ ਨੇ,
ਆਓ ਯਾਰੋ ਗੱਲ ਤਾਂ ਕਰੀਏ ਸ਼ੂਕ ਰਹੇ ਦਰਿਆਵਾਂ ਨਾਲ।

'ਨ੍ਹੇਰੇ ਦੇ ਵਿਚ ਜੰਮੇ ਜਾਏ ਕਿੱਸਰਾਂ ਸੱਚ ਪਛਾਨਣਗੇ,
ਸੂਰਜ ਦੇ ਵੱਲ ਮੂੰਹ ਕੀਤੇ ਬਿਨ ਤੁਰਦਾ ਨਾ ਪਰਛਾਵਾਂ ਨਾਲ।

ਰਿਸ਼ਤੇ ਦੀ ਚਾਦਰ ਦੀਆਂ ਲੀਰਾਂ ਖਿੱਲਰ ਗਈਆਂ ਏਸ ਤਰ੍ਹਾਂ,
ਚਾਰ ਕਦਮ ਨਾ ਤੁਰ ਕੇ ਰਾਜ਼ੀ, ਸੱਕੀ ਭੈਣ, ਭਰਾਵਾਂ ਨਾਲ।

ਜਿਹੜਾ ਫੁੱਲ ਖੁਸ਼ਬੋਈ ਵਾਲਾ ਉਹ ਤਾਂ ਮਹਿਕਾਂ ਵੰਡੇਗਾ,
ਉਸ ਨੇ ਬਾਜ਼ ਨਹੀਂ ਆਉਣਾ ਹੈ ਡਾਢੀਆਂ ਸਖ਼ਤ ਸਜ਼ਾਵਾਂ ਨਾਲ।

ਅੰਨ੍ਹਾ ਬੰਦਾ ਵੀ ਬੁੱਝ ਲੈਂਦੈ, ਪੈੜ-ਚਾਲ ਤੋਂ ਸਹਿਜੇ ਤੋਂ,
ਕਿਹੜਾ ਬੰਦਾ ਸਾਂਝ ਪੁਗਾਉਂਦਾ, ਕਿਸ ਤਰ੍ਹਾਂ ਦੇ ਰਾਹਵਾਂ ਨਾਲ।

ਸਾਰੇ ਚੌਂਕ, ਚੁਰਸਤੇ ਮੱਲੇ ਕਾਲੇ ਫ਼ਨੀਅਰ ਨਾਗਾਂ ਨੇ,
ਯਤਨ ਕਰਾਂ ਕਿ ਕੀਲ ਲਵਾਂ ਮੈਂ ਗ਼ਜ਼ਲਾਂ ਤੇ ਕਵਿਤਾਵਾਂ ਨਾਲ।

1

੦

## ਪੰਜ ਦਰਿਆ ਪੰਜਾਬ

ਪੰਜ ਦਰਿਆ ਪੰਜਾਬ ਬਣ ਗਿਆ ਢਾਈ ਦਰਿਆ ਢਾਬ।
ਪੱਤੀ ਪੱਤੀ ਖਿੱਲਰ ਚੱਲਿਆ ਸਾਡਾ ਸੁਰਖ਼ ਗੁਲਾਬ।

ਕਿਸ ਚੰਦਰੇ ਨੇ ਲਿਖਿਆ ਹੈ ਇਹ ਜੰਗਲ ਦਾ ਕਾਨੂੰਨ,
ਅੱਖਰ ਅੱਖਰ ਖਾਣ ਨੂੰ ਆਏ ਆਦਮ-ਖ਼ੋਰ ਕਿਤਾਬ।

ਸੰਕਟ-ਕਾਲ 'ਚ ਜੰਮੇ ਜਾਏ ਪੁੱਛਣਗੇ ਜਦ ਸਾਨੂੰ,
ਸਿਵਿਆਂ ਦੇ ਵਿਸਥਾਰ ਦੇ ਬਾਰੇ ਕਿਹੜਾ ਦੇਊ ਜਵਾਬ।

ਸਾਹਾਂ ਦੀ ਇਹ ਡੋਰ ਭੂਤਰੇ ਸਾਨ੍ਹ ਦੇ ਪੈਰੀਂ ਉਲਝੀ,
ਮੈਂ ਜਾਣਾਂ ਜਾਂ ਮੌਲਾ ਜਾਣੇਂ ਹੋਈ ਜੋ ਮੇਰੀ ਬਾਬ।

ਬਾਬਾ ਨਾਨਕ ਤੇ ਮਰਦਾਨਾ ਜੋਟੀਦਾਰ ਪੁਰਾਣੇ,
ਚੁਸਤ ਮਜੌਰਾਂ ਵੱਖਰੇ ਕੀਤੇ ਬਾਣੀ ਅਤੇ ਰਬਾਬ।

ਸਤਲੁਜ ਤੇ ਰਾਵੀ ਵਿਚ ਡੁੱਬੀਆਂ ਹੇਕਾਂ, ਚੀਕਾਂ, ਕੂਕਾਂ,
ਹੰਝੂਆਂ ਨਾਲ ਬਿਆਸਾ ਭਰਿਆ ਨੱਕੋ ਨੱਕ ਚਨਾਬ।

'ਨ੍ਹੇਰੇ ਦੇ ਵਿਚ ਟੋਹ ਟੋਹ ਤੁਰੀਏ ਰੋਜ਼ਾਨਾ ਹੀ ਭੁਰੀਏ,
ਸਮਝ ਨਾ ਆਵੇ ਕਦ ਮੁੱਕੇਗਾ ਯਾਰੋ ਚੰਦਰਾ ਖ਼੍ਵਾਬ।

1

੦

## ਖੋਹ ਲਿਆ ਸੂਰਜ

ਖੋਹ ਲਿਆ ਸੂਰਜ ਸੀ ਜਿਹੜਾ ਰਾਤ ਨੇ।
ਮੋੜ ਦਿੱਤਾ ਦਿਨ ਚੜ੍ਹੇ ਪ੍ਰਭਾਤ ਨੇ।

ਵੇਲਣੇ ਵਿਚ ਜਿਸਮ ਹੀ ਪੀੜੇ ਨਹੀਂ,
ਟੁਕੜੇ ਟੁਕੜੇ ਹੋ ਗਏ ਜਜ਼ਬਾਤ ਨੇ।

ਨੀਵੇਂ ਥਾਂ ਪਾਣੀ ਖੜ੍ਹੇ ਬੂਟੇ ਮਰੇ,
ਕਹਿਰ ਢਾਇਆ ਇਸ ਤਰ੍ਹਾਂ ਬਰਸਾਤ ਨੇ।

ਮੈਂ ਮੁਖੌਟਾ ਪਹਿਨ ਕੇ ਭਾਵੇਂ ਫਿਰਾਂ,
ਸੱਚ ਦੱਸ ਦੇਣਾ ਮੇਰੀ ਔਕਾਤ ਨੇ।

ਇਹ ਮੇਰੇ ਨੈਣਾਂ 'ਚ ਜਿਹੜੇ ਅੱਥਰੂ,
ਵਕਤ ਨੇ ਦਿੱਤੇ ਅਸਾਨੂੰ ਦਾਤ ਨੇ।

ਪਾਣੀਆਂ ਵਿਚ ਲੀਕ ਅੰਬਰ ਫਾੜੀਆਂ,
ਕਿਸ ਤਰ੍ਹਾਂ ਹੈ ਚੀਰਿਆ ਹਾਲਾਤ ਨੇ।

ਜਨਮ ਦਿਨ ਤੇ ਬਾਲ ਵੀ ਹੁਣ ਭੇਜਦੇ,
ਬੰਬ ਤੇ ਪਿਸਤੌਲ ਦੀ ਸੌਗਾਤ ਨੇ।

1

੦

## ਰੋਜ਼ ਸਵੇਰੇ ਘਰ

ਰੋਜ਼ ਸਵੇਰੇ ਘਰ ਵਿਚ ਆਉਂਦੀਆਂ ਰੱਤ-ਭਿੱਜੀਆਂ ਅਖ਼ਬਾਰਾਂ।
ਅੰਨ੍ਹੇ-ਖੂਹ ਵਿਚ ਗ਼ਰਕ ਗਿਆਂ ਨੂੰ ਕਿੱਸਰਾਂ 'ਵਾਜ਼ਾਂ ਮਾਰਾਂ।

ਚੰਗੇ ਭਲੇ ਪਰਿੰਦੇ ਬਹਿ ਗਏ ਆਲ੍ਹਣਿਆਂ ਵਿਚ ਜਾ ਕੇ,
ਧਰਤੀ ਅੰਬਰ ਸਾਰਾ ਮੱਲਿਆ ਹੁਣ ਖੰਭਾਂ ਦੀਆਂ ਡਾਰਾਂ।

ਅਣਚਾਹੇ ਮਹਿਮਾਨ ਦੇ ਵਾਂਗੂੰ ਚੰਦਰੇ ਸੁਪਨੇ ਆਉਂਦੇ,
ਸਹਿਮ ਜਿਹਾ ਛੱਡ ਜਾਵਣ ਪਿੱਛੇ ਮਰ ਚੁੱਕਿਆਂ ਦੀਆਂ ਤਾਰਾਂ।

ਪੌਣਾਂ ਦੇ ਵਿਚ ਜ਼ਹਿਰ ਘੋਲ ਕੇ ਕੌਣ ਬਚੇਗਾ ਏਥੇ,
ਸਿਵਿਆਂ ਦੇ ਵਿਚ ਅਰਥਹੀਣ ਨੇ ਸਾਰੀਆਂ ਜਿੱਤਾਂ ਹਾਰਾਂ।

ਪੈਦਲ ਬੰਦੇ ਦੇ ਹਿੱਸੇ ਬੱਸ ਮਿੱਟੀ ਘੱਟਾ ਆਵੇ,
ਪੱਕੀਆਂ ਸੜਕਾਂ ਉੱਤੇ ਭਾਵੇਂ ਚੱਲਦੀਆਂ ਮੋਟਰ-ਕਾਰਾਂ।

ਹੱਥਾਂ ਵਾਲੀ ਡੋਰ ਨਾ ਕਿਧਰੇ ਹੱਥਾਂ ਵਿਚ ਰਹਿ ਜਾਵੇ,
ਚਾਤਰ ਪੇਚੇ ਮਾਰਨ ਐਧਰ ਸੁੱਤੀਆਂ ਨੇ ਸਰਕਾਰਾਂ।

ਹੜ੍ਹ ਦਾ ਪਾਣੀ ਵਗਦਾ ਭਾਵੇਂ ਸਿਰ ਉਤੋਂ ਦੀ ਯਾਰੋ,
ਇਕ ਦੂਜੇ ਨੂੰ ਪਾਓ ਕਰਿੰਘੜੀ ਬਣ ਜਾਓ ਦੀਵਾਰਾਂ।

1

ੋ

## ਰੁੱਖਾਂ ਨੂੰ ਆਰੀ ਫੇਰ ਨਾ

ਰੁੱਖਾਂ ਨੂੰ ਆਰੀ ਫੇਰ ਨਾ ਡਿੱਗਣਗੇ ਆਲ੍ਹਣੇ।
ਚਿੜੀਆਂ ਨੇ ਫੇਰ ਕਿਸ ਜਗ੍ਹਾ ਨੇ ਬੋਟ ਪਾਲ਼ਣੇ?

ਰੋਟੀ ਸਿਆਸਤਦਾਨ ਨੇ ਹਰ ਹਾਲ ਸੇਕਣੀ,
ਸਾਡੇ ਹੀ ਪੁੱਤਰ ਵੀਰ ਉਸ ਚੁੱਲ੍ਹੇ 'ਚ ਬਾਲ਼ਣੇ।

ਤੇਰੀ ਬੁਝੇਗੀ ਪਿਆਸ ਹੁਣ ਕਿੰਨੇ ਕੁ ਖ਼ੂਨ ਨਾਲ,
ਦੱਸ ਦੇ ਜ਼ਰਾ ਕੁ ਦਿੱਲੀਏ ਨੀ ਬਾਰਾਂ ਤਾਲ਼ਣੇ।

ਤੇਰੇ ਬਗੈਰ ਹੋਰ ਤੋਂ ਖ਼ਤਰਾ ਨਾ ਬਾਗ਼ ਨੂੰ,
ਤੂੰਹੀਓਂ ਹੀ ਫਿਰਦੀ ਤੋੜਦੀ ਫੁੱਲਾਂ ਨੂੰ ਮਾਲ਼ਣੇ।

ਇਹ ਮਾਸਖ਼ੋਰੇ ਜਿੰਨ੍ਹਾਂ ਨੇ ਖਾਧੇ ਨੇ ਕਾਫ਼ਲੇ,
ਸੰਗਲ ਦੇ ਨਾਲ ਹੋਣਗੇ ਮੁਸ਼ਕਿਲ ਸੰਭਾਲਣੇ।

ਕਾਲੀ-ਹਵਾ ਵੀ ਕਮਰਿਆਂ ਵਿਚ ਜਾਣਾ ਲੋਚਦੀ,
ਔਖੇ ਨੇ ਸੂਰਜ ਛਿਪਦਿਆਂ ਹੁਣ 'ਨ੍ਹੇਰ ਟਾਲਣੇ।

ਲੱਭਾਂਗੇ ਸੂਰਜ ਮਘ ਰਿਹਾ ਗੁੰਮਿਆ ਗੁਆਚਿਆ,
ਭਾਵੇਂ ਅਸਾਂ ਨੂੰ ਪੈਣ ਹੁਣ ਸਾਗਰ ਹੰਗਾਲ਼ਣੇ।

1

## ਜਦ ਤੋਂ ਹੋਰ ਜ਼ਮਾਨੇ ਆਏ

ਜਦ ਤੋਂ ਹੋਰ ਜ਼ਮਾਨੇ ਆਏ ਬਦਲੇ ਨੇ ਹਾਲਾਤ ਮੀਆਂ।
ਸਾਡੇ ਪਿੰਡ ਤਾਂ ਚਾਰ ਵਜੇ ਹੀ ਪੈ ਜਾਂਦੀ ਏ ਰਾਤ ਮੀਆਂ।

ਅਸੀਂ ਤਾਂ ਇਹਦੀਆਂ ਨੀਹਾਂ ਦੇ ਵਿਚ ਸਿਰ ਦਿੱਤੇ ਸੀ ਏਸ ਲਈ,
ਪੁੱਤ-ਪੋਤਰੇ ਵਾਸ ਕਰਨਗੇ ਜਦ ਆਊ ਬਰਸਾਤ ਮੀਆਂ।

ਰੋਜ਼ ਦਿਹਾੜੀ ਸੱਥਰ ਵਿਛਦੇ ਕੀਰਨਿਆਂ ਦੀ 'ਵਾਜ ਸੁਣੇ,
ਇਕ ਇਕ ਕਰਕੇ ਕਤਲ ਹੋ ਰਹੇ ਹੁਣ ਮੇਰੇ ਜਜ਼ਬਾਤ ਮੀਆਂ।

ਰਾਜ-ਭਵਨ ਦੇ ਵਾਸੀ ਸੱਜਣਾ ਤੂੰ ਵੀ ਬਾਹਰ ਝਾਕ ਜ਼ਰਾ,
ਕਈ ਵਰ੍ਹਿਆਂ ਤੋਂ ਇਸ ਬਸਤੀ ਵਿਚ ਆਈ ਨਾ ਪ੍ਰਭਾਤ ਮੀਆਂ।

ਮੇਰੀ ਚੀਖ਼ ਸੁਣਦਿਆ ਲੋਕਾ, ਜਾਗ ਅਤੇ ਸੰਘਰਸ਼ ਵੀ ਕਰ,
ਆਪਣੇ ਆਪ ਨਹੀਂ ਇਹ ਮੁੱਕਣੀ ਗ਼ਮ ਦੀ ਕਾਲ਼ੀ ਰਾਤ ਮੀਆਂ।

ਆਪੋ-ਆਪਣਾ ਜ਼ਹਿਰ ਪਿਆਲਾ ਪੀਣਾ ਪੈਣੈਂ ਹਮਸਫ਼ਰੋ,
ਹਰ ਵਾਰੀ ਨਹੀਂ ਆਉਂਦਾ ਹੁੰਦਾ, ਧਰਤੀ 'ਤੇ ਸੁਕਰਾਤ ਮੀਆਂ।

ਜਿਹੜੇ ਵੇਲੇ ਚੋਗਾ ਚੁਗ ਕੇ ਪੰਛੀ ਘਰ ਨੂੰ ਮੁੜਦੇ ਨੇ,
ਇਕ ਦੂਜੇ ਤੋਂ ਲੁਕਦੇ ਫਿਰੀਏ ਮੈਂ ਤੇ ਮੇਰੀ ਜ਼ਾਤ ਮੀਆਂ।

ਮੈਂ ਤਾਂ ਏਸ ਚੌਰਾਹੇ ਦੇ ਵਿਚ ਬਲ਼ਦਾ ਦੀਵਾ ਧਰ ਚੱਲਿਆਂ,
ਲਾਟ ਬਚਾਇਓ 'ਨੇਰ੍ਹੀ ਕੋਲੋਂ ਸਿਰ 'ਤੇ ਕਾਲ਼ੀ ਰਾਤ ਮੀਆਂ।

1

## ਗਲ਼ੀਆਂ ਸੁੰਨ-ਮਸੁੰਨੀਆਂ

ਗਲ਼ੀਆਂ ਸੁੰਨ-ਮਸੁੰਨੀਆਂ ਬੂਹੇ ਚੌੜ-ਚਪੱਟ।
ਪਿੱਛੇ ਉੱਡਦੀ ਧੂੜ ਹੈ ਅੱਗੇ ਮਿਰਜ਼ਾ ਜੱਟ।

ਵਗੇ ਤਤ੍ਰੀਰੀ ਖ਼ੂਨ ਦੀ ਚਿਹਰਾ ਜ਼ਰਦ ਵਸਾਰ,
ਡਾਢੀ ਔਖੀ ਝੱਲਣੀ ਯਾਰੋ ਸਿਰ ਦੀ ਸੱਟ।

ਛਿੰਝਾਂ ਵਿਚ ਬੇਰੌਣਕੀ ਕੌਡ-ਕਬੱਡੀ ਚੁੱਪ,
ਹੁਣ ਨਾ ਪੈਲਾਂ ਪੇਲਦੇ ਮੋਰਾਂ ਵਾਲੇ ਪੱਟ।

ਸੁਣ ਨੀ ਚਾਤਰ ਕੁਰਸੀਏ ਕੌਣ ਕਰੂ ਇਤਬਾਰ,
ਥੁੱਕੇਂ ਆਪ ਨਿਗੱਲੀਏ ਆਪੇ ਲਏਂ ਤੂੰ ਚੱਟ।

ਪੁੜੀਆਂ ਦੇ ਦੇ ਥੱਕ ਗਏ ਕਿੰਨੇ ਵੈਦ, ਹਕੀਮ,
ਕਰਕ-ਕਲੇਜੇ ਰੜਕਦੀ ਡੂੰਘੇ ਦਿਲ ਦੇ ਫੱਟ।

ਧੂਤੂ ਤੇਰੇ ਕੋਲ ਨੇ ਰੱਜ ਕੇ ਸਾਨੂੰ ਨਿੰਦ,
ਪਰ ਇਕ ਵਾਰੀ ਆਪ ਨੂੰ ਛੱਜ ਵਿਚ ਪਾ ਕੇ ਛੱਟ।

ਜੰਗਲ ਦੇ ਵਿਚ ਜੀਣ ਦਾ ਤੈਨੂੰ ਹੀ ਸੀ ਝੱਲ,
ਦਿਲ ਨਹੀਂ ਛੋਟਾ ਕਰੀਦਾ ਸਿਰ ਤੇ ਬਣੀਆਂ ਕੱਟ।

1

## ਨਾ ਉਹ ਆਰ ਦੇ ਰਹੇ

ਨਾ ਉਹ ਆਰ ਦੇ ਰਹੇ ਤੇ ਨਾ ਉਹ ਪਾਰ ਦੇ ਰਹੇ।
ਜਿਹੜੇ ਕੰਢੇ 'ਤੇ ਖਲੋਤੇ 'ਵਾਜ਼ਾਂ ਮਾਰਦੇ ਰਹੇ।

ਉਨ੍ਹਾਂ ਡੋਬੇ ਨੇ ਮੁਸਾਫਰਾਂ ਦੇ ਪੂਰ-ਦਰ-ਪੂਰ,
ਜਿਹੜੇ ਬੇੜੀਆਂ ਵੀ ਖ਼੍ਵਾਬਾਂ ਵਿਚ ਤਾਰਦੇ ਰਹੇ।

ਖ਼ੌਰੇ ਕਿੱਸਰਾਂ ਪਸੀਜਣੇ ਸੀ ਪੱਥਰਾਂ ਦੇ ਬੁੱਤ,
ਅਸੀਂ ਹੰਝੂਆਂ ਦੀ ਆਰਤੀ ਉਤਾਰਦੇ ਰਹੇ।

ਕਹਿਰੀ ਹਵਾ ਨੇ ਖਿੰਡਾਇਆ ਕਣ ਕਣ ਉੱਡਿਆ,
ਅਸੀਂ ਕਿਲ੍ਹੇ ਗਿੱਲੀ ਰੇਤ ਦੇ ਉਸਾਰਦੇ ਰਹੇ।

ਕਿਵੇਂ ਜ਼ਿੰਦਗੀ ਦੀ ਅੱਖ ਨਾਲ ਅੱਖ ਉਹ ਮਿਲਾਂਦੇ,
ਬਦਨੀਤ ਜੋ ਝਕਾਨੀਆਂ ਹੀ ਮਾਰਦੇ ਰਹੇ।

ਥੋੜ੍ਹੇ ਲੋਕ ਨੇ ਜੋ ਬਾਲ਼ਦੇ ਨੇ ਬੱਤੀਆਂ ਬਨੇਰੇ,
ਬਹੁਤੇ ਰਾਤ ਦੜ ਵੱਟ ਕੇ ਗੁਜ਼ਾਰਦੇ ਰਹੇ।

1

## ਜੀਅ ਕਰਦੈ ਅਪਣੇ ਪਿੰਡ ਜਾ ਕੇ

ਜੀਅ ਕਰਦੈ ਅਪਣੇ ਪਿੰਡ ਜਾ ਕੇ ਚੱਬਾਂ ਦੋਧਾ-ਛੱਲੀਆਂ ਹੂ।
ਵਰ੍ਹਦੇ ਮੀਂਹ ਵਿਚ ਨੰਗਾ ਦੌੜਾਂ ਮਾਰਾਂ ਝੱਲ-ਵਲੱਲੀਆਂ ਹੂ।

ਏਸ ਨਗਰ ਬਨਵਾਸੀ ਹੋਏ ਰੋਜ਼ੀ ਖ਼ਾਤਰ ਆਏ ਸਾਂ,
ਪਿੱਛੇ ਰੋਜ਼ ਉਡੀਕਦੀਆਂ ਨੇ ਮਾਵਾਂ ਕੱਲ-ਮੁ-ਕੱਲ੍ਹੀਆਂ ਹੂ।

ਅੰਬਰ ਵਿਚੋਂ ਤਾਰਾ ਟੁੱਟ ਕੇ ਖ਼ੌਰੇ ਕਿੱਥੇ ਗਰਕ ਗਿਆ,
ਚੁੰਨੀਆਂ ਰੋਣ ਦੁਹੱਥੜ ਪਿੱਟਣ ਹੋ ਗਈਆਂ ਨੇ ਝੱਲੀਆਂ ਹੂ।

ਕੂੰਜਾਂ ਗਈਆਂ ਦੂਰ ਦੇਸ਼ ਨੂੰ ਬੱਚੇ ਦੇ ਕੇ ਮੁੜੀਆਂ ਨਾ,
ਖ਼ਾਲਮ-ਖ਼ਾਲੀ ਆਲ੍ਹਣਿਆਂ ਵਿਚ ਚੁੱਪ ਨੇ ਟੱਲ-ਮ-ਟੱਲੀਆਂ ਹੂ।

ਤੇਰੇ ਭਾਣੇ ਇਕ ਸਿਵਾ ਬਲ ਬੁਝ ਕੇ ਜਲ ਪ੍ਰਵਾਹ ਹੋਵੇ,
ਇਹ ਵੀ ਦੇਖ ਤੂੰ ਕਿਥੋਂ ਤੀਕਰ ਮੱਚਦੀਆਂ ਤਰਥੱਲੀਆਂ ਹੂ।

ਫੂਹੜੀ ਉੱਤੇ ਬਹਿ ਕੇ ਉਹ ਅਫ਼ਸੋਸ ਕਰੇ ਤੇ ਮੁੜ ਜਾਵੇ,
ਕਾਤਲ ਦਾ ਮਸ਼ਗੂਲਾ ਵੇਖੋ ਦੇਵੇ ਆਪ ਤਸੱਲੀਆਂ ਹੂ।

ਜਿੱਧਰ ਵੇਖਾਂ ਹਰ ਥਾਂ ਅੱਗਾਂ, ਧਰਤੀ ਦੀ ਹਰਿਔਲ ਸੜੇ,
ਠੰਢੀਆਂ ਪੌਣਾਂ ਰੱਬ ਡਾਢੇ ਨੇ ਕਿਹੜੇ ਪਾਸੇ ਘੱਲੀਆਂ ਹੂ।

1

o

## ਸੁਪਨ-ਪਰਿੰਦੇ ਸੰਘੀਉਂ ਫੜ ਕੇ

ਸੁਪਨ-ਪਰਿੰਦੇ ਸੰਘੀਉਂ ਫੜ ਕੇ ਕਰਦਾ ਕਿਉਂ ਕਤਲਾਮ ਜਿਹਾ ?
ਰੋਜ਼ ਰਾਤ ਨੂੰ ਸੁਣਦਾ ਨਹੀਂ ਤੂੰ ਘੁੱਗੀਆਂ ਦਾ ਕੋਹਰਾਮ ਜਿਹਾ।

ਰੰਗ-ਬਰੰਗੀਆਂ ਤਿਤਲੀਆਂ ਫੜਕੇ ਵਿਚ ਕਿਤਾਬਾਂ ਕੈਦ ਕਰੇਂ,
ਸ਼ੌਕ ਅਵੱਲਾ ਇਹ ਤੇਰਾ ਹੁਣ ਹੋ ਚੱਲਿਆ ਬਦਨਾਮ ਜਿਹਾ।

ਦਹਿਸ਼ਤ, ਵਹਿਸ਼ਤ ਅਕਲੋਂ, ਸ਼ਕਲੋਂ ਸਕੀਆਂ ਭੈਣਾਂ ਜਾਪਦੀਆਂ,
ਇਨ੍ਹਾਂ ਨੇ ਪੰਜਾਬ ਬਣਾਇਆ ਹੁਣ ਤਾਂ ਦੂਜੀ ਲਾਮ ਜਿਹਾ।

'ਨੇਰ੍ਹ ਸਾਈਂ ਦਾ ਜੋਤਸ਼ੀਆਂ ਦੇ ਨਾਲ ਜੋਟੀਆਂ ਪਾ ਬੈਠਾ,
ਆਸ ਦਾ ਸੂਰਜ ਲੱਗਦਾ ਸੀ ਜੋ ਸਾਨੂੰ ਸੁਰਖ਼ ਸਲਾਮ ਜਿਹਾ।

ਅਦਲ ਸਮੇਂ ਦਾ ਯਾਰੋ ਦੇਖੋ ਕਿੱਥੋਂ ਕਿੱਥੇ ਜਾ ਪਹੁੰਚਾ,
ਪਾਗ਼ਲ ਕਹਿਕੇ ਗੋਲੀ ਮਾਰਨ ਕਰ ਦੇਵਣ ਬਦਨਾਮ ਜਿਹਾ।

ਨਿੰਮੋਝੂਣ ਉਦਾਸਿਆ ਸੂਰਜ ਸੋਚਾਂ ਦੇ ਖ਼ੂਹ ਡੁੱਬ ਚੱਲਿਆ,
ਸੁਬ੍ਹਾ-ਸਵੇਰੇ, ਸਿਖ਼ਰ-ਦੁਪਹਿਰੇ ਲੱਗਦਾ ਸੀ ਜੋ ਸ਼ਾਮ ਜਿਹਾ।

ਖ਼ੌਰੇ ਕਿਸ ਦਿਨ ਸੁੱਤੇ ਲੋਕੀਂ ਗੂੜ੍ਹੀ ਨੀਂਦ ਤਿਆਗਣਗੇ,
ਹੱਕ ਅਤੇ ਇਨਸਾਫ਼ ਦੀ ਖ਼ਾਤਰ ਛੇੜਣਗੇ ਸੰਗਰਾਮ ਜਿਹਾ।

1

o

## ਹਰ ਪਾਸੇ ਹਥਿਆਰ ਬੇਲੀਆ

ਹਰ ਪਾਸੇ ਹਥਿਆਰ ਬੇਲੀਆ।
ਕਰਦੇ ਮਾਰੋ ਮਾਰ ਬੇਲੀਆ।

ਮੈਂ ਵਰ੍ਹਿਆਂ ਤੋਂ ਲੱਭਦਾ ਫਿਰਨਾਂ,
ਕਿੱਥੇ ਹੈ ਸਰਕਾਰ ਬੇਲੀਆ?

ਲੱਤਾਂ ਹੀ ਨਾ ਭਾਰ ਸੰਭਾਲਣ,
ਡਿੱਗਿਆਂ ਮੂੰਹ ਦੇ ਭਾਰ ਬੇਲੀਆ।

ਪੰਛੀ ਨਹੀਂ ਇਹ ਅਰਸ਼ੀਂ ਉੱਡਦੀ
ਹੈ ਖੰਭਾਂ ਦੀ ਡਾਰ ਬੇਲੀਆ।

ਜਿਸਮ ਅਸਾਡਾ ਟੁੱਕੀ ਜਾਵੇ,
ਆਪਣੀ ਹੀ ਤਲਵਾਰ ਬੇਲੀਆ।

ਟੂਣੇ ਵਾਂਗ ਬਰੂਹੀਂ ਡਿੱਗੇ,
ਰੋਜ਼ਾਨਾ ਅਖ਼ਬਾਰ ਬੇਲੀਆ।

ਮੋਏ ਮੁੱਕਰੇ ਇੱਕ ਬਰਾਬਰ,
ਭੁੱਲਿਉਂ ਕੌਲ-ਕਰਾਰ ਬੇਲੀਆ।

ਸ਼ਗਨਾਂ ਦੀ ਫੁਲਕਾਰੀ ਹੁਣ ਤਾਂ,
ਹੋ ਗਈ ਤਾਰੋ-ਤਾਰ ਬੇਲੀਆ।

1

o

## ਅੱਜ ਚਾਰੇ ਪਾਸੇ ਹੋਣ ਹਥਿਆਰ ਦੀਆਂ ਗੱਲਾਂ

ਅੱਜ ਚਾਰੇ ਪਾਸੇ ਹੋਣ ਹਥਿਆਰ ਦੀਆਂ ਗੱਲਾਂ।
ਕੋਈ ਟਾਵਾਂ-ਟਾਵਾਂ ਕਰਦਾ ਏ ਪਿਆਰ ਦੀਆਂ ਗੱਲਾਂ।

ਮੈਨੂੰ ਘੂਰ ਘੂਰ ਵੇਖਦੇ ਨੇ ਜੰਗਲੀ ਜਨੌਰ,
ਸ਼ੁਰੂ ਕਰਦਾ ਹਾਂ ਜਦੋਂ ਵੀ ਬਹਾਰ ਦੀਆਂ ਗੱਲਾਂ।

ਰਣਭੂਮੀਆਂ ਦਾ ਚੌਂਕੇ ਤਾਈਂ ਹੋਇਆ ਵਿਸਥਾਰ,
ਹੋਣ ਲੱਗ ਪਈਆਂ ਏਥੇ ਜਿੱਤ ਹਾਰ ਦੀਆਂ ਗੱਲਾਂ।

ਲੋਹਾ ਕੁੱਟਿਆਂ ਬਗ਼ੈਰ ਹਥਿਆਰ ਨਾ ਬਣੇ,
ਇਹ ਲੋਹਾਰ ਦੀਆਂ ਗੱਲਾਂ ਨੇ ਬੇਕਾਰ ਦੀਆਂ ਗੱਲਾਂ।

ਕੋਈ ਵੇਚਦਾ ਈਮਾਨ ਕੋਈ ਤਾਰੇ ਉਹਦਾ ਮੁੱਲ,
ਸਣੇ ਸਿਰ ਪੱਗ ਹੋ ਗਈਆਂ ਵਪਾਰ ਦੀਆਂ ਗੱਲਾਂ।

ਜਦੋਂ ਆਪਣਾ ਹੀ ਸਾਇਆ ਸੰਗ-ਸਾਥ ਛੱਡ ਜਾਏ,
ਉਦੋਂ ਮੰਨਦਾ ਹੈ ਕਿਹੜਾ ਇਤਬਾਰ ਦੀਆਂ ਗੱਲਾਂ।

ਇਕੋ ਥਾਲ਼ੀ ਵਿਚ ਖਾਂਦਿਆਂ ਕੀ ਸੱਪ ਸੁੰਘਿਆ,
ਦੋਵੇਂ ਕਰਦੇ ਨੇ ਵੱਖੋ-ਵੱਖ ਯਾਰ ਦੀਆਂ ਗੱਲਾਂ।

ਫੁੱਲ ਬੀਜੀਏ ਤੇ ਪਾਲ਼ੀਏ ਸੁਗੰਧ ਵੰਡ ਦੇਈਏ,
ਚੰਗੇ ਲੋਕ ਸਦਾ ਕਰਦੇ ਵਿਚਾਰ ਦੀਆਂ ਗੱਲਾਂ।

1

o

## ਰੋਕੋ ਵਗਣੋਂ ਇਸ ਧਰਤੀ ਤੋਂ

ਰੋਕੋ ਵਗਣੋਂ ਇਸ ਧਰਤੀ ਤੋਂ ਤਲਖ਼ ਹਵਾਵਾਂ ਨੂੰ।
ਭੁੱਲ ਨਾ ਜਾਵੇ ਜਾਚ ਵਗਣ ਦੀ ਪੰਜ ਦਰਿਆਵਾਂ ਨੂੰ।

ਵਰ੍ਹਦੀ ਅੱਗ ਦਾ ਮੌਸਮ ਅੰਬਰੀਂ ਪੌਣ ਪਰਿੰਦੇ ਵੀ,
ਖੰਭਾਂ ਵਿਚ ਲੁਕਾ ਬੈਠ ਨੇ ਅੱਥਰੇ ਚਾਵਾਂ ਨੂੰ।

ਤਪਦੀ ਧਰਤੀ ਸਵਾਂਤ ਬੂੰਦ ਨੂੰ ਤਰਸ ਰਹੀ ਚਿਰ ਤੋਂ,
ਕਿਥੋਂ ਮੋੜ ਲਿਆਵਾਂ ਮੈਂ ਘਨਘੋਰ ਘਟਾਵਾਂ ਨੂੰ।

ਵੈਣ ਕੀਰਨੇ ਅੱਥਰੂ ਸਾਡੇ ਪਿੰਡ ਮਹਿਮਾਨ ਬਣੇ,
ਛਾਂਗ ਲਿਆ ਮੌਸਮ ਨੇ ਸਿਰ ਤੋਂ ਠੰਢੀਆਂ ਛਾਵਾਂ ਨੂੰ।

ਸ਼ਹਿਰ ਦੀਆਂ ਸੜਕਾਂ ਤੇ ਤੁਰਦਾ ਤੁਰਦਾ ਭੁਰ ਚਲਿਆਂ,
ਜਦ ਤੋਂ ਛੱਡਿਆ ਪਗਡੰਡੀਆਂ ਤੇ ਕੱਚਿਆਂ ਰਾਹਵਾਂ ਨੂੰ।

ਸ਼ਹਿਰ-ਸਮੁੰਦਰ ਦੇ ਵਿਚ ਖ਼ਾਰਾ ਪਾਣੀ ਬਹੁਤ ਖੜ੍ਹਾ,
ਚੂਲੀ ਖ਼ਾਤਰ ਜਾਣਾ ਪੈਂਦਾ ਪਿੰਡਾਂ ਥਾਵਾਂ ਨੂੰ।

ਆਪਣੀ ਮਿੱਟੀ ਨਾਲੋਂ ਟੁੱਟ ਕੇ ਧੂੜ 'ਚ ਭਟਕ ਰਿਹਾਂ,
ਕਿੱਸਰਾਂ ਦੋਸ਼ ਦਿਆਂ ਮੈਂ ਹੁਣ ਕੰਬਖ਼ਤ ਹਵਾਵਾਂ ਨੂੰ।

1

੦

## ਧੂੰਏ ਵਿਚ ਗੁਆਚ ਗਿਆ

ਧੂੰਏ ਵਿਚ ਗੁਆਚ ਗਿਆ ਹੈ ਨੀਲਾ ਅੰਬਰ।
ਕਿੱਦਾਂ ਜੀਵਾਂਗਾ ਮੈਂ ਪੀ ਕੇ ਤਲਖ਼ ਸਮੁੰਦਰ।

ਧਰਤੀ ਉੱਪਰ ਡੁੱਬਦਾ ਟੇਢਾ ਸੂਰਜ ਵੇਖੋ,
ਮਾਂ ਦੀ ਹਿੱਕ ਤੇ ਖੋਭ ਰਿਹਾ ਏ ਸੂਹਾ ਖੰਜਰ।

ਤਪਦੀ ਧਰਤੀ ਛਾਲੇ ਛਾਲੇ ਮਨ ਦਾ ਵਿਹੜਾ,
ਦੱਸੋ ਏਥੇ ਕਿੱਸਰਾਂ ਆ ਕੇ ਛਣਕੇ ਝਾਂਜਰ।

ਸੁਰਖ਼ ਲਹੂ ਨੂੰ ਪੀ ਕੇ ਪੱਤੇ ਸੂਹੇ ਹੋਏ,
ਬਲ਼ਦਾ ਕੇਸੂ ਪਹਿਨ ਖੜ੍ਹਾ ਹੈ ਅੱਗ ਦੇ ਬਸਤਰ।

ਉੱਲੂ ਨੂੰ ਇਲਜ਼ਾਮ ਜ਼ਮਾਨਾ ਐਵੇਂ ਦੇਵੇ,
ਬਦਨੀਤਾਂ ਨੇ ਵੱਸਦਾ ਸ਼ਹਿਰ ਬਣਾਇਆ ਖੰਡਰ।

ਗਾਨੀ ਵਾਲੇ ਤੋਤੇ ਉਹ ਦੁਹਰਾਈ ਜਾਵਣ,
ਜੋ ਕੁਝ ਬੋਲਣ ਰਾਜ ਭਵਨ ਦੇ ਸੀਲ ਕਬੂਤਰ।

ਜਿੰਨ੍ਹਾਂ ਨੂੰ ਮੈਂ ਚੋਗ ਚੁਗਾਏ ਤਲੀਆਂ ਉੱਤੇ,
ਉਨ੍ਹਾਂ ਤੋਂ ਹੀ ਠੂੰਗੇ ਖਾਧੇ ਨੇ ਮੈਂ ਅਕਸਰ।

ਮੈਂ ਚੰਗਾ ਜਾਂ ਮਾੜਾ ਮੈਥੋਂ ਕੁਝ ਨਾ ਪੁੱਛੋ,
ਆਲ਼-ਦੁਆਲ਼ਾ ਦੱਸ ਦੇਵੇਗਾ ਮੈਥੋਂ ਬਿਹਤਰ।

ਸਾਵਧਾਨ ਜੀ ਚਿਕਨੇ ਚਿਹਰੇ ਤੇ ਖੁਸ਼ਬੋਈਆਂ,
ਲਿਸ਼-ਲਿਸ਼ਕੰਦੜੇ ਚਿਹਰੇ ਧੋਖਾ ਦੇਂਦੇ ਅਕਸਰ।

ਏਸ ਦੇਸ਼ ਨੂੰ ਕਿਸ਼ਤਾਂ ਦੇ ਵਿਚ ਵੇਚ ਦੇਣਗੇ,
ਨਿੱਕੀਆਂ ਸੋਚਾਂ ਵਾਲੇ ਵੱਡੇ ਵੱਡੇ ਰਾਹਿਬਰ।

ਇੱਕੋ ਈਸਟ ਇੰਡੀਆ ਨੇ ਕੀ ਚੰਨ ਚੜ੍ਹਾਏ,
ਹੁਣ ਤਾਂ ਆਪ ਬੁਲਾਏ ਵੰਨ-ਸੁਵੰਨੇ ਤਾਜਰ।

1

੦

## ਵਗਦੇ ਪਾਣੀ ਅੰਦਰ

ਵਗਦੇ ਪਾਣੀ ਅੰਦਰ ਇਹ ਜੋ ਕਲਵਲ ਹੈ।
ਇਹ ਹੀ ਤਾਂ ਦਰਿਆ ਦੇ ਦਿਲ ਦੀ ਹਲਚਲ ਹੈ।

ਤੇਰੇ ਮਗਰੋਂ ਸ਼ਹਿਰ ਉਦਾਸ ਇਕੱਲਾ ਨਹੀਂ,
ਮੇਰੀ ਅੱਖ ਦਾ ਅੱਥਰੂ ਇਸ ਵਿਚ ਸ਼ਾਮਲ ਹੈ।

ਰੰਗਲੀ ਚੂੜੀ ਟੁੱਟਣ ਵੇਲੇ ਰੋ ਪੈਂਦਾ,
ਜਿਸ ਨੂੰ ਕਹਿਣ ਸਿਆਣੇ ਇਹ ਤਾਂ ਪਾਗਲ ਹੈ।

ਸੰਕਟ ਵੇਲੇ ਗਿਰਗਿਟ ਰੰਗ ਵਟਾਉਂਦੀ ਹੈ,
ਪਰ ਇਹ ਦੁਨੀਆਂ ਰੰਗ ਵਟਾਉਂਦੀ ਹਰ ਪਲ ਹੈ।

ਮੇਰਾ ਹੀ ਘਰ ਢਾਹ ਕੇ ਮੈਨੂੰ ਪੁੱਛਦੇ ਹੋ,
ਰੋਈ ਜਾਨੈਂ, ਦੱਸ ਤੂੰ ਸਾਨੂੰ, ਕੀ ਗੱਲ ਹੈ?

ਜਿਹੜੀ ਥਾਂ ਤੇ ਰੀਝਾਂ ਨੇ ਦਮ ਤੋੜਦੀਆਂ,
ਉਸ ਤੋਂ ਵੱਖਰਾ ਦੱਸੋ ਕਿਹੜਾ ਮਕਤਲ ਹੈ।

ਜਿਹੜੀ ਥਾਂ ਤੇ ਝੁਕਦੇ ਹੋ, ਦਹਿਲੀਜ਼ਾਂ ਨੇ,
ਮੇਰੀ ਪੱਗ ਵਿਚ ਅੜੇ ਹਮੇਸ਼ਾਂ ਸਰਦਲ ਹੈ।

1

o

## ਚੇਤੇ ਰੱਖਿਓ

ਚੇਤੇ ਰੱਖਿਓ ਇਹ ਦੋ ਬੋਲ ਫ਼ਕੀਰਾਂ ਦੇ।
ਮਾਣ ਕਰੋ ਨਾ ਐਵੇਂ ਤੇਗ਼ਾਂ ਤੀਰਾਂ ਦੇ।

ਸੁਰਖ਼ ਗੁਲਾਬ ਵੀ ਉੱਗ ਸਕਦਾ ਹੈ ਬੰਜਰ ਵਿਚ,
ਤਕਦੀਰਾਂ ਵੀ ਵੱਸ ਵਿਚ ਨੇ ਤਦਬੀਰਾਂ ਦੇ।

ਸਾਬਤ ਕੱਪੜਾ ਵਸਤਰ ਬਣਦਾ ਕਿਸੇ ਲਈ,
ਕਿਸੇ ਲਈ ਨੇ ਕੱਜਣ ਟੋਟੇ ਲੀਰਾਂ ਦੇ।

ਪਾਰਦਰਸ਼ਨੀ ਰਿਸ਼ਤੇ ਨਿਭਦੇ ਉਮਰਾਂ ਤੀਕ,
ਓਹਲਾ ਚੋਰੀ ਵਾਧੂ ਭਾਰ ਜ਼ਮੀਰਾਂ ਦੇ।

ਗੁੜ ਦੇ ਚੌਲ ਨਿਆਜ਼ ਖਾਣ ਨੂੰ ਤਰਸੇ ਹਾਂ,
ਸਾਡੇ ਪਿੰਡ 'ਚੋਂ ਢਹਿ ਗਏ ਤਕੀਏ ਪੀਰਾਂ ਦੇ।

ਮੱਝੀਆਂ ਦੀ ਥਾਂ ਮਾਪਿਆਂ ਨੂੰ ਅੱਜ ਚਾਰ ਰਹੇ,
ਫਿਰਦੇ ਵੱਗ ਅਵਾਰਾ ਰਾਂਝੇ ਹੀਰਾਂ ਦੇ।

ਔੜਾਂ ਵਿਚ ਵੀ ਸੂਹੇ ਫੁੱਲ ਮੁਸਕਾਉਂਦੇ ਨੇ,
ਮੈਂ ਬਲਿਹਾਰੇ ਜਾਵਾਂ ਜੰਡ ਕਰੀਰਾਂ ਦੇ।

1

o

## ਬੈਚੇਨੀ ਵਿਚ ਤੜਫ਼ਦੇ

ਬੈਚੇਨੀ ਵਿਚ ਤੜਫ਼ਦੇ ਰਾਤਾਂ ਬਹੁਤ ਗੁਜ਼ਾਰੀਆਂ।
ਤਾਂ ਹੀ ਮੱਥੇ ਚੀਸ ਹੈ, ਅੱਖਾਂ ਵੀ ਨੇ ਭਾਰੀਆਂ।

ਪੁੱਠੀ ਸੋਚ ਜਹਾਨ ਦੀ ਦੁਸ਼ਮਣ ਬਣ ਗਈ ਜਾਨ ਦੀ,
ਬਿਰਖ਼ ਵਿਚਾਰਾ ਕੀ ਕਰੇ ਜਣੇ ਖ਼ਣੇ ਹੱਥ ਆਰੀਆਂ।

ਪਾਣੀ ਚੜ੍ਹਿਆ ਵੇਖ ਕੇ ਪਿੱਛੇ ਮੁੜ ਗਏ ਕਾਫ਼ਲੇ,
ਛੱਡ ਗਏ ਕੱਲ-ਮੁਕੱਲ੍ਹਿਆਂ ਖ਼ੁਰੀਆਂ ਦਾਅਵੇਦਾਰੀਆਂ।

ਅੱਧੀ ਸਦੀ ਗੁਜ਼ਾਰ ਕੇ ਏਥੇ ਪਹੁੰਚੇ ਹਾਰ ਕੇ,
ਚੰਗੇ ਰਹਿੰਦੇ ਅਸੀਂ ਵੀ ਸਿੱਖਦੇ ਦੁਨੀਆਂਦਾਰੀਆਂ।

ਲੁਕਦਾ ਫਿਰਦਾਂ ਵੇਖ ਲਉ ਹੁਣ ਮੈਂ ਆਪਣੇ ਆਪ ਤੋਂ,
ਤਨ ਤੇ ਮਨ ਵਿਚ ਫ਼ਾਸਲੇ ਕੇਹੀਆਂ ਬੇਇਤਬਾਰੀਆਂ।

ਸੋਗ 'ਚ ਡੁੱਬੀ ਪੌਣ ਹੈ ਜਾਂ ਫਿਰ ਖ਼ਬਰੇ ਕੌਣ ਹੈ,
ਅੱਧੀ ਰਾਤੀਂ ਖ਼ੜਕਦੇ ਮਨ ਦੇ ਬੂਹੇ ਬਾਰੀਆਂ।

ਖ਼ਬਰੇ ਕਿੱਸਰਾਂ ਡੰਗਿਆ ਪਾਣੀ ਵੀ ਨਾ ਮੰਗਿਆ,
ਖਾਧਾ ਸਾਲਮ ਆਦਮੀ ਨਜ਼ਰਾਂ ਟੂਣੇ-ਹਾਰੀਆਂ।

1

੦

## ਭਟਕਣ ਪੱਲੇ ਪਾ ਬੈਠੇਂਗਾ

ਭਟਕਣ ਪੱਲੇ ਪਾ ਬੈਠੇਂਗਾ ਨਾ ਛੂਹੀਂ ਪਰਛਾਵੇਂ।
ਕੌਣ ਦੁਪਹਿਰਾ ਕੱਟ ਸਕਦਾ ਹੈ ਕਲਪ ਬਿਰਖ ਦੀ ਛਾਵੇਂ।

ਇਸ ਨੂੰ ਵੇਖ ਉਦਾਸ ਨਹੀਂ ਹੈ ਜੂਨ ਮਹੀਨੇ ਕੇਸੂ,
ਸੂਹੇ ਸੂਰਜ ਹਰ ਟਾਹਣੀ ਤੇ ਪੱਤਰ ਟਾਵੇਂ ਟਾਵੇਂ।

ਐਨਕ ਲਾਹ ਕੇ ਵੇਖ ਉਦਾਸੀ ਧੂੜ ਲਪੇਟੇ ਸ਼ੀਸ਼ੇ,
ਟੋਏ ਟਿੱਬੇ ਸਾਰਾ ਰਸਤਾ ਕਿੱਧਰ ਤੁਰਿਆ ਜਾਵੇਂ।

ਮੈਂ ਤੇਰੇ ਤੋਂ ਕੁਝ ਨਹੀਂ ਮੰਗਦਾ ਠੀਕਰੀਆਂ ਨਾ ਲੀਰਾਂ,
ਕਰ ਅਰਦਾਸ ਉਮਰ ਭਰ ਤੁਰੀਏ ਇਕ ਦੂਜੇ ਦੀ ਛਾਵੇਂ।

ਮਨ ਦਾ ਵਿਹੜਾ ਹੱਸ ਹੱਸ ਪੈਂਦਾ ਖਿੜੇ ਚੰਬੇਲੀ ਸਾਹੀਂ,
ਸੂਰਜ ਵਾਂਗੂ ਨੇਰ੍ਹ ਚੀਰ ਕੇ ਤੂੰ ਜਦ ਝਾਤੀ ਪਾਵੇਂ।

ਅੱਖੀਆਂ ਅੱਗੇ ਤਾਰੇ ਜਗਦੇ ਬੁਝਦੇ ਸਿਖ਼ਰ ਦੁਪਹਿਰੇ,
ਏਨੀ ਵੱਡੀ ਧਰਤੀ 'ਤੇ ਜਦ ਤੂੰ ਨਜ਼ਰੀਂ ਨਾ ਆਵੇਂ।

1

੦

## ਮੀਂਹ ਨੇਰ੍ਹੀ ਨੇ ਮੂਧੇ ਕੀਤੇ

ਮੀਂਹ ਨੇਰ੍ਹੀ ਨੇ ਮੂਧੇ ਕੀਤੇ ਗੜ੍ਹੇਮਾਰ ਨੇ ਭੰਨੇ।
ਫੁੱਲਾਂ ਖ਼ਾਤਰ ਲਾਏ ਸੀ ਜੋ ਬੂਟੇ ਵੰਨ-ਸੁਵੰਨੇ।

ਚਾਰ-ਚੁਫ਼ੇਰੇ ਜੀਭਾਂ ਬੋਲਣ ਕੰਨ-ਪਾੜਵਾਂ ਰੌਲ਼ਾ,
ਕੰਨਾਂ ਦੇ ਵਿਚ ਰੂੰ ਦੇ ਫੰਬੇ ਕਿਹੜਾ ਕਿਸ ਦੀ ਮੰਨੇ।

ਹਰ ਗਮਲੇ ਵਿਚ ਪੰਜ ਛੇ ਬੂਟੇ ਮੱਕੀ ਤੇ ਕੁਝ ਛੋਲੇ,
ਪੱਕੇ ਫ਼ਰਸ਼ ਉਗਾਵਾਂ ਕਿੱਥੇ ਸੁਪਨੇ ਵੰਨ-ਸੁਵੰਨੇ।

ਕੰਕਰੀਟ ਦੇ ਪਿੰਜਰੇ ਅੰਦਰ ਚੂਰੀ ਰੰਗ-ਬਰੰਗੀ,
ਖਾਂਦੇ ਖਾਂਦੇ ਲੜ ਪੈਂਦੇ ਨੇ ਕੈਦੀ ਅਕਲੋਂ ਅੰਨ੍ਹੇ।

ਕੌਣ ਕਰੇ ਮਹਿਮਾਨ ਨਿਵਾਜ਼ੀ ਪਿੰਡ ਗਿਆਂ ਤੇ ਸਾਡੀ,
ਦੋਧੀ ਲੈ ਗਏ ਦੁੱਧ ਨਗਰ ਨੂੰ ਮਿੱਲਾਂ ਵਾਲੇ ਗੰਨੇ।

1

o

## ਉੱਚੇ ਪਰਬਤ ਉੱਤੇ ਸਬਜ਼ ਦਿਆਰ

ਉੱਚੇ ਪਰਬਤ ਉੱਤੇ ਸਬਜ਼ ਦਿਆਰ ਖੜ੍ਹੇ।
ਵਰਦੀ ਪਾ ਕੇ ਜੀਕੂੰ ਪਹਿਰੇਦਾਰ ਖੜ੍ਹੇ।

ਰਿਸ਼ੀਆਂ ਵਾਂਗ ਅਡੋਲ ਅਬੋਲ ਪਤਾ ਨਹੀਂ ਕਿਉਂ,
ਵਰ੍ਹਿਆਂ ਤੋਂ ਨੇ ਇਕੋ ਲੱਤ ਦੇ ਭਾਰ ਖੜ੍ਹੇ।

ਸਰਦ ਹਵਾ ਦਾ ਚੋਲਾ ਛਤਰੀ ਸੂਰਜ ਦੀ,
ਬਰਫ਼ਾਂ-ਖਾਣੇ ਅੱਗ ਦੀ ਬੁੱਕਲ ਮਾਰ ਖੜ੍ਹੇ।

ਮੈਂ ਇੰਨ੍ਹਾਂ ਵਿਚ ਓਪਰਿਆਂ ਦੇ ਵਾਂਗੂੰ ਹਾਂ,
ਇਹ ਤਾਂ ਸਾਰੇ ਆਪਸ ਦੇ ਵਿਚ ਯਾਰ ਖੜ੍ਹੇ।

ਜ਼ਾਤ ਜਨਮ ਤੇ ਅਸਲ ਨਸਲ ਦਾ ਭੇਦ ਨਹੀਂ,
ਪੌਣ-ਆਹਾਰੀ ਜੋਗੀ ਕੁੱਲ ਸੰਸਾਰ ਖੜ੍ਹੇ।

ਗੁੱਲੀ-ਡੰਡਾ ਪਲੰਘ ਪੰਘੂੜਾ ਬਣ ਜਾਂਦੇ,
ਆਰੀ ਵਾਲਾ ਜੇ ਕਿਧਰੇ ਦਾਅ ਮਾਰ ਖੜ੍ਹੇ।

c

o

## ਜਦੋਂ ਸੂਰਜ ਅਜੇ ਧਰਤੀ ਦੇ ਘਰ ਆਇਆ

ਜਦੋਂ ਸੂਰਜ ਅਜੇ ਧਰਤੀ ਦੇ ਘਰ ਆਇਆ ਨਹੀਂ ਹੁੰਦਾ।
ਕਿਸੇ ਵੀ ਰੁੱਖ ਪੱਲੇ ਆਪਣਾ ਸਾਇਆ ਨਹੀਂ ਹੁੰਦਾ।

ਵਗੇ ਤੂਫ਼ਾਨ, ਨੇਰ੍ਹੀ ਤੇਜ਼ ਬਾਰਿਸ਼ ਕਿਣਮਿਣੀ ਭਾਵੇਂ,
ਕਦੇ ਮਜ਼ਲੂਮ ਦੀ ਰੱਤ ਅੱਥਰੂ ਜ਼ਾਇਆ ਨਹੀਂ ਹੁੰਦਾ।

ਇਨ੍ਹਾਂ ਨੂੰ ਕੌਣ ਸਾਂਭੇ ਇਹ ਤਾਂ ਸਭ ਟੁੱਟੇ ਖਿਡੌਣੇ ਨੇ,
ਜਿੰਨ੍ਹਾਂ ਨੇ ਧਰਤ ਉੱਪਰ ਪੂਰਨਾ ਪਾਇਆ ਨਹੀਂ ਹੁੰਦਾ।

ਅਜਿਹੇ ਲੋਕ ਅਪਣੀ ਅੱਗ ਦੇ ਅੰਦਰ ਸੜਦੇ ਰਹਿੰਦੇ ਨੇ,
ਜਿੰਨ੍ਹਾਂ ਨੇ ਉਮਰ ਭਰ ਇੱਕ ਰੁੱਖ ਵੀ ਲਾਇਆ ਨਹੀਂ ਹੁੰਦਾ।

ਮੈਂ ਉਸਦੇ ਨਾਮ ਦੀ ਮਾਲ਼ਾ ਪਤਾ ਨਹੀਂ ਫੇਰਦਾ ਕਿਉਂ ਹਾਂ,
ਕਿ ਜਿਹੜਾ ਖ਼੍ਵਾਬ ਦੇ ਵਿਚ ਵੀ ਕਦੇ ਆਇਆ ਨਹੀਂ ਹੁੰਦਾ।

ਇਹ ਕੈਸਾ ਸ਼ਹਿਰ ਜਿਸ ਵਿਚ ਸਭ ਦੀਆਂ ਨੇ ਐਸੀਆਂ ਅੱਖਾਂ,
ਜਿੰਨ੍ਹਾਂ ਵਿਚ ਅੱਥਰੂ ਕੋਈ ਕਦੇ ਆਇਆ ਨਹੀਂ ਹੁੰਦਾ।

1

੦

## ਹਮਕਦਮ ਹੋਇਆ ਮੈਂ ਕਾਹਦਾ

ਹਮਕਦਮ ਹੋਇਆ ਮੈਂ ਕਾਹਦਾ ਦੋ ਕੁ ਪਲ ਖ਼ੁਸ਼ਬੂ ਦੇ ਨਾਲ਼।
ਉਮਰ ਭਰ ਰਹਿਣੀ ਹੈ ਹੁਣ ਤਾਂ ਨਰਗਸੀ ਫੁੱਲਾਂ ਦੀ ਭਾਲ਼।

ਮੈਂ ਸਾਧਾਰਨ ਆਦਮੀ, ਆਇਆਂ ਭਰਾਵੋ! ਪਿੰਡ ਤੋਂ,
ਸ਼ਹਿਰੀਆਂ ਦੇ ਵਾਂਗ ਨਾ ਜਾਣਾਂ ਮੈਂ ਬੁਣਨੇ ਸ਼ਬਦ-ਜਾਲ਼।

ਪਾਰਦਰਸ਼ੀ ਰਿਸ਼ਤਿਆਂ ਵਿਚ ਸ਼ਕਤੀਆਂ ਹੋਵਣ ਅਸੀਮ,
ਤੋੜ ਦੇਵੇ ਏਸ ਨੂੰ ਜੋ ਹੈ ਭਲਾ ਕਿਸ ਦੀ ਮਜ਼ਾਲ।

ਤੂੰ ਤਾਂ ਬੱਸ ਏਨਾ ਕਿਹਾ ਸੀ ਲੱਭ ਦੇਹ ਚੌਦਾਂ ਰਤਨ,
ਇਹ ਤਾਂ ਮੇਰਾ ਝੱਲ ਸੀ ਦਿੱਤੇ ਜਿੰਨੇ ਸਾਗਰ ਹੰਗਾਲ਼।

ਧਰਤ ਅੰਬਰ ਚੰਨ ਸੂਰਜ ਫ਼ੋਲ ਕੇ ਫੁੱਲਿਆ ਫਿਰੇਂ,
ਏਸ ਤੋਂ ਵੱਖਰੇ ਪਏ ਨੇ ਅਣਕਹੇ ਲੱਖਾਂ ਸੁਆਲ।

ਮੈਂ ਜਦੋਂ ਵੀ ਪਿੰਡ ਜਾਣੋਂ ਹਟ ਗਿਆ ਤਾਂ ਸਮਝਣਾ,
ਚੌਖ਼ਟੇ ਵਿਚ ਬੰਦ ਬੈਠਾ ਹੈ ਕੋਈ ਰੂਹ ਦਾ ਕੰਗਾਲ਼।

ਸੁਰਖ਼ ਫੁੱਲਾਂ ਨਾਲ ਭਰ ਜਾਏਗੀ ਇਕ ਦਿਨ ਵੇਖਣਾ,
ਮੈਂ ਹੁਣੇ ਜੋ ਲਾ ਕੇ ਹਟਿਆਂ ਸੁਪਨਿਆਂ ਦੀ ਸਬਜ਼ ਡਾਲ਼।

1

੦

## ਖ਼ਬਰੇ ਕਿਹੜੇ ਗ਼ਮ ਨੇ ਖਾਧੇ

ਖ਼ਬਰੇ ਕਿਹੜੇ ਗ਼ਮ ਨੇ ਖਾਧੇ ਸਾਵੇ ਪੱਤਰ ਰੁੱਖਾਂ ਦੇ।
ਨਕਸ਼-ਨੁਹਾਰ ਇਨ੍ਹਾਂ ਦੀ ਮਿਲਦੀ ਨਾਲ ਬੀਮਾਰ ਮਨੁੱਖਾਂ ਦੇ।

ਤੂੰ ਕਿਤਿਉਂ ਵੀ ਚੂਲ਼ੀ ਭਰ ਲੈ ਹਰ ਥਾਂ ਖਾਰਾ ਪਾਣੀ ਹੈ,
ਖ਼ੂਨ ਪਸੀਨਾ ਅੱਥਰੂ ਬਣ ਗਏ ਦਰਦ-ਸਮੁੰਦਰ ਦੁੱਖਾਂ ਦੇ।

ਹਰੇ ਕਚੂਰ ਦਰਖ਼ਤਾਂ ਵੱਲ ਤੂੰ ਵੇਖੀਂ ਤੇ ਇਹ ਸਮਝ ਲਈਂ,
ਪੱਤਝੜ ਮਗਰੋਂ ਲਗਰਾਂ ਫੁੱਟਣ ਦੁੱਖ ਮਗਰੋਂ ਦਿਨ ਸੁੱਖਾਂ ਦੇ।

ਰੱਜੇ-ਪੁੱਜੇ ਲੋਕੀਂ ਰੋ ਰੋ ਹੋਰ ਦੌਲਤਾਂ ਮੰਗਦੇ ਨੇ,
ਰੁੱਖੀ-ਮਿੱਸੀ ਖਾ ਸੌਂ ਜਾਂਦੇ ਲਾਡ ਲਡਾਏ ਭੁੱਖਾਂ ਦੇ।

ਦੋਧੇ ਵਸਤਰ ਉੱਜਲੇ ਚਿਹਰੇ ਬਗਲੇ ਵਾਂਗ ਅਡੋਲ ਖੜੇ ,
ਵੇਖ ਪਛਾਣ ਲਵੀਂ ਤੂੰ ਆਪੇ ਮੂੰਹ ਨਕਲੀ ਗੁਰਮੁੱਖਾਂ ਦੇ।

ਜਾਇਦਾਦ ਅਣਦਿਸਦਾ ਕੀੜਾ ਸਾਂਝਾਂ ਤਾਰੋ ਤਾਰ ਕਰੇ,
ਖਾਂਦਾ ਖਾਂਦਾ ਖਾ ਜਾਂਦਾ ਹੈ ਸੁੱਚੇ ਰਿਸ਼ਤੇ ਕੁੱਖਾਂ ਦੇ।

ਚੌਵੀ ਘੰਟੇ ਜਿੰਨ੍ਹਾਂ ਨੂੰ ਬੱਸ ਆਪਣਾ ਹਿਤ ਹੀ ਯਾਦ ਰਹੇ,
ਬਹੁਤਾ ਮੱਥੇ ਲੱਗਿਆ ਨਾ ਕਰ ਏਹੋ ਜਿਹੇ ਮਨਮੁੱਖਾਂ ਦੇ।

1

o

## ਕਦੇ ਸੁਪਨੇ ਵਿਚ ਕਦੇ ਜਾਗਦਿਆਂ

ਕਦੇ ਸੁਪਨੇ ਵਿਚ ਕਦੇ ਜਾਗਦਿਆਂ ਸਾਨੂੰ ਸਰਪ ਦੋਮੂੰਹੇਂ ਡੰਗਦੇ ਰਹੇ।
ਅਸੀਂ ਫਿਰ ਵੀ ਐਸੇ ਸੱਜਣਾਂ ਲਈ ਸਦਾ ਨੇਕ ਦੁਆ ਹੀ ਮੰਗਦੇ ਰਹੇ।

ਮੈਂ ਸ਼ੁਕਰਗੁਜ਼ਾਰ ਹਾਂ ਉਹਨਾਂ ਦਾ ਤੇ ਧੰਨਵਾਦੀ ਹਾਂ ਏਸ ਲਈ,
ਜੋ ਹਰ ਯੁਗ ਅੰਦਰ ਲੱਭ ਲੱਭ ਕੇ ਮੈਨੂੰ ਹੀ ਸੂਲ਼ੀ ਟੰਗਦੇ ਰਹੇ।

ਕਈ ਸਦੀਆਂ ਮਗਰੋਂ ਅੱਜ ਵੀ ਤਾਂ ਹੀਰਾਂ ਤੇ ਸੱਸੀਆਂ ਤੜਪਦੀਆਂ,
ਓਵੇਂ ਹੀ ਕੈਦੋ ਚਾਲਬਾਜ਼ ਤੇ ਟੇਢੇ ਰਸਤੇ ਝੰਗ ਦੇ ਰਹੇ।

ਕਹਿਰਾਂ ਦੀ ਤਪਸ਼ ਪਿਆਸ ਬੜੀ ਤੇ ਤੜਫ਼ ਰਹੇ ਸਭ ਜੀਵ ਜੰਤ,
ਉਹ ਗਾਉਂਦੇ ਰਹੇ ਮਲਹਾਰ ਰਾਗ ਅਸੀਂ ਪਾਣੀ ਪਾਣੀ ਮੰਗਦੇ ਰਹੇ।

ਹੱਕ ਸੱਚ ਦੇ ਰਸਤੇ ਤੁਰਨਾ ਹੈ ਕੀ ਡਰ ਹੈ ਸੂਲ ਸਲੀਬਾਂ ਦਾ,
ਸਾਡੇ ਵੱਡ-ਵਡੇਰੇ ਅਜ਼ਲਾਂ ਤੋਂ ਹਨ ਏਸੇ ਰਾਹ ਤੋਂ ਲੰਘਦੇ ਰਹੇ।

ਇਹ ਚੋਰੀ ਡਾਕੇ ਹੱਕਾਂ ਤੇ ਕੋਈ ਐਵੇਂ ਤਾਂ ਨਹੀਂ ਮਾਰ ਰਿਹਾ,
ਬਦਨੀਤੀ ਚੌਂਕੀਦਾਰਾਂ ਦੀ ਜੋ ਝੂਠੀ ਮੂਠੀ ਖੰਘਦੇ ਰਹੇ।

ਜਦ 'ਵਾਜ਼ ਹੈ ਮਾਰੀ ਧਰਤੀ ਨੇ ਅਸੀਂ ਪਹੁੰਚ ਗਏ ਹਾਂ ਓਸ ਘੜੀ,
ਇਹ ਤਨ ਦਾ ਚੋਲ਼ਾ ਹਰ ਵਾਰੀ ਅਸੀਂ ਅਪਣੇ ਲਹੂ ਵਿਚ ਰੰਗਦੇ ਰਹੇ।

ਇਹ ਚਾਰ ਦੀਵਾਰੀ ਨਸਲਾਂ ਦੀ ਤੇ ਧਰਮ ਦੀ ਵਲਗਣ, ਤੌਬਾ ਹੈ,
ਲੋਕਾਂ ਨੂੰ ਕਹੀਏ ਤੋੜ ਦਿਉ, ਪਰ ਆਪਣੀ ਵਾਰੀ ਸੰਗਦੇ ਰਹੇ।

1

o

## ਪੌਣ ਜਿਵੇਂ ਤਿਰਹਾਈ ਹੋਵੇ

ਪੌਣ ਜਿਵੇਂ ਤਿਰਹਾਈ ਹੋਵੇ।
ਪਾਣੀ ਪੀਵਣ ਆਈ ਹੋਵੇ।

ਅੰਬਰੀਂ ਲਿਸ਼ਕੀ ਬਿਜਲੀ ਜੀਕੂੰ,
ਸਾਡੇ ਤੇ ਮੁਸਕਾਈ ਹੋਵੇ।

ਤੂੰ ਜਦ ਅੱਖਾਂ ਫੇਰ ਲਵੇਂ ਤਾਂ,
ਸਾਰੀ ਧਰਤ ਪਰਾਈ ਹੋਵੇ।

ਕਾਲੀ ਰਾਤ ਲਿਸ਼ਕਦੇ ਤਾਰੇ,
ਤੂੰ ਜਿਓਂ ਮਾਂਗ ਸਜਾਈ ਹੋਵੇ।

ਹੌਕੇ ਦਾ ਦੁੱਖ ਓਹੀ ਜਾਣੇ,
ਜਿਸ ਇਹ ਜੂਨ ਹੰਢਾਈ ਹੋਵੇ।

ਜੀਵਨ ਐਸੀ ਉਮਰ ਕੈਦ ਹੈ,
ਮਰਨੋਂ ਬਾਦ ਰਿਹਾਈ ਹੋਵੇ।

ਰੋਜ਼ ਉਡੀਕਾਂ ਤੇਰੀ ਚਿੱਠੀ,
ਪਹੁੰਚੇ ਤਾਂ ਜੇ ਪਾਈ ਹੋਵੇ।

ਤੇਰੇ ਨਾਲ ਬਿਤਾਏ ਪਲ ਜਿਉਂ,
ਅੰਬਰੀਂ ਪੀਂਘ ਚੜ੍ਹਾਈ ਹੋਵੇ।

1

## ਸਿੱਧੇ ਰਾਹੀਂ ਤੁਰੇ ਜਾਂਦਿਆਂ

ਸਿੱਧੇ ਰਾਹੀਂ ਤੁਰੇ ਜਾਂਦਿਆਂ, ਇਹ ਕੀ ਭਾਣਾ ਵਾਪਰਿਆ।
ਮਨ ਦਾ ਪੰਛੀ ਉੱਡਦਾ ਉੱਡਦਾ, ਬਲ਼ਦੇ ਰੁੱਖ 'ਤੇ ਬੈਠ ਗਿਆ।

ਖਿੜੇ ਗੁਲਾਬ ਤਰੇਲ ਦੇ ਮੋਤੀ ਪੱਤੀਆਂ ਵੀ ਸਭ ਨਕਲੀ ਨੇ,
ਖ਼ੁਸ਼ਬੂ ਨਾ ਲੱਭ ਮਰਤਬਾਨ ਦੀਆਂ ਮੱਛੀਆਂ ਮੈਨੂੰ ਆਪ ਕਿਹਾ।

ਤਪਦੇ ਮਾਰੂਥਲ ਵਿਚ ਜੰਤ ਪਰਿੰਦੇ ਤੜਫਣ ਪਾਣੀ ਨੂੰ,
ਯਾਤਰੂਆ ਤੂੰ ਮੋਢੇ ਟੰਗੀ, ਬੋਤਲ ਨੂੰ ਵੀ ਖੋਲ੍ਹ ਜ਼ਰਾ।

ਚੜ੍ਹਦਾ ਦਿਨ ਤੇ ਡੁੱਬਦਾ ਸੂਰਜ ਸ਼ਾਮ ਸਵੇਰਾਂ ਵਕਤ ਗਵਾਹ,
ਨੇਰ੍ਹੇ ਦੀ ਬੁੱਕਲ 'ਚੋਂ ਨਿਕਲੇ ਨੇਰ੍ਹੇ ਦੇ ਘਰ ਫੇਰ ਗਿਆ।

ਆਪਣੇ ਮਨ ਦਾ ਵਿਹੜਾ ਜੇ ਤੂੰ ਰੌਸ਼ਨ ਕਰਨਾ ਚਾਹੁੰਦਾ ਏਂ,
ਤਨ ਦੇ ਦੀਵੇ ਅੰਦਰ ਬੱਤੀ ਚੇਤਨਤਾ ਦੀ ਤੁਰਤ ਜਗਾ।

ਇਨ੍ਹਾਂ ਤੋਂ ਮੈਂ ਲਵਾਂ ਰਵਾਨੀ ਜੀਵਨ ਤੋਰ ਨਿਰੰਤਰ ਸੇਧ,
ਮੇਰੇ ਲਈ ਤਾਂ ਦੋਵੇਂ ਰੱਬ ਨੇ ਜਗਦਾ ਦੀਵਾ ਤੇ ਦਰਿਆ।

## ਦਿਲ ਹੋਇਆ ਛਾਲੇ ਛਾਲੇ

ਦਿਲ ਹੋਇਆ ਛਾਲੇ ਛਾਲੇ ਸੁੱਜੇ ਅੱਖੀਆਂ ਦੇ ਕੋਏ।
ਜਿਹੜੀ ਮੇਰੇ ਨਾਲ ਹੋਈ ਵੈਰੀ ਨਾਲ ਵੀ ਨਾ ਹੋਏ।

ਜਿੰਨ੍ਹਾਂ ਸੱਜਣਾਂ ਤੇ ਮੈਨੂੰ ਤਾਂ ਸੀ ਹੱਦੋਂ ਵੱਧ ਮਾਣ,
ਉਨ੍ਹਾਂ ਸਾਰਿਆਂ ਤੋਂ ਵੱਧ ਮੇਰੀ ਕੀਤੀ ਤੋਏ ਤੋਏ।

ਭੁੱਲੇ ਕੌਲ ਤੇ 'ਕਰਾਰ ਜਿਹੜੇ ਕੀਤੇ ਬਾਰ ਬਾਰ,
ਨੀਲੇ ਅੰਬਰਾਂ ਦੀ ਛਾਵੇਂ ਸੁੱਚੀ ਚਾਨਣੀ ਦੀ ਲੋਏ।

ਹਰ ਪੱਤੇ ਬੂਟੇ ਕਾਹੀ ਤੁਰੀ ਫਿਰੇ ਬੇਵਿਸਾਹੀ,
ਕਿਤੇ ਬੰਦਿਆਂ ਦੇ ਭੇਸ ਵਿਚ ਅੱਗ ਹੀ ਨਾ ਹੋਏ।

ਜਿੰਨ੍ਹਾਂ ਫ਼ੁੱਲਾਂ ਨੂੰ ਮੈਂ ਪਾਲਿਆ ਸੀ ਬੜੇ ਚਾਵਾਂ ਨਾਲ,
ਵਣਜਾਰਿਆਂ ਨੇ ਤੋੜ ਸਾਰੇ ਸੂਈ 'ਚ ਪਰੋਏ।

ਵੇਖ ਮੌਤ ਦਾ ਸਮਾਨ ਸਹਿਮੀ 'ਕੱਲੀ 'ਕਾਰੀ ਜਾਨ,
ਕਿਤੇ ਧਰਤੀ ਤੇ ਮੇਰੀ ਰਾਤ ਆਖ਼ਰੀ ਨਾ ਹੋਏ।

ਤੇਰੇ ਦਿਲ ਦੀਆਂ ਗੱਲਾਂ ਬਿਨਾਂ ਕਹੇ ਬੁੱਝ ਲਈਆਂ,
ਅੱਜ ਪਹਿਲੀ ਵਾਰ ਆਪਾਂ ਗਲ਼ੇ ਲੱਗ ਕੇ ਨਾ ਰੋਏ।

ਤੇਰੇ ਹੱਥ ਵਿਚ ਤੀਰ ਤੇ ਕਮਾਨ ਮੇਰੀ ਜਾਨ,
ਚੱਲ ਮਾਰ ਤੂੰ ਨਿਸ਼ਾਨਾ ਗੱਲ ਇਕ ਪਾਸੇ ਹੋਏ।

o

## ਰਾਤੀਂ ਸੁਪਨੇ 'ਚ ਮੇਰੇ ਨਾਲ

ਰਾਤੀਂ ਸੁਪਨੇ 'ਚ ਮੇਰੇ ਨਾਲ ਹਾਦਸਾ ਕੀ ਹੋਇਆ।
ਅੱਖੋਂ ਅੱਥਰੂ ਨਾ ਵਗੇ ਤੇ ਮੈਂ ਬੁੱਕ ਬੁੱਕ ਰੋਇਆ।

ਜਿਵੇਂ ਸੂਲਾਂ 'ਚ ਪਰੁੱਚ ਜਾਣ ਤਿਤਲੀ ਦੇ ਪਰ,
ਕੁਝ ਇਸੇ ਤਰ੍ਹਾਂ ਮੇਰੀਆਂ ਉਮੀਦਾਂ ਨਾਲ ਹੋਇਆ।

ਜਦੋਂ ਸਿਰ ਉੱਤੇ ਆਈ ਤੇਜ਼ ਬਲ਼ਦੀ ਦੁਪਹਿਰ,
ਮੇਰਾ ਆਪਣਾ ਹੀ ਸਾਇਆ ਸਾਥ ਛੱਡ ਕੇ ਖਲੋਇਆ।

ਸੁੱਕੇ ਰੁੱਖ ਤੇ ਕਰੁੰਬਲਾਂ ਅਜੀਬ ਜਿਹਾ ਮੇਲ,
ਹੋਊ ਇਨ੍ਹਾਂ ਨੂੰ ਪਿਆਰ ਨਾਲ ਸੱਜਣਾਂ ਨੇ ਛੋਹਿਆ।

ਕੱਲ੍ਹੇ ਰੁੱਖ ਕੋਲੋਂ ਲੰਘਦੀ ਮਸ਼ੌਲ ਕਰ ਪੌਣ,
ਕਿਹਨੂੰ ਦੁੱਖੜਾ ਸੁਣਾਵੇ ਜਿਹੜਾ ਦਿਲ 'ਚ ਸਮੋਇਆ।

ਭਾਵੇਂ ਰੇਤ ਵਿਚ ਭੁੰਨ ਭਾਵੇਂ ਕੋਲ਼ਿਆਂ ਤੇ ਰੱਖ,
ਤੇਰਾ ਇਹੀ ਧੰਨਵਾਦ ਜਿਹੜਾ ਸੀਖ਼ 'ਚ ਪਰੋਇਆ।

ਚਲੋ ਬਾਕੀ ਤਾਂ ਸੀ ਸਾਰਾ ਹੀ ਬੇਗਾਨਿਆਂ ਦਾ ਸ਼ਹਿਰ,
ਤੂੰ ਵੀ ਮੇਰੇ ਵੱਲ ਵੇਖ ਕੇ ਪਟੱਕ ਬੂਹਾ ਢੋਇਆ।

ਜਿਵੇਂ ਸਿਖ਼ਰ ਦੁਪਹਿਰੇ ਪਵੇ ਚਾਣਚੱਕ ਰਾਤ,
ਤੇਰੇ ਜਾਣ ਪਿੱਛੋਂ ਸੱਚ ਜਾਣੀਂ ਏਸੇ ਤਰ੍ਹਾਂ ਹੋਇਆ।

1

o

## 'ਵਾਜ ਦਿਆਂਗਾ ਆਖੀਂ ਹਾਂ

'ਵਾਜ ਦਿਆਂਗਾ ਆਖੀਂ ਹਾਂ।
ਹੁਣ ਨਾ ਆਪਾਂ ਵੰਡਣੀ ਛਾਂ।

ਮੇਰੇ ਨਾਲ ਨਾ ਬੋਲੇਂ ਤੂੰ,
ਤੇਰੀ ਮੇਰੀ ਇਕੋ ਮਾਂ।

ਤਿੜਕ ਗਿਆ ਪਰਛਾਵਾਂ ਵੀ,
ਇਹ ਮੈਂ ਕਿੱਥੇ ਪਹੁੰਚ ਗਿਆਂ।

ਮੇਰੇ ਆਲ ਦੁਆਲੇ ਦੇਖ,
ਮੈਂ ਤਾਂ ਕੇਵਲ ਬਿੰਦੂ ਹਾਂ।

ਮੇਰੇ ਤੇ ਅਸਵਾਰ ਸਮਾਂ,
ਉਹਦੇ ਤੋਰਿਆਂ ਤੁਰਦਾ ਹਾਂ।

ਸਭਨਾਂ ਦੀ ਔਕਾਤ ਹੈ ਇਕ,
ਭਾਵੇਂ ਰੰਗ ਬਰੰਗੇ ਕਾਂ।

ਮੈਨੂੰ ਖਿੜਦੇ ਫੁੱਲ ਕਿਹਾ,
ਵੇਖ ਮੈਂ ਤੇਰਾ ਬਚਪਨ ਹਾਂ।

ਉਡਣ ਖਟੋਲਾ ਦੂਰ ਗਿਆ,
ਮੈਂ ਤਾਂ ਉਸ ਦੀ ਘੂਕਰ ਹਾਂ।

1

੦

## ਅੱਖਾਂ ਵਿੱਚੋਂ ਨੀਂਦਰਾਂ

ਅੱਖਾਂ ਵਿੱਚੋਂ ਨੀਂਦਰਾਂ ਤੇ ਖ਼੍ਵਾਬ ਰੁੱਸ ਗਏ ਨੇ।
ਮਨ ਦੇ ਬਗੀਚੇ 'ਚੋਂ ਗੁਲਾਬ ਰੁੱਸ ਗਏ ਨੇ।

ਕਿੱਥੇ ਗਈਆਂ ਰੌਣਕਾਂ ਨਾ ਮੈਥੋਂ ਪੁੱਛੋ ਲੋਕੋ,
ਜਾਣਦੇ ਨਹੀਂ ਮੇਰੇ ਤਾਂ ਜਨਾਬ ਰੁੱਸ ਗਏ ਨੇ।

ਪਿੰਡ ਵਾਲੇ ਪੁੱਛਦੇ ਨੇ ਫੇਰ ਕਦੋਂ ਆਵੇਂਗਾ,
ਸ਼ਹਿਰ ਵਿਚ ਰਹਿੰਦਿਆਂ ਜਵਾਬ ਰੁਸ ਗਏ ਨੇ।

ਰਾਵੀ ਤੇ ਬਿਆਸ ਮੈਨੂੰ ਵਾਰ ਵਾਰ ਪੁੱਛਿਆ,
ਕਿਹੜੀ ਗੱਲੋਂ ਦੋਵੇਂ ਹੀ ਪੰਜਾਬ ਰੁੱਸ ਗਏ ਨੇ।

ਪੱਛਮੀ ਸੰਗੀਤ ਦੇ ਤੰਬੂਰਿਆਂ ਤੋਂ ਸਹਿਮ ਕੇ,
ਤੂੰਬੀ ਵਾਲੀ ਤਾਰ ਤੇ ਰਬਾਬ ਰੁੱਸ ਗਏ ਨੇ।

ਮੰਨਿਆ ਹਕੂਮਤਾਂ ਦਾ ਆਪੋ ਵਿਚ ਵੈਰ ਹੈ,
ਤੇਰੇ ਕਾਹਤੋਂ ਵੀਰਨਾ ਆਦਾਬ ਰੁੱਸ ਗਏ ਨੇ।

ਵੰਝਲੀ ਨੂੰ ਪੁੱਛ ਤਾਂ ਭਰਾਵਾ ਮੀਆਂ ਰਾਂਝਿਆ,
ਕਿਹੜੀ ਗੱਲੋਂ ਜੇਹਲਮ ਚਨਾਬ ਰੁੱਸ ਗਏ ਨੇ।

1

੦

## ਪੱਤਝੜ ਮਗਰੋਂ ਕੋਮਲ ਪੱਤਿਆਂ

ਪੱਤਝੜ ਮਗਰੋਂ ਕੋਮਲ ਪੱਤਿਆਂ ਆਉਂਦੇ ਰਹਿਣਾ ਹੈ।
ਭਰੇਂ ਹੁੰਗਾਰਾ ਜਾਂ ਨਾਂਹ ਮੈਂ ਤਾਂ ਗਾਉਂਦੇ ਰਹਿਣਾ ਹੈ।

ਪੰਛੀਆਂ ਦੀ ਇਕ ਡਾਰ ਦੋਮੇਲ ਨੂੰ ਛੋਹ ਕੇ ਗੁਜ਼ਰ ਗਈ,
ਮੈਂ ਵੀ ਮਗਰੇ ਅੰਬਰੀਂ ਤਾਰੀਆਂ ਲਾਉਂਦੇ ਰਹਿਣਾ ਹੈ।

ਪਥਰੀਲੀ ਦੀਵਾਰ ਹੁੰਗਾਰਾ ਭਰਨਾ ਨਹੀਂ ਭਾਵੇਂ,
ਮੈਂ ਤਾਂ ਇਸਨੂੰ ਆਪਣੀ ਬਾਤ ਸੁਣਾਉਂਦੇ ਰਹਿਣਾ ਹੈ।

ਚੁੱਪ ਦਾ ਜੰਦਰਾ ਤੋੜੇਂ ਜਾਂ ਨਾ ਤੋੜੇਂ ਮੌਜ ਤੇਰੀ,
ਹਰ ਮੌਸਮ ਵਿਚ ਤੇਰਾ ਦਰ ਖੜਕਾਉਂਦੇ ਰਹਿਣਾ ਹੈ।

ਕੱਲ-ਮੁ-ਕੱਲੇ, ਰੁੱਖ ਦੀ ਹੋਂਦ ਕਬੂਲ ਨਹੀਂ ਮੈਨੂੰ,
ਜੰਗਲ ਨੂੰ ਮੈਂ ਆਪਣਾ ਗੀਤ ਸੁਣਾਉਂਦੇ ਰਹਿਣਾ ਹੈ।

ਤੇਰੇ ਦਿੱਤੇ ਦੁੱਖ ਦਾ ਮੈਂ ਸਨਮਾਨ ਕਰਾਂਗਾ ਇੰਞ,
ਸੂਲ਼ੀ ਉੱਤੇ ਚੜ੍ਹ ਕੇ ਵੀ ਮੁਸਕਾਉਂਦੇ ਰਹਿਣਾ ਹੈ।

ਮੈਂ ਕਿਸ ਖ਼ਾਤਰ ਚੋਗ ਚੁਗਾਵਾਂ ਉੱਡਣ-ਹਾਰੇ ਨੂੰ,
ਜਿਸ ਨੇ ਮੇਰੀ ਜਿੰਦ ਨੂੰ ਰੋਜ਼ ਸਤਾਉਂਦੇ ਰਹਿਣਾ ਹੈ।

1

ੲ

## ਹੱਸ ਨਾ ਸਕੀਏ

ਹੱਸ ਨਾ ਸਕੀਏ ਰੋ ਨਾ ਹੋਵੇ।
ਕੱਲ੍ਹਿਆਂ ਹੋਰ ਖਲੋ ਨਾ ਹੋਵੇ।

ਮਨ ਦਾ ਸ਼ੀਸ਼ਾ ਮੈਲ਼ ਕੁਚੈਲ਼ਾ,
ਚਾਹੀਏ ਵੀ ਪਰ ਧੋ ਨਾ ਹੋਵੇ।

ਧਰਤ ਹਵਾ ਤੇ ਪਾਣੀ ਗੰਧਲੇ,
ਇਸ ਤੋਂ ਵੱਧ ਧਰੋਹ ਨਾ ਹੋਵੇ।

ਅੱਥਰੂਆਂ ਦੇ ਪਾਣੀ ਤੋਂ ਬਿਨ,
ਦਾਗ਼ ਪਾਪ ਦਾ ਧੋ ਨਾ ਹੋਵੇ।

ਉਨ੍ਹਾਂ ਨੂੰ ਮੈਂ ਫੁੱਲ ਨਹੀਂ ਮੰਨਦਾ,
ਜਿੰਨ੍ਹਾਂ ਵਿਚ ਖੁਸ਼ਬੋ ਨਾ ਹੋਵੇ।

ਫੁੱਲ ਤਾਂ ਮੇਰਾ ਪੁੱਤਰ ਮੈਥੋਂ,
ਸੂਈ ਵਿੱਚ ਪਰੋ ਨਾ ਹੋਵੇ।

l

ੲ

## ਸੁਪਨਿਆਂ ਦੀ ਨੈਂ ਝਨਾਂ

ਸੁਪਨਿਆਂ ਦੀ ਨੈਂ ਝਨਾਂ ਨੂੰ ਤਰਦਿਆਂ।
ਉਮਰ ਬੀਤੀ ਹੈ ਰੋਜ਼ਾਨਾ ਮਰਦਿਆਂ।

ਉੱਠ ਕੇ ਵੇਖੋ ਤੇ ਦੱਸੋ ਕੌਣ ਹੈ,
ਮਰ ਗਏ ਜਿਸ ਦੇ ਤਸੀਹੇ ਜਰਦਿਆਂ।

ਤੂੰ ਲੁਕਾ ਬੇਸ਼ੱਕ ਮੈਨੂੰ ਹੈ ਪਤਾ,
ਦੱਸ ਦਿੱਤਾ ਸੱਚ ਇਨ੍ਹਾਂ ਪਰਦਿਆਂ।

ਕੌਣ ਤੈਨੂੰ ਮਾਰ ਸਕਦੈ ਸੋਹਣੀਏ,
ਆਖਿਆ ਕੱਚੇ ਘੜੇ ਨੇ ਖ਼ਰਦਿਆਂ।

ਤੇਰੇ ਪੱਲੇ ਅੱਖ਼ਰਾਂ ਬਿਨ ਹੋਰ ਕੀਹ,
ਪੁੱਛਿਆ ਕਈ ਵਾਰ ਮੈਨੂੰ ਘਰ ਦਿਆਂ।

ਮੇਰੇ ਕਿਹੜੇ ਕੰਮ ਆਈ ਸਾਦਗੀ,
ਜੀਅ ਕਰੇ ਇਹ ਪੰਡ ਏਥੇ ਧਰ ਦਿਆਂ।

ਲੰਘ ਜਾਊ ਰਾਤ ਵੀ ਇਹ ਦੋਸਤੋ,
ਤਾਰਿਆਂ ਦੇ ਨਾਲ ਗੱਲਾਂ ਕਰਦਿਆਂ।

ਤੇਰੇ ਪੱਲੇ ਕੀ ਬਚੇਗਾ ਦੱਸ ਫਿਰ,
ਮਰ ਗਈ ਗ਼ੈਰਤ ਜੇ ਪਾਣੀ ਭਰਦਿਆਂ।

l

## ਜ਼ਿੰਦਗੀ ਕਿਸ ਦੋਸ਼ ਬਦਲੇ

ਜ਼ਿੰਦਗੀ ਕਿਸ ਦੋਸ਼ ਬਦਲੇ ਦੇ ਗਈ ਕਰੜੀ ਸਜ਼ਾ।
ਪਹਿਲਾਂ 'ਵਾ ਨੇ ਟਾਹਣ ਤੋੜੇ ਫਿਰ ਜੜ੍ਹਾਂ ਤੋਂ ਪੁੱਟਿਆ।

ਮੇਰੀ ਮਾਂ ਭੁੱਲਦੀ ਨਹੀਂ ਅੱਧੀ ਸਦੀ ਪਹਿਲਾਂ ਦੀ ਬਾਤ,
ਇਕ ਛੰਨਾ ਪੋਣੇ ਬੱਧੀ ਰੋਟੀ ਕੁੱਤਾ ਲੈ ਗਿਆ।

ਕਸਰ ਤੂੰ ਛੱਡੀ ਨਾ ਕੋਈ ਅੱਗ ਲਾ ਕੇ ਐ ਹਵਾ,
ਫੇਰ ਵੀ ਤੂੰ ਵੇਖ ਕਿੱਦਾਂ ਝੂੰਮਦਾ ਜੰਗਲ ਹਰਾ।

ਸਿਰ ਦੀ ਚੁੰਨੀ ਲਾਸ਼ ਪੁੱਤਰ ਦੀ ਤੇ ਪਾ ਅੱਗੇ ਤੁਰੀ,
ਏਸ ਤੋਂ ਵਧ ਕੇ ਭਲਾ ਹੋਵੇਗੀ ਕਿਹੜੀ ਕਰਬਲਾ।

ਜਿਸ ਨੂੰ ਤੂੰ ਆਖੇਂ ਆਜ਼ਾਦੀ ਲੱਭ ਲੈ ਕਿੱਧਰ ਗਈ,
ਉਹ ਤਾਂ ਸੀ ਇਕ ਖ਼੍ਵਾਬ ਰਾਤੀਂ ਆਇਆ ਆ ਕੇ ਤੁਰ ਗਿਆ।

ਰੰਗ ਬਦਲੇ, ਪਰ ਕਿਸੇ ਨਾ ਢੰਗ ਬਦਲੇ ਨਾ ਵਿਧਾਨ,
ਕੁਰਸੀਆਂ ਤੇ ਕਾਲ਼ਾ ਧਨ ਚਿਹਰਾ ਬਦਲ ਕੇ ਬਹਿ ਗਿਆ।

ਬੰਦਿਆਂ 'ਤੇ ਰੋਕ ਸਰਹੱਦ ਤਾਰ ਕੰਡਿਆਲੀ ਖੜ੍ਹੀ,
ਕੌਣ ਡੱਕ ਸਕਦੈ ਭਲਾ ਦੱਸ ਹੌਕਿਆਂ ਦਾ ਕਾਫ਼ਲਾ।

1

## ਬੁੱਕਲ ਵਿਚ ਸਮੋ ਲਿਆ

ਬੁੱਕਲ ਵਿਚ ਸਮੋ ਲਿਆ ਭਾਵੇਂ ਮੈਂ ਸਾਰਾ ਬ੍ਰਹਿਮੰਡ ਓ ਯਾਰ।
ਤੇਰੀ ਇਕ ਗਲਵੱਕੜੀ ਬਾਝੋਂ ਨਹੀਓਂ ਪੈਂਦੀ ਠੰਢ ਓ ਯਾਰ।

ਮੇਰੇ ਮਨ ਤੋਂ ਭਾਰ ਤੂੰ ਲਾਹ ਕੇ ਕੁਝ ਪਲ ਮੇਰੇ ਕੋਲ਼ ਖਲੋ,
ਕੱਲ੍ਹੇ ਤੋਂ ਨਹੀਂ ਚੁੱਕੀ ਜਾਂਦੀ ਇਕਲਾਪੇ ਦੀ ਪੰਡ ਓ ਯਾਰ।

ਤੂੰ ਤੁਰ ਜਾਵੇਂ ਕੌੜ ਕੁਸੈਲ਼ੀਆਂ ਯਾਦਾਂ ਖ਼ੌਰੂ ਪਾਉਂਦੀਆਂ ਨੇ,
ਤੂੰ ਮਿਲ ਜਾਵੇਂ ਤਾਂ ਸਾਹਾਂ ਵਿਚ ਘੁਲ਼ ਜਾਂਦੀ ਹੈ ਖੰਡ ਓ ਯਾਰ।

ਘੁੱਗੀਆਂ ਮੋਰ ਦਸੂਤੀ ਚਾਦਰ ਉਤੇ ਬੈਠੇ ਆਖ ਰਹੇ,
ਤਰਸ ਤਰਸ ਕੇ ਤੇਰੀ ਛੋਹ ਨੂੰ ਐਵੇਂ ਚੱਲੇ ਹੰਢ ਓ ਯਾਰ।

ਉੱਜਲੇ ਤਨ ਵਿਚ ਮਨ ਦਾ ਮੈਲਾ ਸ਼ੀਸ਼ਾ ਮੈਨੂੰ ਕਹਿੰਦਾ ਹੈ,
ਜਾਂ ਤਾਂ ਮੈਨੂੰ ਟੋਟੇ ਕਰ ਦੇ ਜਾਂ ਨਾ ਐਵੇਂ ਭੰਡ ਓ ਯਾਰ।

ਕੰਧ ਓਹਲੇ ਪ੍ਰਦੇਸ ਭਰਾਓ ਏਸ ਤਰ੍ਹਾਂ ਹੀ ਬਣ ਜਾਵੇ,
ਹੌਲ਼ੀ ਹੌਲ਼ੀ ਬੱਝਦੀ ਹੈ ਜਦ ਮਨ ਦੇ ਅੰਦਰ ਗੰਢ ਓ ਯਾਰ।

ਇਕੋ ਮਾਂ ਦੀ ਛਾਤੀ ਚੁੰਘਦੇ ਵੀਰਾਂ ਦੇ ਵਿਚਕਾਰ ਲਕੀਰ,
ਮਾਂ ਦੀ ਮਮਤਾ ਫ਼ੀਤਾ ਫੜ ਕੇ ਏਸ ਤਰ੍ਹਾਂ ਨਾ ਵੰਡ ਓ ਯਾਰ।

1

## ਕਰਦਾ ਜੇ ਤੂੰ ਫੁੱਲਾਂ ਨਾਲ ਪਿਆਰ

ਕਰਦਾ ਜੇ ਤੂੰ ਫੁੱਲਾਂ ਨਾਲ ਪਿਆਰ ਕਦੇ।
ਚੰਗੇ ਨਹੀਂ ਸੀ ਲੱਗਣੇ ਇਹ ਹਥਿਆਰ ਕਦੇ।

ਬਲਦੀ ਕੇਵਲ ਮਿੱਟੀ ਹੈ ਜਾਂ ਲੱਕੜੀਆਂ,
ਮੜ੍ਹੀਆਂ ਅੰਦਰ ਸੜਦੇ ਨਹੀਂ ਵਿਚਾਰ ਕਦੇ।

ਸਰਮਾਏ ਦੇ ਜੰਗਲ ਵਿਚ ਗੁਆਚ ਗਏ,
ਦਾਅਵੇਦਾਰ ਉਮਰ ਦੇ ਸੀ ਜੋ ਯਾਰ ਕਦੇ।

ਪੁਸਤਕ ਦੇ ਪੰਨਿਆਂ ਵਿਚ ਰੱਖ ਕੇ ਮਾਰੀ ਜੋ,
ਉਸ ਤਿਤਲੀ ਦਾ ਰੂਹ ਤੇ ਪੈਂਦੈ ਭਾਰ ਕਦੇ।

ਆਰੀ ਵਾਲੇ ਬਾਗ਼ ਦੁਆਲੇ ਫਿਰਦੇ ਨੇ,
ਚੌਂਕੀਦਾਰਾ ਏਧਰ ਫੇਰਾ ਮਾਰ ਕਦੇ।

ਇਹ ਤਾਂ ਮਨ ਦੇ ਰਉਂ 'ਤੇ ਨਿਰਭਰ ਕਰਦਾ ਹੈ,
ਹਰ ਵਾਰੀ ਨਹੀਂ ਹੁੰਦੇ ਦੋ ਦੋ ਚਾਰ ਕਦੇ।

ਜੀਅ ਤਾਂ ਚਾਹੁੰਦੈ ਮੈਂ ਵੀ ਉਹਦੇ ਨਾਲ ਉਡਾਂ,
ਅੰਬਰ ਵਿਚ ਜਦ ਵੇਖਾਂ ਉੱਡਦੀ ਡਾਰ ਕਦੇ।

1

## ਵਗ ਰਹੀ ਠੰਢੀ ਹਵਾ

ਵਗ ਰਹੀ ਠੰਢੀ ਹਵਾ ਹੈ।
ਨਿੱਘ ਕਿਧਰੇ ਲਾਪਤਾ ਹੈ।

ਟਾਹਣੀਆਂ ਵਿਚ ਫ਼ੁੱਲ ਜੀਂਦੇ,
ਪੱਤਝੜਾਂ ਨੂੰ ਕੀ ਪਤਾ ਹੈ।

ਚਾਰ ਪਾਸੇ ਪਾਣੀਆਂ ਵਿਚ,
ਰੁੱਖ ਕਿਉਂ ਸੁੱਕਾ ਖੜ੍ਹਾ ਹੈ?

ਦਰਦ ਤਾਈਂ ਵੰਡ ਦੇਣਾ,
ਏਸ ਦੀ ਏਹੀ ਦਵਾ ਹੈ।

ਕਤਲਗਾਹੋਂ ਨਾ ਡਰਾਉ,
ਇਹ ਤਾਂ ਸਾਡੀ ਗੁਜ਼ਰਗਾਹ ਹੈ।

ਫ਼ਿਕਰ ਦੀ ਧੁੱਪੇ ਖਲੋਣਾ,
ਏਸ ਦਾ ਅਪਣਾ ਮਜ਼ਾ ਹੈ।

ਅੱਥਰੂ ਕਿੰਝ ਸ਼ਬਦ ਬਣਦੇ,
ਇਹ ਤਾਂ ਇਕ ਵੱਖਰਾ ਸਫ਼ਾ ਹੈ।

ਮਰ ਨਾ ਜਾਵੇ ਆਦਮੀਅਤ,
ਅੱਜ ਏਹੀ ਤੌਖ਼ਲਾ ਹੈ।

1

o

## ਉੱਪਰੋਂ ਲੰਘਣ ਕਾਫ਼ਲੇ

ਉੱਪਰੋਂ ਲੰਘਣ ਕਾਫ਼ਲੇ ਤੇ ਹੇਠ ਵਗੇ ਦਰਿਆ।
ਪਾਣੀ ਕੰਢੇ ਬੈਠ ਕੇ ਮੈਂ ਤੈਨੂੰ ਚਿਤਵ ਰਿਹਾ।

ਤੈਨੂੰ ਚੇਤੇ ਕਰਦਿਆਂ ਮੈਂ ਠਰਦਾ ਠਰਦਾ ਠਰ ਗਿਆ,
ਹੁਣ ਸੂਰਜ ਟਿੱਕੀ ਚੜ੍ਹਦਿਆਂ ਅੱਗ ਦਾ ਗੀਤ ਸੁਣਾ।

ਬੀਤੀ ਰਾਤ ਵਿਯੋਗ ਦੀ ਹੈ ਤਾਰੇ ਗਿਣ ਗਿਣ ਕੇ,
ਅੱਖੀਆਂ ਤਰਸਣ ਦੀਦ ਨੂੰ ਤੂੰ ਸੁਪਨਾ ਬਣ ਕੇ ਆ।

ਡਾਰੋਂ ਵਿੱਛੜੀ ਕੂੰਜ ਦੀ ਆਉਂਦੀ ਹੈ ਇੰਵ ਹੂਕ,
ਚੰਦ ਚਕੋਰੀ ਲੱਭਦੀ ਅੰਬਰ ਵਿਚ ਤਾਰੀ ਲਾ।

ਐਵੇਂ ਹੈ ਫੁੰਕਾਰਦਾ ਪਰ ਨਹੀਂ ਮਾਰਦਾ ਡੰਗ,
ਯਾਦ ਤੇਰੀ ਦੇ ਵਾਂਗਰਾਂ ਵਿਸ਼ੀਅਰ ਨਾਗ ਜਿਹਾ।

ਸੜਕ ਕਿਨਾਰੇ ਸੁੱਕ ਰਿਹਾ ਮੁੱਕਦਾ ਮੁੱਕਦਾ ਮੁੱਕ ਰਿਹਾ,
ਬਿਰਖ਼ ਨਿਪੱਤਰਾ ਜਾਪਦਾ ਮੇਰਾ ਧਰਮ ਭਰਾ।

ਪਹਿਲ ਪਲੇਠੀ ਪ੍ਰੀਤ ਦਾ ਇਹ ਅਣਗਾਇਆ ਗੀਤ,
ਛੇਕਾਂ ਵਿੰਨ੍ਹੀ ਬੰਸਰੀ ਤੂੰ ਆਪਣੇ ਹੋਠ ਛੁਹਾ।

1

o

## ਘੁੰਮਣ ਘੇਰ ਜਹਾਨ ਦੇ

ਘੁੰਮਣ ਘੇਰ ਜਹਾਨ ਦੇ।
ਦੁਸ਼ਮਣ ਬਣ ਗਏ ਜਾਨ ਦੇ।

ਹੈਂਕੜ ਮਿਰਜ਼ਾ ਮਾਰਿਆ,
ਸਾਹਵੇਂ ਤੀਰ-ਕਮਾਨ ਦੇ।

ਧੂੰਏਂ ਬੱਦਲ ਵਾਂਗ ਨੇ,
ਭਰਮ-ਭੁਲੇਖੇ ਸ਼ਾਨ ਦੇ।

ਸ਼ਹਿਰਾਂ ਵਿਚ ਗੁਆਚ ਨਾ,
ਪੰਛੀ ਬੀਆਬਾਨ ਦੇ।

ਤੂੰ ਕਿਸਮਤ ਨੂੰ ਕੋਸ ਨਾ,
ਸਭ ਕੁਝ ਵੱਸ ਇਨਸਾਨ ਦੇ।

ਅੰਨ੍ਹੀ ਸੁਰੰਗ 'ਚ ਵੱਸਦੇ,
ਚੇਲੇ ਸਭ ਭਗਵਾਨ ਦੇ।

ਅੰਬਰੀਂ ਧੂੜਾਂ ਉੱਠੀਆਂ,
ਬਣੇ ਆਸਾਰ ਤੂਫ਼ਾਨ ਦੇ।

1

o

## ਦਿੱਲੀ ਦਿਲ ਤੋਂ ਦੂਰ

ਦਿੱਲੀ ਦਿਲ ਤੋਂ ਦੂਰ ਖੜ੍ਹੀ ਹੈ।
ਤਾਹੀਓਂ ਦਿੱਲੀ ਦੂਰ ਬੜੀ ਹੈ।

ਮਾਂ ਪਿਉ ਜਾਏ ਮਾਰ ਮੁਕਾਏ,
ਇਹ ਕਿੱਧਰਲੀ ਜੰਗ ਲੜੀ ਹੈ।

ਡਰਦੀ 'ਵਾਜ਼ ਨਾ ਸੰਘੋਂ ਨਿਕਲੇ,
ਹਰ ਬੂਹੇ 'ਤੇ ਮੌਤ ਖੜ੍ਹੀ ਹੈ।

ਲੱਗੇ ਬੋਹਲ ਉਡਾ ਨਾ ਦੇਵੇ,
ਲਹਿੰਦੀ ਗੁੱਠੇ ਧੂੜ ਚੜ੍ਹੀ ਹੈ।

ਟੁੱਟ ਗਈ ਤਾਂ ਫਿਰ ਨਾ ਜੁੜਨੀ,
ਨਾ ਤੋੜੋ ਇਹ ਅਹਿਮ ਕੜੀ ਹੈ।

ਕਿੱਥੇ ਪੈਰ ਧਰੋਗੇ ਏਥੇ,
ਚਹੁੰ ਗਿੱਠਾਂ ਤੇ ਫੇਰ ਮੜ੍ਹੀ ਹੈ।

ਸੂਈਆਂ ਪਿੱਛੇ ਘੁੰਮੀ ਜਾਵਣ,
ਮੇਰੇ ਗੁੱਟ ਤੇ ਅਜਬ ਘੜੀ ਹੈ।

ਵੇਖੀਂ ਇਸ 'ਤੇ ਛੱਤ ਨਾ ਪਾਈਂ,
ਗੱਤੇ ਦੀ ਦੀਵਾਰ ਖੜ੍ਹੀ ਹੈ।

l

o

## ਹਾਲ ਮੁਰੀਦਾਂ ਕਿਸ ਨੂੰ ਕਹੀਏ

ਹਾਲ ਮੁਰੀਦਾਂ ਕਿਸ ਨੂੰ ਕਹੀਏ।
ਮਿੱਤਰਾਂ ਤੋਂ ਨਿੱਤ ਧੋਖੇ ਸਹੀਏ।

ਇਕੋ ਥਾਂ ਤੇ ਘੁੰਮੀ ਜਾਂਦੇ,
ਇਸ ਜੀਵਨ ਦੇ ਚਾਰੇ ਪਹੀਏ।

ਆਪ ਖਿਲਾਰੇ ਕੰਡੇ ਚੁਗੀਏ,
ਆਉ ਸਾਰੇ ਰਲ ਕੇ ਡਹੀਏ।

ਇਹ ਜੀਵਨ ਹੈ ਚਾਰ ਦਿਹਾੜੇ,
ਸਭ ਦੀ ਸੁਣੀਏ ਸਭ ਨੂੰ ਕਹੀਏ।

ਇਨਸਾਨਾਂ ਦੀ ਜੂਨ ਪਏ ਹਾਂ,
ਪਸ਼ੂਆਂ ਵਾਂਗੂੰ ਕਾਹਨੂੰ ਖਹੀਏ।

ਨਜ਼ਰਾਂ ਤੋਂ ਨਾ ਗਿਰੀਏ ਯਾਰੋ,
ਇਕ ਦੂਜੇ ਦੇ ਦਿਲ ਵਿਚ ਲਹੀਏ।

ਤੇਜ਼ ਹਨ੍ਹੇਰੀ ਉੱਡ ਜਾਵਾਂਗੇ,
'ਕੱਠੇ ਹੋ ਕੇ ਇਕ ਥਾਂ ਬਹੀਏ।

l

○

## ਰੂਹ ਦੀ ਪਿਆਸ

ਰੂਹ ਦੀ ਪਿਆਸ ਮਿਟਾਵਣ ਖਾਤਰ ਪੁੱਠੇ ਖੂਹ ਨਹੀਂ ਗੇੜੀਦੇ।
ਵਗਦੀ ਨੈਂ 'ਚੋਂ ਪਾਣੀ ਪੀਂਦੇ ਮਿਰਗ ਕਦੇ ਨਹੀਂ ਛੇੜੀਦੇ।

ਯਾਦਾਂ ਦਾ ਇਕ ਝੁਰਮਟ ਤੈਨੂੰ ਘੇਰੂ ਸੁੱਤਿਆਂ ਜਾਗਦਿਆਂ,
ਮਹਿਮਾਨਾਂ ਤੋਂ ਡਰ ਕੇ ਐਵੇਂ ਘਰ ਦੇ ਦਰ ਨਹੀਂ ਭੇੜੀਦੇ।

ਗਮਲੇ ਵਿਚੋਂ ਨਿਕਲੀ ਜੜ੍ਹ ਨੇ ਇਹ ਮਾਲੀ ਨੂੰ ਆਪ ਕਿਹਾ,
ਬੇਕਦਰਾਂ ਦੇ ਪੱਕੇ ਵਿਹੜੇ ਅੰਦਰ ਫੁੱਲ ਨਹੀਂ ਖੇੜੀਦੇ।

ਉਹ ਤਾਂ ਦਿਲ ਵਿਚ ਸੋਚ ਤੁਰੀ ਸੀ ਪਾਰ ਲੰਘਾਊਂ ਰਾਹੀਆਂ ਨੂੰ,
ਸਣੇ ਮਲਾਹਾਂ ਡੁੱਬ ਗਏ ਸੁਫ਼ਨੇ ਅੱਧ ਵਿਚਾਲੇ ਬੇੜੀ ਦੇ।

ਤੂੰ ਤਾਂ ਏਸ ਚੌਰਾਹੇ ਦੇ ਵਿਚ ਬੰਨ੍ਹ ਪੰਚਾਇਤਾਂ ਬੈਠ ਗਿਐਂ,
ਮਨ ਦੇ ਰੌਲੇ ਭੀੜ 'ਚ ਬਹਿ ਕੇ ਏਦਾਂ ਨਹੀਂ ਨਿਬੇੜੀਦੇ।

ਦੁੱਖ ਤੇ ਸੁਖ ਦੇ ਦੋਵੇਂ ਪਹੀਏ ਕੱਠੇ ਹੋ ਕੇ ਰਿੜ੍ਹਦੇ ਨੇ,
ਸੁਖ ਸੁਖ ਤੇਰਾ ਦੁੱਖ ਦੁੱਖ ਮੇਰਾ ਏਦਾਂ ਨਹੀਂ ਨਿਖੇੜੀਦੇ।

ਧਰਤੀ ਉੱਪਰ ਲੀਕਾਂ ਵਾਹ ਕੇ ਦੱਸ ਨਫ਼ਾ ਕੀ ਖੱਟਿਆ ਹੈ,
ਇਕੋ ਮਾਂ ਦੇ ਜੰਮੇ ਜਾਏ ਐਦਾਂ ਨਹੀਂ ਤਰੇੜੀਦੇ।

1

○

## ਮੈਂ ਪੌਣ ਵੈਰਾਗਣ

ਮੈਂ ਪੌਣ ਵੈਰਾਗਣ ਹਾਂ ਬਾਹਾਂ ਵਿਚ ਭਰ ਮੈਨੂੰ।
ਵਗਦੀ ਹਾਂ ਅਗਨ-ਨਦੀ ਇੱਕ ਵਾਰੀ ਤਰ ਮੈਨੂੰ।

ਸੱਤੇ ਸੁਰ ਜਾਗਣਗੇ ਸਾਹਾਂ ਦੀ ਵੰਝਲੀ 'ਚੋਂ,
ਪਥਰਾਏ ਹੋਠਾਂ 'ਤੇ ਇਕ ਵਾਰੀ ਧਰ ਮੈਨੂੰ।

ਮੌਸਮ ਦੀ ਕਰੋਪੀ ਤੋਂ ਬਚ ਕੇ ਵੀ ਝੂੰਮ ਰਹੀ,
ਇੱਕ ਸੁੰਨੀ ਟਾਹਣੀ ਹਾਂ ਫੁੱਲਾਂ ਸੰਗ ਭਰ ਮੈਨੂੰ।

ਬਾਜ਼ਾਰੀ ਦੌਰ ਅੰਦਰ ਹਰ ਰੀਝ ਬਣੀ ਵਸਤੂ,
ਬਾਲਣ ਨਾ ਬਣ ਜਾਵਾਂ ਲੱਗਦਾ ਹੈ ਡਰ ਮੈਨੂੰ।

ਅਣਮਾਣੀ ਕਸਤੂਰੀ ਜਿਉਂ ਹਿਰਨ ਦੀ ਨਾਭੀ ਵਿਚ
ਆਪਣੇ ਵਿਚ ਘੋਲ ਜ਼ਰਾ ਸਾਹਾਂ ਵਿਚ ਭਰ ਮੈਨੂੰ।

ਇਕ ਰੀਝ ਅਧੂਰੀ ਹਾਂ ਅਣਗਾਏ ਗੀਤ ਜਹੀ,
ਤੇਰੇ ਹੱਥ ਤਾਰ ਮਿਰੀ ਸੁਰਤਾਲ 'ਚ ਕਰ ਮੈਨੂੰ।

ਉਮਰਾਂ ਦੀ ਤੜਪਣ ਜੋ ਸਭ ਤੇਰੇ ਅਰਪਣ ਹੈ,
ਮਿੱਟੀ ਦੀ ਕੀਹ ਮਰਜ਼ੀ ਜੋ ਚਾਹੇਂ ਕਰ ਮੈਨੂੰ।

ਤਪਦੇ ਹੋਏ ਆਵੇ ਵਿਚ ਲਾਟਾਂ ਦੇ ਕਲਾਵੇ ਵਿਚ,
ਕੋਈ ਨਰਮ ਕਰੂੰਬਲ ਹੈ, ਤੇਰਾ ਇੱਕ ਦਰ ਮੈਨੂੰ।

1

o

## ਮੈਂ ਹਕੂਮਤ ਨੂੰ ਕਹਾਂਗਾ

ਮੈਂ ਹਕੂਮਤ ਨੂੰ ਕਹਾਂਗਾ ਬੇਘਰਾਂ ਨੂੰ ਘਰ ਦਿਓ।
ਨੀਵੀਆਂ ਥਾਵਾਂ ਨੂੰ ਉੱਚੀਆਂ ਦੇ ਬਰਾਬਰ ਕਰ ਦਿਓ।

ਏਸ ਉੱਚੀ ਕੰਧ ਦੇ ਉਸ ਪਾਰ ਹੈ ਸੂਰਜ ਦਾ ਵਾਸ,
ਢਾਹ ਦਿਉ ਧੁੱਪ ਵਾਸਤੇ ਦੀਵਾਰ ਪਾਲੇ ਠਰਦਿਓ।

ਏਸ ਨੇ ਸਿੱਟੇ ਜੇ ਖਾਧੇ ਦਾਣੇ ਕਿੱਥੋਂ ਆਉਣਗੇ,
ਡਾਂਗ ਮਾਰੋ ਬਾਹਰ ਕੱਢੋ, ਸਾਨ੍ਹ ਕੋਲੋਂ ਡਰਦਿਓ।

ਸਿਦਕ ਇਸ ਤੋਂ ਬਾਅਦ ਕਿਧਰੇ ਨਾ ਬਣੇ ਆਦਤ ਜਹੀ,
ਜਾਬਰਾਂ ਨੂੰ ਭਾਂਜ ਦੇਵੇ, ਜਬਰ ਪਿੰਡੇ ਜਰਦਿਓ।

ਜੋ ਵੀ ਕਰਨਾ ਹੈ, ਕਰੋ ਅੱਜ ਹੀ, ਹੁਣੇ ਹੀ ਦੋਸਤੋ,
ਵਕਤ ਨਾ ਕਰਦਾ ਉਡੀਕਾਂ ਕਦਮ ਅੱਗੇ ਧਰ ਦਿਓ।

ਨਾ ਸਹੀ ਜੇ ਕਦਰਦਾਨੀ, ਰੌਸ਼ਨੀ ਦੀ ਸ਼ਹਿਰ ਵਿਚ,
ਨ੍ਹੇਰੀਆਂ ਗਲੀਆਂ 'ਚ ਜਗ ਕੇ ਪਿੰਡ ਰੌਸ਼ਨ ਕਰ ਦਿਓ।

ਵੇਖਿਆ ਕਿੰਝ ਉਲਝਿਆ ਹੈ ਧਰਤ ਦਾ ਸਾਰਾ ਨਿਜ਼ਾਮ,
ਹੇ ਰਵੀ, ਹੇ ਚੰਦਰਮਾ, ਹੇ ਤਾਰਿਓ ਅੰਬਰ ਦਿਓ।

l

o

## ਸਿਰਾਂ 'ਤੇ ਰਾਤ ਹੈ ਕਾਲ਼ੀ

ਸਿਰਾਂ 'ਤੇ ਰਾਤ ਹੈ ਕਾਲ਼ੀ ਭਰਾਓ ਜਾਗਦੇ ਰਹੀਏ।
ਕਿਤੇ ਪੱਥਰ ਨਾ ਹੋ ਜਾਈਏ ਦਿਲਾਂ ਦੀ ਵੇਦਨਾ ਕਹੀਏ।

ਇਹ ਏਨੇ ਸਾਲ ਵਿਚ ਪਹੁੰਚੀ ਕਿਤੇ ਨਾ ਦੋਸਤੋ ਗੱਡੀ,
ਬਥੇਰੇ ਹਿੱਕ ਸਾਡੀ ਨੇ ਲੰਘਾਏ ਰੇਲ ਦੇ ਪਹੀਏ।

ਅਸੀਂ ਮੁਜਰਿਮ ਦੇ ਵਾਂਗੂ ਲੰਘਦੇ ਹਾਂ ਰਾਜਪਥ ਕੋਲੋਂ,
ਤਲਾਸ਼ੀ ਵਾਲਿਆਂ ਕੋਲੋਂ ਕਿਤੇ ਪੱਗ ਨਾ ਲੁਹਾ ਬਹੀਏ।

ਮਲਾਹਾਂ ਅੱਧ ਵਿਚ ਦਰਿਆ ਦੇ ਆ ਬੇੜੀ ਖਲ੍ਹਾਰੀ ਹੈ,
ਤੁਸੀਂ ਦੱਸੋ ਕਿ ਇਸਨੂੰ ਦੋਸਤੀ ਜਾਂ ਦੁਸ਼ਮਣੀ ਕਹੀਏ।

ਸਿਰਫ਼ ਇੱਕ ਸਿਦਕ ਤੇ ਵਿਸ਼ਵਾਸ ਮੇਰੇ ਨਾਲ ਤੁਰਦਾ ਹੈ,
ਉਸੇ ਦੇ ਆਸਰੇ ਹਰ ਹਾਲ ਵਿਚ ਸਿੱਧੇ ਖੜ੍ਹੇ ਰਹੀਏ।

ਜਦੋਂ ਮੌਸਮ ਨੇ ਅੱਜ ਤੱਕ ਨਾਲ ਸਾਡੇ ਨਾ ਵਫ਼ਾ ਕੀਤੀ,
ਅਸੀਂ ਵੀ ਕਿਹੜੇ ਸਾਕੋਂ ਏਸ ਦੀ ਯਾਰੋ ਤੜੀ ਸਹੀਏ।

l

○

## ਅੱਖਾਂ 'ਚ ਉਨੀਂਦਰਾ

ਅੱਖਾਂ 'ਚ ਉਨੀਂਦਰਾ ਤੇ ਦਿਲ ਸੁੰਨਸਾਨ ਹੈ।
ਸੱਜਣਾਂ ਬਗੈਰ ਸਾਡੀ ਲਬਾਂ ਉੱਤੇ ਜਾਨ ਹੈ।

ਲੋਕਾਂ ਭਾਣੇ ਹੱਸਦਾ ਇਹ ਸ਼ਹਿਰ ਜਾਪੇ ਵੱਸਦਾ,
ਮੇਰੇ ਲਈ ਉਜਾੜ ਸੁੰਨੀ ਰੋਹੀ ਬੀਆਬਾਨ ਹੈ।

ਫ਼ਿਕਰਾਂ ਦੀ ਛੱਤ ਹੇਠਾਂ ਰਾਤ ਸਾਰੀ ਜਾਗਨਾਂ,
ਮੇਰੇ ਨਾਲ ਗੱਲਾਂ ਕਰੇ ਨੀਲਾ ਅਸਮਾਨ ਹੈ।

ਠੋਕਰੋਂ ਬਚਾਉਂਦਾ ਤੇ ਸੰਭਾਲਦਾ ਹਾਂ ਹਰ ਵੇਲੇ,
ਸੁਪਨਾ ਨਾ ਟੁੱਟ ਜਾਵੇ ਕੱਚ ਦਾ ਸਾਮਾਨ ਹੈ।

ਕਿਸ ਨੂੰ ਸੁਣਾਵਾਂ ਹਾਲ ਟੁੱਟੇ ਹੋਏ ਦਿਲ ਦਾ ਮੈਂ,
ਅੰਨ੍ਹੀ ਬੋਲ਼ੀ ਧਰਤੀ ਤੇ ਗੁੰਗਾ ਅਸਮਾਨ ਹੈ।

ਟੰਗਿਆ ਹੈ ਸੂਲੀ ਉੱਤੇ ਚੰਦਰੇ ਹਾਲਾਤ ਭਾਵੇਂ,
ਫੇਰ ਵੀ ਤੂੰ ਵੇਖ ਸਾਡੀ ਚੱਲਦੀ ਜ਼ਬਾਨ ਹੈ।

l

○

## ਵਗਦੀ ਹਨ੍ਹੇਰੀ ਬੁਝੀ ਦੀਵਿਆਂ ਦੀ

ਵਗਦੀ ਹਨ੍ਹੇਰੀ ਬੁਝੀ ਦੀਵਿਆਂ ਦੀ ਪਾਲ਼।
ਆਪਣੇ ਤੂੰ ਘਰ ਦੇ ਚਿਰਾਗਾਂ ਨੂੰ ਸੰਭਾਲ਼।

ਲੁਕ ਗਈ ਕਿਤਾਬਾਂ ਵਿਚ ਅੱਖਰਾਂ ਦੀ ਭੀੜ,
ਹੱਥ ਵਿਚ ਛੁਰੀ ਚੁੱਕੀ ਫਿਰਦੇ ਚੰਡਾਲ਼।

ਵਰ੍ਹਦੀਆਂ ਗੋਲੀਆਂ ਦਾ ਹੋਵੇ ਜਦੋਂ ਭੇੜ,
'ਨ੍ਹੇਰੇ ਵਿਚ ਕੌਣ ਵੇਖੇ ਕੌਣ ਕੀਹਦੇ ਨਾਲ਼।

ਧਰਮਾਂ ਰਿਆਸਤਾਂ ਸਿਆਸਤਾਂ ਦੀ ਲੋੜ,
ਹਰ ਵੇਲੇ ਟਾਲ਼ ਦੇਣਾ ਰੋਟੀ ਦਾ ਸੁਆਲ।

ਲੁਕ ਛਿਪ ਜਾਓ ਫਿਰੇ ਕੂਕਦੀ ਇਹ ਪੌਣ,
ਖ਼ੌਰੇ ਕਿਹਦੇ ਸਿਰ ਚੜ੍ਹ ਬੋਲ ਪਵੇ ਕਾਲ਼।

ਇਕ ਇਕ ਦਿਨ ਹੁਣ ਬੀਤਦਾ ਹੈ ਇੰਝ,
ਮੋਈ ਮਾਂ ਨੂੰ ਚੁੰਘੇ ਜਿਵੇਂ ਨਿੱਕਾ ਜਿਹਾ ਬਾਲ।

ਤੇਰੀਆਂ ਕਮਾਈਆਂ ਮਿੱਟੀ ਵਿਚ ਰੁਲ ਗਈਆਂ,
ਉੱਠ ਸਿਰ ਵਾਲਿਆ ਤੂੰ ਪਗੜੀ ਸੰਭਾਲ਼।

l

੦

## ਬੰਦ ਕਰੋ ਦਰਵਾਜ਼ੇ ਸਾਰੇ

ਬੰਦ ਕਰੋ ਦਰਵਾਜ਼ੇ ਸਾਰੇ ਭੇੜੋ ਬੂਹੇ-ਬਾਰੀਆਂ।
ਅੰਨ੍ਹੀ 'ਨੇਰ੍ਹੀ ਭੱਜੀ ਆਉਂਦੀ ਮਾਰ ਮਾਰ ਕਿਲਕਾਰੀਆਂ।

ਇਕੋ ਬੰਦਾ ਮਰਿਆਂ ਜਿੱਥੇ ਸੁਰਖ਼ ਹਨ੍ਹੇਰੀ ਆਉਂਦੀ ਸੀ,
ਅੱਜ ਹਰ ਚੌਂਕ ਚੁਰਸਤੇ ਭਾਵੇਂ ਲਾ ਲਉ ਖ਼ੂਨ 'ਚ ਤਾਰੀਆਂ।

ਹਿੱਕ ਤੇ ਭਾਰ ਜਿਹਾ ਹੈ ਨਾਲੇ ਜੀਭ ਤਾਲੂਏ ਜੁੜ ਗਈ ਸੀ,
ਮੇਰਾ ਨਾਮ ਪੁਕਾਰ ਕੇ ਕਿਸਨੇ ਰਾਤੀਂ 'ਵਾਜ਼ਾਂ ਮਾਰੀਆਂ।

ਗਰਦ ਗੁਬਾਰ ਹਨ੍ਹੇਰਾ ਮਨ ਤੇ ਕਾਠੀ ਪਾ ਕੇ ਬੈਠਾ ਹੈ,
ਨਿੱਕੀਆਂ ਨਿੱਕੀਆਂ ਸੋਚਾਂ ਲੱਗਣ ਪਰਬਤ ਨਾਲੋਂ ਭਾਰੀਆਂ।

ਧੂੜ ਲਪੇਟੇ ਰਾਹਾਂ ਦੇ ਵਿਚ ਕਿੰਨੇ ਯਾਰ ਗੁਆਚ ਗਏ,
ਖਾ ਗਈਆਂ ਨੇ ਸੂਹੇ ਸੁਪਨੇ ਮਿੱਟੀ ਰੰਗੀਆਂ ਲਾਰੀਆਂ।

ਉਹ ਵੀ ਇਕ ਦਿਨ ਘਰ ਦੀ ਨੁੱਕਰੇ ਸਿਰ ਤੇ ਛੱਤਾਂ ਮੰਗਣਗੇ,
ਹੁਣ ਤਕ ਉਮਰ ਲੰਘਾਈ ਜਿੰਨ੍ਹਾਂ ਕਰ ਕਰ ਪਹਿਰੇਦਾਰੀਆਂ।

ਖ਼ੁਸ਼ਬੂ ਹੱਦਾਂ ਬੰਨੇ ਟੱਪ ਕੇ ਦੂਰ ਦੂਰ ਤਕ ਜਾਵੇਗੀ,
ਕਿਹੜੀ ਤਾਕਤ ਰੋਕੂ ਇਸ ਨੂੰ ਕਰਕੇ ਚਾਰ-ਦੀਵਾਰੀਆਂ।

1

੦

## ਯਾਰੀ ਪਾਉਂਦੇ ਜੇ ਨਾ ਰੰਗਲੇ

ਯਾਰੀ ਪਾਉਂਦੇ ਜੇ ਨਾ ਰੰਗਲੇ ਗੁਬਾਰਿਆਂ ਦੇ ਨਾਲ।
ਸਾਡੀ ਨਿਭ ਜਾਂਦੀ ਦੋਸਤੀ ਅੰਗਾਰਿਆਂ ਦੇ ਨਾਲ।

ਅਸੀਂ ਤੇਰੇ ਵਾਂਗ ਅੰਬਰਾਂ ਨੂੰ ਸੀਗਾ ਚੁੰਮ ਲੈਣਾ,
ਰਲ ਜਾਂਵਦੇ ਜੇ ਪੀਂਘ ਦੇ ਹੁਲਾਰਿਆਂ ਦੇ ਨਾਲ।

ਅਸੀਂ ਵੱਖ ਤੁਸੀਂ ਵੱਖ ਸਾਡੀ ਮਿਲਦੀ ਨਾ ਅੱਖ,
ਕਦੋਂ ਯਾਰੀਆਂ ਪੁਗਾਈਆ ਮਹਿਲਾਂ ਢਾਰਿਆਂ ਦੇ ਨਾਲ।

ਤੁਸੀਂ ਗੂੰਗਿਆਂ ਦੇ ਵਾਂਗ ਚੁੱਪ-ਚਾਪ ਬੈਠ ਗਏ,
ਬਾਤ ਤੁਰਨੀ ਹੈ ਅੱਗੇ ਤਾਂ ਹੁੰਗਾਰਿਆਂ ਦੇ ਨਾਲ।

ਸਾਨੂੰ ਧਰਤੀ ਦੇ ਮਾਲ ਤੇ ਖ਼ਜ਼ਾਨਿਆਂ ਤੋਂ ਵੱਧ,
ਜਿਹੜੀ ਘੜੀ ਲੰਘੇ ਸੱਜਣਾਂ-ਪਿਆਰਿਆਂ ਦੇ ਨਾਲ।

ਸਾਨੂੰ ਤਲਖ਼ ਹਕੀਕਤਾਂ ਨੇ ਇਹੀ ਸਮਝਾਇਆ,
ਕਦੇ ਜ਼ਿੰਦਗੀ ਨਾ ਤੁਰੇ ਮਿੱਠੇ-ਲਾਰਿਆਂ ਦੇ ਨਾਲ।

ਗੂੰਗੇ ਬੋਲ਼ੇ ਨੂੰ ਕੀ ਸਾਡੀਆਂ ਮੁਸੀਬਤਾਂ ਦੀ ਸਾਰ,
ਜਿਹੜਾ ਆਪ ਗੱਲਾਂ ਕਰਦੈ ਇਸ਼ਾਰਿਆਂ ਦੇ ਨਾਲ।

1

o

## ਜਗ ਰਹੇ ਜੁਗਨੂੰ

ਜਗ ਰਹੇ ਜੁਗਨੂੰ ਨੇ ਜਿਹੜੇ ਰਾਤ ਨੂੰ।
ਖ਼ਾਕ ਦੇ ਵਿਚ ਮਿਲਣਗੇ ਪ੍ਰਭਾਤ ਨੂੰ।

ਕੀ ਪਤਾ ਸੀ ਮਾਰੂਥਲ ਪੀ ਜਾਣਗੇ,
ਹੰਝੂਆਂ ਦੀ ਹੋ ਰਹੀ ਬਰਸਾਤ ਨੂੰ।

ਪੱਥਰਾਂ ਦੇ ਸ਼ਹਿਰ ਪੱਥਰ ਹੋ ਗਿਆਂ,
ਦੁਖ ਸੁਖ ਪੋਂਹਦਾ ਨਾ ਹੁਣ ਜਜ਼ਬਾਤ ਨੂੰ।

ਤੂੰ ਮੇਰੇ ਸਾਹਾਂ 'ਚ ਘੁਲ਼ ਜਾ ਇਸ ਤਰ੍ਹਾਂ,
ਰਾਤ ਰਾਣੀ ਮਹਿਕਦੀ ਜਿਉਂ ਰਾਤ ਨੂੰ।

ਤੂੰ ਹੁੰਗਾਰਾ ਭਰਦੀ ਭਰਦੀ ਸੌਂ ਗਈ,
ਮੈਂ ਮੁਕਾਵਾਂ ਕਿਸ ਤਰ੍ਹਾਂ ਹੁਣ ਬਾਤ ਨੂੰ।

ਚਾਰ ਦੀਵਾਰੀ 'ਚ ਮੇਰਾ ਬਸਰ ਨਾ,
ਲੈ ਰਿਹਾਂ ਬਾਹਾਂ 'ਚ ਕਾਇਨਾਤ ਨੂੰ।

ਅੱਗ ਦੇ ਅੰਗਾਰਿਆਂ 'ਤੇ ਤੁਰ ਰਿਹਾਂ,
ਬੈਠ ਰਹਿਣਾ ਮਿਹਣਾ ਮੇਰੀ ਜ਼ਾਤ ਨੂੰ।

1

o

## ਉਲਝ ਗਿਆ ਹੈ ਤਾਣਾ ਬਾਣਾ

ਉਲਝ ਗਿਆ ਹੈ ਤਾਣਾ ਬਾਣਾ।
ਸਮਝ ਨ ਆਵੇ ਕਿੱਧਰ ਜਾਣਾ।

ਡੱਡੀਆਂ ਮੱਛੀਆਂ ਖਾਵੇ ਬਗਲਾ,
ਅੱਖਾਂ ਮੀਟ ਕੇ ਬੀਬਾ ਰਾਣਾ।

ਚੋਰ-ਉਚੱਕੇ ਬੁੱਲੇ ਲੁੱਟਣ,
ਹਰ ਕੁਰਸੀ ਨੂੰ ਕਰਕੇ ਕਾਣਾ।

ਡਾਢਿਆਂ ਅੱਗੇ ਜ਼ੋਰ ਨਾ ਚੱਲੇ,
ਇਹੀ ਹੁੰਦੈ ਰੱਬ ਦਾ ਭਾਣਾ।

ਜਾਬਰ ਦੀ ਚੱਕੀ ਵਿਚ ਸਾਡਾ,
ਪਿਸ ਚੱਲਿਆ ਹੈ ਦਾਣਾ ਦਾਣਾ।

ਰੋਜ਼ ਮੁਖੌਟੇ ਬਦਲ ਬਦਲ ਕੇ,
ਰਾਜ ਕਰੇ ਹਿਟਲਰ ਦਾ ਲਾਣਾ।

ਮਨ ਦੀ ਕਾਲਖ ਲੁਕਦੀ ਨਾਹੀਂ,
ਭਾਵੇਂ ਪਹਿਨੋ ਚਿੱਟਾ ਬਾਣਾ।

1

o

## ਮੈਂ ਤੰਬੂ ਹੇਠ ਮਰ ਚੱਲਿਆਂ

ਮੈਂ ਤੰਬੂ ਹੇਠ ਮਰ ਚੱਲਿਆਂ, ਕਿਸੇ ਨੇ ਵੱਢੀਆਂ ਤਣੀਆਂ।
ਇਕੱਲ੍ਹੀ ਜਾਨ ਤੇ ਲੱਖਾਂ ਕਰੋੜਾਂ ਮੁਸ਼ਕਲਾਂ ਬਣੀਆਂ।

ਅਸੀਂ ਤਪਦੇ ਮਹੀਨੇ ਮੰਗਿਆ ਸੀ ਮੇਘਲਾ ਤੈਥੋਂ,
ਤੂੰ ਸਾਨੂੰ ਬਖ਼ਸ਼ੀਆਂ ਤੇਜ਼ਾਬ ਦੇ ਬੱਦਲ ਦੀਆਂ ਕਣੀਆਂ।

ਅਸੀਂ ਵਰਮੀ ਦੇ ਅੰਦਰ ਹੱਥ ਪਾ ਕੇ ਵੇਖ ਆਏ ਹਾਂ,
ਸਿਰਾਂ ਨੂੰ ਪੀੜਿਆਂ ਬਿਨ ਮਿਲਣ ਨਾ ਨਾਗਾਂ ਦੀਆਂ ਮਣੀਆਂ।

ਮੇਰੀ ਗ਼ੈਰਤ ਕਦੇ ਵੀ ਹਾਕਮਾਂ ਨੂੰ ਰਾਸ ਨਾ ਆਉਂਦੀ,
ਇਸੇ ਕਰਕੇ ਮੇਰੀ ਹਿੱਕ ਤੇ ਸੰਗੀਨਾਂ ਰਹਿੰਦੀਆਂ ਤਣੀਆਂ।

ਇਹ ਕਿੱਧਰ ਤੁਰ ਪਿਆ ਹੈ ਵਕਤ ਵੇਖੋ ਤੇ ਜ਼ਰਾ ਸੋਚੋ,
ਹਿਲਾਵੇ ਤਾਰ ਕਿਹੜਾ ਬੈਠ ਕਿੱਥੇ ਖਿੱਚਦਾ ਤਣੀਆਂ।

ਅਸੀਂ ਪੁਤਲੀ ਦੇ ਵਾਂਗੂੰ ਰਾਤ ਦਿਨ ਹਾਂ ਨੱਚਦੇ ਯਾਰੋ,
ਨਚਾਵੇ ਬਣ ਮਦਾਰੀ ਵੇਖ ਲੈ ਇਹ ਵਕਤ ਦਾ ਬਣੀਆ।

ਉਨ੍ਹਾਂ ਨੂੰ ਕੀ ਪਤਾ ਹੈ ਤਿਤਲੀਆਂ ਦੀ ਮੌਤ ਦੇ ਬਾਰੇ,
ਜਿੰਨ੍ਹਾਂ ਦੇ ਨੇਤਰਾਂ ਵਿੱਚ ਪੁਤਲੀਆਂ ਪੱਥਰ ਦੀਆਂ ਬਣੀਆਂ।

1

o

## ਜ਼ਾਲਮ ਦੇ ਅੱਗੇ ਤਾਂ ਅੜੀਏ

ਜ਼ਾਲਮ ਦੇ ਅੱਗੇ ਤਾਂ ਅੜੀਏ।
ਭਾਵੇਂ ਪੈਂਦੀ ਸੱਟੇ ਝੜੀਏ।

ਵਕਤ ਗੁਆਚਾ ਹੱਥ ਨ ਆਉਣਾ,
ਕੰਧਾਂ ਉੱਪਰ ਲਿਖਿਆ ਪੜ੍ਹੀਏ।

ਆਪਾਂ ਕਿਉਂ ਨਹੀਂ ਛਾਂ ਬਣ ਜਾਂਦੇ,
ਕਾਹਦੀ ਖ਼ਾਤਰ ਅੱਗ ਵਿਚ ਸੜੀਏ।

ਲਿਸ਼ਕਣਹਾਰ ਮੁਲੰਮੇ ਤਨ ਦੇ,
ਮਨ ਦੀ ਬੋਲੀ ਕਿਥੋਂ ਪੜ੍ਹੀਏ।

ਟੋਟੇ ਟੋਟੇ ਹੋਣ ਤੋਂ ਪਹਿਲਾਂ,
ਤਲਖ਼ ਸਮੇਂ ਦੇ ਤੱਕੜ ਚੜ੍ਹੀਏ।

ਉੱਚੇ ਘਰ ਦੀ ਮੰਮਟੀ ਉੱਤੇ,
ਪੌੜੀ ਪੌੜੀ ਕਰਕੇ ਚੜ੍ਹੀਏ।

ਮਨ ਤਾਂ ਘੁੰਮੇ ਦੇਸ਼ ਦੇਸ਼ੰਤਰ,
ਤਨ ਦੀ ਮਿੱਟੀ ਕਿੱਥੇ ਖੜੀਏ।

ਬਾਗਬਾਨ ਨੇ ਕੰਡੇ ਬੀਜੇ,
ਆਓ ਫੁੱਲਾਂ ਖ਼ਾਤਰ ਲੜੀਏ।

ਭਾਵੇਂ ਲੱਖ ਹਿਝੋਕੇ ਵੱਜਣ
ਟੁੱਟੀਂ ਨਾ ਤੂੰ ਸਾਂਝ ਦੀ ਕੜੀਏ।

1

ੲ

## ਅਪਣੀ ਜਾਚੇ ਉਹ ਤਾਂ ਵੱਡੇ ਘਰ

ਅਪਣੀ ਜਾਚੇ ਉਹ ਤਾਂ ਵੱਡੇ ਘਰ ਜਾਂਦਾ ਹੈ।
ਵਿਚ ਸਮੁੰਦਰ ਜਾ ਕੇ ਦਰਿਆ ਮਰ ਜਾਂਦਾ ਹੈ।

ਗਰਦਨ ਸਿੱਧੀ ਰੱਖਣ ਦਾ ਮੁੱਲ ਤਾਰ ਰਹੇ ਹਾਂ,
ਬੇਸ਼ਰਮਾਂ ਦਾ ਨੀਵੀਂ ਪਾ ਕੇ ਸਰ ਜਾਂਦਾ ਹੈ।

ਇਹ ਜੋ ਆਤਿਸ਼ਬਾਜ਼ੀ ਸਾਨੂੰ ਵੇਚ ਰਿਹਾ ਏ,
ਅਪਣੀ ਚੀਚੀ ਝੁਲਸ ਜਾਣ ਤੇ ਡਰ ਜਾਂਦਾ ਹੈ।

"ਅੱਤ' ਨੂੰ 'ਅੰਤ' ਬਣਾਵੇ ਆਖ਼ਰ ਕਹਿਰ ਖ਼ੁਦਾਈ,
ਜਬਰ ਜਰਦਿਆਂ ਸਬਰ ਪਿਆਲਾ ਭਰ ਜਾਂਦਾ ਹੈ।

ਮਾਂ-ਬੋਲੀ, ਮਾਂ-ਜਣਨੀ, ਧਰਤੀ-ਮਾਤਾ ਕੋਲੋਂ,
ਟੁੱਟ ਕੇ ਬੰਦਾ, ਮਰਦਾ ਮਰਦਾ ਮਰ ਜਾਂਦਾ ਹੈ।

ਬਹੁਤੀ ਵਾਰੀ ਜਾਗਦਿਆਂ ਨਹੀਂ ਹਿੰਮਤ ਪੈਂਦੀ,
ਸੁਪਨੇ ਅੰਦਰ ਜੋ ਕੁਝ ਬੰਦਾ ਕਰ ਜਾਂਦਾ ਹੈ।

ਸੋਚ ਵਿਚਾਰਾਂ ਕਰਦਾ ਡੁੱਬਿਆਂ ਵੇਖ ਲਵੋ ਮੈਂ,
ਸੱਖਣਾ ਭਾਂਡਾ ਪਾਣੀ ਉੱਤੇ ਤਰ ਜਾਂਦਾ ਹੈ।

ਉੱਚੀ ਉੱਚੀ ਬੋਲ ਰਿਹਾ ਏਂ, ਇਹ ਨਾ ਭੁੱਲੀਂ,
ਦਿਲ ਮਾਸੂਮ ਪਰਿੰਦਾ, ਏਦਾਂ ਡਰ ਜਾਂਦਾ ਹੈ।

ਮਿਲ ਕੇ ਵੀ ਨਾ ਮਿਲਣਾ ਹੈ ਕੁਝ ਏਸ ਤਰ੍ਹਾਂ ਹੀ,
ਜਿਉਂ ਤਿਤਲੀ ਅੰਗਿਆਰ ਤੇ ਕੋਈ ਧਰ ਜਾਂਦਾ ਹੈ।

ਰੱਬਾ! ਰੱਬਾ! ਕੂਕਦਿਆਂ ਪਿੰਡ ਮਰ ਚੱਲੇ ਨੇ,
ਕਾਲ਼ਾ ਬੱਦਲ ਸ਼ਹਿਰਾਂ ਉੱਤੇ ਵਰ੍ਹ ਜਾਂਦਾ ਹੈ।

ਆਮ ਕਹਾਵਤ ਪਹਿਲਾਂ ਵਾਲੀ ਬਦਲ ਗਈ ਏ,
ਅਕਲ ਮਿਲੇ, ਲੱਕੜੀ ਬਿਨ ਲੋਹਾ ਤਰ ਜਾਂਦਾ ਹੈ।

ਦਿਲ ਨੂੰ ਦੌਲਤ ਏਨੀ ਵੀ ਨਾ ਬਖ਼ਸ਼ ਦਿਆ ਕਰ,
ਛੋਟਾ ਬਰਤਨ, ਕੰਢਿਆਂ ਤੀਕਰ ਭਰ ਜਾਂਦਾ ਹੈ।

ਤੀਰ ਅਤੇ ਤਲਵਾਰ ਜਿਸਮ ਨੂੰ ਕੁਝ ਨਹੀਂ ਕਹਿੰਦੇ,
ਅਪਣੀ ਨਜ਼ਰੋਂ ਗਿਰ ਕੇ ਬੰਦਾ ਮਰ ਜਾਂਦਾ ਹੈ।

ਡੋਲ ਰਿਹਾ ਮਨ ਟਿਕ ਜਾਂਦੈ, ਮੈਂ ਕੀਕਣ ਦੱਸਾਂ,
ਤੇਰਾ ਇਕ ਧਰਵਾਸਾ ਕੀ ਕੁਝ ਕਰ ਜਾਂਦਾ ਹੈ।

1

## ੦
## ਜੇ ਤੁਰਿਐਂ ਆਪਣੇ ਤੋਂ ਪਾਰ

ਜੇ ਤੁਰਿਐਂ ਆਪਣੇ ਤੋਂ ਪਾਰ ਜਾਵੀਂ।
ਸਦੀਵੀ ਜਿੱਤ ਖ਼ਾਤਰ ਹਾਰ ਜਾਵੀਂ।

ਜੁਰਾਬਾਂ ਵਾਂਗ ਲਾਹ ਲਈਂ ਰੁਤਬਿਆਂ ਨੂੰ,
ਜਦੋਂ ਵੀ ਰੂਹ ਦੇ ਦਰਬਾਰ ਜਾਵੀਂ।

ਜੇ ਤਰਨਾ ਜਾਣਦਾ ਨਹੀਂ ਫੇਰ ਸੁਣ ਲੈ,
ਨਦੀ ਦੇ ਨਾ ਕਦੇ ਵਿਚਕਾਰ ਜਾਵੀਂ।

ਵਰ੍ਹੀਂ ਘਨਘੋਰ ਬੱਦਲ ਬਣ ਕੇ ਏਨਾ,
ਤੂੰ ਬਲ਼ਦੇ ਹਿਰਦਿਆਂ ਨੂੰ ਠਾਰ ਜਾਵੀਂ।

ਕਦੇ ਵੀ ਜਿਸਮ ਨੂੰ ਮਿਲ ਕੇ ਨਾ ਪਰਤੀਂ,
ਜਦੋਂ ਜਾਵੇਂ ਤਾਂ ਰੂਹ ਦੇ ਪਾਰ ਜਾਵੀਂ।

ਸਮਾਂ ਜੇ ਜਾਗਦੇ ਮਿਲਦਾ ਨਹੀਂ ਤਾਂ,
ਕਦੇ ਸੁਪਨੇ 'ਚ ਗੇੜਾ ਮਾਰ ਜਾਵੀਂ।

ਤੂੰ ਰੁੱਸ ਕੇ ਜਾਣ ਦੀ ਸੋਚੀਂ ਕਦੇ ਨਾ,
ਖ਼ੁਸ਼ੀ ਦੇ ਨਾਲ ਲੱਖਾਂ ਵਾਰ ਜਾਵੀਂ।

ਜੇ ਅਨਹਦ-ਨਾਦ ਚਾਹੇਂ ਰੂਹ 'ਚ ਗੂੰਜੇ,
ਸਦੀਵੀ ਚੁੱਪ ਨੂੰ ਟੁਣਕਾਰ ਜਾਵੀਂ।

1

## ੦
## ਦਰਿਆ ਝੀਲਾਂ ਤਲਖ ਸਮੁੰਦਰ

ਦਰਿਆ ਝੀਲਾਂ ਤਲਖ ਸਮੁੰਦਰ।
ਕੀ ਕੁਝ ਬੰਦਿਆ ਤੇਰੇ ਅੰਦਰ।

ਇਸ ਮੰਡੀ ਵਿਚ ਥੋੜ੍ਹੇ ਗੁਰਮੁਖ,
ਤੋੜਨ ਬਹੁਤੇ ਦਿਲ ਦਾ ਮੰਦਰ।

ਬਾਤ ਗੁਰੂ ਦੀ ਮੰਨਦੇ ਹੀ ਨਾ,
ਮੁੰਦਰਾਂ ਵਾਲੇ ਨਾਥ ਮਛੰਦਰ।

ਝੂਠ ਬੋਲਦੇ, ਤੱਕਦੇ, ਸੁਣਦੇ,
ਗਾਂਧੀ ਤੇਰੇ ਤਿੰਨੇ ਬੰਦਰ।

ਜ਼ਿੰਦਗੀ ਮੌਤ ਰੋਜ਼ਾਨਾ ਦੱਸੇ,
ਮੈਂ ਉਸਦੇ, ਉਹ ਮੇਰੇ ਅੰਦਰ।

ਖ਼ੁਸ਼ਬੂ ਕੌਣ ਲੁਕਾ ਸਕਦਾ ਏ,
ਭਾਵੇਂ ਮਾਰੋ ਕਿੰਨੇ ਜੰਦਰ।

ਬਾਜ਼ ਉਡਾਰੀ ਮਾਰਨ ਮਗਰੋਂ,
ਲੱਭੇ ਮੁੜ ਕੇ ਰੁੱਖ ਦੀ ਕੰਦਰ।

ਯਾਰ ਅਮੋਲਕ* ਦਿਲ ਨਾ ਛੱਡੀ,
ਮੈਂ ਧੜਕਾਂਗਾ ਤੇਰੇ ਅੰਦਰ।

ਪਿਆਰ ਗੁਆਚਾ ਲੱਭਦੇ ਫਿਰੀਏ,
ਕਦੇ ਸ਼ਿਕਾਗੋ ਕਦੇ ਜਲੰਧਰ।

1

*ਪੰਜਾਬ ਟਾਈਮਜ਼ ਸ਼ਿਕਾਗੋ ਦਾ ਸੰਪਾਦਕ ਸ੍ਰ. ਅਮੋਲਕ ਸਿੰਘ ਜੰਮੂ

੦

## ਠੋਕਰਾਂ ਨਾ ਮਾਰ

ਠੋਕਰਾਂ ਨਾ ਮਾਰ ਸ਼ੀਸ਼ਾ ਚੂਰ ਨਾ ਕਰ।
ਅਕਸ ਨੂੰ ਤੂੰ ਆਪਣੇ ਤੋਂ ਦੂਰ ਨਾ ਕਰ।

ਬੇਗੁਨਾਹ ਚਿੜੀਆਂ ਨੂੰ ਮਾਰੇਂ ਸ਼ੁਗਲ ਖ਼ਾਤਰ,
ਪਾਪ ਦੇ ਕਾਸੇ ਨੂੰ ਇਉਂ ਭਰਪੂਰ ਨਾ ਕਰ।

ਜ਼ੁਲਮ ਹੁੰਦਾ ਵੇਖ ਕੇ ਇਹ ਕੁਝ ਨਾ ਬੋਲੇ,
ਚਿੱਤ ਨੂੰ ਏਨਾ ਵੀ ਤੂੰ ਮਖ਼ਮੂਰ ਨਾ ਕਰ।

ਤਰਸ ਦਾ ਪਾਤਰ, ਤੂੰ ਬਣਕੇ ਖ਼ੁਦ ਵਿਚਾਰਾ,
ਜ਼ਿੰਦਗੀ ਦੇ ਅਰਥ ਨੂੰ ਬੇਨੂਰ ਨਾ ਕਰ।

ਪਰਖ਼ ਜੇ ਤੈਨੂੰ ਅਜੇ ਦੁਸ਼ਮਣ ਦੀ ਨਹੀਓਂ,
ਇਹ ਗਰੀਬੀ ਜ਼ਿਹਨ ਦੀ ਮਸ਼ਹੂਰ ਨਾ ਕਰ।

ਬਿਰਖ਼ ਬੂਟੇ ਆਕੜੇ ਸਭ ਟੁੱਟ ਜਾਂਦੇ,
ਤੂੰ ਵੀ ਆਪਣੇ ਆਪ ਨੂੰ ਮਗਰੂਰ ਨਾ ਕਰ।

ਪਹੁੰਚ ਜਾਵਣ ਨਾ ਕਿਤੇ ਹਥਿਆਰ ਤੀਕਰ,
ਤਰਲਿਆਂ ਨੂੰ ਹੋਰ ਤੂੰ ਮਜਬੂਰ ਨਾ ਕਰ।

1

੦

## ਹੰਝੂਆਂ ਨਾਲ ਮੈਂ ਸੱਤੇ ਸਾਗਰ

ਹੰਝੂਆਂ ਨਾਲ ਮੈਂ ਸੱਤੇ ਸਾਗਰ ਭਰ ਆਇਆ ਹਾਂ।
ਦਰਦ ਸੁਣਾ ਕੇ ਪਾਣੀ ਖ਼ਾਰੇ ਕਰ ਆਇਆ ਹਾਂ।

ਦੀਦ ਤੇਰੀ ਦੀ ਖ਼ਾਤਰ ਧਰਤ ਆਕਾਸ਼ ਵੀ ਗਾਹਿਆ,
ਹਸਰਤ ਦੇ ਦਰਿਆ ਨੂੰ ਵੀ ਮੈਂ ਤਰ ਆਇਆ ਹਾਂ।

ਜਿੱਤਣ ਵਾਲੀ ਰੀਝ ਬਣਾਵੇ ਬੰਦਿਓਂ ਘੋੜਾ,
ਏਸੇ ਕਰਕੇ ਜਿੱਤੀ ਬਾਜ਼ੀ ਹਰ ਆਇਆ ਹਾਂ।

ਪੀਰ ਫ਼ਕੀਰ ਧਿਆਏ, ਜੋ ਵੀ ਰਾਹ ਵਿਚ ਆਏ,
ਹੁਣ ਤੱਕ ਜੋ ਨਾ ਕੀਤਾ, ਉਹ ਵੀ ਕਰ ਆਇਆ ਹਾਂ।

ਚੂਰੀ ਵਾਲੇ ਪਿੰਜਰੇ ਦੁਸ਼ਮਣ ਵੰਨ-ਸੁਵੰਨੇ,
ਸ਼ੁਕਰ ਮਨਾ ਤੂੰ, ਸਾਬਤ ਮੁੜ ਕੇ ਘਰ ਆਇਆ ਹਾਂ।

ਠੀਕਰ ਹੋ ਕੇ ਟੁੱਟਿਆਂ, ਜੁੜਿਆਂ, ਸਾਬਤ ਮੁੜਿਆਂ,
ਤੇਰੇ ਦਮ ਤੇ ਕਿੰਨੇ ਸਦਮੇ ਜਰ ਆਇਆ ਹਾਂ।

ਜਿੱਥੇ ਆਪਾਂ ਦੋਵੇਂ ਪਹਿਲੀ ਵਾਰ ਮਿਲੇ ਸੀ,
ਓਸ ਜਗ੍ਹਾ ਚੌਮੁਖੀਆ ਦੀਵਾ ਧਰ ਆਇਆ ਹਾਂ।

1

੦

## ਤੂੰ ਉਮੀਦਾਂ ਨੂੰ ਹਮੇਸ਼ਾਂ

ਤੂੰ ਉਮੀਦਾਂ ਨੂੰ ਹਮੇਸ਼ਾਂ ਨਾਲ਼ ਰੱਖੀਂ।
’ਨੇਰ੍ਹੀਆਂ ਗਲੀਆਂ ’ਚ ਦੀਵੇ ਬਾਲ਼ ਰੱਖੀਂ।

ਜੇ ਉਡਾਰੀ ਭਰਨ ਲੱਗੈਂ, ਅਰਸ਼ ਵੱਲ ਤਾਂ,
ਪਿੰਡ ਦਾ ਚੇਤਾ ਵੀ ਨਾਲ਼ੋ ਨਾਲ਼ ਰੱਖੀਂ।

ਤੂੰ ਕਦੇ ਵੀ ਤੇਜ਼ ਦੌੜਨ ਦਾ ਨਾ ਸੋਚੀਂ,
ਜਿੱਤ ਜਾਵੇਂਗਾ, ਤੂੰ ਇੱਕੋ ਚਾਲ ਰੱਖੀਂ।

ਨੇਰ੍ਹਿਆਂ ਤੋਂ ਤੂੰ ਡਰੀਂ ਨਾ ਰਾਤ ਵੇਲੇ,
ਚੇਤਿਆਂ ਵਿਚ ਤਾਰਿਆਂ ਦਾ ਥਾਲ਼ ਰੱਖੀਂ।

ਠਰਨਗੇ ਜਜ਼ਬੇ ਜਦੋਂ ਵੀ ਦੂਰ ਜਾ ਕੇ,
ਦਿਲ ਦੇ ਅੰਦਰ ਯਾਦ ਮੇਰੀ ਬਾਲ਼ ਰੱਖੀਂ।

ਸੁਣਨਗੇ ਤੈਨੂੰ ਨਿਰੰਤਰ ਲੋਕ ਸਾਰੇ,
ਬੋਲ ਸੁੱਚੇ ਤੇ ਸਹੀ ਸੁਰ ਤਾਲ ਰੱਖੀਂ।

ਪਹੁੰਚ ਜਾਵੇਂਗਾ ਤੂੰ ਆਪੇ ਸਿਖ਼ਰ ਉੱਤੇ,
ਸਿਰਫ਼ ਨੀਂਦਰ ਅੱਖੀਆਂ ਚੋਂ ਟਾਲ਼ ਰੱਖੀਂ।

ਕੱਚ ਦੇ ਟੋਟੇ ਕਦੇ ਰੱਖੀਂ ਨਾ ਘਰ ਵਿਚ,
ਸੱਚ ਦੇ ਹੀਰੇ ਨੂੰ ਛਾਤੀ ਨਾਲ਼ ਰੱਖੀਂ।

1

੦

## ਕੋਠੇ ਉੱਪਰ ਮੰਜਾ ਡਾਹ ਕੇ

ਕੋਠੇ ਉੱਪਰ ਮੰਜਾ ਡਾਹ ਕੇ ਅਰਸ਼ 'ਚ ਜਗਦੇ ਤਾਰੇ ਵੇਖ।
ਬਾਤ ਬਤੌਲੀ ਪਾਵੇਂਗਾ ਜਦ, ਭਰਦੇ ਕਿਵੇਂ ਹੁੰਗਾਰੇ ਵੇਖ।

ਬੰਦ ਕਮਰੇ ਵਿਚ ਕੈਦੀਆਂ ਵਾਂਗੂੰ, ਕਿੰਨੀ ਉਮਰ ਗੁਜ਼ਾਰ ਲਈ,
ਜਗਦੇ-ਬੁਝਦੇ ਜੁਗਨੂੰ ਉੱਡਦੇ ਬਾਹਰ ਖਲੋ ਕੇ ਸਾਰੇ ਵੇਖ।

ਅਪਣੀ ਅੱਗ ਵਿਚ ਸੜਦਾ ਬੰਦਾ, ਮੁੱਕਦਾ ਮੁੱਕਦਾ ਮੁੱਕ ਜਾਂਦੈ,
ਢੇਰ ਸਵਾਹ ਦਾ ਹੋ ਗਏ ਕਿੱਦਾਂ, ਸੂਹੇ ਸੁਰਖ਼ ਅੰਗਾਰੇ ਵੇਖ।

ਬਿਰਖ਼ਾਂ ਕੋਲ ਖਲੋ ਕੇ ਗੱਲਾਂ ਕਰਿਆ ਕਰ ਤੂੰ ਸ਼ਾਮ ਢਲੇ,
ਕੱਲ੍ਹ-ਮੁ-ਕੱਲ੍ਹੇ ਚੁੱਪ-ਚੁਪੀਤੇ, ਕਿਵੇਂ ਖਲੋਤੇ ਸਾਰੇ ਵੇਖ।

ਰੋਜ਼ ਸਵੇਰੇ ਬਾਗ਼ ਬਗੀਚੇ, ਫੁੱਲ-ਪੱਤੀਆਂ ਨੂੰ ਮਿਲਿਆ ਕਰ,
ਆਪਸ ਵਿਚ ਗੁਫ਼ਤਗੂ ਕਰਦੇ ਮਹਿਕਾਂ ਭਰੇ ਕਿਆਰੇ ਵੇਖ।

ਹੋਰ ਕਿਸੇ ਦੀ ਸੂਰਤ ਵੇਖਣ ਨੂੰ ਤੂੰ ਤਰਸੇਂ ਦਿਨ ਤੇ ਰਾਤ,
ਕੁਝ ਪਲ ਸ਼ੀਸ਼ੇ ਕੋਲ ਖਲੋ ਕੇ, ਤੂੰ ਵੀ ਆਪਣੇ ਬਾਰੇ ਵੇਖ।

ਅੰਬਰ-ਗੰਗਾ ਵਿਚੋਂ ਗੁੰਮੀਆਂ, ਪੈੜਾਂ ਲੱਭਦਾ ਰਹਿੰਦਾ ਏਂ,
ਉਨ੍ਹਾਂ ਨੂੰ ਵੀ ਟੋਲ਼ ਕਿ ਜਿਹੜੇ ਫੁੱਲ ਬਣੇ ਨਾ ਤਾਰੇ ਵੇਖ।

ਸੁਖ ਦੇ ਦੁੱਖ ਦੇ ਸੰਗੀ-ਸਾਥੀ, ਹੌਕੇ, ਸੁਪਨੇ, ਅੱਥਰੇ ਚਾਅ,
ਬਣੀਂ ਸਿਕੰਦਰ ਪਿੱਛੋਂ, ਪਹਿਲਾਂ ਜੋ ਜੋ ਪੋਰਸ ਹਾਰੇ ਵੇਖ।

1

੦

## ਵੇਖ ਲਵੋ ਇਹ ਚੰਚਲ

ਵੇਖ ਲਵੋ ਇਹ ਚੰਚਲ ਮਨ ਕੀ ਕਰਦਾ ਹੈ।
ਬਾਤਾਂ ਪਾ ਕੇ ਆਪ ਹੁੰਗਾਰੇ ਭਰਦਾ ਹੈ।

ਤੇਰੇ ਨਾਲ ਤੁਰਦਿਆਂ ਜਾਪੇ ਏਸ ਤਰਾਂ,
ਜੀਕੂੰ ਵਗਦੀ ਨੈਂ ਉੱਤੇ ਫੁੱਲ ਤਰਦਾ ਹੈ।

ਦੁਨੀਆਂਦਾਰੀ ਜੱਗ-ਝਮੇਲੇ ਤੋਂ ਹਟ ਕੇ,
ਆਪਣੇ ਵਿਚ ਗੁਆਚਣ ਨੂੰ ਜੀਅ ਕਰਦਾ ਹੈ।

ਪੱਤਿਆਂ ਵਿਚ ਦੀ ਵੇਖੀ ਰਾਤੀਂ ਚੰਦਰਮਾ,
ਕੀਕਣ ਧਰਤੀ ਉੱਤੇ ਚਾਨਣ ਝਰਦਾ ਹੈ।

ਆਪਣੇ ਜਾਲ 'ਚ ਆਪ ਸ਼ਿਕਾਰੀ ਫਸ ਜਾਵੇ,
ਕਿਸੇ ਮਾਰਿਆਂ ਬੰਦਾ ਕਿੱਥੇ ਮਰਦਾ ਹੈ।

ਪੂਜਣਯੋਗ ਬਣਾਉਂਦੇ ਲੋਕੀਂ ਓਹੀ ਥਾਂ,
ਪੈਰ ਸੂਰਮਾ ਜਿਸ ਧਰਤੀ ਤੇ ਧਰਦਾ ਹੈ।

ਹੇ ਸ਼ਬਦਾਂ ਦੀ ਦੇਵੀ! ਗ਼ਜ਼ਲ ਲਿਖਾ ਐਸੀ,
ਜਿਉਂ ਹਿਰਨੋਟਾ ਜਾਂਦਾ ਚੁੰਗੀਆਂ ਭਰਦਾ ਹੈ।

1

੦

## ਅਕਲਾਂ ਦਾ ਇਹ ਭਰਮ ਜਖ਼ੀਰਾ

ਅਕਲਾਂ ਦਾ ਇਹ ਭਰਮ ਜਖ਼ੀਰਾ ਅਪਣੇ ਪੱਲੇ ਰਹਿਣ ਦਿਉ।
ਪਾਗਲ ਨੂੰ ਵੀ ਬੋਲਣ ਦੇਵੋ, ਜੋ ਕਹਿੰਦਾ ਏ ਕਹਿਣ ਦਿਉ।

ਇਹ ਦੱਸੇਗਾ ਹੋਈ ਬੀਤੀ, ਜੋ ਜੋ ਇਸ ਦੇ ਨਾਲ ਪਿਛਾਂਹ,
ਫੇਰ ਤੁਰੇਗਾ ਨਾਲ ਤੁਹਾਡੇ ਕੁਝ ਪਲ ਲਾਗੇ ਬਹਿਣ ਦਿਉ।

ਇਸ ਜੰਗਲ ਦਾ 'ਨ੍ਹੇਰਾ ਮੇਟਣ ਤੋਂ ਨਾ ਮੈਨੂੰ ਰੋਕੋ ਹੁਣ,
ਬਾਂਸ ਲੁਕਾਈ ਬੈਠੇ ਅਗਨੀ, ਇਨ੍ਹਾਂ ਦੇ ਸੰਗ ਖਹਿਣ ਦਿਉ।

ਤਲਖ਼ ਗ਼ਮਾਂ ਦੀ ਤੇਜ਼ ਹਨੇਰੀ, ਵਗਦੀ ਵਗਦੀ ਰੁਕ ਜਾਣੀ,
ਹੰਝੂਆਂ ਦੀ ਬਰਸਾਤ ਵਰ੍ਹੀ ਹੈ, ਧੂੜਾਂ ਥੱਲੇ ਬਹਿਣ ਦਿਉ।

ਵਸਲਾਂ ਦੀ ਪਰਿਕਰਮਾ ਕਰਦੇ ਕਿੰਨੀ ਉਮਰ ਗੁਜ਼ਾਰ ਲਈ,
ਹਿਜਰਾਂ ਵੇਲੇ ਕੱਲ੍ਹਿਆਂ ਛੱਡੋ, ਇਹ ਤਲਖ਼ੀ ਖ਼ੁਦ ਸਹਿਣ ਦਿਉ।

ਦਰਿਆ ਵਾਂਗੂੰ ਸਫ਼ਰ ਨਿਰੰਤਰ, ਜੀਵਨ ਵਿਚ ਰਫ਼ਤਾਰ ਭਰੋ,
ਅੱਥਰੇ ਦਿਲ ਨੂੰ ਰੋਕੋ ਨਾ ਹੁਣ, ਜਿੱਧਰ ਵਹਿੰਦੈ ਵਹਿਣ ਦਿਉ।

ਦਿਲ-ਛਤਰੀ ਤੇ ਆਸ-ਕਬੂਤਰ ਚਾਹੁੰਦੇ ਨੇ ਸੁਸਤਾਉਣਾ ਜੇ,
ਮਾਰ ਗੁਲੇਲ ਉਡਾਵੋ ਨਾ ਹੁਣ, ਬਹਿੰਦੇ ਨੇ ਤਾਂ ਬਹਿਣ ਦਿਉ।

1

o

## ਐਵੇਂ ਕਰੀ ਜਾਵੇਂ ਕਾਹਨੂੰ

ਐਵੇਂ ਕਰੀ ਜਾਵੇਂ ਕਾਹਨੂੰ ਮੇਰੇ ਆਉਣ ਦੀ ਉਡੀਕ।
ਕਦੋਂ ਧਰਤੀ ਨੇ ਚੁੰਮੀ, ਟੁੱਟੇ ਤਾਰਿਆਂ ਦੀ ਲੀਕ।

ਕਿਵੇਂ ਤੁਰਾਂ ਤੇਰੇ ਨਾਲ ਹੋਇਆ ਪਹੁੰਚਣਾ ਮੁਹਾਲ,
ਤੇਰੇ ਮੇਰੇ ਵਿਚਕਾਰ ਲਾਂਘਾ ਵਾਲ ਤੋਂ ਬਰੀਕ।

ਕਦੇ ਭੁੱਲ ਕੇ ਵੀ ਮੈਨੂੰ ਨਾ ਤੂੰ ਰਿਸ਼ਤੇ 'ਚ ਬੰਨੀਂ,
ਮੇਰੇ ਆਉਣ ਦਾ ਨਾ ਪਤਾ, ਨਾ ਹੀ ਜਾਣ ਦੀ ਤਰੀਕ।

ਮੇਰੀ ਬੇਬਸੀ ਨੂੰ ਜਾਣ, ਮੇਰੇ ਹੌਕੇ ਨੂੰ ਪਛਾਣ,
ਤੈਨੂੰ ਕਿਵੇਂ ਮੈਂ ਸੁਣਾਵਾਂ, ਫਸੀ ਗਲ਼ੇ ਵਿਚ ਚੀਕ।

ਕਾਲ਼ੀ ਰਾਤ ਦਾ ਹਨ੍ਹੇਰਾ ਪਿੱਛਾ ਕਰੀ ਜਾਵੇ ਮੇਰਾ,
ਅੱਖ ਬਦਲੀ ਚਿਰਾਗਾਂ ਕੌਣ ਆਵੇ ਨਜ਼ਦੀਕ।

ਚੱਲ ਛੱਡ ਤੂੰ ਮੁਹੱਬਤਾਂ ਦੇ ਕਿੱਸਿਆਂ ਨੂੰ ਛੱਡ,
ਸਮਾਂ ਕਰੇਗਾ ਨਿਤਾਰਾ ਕਿਹੜਾ ਗਲਤ ਹੈ ਜਾਂ ਠੀਕ।

ਜਿਹੜਾ ਸੁਪਨਾ ਲਿਆ ਸੀ, ਕੱਠੇ ਬਹਿ ਕੇ ਆਪਾਂ ਦੋਹਾਂ,
ਦੱਸ ਮੇਰੇ ਤੋਂ ਬਗੈਰ, ਕਿਹੜਾ ਕਰੂ ਤਸਦੀਕ।

ਚਲੋ ! ਜਿੰਨਾ ਚਿਰ ਤੁਰੇ, ਟੁੱਟੇ ਜੁੜੇ, ਭਾਵੇਂ ਭੁਰੇ,
ਹੁਣ ਦਿਲ ਵਿਚੋਂ ਕੱਢ, ਮੈਨੂੰ ਹੋਰ ਨਾ ਧਰੀਕ।

1

o

## ਮਰਤਬਾਨ ਵਿਚ ਬੰਦਾ

ਮਰਤਬਾਨ ਵਿਚ ਬੰਦਾ ਕਿੱਦਾਂ ਬਹਿ ਸਕਦਾ ਹੈ।
ਦਿਲ ਦੀ ਦਰਦ-ਕਹਾਣੀ ਕਿਸ ਨੂੰ ਕਹਿ ਸਕਦਾ ਹੈ।

ਕਿਸੇ ਪਹਾੜੀ ਟੀਸੀ ਤੋਂ ਬਰਫ਼ਾਨੀ ਤੋਦਾ,
ਤਪਸ਼ ਬਿਨਾਂ ਕਿੰਜ ਪਾਣੀ ਬਣ ਕੇ ਵਹਿ ਸਕਦਾ ਹੈ।

ਮੇਰੇ ਦਿਲ-ਦਰਿਆ ਦੇ ਹੜ੍ਹ ਨੂੰ ਤੂੰ ਹੀ ਸਮਝੇਂ,
ਤੇਰੀ ਉਂਗਲੀ ਛੂਹ ਕੇ ਥੱਲੇ ਲਹਿ ਸਕਦਾ ਹੈ।

ਘਰ ਨੂੰ ਕਬਰਾਂ ਵਾਂਗ ਬਣਾ ਕੇ ਅੰਦਰ ਨਾ ਬਹਿ,
ਜੀਂਦਾ ਬੰਦਾ ਕੱਲ੍ਹਾ ਕਿੱਥੇ ਰਹਿ ਸਕਦਾ ਹੈ।

ਨਾਲ ਵਿਰੋਧੀ ਲੜਦੇ ਵੇਲੇ ਇਹ ਨਾ ਭੁੱਲੀ,
ਆਪਣੀ ਤਾਕਤ ਨਾਲ ਵੀ ਬੰਦਾ ਢਹਿ ਸਕਦਾ ਹੈ।

ਦਿਲ ਦੇ ਬੂਹੇ ਏਦਾਂ, ਖੁੱਲ੍ਹੇ ਛੱਡਿਆ ਨਾ ਕਰ,
ਇਨ੍ਹਾਂ ਵਿਚੋਂ ਲੰਘ ਕੇ ਦੁਸ਼ਮਣ ਸ਼ਹਿ* ਸਕਦਾ ਹੈ।

ਦਿਲ ਤੇ ਜਿੰਨਾ ਭਾਰ ਨੂੰ ਜਿੰਦੇ ਪਾ ਦੇਂਦੀ ਏ,
ਇਹ ਮਾਸੂਮ ਪਰਿੰਦਾ ਕਿੱਦਾਂ ਸਹਿ ਸਕਦਾ ਹੈ।

1

*ਲੁਕ ਛਿਪ ਕੇ ਬਹਿਣਾ

o

## ਵਰ੍ਹਦੇ ਮੀਂਹ ਵਿਚ ਉੱਡਣ-ਖਟੋਲਾ

ਵਰ੍ਹਦੇ ਮੀਂਹ ਵਿਚ ਉੱਡਣ-ਖਟੋਲਾ, ਉੱਡਿਆ ਜਾਂਦਾ ਵਾਹੋ-ਦਾਹ।
ਚੀਰ ਕੇ ਬੱਦਲ, ਤੇਜ਼ ਹਵਾਵਾਂ, ਦੀਨ ਦੁਨੀ ਤੋਂ ਬੇਪ੍ਰਵਾਹ।

ਮੈਂ ਧਰਤੀ ਦਾ ਆਦਮ ਕੈਸਾ, ਪੁੱਠੀਆਂ ਸਿੱਧੀਆਂ ਸੋਚ ਰਿਹਾ,
ਆਪੇ ਜੋੜਾਂ, ਤੋੜਾਂ ਖ਼ੁਦ ਨੂੰ, ਤੇਜ਼ ਧੜਕਣਾਂ ਸਾਹੋ ਸਾਹ।

ਅਗਨ-ਪਰਿੰਦੇ ਦੇ ਖੰਭਾਂ ਤੇ, ਕਰਾਂ ਸਵਾਰੀ ਦਿਨ ਤੇ ਰਾਤ,
ਹੇ ਵਿਗਿਆਨ! ਤੇਰੇ ਸਿਰ ਸਿਹਰਾ, ਕਿੰਨੀ ਲਈ ਮੈਂ ਦੁਨੀਆਂ ਗਾਹ।

ਮਨ-ਮਸਤਕ ਵਿਚ ਬੀਜ ਖ਼ਵਾਬ ਦਾ, ਪੁੰਗਰਦਾ ਹੈ ਦਿਨ ਤੇ ਰਾਤ,
ਪੈਰਾਂ ਨੂੰ ਨਾ ਤੁਰਨੋਂ ਵਰਜੋ, ਕਰਨ ਦਿਉ ਪੈਂਡੇ ਅਸਗਾਹ।

ਜਿਹੜੇ ਮੱਥੇ ਦੀਵਾ ਬਲ਼ਦਾ, ਉਸਦਾ ਹੁਣ ਨਾ ਫ਼ਿਕਰ ਕਰੋ,
ਪੈਰ ਪਛਾਨਣਗੇ ਖ਼ੁਦ ਆਪੇ, ਮੰਜ਼ਿਲ ਵੱਲ ਨੂੰ ਜਾਂਦਾ ਰਾਹ।

ਕਾਇਨਾਤ ਦਾ ਚੱਕਰ ਲਾ ਕੇ ਜਦ ਮੈਂ ਮੁੜਿਆ ਧਰਤੀ 'ਤੇ,
ਬਿਰਖ-ਬਰੂਟਿਆਂ ਮੱਥਾ ਚੁੰਮਿਆ, ਹੇਠ ਵਿਛਾਇਆ ਮਖ਼ਮਲ ਘਾਹ।

ਦੋਸਤੀਆਂ ਤੇ ਰਿਸ਼ਤੇ ਨਾਤੇ, ਅੰਬਰ ਧਰਤੀ ਵਾਂਗ ਬਣੇ,
ਜਦ ਵੀ ਅੰਦਰ ਝਾਤੀ ਮਾਰਾਂ, ਮੂੰਹੋਂ ਨਿਕਲੇ ਵਾਹ ਬਈ ਵਾਹ।

1

o

## ਤੂੰ ਮਿਲੀ ਮੁੱਦਤ ਦੇ ਪਿੱਛੋਂ

ਤੂੰ ਮਿਲੀ ਮੁੱਦਤ ਦੇ ਪਿੱਛੋਂ ਅੱਜ ਮੈਨੂੰ।
ਰੂਹ ਖਿੜੀ ਹੈ, ਹੋ ਗਿਆ ਏ ਰੱਜ ਮੈਨੂੰ।

ਜਿਸ ਤਰ੍ਹਾਂ ਤੀਰਥ ਪਵਿੱਤਰ ਯਾਤਰੂ ਨੂੰ,
ਤੇਰਾ ਮਿਲਣਾ ਇਉਂ ਮੁਕੰਮਲ ਹੱਜ ਮੈਨੂੰ।

ਆ ਕਿ ਮੇਰੇ ਦਿਲ ਦੀ ਧੜਕਣ ਤੇਜ਼ ਹੋਵੇ,
ਆ ਮੇਰੇ ਸੀਨੇ 'ਚ ਆ ਕੇ ਵੱਜ ਮੈਨੂੰ।

ਅਲਫ਼-ਨੰਗੀ ਰੀਝ ਨੂੰ ਤੂੰ ਪੂਰ ਛੇਤੀ,
ਆਪਣੀ ਗਲਵੱਕੜੀ ਵਿਚ ਕੱਜ ਮੈਨੂੰ।

ਮੈਂ ਕਿਸੇ ਜੰਗਲ ਦਾ ਜੀਕੂੰ ਆਦਿਵਾਸੀ,
ਦੱਸ ਆ ਕੇ ਜੀਣ ਵਾਲਾ ਚੱਜ ਮੈਨੂੰ।

ਸੱਚ ਦੀ ਬਸਤੀ 'ਚ ਹੋ ਜਾਂ ਰਹਿਣ ਜੋਗਾ,
ਕੱਚ ਵਾਲੇ ਪਾ ਕੇ ਛੱਟਣ ਛੱਜ ਮੈਨੂੰ।

ਲੋਕ ਮੈਨੂੰ ਨੀਮ ਪਾਗਲ ਕਹਿ ਰਹੇ ਨੇ,
ਪਿਆਰ ਤੇਰੇ ਦੀ ਲਗਾ ਕੇ ਬੱਜ ਮੈਨੂੰ।

1

o

## ਬਹੁਤ ਬਣਦੇ ਯਾਰ ਅੱਜ ਕੱਲ੍ਹ

ਬਹੁਤ ਬਣਦੇ ਯਾਰ ਅੱਜ ਕੱਲ੍ਹ ਮਹਿਫ਼ਲਾਂ ਵਿਚ।
ਲੱਭਣੇ ਸੌਖੇ ਨਹੀਂ ਉਹ ਮੁਸ਼ਕਿਲਾਂ ਵਿਚ।

ਰੇਤਲੇ ਪੈਂਡੇ ਸੁਕਾਉਂਦੇ ਸਾਹ ਨੇ ਮੇਰੇ,
ਤੂੰ ਸਵਾਂਤੀ ਬੂੰਦ ਬਣ ਕੇ ਮਿਲ ਥਲਾਂ ਵਿਚ।

ਛਾਂਗ ਲੈ, ਪਰ ਜੜ੍ਹ ਸਲਾਮਤ ਰਹਿਣ ਦੇਵੀਂ,
ਹੋਊਂ ਮੈਂ ਹਰਿਆਵਲਾ ਵੇਖੀਂ ਪਲਾਂ ਵਿਚ।

ਤੂੰ ਨਦੀ ਵਿਚ ਵਹਿ ਰਹੇ ਪਾਣੀ ਨੂੰ ਵੇਖੀਂ,
ਖੇਡਦਾ ਕਿੱਦਾਂ ਏ ਆਪੇ ਕਲਵਲਾਂ ਵਿਚ।

ਐ ਮੁਹੱਬਤ ! ਇਹ ਤੇਰਾ ਅੰਦਾਜ਼ ਕੀਹ ਏ,
ਗਰਕਦਾ ਜਾਂਦਾ ਹਾਂ ਮੈਂ ਹੀ ਦਲਦਲਾਂ ਵਿਚ।

ਕਾਫ਼ਲੇ ਨੂੰ ਬਹਿਣ ਨਾ ਦੇ, ਤੋਰ ਅੱਗੇ,
ਨੀਂਦ ਸ਼ਾਮਲ ਹੋ ਨਾ ਜਾਵੇ ਹਲਚਲਾਂ ਵਿਚ।

ਭੇਡ ਵਾਂਗੂੰ ਇਹ ਮਿਆਂਕਣ ਸਿੱਖ ਜਾਊ,
ਸ਼ੇਰ ਬਹਿਣੀ ਬਹਿ ਗਿਆ ਜੇ ਬੁਜ਼ਦਿਲਾਂ ਵਿਚ।

ਮਨਫ਼ੀਆਂ ਵੰਗਾਰ ਜੇਕਰ ਬਣਦੀਆਂ ਨਾ,
ਤੂੰ ਕਦੋਂ ਹੋਣਾ ਸੀ ਮੇਰੇ ਹਾਸਿਲਾਂ ਵਿਚ।

1

o

## ਧਰਤ ਬੇਗਾਨੀ

ਧਰਤ ਬੇਗਾਨੀ, ਕੋਈ ਨਾ ਮੈਨੂੰ, ਲੈ ਕੇ ਨਾਮ ਬੁਲਾਵੇ।
ਏਸੇ ਕਰਕੇ ਮਨ ਦਾ ਚੰਬਾ, ਖਿੜੇ ਨਹੀਂ, ਮੁਰਝਾਵੇ।

ਖੁੱਲ੍ਹੀਆਂ ਡੁੱਲ੍ਹੀਆਂ ਸੜਕਾਂ ਏਥੇ, ਲੰਮ-ਸਲੰਮੇ ਪੈਂਡੇ,
ਏਥੋਂ ਇਕ ਵੀ ਸੜਕ-ਸਲੇਟੀ, ਸਾਡੇ ਪਿੰਡ ਨਾ ਜਾਵੇ।

ਰੇਸ-ਕੋਰਸੀਂ ਸਰਪੱਟ ਦੌੜਨ, ਅੱਥਰੇ ਘੋੜੇ ਵੇਖੋ,
ਥੈਲੀ ਸ਼ਾਹ ਕਿਉਂ ਜੇਤੂ ਬਣਦੇ, ਜਦੋਂ ਨਤੀਜਾ ਆਵੇ।

ਪਿੰਡ ਜਾ ਕੇ, ਚੰਨ ਚੜ੍ਹਿਆ, ਕੋਠੇ ਬਹਿ ਕੇ ਤੱਕਣਾ ਚਾਹਾਂ,
ਪਤਾ ਨਹੀਂ ਕਦ ਘੜੀ ਸੁਲੱਖਣੀ ਮੇਰੇ ਭਾਗੀਂ ਆਵੇ।

ਵੰਨ-ਸੁਵੰਨੇ ਬਿਰਖ਼-ਬਰੂਟੇ, ਫੁੱਲ-ਪੱਤੀਆਂ ਖ਼ੁਸ਼ਬੋਈਆਂ,
ਸਭ ਕੁਝ ਹੁੰਦਿਆਂ ਸੁੰਦਿਆਂ, ਚੇਤੇ ਆਉਂਦੇ ਨੇ ਅੰਬ ਸਾਵੇ।

ਕੱਲ-ਮੁ-ਕੱਲ੍ਹੇ ਚੂੜੇ ਡੁਸਕਣ, ਸੱਖਣੇ ਪਲੰਘ-ਪੰਘੂੜੇ,
ਕਿਸ਼ਤਾਂ ਵਿਚ ਤਕਸੀਮ ਦਿਹਾੜੀ ਨੀਂਦ ਕਿਸ ਤਰ੍ਹਾਂ ਆਵੇ।

ਤੁਸੀਂ ਕਹੋਗੇ 'ਮਨ ਦਾ ਰੋਗੀ' ਪਤਾ ਨਹੀਂ ਕੀ ਬੋਲੇ,
ਕਰਕ-ਕਲੇਜੇ ਵਾਲੀ ਦੱਸੋ ਕਿਹੜਾ ਵੈਦ ਮਿਟਾਵੇ।

1

o

## ਅੰਬਰ ਦੇ ਵਿਚ ਤਾਰੀ ਲਾਉਂਦਿਆਂ

ਅੰਬਰ ਦੇ ਵਿਚ ਤਾਰੀ ਲਾਉਂਦਿਆਂ ਧਰਤ ਆਵਾਜ਼ਾਂ ਮਾਰਦੀ।
ਨਜ਼ਰ ਸਦਾ ਬੋਟਾਂ ਵੱਲ ਰਹਿੰਦੀ, ਪਰ ਕੂੰਜਾਂ ਦੀ ਡਾਰ ਦੀ।

ਧਰਤ ਪਰਾਈ ਤੇ ਮਨ ਵੱਸਦੇ, ਦੋ ਦੋ ਫਾੜੀ ਹੋਏ ਨੇ,
ਮਹੀਂਵਾਲਾਂ ਨੂੰ ਭੁੱਲਦੀ ਹੀ ਨਾ ਸੋਹਣੀ ਨਦੀਓਂ ਪਾਰ ਦੀ।

ਸੁਪਨੇ ਰੀਝਾਂ ਅਤੇ ਤਰੰਗਾਂ, ਟੁਕੜੇ ਟੁਕੜੇ ਆਸਾਂ ਨੇ,
ਸ਼ਾਮ ਸਵੇਰੇ ਚੀਰੀ ਜਾਵੇ, ਤੇਜ਼ ਧਾਰ ਤਲਵਾਰ ਦੀ।

ਵਤਨਾਂ ਦੀ ਮਿੱਟੀ ਸੰਗ ਹੁਣ ਤਾਂ ਰਿਸ਼ਤਾ ਕੇਵਲ ਏਨਾ ਹੈ,
ਸੌਦੇ ਨਾਲ ਜਿਵੇਂ ਘਰ ਆਵੇ, ਇਕ ਕਾਤਰ ਅਖ਼ਬਾਰ ਦੀ।

ਹੱਡ ਮਾਸ ਦੇ ਬੰਦੇ ਦਾ ਤਾਂ ਵਜ਼ਨ ਮਸ਼ੀਨਾਂ ਤੋਲਦੀਆਂ,
ਅਜੇ ਮਸ਼ੀਨ ਬਣੀ ਨਾ ਕੋਈ, ਰੂਹ ਦੇ ਉਤਲੇ ਭਾਰ ਦੀ।

ਪਾਣੀ ਮੰਨ ਕੇ ਭਰਮਜਲੀ ਨੂੰ, ਮਿਰਗ ਪਿਆਸੇ ਬਹੁਤ ਮਰੇ,
ਲਿਸ਼ਕਣਹਾਰ ਬਰੇਤੀ ਬੀਬਾ, ਬੇੜੀਆਂ ਨਹੀਓਂ ਤਾਰਦੀ।

ਤਖ਼ਤ-ਲਾਹੌਰ ਅਜੇ ਵੀ, ਸੂਲੀ ਟੰਗੇ ਪੁੱਤਰ ਦੁੱਲਿਆਂ ਨੂੰ,
ਸਦੀਆਂ ਮਗਰੋਂ ਅੱਜ ਵੀ ਤਪਦੀ ਧਰਤੀ ਸਾਂਦਲ-ਬਾਰ ਦੀ।

1

o

## ਬਿਰਧ ਸਰੀਰ

ਬਿਰਧ ਸਰੀਰ, ਬੇਗਾਨੀ ਧਰਤੀ, ਰਹਿ ਗਏ ਕੱਲ-ਮੁ-ਕੱਲ੍ਹੇ।
ਖੱਟੀ ਖੱਟਣ ਆਏ ਸੀ ਪਰ, ਖ਼ਾਲੀ ਹੋ ਗਏ ਪੱਲੇ।

ਹਰ ਵੇਲੇ ਇਹ ਸੂਲ ਕਲੇਜੇ ਅੰਦਰ ਧਸਦੀ ਜਾਵੇ,
ਪੁੱਤ-ਪੋਤਰੇ ਦੱਸਦੇ ਹੀ ਨਹੀਂ, ਆਏ ਕਿੱਥੇ ਚੱਲੇ।

ਘਰ-ਬਨਵਾਸੀ, ਅਜਬ ਉਦਾਸੀ, ਮਨ-ਮੰਦਰ ਦੇ ਵਿਹੜੇ,
ਇਕਲਾਪੇ ਦੀ ਲੜੇ ਦੋਮੂੰਹੀਂ, ਚੜ੍ਹ ਚੜ੍ਹ ਕਰਦੀ ਹੱਲੇ।

ਸਭ ਕੁਝ ਹੁੰਦਿਆਂ ਸੁੰਦਿਆਂ ਏਥੇ, ਹਰ ਪਲ ਝੋਰਾ ਖਾਵੇ,
ਚਾਅ ਤੇ ਖੁਸ਼ੀਆਂ ਚੱਟ ਗਏ ਨੇ ਰੂਹ ਦੇ ਰੋਗ ਅਵੱਲੇ।

ਪਿੰਡ ਗਿਆਂ ਤੇ ਕੌਣ ਪਛਾਣੇ, ਨਾ ਚਾਚਾ ਨਾ ਤਾਇਆ,
ਚੌਂਕ ਚੁਰਸਤੇ, ਗਲੀਆਂ ਕੂਚੇ, ਸ਼ੀਹਾਂ ਪੱਤਣ ਮੱਲੇ।

ਰੂਹ ਨੂੰ ਨਹੀਂ ਤਸੱਲੀ ਦੇਂਦੇ ਸੋਨਾ, ਹੀਰੇ, ਮੋਤੀ,
ਜੋ ਦੇਂਦੇ ਸੀ ਆਪ ਬਣਾਏ ਘਾਹ ਦੀ ਤਿੜ ਦੇ ਛੱਲੇ।

ਗੋਰੀ ਧਰਤੀ, ਕੋਰੇ ਰਿਸ਼ਤੇ, ਰੀਝ ਦਿਲੇ ਵਿਚ ਇੱਕੋ,
ਪੁੱਤਰ ਸਾਡਾ ਅਸਥ ਅਖ਼ੀਰੀ, ਕੀਰਤਪੁਰ ਨੂੰ ਘੱਲੇ।

1

o

## ਐਟਮ ਦਾ ਵਣਜ ਕਰਦੇ

ਐਟਮ ਦਾ ਵਣਜ ਕਰਦੇ, ਘੁੱਗੀਆਂ ਉਡਾ ਰਹੇ ਨੇ।
ਮਕਤਲ 'ਚੋਂ ਗੀਤ ਗਾਉਂਦੇ, ਇਹ ਕੌਣ ਜਾ ਰਹੇ ਨੇ।

ਸਾਡਾ ਵਿਕਾਸ ਕਹਿ ਕੇ, ਕਰਦੇ ਵਿਨਾਸ਼ ਨਿਸ ਦਿਨ,
ਇਹ ਮੰਡੀਆਂ ਦੇ ਤਾਜ਼ਰ, ਕੀ ਗੁਲ ਖਿਲਾ ਰਹੇ ਨੇ।

ਸਾਡੇ ਘਰਾਂ ਦੇ ਮੱਥੇ, ਦਹਿਸ਼ਤ-ਨਿਵਾਸ ਲਿਖ ਕੇ,
ਸੁੱਤੇ ਅੰਗਾਰਿਆਂ ਨੂੰ ਇਹ ਕਿਉਂ ਜਗਾ ਰਹੇ ਨੇ।

ਦਾਨਵ ਦੇ ਨਾਲ ਮਾਨਵ ਸਦੀਆਂ ਤੋਂ ਖਹਿ ਰਿਹਾ ਸੀ,
ਹੁਣ ਇੱਕੋ ਵੇਸ ਪਾ ਕੇ, ਇਹ ਕੌਣ ਆ ਰਹੇ ਨੇ।

ਸਾਡੇ ਮਨਾਂ ਦੇ ਅੰਦਰ, ਹੁਣ ਅਜਬ ਖ਼ਲਬਲੀ ਹੈ,
ਸੀਤਲ ਸਰੋਵਰਾਂ ਨੂੰ, ਇਹ ਕੌਣ ਤਾਅ ਰਹੇ ਨੇ।

ਸੁਣਦੇ ਨਾ ਰੁਦਨ ਮਨ ਦਾ, ਡਾਲਰ ਦੀ ਛਣਕ ਸੁਣਦੇ,
ਕਿੰਜ ਕਹੀਏ ਗਾਫ਼ਲਾਂ ਨੂੰ, ਉਹ ਕੀ ਗੁਆ ਰਹੇ ਨੇ।

ਧਰਤੀ ਵੀਰਾਨ ਕਰਕੇ, ਸ਼ਾਤਰ ਦਿਮਾਗ ਵਾਲੇ,
ਵਿਗਿਆਨ ਦੇ ਬਹਾਨੇ, ਮੰਗਲ ਨੂੰ ਜਾ ਰਹੇ ਨੇ।

1

o

## ਨਦੀ ਤੂਫ਼ਾਨੀ ਉੱਛਲੀ ਸੀ

ਨਦੀ ਤੂਫ਼ਾਨੀ ਉੱਛਲੀ ਸੀ ਹੁਣ ਟਿਕ ਕੇ ਬਹਿ ਗਈ ਏ।
ਤੁਰਦੀ ਤੁਰਦੀ ਬਾਤ ਵਿਚਾਰੀ ਅੱਧ ਵਿਚ ਰਹਿ ਗਈ ਏ।

ਮੀਟ ਲਵਾਂ ਜੇ ਅੱਖੀਆਂ ਅੱਗੇ ਤਾਰੇ ਤੁਰਦੇ ਨੇ,
ਖੋਲ੍ਹਾਂ ਤਾਂ ਫਿਰ ਜਾਪੇ ਡਾਰ ਹਵਾ ਵਿਚ ਛਹਿ ਗਈ ਏ।

ਸਿਰ ਤੇ ਪੈਰ ਗੁਆਚ ਗਏ ਧੜ ਲੱਭਦਾ ਫਿਰਦਾ ਹੈ,
ਮੋਮੀ ਜਿਸਮ ਦੇ ਨਾਲ ਅਗਨ ਜਿਉਂ ਨੇੜਿਓਂ ਖਹਿ ਗਈ ਏ।

ਆਪਣੀ ਧੜਕਣ ਰੋਕੀਂ, ਮੈਨੂੰ ਫਿਰ ਮਹਿਸੂਸ ਕਰੀਂ,
ਖ਼ੁਸ਼ਬੂ ਜਾਂਦੀ ਜਾਂਦੀ, ਮੇਰੇ ਕੰਨ ਵਿਚ ਕਹਿ ਗਈ ਏ।

ਤੇਜ਼ ਹਵਾ ਦੇ ਬੁੱਲੇ ਅੱਗੇ ਘੁੰਮਣਘੇਰ ਜਿਵੇਂ,
ਜਿੰਦ ਮਿੱਟੀ ਦੀ ਢੇਰੀ ਏਦਾਂ ਪਲ ਵਿਚ ਢਹਿ ਗਈ ਏ।

ਤੇਜ਼ ਤੂਫ਼ਾਨ ਦੇ ਸਾਹਵੇਂ ਰੁੱਖ ਸਭ ਡਿੱਗ ਪਏ ਨੇ, ਪਰ,
ਤੇਰੇ ਦਮ ਤੇ ਜਿੰਦ ਮੇਰੀ ਸਭ ਸਦਮੇ ਸਹਿ ਗਈ ਏ।

ਸ਼ੁਕਰ ਮਨਾਵਾਂ ਤੇਰਾ ਜਿੰਦੇ ਕਿੰਜ ਧੰਨਵਾਦ ਕਰਾਂ,
ਦੋਚਿੱਤੀ ਦੋਮੂੰਹੀਂ ਜਿਹੜੀ ਮਗਰੋਂ ਲਹਿ ਗਈ ਏ।

1

o

## ਜੀਅ ਭਰ ਤੱਕਿਆ ਤੈਨੂੰ

ਜੀਅ ਭਰ ਤੱਕਿਆ ਤੈਨੂੰ ਨਕਸ਼ ਨਿਹਾਰ ਲਏ ਨੇ।
ਉਹ ਪਲ ਸਾਰੇ ਸਾਹਾਂ ਵਿਚ ਉਤਾਰ ਲਏ ਨੇ।

ਤੈਨੂੰ ਛੋਹ ਕੇ ਆਈ ਜਿਸਨੂੰ ਪੌਣ ਲਿਆਈ,
ਉਸ ਖ਼ੁਸ਼ਬੂ ਨੂੰ ਕੁੰਡੇ ਜੰਦਰੇ ਮਾਰ ਲਏ ਨੇ।

ਤੇਰੇ ਆਵਣ ਦੀ ਸੋਅ ਰਾਤੀਂ ਸੁਪਨੇ ਦਿੱਤੀ,
ਮੈਂ ਦਿਨ ਚੜ੍ਹਨੋਂ ਪਹਿਲਾਂ, ਰਾਹ ਬੁਹਾਰ ਲਏ ਨੇ।

ਯਾਦ ਤੇਰੀ ਦੀ ਮੱਥੇ ਗਿੱਲੀ ਪੱਟੀ ਕਰਕੇ,
ਤਪਦੇ ਜਜ਼ਬੇ ਕਰ ਮੈਂ ਠੰਢੇ ਠਾਰ ਲਏ ਨੇ।

ਨਿਰਮਲ ਨੀਰ ਵਿਚਾਰਾ ਰਸਤਾ ਭੁੱਲ ਨਾ ਜਾਵੇ,
ਵਗਦੇ ਪਾਣੀ ਉੱਪਰ ਦੀਵੇ ਤਾਰ ਲਏ ਨੇ।

ਹੋ ਜਾਵੇਗੀ ਫ਼ੁੱਲਾਂ ਤੀਕ ਰਸਾਈ ਮੇਰੀ,
ਤਾਹੀਓਂ ਪਹਿਲਾਂ ਬੁੱਕਲ ਦੇ ਵਿਚ ਖ਼ਾਰ ਲਏ ਨੇ।

ਦਿਨ ਚੜ੍ਹਦੇ ਦੀ ਲਾਲੀ ਵਰਗਾ ਮੱਥਾ ਤੱਕਦੇ,
ਸੱਚ ਜਾਣੀਂ ਮੈਂ ਅਪਣੇ ਭਾਗ ਸੰਵਾਰ ਲਏ ਨੇ।

l

o

## ਰੀਝ ਕਦੇ ਵੀ ਦਿਲ ਤੇ ਉੱਤੇ

ਰੀਝ ਕਦੇ ਵੀ ਦਿਲ ਤੇ ਉੱਤੇ ਭਾਰ ਨਹੀਂ ਹੁੰਦੀ।
ਇਸ ਦੀ ਕੀਮਤ ਕਮਦਿਲਿਆਂ ਤੋਂ ਤਾਰ ਨਹੀਂ ਹੁੰਦੀ।

ਐਸੀ ਕਾਵਿ-ਕਿਤਾਬ ਬੇਅਰਥਾ ਸ਼ਬਦੀ ਜੰਗਲ ਹੈ,
ਜਿਸ ਨੂੰ ਪੜ੍ਹ ਕੇ ਦਿਲ ਵਿਚ ਹਾਹਾਕਾਰ ਨਹੀਂ ਹੁੰਦੀ।

ਬਾਜ਼ ਉਡਾਰੀ ਭਰਦਾ, ਤਰਦਾ ਉੱਚੇ ਅੰਬਰੀਂ ਵੇਖ,
ਸੂਰਮਿਆਂ ਦੀ ਧਰਤੀ ਉੱਤੇ ਵਾਹਰ ਨਹੀਂ ਹੁੰਦੀ।

ਸ਼ੇਰ ਦਹਾੜੇ ਜੰਗਲ ਅੰਦਰ ਕੱਲ-ਮੁ-ਕੱਲਾ ਵੇਖ,
ਨਿਰਭਉ ਮਨ ਦੇ ਅੰਦਰ ਬੈਠੀ ਗਾਰ ਨਹੀਂ ਹੁੰਦੀ।

ਰੱਤ ਦੇ ਛਿੱਟੇ ਪੂੰਝ ਰਿਹਾ ਏਂ ਰੱਤ ਦੇ ਨਾਲ ਕਿਓਂ,
ਅਗਨ ਅਗਨ ਦੇ ਨਾਲ ਕਦੇ ਵੀ ਠਾਰ ਨਹੀਂ ਹੁੰਦੀ।

ਤੇਰਾ ਨੂਰ ਇਲਾਹੀ ਮੇਰੇ ਅੰਦਰ ਜਗਦਾ ਹੈ,
ਰੂਹ ਤੋਂ ਰੂਹ ਵਿਚਕਾਰ ਕਦੇ ਵੀ ਤਾਰ ਨਹੀਂ ਹੁੰਦੀ।

ਇੱਕੋ ਵਾਰ ਪਰਖ਼ ਲੈ ਮੇਰੇ ਸਿਦਕ ਸਬੂਤੇ ਨੂੰ,
ਵਾਰੀ ਵਾਰੀ ਇਹ ਜ਼ਿੰਦਗਾਨੀ ਵਾਰ ਨਹੀਂ ਹੁੰਦੀ।

ਆਪਣਿਆਂ ਦੇ ਹੱਥਾਂ ਵਿਚ ਗੁਲਦਸਤੇ ਹੁੰਦੇ ਨੇ,
ਸੱਜਣਾਂ ਦੇ ਹੱਥ ਦੋਧਾਰੀ ਤਲਵਾਰ ਨਹੀਂ ਹੁੰਦੀ।

l

## ਗ਼ਜ਼ਲ ਕਾਹਦੀ ਕਿ ਜਿਸ ਨੂੰ ਸੁਣ ਕੇ

ਗ਼ਜ਼ਲ ਕਾਹਦੀ ਕਿ ਜਿਸ ਨੂੰ ਸੁਣ ਕੇ ਦਿਲ ਸਰਸ਼ਾਰ ਨਾ ਹੋਵੇ।
ਕਰੇ ਪਰਵਾਜ਼ ਬਿਨ ਖੰਭਾਂ ਤੋਂ, ਅੰਬਰ ਪਾਰ ਨਾ ਹੋਵੇ।

ਹਿਸਾਬੀ ਤੇ ਕਿਤਾਬੀ ਜ਼ਿੰਦਗੀ ਵਾਲੇ ਨਾ ਇਹ ਜਾਨਣ,
ਹਮੇਸ਼ਾਂ ਦੋ 'ਚ ਦੋ ਜੋੜਨ ਦਾ ਉੱਤਰ ਚਾਰ ਨਾ ਹੋਵੇ।

ਜਿੰਨ੍ਹਾਂ ਹਰ ਸਾਲ ਲੀਲ੍ਹਾ ਕਰਦਿਆਂ ਉਮਰਾ ਗੁਆ ਦਿੱਤੀ,
ਉਨ੍ਹਾਂ ਤੋਂ ਰੂਹ 'ਚ ਬੈਠਾ ਇਕ ਰਾਵਣ ਮਾਰ ਨਾ ਹੋਵੇ।

ਅਸੀਂ ਸ਼ਬਦਾਂ ਹਵਾਲੇ ਵੇਦਨਾ ਕਰੀਏ ਤੇ ਕਿਓਂ ਮਰੀਏ,
ਜੋ ਤਿਤਲੀ ਮਰਨ ਦਾ ਰੂਹਾਂ ਦੇ ਉੱਤੇ ਭਾਰ ਨਾ ਹੋਵੇ।

ਤੁਸੀਂ ਜੇਤੂ ਸਿਕੰਦਰ ਹੋ, ਪਰ ਇਹ ਵੀ ਬਾਤ ਨਾ ਭੁੱਲਿਓ,
ਕਦੇ ਵੀ ਜਿੱਤ ਨਾ ਦੇਵੇ ਮਜ਼ਾ ਜੋ ਹਾਰ ਨਾ ਹੋਵੇ।

ਬੜਾ ਹੰਕਾਰਿਆ, ਕਾਮੀ, ਕਰੋਧੀ ਨਾਗ ਲਾਲਚ ਦਾ,
ਹਜ਼ਾਰਾਂ ਵਾਰ ਚਾਹ ਕੇ ਵੀ ਇਹ ਮੈਥੋਂ ਮਾਰ ਨਾ ਹੋਵੇ।

ਤੁਸੀਂ ਗੱਤੇ ਨੂੰ ਭਾਵੇਂ ਲਿਸ਼ਕਣੇ ਵਰਕੀਂ ਸਜਾ ਲੈਣਾ,
ਕੋਈ ਕਿਰਪਾਨ ਨਹੀਂ ਕਹਿੰਦਾ ਜੇ ਤਿੱਖੀ ਧਾਰ ਨਾ ਹੋਵੇ।

ਮੈਂ ਅਪਣੇ ਆਪ ਨੂੰ ਵੇਖਾਂ ਤਾਂ ਦੱਸੋ ਕਿਸ ਤਰ੍ਹਾਂ ਵੇਖਾਂ,
ਜੇ ਮੇਰੇ ਮਨ ਦਾ ਸ਼ੀਸ਼ਾ ਰੂਹ ਦੇ ਅੰਦਰਵਾਰ ਨਾ ਹੋਵੇ।

1

## ਉਦੋਂ ਤੀਕਰ ਨਹੀਂ ਸੌਣਾ

ਉਦੋਂ ਤੀਕਰ ਨਹੀਂ ਸੌਣਾ ਜਦੋਂ ਤੱਕ ਰਾਤ ਬਾਕੀ ਹੈ।
ਸ਼ਹੀਦਾਂ ਦੇ ਲਹੂ ਦੀ ਸੁਣ ਲਵੋ ਇਹ ਬਾਤ ਬਾਕੀ ਹੈ।

ਨਹੀਂ ਹੋਣਾ ਕਦੇ ਨੀਵਾਂ ਇਹ ਪਰਚਮ ਹੱਕ ਤੇ ਸੱਚ ਦਾ,
ਜਦੋਂ ਤੱਕ ਧਰਤ ਉੱਤੇ ਇਕ ਵੀ ਸੁਕਰਾਤ ਬਾਕੀ ਹੈ।

ਹਨ੍ਹੇਰਾ ਇਹ ਡਰਾਉਣਾ ਤਾਂ, ਹੈ ਕੁਝ ਪਲ ਦਾ ਪ੍ਰਾਹੁਣਾ ਹੀ,
ਇਹਦੀ ਬੁੱਕਲ ਚੋਂ ਆਪਾਂ ਲੱਭਣੀ ਪ੍ਰਭਾਤ ਬਾਕੀ ਹੈ।

ਲੰਮੇਰੇ ਯੁੱਧ ਅੰਦਰ ਯਾਦ ਰੱਖਣਾ ਹੈ ਜ਼ਰੂਰੀ ਇਹ,
ਸਦੀਵੀ ਜਿੱਤ ਖ਼ਾਤਰ ਦੁਸ਼ਮਣਾਂ ਨੂੰ ਮਾਤ ਬਾਕੀ ਹੈ।

ਉਦੋਂ ਤੱਕ ਸੂਲੀਆਂ ਤੇ ਸੱਚ ਖ਼ਾਤਰ ਲਟਕਣਾ ਪੈਣੈਂ,
ਜਦੋਂ ਤੱਕ ਧਰਤ ਉੱਤੇ ਕਾਤਲਾਂ ਦੀ ਜ਼ਾਤ ਬਾਕੀ ਹੈ।

ਹਨ੍ਹੇਰੇ ਘਰ 'ਚ ਜਨਮੇ ਨੂਰ ਲਈ ਸਦੀਆਂ ਤੋਂ ਤਰਸੇ ਜੋ,
ਉਨ੍ਹਾਂ ਨੂੰ ਜ਼ਿੰਦਗੀ ਦੀ ਜੀਣ ਜੋਗੀ ਝਾਤ ਬਾਕੀ ਹੈ।

ਅਸਾਡੇ ਪੁਰਖ਼ਿਆਂ ਨੂੰ ਫ਼ਾਂਸੀਆਂ ਤੇ ਸੂਲੀਆਂ ਮਿਲੀਆਂ,
ਤੇਰੀ ਝੋਲੀ 'ਚ ਦੱਸੀਂ ਹੋਰ ਕੀਹ ਖ਼ੈਰਾਤ ਬਾਕੀ ਹੈ।

1

o

## ਤੇਰਾ ਰੁੱਸ ਕੇ ਜਾਣਾ

ਤੇਰਾ ਰੁੱਸ ਕੇ ਜਾਣਾ ਕੀ ਕੁਝ ਕਰ ਜਾਂਦਾ ਹੈ।
ਮੇਰੇ ਚਾਰ ਚੁਫ਼ੇਰੇ 'ਨੇਰ੍ਹਾ ਭਰ ਜਾਂਦਾ ਹੈ।

ਤੇਰੇ ਮਗਰੋਂ ਮੇਰੀ ਹਾਲਤ ਹੋਈ ਜੀਕਣ,
ਫੁੱਲ-ਡੋਡੀ ਅੰਗਿਆਰ ਤੇ ਕੋਈ ਧਰ ਜਾਂਦਾ ਹੈ।

ਸ਼ਾਹ-ਰਗ ਤੋਂ ਵੀ ਨੇੜੇ ਵਾਲੇ ਜਦ ਮੂੰਹ ਮੋੜਨ,
ਅਪਣੇ ਸਾਹ ਹੀ ਗਿਣਦਾ ਬੰਦਾ ਮਰ ਜਾਂਦਾ ਹੈ।

ਧਰਤ ਤਰੇੜਾਂ ਮਾਰੀ ਵਾਂਗੂੰ ਸਹਿਕ ਰਿਹਾ ਹਾਂ,
ਰੋਜ਼ ਸਮੁੰਦਰ ਉੱਤੇ ਬੱਦਲ ਵਰ੍ਹ ਜਾਂਦਾ ਹੈ।

ਮੇਰੇ ਦਿਲ ਦੀ ਧੜਕਣ ਤੇਰੇ ਸਾਹੀਂ ਜੀਵੇ,
ਲੱਕੜੀ ਨਾਲ ਹਮੇਸ਼ਾਂ ਲੋਹਾ ਤਰ ਜਾਂਦਾ ਹੈ।

ਵਰ੍ਹੇ ਛਿਮਾਹੀ ਕਦੇ ਕਦਾਈਂ ਮਿਲ ਜਾਇਆ ਕਰ,
ਮਨ ਦਾ ਸੱਖਣਾ ਭਾਂਡਾ ਏਦਾਂ ਭਰ ਜਾਂਦਾ ਹੈ।

ਪੈੜਾਂ ਵਿਚੋਂ ਤੇਰੇ ਨਕਸ਼ ਨਿਹਾਰ ਰਿਹਾ ਹਾਂ,
ਜਿਹੜਾ ਰਸਤਾ ਸਿੱਧਾ ਤੇਰੇ ਘਰ ਜਾਂਦਾ ਹੈ।

l

o

## ਰਾਤ ਹਨੇਰੀ

ਰਾਤ ਹਨੇਰੀ, ਠੱਕਾ ਵਗਦਾ, ਦੀਵੇ ਲਾਟਾਂ ਡੋਲਦੀਆਂ।
ਅੱਖਾਂ ਵਿਚੋਂ ਖ਼੍ਵਾਬ ਗੁਆ ਕੇ, ਹੁਣ ਇਹ ਕਿਸ ਨੂੰ ਟੋਲਦੀਆਂ ?

ਜਿਹੜੀ ਥਾਂ ਤੋਂ ਮੇਰੀ ਮੂਰਤ ਲਾਹ ਕੇ ਤੂੰ ਖ਼ੁਸ਼ ਹੋਈ ਸੈਂ,
ਓਸੇ ਥਾਂ ਤੋਂ ਖਾਲੀ ਕੰਧਾਂ, ਸੁਣ ਤੂੰ ਕੀ ਕੁਝ ਬੋਲਦੀਆਂ ?

ਜਿਸਮ ਗੁਆਚਾ, ਰੂਹ ਵੀ ਦਾਗੀ, ਨਜ਼ਰਾਂ ਅੰਦਰ ਖੋਟ ਭਰੀ,
ਕਿੱਦਾਂ ਚੁੱਕੀ ਫਿਰਦੀ ਏਂ, ਤਸਵੀਰਾਂ ਆਪਣੇ ਢੋਲ ਦੀਆਂ।

ਫੁੱਲ ਮੋਤੀਆ, ਚਿੱਟੇ ਵਸਤਰ ਰੂਹ ਤੇਰੀ ਬੇਚੈਨ ਕਿਉਂ,
ਜਿਉਂ ਆਵਾਜ਼ਾਂ ਢੋਲ ਦੇ ਅੰਦਰੋਂ, ਆਵਣ ਉਸਦੇ ਪੋਲ ਦੀਆਂ।

ਜ਼ਰਦ ਵਸਾਰ ਜਿਹਾ ਰੰਗ ਤੇਰਾ, ਦੱਸਦੈ ਅੰਦਰੋਂ ਸੱਖਣੀ ਏ,
ਰੂਹ ਦਾ ਭਾਰ ਕਦੇ ਵੀ ਬੀਬਾ, ਤੱਕੜੀਆਂ ਨਹੀਂ ਤੋਲਦੀਆਂ।

ਅਪਣੀ ਬੁੱਕਲ ਅੰਦਰ ਝਾਕੀਂ, ਵੇਖੀ ਮਨ ਦੇ ਸ਼ੀਸ਼ੇ ਨੂੰ,
ਚਿੰਤਾ ਚਿਖ਼ਾ ਬਰਾਬਰ ਬਹਿ ਕੇ, ਕੱਠੀਆਂ ਦੁੱਖ ਸੁਖ ਫ਼ੋਲਦੀਆਂ।

ਤੇਜ਼ ਤੁਰਨ ਦੀ ਆਦਤ ਤੇਰੀ, ਰੂਹ ਨੂੰ ਅਕਸਰ ਡੰਗ ਜਾਵੇ,
ਤੂੰ ਕਾਹਲੀ ਵਿਚ ਕਦੇ ਨਾ ਵੇਖੇ, ਵਸਤਾਂ ਅਪਣੇ ਕੋਲ ਦੀਆਂ।

ਤੇਜ਼ ਧੜਕਣਾਂ ਤੇਰੇ ਦਿਲ ਦੀ ਇੱਚੀ-ਬਿੱਚੀ ਜਾਣਦੀਆਂ,
ਸਮਝੀਂ ਨਾ ਅਣਜਾਣ ਇਨ੍ਹਾਂ ਨੂੰ, ਜੇ ਨਹੀਂ ਮੂੰਹੋਂ ਬੋਲਦੀਆਂ।

ਭਰ ਵਗਦੇ ਦਰਿਆ ਦੇ ਕੰਢੇ ਬੈਠ ਕਦੇ ਤੂੰ ਸਹਿਜ ਮਤੇ,
ਵੇਖੀਂ ਕਲਵਲ ਜਲ ਦੀਆਂ ਲਹਿਰਾਂ, ਸਾਹੀਂ ਸੰਦਲ ਘੋਲ਼ਦੀਆਂ।

l

੦

## ਵੀਹਵੀਂ ਸਦੀ ਗੁਜ਼ਾਰਨ ਮਗਰੋਂ

ਵੀਹਵੀਂ ਸਦੀ ਗੁਜ਼ਾਰਨ ਮਗਰੋਂ ਬੰਦੇ ਦੇ ਤੂੰ ਕਾਰੇ ਵੇਖ।
ਸ਼ਹਿਰ ਵਸਾਉਣ ਦੀ ਖ਼ਾਤਰ ਲਾਏ, ਜੰਗਲ ਦੇ ਵਿਚ ਆਰੇ ਵੇਖ।

ਦਰਦ ਮਿਰੇ ਦੀ ਹਾਥ ਪਾਉਣ ਲਈ, ਲੰਘੀ ਰੂਹ ਦੇ ਦੁਆਰ ਜ਼ਰੂਰ,
ਟੁੱਟਦੇ ਤਾਰੇ ਦੀ ਅੱਖ ਵਿਚੋਂ, ਅੱਥਰੂ ਮਣ ਮਣ ਭਾਰੇ ਵੇਖ।

ਨਿਰਮਲ ਨੀਰ ਚਸ਼ਮਿਓਂ ਤੁਰਦਾ, ਰਾਹ ਵਿਚ ਮੈਲ਼ਾ ਕਰਦਾ ਕੌਣ,
ਹੁਕਮ ਹਕੂਮਤ ਨੌਕਰਸ਼ਾਹੀ, ਕੀਤੇ ਸਾਗਰ ਖ਼ਾਰੇ ਵੇਖ।

ਕਾਲ਼ੀ ਰਾਤ ਹਨ੍ਹੇਰੀ ਫਿਰ ਵੀ, ਲੀਕ ਸੁਨਹਿਰੀ ਵਾਹ ਜਾਂਦੇ,
ਜੁਗਨੂੰ, ਅੰਬਰੀਂ ਪੈਲਾਂ ਪਾਉਂਦੇ, ਭਰਦੇ ਕਿਵੇਂ ਹੁੰਗਾਰੇ ਵੇਖ।

ਧੁੱਪਾਂ ਛਾਵਾਂ ਸੌ 'ਚੋਂ ਅੱਸੀ ਲੋਕਾਂ ਤੀਕ ਨਾ ਪਹੁੰਚਦੀਆਂ,
ਮਹਿਲਾਂ ਵਾਲਿਆ! ਅੱਗ ਬਗੂਲੇ, ਤੂੰ ਵੀ ਕੁੱਲੀਆਂ ਢਾਰੇ ਵੇਖ।

ਮੱਥੇ ਵਿਚ ਲਿਆਕਤ, ਡੌਲਿਆਂ ਅੰਦਰ ਮੱਛੀਆਂ ਸਹਿਕਦੀਆਂ,
ਏਸ ਨਸਲ ਦੀ ਅੱਖ 'ਚ ਬਲ਼ਦੇ, ਸੂਹੇ ਸੁਰਖ਼ ਅੰਗਾਰੇ ਵੇਖ।

ਤੇਰਾ ਸੂਚਕ-ਅੰਕ ਵਿਖਾਏ ਘੜੀ ਮੁੜੀ ਜਿਸ ਭਾਰਤ ਨੂੰ,
ਉਸ ਦੀ ਚਮਕ ਬੁਝਾ ਦਿੱਤੇ ਨੇ ਅੰਬਰ ਵਿਚਲੇ ਤਾਰੇ ਵੇਖ।

੧

੦

## ਸਮਾਂ ਹੈ ਰੁਕ ਗਿਆ

ਸਮਾਂ ਹੈ ਰੁਕ ਗਿਆ, ਚੱਲਦੀ ਘੜੀ ਹੈ।
ਕਿਸੇ ਦੀ ਮਹਿਕ ਬੂਹੇ ਤੇ ਖੜ੍ਹੀ ਹੈ।

ਮੈਂ ਉਸਦਾ ਹਮਸਫ਼ਰ ਹਾਂ ਹੁਣ ਸਦੀਵੀ,
ਕਿ ਜਿਸਦੀ ਯਾਦ ਦੀ ਉਂਗਲੀ ਫੜੀ ਹੈ।

ਜੋ ਉਸਦੇ ਨੇਤਰਾਂ ਅੰਦਰ ਲਿਖੀ ਸੀ,
ਉਹਦੀ ਬੇਚਾਰਗੀ ਮੈਂ ਹੀ ਪੜ੍ਹੀ ਹੈ।

ਮੈਂ ਉਸ ਧੂੰਏਂ 'ਚੋਂ ਹਾਲੇ ਨਿਕਲਿਆ ਨਾ,
ਕਿ ਜਿਸ ਥਾਂ ਰਾਂਗਲੀ ਚੁੰਨੀ ਸੜੀ ਹੈ।

ਬੇਗਾਨੀ ਅੱਗ ਵਿਚ ਤਪਦਾ ਹਾਂ ਹੁਣ ਤਕ,
ਇਸੇ ਲਈ ਰੂਹ ਵਿਚ ਤਲਖ਼ੀ ਬੜੀ ਹੈ।

ਗਲਾ ਘੁੱਟ ਕੇ ਮੁਹੱਬਤ ਦਾ ਗਈ ਜੋ,
ਮਿਰੇ ਲਈ ਲਾਸ਼ ਹੈ, ਤੁਰਦੀ ਮੜ੍ਹੀ ਹੈ।

ਕਦੇ ਵੀ ਅਰਥ ਨਾ ਪੱਲੇ ਪਏ ਨੇ,
ਮੈਂ ਪੋਥੀ ਵਕਤ ਦੀ ਜਦ ਵੀ ਪੜ੍ਹੀ ਹੈ।

੧

o

## ਗੁਰੂ ਤੇਰੇ ਪੁੱਤਰਾਂ ਤੇ

ਗੁਰੂ ਤੇਰੇ ਪੁੱਤਰਾਂ ਤੇ ਇਹ ਵੀ ਦਿਨ ਆਉਣਾ ਸੀ।
ਹੱਟੀਆਂ ਤੋਂ ਇਨ੍ਹਾਂ ਦਸਤਾਰਾਂ ਬੰਨ੍ਹਵਾਉਣਾ ਸੀ।

ਕੰਧ ਸਰਹੰਦ, ਚਮਕੌਰ ਸਾਨੂੰ ਪੁੱਛਦੀ ਹੈ,
ਕੱਚਾ ਸੀ ਯਕੀਨ ਜੇ ਤਾਂ ਏਥੇ ਕਾਹਨੂੰ ਆਉਣਾ ਸੀ।

ਝੂਠ ਦੀ ਮੁਥਾਜੀ, ਸਾਰਾ ਦਿਨ ਕਰੀ ਜਾਣ ਜਿਹੜੇ,
ਇਹੋ ਜਹੇ ਨਿਗੱਲਿਆਂ ਤੋਂ, ਗੁਰੂ ਕੀਹ ਕਰਾਉਣਾ ਸੀ।

ਤਲੀ ਉੱਤੇ ਸੀਸ ਵਾਲੀ ਫ਼ੋਟੋ ਘਰੀਂ ਟੰਗ ਦੱਸ,
ਪੱਥਰਾਂ ਦੇ ਅੱਗੇ ਸਿੰਘਾ ਮੱਥਾ ਕਿਉਂ ਘਸਾਉਣਾ ਸੀ।

ਗੁਰੂ ਵਾਲੇ ਪੰਥ ਨੂੰ, ਗਰੰਥ ਗੁਰੂ ਭੁੱਲ ਗਿਆ,
ਲਾਈ ਜ਼ੁੰਮੇਵਾਰੀ ਸਾਡੀ ਪੜ੍ਹਨਾ ਪੜ੍ਹਾਉਣਾ ਸੀ।

ਗੁਰੂ ਵਾਲਾ ਸ਼ਬਦ ਜਿੰਨ੍ਹਾਂ ਦਿਲ 'ਚੋਂ ਵਿਸਾਰ ਦਿੱਤਾ,
ਮੰਦਰਾਂ 'ਚ ਜਾ ਕੇ ਉਨ੍ਹਾਂ ਟੱਲ ਹੀ ਵਜਾਉਣਾ ਸੀ।

ਯਾਰੜੇ ਤਾਂ ਸੁੱਤੇ ਪਏ ਨੇ ਨਰਮ ਗਦੇਲਿਆਂ ਤੇ,
ਹਾਲ ਤੂੰ ਮੁਰੀਦਾਂ ਵਾਲਾ ਕਿਸਨੂੰ ਸੁਣਾਉਣਾ ਸੀ।

1

o

## ਯਾਦਾਂ ਵਾਲੇ ਉੱਡਣੇ ਪੰਛੀ

ਯਾਦਾਂ ਵਾਲੇ ਉੱਡਣੇ ਪੰਛੀ, ਜਦ ਵਿਹੜੇ ਵਿਚ ਆ ਜਾਂਦੇ ਨੇ।
ਉੱਡਦੇ ਬਹਿੰਦੇ, ਚੁੱਪ ਚੁਪੀਤੇ, ਦਿਲ ਦੀ ਤਾਰ ਹਿਲਾ ਜਾਂਦੇ ਨੇ।

ਬਸਤਾ ਇਕ ਬੈਠਣ ਲਈ ਬੋਰੀ, ਸਭ ਕੁਝ ਮੋਢੇ ਤੇ ਟਿਕ ਜਾਵੇ,
ਜਦੋਂ ਜਮਾਤੀ ਪੰਜਵੀਂ ਵਾਲੇ, ਹੁਣ ਵੀ ਚੇਤੇ ਆ ਜਾਂਦੇ ਨੇ।

ਪੂੰਝੇ ਸਣੇ ਸਲੇਟ ਤਖ਼ਤੀਆਂ, ਕਲਮ ਦਵਾਤ ਸਿਆਹੀ ਸਭ ਕੁਝ,
ਵਿੰਗੇ ਟੇਢੇ ਊੜੇ ਐੜੇ, ਰੂਹ ਮੇਰੀ ਨਸ਼ਿਆ ਜਾਂਦੇ ਨੇ।

ਤੁਰ ਗਈਆਂ ਨੇ ਕੂੰਜਾਂ ਕਿੱਥੇ, ਦੋ ਦੋ ਗੁੱਤਾਂ ਫੁੱਲਾਂ ਵਾਲੀਆਂ,
ਭਾਵੇਂ ਉਨ੍ਹਾਂ ਪਿੰਡਾਂ ਵੱਲ ਨੂੰ, ਅਜੇ ਪੁਰਾਣੇ ਰਾਹ ਜਾਂਦੇ ਨੇ।

ਚਾਕੂ ਨਾਲ ਕਲਮ ਨੂੰ ਘੜ ਕੇ ਜਿਵੇਂ ਗਿਆਨੀ ਜੀ ਸੀ ਲਿਖਦੇ,
ਪੈਂਤੀ ਅੱਖਰ ਜਗਦੇ ਬੁਝਦੇ, ਹੁਣ ਵੀ ਰਾਹ ਰੁਸ਼ਨਾ ਜਾਂਦੇ ਨੇ।

ਅੰਗਰੇਜ਼ੀ ਦੇ ਪੂਰਨਿਆਂ ਤੇ ਲਿਖਣਾ ਭਾਵੇਂ ਸਿੱਖ ਨਹੀਂ ਸਕਿਆ,
ਇਨ੍ਹਾਂ ਬਦਲੇ ਖਾਧੀ ਕੁੱਟ ਦੇ, ਚੇਤੇ ਕੰਬਣੀ ਲਾ ਜਾਂਦੇ ਨੇ।

ਜ਼ਰਬਾਂ ਤੇ ਤਕਸੀਮਾਂ ਨੂੰ ਮੈਂ ਜ਼ਿੰਦਗੀ ਵਿਚੋਂ ਖ਼ਾਰਜ ਰੱਖਿਐ,
ਏਸੇ ਕਰਕੇ ਸ਼ਾਇਦ ਮੇਰੇ ਅੰਬਰ ਵੱਲ ਨੂੰ ਰਾਹ ਜਾਂਦੇ ਨੇ।

ਛੱਪੜ ਕੰਢੇ ਪੋਚ ਕੇ ਫੱਟੀਆਂ, ਸੂਰਜ ਕੋਲੋਂ ਧੁੱਪਾਂ ਮੰਗਦੇ,
ਮੁੰਡੇ ਕੁੜੀਆਂ ਵੇਖ ਲਵਾਂ ਜਦ, ਉਮਰ ਥਕੇਵਾਂ ਲਾਹ ਜਾਂਦੇ ਨੇ।

ਅਪਣੇ ਘਰ ਤੋਂ ਪਰਦੇਸਾਂ ਤਕ, ਰੁਲ ਗਏ ਊੜੇ ਜੂੜੇ ਸਾਰੇ,
ਵੇਖਣ ਨੂੰ ਜੋ ਜੁਗਨੂੰ ਲੱਗਦੇ, ਚਿੱਤ ਨੂੰ ਕਰ ਗੁੰਮਰਾਹ ਜਾਂਦੇ ਨੇ।

ਉਨ੍ਹਾਂ ਜੇਡ ਨਿਕਰਮਾ ਕਿਹੜਾ ਹੋਵੇਗਾ ਇਸ ਧਰਤੀ ਉੱਤੇ,
ਮਾਲ-ਖ਼ਜ਼ਾਨੇ ਬਚਪਨ ਵਾਲੇ, ਜਿਹੜੇ ਲੋਕ ਭੁਲਾ ਜਾਂਦੇ ਨੇ।

੦

## ਵਧ ਰਹੇ ਮਜ਼ਲੂਮ

ਵਧ ਰਹੇ ਮਜ਼ਲੂਮ ਧੱਕੇ ਸਹਿਣ ਵਾਲੇ।
ਘਟ ਰਹੇ ਨੇ ਪਰਬਤਾਂ ਸੰਗ ਖਹਿਣ ਵਾਲੇ।

ਠਾਕ ਦੇਵੋ ਜੀਭ ਭਾਵੇਂ ਜ਼ਹਿਰ ਦੇਵੋ,
ਚੁੱਪ ਨਹੀਂ ਰਹਿੰਦੇ ਕਦੇ ਸੱਚ ਕਹਿਣ ਵਾਲੇ।

ਅਰਸ਼ ਦਾ ਹੀ ਅੰਗ ਨੇ ਤਾਰੇ ਇਹ ਸਾਰੇ,
ਤੇਰੇ ਹੱਥਾਂ ਤੋਂ ਨਹੀਂ ਇਹ ਲਹਿਣ ਵਾਲੇ।

ਚੰਨ, ਧਰਤੀ, ਸੁਪਨਿਆਂ ਦੀ ਰੀਸ ਨਾ ਕਰ,
ਇਹ ਨਹੀਂ ਟਿਕ ਕੇ ਕਦੇ ਵੀ ਬਹਿਣ ਵਾਲੇ।

ਸੀਸ ਤਲੀਆਂ ਤੇ ਟਿਕਾ ਜੋ ਤੁਰ ਰਹੇ ਨੇ,
ਇਹ ਨਹੀਂ ਸੌਖੇ ਕਿਸੇ ਤੋਂ ਢਹਿਣ ਵਾਲੇ।

ਛੱਪੜਾਂ ਦੇ ਪਾਣੀਆਂ! ਤੂੰ ਕੁਝ ਨਹੀਂ ਹੈਂ,
ਨੀਰ ਹੁੰਦੇ ਨੇ ਨਿਰੰਤਰ ਵਹਿਣ ਵਾਲੇ।

ਸ਼ਹਿਰ ਵਿਚ ਕਮਰਾ, ਕਿਰਾਇਆ, ਕੁਰਸੀਆਂ ਨੇ,
ਘਾਬਰੇ ਫਿਰਦੇ ਨੇ ਏਥੇ ਰਹਿਣ ਵਾਲੇ।

1

ੲ

## ਜਲ ਨਦੀ ਦਾ ਇਹ ਨਿਰੰਤਰ ਵਹਿ

ਜਲ ਨਦੀ ਦਾ ਇਹ ਨਿਰੰਤਰ ਵਹਿ ਰਿਹਾ ਹੈ।
ਤੁਰਦੇ ਰਹਿਣਾ, ਜ਼ਿੰਦਗੀ ਨੂੰ ਕਹਿ ਰਿਹਾ ਹੈ।

ਹੋਰ ਕਿੰਨਾ ਚਿਰ ਬਹੋਗੇ ਬਣਕੇ ਪੱਥਰ,
ਵਹਿੰਦਾ ਪਾਣੀ ਕੰਢਿਆਂ ਨੂੰ ਕਹਿ ਰਿਹਾ ਹੈ।

ਬਰਫ਼ ਦੀ ਚੋਟੀ ਹਿਮਾਲਾ ਸੀ ਕਦੇ ਜੋ,
ਓਸ ਦਾ ਹੰਕਾਰ ਖ਼ੁਰ ਕੇ ਢਹਿ ਰਿਹਾ ਹੈ।

ਅੱਖੀਆਂ 'ਚੋਂ ਮਰ ਰਿਹਾ ਸ਼ਰਮਾਂ ਦਾ ਪਾਣੀ,
ਧਰਤ ਵਿੱਚੋਂ ਵੀ ਉਹ ਥੱਲੇ ਲਹਿ ਰਿਹਾ ਹੈ।

ਤਰਲ ਹੋ ਕੇ ਬਰਫ਼ ਤਾਂ ਸਾਗਰ 'ਚ ਪਹੁੰਚੀ,
ਆਲਸੀ ਮਨ ਪਰ ਅਜੇ ਘਰ ਬਹਿ ਰਿਹਾ ਹੈ।

ਪਾਣੀ ਅੰਦਰ ਅਗਨ ਚਾਨਣ ਰਹਿਣ ਕੱਠੇ,
ਬਣ ਕੇ ਬਿਜਲੀ "ਰੱਬ" ਕਿੱਥੇ ਰਹਿ ਰਿਹਾ ਹੈ।

ਭਾਫ਼ ਬਣਕੇ ਉੱਡਦਾ ਅੰਬਰ 'ਚ ਪਾਣੀ,
ਗਰਜਦਾ ਬੱਦਲ ਸੁਣੋ ਕੀ ਕਹਿ ਰਿਹਾ ਹੈ।

1

o

## ਇੱਕ ਦੋ ਕਦਮ ਤੁਰਨ

ਇੱਕ ਦੋ ਕਦਮ ਤੁਰਨ ਤੋਂ ਜਿਹੜਾ ਡਰਦਾ ਹੈ।
ਤੇਰੇ ਸਾਹੀਂ ਸੱਤ ਸਮੁੰਦਰ ਤਰਦਾ ਹੈ।

ਹੱਕ, ਸੱਚ, ਇਨਸਾਫ਼, ਸ਼ਹਾਦਤ ਅੰਤ ਪੜਾਅ,
ਨਾਲ ਬੀਮਾਰੀ ਕਦੋਂ ਬਹਾਦਰ ਮਰਦਾ ਹੈ।

ਖੇਡ ਅਨਾਰ ਅਗਨ ਦੇ ਫੜ ਕੇ ਰਾਤ ਦਿਨੇ,
ਜੇ ਤੇਰਾ ਚਿੱਤ ਜੁਗਨੂੰ ਕੋਲੋਂ ਡਰਦਾ ਹੈ।

ਦੋਸ਼ ਨਣਦ ਨੂੰ ਸੋਹਣੀ ਦੇਵੇ ਸੌ ਵਾਰੀ,
ਬਿਨ ਵਿਸ਼ਵਾਸ਼ੋਂ ਘੜਾ ਝਨਾਂ ਵਿਚ ਖ਼ਰਦਾ ਹੈ।

ਸੋਨੇ ਦੇ ਪਿੰਜਰੇ ਵਿਚ ਹਰ ਪਰਦੇਸੀ ਜੀਅ,
ਅਪਣੇ ਪਿੰਡ ਦੀ ਮਿੱਟੀ ਚੇਤੇ ਕਰਦਾ ਹੈ।

ਆਲਮਗੀਰ ਕਹਾਉਂਦਾ ਹੋਇਆ ਬੰਦਾ ਵੀ,
ਆਖ਼ਰ ਅਪਣੀ ਨਜ਼ਰੋਂ ਡਿੱਗ ਕੇ ਮਰਦਾ ਹੈ।

ਮੇਰਾ ਮੁੱਲ ਦਵਾਨੀ ਵੀ ਨਹੀਂ, ਬਿਨ ਤੇਰੇ,
ਤੇਰੇ ਕੋਲੋਂ ਕਿਹੜੀ ਗੱਲ ਦਾ ਪਰਦਾ ਹੈ।

1

o

## ਸੁਣ ਰਿਹਾ ਹਾਂ ਗੀਤ

ਸੁਣ ਰਿਹਾ ਹਾਂ ਗੀਤ ਵਿਚ ਸੁਰ-ਤਾਲ ਤੇਰੇ।
ਮੈਂ ਬਰਾਬਰ ਤੁਰ ਰਿਹਾ ਹਾਂ ਨਾਲ ਤੇਰੇ।

ਕਿਉਂ ਤੇਰੇ ਬੋਲਾਂ 'ਚੋਂ ਜਾਵੇ ਕੰਬਣੀ ਨਾ,
ਮੈਂ ਖਲੋਤਾ ਹਾਂ ਜਦੋਂ ਹੁਣ ਨਾਲ ਤੇਰੇ।

ਤੂੰ ਚਿਰਾਗਾਂ ਨੂੰ ਬੁਝਾ ਕੇ ਖ਼ੁਸ਼ ਜੇ ਹੋਇਓਂ,
ਉਮਰ ਭਰ ਰਹਿਣੈ ਹਨ੍ਹੇਰਾ ਨਾਲ ਤੇਰੇ।

ਜਾਗਣਾ ਪੈਣੈ ਨਿਰੰਤਰ, ਜੇ ਤੂੰ ਚਾਹੁੰਨੈਂ,
ਚੰਨ ਤੇ ਸੂਰਜ ਵੀ ਚਮਕਣ ਨਾਲ ਤੇਰੇ।

ਆਪਣੇ ਤੂੰ ਸਫ਼ਰ ਦਾ ਲੇਖਾ ਕਰੀ ਜਾਹ,
ਵਕਤ ਨੇ ਗਿਣਨੇ ਨਹੀਂ ਇਹ ਸਾਲ ਤੇਰੇ।

ਗੌਰ ਕਰਕੇ ਵੇਖ ਖ਼ੁਦ ਤੋਂ ਦੂਰ ਹੋ ਕੇ,
ਤੁਰ ਰਿਹਾ ਹੈ ਜਿਸਮ ਵੀ ਕੀਹ ਨਾਲ ਤੇਰੇ ?

ਖ਼ੁਦ ਹੀ ਖ਼ੁਦ ਦੇ ਨਾਲ ਵੀ ਕਿਉਂ ਝੂਠ ਬੋਲੇ,
ਕਿੰਜ ਸੁਧਰਨਗੇ ਭਲਾ ਦੱਸ ਹਾਲ ਤੇਰੇ।

1

०

## ਕਿਤਾਬਾਂ ਜੋ ਨਹੀਂ ਕਰ ਸਕਦੀਆਂ

ਕਿਤਾਬਾਂ ਜੋ ਨਹੀਂ ਕਰ ਸਕਦੀਆਂ, ਆਵਾਜ਼ ਕਰਦੀ ਹੈ।
ਇਹੀ ਆਵਾਜ਼ ਤਾਂ ਸਭ ਕੋਰਿਆਂ ਸ਼ਬਦਾਂ ਦੀ ਵਰਦੀ ਹੈ।

ਬੜੀ ਬਲਵਾਨ ਭਾਵੇਂ ਬਾਦਸ਼ਾਹੀ ਹੈ ਹਨ੍ਹੇਰੇ ਦੀ,
ਤੁਸੀਂ ਇਹ ਵੇਖ ਲੈਣਾ, ਦੀਵਿਆਂ ਤੋਂ ਬਹੁਤ ਡਰਦੀ ਹੈ।

ਇਹ ਰਾਵਣ ਢੇਰ ਹੋ ਜਾਵੇ, ਦੁਸਹਿਰਾ ਫੇਰ ਨਾ ਆਵੇ,
ਕਈ ਸਦੀਆਂ ਪੁਰਾਣੀ ਰੀਝ ਹੁਣ ਜੀਂਦੀ ਨਾ ਮਰਦੀ ਹੈ।

ਮੈਂ ਸੁਪਨੇ ਬੀਜਦਾਂ, ਖੇਤੀਂ ਕਿਆਰੇ ਆਪ ਸਿੰਜਦਾ ਹਾਂ,
ਪਛਾਣੋ ਕੌਣ ਜੋ, ਉੱਗਦੀ ਅੰਗੂਰੀ ਫ਼ਸਲ ਚਰਦੀ ਹੈ।

ਮੈਂ ਤੇਰੀ ਗਰਮਜੋਸ਼ੀ ਦਾ ਹੁੰਗਾਰਾ ਕਿਸ ਤਰ੍ਹਾਂ ਦੇਵਾਂ,
ਕਿ ਮਨ ਦੇ ਪਾਲ਼ਿਆਂ ਵਿਚ ਖ਼ੁਦ ਮਿਰੀ ਔਕਾਤ ਠਰਦੀ ਹੈ।

ਕਦੇ ਪੌਣਾਂ 'ਚ ਘੁਲ਼ ਜਾਵੇ, ਕਦੇ ਸ਼ਬਦਾਂ 'ਚ ਮਿਲ ਜਾਵੇ,
ਇਹ ਸੁੱਚੀ ਅਗਨ ਹੀ ਫੁੱਲਾਂ 'ਚ ਸੂਹੇ ਰੰਗ ਭਰਦੀ ਹੈ।

ਬੜੇ ਤੂਫ਼ਾਨ, ਝੱਖੜ, ਨ੍ਹੇਰੀਆਂ ਦਾ ਕਹਿਰ ਹੈ ਫਿਰ ਵੀ,
ਗ਼ਜ਼ਲ ਮੇਰੀ ਇਹ ਵੇਖੋ ਚਾਨਣਾ ਗਲੀਆਂ 'ਚ ਕਰਦੀ ਹੈ।

1

०

## ਕਈ ਸਦੀਆਂ ਪੁਰਾਣੀ ਰੀਤ

ਕਈ ਸਦੀਆਂ ਪੁਰਾਣੀ ਰੀਤ ਓਹੀ ਪਾਲਦੇ।
ਜਿਹੜੇ ਲੋਕ ਹੁੰਦੇ ਸੂਹੇ ਅੰਗਿਆਰ ਨਾਲ ਦੇ।

ਸੀਸ ਤਲੀ ਉੱਤੇ ਧਰਨਾ ਦੀਵਾਨਗੀ ਨਹੀਂ,
ਟਾਂਵੇਂ ਮਰਦ ਅਗੰਮੜੇ ਹੀ ਲੱਜ ਪਾਲਦੇ।

ਮੇਰੇ ਪੈਰਾਂ 'ਚ ਅੜਿੱਕਾ ਓਹੀ ਲੋਕ ਨੇ ਬਣੇ,
ਜਿਹੜੇ ਕਹਿਣ ਮੈਨੂੰ ਸਦਾ ਅਸੀਂ ਤੇਰੇ ਨਾਲ ਦੇ।

ਇਹ ਆਏ ਕਿੱਥੋਂ, ਚੱਲੇ ਦਿਸ਼ਾਹੀਣ ਕਾਫ਼ਲੇ,
ਕਿਵੇਂ ਬਣੇ ਨੇ ਗੁਲਾਮ ਸਾਰੇ ਸਮਾਂ ਕਾਲ ਦੇ।

ਕਿੱਦਾਂ ਫ਼ਿਕਰਾਂ ਨੇ ਵਿੰਨ੍ਹਿਆ ਹੈ ਰੁੱਖ ਦਾ ਤਣਾ,
ਹੋਏ ਛਾਨਣੀ ਨੇ ਪੱਤਰ ਹਰੇਕ ਡਾਲ ਦੇ।

ਜਿਹੜਾ ਅੱਖ਼ਰਾਂ ਦੀ ਅਉਧ ਵੇਲੇ ਜੂਠ ਮਾਂਜਦਾ,
ਖ਼ੁਆਬ ਅੱਖਾਂ ਵਿਚੋਂ ਪੜ੍ਹੋ ਕਦੇ ਓਸ ਬਾਲ ਦੇ।

ਸਾਡੀ ਹੋਸ਼ ਅਤੇ ਜੋਸ਼ ਨੂੰ ਸਵਾਦਾਂ ਘੇਰਿਆ,
ਅਸੀਂ ਦਿਲ ਦੀ ਅੰਗੀਠੜੀ ਨੂੰ ਕਿੱਦਾਂ ਬਾਲ਼ਦੇ।

1

o

## ਮੁਹੱਬਤ ਦਾ ਕੋਈ ਵੀ ਨਾਂ ਨਹੀਂ ਹੁੰਦਾ

ਮੁਹੱਬਤ ਦਾ ਕੋਈ ਵੀ ਨਾਂ ਨਹੀਂ ਹੁੰਦਾ।
ਜਿਵੇਂ ਖ਼ੁਸ਼ਬੂ ਦਾ ਕੋਈ ਥਾਂ ਨਹੀਂ ਹੁੰਦਾ।

ਨਵੇਂ ਘਰ ਔਖ ਨਾ ਮਹਿਸੂਸ ਹੋਵੇ,
ਮੈਂ ਤੇਰੇ ਸੁਪਨਿਆਂ ਵਿਚ ਤਾਂ ਨਹੀਂ ਹੁੰਦਾ।

ਜੋ ਮਮਤਾ ਦੀ ਕਣੀ ਅੱਖਾਂ 'ਚ ਹੈ ਨਹੀਂ,
ਅਜਿਹੇ ਬੁੱਤ ਦਾ ਨਾਂ ਮਾਂ ਨਹੀਂ ਹੁੰਦਾ।

ਨਿਰੰਤਰ ਤੁਰਨ ਦਾ ਆਦੀ ਹਾਂ ਚਿਰ ਤੋਂ,
ਇਸੇ ਕਰਕੇ ਮੈਂ ਇੱਕੋ ਥਾਂ ਨਹੀਂ ਹੁੰਦਾ।

ਮੈਂ ਖ਼ੁਦ ਵੀ ਬਿਰਖ਼ ਇਕ ਹਰਿਆਵਲਾ ਹਾਂ,
ਕਦੇ ਵੀ ਮੈਂ ਕਿਸੇ ਦੀ ਛਾਂ ਨਹੀਂ ਹੁੰਦਾ।

ਤੂੰ ਮੇਰੀ ਚੁੱਪ ਨੂੰ ਵੀ ਸਮਝਿਆ ਕਰ,
ਜੇ ਨਾ ਬੋਲਾਂ ਤਾਂ ਮਤਲਬ ਨਾਂਹ ਨਹੀਂ ਹੁੰਦਾ।

ਮੇਰਾ ਵਿਰਸਾ ਹੈ ਤੁਰਦਾ ਨਾਲ ਮੇਰੇ,
ਮੇਰਾ ਮੱਥਾ ਇਸੇ ਲਈ, 'ਠਾਂਹ ਨਹੀਂ ਹੁੰਦਾ।

1

o

## ਬਚਪਨ ਦੇ ਪਰਛਾਵੇਂ

ਬਚਪਨ ਦੇ ਪਰਛਾਵੇਂ ਮੈਨੂੰ ਫੜਨੇ ਚੰਗੇ ਲੱਗਦੇ ਨੇ।
ਚੋਰੀ ਸਾਂਭ ਸੰਭਾਲੇ ਪੱਤਰ ਪੜ੍ਹਨੇ ਚੰਗੇ ਲੱਗਦੇ ਨੇ।

ਮੇਰੇ ਵਾਂਗ ਉਮਰ ਦੇ ਪੰਜਵੇਂ ਡੰਡੇ ਤੇ ਨੇ ਬੈਠੀਆਂ ਜੋ,
ਮੋਰਨੀਆਂ ਦੇ ਖੰਭੀਂ ਤਾਰੇ ਜੜਨੇ ਚੰਗੇ ਲੱਗਦੇ ਨੇ।

ਮੈਂ ਵਕਤਾਂ ਦਾ ਘਾੜਨਹਾਰਾ ਮੇਰੀ ਜ਼ਿੰਮੇਵਾਰੀ ਏ,
ਗ਼ਜ਼ਲਾਂ ਦੇ ਸ਼ਿਅਰਾਂ ਵਿਚ ਹੀਰੇ ਮੜ੍ਹਨੇ ਚੰਗੇ ਲੱਗਦੇ ਨੇ।

ਕਲਗੀ ਪੈਸਾ, ਪੌੜੀ, ਰੁਤਬੇ, ਏਨੇ ਮੇਰੇ ਪਾਸ ਨਹੀਂ,
ਏਸੇ ਕਰਕੇ ਪਰਬਤ ਪੈਰੀਂ ਚੜ੍ਹਨੇ ਚੰਗੇ ਲੱਗਦੇ ਨੇ।

ਨਿੱਕੀਆਂ ਨਿੱਕੀਆਂ ਜੰਗਾਂ ਛੇੜਾਂ, ਮੇਰਾ ਬਿਲਕੁਲ ਸ਼ੌਕ ਨਹੀਂ,
ਲੰਮੇ ਯੁੱਧ ਨਿਰੰਤਰ ਮੈਨੂੰ, ਲੜਨੇ ਚੰਗੇ ਲੱਗਦੇ ਨੇ।

ਰੰਗ ਬਰੰਗੇ ਪੈੱਨ-ਪੈਨਸਿਲਾਂ, ਸ਼ਾਨਾਂ ਭਾਵੇਂ ਮੇਜ਼ ਦੀਆਂ,
ਅਪਣੇ ਹੱਥੀਂ ਕਲਮਾਂ, ਕਾਨੇ ਘੜਨੇ ਚੰਗੇ ਲੱਗਦੇ ਨੇ।

ਮੇਰੇ ਅੰਦਰ ਬੈਠਾ ਬੱਚਾ, ਚਾਂਭਲਦੈ, ਜਦ ਵੇਖ ਲਵੇ,
ਰਾਤ ਦੇ ਕੇਸੀਂ ਜੁਗਨੂੰ ਇਸਨੂੰ ਅੜਨੇ ਚੰਗੇ ਲੱਗਦੇ ਨੇ।

1

ੰ

## ਫਿਰਦੇ ਨੇ ਦਨਦਨਾਉਂਦੇ

ਫਿਰਦੇ ਨੇ ਦਨਦਨਾਉਂਦੇ ਅੰਨ੍ਹੀ ਮਚਾਉਣ ਵਾਲੇ।
ਕਿੱਧਰ ਗਏ ਇਨ੍ਹਾਂ ਤੋਂ, ਮੁਕਤੀ ਦਿਵਾਉਣ ਵਾਲੇ।

ਦਹਿਲੀਜ਼ ਓਪਰੀ ਤੇ ਕਰਦੇ ਨੇ ਦੀਪ-ਮਾਲਾ,
ਕੱਚੇ ਬਨੇਰਿਆਂ ਤੋਂ ਦੀਵੇ ਬੁਝਾਉਣ ਵਾਲੇ।

ਸਾਥੋਂ ਆਵਾਜ਼ ਲੈ ਕੇ, ਸਾਥੋਂ ਹੀ ਸ਼ਬਦ ਲੈ ਕੇ,
ਸਾਨੂੰ ਪਛਾਣਦੇ ਨਾ, ਇਹ ਗੀਤ ਗਾਉਣ ਵਾਲੇ।

ਚੁੰਧਿਆਈ ਨਜ਼ਰ ਵਾਲੇ, ਵੀਰਾਂ ਨੂੰ ਥਹੁ ਨਾ ਲੱਗੇ,
ਅੰਨ੍ਹੀ ਗਲ਼ੀ 'ਚ ਫਿਰਦੇ ਰਸਤਾ ਦਿਖਾਉਣ ਵਾਲੇ।

ਕਿੱਧਰ ਤੋਂ ਆ ਰਹੇ ਨੇ, ਕਿੱਧਰ ਨੂੰ ਜਾ ਰਹੇ ਨੇ,
ਦੱਸਦੇ ਨਾ ਕਾਫ਼ਲੇ ਨੂੰ, ਜੈਕਾਰੇ ਲਾਉਣ ਵਾਲੇ।

ਬਗਲੇ ਦੇ ਵੇਸ ਵਾਲੇ, ਅਮਨਾਂ ਦਾ ਦੇਣ ਹੋਕਾ,
ਵੱਸਦੇ ਘਰਾਂ ਨੂੰ ਏਥੇ ਮਕਤਲ ਬਣਾਉਣ ਵਾਲੇ।

ਫੇਰਨ ਬੁਹਾਰੀਆਂ ਜੋ ਬੇਗਮ ਦੇ ਮਹਿਲ ਅੰਦਰ,
ਲੋਕਾਂ ਨੂੰ ਭਰਮ ਪਾਉਂਦੇ ਬਾਗੀ ਕਹਾਉਣ ਵਾਲੇ।

l

ੰ

## ਥਲਾਂ ਵਿਚ ਭਰਮ ਜਲ

ਥਲ਼ਾਂ ਵਿਚ ਭਰਮ ਜਲ ਜੋ ਦੂਰ ਦੇ ਨੇ।
ਭੁਲੇਖੇ ਸਭ ਨਜ਼ਰ ਦੇ, ਨੂਰ ਦੇ ਨੇ।

ਮੁਹੱਬਤ ਵਾਸਤੇ ਤਰਲੇ ਨੇ ਸਾਰੇ,
ਕਦੋਂ ਕਾਵਾਂ ਨੂੰ ਚੂਰੀ ਚੂਰਦੇ ਨੇ।

ਸਿਰਫ਼ ਵਿਸ਼ਵਾਸ ਦਰਿਆ ਪਾਰ ਜਾਵੇ,
ਨਿਕੰਮੇ ਬਹਿ ਕਿਨਾਰੇ ਝੂਰਦੇ ਨੇ।

ਕਿਉਂ ਮੈਂ ਦੋਸ਼ ਦੇਵਾਂ ਸ਼ੀਸ਼ਿਆਂ ਨੂੰ,
ਮੇਰੇ ਹੀ ਐਬ ਮੈਨੂੰ ਘੂਰਦੇ ਨੇ।

ਤੂੰ ਮੈਨੂੰ ਇਸ ਤਰ੍ਹਾਂ ਕਿਉਂ ਮਿਲ ਰਿਹਾ ਏਂ,
ਜਿਵੇਂ ਕੁਈ ਸਾਕ ਹੁੰਦੇ ਦੂਰ ਦੇ ਨੇ।

ਜਿੰਨ੍ਹਾਂ ਨੂੰ ਮਿਲਦਿਆਂ ਮੈਂ ਬਾਲ ਬਣ ਜਾਂ,
ਇਹ ਸਾਰੇ ਯਾਰ ਪਹਿਲੇ ਪੂਰ ਦੇ ਨੇ।

ਫ਼ਲਾਂ ਦੇ ਨਾਲ ਭਰ ਦੇਵੇਗਾ ਝੋਲੀ,
ਇਹ ਸਭ ਇਕਰਾਰਨਾਮੇ ਬੂਰ ਦੇ ਨੇ।

l

੦

## ਲਗਾਇਆ ਜ਼ੋਰ ਨੇਰ੍ਹੀ

ਲਗਾਇਆ ਜ਼ੋਰ 'ਨੇਰ੍ਹੀ ਨੇ ਬਥੇਰਾ।
ਅਜੇ ਵੀ ਆਲ੍ਹਣਾ ਕਾਇਮ ਹੈ ਮੇਰਾ।

ਇਹ ਸ਼ੀਸ਼ਾ ਸਿਰਫ਼ ਚਿਹਰਾ ਜਾਣਦਾ ਹੈ,
ਨਹੀਂ ਪੜ੍ਹ ਸਕਣ ਲੱਗਾ ਮਨ ਇਹ ਮੇਰਾ।

ਤੂੰ ਮੈਥੋਂ ਦੂਰ ਭਾਵੇਂ ਹੋਰ ਹੋ ਜਾ,
ਗੁਆਈਂ ਨਾ ਕਦੇ ਵਿਸ਼ਵਾਸ ਮੇਰਾ।

ਉਡਾਰੀ ਮਾਰ ਗਏ ਨੇ ਖਾ ਕੇ ਚੂਰੀ,
ਬਿਨਾਂ ਕਾਵਾਂ ਦੇ ਸੁੰਨਾ ਹੈ ਬਨੇਰਾ।

ਹਵਾ ਵਿਚ ਬੇਵਿਸਾਹੀ ਘੁਲ਼ ਗਈ ਹੈ,
ਹੈ ਇਸ ਵਿਚ ਦੋਸ਼ ਸਾਡਾ ਵੀ ਬਥੇਰਾ।

ਇਹ ਦਿੱਲੀ ਨਗਰ ਵਰਮੀ ਵਾਂਗਰਾਂ ਹੈ,
ਪੁਰਾਣਾ ਏਸ ਥਾਂ ਨਾਗਾਂ ਦਾ ਡੇਰਾ।

ਹਨ੍ਹੇਰੀ ਰਾਤ ਦੀ ਬੁੱਕਲ 'ਚ ਮੈਂ ਹਾਂ,
ਮੇਰਾ ਹੀ ਨਾਮ ਹੈ ਚੜ੍ਹਦਾ ਸਵੇਰਾ।

l

ੳ

## ਕਰਕ-ਕਲੇਜੇ ਵਾਲੀ

ਕਰਕ-ਕਲੇਜੇ ਵਾਲੀ ਇਹ ਸਭ ਜਾਣਦੀਆਂ।
ਸੋਚਾਂ ਤਾਹੀਓਂ ਚੁੱਪ ਦੇ ਤੰਬੂ ਤਾਣਦੀਆਂ।

ਉੱਚੀ ਉੱਚੀ ਟਾਹਰਾਂ ਮਾਰਾਂ ਮਰਿਆਂ ਨੂੰ,
ਕਬਰਾਂ ਵੀ ਨਹੀਂ ਮੇਰੀ 'ਵਾਜ਼ ਪਛਾਣਦੀਆਂ।

ਬਚਪਨ ਗਲੀ-ਮੁਹੱਲੇ ਅੰਦਰ ਵੜਦਾਂ ਜਦ,
ਘੇਰ ਖਲੋਵਣ ਕੁੜੀਆਂ ਚਿੜੀਆਂ ਹਾਣ ਦੀਆਂ।

ਖੜ੍ਹਾ ਖਲੋਤਾ ਰਾਂਝਣ ਯਾਰ ਵਿਸਾਰਨ ਜੋ,
ਉਹ ਹੀਰਾਂ ਨਹੀਂ ਕਦੇ ਜਵਾਨੀ ਮਾਣਦੀਆਂ।

ਸ਼ਹਿਰ-ਸਮੁੰਦਰ ਖ਼ਾਰਾ ਪਾਣੀ ਪੀਂਦੇ ਹਾਂ,
ਆ ਗਈਆਂ ਨੇ ਜਾਚਾਂ ਮਹੁਰਾ ਖਾਣ ਦੀਆਂ।

ਹੋਰ ਘੜੀ ਪਲ ਬਹਿ ਜਾ, ਕਹਿ ਜਾ ਇੱਕ ਅੱਧ ਬੋਲ,
ਆਉਣ ਸਾਰ ਹੀ ਗੱਲਾਂ ਕਰਦੈਂ ਜਾਣ ਦੀਆਂ।

'ਕੱਲੀ-ਕਾਰੀ ਕੁੜੀ ਖੇਤ ਨੂੰ ਤਾਂ ਤੁਰਦੀ,
ਨਾਲ ਤੁਰਦੀਆਂ ਪੈੜਾਂ ਜੇ ਸਵੈਮਾਣ ਦੀਆਂ।

l

o

## ਅਪਣੀ ਛਾਂ ਵਿਚ ਉਲਝਿਆ

ਆਪਣੀ ਛਾਂ ਵਿਚ ਉਲਝਿਆ, ਹੋਇਆ ਵੇਖੋ ਕਹਿਰ।
ਮਰਿਆ ਕੁੰਡੀ ਮਾਰ ਕੇ, ਖਾ ਕੇ ਮਨ ਦਾ ਜ਼ਹਿਰ।

ਵਾਹੋਦਾਹੀ ਦੌੜਦੇ ਸਰਪਟ ਦਿਨ ਤੇ ਰਾਤ,
ਕਿੱਥੋਂ ਕਿੱਧਰ ਜਾ ਰਿਹਾ, ਅੰਨ੍ਹਾ-ਬੋਲ਼ਾ ਸ਼ਹਿਰ।

ਕੰਢੇ ਕੋਈ ਬਿਰਖ਼ ਨਾ, ਸੜਕਾਂ ਸਾਹੋ ਸਾਹ,
ਵਰ੍ਹਦੀ ਅਗਨੀ ਅੰਬਰੋਂ, ਸਿਰ ਤੇ ਸਿਖ਼ਰ ਦੁਪਹਿਰ।

ਵੇਖ ਸਮੁੰਦਰ ਖ਼ੌਲਦਾ, ਵੇਖੋ ਕਰੋ ਧਿਆਨ,
ਪਰਤੇ ਪੱਥਰ ਚੱਟ ਕੇ ਪਾਣੀ ਉਤਲੀ ਲਹਿਰ।

ਸਾਏ ਲੰਮ-ਸਲੰਮੜੇ, ਸਮਝ ਭੁਲੇਖੇ ਵਾਂਗ,
ਦਿਨ ਜਾਂਦਾ ਸਮਝਾ ਗਿਆ, ਮੈਨੂੰ ਪਿਛਲੇ ਪਹਿਰ।

ਅੰਦਰ ਵੱਲ ਨੂੰ ਅੱਥਰੂ, ਡਿੱਗਣ ਜਦੋਂ ਹਜ਼ਾਰ,
ਖ਼ੁਦ ਅੱਖਾਂ ਸਮਝਾਉਂਦੀਆਂ, ਮਨ ਅੰਦਰਲੀ ਗਹਿਰ।

ਤੂੰ ਸ਼ਬਦਾਂ ਨੂੰ ਤੋੜ ਨਾ, ਅਰਥਾਂ ਤੋਂ ਨਾ ਹੋੜ,
ਕੋਲੋਂ ਕੁਝ ਵੀ ਜੋੜ ਨਾ, ਸੱਚ ਦੀ ਇੱਕੋ ਬਹਿਰ।

1

o

## ਅੱਧੀ ਰਾਤੀਂ ਜਾਗ ਕੇ

ਅੱਧੀ ਰਾਤੀਂ ਜਾਗ ਕੇ, ਮੈਨੂੰ 'ਵਾਜ਼ਾਂ ਮਾਰਦੇ।
ਸੁਪਨੇ ਜਿਉਂ ਹਿਰਨੋਟੜੇ, ਦੁੱਲੇ ਵਾਲੀ ਬਾਰ ਦੇ।

ਬਾਬਰ ਜਾਬਰ ਮਰ ਗਿਆ, ਜਹਾਂਗੀਰ ਕੀਹ ਕਰ ਗਿਆ,
ਜ਼ਾਲਮ ਔਰੰਗਜ਼ੇਬ ਤੋਂ, ਆਪਾਂ ਤਾਂ ਨਹੀਂ ਹਾਰਦੇ।

ਉਸਨੂੰ ਕੋਈ ਨਾ ਮਾਰਦਾ, ਆਪੇ ਜਾਵੇ ਹਾਰਦਾ,
ਜਿਹੜਾ ਬੰਦਾ ਦੱਬਿਆ, ਥੱਲੇ ਰੂਹ ਦੇ ਭਾਰ ਦੇ।

ਜਾਪਣ 'ਵਾਜ਼ਾਂ ਮਾਰਦੇ, ਬਾਬੇ ਦਾਦੇ ਵਾਂਗਰਾਂ,
ਬਿਰਖ-ਬਰੂਟੇ ਵੇਖਦਾਂ, ਜਦ ਵੀ ਰਾਵੀ ਪਾਰ ਦੇ।

ਮਨ ਦੇ ਬੇਲੇ ਰੇਸ਼ਮਾਂ, ਸਾਹੀਂ ਸ਼ੌਕਤ ਮਹਿਕਦਾ,
ਬੋਲ ਮਲੰਗੀ ਵਾਲੜੇ, ਰੂਹ ਮੇਰੀ ਨੂੰ ਠਾਰਦੇ।

ਪਾਰ ਝਨਾਉਂ ਰਹਿੰਦੀਆਂ, ਹੀਰਾਂ ਰੋ ਰੋ ਕਹਿੰਦੀਆਂ,
ਦਿਲ ਦੇ ਜਾਨੀ ਰਾਂਝਣੇ, ਹੁਣ ਕਿਉਂ ਜਾਨੋਂ ਮਾਰਦੇ।

ਇੰਟਰਨੈੱਟ ਨਾ ਜਾਣਦੇ, ਨਾ ਇਹ ਫ਼ੋਨ ਪਛਾਣਦੇ,
ਆਉਂਦੇ ਪਾਰ ਸਮੁੰਦਰੋਂ, ਪੰਛੀ ਵੇਖੋ ਡਾਰ ਦੇ।

1

o

## ਲੰਮ ਸਲੰਮੀਆਂ ਸੜਕਾਂ ਉੱਤੇ

ਲੰਮ ਸਲੰਮੀਆਂ ਸੜਕਾਂ ਉੱਤੇ, ਪੈੜਾਂ ਪਿਛਲੇ ਪਹਿਰ ਦੀਆਂ।
ਜਿਉਂ ਉਸਤਾਦ ਧਰਤ ਤੇ ਲਿਖੀਆਂ, ਗ਼ਜ਼ਲਾਂ ਲੰਮੀ ਬਹਿਰ ਦੀਆਂ।

ਚੰਨ-ਚਾਨਣੀ ਰਾਤ ਸਮੁੰਦਰ ਬੜੇ ਉਛਾਲੇ ਖਾਂਦਾ ਹੈ,
ਕੋਈ ਨਾ ਸੁਣਦਾ ਦਰਦ-ਕਹਾਣੀਆਂ, ਪਾਣੀ ਉਤਲੀ ਲਹਿਰ ਦੀਆਂ।

ਦਿਲ ਦੇ ਬੂਹੇ ਤੋਂ ਮੁੜ ਗਈਆਂ, ਜਦੋਂ ਹੁੰਗਾਰਾ ਮਿਲਿਆ ਨਾ,
ਬੇਕਦਰਾਂ ਦੇ ਵਿਹੜੇ ਅੰਦਰ ਰੀਝਾਂ ਵੀ ਨਹੀਂ ਠਹਿਰਦੀਆਂ।

ਖ਼ੌਫ਼ ਮਨਾਂ ਦਾ ਵੇਖੋ ਯਾਰੋ, ਕਿੱਥੋਂ ਤੱਕ ਆ ਪਹੁੰਚਾ ਹੈ,
ਅੰਦਰੋਂ ਕੁੰਡੀ ਲਾ ਕੇ ਸੌਂਦੀਆਂ, ਗਲੀਆਂ ਮੇਰੇ ਸ਼ਹਿਰ ਦੀਆਂ।

ਮੇਰੇ ਵਿਚਲਾ ਰਾਵਣ ਮੈਥੋਂ ਏਸੇ ਕਰਕੇ ਮਰਦਾ ਨਹੀਂ,
ਉਹ ਵੀ ਜਾਣ ਗਿਆ ਏ ਬਾਤਾਂ, ਮੇਰੇ ਕੀਤੇ ਕਹਿਰ ਦੀਆਂ।

ਜਨਮ-ਘੜੀ ਤੋਂ ਅੱਜ ਤੀਕਣ ਮੈਂ, ਅੰਮ੍ਰਿਤ ਬੂੰਦ ਨਹੀਂ ਵੇਖੀ,
ਮੈਨੂੰ ਮਾਰ ਮੁਕਾਉਣਗੀਆਂ ਕਿੰਜ, ਇੱਕ ਦੋ ਘੁੱਟਾਂ ਜ਼ਹਿਰ ਦੀਆਂ।

ਬੋਹੜਾਂ ਪਿੱਪਲਾਂ ਵਰਗੇ ਬਾਬੇ, ਬੁੱਝ ਲੈਂਦੇ ਸਨ ਵੇਖਦਿਆਂ,
ਸੁਰਮੇ ਰੰਗੀ ਬਦਲੋਟੀ ਚੋਂ, ਚਾਲਾਂ ਅੰਬਰੀ ਗਹਿਰ ਦੀਆਂ।

l

o

## ਰਾਤ ਹਨ੍ਹੇਰੀ ਰੁੱਖਾਂ ਵਿਚ ਦੀ

ਰਾਤ ਹਨ੍ਹੇਰੀ ਰੁੱਖਾਂ ਵਿਚ ਦੀ ਜਿਉਂ ਚੰਨ ਪਾਵੇ ਝਾਤ ਜਹੀ।
ਸ਼ੁਕਰ ਓਸਦਾ ਦਿੱਤੀ ਜਿਸਨੇ ਜ਼ਿੰਦਗੀ ਵੀ ਸੌਗਾਤ ਜਹੀ।

ਅੱਖੀਆਂ ਵਿਚੋਂ ਖ਼ੁਸ਼ੀਆਂ ਵਾਲੇ ਅੱਥਰੂ ਮੈਥੋਂ ਰੁਕਦੇ ਨਹੀਂ,
ਤਪਦੀ ਧਰਤੀ ਉੱਤੇ ਕਿਣਮਿਣ, ਜਿਉਂ ਵਰ੍ਹਦੀ ਬਰਸਾਤ ਜਹੀ।

ਤੂੰ ਮੇਰੇ ਸਾਹਾਂ ਵਿਚ ਰਮ ਜਾ, ਫੁੱਲ—ਪੱਤੀਆਂ ਵਿਚ ਮਹਿਕ ਜਿਵੇਂ,
ਨਾਲੋ ਨਾਲ ਰਹੀਂ ਤੂੰ ਮੇਰੇ, ਬਣ ਸੁੱਚੇ ਜਜ਼ਬਾਤ ਜਹੀ।

'ਨ੍ਹੇਰੇ ਤੇ ਚਾਨਣ ਵਿਚ ਦੱਸੋ, ਕਰਾਂ,ਨਿਖੇੜਾ ਕਿੱਸਰਾਂ ਮੈਂ,
ਮੇਰੇ ਹਿੱਸੇ ਆਈ ਜ਼ਿੰਦਗੀ, ਪੂਰੇ ਚੰਨ ਦੀ ਰਾਤ ਜਹੀ।

ਦੂਰ ਕਿਸੇ ਘਰ ਜੰਮੀ ਜਾਈ, ਜਦ ਤੋਂ ਸਾਡੇ ਘਰ ਆਈ,
ਸਾਡੇ ਘਰ ਦੇ ਅੰਦਰ ਹਰ ਪਲ ਰਹਿੰਦੀ ਹੈ ਪ੍ਰਭਾਤ ਜਹੀ।

ਤੇਰੇ ਨਾਲ ਸ਼ਿਕਾਇਤ, ਸ਼ਿਕਵਾ, ਕਰਾਂ ਕਿਉਂ ਮੈਂ ਜਿੰਦੜੀਏ,
ਹਰ ਇਕ ਨੂੰ ਖ਼ੈਰਾਤ ਹੈ ਮਿਲਦੀ ਓਸੇ ਦੀ ਔਕਾਤ ਜਹੀ।

ਕਿੰਨੀ ਵਾਰੀ ਆਖਿਐ ਇਸ ਨੂੰ, ਹੁਣ ਤਾਂ ਮੇਰੇ ਮਗਰੋਂ ਲਹੁ,
ਮੇਰਾ ਪਿੱਛਾ ਛੱਡਦੀ ਹੀ ਨਾ, ਖ਼ੁਦਗਰਜ਼ੀ ਕਮਜ਼ਾਤ ਜਹੀ।

l

੦

## ਆਸ ਬੇਗਾਨੀ ਤੇ ਜੇ ਰਹਿੰਦੇ

ਆਸ ਬੇਗਾਨੀ ਤੇ ਜੇ ਰਹਿੰਦੇ, ਹੁਣ ਨੂੰ ਆਪਾਂ ਮਰ ਜਾਣਾ ਸੀ।
ਮਿੱਟੀ ਦਾ ਇਹ ਕੱਚਾ ਭਾਂਡਾ, ਕਣੀਆਂ ਦੇ ਵਿਚ ਖਰ ਜਾਣਾ ਸੀ।

ਭਾਵੇਂ ਕਹਿਣ ਸਮੁੰਦਰੋਂ ਡੂੰਘਾ, ਪਾਰ ਕਿਨਾਰਾ ਕਿਹੜੀ ਗੱਲ ਸੀ,
ਜੇਕਰ ਸਾਥ ਨਿਭਾਉਂਦੀ ਤੂੰ ਮੈਂ, ਦਿਲ ਦਰਿਆ ਨੂੰ ਤਰ ਜਾਣਾ ਸੀ।

ਤੇਰੇ ਨਾਲ ਤੁਰਦਿਆਂ, ਤੈਨੂੰ ਕੀ ਦੱਸਾਂ ਮੈਂ ਖ਼ੁਸ਼ਬੂ ਜਹੀਏ,
ਦਿਲ ਦਾ ਖ਼ਾਲੀ ਕਾਸਾ ਮੇਰਾ, ਨਾਲ ਮੁਹੱਬਤ ਭਰ ਜਾਣਾ ਸੀ।

ਇਹ ਤਾਂ ਤੇਰੇ ਨਿੱਘ ਦਾ ਹੀ ਪ੍ਰਤਾਪ, ਧੜਕਣਾਂ ਧੜਕਦੀਆਂ ਨੇ,
ਨਹੀਂ ਤਾਂ ਹੁਣ ਨੂੰ ਇਹ ਦਿਲ ਮੇਰਾ, ਠਰਦਾ ਠਰਦਾ ਠਰ ਜਾਣਾ ਸੀ।

ਜੰਗਲੀ ਜੰਤ ਜਨੌਰਾਂ ਦੀ ਹੁਣ ਗਿਣਤੀ ਵਧੀ ਮੈਦਾਨਾਂ ਅੰਦਰ,
ਪਹਿਰਾ ਨਾ ਹੁੰਦਾ ਤਾਂ ਇਨ੍ਹਾਂ ਫ਼ਸਲਾਂ ਤਾਈਂ ਚਰ ਜਾਣਾ ਸੀ।

ਬਿਰਖ਼ਾਂ ਨਾਲ ਗੁਫ਼ਤਗੂ ਕਰਦੇ, ਬੀਤ ਰਹੇ ਨੇ ਦਿਨ ਤੇ ਰਾਤਾਂ,
ਬਾਤ ਮੁਕਾਏ ਬਿਨ ਦੱਸੋ ਮੈਂ, ਕਿਹੜੇ ਵੇਲੇ ਘਰ ਜਾਣਾ ਸੀ।

ਚਾਨਣ ਦੀ ਤਸਵੀਰ ਬਣੀ ਤੂੰ, 'ਨੇਰ੍ਹੇ ਵਿਚ ਲਕੀਰ ਬਣੀ ਤੂੰ,
ਜੇ ਤੂੰ ਮੇਰੇ ਨਾਲ ਨਾ ਹੁੰਦੀ, ਮੈਂ ਤਾਂ 'ਕੱਲ੍ਹਿਆਂ ਡਰ ਜਾਣਾ ਸੀ।

1

੦

## ਦੋ ਅੱਖਾਂ ਵਿਚ ਇੱਕੋ ਚਿਹਰਾ

ਦੋ ਅੱਖਾਂ ਵਿਚ ਇੱਕੋ ਚਿਹਰਾ ਆਵੇ ਵਾਰੋ ਵਾਰ।
ਉਸ ਤੋਂ ਮਗਰੋਂ ਸੁਪਨਾ ਹੋਵੇ, ਪੌਣਾਂ ਤੇ ਅਸਵਾਰ।

ਫੁੱਲ-ਪੱਤੀਆਂ ਵਿਚ ਰੰਗ ਤੇ ਖ਼ੁਸ਼ਬੂ, ਜੀਕੂ ਰਹਿਣ ਇਕੱਠੇ,
ਧੜਕਣ ਵਿਚ ਪਿਰੋ ਲੈ ਮੈਨੂੰ, ਦੋ ਸਾਹਾਂ ਵਿਚਕਾਰ।

ਜਾਂ ਹੰਨੇ ਜਾਂ ਬੰਨੇ ਹੋ ਜਾ, ਦੋਚਿੱਤੀ ਤੋਂ ਅੱਗੇ,
ਮਾਰ ਮੁਕਾਵੇਗੀ ਇਹ ਤੈਨੂੰ, ਦੋ ਧਾਰੀ ਤਲਵਾਰ।

ਬੋਟ ਬਣੇ ਹੁਣ ਸੁਪਨ-ਪਰਿੰਦੇ, ਅੰਬਰ ਗਾਹੁਣਾ ਚਾਹੁੰਦੇ,
ਇਨ੍ਹਾਂ ਦੇ ਖੰਭਾਂ ਨੂੰ ਐਵੇਂ, ਗੰਢਾਂ ਨਾ ਤੂੰ ਮਾਰ।

ਜ਼ਿੰਦਗੀ ਮੌਤ ਵਿਚਾਲੇ ਅੰਤਰ, ਅੱਖ ਪਲਕਾਰੇ ਜਿੰਨਾ,
ਪੈਰਾਂ ਹੇਠ ਧਰਤ ਦੀ ਥਾਵੇਂ, ਕੱਸੀ ਹੋਈ ਤਾਰ।

ਵਿਚ ਕਲਾਵੇ ਸਰਬ-ਸ੍ਰਿਸ਼ਟੀ ਲੈ ਸਕਦੇ ਆਂ ਰਲ਼ ਕੇ,
ਸਾਥ ਦਏਂ ਤਾਂ ਦੋ ਤੋਂ ਬਾਹਾਂ, ਹੋ ਜਾਵਣ ਫਿਰ ਚਾਰ।

ਮੇਰੇ ਨਾਲ ਬਰਾਬਰ ਤੁਰਨਾ, ਹੋਠੀਂ ਜੰਦਰੇ ਲਾ ਕੇ,
ਦਿਲ ਬੇਦੋਸ਼ੇ ਪੰਛੀ ਨੂੰ ਤੂੰ ਇਸ ਮੌਤੇ ਨਾ ਮਾਰ।

1

## ੦
## ਰੁੱਤ ਬਸੰਤੀ ਟਾਹਣੀ ਟਾਹਣੀ

ਰੁੱਤ ਬਸੰਤੀ ਟਾਹਣੀ ਟਾਹਣੀ, ਫੁੱਟਿਆ ਵੇਖ ਫੁਟਾਰਾ।
ਕਿਵੇਂ ਬਨਸਪਤ ਗਾਉਂਦੀ ਗ਼ਜ਼ਲਾਂ, ਸੁਣਦਾ ਆਲਮ ਸਾਰਾ।

ਨਰਮ ਕਰੂੰਬਲ ਮਗਰੋਂ ਵੇਖੀਂ, ਏਸੇ ਥਾਂ ਫੁੱਲ ਆਉਣੇ,
ਫ਼ਲ ਅਣਗਿਣਤ ਪੁਆ ਕੇ ਲੈ ਝੋਲੀ, ਧਰ ਨਾ ਜੜ੍ਹ ਤੇ ਆਰਾ।

ਝੂੰਮਦੀਆਂ ਲਗਰਾਂ ਨੂੰ ਲੋਰੀਆਂ ਦੇਂਦੀਆਂ ਵੇਖ ਹਵਾਵਾਂ,
ਸਿਰ ਤੋਂ ਪੈਰਾਂ ਤੀਕ ਵਜਦ ਵਿਚ ਆਵੇ ਤਨ ਮਨ ਸਾਰਾ।

ਸੁੱਤੇ ਬਿਰਖ਼ ਜਗਾਵੇ ਮੌਸਮ, ਜਾਗਣ ਦਾ ਇਹ ਵੇਲ਼ਾ,
ਹੁਣ ਦੇ ਪਲ ਨੂੰ ਜਾਣ, ਮਾਣ ਲੈ, ਆਉਣਾ ਨਹੀਂ ਦੁਬਾਰਾ।

ਹੋਰ ਮਹੀਨੇ ਤੀਕਰ ਵੇਖੀਂ, ਇਨ੍ਹਾਂ ਬਿਰਖਾਂ ਥੱਲੇ,
ਸ਼ਰਨ ਲਵੇਗਾ, ਹਰ ਇਕ ਆਦਮ ਧੁੱਪ ਤੋਂ ਡਰਦਾ ਮਾਰਾ।

ਧਰਤੀ ਸੂਰਜ ਮਿਲ ਕੇ ਪਹਿਲਾਂ, ਬੀਜ ਬਣਾਉਂਦੇ ਬੂਟਾ,
ਆਖਣ ਪੌਣਾਂ ਨਾਲ ਮਿਲਾਂ, ਬਣ ਮਹਿਕਾਂ ਦਾ ਵਣਜਾਰਾ।

ਹੋਰ ਛਿਮਾਹੀ ਤੀਕਰ ਪੱਤਝੜ, ਵੇਖ ਉਦਾਸ ਨਾ ਹੋਵੀਂ,
ਕੁਦਰਤ ਵਾਲੀ ਪਾਠਸ਼ਾਲ 'ਚੋਂ ਸਬਕ ਪੜ੍ਹੀਂ ਤੂੰ ਸਾਰਾ।

l

## ੦
## ਝੀਲ ਬਲੌਰੀ ਨੈਣਾਂ ਅੰਦਰ

ਝੀਲ ਬਲੌਰੀ ਨੈਣਾਂ ਅੰਦਰ ਸੁਪਨੇ ਤਰਦੇ ਵੇਖ ਰਿਹਾ ਹਾਂ।
ਮੰਜ਼ਿਲ ਦੇ ਸਿਰਨਾਵੇਂ ਵੱਲ ਨੂੰ, ਹਿੰਮਤੀ ਜਾਂਦੇ ਵੇਖ ਰਿਹਾ ਹਾਂ।

ਕੱਚੇ ਘਰੀਂ ਗੁਆਚੇ ਹੋਏ, ਫ਼ਿਕਰੀਂ ਵਿੱਧੇ ਬਹੁਤ ਲੋਕੀਂ,
ਥੱਕੇ ਟੁੱਟੇ, ਹਾਰੇ ਹੁੱਟੇ, ਰਾਹ ਵਿਚ ਮਰਦੇ ਵੇਖ ਰਿਹਾ ਹਾਂ।

ਪੰਜੀਂ ਸਾਲੀਂ ਆਉਂਦੇ ਇਹ ਜੋ, ਚਿੱਟੇ, ਨੀਲੇ, ਪੀਲੇ ਘੋੜੇ,
ਖੇਤਾਂ ਵਿਚੋਂ ਹਰੇ ਅੰਗੂਰੀ ਸੁਪਨੇ ਚਰਦੇ ਵੇਖ ਰਿਹਾ ਹਾਂ।

ਇਕ ਓਂਕਾਰ ਦੀ ਨਿਰਮਲ ਧਾਰਾ, ਕਾਲੀ ਬੇਈਂ ਦੇ ਵਿਚ ਗੁੰਮੀ,
ਲੱਭਦੇ ਨੇ ਬਲਬੀਰ* ਤੇ ਬਹੁਤੇ ਗੱਲਾਂ ਕਰਦੇ ਵੇਖ ਰਿਹਾ ਹਾਂ।

ਸਫ਼ਰ ਨਾਲ ਜੋ ਕਰਨ ਗੁਫ਼ਤਗੂ, ਮੰਜ਼ਿਲ ਨੂੰ ਵੀ ਓਹੀ ਵਰਦੇ,
ਰਾਹ ਵਿਚ ਬੈਠੇ ਜਿਹੜੇ ਓਹੀ, ਹੌਕੇ ਭਰਦੇ ਵੇਖ ਰਿਹਾ ਹਾਂ।

ਪਾਰ ਝਨਾਉਂ ਰਹਿੰਦੀ ਸੋਹਣੀ, ਮਹੀਂਵਾਲ ਦੇ ਦਿਲ ਨੂੰ ਮੋਹਣੀ,
ਦਿਲ ਦੀ ਲਗਨ ਮਿਲਣ ਦੀ ਜਿਸ ਨੂੰ ਨਦੀਆਂ ਤਰਦੇ ਵੇਖ ਰਿਹਾ ਹਾਂ।

ਡਰ ਨਹੀਂ ਕਿਸੇ ਪਰਾਏ ਕੋਲੋਂ, ਡਰ ਹੈ ਆਪਣੇ ਸਾਏ ਕੋਲੋਂ,
ਘਰ ਦੇ ਭੇਤੀ ਕੋਲੋਂ ਬੰਦੇ, ਆਪੇ ਡਰਦੇ ਵੇਖ ਰਿਹਾ ਹਾਂ।

l

---
*ਸੰਤ ਸੀਚੇਵਾਲ

ੴ

## ਇਕ ਦੂਜੇ ਤੋਂ ਮਸ਼ੀਨਾਂ

ਇਕ ਦੂਜੇ ਤੋਂ ਮਸ਼ੀਨਾਂ ਦੂਰ ਸਾਨੂੰ ਕਰਦੀਆਂ ਨੇ।
ਮਹਿਕਦੀ ਧੜਕਣ ਨੂੰ ਖੋਹ ਕੇ ਆਪ ਉਹ ਥਾਂ ਭਰਦੀਆਂ ਨੇ।

ਹੁਣ ਝਨਾਂ ਦੇ ਪਾਣੀਆਂ ਵਿਚ ਨਾ ਹੀ ਸੋਹਣੀ ਨਾ ਘੜਾ ਹੈ,
ਹੌਕਿਆਂ ਦੀ ਜੂਨ ਪਈਆਂ, ਬੇੜੀਆਂ ਹੀ ਤਰਦੀਆਂ ਨੇ।

ਖੇਤ 'ਚੋਂ ਫ਼ਸਲਾਂ ਸੁਕਾਵਣ ਤੇ ਘਰਾਂ 'ਚੋਂ ਰੌਣਕਾਂ ਵੀ,
ਫੋਕੀਆਂ ਰਸਮਾਂ ਹੀ ਸਾਡੇ ਸੁਪਨਿਆਂ ਨੂੰ ਚਰਦੀਆਂ ਨੇ।

ਗਗਨ ਚੁੰਮਦੇ ਭਵਨ ਦੇ ਵਣਜਾਰਿਆਂ ਨੂੰ ਕੌਣ ਪੁੱਛੇ?
ਜੰਮਣੋਂ ਪਹਿਲਾਂ ਹੀ ਸਾਡੇ, ਕਿਉਂ ਉਮੀਦਾਂ ਮਰਦੀਆਂ ਨੇ।

ਫ਼ੈਲਦੇ ਬਾਜ਼ਾਰ ਸਾਨੂੰ ਸੁੰਨ ਕਰ ਦੇਣਾ ਹੈ ਆਖ਼ਿਰ,
ਮਾਪਿਆਂ ਦੇ ਵਾਂਗ ਦੇਣਾ, ਨਿੱਘ ਕੰਧਾਂ ਘਰ ਦੀਆਂ ਨੇ।

ਧਰਤ ਦਾ ਹੈ ਧਰਮ ਜੀਕੂੰ, ਝਟਕਿਆਂ ਨੂੰ ਸਹਿਣ ਕਰਨਾ,
ਮਾਵਾਂ ਧੀਆਂ, ਭੈਣਾਂ, ਏਦਾਂ ਰੋਜ਼ ਸਦਮੇ ਜਰਦੀਆਂ ਨੇ।

ਜ਼ਿੰਦਗੀ ਲੋਹਾਰ ਦੀ ਭੱਠੀ 'ਚ ਜੀਕੂੰ ਸੁਰਖ਼ ਲੋਹਾ,
ਅਗਨ ਦੇ ਫੁੱਲਾਂ ਤੇ ਬਹਿਣੋਂ ਤਿਤਲੀਆਂ ਵੀ ਡਰਦੀਆਂ ਨੇ।

1

ੴ

## ਝੰਬਿਆ 'ਨ੍ਹੇਰੀ ਨੇ ਮੈਨੂੰ

ਝੰਬਿਆ 'ਨ੍ਹੇਰੀ ਨੇ ਮੈਨੂੰ ਇਹ ਗਿਲਾ ਕੋਈ ਨਹੀਂ।
ਕਿਉਂਕਿ ਇਹ ਸਭ ਜਾਣਦਾ ਤੇਰੇ ਸਿਵਾ ਕੋਈ ਨਹੀਂ।

ਸਭ ਜ਼ਬਾਨੀ-ਖ਼ਰਚ ਕਰਕੇ ਲੋਕ ਆਪਣੇ ਰਾਹ ਪਏ,
ਜਾਣਦਾ ਹਾਂ ਵਰ੍ਹਦੀਆਂ ਵਿਚ, ਠਹਿਰਦਾ ਕੋਈ ਨਹੀਂ।

ਅਜਨਬੀ ਜਹੇ ਸ਼ਹਿਰ ਵਿਚ ਫਿਰਦਾਂ ਗੁਆਚਾ ਰਾਤ ਦਿਨ,
ਦਰਦ-ਵਿੰਨ੍ਹੇ ਪੰਖਣੂ ਨੂੰ ਪੁੱਛਦਾ ਕੋਈ ਨਹੀਂ।

ਸੱਚ ਦੀ ਸੌਗਾਤ ਨੂੰ ਮੈਂ ਧਰਮ ਵਾਂਗੂੰ ਸਾਂਭਿਐ,
ਇਸ ਤਰ੍ਹਾਂ ਦੀ ਵਸਤ ਏਥੇ ਭਾਲ਼ਦਾ ਕੋਈ ਨਹੀਂ।

ਟਾਹਣੀਆਂ ਵਿਚਕਾਰ ਬਹਿ, ਪੰਛੀ ਹਮੇਸ਼ਾਂ ਸੋਚਦੈ,
ਪੱਤਿਆਂ ਦੀ ਢਾਲ ਓਹਲੇ, ਹੁਣ ਬਲ਼ਾ ਕੋਈ ਨਹੀਂ।

ਓਸ ਦੇ ਮੱਥੇ ਤੇ ਕਾਲੇ ਦਾਗ ਦੀ ਤਸਵੀਰ ਹੈ,
ਤੋੜ ਕੇ ਸ਼ੀਸ਼ੇ ਨੂੰ ਜਿਹੜਾ ਆਖਦੈ ਕੋਈ ਨਹੀਂ।

ਮੈਂ ਜਦੋਂ ਵੀ ਆਪਣੇ ਪਰਛਾਵਿਆਂ ਵਿਚ ਉਲਝਿਆਂ,
ਉੱਠਿਆਂ ਖ਼ੁਦ ਨੂੰ ਇਹ ਕਹਿ ਕੇ, ਚੱਲ ਭਰਾ ਕੋਈ ਨਹੀਂ।

ਅਜਬ ਘੁੰਮਣਘੇਰ ਅੰਦਰ ਜਦ ਘਿਰਾਂ ਮੈਂ ਸਮਝ ਲਾਂ,
ਹੁਣ ਮਿਰਾ ਹਮਦਰਦ ਏਥੇ ਮੇਰੇ ਬਿਨ ਕੋਈ ਨਹੀਂ।

1

o

## ਤੋੜ ਨਿਭਾਉਣਾ

ਤੋੜ ਨਿਭਾਉਣਾ ਜਿਸਦਾ ਵੀ ਕਿਰਦਾਰ ਨਹੀਂ ਹੈ।
ਪਿਆਰ-ਮੁਹੱਬਤ ਮੇਰੀ ਦਾ ਹੱਕਦਾਰ ਨਹੀਂ ਹੈ।

ਜਿਸ ਦੇ ਪੱਲੇ ਰੇਤ ਬਰੇਤੀ ਸਾਂਭ ਲਵੇ ਉਹ,
'ਕੱਲੀ ਇਸ ਤੋਂ ਉੱਸਰਨੀ ਦੀਵਾਰ ਨਹੀਂ ਹੈ।

ਕੌਣ ਕਰੇ ਵਿਸ਼ਵਾਸ ਤੇਰੇ ਬੋਲਾਂ ਦਾ ਏਥੇ,
ਅੱਖਾਂ ਵਿੱਚ ਤਾਂ ਕਤਰਾ ਵੀ ਸਤਿਕਾਰ ਨਹੀਂ ਹੈ।

ਅਸਲੀ ਪਿਆਰ-ਮੁਹੱਬਤ ਤਾਂ ਸਿਰ ਚੜ੍ਹ ਕੇ ਬੋਲੇ,
ਜੀਭ ਨੂੰ ਕਹਿਣਾ ਪੈਂਦਾ, ਦੂਜੀ ਵਾਰ ਨਹੀਂ ਹੈ।

ਵਗਦੇ ਪਾਣੀ ਅੰਦਰ ਮੱਛੀਆਂ ਤੈਰਦੀਆਂ ਨੇ,
ਇਨ੍ਹਾਂ ਜਾਣਾ ਹੁੰਦਾ ਦੂਜੇ ਪਾਰ ਨਹੀਂ ਹੈ।

ਜ਼ਾਲਮ ਨਾਲ ਬਾਰਾਤੀ ਬਣਿਆ ਬੈਠਾ ਏ ਜੋ,
ਕਿਸੇ ਮੁਆਫ਼ੀ ਦਾ ਵੀ ਉਹ ਹੱਕਦਾਰ ਨਹੀਂ ਹੈ।

ਉਸ ਧਰਤੀ ਦੀ ਅਜ਼ਮਤ ਕੌਣ ਸੰਭਾਲੇਗਾ ਫਿਰ,
ਜਿੱਥੇ ਸੁੱਚੇ ਰਿਸ਼ਤੇ ਖ਼ਾਤਰ ਪਿਆਰ ਨਹੀਂ ਹੈ।

1

o

## ਬੰਦ ਨੇ ਬੂਹੇ ਅਤੇ ਬਾਰੀਆਂ

ਬੰਦ ਨੇ ਬੂਹੇ ਅਤੇ ਬਾਰੀਆਂ ਸਾਡੇ ਪਿੰਡ ਨੂੰ ਕੀਹ ਹੋਇਆ ਹੈ।
ਸ਼ਹਿਰਾਂ ਵਾਂਗੂ ਤੜਪ ਨਹੀਂ ਹੈ, ਹਰ ਘਰ ਜੀਕੂੰ ਅੱਧ ਮੋਇਆ ਹੈ।

ਬੰਦ ਕਮਰਿਆਂ ਅੰਦਰ ਜਾਲ਼ੇ, ਹੋਠਾਂ ਉੱਪਰ ਲੱਗੇ ਤਾਲ਼ੇ,
ਤੇਲ ਦੀ ਥਾਂ ਤੇ ਖ਼ੂਨ ਬਰੂਹੀਂ, ਕਿਸ ਨੇ ਏਥੇ ਕਿਉਂ ਚੋਇਆ ਹੈ ?

ਪਿੱਪਲ ਥੱਲੇ ਤੀਆਂ ਤੇ ਨਾ ਗਿੱਧੇ ਦੇ ਪਿੜ ਅੰਦਰ ਧੀਆਂ,
ਬਾਪੂ ਵਰਗਾ ਬਿਰਖ਼-ਬਰੋਟਾ, ਆਰੀ ਹੱਥੋਂ ਕਿਉਂ ਮੋਇਆ ਹੈ ?

ਤੇਰੇ ਪੱਲੇ ਚਾਨਣ ਚਾਨਣ, ਮੇਰੇ ਪੱਲੇ 'ਨੇਰ੍ਹਾ ਈ 'ਨ੍ਹੇਰਾ,
ਪਿੰਡ ਕਿਉਂ ਨਾ ਕਰੇ ਸ਼ਿਕਾਇਤ, ਭੇਦਭਾਵ ਇਹ ਕਿਉਂ ਹੋਇਆ ਹੈ ?

ਕਈ ਵਾਰੀ ਮੈਂ ਦਸਤਕ ਦਿੱਤੀ, ਕਿਸੇ ਹੁੰਗਾਰਾ ਹੀ ਨਹੀਂ ਭਰਿਆ,
ਸਮਝ ਨਾ ਆਵੇ ਆਪਣਿਆਂ ਨੇ, ਘਰ ਦਾ ਬੂਹਾ ਕਿਉਂ ਢੋਇਆ ਹੈ ?

ਹਰ ਇਕ ਚਮਕਣਹਾਰ ਨਾ ਹੀਰਾ, ਸਦਾ ਭੁਲੇਖੇ ਖਾਹ ਨਾ ਵੀਰਾ,
ਗੋਦੜੀਆਂ ਦੇ ਲਾਲਾਂ ਦਾ ਮੂੰਹ, ਦੱਸ ਭਲਾ ਕਿਸ ਨੇ ਧੋਇਆ ਹੈ ?

ਸੂਰਜ ਆਖੇ ਜਾਗੋ ਜਾਗੋ, ਅੱਖਾਂ ਖੋਲ੍ਹੋ ਸੌਣ ਵਾਲਿਓ,
ਭੁੱਲ ਨਾ ਜਾਇਓ ਨਾਲ ਤੁਹਾਡੇ, ਨ੍ਹੇਰੇ ਅੰਦਰ ਕੀਹ ਹੋਇਆ ਹੈ ?

1

o

## ਧਰਤੀ ਮਾਂ ਦੀ ਗੋਦ ਭਰੀ ਹੈ

ਧਰਤੀ ਮਾਂ ਦੀ ਗੋਦ ਭਰੀ ਹੈ, ਅੱਜ ਦਿਨ ਭਾਗਾਂ ਵਾਲ਼ਾ।
ਉਹ ਵੀ ਫੁੱਲ ਗੁਲਾਬੀ ਹੋਇਆ ਜਿਸਦਾ ਰੰਗ ਸੀ ਕਾਲ਼ਾ।

ਸੱਚ ਨੂੰ ਹਿੱਕ ਦੇ ਨਾਲ ਲਗਾ ਕੇ, ਤੁਰਨਾ ਬਿਲਕੁਲ ਏਦਾਂ,
ਦੌੜ ਦੌੜੀਏ ਜੀਕੂੰ ਗਲ਼ ਪਾ, ਉਸਤਰਿਆਂ ਦੀ ਮਾਲ਼ਾ।

ਜੇ ਤੂੰ ਸਾਡੇ ਨਾਲ ਤੁਰ ਪਿਐਂ, ਵੇਖੀਂ ਮੂੰਹ ਨਾ ਖੋਲ੍ਹੀ,
ਵੱਡਿਆਂ ਦੇ ਦਰਬਾਰ 'ਚ ਰੱਖੀ ਹੋਠਾਂ ਉੱਤੇ ਤਾਲ਼ਾ।

ਸਿਖ਼ਰ-ਦੁਪਹਿਰੇ ਕਾਂਬਾ ਛਿੜਿਐ, ਦੰਦੋੜਿੱਕੇ ਵੱਜਣ,
ਸਮਝ ਪਵੇ ਨਾ ਕਿਵੇਂ ਲੁਕਾਵਾਂ, ਅਪਣੇ ਮਨ ਦਾ ਪਾਲ਼ਾ।

ਸਰਬ-ਸਮੇਂ ਦੀ ਚੱਕੀ ਅੰਦਰ ਦਾਣੇ ਦਲੀਆ ਹੋਏ,
ਨਾਲ ਧੁਰੇ ਦੇ ਜੁੜਿਆ, ਬਚਿਆ, ਪੰਜ ਸੱਤ ਦਾਣੇ ਗਾਲ਼ਾ।

ਜ਼ਿੰਦਗੀ ਦੀ ਰਫ਼ਤਾਰ ਨਿਰੰਤਰ ਮੰਜ਼ਿਲ ਤੀਕ ਪੁਚਾਵੇ,
ਕਦਮਾਂ ਪੈਰੀਂ ਬੰਨ੍ਹ ਬਿਜਲੀਆਂ ਲਾ ਨਾ ਐਵੇਂ ਟਾਲ਼ਾ।

ਨੂਰੋ-ਨੂਰ ਦੀਵਾਰ ਅਚਾਨਕ ਐਵੇਂ ਤਾਂ ਨਹੀਂ ਹੋਈ,
ਸੇਕ ਸਹਿੰਦਿਆਂ ਉਮਰ ਗੁਜ਼ਾਰੀ ਦੱਸਦੈ ਮੈਨੂੰ ਆਲ਼ਾ।

1

o

## ਉਹ ਨਹੀਂ ਨੇੜੇ

ਉਹ ਨਹੀਂ ਨੇੜੇ ਜੇ ਮੈਥੋਂ ਦੂਰ ਵੀ ਨਾ।
ਜੇ ਨਹੀਂ ਲਿਸ਼ਕੰਦੜੀ, ਬੇਨੂਰ ਵੀ ਨਾ।

ਜੇ ਨਹੀਂ ਮੰਜ਼ਿਲ ਮਿਲੀ ਤਾਂ ਸੋਚ ਖ਼ੁਦ ਤੂੰ,
ਥੱਕ ਕੇ ਹੋਇਆ ਕਦੇ ਤੂੰ ਚੂਰ ਵੀ ਨਾ।

ਦੁੱਧ-ਪੀਣੇ ਮਜਨੂੰਆਂ ਤੂੰ ਹਾਰ ਜਾਣੈਂ,
ਰੱਤ ਦਾ ਕਾਸਾ ਤੇਰਾ ਭਰਪੂਰ ਵੀ ਨਾ।

ਸਫ਼ਰ ਨੂੰ ਪੈਰੀਂ ਸਜਾ ਲੈ ਸਿਖ਼ਰ ਖ਼ਾਤਰ,
ਰਾਹ 'ਚ ਬਹਿ ਕੇ ਇਸ ਤਰ੍ਹਾਂ ਤੂੰ ਝੂਰ ਵੀ ਨਾ।

ਕਿਸ਼ਤੀਆਂ ਵਾਲੇ ਘਰਾਂ ਨੂੰ ਪਰਤ ਗਏ ਨੇ,
ਪਾਰ ਲੰਘਣ ਵਾਲਾ ਆਇਆ ਪੂਰ ਵੀ ਨਾ।

ਅੱਗ ਜਿਸ ਲਾਈ ਸੀ ਏਥੋਂ ਤੁਰ ਗਿਆ ਉਹ,
ਬੇ-ਵਜ੍ਹਾ ਵਗਦੀ ਹਵਾ ਤੂੰ ਘੂਰ ਵੀ ਨਾ।

ਤੇਰੇ ਘਰ ਕਿੰਜ ਰੌਸ਼ਨੀ ਦਾ ਵਾਸ ਹੋਵੇ,
ਦੀਵਿਆਂ ਬਿਨ ਹੁੰਦਾ ਕਿਧਰੇ ਨੂਰ ਵੀ ਨਾ।

1

o

## ਛੱਡ ਪਗਡੰਡੀ ਸੜਕੀਂ ਚੜ੍ਹ ਪਏ

ਛੱਡ ਪਗਡੰਡੀ ਸੜਕੀਂ ਚੜ੍ਹ ਪਏ ਪਿੰਡ ਚੱਲੇ ਹੁਣ ਸ਼ਹਿਰਾਂ ਨੂੰ।
ਸਾਫ਼ ਹਵਾ ਦੇ ਬੁੱਲੇ ਛੱਡ ਕੇ, ਡੀਕਣਗੇ ਹੁਣ ਜ਼ਹਿਰਾਂ ਨੂੰ।

ਗ਼ਮ ਦਾ ਦਰਿਆ ਰੋੜ੍ਹੀ ਜਾਵੇ, ਕੱਚਾ ਪੱਕਾ ਇੱਕੋ ਭਾਅ
ਸੋਹਣੀ ਡਰਦੀ, ਹੁਣ ਨਹੀਂ ਤਰਦੀ, ਇਸ਼ਕ-ਝਨਾਂ ਦੀਆਂ ਲਹਿਰਾਂ ਨੂੰ।

ਮੈਂ ਦਰਿਆ ਹਾਂ, ਮੇਰੀ ਮਰਜ਼ੀ, ਜਿੱਧਰ ਚਾਹਾਂ ਜਾ ਸਕਦਾਂ,
ਹੁਕਮ ਸੁਣਾਈ ਜਾਹ ਤੂੰ ਅਪਣਾ, ਸਭ ਸਰਕਾਰੀ ਨਹਿਰਾਂ ਨੂੰ !

ਤੇਰੇ ਸਿਰ ਤੇ ਅਸੀਂ ਖੜ੍ਹੇ ਹਾਂ, ਫਿਰ ਘਬਰਾਵੇਂ ਪੁੱਤਰਾ ਕਿਉਂ,
ਬੋਹੜਾਂ ਤੇ ਪਿੱਪਲਾਂ ਦੇ ਮੂੰਹੋਂ, ਸੁਣਦਾ ਸਿਖ਼ਰ ਦੁਪਹਿਰਾਂ ਨੂੰ।

ਨਿੱਤਰੇ ਪਾਣੀ ਵਿੱਚੋਂ ਅਪਣਾ, ਚਿਹਰਾ ਵੇਖੇ ਡਰ ਜਾਵੇਂ,
ਮਨ ਵਿਚ ਚੁੱਕੀ ਫਿਰਦਾ ਹੈਂ ਕਿਉਂ, ਵੰਨ ਸੁਵੰਨੀਆਂ ਗਹਿਰਾਂ ਨੂੰ।

ਖਿੱਲਰੇ ਮਨ ਨੂੰ ਕੌਣ ਸੰਭਾਲੇ, ਕਵਿਤਾ ਪੁੱਛਦੀ ਗੀਤਾਂ ਨੂੰ,
ਮੇਰੀ ਪੀੜ ਸਮਝ ਨਾ ਆਵੇ, ਹੁਣ ਗ਼ਜ਼ਲਾਂ ਦੀਆਂ ਬਹਿਰਾਂ ਨੂੰ।

ਬੋਤਲਬੰਦ ਪਾਣੀ ਦੀ ਕੀਮਤ ਵਧ ਚੱਲੀ ਦੁੱਧ ਗੜਵੀ ਤੋਂ,
ਨਜ਼ਰ ਕਿਉਂ ਨਾ ਪਰਖ਼ੇ ਤੇਰੀ ਮੰਡੀ ਵਾਲੇ ਕਹਿਰਾਂ ਨੂੰ।

1

o

## ਚੁੱਪ ਕਰ ਤੂੰ

ਚੁੱਪ ਕਰ ਤੂੰ, ਪੂੰਝ ਅੱਖਾਂ ਕੁਝ ਤਾਂ ਬੋਲ!
ਲਾਟ ਹੈਂ, 'ਨੇਰ੍ਹੀ ਤੋਂ ਡਰ ਕੇ, ਤੂੰ ਨਾ ਡੋਲ!

ਤੂੰ ਕਦੇ ਉਪਰਾਮਤਾ ਨੇੜੇ ਨਾ ਜਾਵੀਂ,
ਮੈਂ ਜਦੋਂ ਬੈਠਾਂ ਤੇਰੀ ਧੜਕਣ ਦੇ ਕੋਲ।

ਇਹ ਨਹੀਂ ਹੈ ਵਣਜ ਵਾਧੇ ਘਾਟਿਆਂ ਦਾ,
ਪਿਆਰ ਤਾਂ ਮਿਲਦਾ ਸਦਾ ਸਾਹਾਂ ਦੇ ਤੋਲ!

ਤੂੰ ਜ਼ਰਾ ਮਹਿਸੂਸ ਕਰ ਮੇਰੀ ਮੁਹੱਬਤ,
ਬੰਦ ਕਰ ਅੱਖਾਂ ਤੇ ਮੂੰਹੋਂ ਕੁਝ ਨਾ ਬੋਲ!

ਤੂੰ ਮੇਰੇ ਤੋਂ ਦੂਰ ਨਾ ਹੋਵੀਂ ਕਦੇ ਵੀ,
ਨਾ ਕਦੇ ਖ਼ਾਲੀ ਕਰੀਂ ਤੂੰ ਮੇਰੀ ਝੋਲ!

ਆਦਮੀ 'ਕੱਲ੍ਹਾ ਇਕਹਿਰਾ ਕੁਝ ਨਹੀਂ ਹੈ,
ਜੇ ਨਹੀਂ ਸੁੱਚੀ ਮੁਹੱਬਤ ਉਸ ਦੇ ਕੋਲ!

ਜੇ ਕਦੇ ਮੈਨੂੰ ਮਿਲਣ ਨੂੰ ਜੀਅ ਕਰੇ ਤਾਂ,
ਲੱਭ ਲਈਂ ਮੈਨੂੰ ਤੂੰ ਅਪਣੀ ਰੂਹ ਦੇ ਕੋਲ!

1

o

## ਸਵਾਤ ਘਾਟੀ ਦੀ ਗਾਇਕਾ ਸ਼ਬਾਨਾ ਦੇ ਨਾਂ ਜਿਸ ਨੂੰ ਗਾਉਣ ਤੇ ਨੱਚਣ ਬਦਲੇ ਕਤਲ ਕੀਤਾ ਗਿਆ।

ਮੌਤ ਹੱਥੋਂ ਹੋ ਰਿਹਾ ਏ ਜ਼ਿੰਦਗੀ ਦਾ ਇਮਤਿਹਾਨ।
ਹੋਰ ਕਿਸ ਨੂੰ ਆਖਦੇ ਨੇ ਨਰਕ, ਦੱਸੋ ਮਿਹਰਬਾਨ।

ਬੋਲਦਾ ਕੋਈ ਨਹੀਂ, ਨਾ ਚੀਖ਼ ਸੁਣਦੀ ਹੈ ਕਿਤੇ,
ਜੀਭ ਨੂੰ ਤੰਦੂਆ ਕਿਉਂ ਹੈ, ਕੁੱਲ ਆਲਮ ਬੇਜ਼ਬਾਨ।

ਧਰਮ ਤੇ ਇਖ਼ਲਾਕ ਦੋਵੇਂ ਅਰਥਹੀਣੇ ਹੋ ਗਏ,
ਅਰਥ ਮਨਮਰਜ਼ੀ ਦੇ ਕਰਕੇ, ਦੱਸਦੈ ਸਾਨੂੰ ਸ਼ੈਤਾਨ।

ਤਿਤਲੀਆਂ ਨੂੰ ਖੰਭ ਫੜਕਣ ਦੀ ਮਨਾਹੀ ਕਰ ਦਿਉ,
ਇਹ ਭਲਾ ਕਿਹੜੀ ਸ਼ਰੀਅਤ, ਇਹ ਭਲਾ ਕਿਹੜਾ ਵਿਧਾਨ।

ਨੂੜ ਕੇ ਬਾਹਾਂ ਤੇ ਲੱਤਾਂ, ਕੋੜਿਆਂ ਦੀ ਮਾਰ ਹੇਠ,
ਮੂਧੜੇ ਮੂੰਹ ਧਰਤ ਉੱਤੇ, ਸਹਿਕਦੀ ਮਾਸੂਮ ਜਾਨ।

ਕਿਹੜਿਆਂ ਮਦਰੱਸਿਆਂ ਤੋਂ ਨਾਗ ਪੜ੍ਹਕੇ ਆਏ ਨੇ,
ਡੰਗਦੇ ਧੀਆਂ ਤੇ ਭੈਣਾਂ, ਇਹ ਅਨੋਖੇ ਤਾਲਿਬਾਨ।

ਕੁੱਲ ਆਲਮ ਘੂਕ ਸੁੱਤਾ, ਜ਼ੁਲਮ ਹੁੰਦਾ ਵੇਖ ਕੇ,
ਜ਼ੁਲਮ ਕਰਨਾ, ਸਹਿਣਾ ਕਰਨਾ, ਕੁਫ਼ਰ ਹੈ ਦੱਸੇ ਕੁਰਾਨ।

1

o

## ਜੋ ਮਨੁੱਖੀ ਜਾਨ ਲੈਂਦਾ

ਜੋ ਮਨੁੱਖੀ ਜਾਨ ਲੈਂਦਾ, ਓਸ ਨੂੰ ਸਮਝੋ ਹੈਵਾਨ।
ਦੇਸ਼ ਭਗਤੋ, ਖ਼ੁਦ ਪ੍ਰਸਤੋ, ਕਰ ਦਿਓ ਫ਼ੌਰੀ ਐਲਾਨ।

ਤਰਕ ਬੁੱਧੀ ਨੂੰ ਸੰਭਾਲੋ, ਫਿਰ ਨਿਸ਼ਾਨਾ ਸੇਧਿਓ,
ਤੀਰ ਤੰਦੀ ਚਾੜ੍ਹ ਰੱਖੋ, ਅਕਲ ਦੀ ਕੱਸ ਕੇ ਕਮਾਨ।

ਕਤਲਗਾਹ ਵਿਚ ਕਾਤਲਾਂ ਨੂੰ ਇਹ ਸੁਨੇਹਾ ਦੇ ਦਿਓ,
ਮਰਨ ਮਾਰਨ ਤੋਂ ਅਗਾਂਹ ਹੈ, ਜ਼ਿੰਦਗੀ ਕਬਰਾਂ ਸਮਾਨ।

ਇਹ ਭੁਲੇਖਾ ਦੂਰ ਕਰਨਾ ਵੀ ਤਾਂ ਸਾਡਾ ਧਰਮ ਹੈ,
ਜ਼ਿੰਦਗੀ ਨੂੰ ਮਸਲ ਸਕਦਾ ਨਾ ਕਦੇ ਕੋਈ ਸ਼ੈਤਾਨ।

ਤੂੰ ਖ਼ੁਦਾਈ ਰਹਿਮਤਾਂ ਨੂੰ, ਜ਼ਹਿਮਤਾਂ 'ਚੋਂ ਢੂੰਡ ਨਾਂਹ,
ਸਾਬਰਾਂ ਤੇ ਜਬਰ ਕਰਨਾ, ਹੈ ਭਲਾ ਕਿਹੜਾ ਈਮਾਨ।

ਏਸ ਧਰਤੀ ਨੂੰ ਸਿਖਾਓ, ਮਹਿਕਦੇ ਜੀਵਨ ਦਾ ਗੀਤ,
ਜ਼ਰਦ ਹੋਠਾਂ ਤੇ ਟਿਕਾਉ ਫੇਰ ਤੋਂ ਵੰਝਲੀ ਦੀ ਤਾਨ।

ਜੋ ਨਹੀਂ ਬੋਲੇ ਅਜੇ ਤਾਂ ਹੋਰ ਬੋਲੋਗੇ ਕਦੋਂ,
ਮਿਟ ਰਿਹਾ ਏ ਧਰਤ ਉੱਤੋਂ ਅਦਲ ਦਾ ਨਾਮੋ-ਨਿਸ਼ਾਨ।

ਅਗਨ ਬਾਣਾਂ ਧਰਤੀ ਵਿੰਨੀ, ਚੁੱਪ ਹੈ ਅਸਮਾਨ ਵੇਖ,
ਛਾਨਣੀ ਹੋਏ ਨੇ ਪੱਤੇ ਭਰ ਗਏ ਪੰਛੀ ਉਡਾਨ।

1

੦

## ਨੋਚਦੈ ਮਾਸੂਮ ਜਿੰਦਾਂ

ਨੋਚਦੈ ਮਾਸੂਮ ਜਿੰਦਾਂ, ਵਕਤ ਹੋਇਆ ਕਹਿਰਵਾਨ।
ਬੋਲਦਾ ਹੈ ਇਹ ਹਮੇਸ਼ਾਂ, ਜ਼ੁਲਮ ਦੀ ਇੱਕੋ ਜ਼ਬਾਨ।

ਫੇਰਦਾ ਹੈਂ ਕਿਉਂ ਸੁਹਾਗਾ, ਅਕਲ ਦੇ ਹਰ ਲਫ਼ਜ਼ ਤੇ,
ਤੋੜ ਕੇ ਦੀਵੇ ਨੂੰ ਸਮਝੇਂ, ਕਿਉਂ ਭਲਾ ਏਸੇ ਨੂੰ ਸ਼ਾਨ ?

ਤੂੰ ਭਲਾ ਕਿਹੜੇ ਭੁਲੇਖੇ, ਕੰਧਾਂ ਕੋਠੇ ਢਾਹ ਰਿਹੈ,
ਧਮਕ ਨਾ ਮਹਿਲਾਂ 'ਚ ਪੁੱਜੇ, ਘੂਕ ਸੁੱਤਾ ਹੁਕਮਰਾਨ।

ਫ਼ਸਲ ਵੇਚੇਂ ਤੇ ਖ਼ਰੀਦੇਂ, ਤੋਪ ਗੋਲੇ ਤੇ ਬੰਦੂਕ,
ਤੇਰੇ ਸਿਰ ਤੇ ਚੱਲਦੀ ਹੈ, ਕੁਫ਼ਰ ਦੀ ਸ਼ਾਹੀ ਦੁਕਾਨ।

ਮੌਤ ਨੇ ਤਾਂਡਵ ਬਥੇਰਾ ਏਸ ਥਾਂ ਹੁਣ ਕਰ ਲਿਐ,
ਰੋਕ ਹੁਣ ਇਸ ਨੂੰ ਭਰਾਵਾ, ਜੇ ਹੈਂ ਸੱਚਾ ਮੁਸਲਮਾਨ।

ਏਸ ਥਾਂ ਤੇ ਬੀਜਦੇ ਸੀ ਜੋ ਕਦੇ ਸੁੱਚੇ ਗੁਲਾਬ,
ਲੋੜ ਹੈ ਲੱਭਣ ਦੀ, ਸਾਰੇ ਉਸ ਨਸਲ ਦੇ ਬਾਗਬਾਨ।

ਹੱਥ ਵਿਚ ਹਥਿਆਰ ਲੈ ਕੇ ਫਿਰ ਰਿਹੈਂ, ਤੂੰ ਸੁਣ ਜ਼ਰਾ,
ਅੱਤ ਮਗਰੋਂ ਅੰਤ ਹੁੰਦੈ, ਖ਼ਾਕ ਵਿਚ ਮਿਲਦੈ ਗੁਮਾਨ।

1

੦

## ਵੀਰਵਾਰ ਨੂੰ ਜਗਦੇ ਦੀਵੇ

ਵੀਰਵਾਰ ਨੂੰ ਜਗਦੇ ਦੀਵੇ, ਸਾਡੇ ਪਿੰਡ ਦਰਗਾਹਾਂ ਅੰਦਰ।
ਪਰ ਬਾਕੀ ਦਿਨ ਘੁੱਪ-ਹਨ੍ਹੇਰਾ, ਰਹਿੰਦਾ ਸਾਰੇ ਰਾਹਾਂ ਅੰਦਰ।

ਹਾੜ੍ਹ, ਸਿਆਲ, ਪੱਤਝੜਾਂ ਮਗਰੋਂ, ਰੁੱਤ ਬਸੰਤੀ ਕੀਹਦੀ ਖ਼ਾਤਰ,
ਸਾਡੇ ਲਈ ਹਰ ਵਰਕਾ ਜ਼ਖ਼ਮੀ, ਸਾਰੇ ਬਾਰਾਂ-ਮਾਹਾਂ ਅੰਦਰ।

ਟੱਲੀਆਂ ਦੀ ਟੁਣਕਾਰ ਗੁਆਚੀ, ਵਿਚ ਸਿਆੜਾਂ ਸੁਪਨੇ ਮੋਏ,
ਚਿੰਤਾ ਚਿਖ਼ਾ ਬਰਾਬਰ ਧੁਖ਼ਦੀ, ਆਉਂਦੇ ਜਾਂਦੇ ਸਾਹਾਂ ਅੰਦਰ।

ਮੱਛੀਆਂ ਖ਼ਾਤਰ ਜਾਲ਼ ਵਿਛਾਉਂਦੇ, ਵਿਰਲੇ ਟਾਂਵੇਂ ਪਾਰ ਲੰਘਾਉਂਦੇ,
ਬਣੇ ਸਿਆਸਤਦਾਨਾਂ ਵਰਗੇ, ਬਹੁਤੇ ਲੋਕ ਮਲਾਹਾਂ ਅੰਦਰ।

ਬਿਰਖ਼-ਬਰੂਟੇ ਮੁੱਕਦੇ ਜਾਂਦੇ, ਵੱਡੀ ਬੁੱਕਲ ਵਾਲੇ ਬਾਬੇ,
ਜੋ ਭਰਦੇ ਸੀ ਜਗਤ-ਕਲਾਵਾ, ਇਨ੍ਹਾਂ ਦੋਹਾਂ ਬਾਹਾਂ ਅੰਦਰ।

ਇਸ ਮੌਸਮ ਵਿਚ ਰੂਹ ਦੇ ਰਿਸ਼ਤੇ, ਕਿਉਂ ਲੱਭਦੈਂ ਤੂੰ ਭੋਲ਼ੇ ਪੰਛੀ,
ਪਿਆਰ-ਮੁਹੱਬਤ ਗਰਜ਼ੀਂ ਬੱਧੇ, ਭਰ ਗਈ ਖੋਟ ਨਿਗਾਹਾਂ ਅੰਦਰ।

ਅਪਣੇ ਘਰ ਤੇ ਚੌਗਿਰਦੇ ਨੂੰ ਜੇਕਰ ਰੌਸ਼ਨ ਕਰਨਾ ਚਾਹੇਂ,
ਮਮਟੀ ਬਾਲ ਚਿਰਾਗ, ਗੁਆ ਨਾ, ਬਹੁਤਾ ਵਕਤ ਸਲਾਹਾਂ ਅੰਦਰ।

1

○

## ਧਰਤ ਤੇ ਆਇਆ ਜਦੋਂ ਵੀ

ਧਰਤ ਤੇ ਆਇਆ ਜਦੋਂ ਵੀ, ਹੈ ਕਿਤੇ ਵੀ ਜ਼ਲਜ਼ਲਾ।
ਮੇਰਾ ਘਰ, ਬੂਹਾ, ਬਨੇਰਾ, ਸਹਿਮਿਆ, ਫਿਰ ਕੰਬਿਆ।

ਟਾਹਣੀਆਂ ਦੇ ਦਿਲ 'ਚ ਹਾਲੇ, ਕੰਬਣੀ ਓਸੇ ਤਰ੍ਹਾਂ,
ਮੁੱਦਤਾਂ ਪਹਿਲਾਂ ਸੀ ਏਥੋਂ, ਵਾ-ਵਰੋਲਾ ਗੁਜ਼ਰਿਆ।

ਉਹ ਜੋ ਬੈਠੀ ਹੈ ਸਵੈਟਰ ਬੁਣਨ ਤੜਕੇ ਜਾਗ ਕੇ,
ਉੱਨ ਦਾ ਗੋਲਾ ਵਿਚਾਰੀ ਦਾ ਅਜੇ ਤੱਕ ਉਲਝਿਆ।

ਨੀਰ ਨਦੀਆਂ ਦਾ ਵਹੇ ਨਿਰਮਲ ਨਿਰੰਤਰ ਰਾਤ ਦਿਨ,
ਤੇਰੇ ਘਰ ਖ਼ਾਰਾ ਬਣੇ ਕਿਉਂ, ਮੈਂ ਸਮੁੰਦਰ ਨੂੰ ਕਿਹਾ।

ਬਾਲਕਾ ਜੰਗਲ 'ਚ ਤੇ ਚਾਰੇ ਹੀ ਪਾਸੇ ਰਾਤ ਸੀ,
ਸਹਿਮ ਜਾਵਾਂ ਸੋਚ ਕੇ, ਉਹ ਡਰ ਕੇ ਕਿਉਂ ਨਾ ਚੀਕਿਆ ?

ਜਾਲ਼ ਹੈ ਵਿਛਿਆ ਚੁਫ਼ੇਰੇ, ਚੋਗ ਦਾ ਲਾਲਚ ਨਾ ਕਰ,
ਤੈਨੂੰ ਘੇਰਨ ਵਾਸਤੇ ਬੈਠੇ ਸ਼ਿਕਾਰੀ ਭੋਲ਼ਿਆ।

ਪੰਜ ਸਾਲਾਂ ਬਾਅਦ, ਭੇਡਾਂ ਸਮਝ ਕੇ ਪੁਚਕਾਰਦੈ,
ਮੁੰਨ ਕੇ ਫਿਰ ਪਰਤ ਜਾਵੇ, ਕੈਂਚੀਆਂ ਦਾ ਕਾਫ਼ਲਾ।

1

○

## ਮਾਲੀ ਨੂੰ ਵਿਸ਼ਵਾਸ ਨਹੀਂ ਹੁਣ

ਮਾਲੀ ਨੂੰ ਵਿਸ਼ਵਾਸ ਨਹੀਂ ਹੁਣ, ਬਾਗ਼ ਬਹਾਰਾਂ ਉੱਤੇ।
ਪਹਿਰੇਦਾਰ ਬਿਠਾ ਦਿੱਤੇ ਉਸ ਫੁੱਲਾਂ ਖ਼ਾਰਾਂ ਉੱਤੇ।

ਬਾਗ ਬਗੀਚਾ, ਜੰਗਲ ਬੂਟਾ, ਆਰੀ ਚੀਰੀ ਜਾਵੇ,
ਘੁੱਗੀਆਂ ਮੋਰ ਸੰਭਾਲੀਂ ਵਾਹ ਕੇ ਦਰ-ਦੀਵਾਰਾਂ ਉੱਤੇ।

ਆਲ੍ਹਣਿਆਂ ਨੂੰ ਛੱਡ ਕੇ ਕੂੰਜਾਂ ਗਈਆਂ ਦੇਸ ਦਸੌਰੀਂ,
ਨਜ਼ਰ ਸਵੱਲੀ ਲੱਗਦੀ ਨਹੀਓਂ ਹੁਣ ਗੁਲਜ਼ਾਰਾਂ ਉੱਤੇ।

ਬੇੜੀ ਭੰਵਰ ਹਵਾਲੇ ਕਰਕੇ ਆਪ ਸਲਾਮਤ ਪਰਤੇ,
ਮਾਣ ਕਰੇਂ ਤੂੰ ਕਾਹਦਾ ਜਿੰਦੇ, ਆਪਣੇ ਯਾਰਾਂ ਉੱਤੇ।

ਅੱਧੀ ਰਾਤ ਗੁਜ਼ਾਰ ਲਈ ਏ, ਬਾਕੀ ਵੀ ਲੰਘ ਜਾਊ,
ਤੁਰਦੀ ਤੁਰਦੀ ਨਿੱਕੀ ਸੂਈ, ਪਹੁੰਚੀ ਬਾਰਾਂ ਉੱਤੇ।

ਇੱਕ ਇਕੱਲੇ ਕੋਲੋਂ ਖ਼ਤਰਾ, ਕਦ ਗਿਣਦੀ ਏ ਕੁਰਸੀ,
ਕਹਿਰ ਵਰ੍ਹਾਵੇ ਸਦਾ ਹਕੂਮਤ ਲੰਮੀਆਂ ਡਾਰਾਂ ਉੱਤੇ।

ਜਿੱਤਾਂ ਵਾਲੇ ਹਾਰ ਪੁਆ ਕੇ ਘਰੋ ਘਰੀ ਜਾ ਸੁੱਤੇ,
ਮੈਂ ਰਖਵਾਲੀ ਬੈਠ ਗਿਆ ਹਾਂ ਹੋਈਆਂ ਹਾਰਾਂ ਉੱਤੇ।

1

o

## ਮੋਹ-ਮੁਹੱਬਤ ਪਾਰਦਰਸ਼ੀ ਹੈ

ਮੋਹ-ਮੁਹੱਬਤ ਪਾਰਦਰਸ਼ੀ ਹੈ ਤਾਂ ਫਿਰ ਟੁੱਟੇ ਨਹੀਂ।
ਪਿੰਜਰੇ 'ਚੋਂ ਪਿਆਰ-ਕੈਦੀ ਵੇਖ ਲੈ ਛੁੱਟੇ ਨਹੀਂ।

ਤੂੰ ਜੋ ਮਾਰੇ ਤੀਰ ਸਾਰੇ ਅੱਜ ਤੱਕ ਮਹਿਫ਼ੂਜ਼ ਨੇ,
ਜੀਭ ਦੰਦਾਂ ਹੇਠ ਹੈ ਪਰ, ਹਿੱਕ 'ਚੋਂ ਪੁੱਟੇ ਨਹੀਂ।

ਰੁੱਖ ਜੋ ਹਰਿਆਵਲੇ ਨੂੰ ਚੱਟਦੀ ਹੈ ਅਮਰ ਵੇਲ,
ਉਸ ਦੀ ਬੁੱਕਲ ਬਹਿਣ ਵਾਲੇ, ਫੇਰ ਤੋਂ ਫੁੱਟੇ ਨਹੀਂ।

ਜਿਹੜੇ ਪਲ ਮਾਣੇ ਕਦੇ ਸੀ ਤੂੰ ਤੇ ਮੈਂ ਰਲ ਬੈਠ ਕੇ,
ਸਾਂਭ ਲਏ ਦਿਲ-ਪੋਟਲੀ ਵਿਚ, ਵੇਖ ਲੈ, ਸੁੱਟੇ ਨਹੀਂ।

ਭਰਮ ਸੀ ਤੈਨੂੰ ਕਿ ਖੰਭਾਂ ਤੋਂ ਬਿਨਾ ਕੀਹ ਕਰਨਗੇ,
ਇਹ ਪਰਿੰਦੇ ਉੱਡਦੇ, ਹਾਰੇ ਨਹੀਂ, ਹੁੱਟੇ ਨਹੀਂ।

ਧਰਤ ਤੇ ਕਿਹੜਾ ਗਿਰਾਂ ਹੈ, ਲੱਭਦਾ ਮੈਂ ਖਪ ਗਿਆਂ,
ਲੋਕ ਜਿੱਥੇ ਹਾਕਮਾਂ, ਲੁੱਟੇ ਨਹੀਂ, ਕੁੱਟੇ ਨਹੀਂ।

ਬਦਲਦੀ ਪੌਸ਼ਾਕ ਕੁਰਸੀ, ਦੰਦ ਓਹੀ ਨੇ ਜਨਾਬ,
ਬਾਬਰਾਂ ਵੇਲੇ ਤੋਂ ਜਿਹੜੇ, ਅੱਜ ਤੱਕ ਟੁੱਟੇ ਨਹੀਂ।

1

o

## ਕੱਚ ਦੇ ਟੋਟੇ ਕਦੇ ਨਾ ਗੱਡੀਂ

ਕੱਚ ਦੇ ਟੋਟੇ ਕਦੇ ਨਾ ਗੱਡੀਂ, ਤੂੰ ਦੀਵਾਰਾਂ ਉੱਤੇ ਹੁਣ।
ਪੰਛੀਆਂ ਵੱਲੋਂ ਹਰਫ਼ ਨਾ ਆਵੇ, ਮੇਰੇ ਯਾਰਾਂ ਉੱਤੇ ਹੁਣ।

ਸਿਰ ਤੋਂ ਪੈਰਾਂ ਤੀਕ ਫ਼ੈਲਿਆ, ਆਪਣੇ ਮਨ ਦਾ 'ਨੇਰ੍ਹਾ ਹੀ,
ਪਤਾ ਨਹੀਂ ਕਿਉਂ ਦੀਵੇ ਧਰਦੇ ਲੋਕ ਮਜ਼ਾਰਾਂ ਉੱਤੇ ਹੁਣ।

ਧਰਤੀ ਮਾਂ ਦੀ ਧੂੜ ਪਰਸੀਏ, ਨੰਗੇ ਪੈਰੀਂ ਤੁਰੀਏ, ਆ,
ਭੁੱਲ ਨਾ ਜਾਵੇ ਜਾਚ ਤੁਰਨ ਦੀ, ਫਿਰਦਿਆਂ ਕਾਰਾਂ ਉੱਤੇ ਹੁਣ।

ਚੌਕ ਚੁਰਸਤੇ ਨਾਕਿਆਂ ਮੱਲੇ, ਕੁੱਲ ਜ਼ਬਾਨਾਂ ਠਾਕੀਆਂ ਨੇ,
ਉਂਗਲੀ ਕੌਣ ਉਠਾਏ ਤਖ਼ਤਾਂ ਤੇ ਦਰਬਾਰਾਂ ਉੱਤੇ ਹੁਣ।

ਉੱਤਰ ਦੱਖਣ ਪੂਰਬ, ਪੱਛਮ, ਕਿੱਧਰ ਨੂੰ ਦੱਸ ਜਾਵਾਂ ਮੈਂ,
ਚੌਵੀਂ ਘੰਟੇ ਪਹਿਰੇਦਾਰੀ, ਇਨ੍ਹਾਂ ਚਾਰਾਂ ਉੱਤੇ ਹੁਣ।

ਅੱਖ-ਪਲਕਾਰੇ ਦੇ ਵਿਚ ਭੁੱਲਣ ਉਮਰੋਂ ਲੰਮੇ ਵਾਅਦੇ ਸਭ,
ਵਿਰਲੇ ਬੰਦੇ ਪਹਿਰਾ ਦਿੰਦੇ, ਕੌਲ 'ਕਰਾਰਾਂ ਉੱਤੇ ਹੁਣ।

ਘਰ ਦੀ ਰਾਖੀ ਖ਼ਾਤਰ ਖ਼ੁਦ ਵੀ ਆਪਣੀ ਨੀਂਦ ਤਿਆਗੀਂ ਤੂੰ,
ਮਗਰੋਂ ਰੋਸ ਕਰੀਂ ਨਾ ਐਵੇਂ, ਚੌਂਕੀਦਾਰਾਂ ਉੱਤੇ ਹੁਣ।

ਗਰਮੀ ਸਰਦੀ ਸਾਰੇ ਮੌਸਮ ਸਿਰ ਉੱਤੋਂ ਦੀ ਲੰਘੇ ਨੇ,
ਸਿੱਖ ਗਿਆਂ ਹਾਂ ਮੈਂ ਵੀ ਤੁਰਨਾ, ਨੰਗੀਆਂ ਤਾਰਾਂ ਉੱਤੇ ਹੁਣ।

1

o

## ਅਪਣੇ ਹੀ ਘਰ ਗੁਆਚਿਆਂ

ਅਪਣੇ ਹੀ ਘਰ ਗੁਆਚਿਆਂ ਇਹ ਵੀ ਕਮਾਲ ਹੈ।
ਮੁੱਦਤ ਤੋਂ ਮੈਨੂੰ ਆਪਣੇ ਆਪੇ ਦੀ ਭਾਲ ਹੈ।

ਪੈਰਾਂ 'ਚ ਘੁੰਮਣਘੇਰ ਹੈ, ਮੱਥੇ 'ਚ ਖ਼ਲਬਲੀ,
ਅਜ਼ਲਾਂ ਤੋਂ ਭਟਕਣ ਤੁਰ ਰਹੀ, ਸਾਹਾਂ ਦੇ ਨਾਲ ਹੈ।

ਪਾਣੀ 'ਚ ਤਰਦੀ ਮਛਲੀਏ ਹੁਣ ਸਾਵਧਾਨ ਹੋ,
ਮਾਛੀ ਵਿਛਾਇਆ ਤੇਰੇ ਲਈ, ਹਰ ਥਾਂ ਤੇ ਜਾਲ ਹੈ।

ਤੂੰ ਦਾਣਿਆਂ ਨੂੰ ਚੋਗ ਨਾ ਸਮਝੀਂ ਪਰਿੰਦਿਆ,
ਤੇਰੇ ਸ਼ਿਕਾਰ ਵਾਸਤੇ, ਦੁਸ਼ਮਣ ਦੀ ਚਾਲ ਹੈ।

ਤੁਰਦਾ ਤਾਂ ਅੱਗੇ ਆ ਖੜ੍ਹੇ ਦੀਵਾਰ ਦਰ ਦੀਵਾਰ,
ਬਾਕੀ ਤੂੰ ਆਪ ਸੋਚ ਲੈ, ਕਿੱਦਾਂ ਦਾ ਹਾਲ ਹੈ।

ਬਿੰਦੂ ਦੁਆਲੇ ਤੁਰ ਰਿਹਾਂ, ਮੁੱਕਣ ਨਾ ਫ਼ਾਸਲੇ,
ਕਿੱਦਾਂ ਦਾ ਗੀਤ ਗਾ ਰਿਹਾਂ ਨਾ ਸੁਰ ਨਾ ਤਾਲ ਹੈ।

ਤੇਰੀ ਅਵਾਜ਼ ਸੁਣਦਿਆਂ ਮੈਨੂੰ ਹੈ ਜਾਪਦਾ,
'ਕੱਲ੍ਹਾ ਨਹੀਂ ਹਾਂ, ਮਹਿਕ ਮੇਰੇ ਨਾਲ ਨਾਲ ਹੈ।

1

o

## ਦਿਲ ਦੇ ਬੂਹੇ ਖੋਲ੍ਹ ਕੇ

ਦਿਲ ਦੇ ਬੂਹੇ ਖੋਲ੍ਹ ਕੇ ਮੇਰੀ ਤਪਦੀ ਰੂਹ ਨੂੰ ਠਾਰਦਾ।
ਅੱਧੀ ਰਾਤੀਂ ਸੁਪਨੇ ਦੇ ਵਿਚ ਕਿਹੜਾ 'ਵਾਜਾਂ ਮਾਰਦਾ।

ਸੁੱਤ ਉਨੀਂਦੀ ਭੀੜ ਦੇ ਅੰਦਰ ਇੱਕੋ ਚਿਹਰਾ ਜਾਗ ਰਿਹਾ,
ਸਿਰ ਤੇ ਪਾਟੀ ਚੁੰਨੀ ਭਾਵੇਂ, ਫਿਰ ਵੀ ਨਹੀਓ ਹਾਰਦਾ।

ਤੈਨੂੰ ਵੇਖਣ ਸਾਰ ਮੇਰੇ ਚਿਹਰੇ ਤੇ ਰੌਣਕ ਆ ਜਾਵੇ,
ਟਾਹਣੀ ਹਰੀ ਕਚੂਰ ਦੇ ਉੱਤੇ, ਚਿਹਰਾ ਜਿਉਂ ਗੁਲਨਾਰ ਦਾ।

ਵਿੱਛੜਨ ਵੇਲੇ ਤੂੰ ਤਾਂ ਮੈਥੋਂ ਵਾਪਸ ਸਭ ਕੁਝ ਲੈ ਗਈ ਸੀ,
ਕਿੱਦਾਂ ਚੇਤੇ ਰੱਖਦਾ ਜੇ ਨਾ, ਰੂਹ ਵਿਚ ਨਕਸ਼ ਉਤਾਰਦਾ।

ਚਿੜੀਆਂ ਵਾਲੀ ਮੌਤ ਗੰਵਾਰਾਂ ਖ਼ਾਤਰ ਜੀਕੂੰ ਹਾਸਾ ਹੈ,
ਜ਼ਿੰਦਗੀ ਨਾਲ ਮਜ਼ਾਕਾਂ ਕਰਦਾ, ਹਰ ਵਰਕਾ ਅਖ਼ਬਾਰ ਦਾ।

ਮਾਰੂਥਲ ਵਿਚ ਰਾਤ ਪਈ ਜਦ, ਚਾਰ ਚੁਫ਼ੇਰ ਹਨ੍ਹੇਰਾ ਸੀ,
ਲਿਸ਼ਕਣਹਾਰ ਬਰੇਤੀ ਉੱਤੇ ਕਿੱਦਾਂ ਕਿਸ਼ਤੀ ਤਾਰਦਾ।

ਮੈਂ ਵੀ ਏਸ ਗਲੀ ਦੇ ਵਿਚੋਂ, ਚੁੱਪ ਕੀਤੇ ਲੰਘ ਜਾਣਾ ਸੀ,
ਵਕਤ ਗੁਆਚਾ ਜੇ ਨਾ ਮੈਨੂੰ ਪਿੱਛੋਂ 'ਵਾਜ਼ਾਂ ਮਾਰਦਾ।

1

o

## ਗਰਜ਼ ਬਿਨਾ ਨਾ ਭਰਦਾ ਕੋਈ ਹੁੰਗਾਰਾ ਹੈ

ਗਰਜ਼ ਬਿਨਾ ਨਾ ਭਰਦਾ ਕੋਈ ਹੁੰਗਾਰਾ ਹੈ।
ਸਾਡੇ ਪਿੰਡ ਤੋਂ ਤੇਰਾ ਸ਼ਹਿਰ ਨਿਆਰਾ ਹੈ।

ਪਲਕਾਂ ਪਿੱਛੇ ਡੱਕਿਆ ਜਿਵੇਂ ਸਮੁੰਦਰ ਸੀ,
ਤਾਂਹੀਓਂ ਹੰਝੂ ਮਣ ਮਣ ਨਾਲੋਂ ਭਾਰਾ ਹੈ।

ਅੰਬਰ ਕਾਲ-ਕਲੂਟਾ ਓਸੇ ਧੂੰਏਂ ਨਾਲ,
ਫ਼ੌਜਾਂ ਲੈ ਕੇ ਚੜ੍ਹਿਆ ਨੀਲਾ ਤਾਰਾ ਹੈ।

ਨਰਮ ਕਰੂੰਬਲ ਬਿਰਖ਼-ਬਰੋਟਾ ਕਿੰਜ ਬਣਦੀ,
ਗਲੀ ਗਲੀ ਵਿਚ ਚੱਲਦਾ ਏਥੇ ਆਰਾ ਹੈ।

ਸ਼ਹਿਰ ਬੰਬਈਓਂ ਲੈ ਕੇ ਧੁਰ ਅਮਰੀਕਾ ਤੀਕ,
ਹਰ ਥਾਂ ਸਾਗਰ ਇੱਕੋ ਜਿੰਨਾ ਖ਼ਾਰਾ ਹੈ।

ਸਾਹਾਂ ਵਾਲੀ ਡੋਰ ਸਲਾਮਤ ਏਸੇ ਲਈ,
ਇਹ ਜੋ ਤੇਰਾ ਫ਼ੇਰ ਮਿਲਣ ਦਾ ਲਾਰਾ ਹੈ।

ਸੁਪਨੇ ਵਿੱਚ ਵੀ ਉਹਦੀਆਂ ਖ਼ੈਰਾਂ ਮੰਗਦਾਂ ਮੈਂ,
ਜਿਸ ਨਗਰੀ ਵਿੱਚ ਵੱਸਦਾ ਯਾਰ ਪਿਆਰਾ ਹੈ।

1

o

## ਕਿੰਨੇ ਚੋਰ ਲੁਕਾਏ ਨੇ ਮੈਂ

ਕਿੰਨੇ ਚੋਰ ਲੁਕਾਏ ਨੇ ਮੈਂ, ਮਨ-ਮੰਦਰ ਦੀ ਬਾਰੀ ਅੰਦਰ।
ਚੋਰ-ਸਿਪਾਹੀ ਲੁਕਣ-ਮਚਾਈ, ਖੇਡਣ ਚਾਰ-ਦੀਵਾਰੀ ਅੰਦਰ।

ਦੋਧੇ ਵਸਤਰ ਉੱਜਲੇ ਚਿਹਰੇ, ਖੇਡ ਰਹੇ ਜੂਏ ਦੀ ਬਾਜ਼ੀ,
ਲੋਕ ਰਾਜ ਦੇ ਪਰਦੇ ਉਹਲੇ, ਭਾਰੀ ਪਹਿਰੇਦਾਰੀ ਅੰਦਰ।

ਆਰ ਪਾਰ ਸਤਰੰਗੀਆਂ ਰੀਝਾਂ, ਸੂਹਾ ਸਾਲੂ, ਰੇਸ਼ਮ ਡੋਰਾਂ,
ਵੇਖੋ ਕਿੰਨੇ ਸੁਪਨੇ ਬੁਣਦੀ, ਨਾਨੀ ਮਾਂ ਫੁਲਕਾਰੀ ਅੰਦਰ।

ਮਨ ਦੀ ਅੱਥਰੀ ਰੀਝ ਮਿਰਗਣੀ, ਤੇਰੇ ਦਮ ਤੇ ਚੁੰਗੀਆਂ ਭਰਦੀ,
ਪੌਣਾਂ ਤੇ ਅਸਵਾਰ, ਸਮੁੰਦਰ ਤਰਦੀ ਇੱਕੋ ਤਾਰੀ ਅੰਦਰ।

ਮੇਰੀ ਹਿੱਕੜੀ ਫਸਿਆ ਹੌਕਾ, ਨਾ ਬਾਹਰ ਨਾ ਅੰਦਰ ਜਾਵੇ,
ਕਰਕ-ਕਲੇਜੇ ਕੌਣ ਪਛਾਣੇ, ਤੁਧ ਬਿਨ ਦੁਨੀਆਂ ਸਾਰੀ ਅੰਦਰ।

ਇਹ ਤਾਂ ਟਾਹਣੀ ਕੇਰੇ ਅੱਥਰੂ, ਤਰੇਲ ਦੇ ਤੁਪਕੇ ਨਾ ਤੂੰ ਸਮਝੀਂ,
ਮੋਤੀ ਬਣ ਕੇ ਡਲ੍ਹਕ ਰਹੇ ਜੋ, ਫ਼ੁੱਲਾਂ ਵਾਲੀ ਖ਼ਾਰੀ ਅੰਦਰ।

ਇਕ ਰੁਕਮਣੀ, ਦੂਜੀ ਰਾਧਾ, ਗੋਪੀਆਂ ਜੀਕੂੰ ਹਾਰ ਹਮੇਲਾਂ,
ਛਣਕਣ, ਲੱਭਣ ਅਪਣਾ ਚਿਹਰਾ, ਇੱਕੋ ਕ੍ਰਿਸ਼ਨ ਮੁਰਾਰੀ ਅੰਦਰ।

1

## ਜ਼ਹਿਰ-ਪਰੁੱਚੀ ਪੌਣ ਦਾ ਪਹਿਰਾ

ਜ਼ਹਿਰ-ਪਰੁੱਚੀ ਪੌਣ ਦਾ ਪਹਿਰਾ, ਹੋਇਆ ਦੁਨੀਆ ਸਾਰੀ ਦੇ ਵਿਚ।
ਦਾਨਿਸ਼ਵਰ ਜੋ ਉੱਤੋਂ ਦਿਸਦੇ, ਰੁੱਝੇ ਮਾਰੋ ਮਾਰੀ ਦੇ ਵਿਚ।

ਜੋ ਤੂੰ ਮੈਥੋਂ ਸੁਣਨਾ ਚਾਹੇ, ਓਹੀ ਬਾਤ ਸੁਣਾਵਾਂਗਾ ਮੈਂ,
ਦਿਲ ਦੀ ਕੌਣ ਸੁਣਾਵੇ ਏਥੇ, ਅੱਜ ਕੱਲ੍ਹ ਦੁਨੀਆਂਦਾਰੀ ਦੇ ਵਿਚ।

ਲੋਕਾਂ ਵਿਹੜੇ ਸੁਰਖ਼-ਗੁਲਾਬੀ, ਮਹਿਕਦੀਆਂ ਖ਼ੁਸ਼ਬੋਈਆਂ, ਪੱਤੀਆਂ,
ਫੁੱਲਾਂ ਦੇ ਰੰਗ ਕਾਲ਼ੇ ਕਿਉਂ ਨੇ, ਮਨ ਦੀ ਭਰੀ ਕਿਆਰੀ ਦੇ ਵਿਚ।

ਸਾਵਧਾਨ ਹੋ ਰਹਿਣਾ ਪੈਂਦੇ, ਹਾਂ, ਹਾਂ, ਜੀ, ਜੀ, ਕਹਿਣਾ ਪੈਂਦੇ,
ਦਖ਼ਲ ਬਾਜ਼ਾਰੀ ਵਧਦਾ ਜਾਵੇ, ਕਿਉਂ ਮਿੱਤਰਾਂ ਦੀ ਯਾਰੀ ਦੇ ਵਿਚ।

ਆਤਮ ਨਾਲ ਗਿਲਾਨੀ ਕਰਦੇ, ਰਹਿੰਦੇ ਠੰਢੇ ਹੌਕੇ ਭਰਦੇ,
ਬਹੁਤੇ ਲੋਕੀਂ ਫਸੇ ਪਏ ਨੇ, ਅੱਜ ਕੱਲ੍ਹ ਏਸ ਬੀਮਾਰੀ ਦੇ ਵਿਚ।

ਵਾਂਗ ਸਿਆਸਤਦਾਨਾਂ ਦੇ ਹੁਣ, ਧਰਮੀਆਂ ਦੇ ਵੀ ਸੌ ਸੌ ਚਿਹਰੇ,
ਹਰ ਇਕ ਹਰਕਤ ਸ਼ੱਕੀ ਹੋਈ, ਮੰਡੀ ਚੋਰ-ਬਾਜ਼ਾਰੀ ਦੇ ਵਿਚ।

ਅਣਖੋਂ ਹੀਣੇ ਬਣੇ ਸਵੱਲੇ, ਛੱਡਿਆ ਕੱਖ ਨਾ ਸਾਡੇ ਪੱਲੇ,
ਹਿੰਮਤ ਹਾਰ, ਗੰਡੋਏ ਬਣ ਗਏ, ਰੀਂਘ ਰਹੇ ਲਾਚਾਰੀ ਦੇ ਵਿੱਚ।

ਉੱਡਣੇ ਪੰਛੀ ਪਿੰਜਰੇ ਪਾਉਂਦੇ, ਮਨਮਰਜ਼ੀ ਦਾ ਗੀਤ ਸੁਣਾਉਂਦੇ,
ਛਣਕਣਿਆਂ ਜਹੇ ਬੰਦੇ ਸ਼ਾਮਲ, ਨਵੇਂ ਰਾਗ-ਦਰਬਾਰੀ ਦੇ ਵਿੱਚ।

1

## ਜਿਵੇਂ ਹਥਿਆਰ ਪਾਗਲ ਹੋ ਰਹੇ ਨੇ।

ਜਿਵੇਂ ਹਥਿਆਰ ਪਾਗਲ ਹੋ ਰਹੇ ਨੇ।
ਸਮੁੱਚੇ ਦੇਸ਼ ਮਕਤਲ ਹੋ ਰਹੇ ਨੇ।

ਗੁਆਚੀ ਪੈੜ ਮੇਰੀ ਘਰ ਦੇ ਅੰਦਰ,
ਭਲਾ ਕਿਉਂ ਸ਼ਹਿਰ ਜੰਗਲ ਹੋ ਰਹੇ ਨੇ।

ਤੂੰ ਮੈਨੂੰ ਰੋਣ ਦੇਹ ਇੱਕ ਵਾਰ ਖੁੱਲ੍ਹ ਕੇ,
ਇਹ ਹੰਝੂ ਬਹੁਤ ਬਿਹਬਲ ਹੋ ਰਹੇ ਨੇ।

ਗੁਆਚੇ ਪੁਰਖਿਆਂ ਨੂੰ ਢੂੰਡਦਾ ਹਾਂ,
ਬਰੋਟੇ ਅੱਖੋਂ ਓਝਲ ਹੋ ਰਹੇ ਨੇ।

ਜਿੰਨ੍ਹਾਂ ਨੇ ਸਿਖ਼ਰ ਉੱਤੇ ਪਹੁੰਚਣਾ ਸੀ,
ਭਲਾ ਕਿਉਂ ਪੈਰ ਬੋਝਲ ਹੋ ਰਹੇ ਨੇ।

ਦਿਲਾਂ ਨੂੰ ਅਕਲ ਸਿੱਧੇ ਰਾਹ ਨਾ ਪਾਏ,
ਇਹ ਖ਼ੁਦ ਦੇ ਨਾਲ ਵਲ਼ ਛਲ਼ ਹੋ ਰਹੇ ਨੇ।

ਮੇਰਾ ਧੰਨਵਾਦ ਕੀਹ ਕਰਨੈਂ ਕਿਸੇ ਨੇ,
ਅਜੇ ਸ਼ਿਕਵੇ ਮੁਸਲਸਲ ਹੋ ਰਹੇ ਨੇ।

1

o

## ਰਾਤ ਬਰਾਤੇ ਅਚਨਚੇਤ

ਰਾਤ ਬਰਾਤੇ ਅਚਨਚੇਤ ਮੈਂ ਅੰਬਰੋਂ ਟੁੱਟਿਆ ਤਾਰਾ ਹਾਂ।
ਨਕਸ਼ ਪਛਾਣ ਧਰਤੀਏ ਮੇਰੇ, ਦੱਸ ਮੈਂ ਕੀਹਦੇ ਵਰਗਾ ਹਾਂ।

ਏਸ ਮੁਸਾਫ਼ਰਖਾਨੇ ਅੰਦਰ ਭਾਂਤ-ਸੁਭਾਂਤ ਮੁਸਾਫ਼ਰ ਨੇ,
ਰੌਲੇ ਰੱਪੇ ਅੰਦਰ ਘਿਰਿਆ, ਮੈਂ ਤਾਂ ਕੱਲ-ਮੁ-ਕੱਲ੍ਹਾ ਹਾਂ।

ਚੁੱਪ-ਚੁਪੀਤੇ ਜਿਵੇਂ ਖਲੋਤੇ ਸੜਕਾਂ ਕੰਢੇ ਕੋਸ ਮੀਨਾਰ,
ਵਕਤ ਗੁਆਚੇ ਹੱਥੋਂ ਬਚਿਆ, ਸਦੀਆਂ ਲੰਮਾ ਕਿੱਸਾ ਹਾਂ।

ਸੋਚ-ਵਿਚਾਰਾਂ ਨੂੰ ਜੇ ਲਕਬਾ ਮਾਰ ਗਿਐ ਤਾਂ ਦਿਲ ਨਾ ਹਾਰ,
ਤੈਨੂੰ ਆਪੇ ਤੁਰਨਾ ਪੈਣੈ, ਮੈਂ ਤਾਂ ਕੇਵਲ ਜੇਰਾ ਹਾਂ।

ਮੇਰੇ ਸਾਹਵੇਂ ਬਹਿ ਕੇ ਮਨ ਦੇ ਚਿਹਰੇ ਨੂੰ ਤੂੰ ਆਪੇ ਵੇਖ,
ਸਭ ਕੁਝ ਸਾਫ਼ ਵਿਖਾਵਾਂ ਅੰਦਰੋਂ, ਮੈਂ ਤਾਂ ਬਿਲਕੁਲ ਸ਼ੀਸ਼ਾ ਹਾਂ।

ਜਿਸ ਦੀ ਤੋਰ ਤੂਫ਼ਾਨਾਂ ਬੱਧੀ, ਗ਼ਰਜ਼ਾਂ ਖ਼ਾਤਰ ਨੌਕਰੀਆਂ,
ਤੋਰ ਮਟਕਣੀ ਭੁੱਲਿਆ ਜਿਹੜਾ, ਮੈਂ ਉਹ ਬੁੱਢਾ ਦਰਿਆ ਹਾਂ।

ਮੇਰੇ ਅੰਦਰ ਤਲਖ਼ ਸਮੁੰਦਰ, ਹਰ ਪਲ ਬੇਬਸ ਤੜਪ ਰਿਹਾ,
ਮਰਿਆ ਜਾਣ ਲਇਓ ਨਾ ਮੈਨੂੰ, ਚੁੱਪ ਕੀਤਾ ਜੇ ਬੈਠਾ ਹਾਂ।

1

o

## ਦਿਸਦਾ ਨਹੀਂ ਪਰ ਮਹਿਕ ਵਾਂਗੂੰ

ਦਿਸਦਾ ਨਹੀਂ ਪਰ ਮਹਿਕ ਵਾਂਗੂੰ ਨਾਲ ਨਾਲ ਹੈ।
ਮੈਨੂੰ ਵੀ ਓਸ ਸਖ਼ਸ਼ ਦੀ, ਸਦੀਆਂ ਤੋਂ ਭਾਲ ਹੈ।

ਜਿੱਤਾਂ ਤਾਂ ਇਹ ਹੈ ਜਿੱਤਦਾ, ਹਾਰਾਂ ਤਾਂ ਹਾਰਦਾ,
ਮੇਰਾ ਹਮੇਸ਼ਾਂ ਸਾਹਮਣਾ, ਸ਼ੀਸ਼ੇ ਦੇ ਨਾਲ ਹੈ।

ਪੈਰਾਂ 'ਚ ਬੱਝੀਆਂ ਬਿੱਲੀਆਂ ਤੇ ਰੂਹ 'ਚ ਭਟਕਣਾ,
ਮੇਰੇ ਚੁਫ਼ੇਰ ਫ਼ੈਲਿਆ ਕੀਹ ਮਾਇਆ ਜਾਲ ਹੈ।

ਅੱਗੇ ਨੂੰ ਜਦ ਵੀ ਦੌੜਦਾਂ, ਪਿੱਛੇ ਨੂੰ ਬਿਰਖ਼ ਜਾਣ,
ਮੇਰੇ ਬਰਾਬਰ ਤੁਰ ਸਕੇ, ਕਿਸ ਦੀ ਮਜ਼ਾਲ ਹੈ।

ਅਪਣੇ ਵੀ ਮੈਨੂੰ ਦੇ ਰਹੇ, ਦੂਰੋਂ ਹੀ ਦਿਲਬਰੀ,
ਪੁੱਛਣ ਨਾ ਨੇੜ ਆਣ ਕੇ, ਕੀਹ ਹਾਲ ਚਾਲ ਹੈ।

ਰਿਸ਼ਤੇ ਪਿਆਰ ਖੋਟ ਦੇ ਹਮਨਾਮ ਬਣ ਗਏ,
ਪਿੱਤਲ ਦੇ ਜ਼ੇਵਰਾਂ ਤੇ ਜਿਓਂ ਸੋਨੇ ਦੀ ਝਾਲ ਹੈ।

ਸੁੰਘਾਂ ਤਾਂ ਮਹਿਕ ਵਾਂਗਰਾਂ, ਵੇਖਾਂ ਤਾਂ ਚਾਂਦਨੀ,
ਛੋਹਾਂ ਤਾਂ ਰੰਗ ਬੋਲਦੇ, ਇਹ ਵੀ ਕਮਾਲ ਹੈ।

1

## ਤਪਦੇ ਥਲ ਦੇ ਉੱਪਰੋਂ ਰੁੱਤਾਂ

ਤਪਦੇ ਥਲ ਦੇ ਉੱਪਰੋਂ ਰੁੱਤਾਂ ਜਾਂਦੀਆਂ ਆਉਂਦੀਆਂ ਰਹਿੰਦੀਆਂ ਨੇ।
ਪੌਣਾਂ ਤੇ ਅਸਵਾਰ ਬਦਲੀਆਂ ਕਿਉਂ ਤਰਸਾਉਂਦੀਆਂ ਰਹਿੰਦੀਆਂ ਨੇ।

ਜਿਵੇਂ ਸ਼ਰੀਂਹ ਦੀਆਂ ਫ਼ਲੀਆਂ ਪੱਤਝੜ ਮਗਰੋਂ ਸੁੱਕੀਆਂ ਛਣਕਦੀਆਂ,
ਜੀਅ ਪਰਚਾਵੇ ਖ਼ਾਤਰ ਰੁੱਖ ਨੂੰ ਗੀਤ ਸੁਣਾਉਂਦੀਆਂ ਰਹਿੰਦੀਆਂ ਨੇ।

ਸ਼ਾਹੀ ਕਿਲ੍ਹਿਆਂ ਅੰਦਰ ਜਿਸ ਥਾਂ ਹਾਕਮ ਜ਼ੁਲਮ ਕਮਾਉਂਦੇ ਸੀ,
ਸਦੀਆਂ ਮਗਰੋਂ ਵੀ ਉਸ ਥਾਂ ਤੋਂ, ਕੂਕਾਂ ਆਉਂਦੀਆਂ ਰਹਿੰਦੀਆਂ ਨੇ।

ਧਰਤੀ ਜਿੱਡੀ ਕੈਨਵਸ ਉੱਤੇ ਨਕਸ਼ ਬਹਾਰਾਂ ਵਾਲੇ ਵੇਖ,
ਫੁੱਲ-ਪੱਤੀਆਂ ਖ਼ੁਸ਼ਬੋਈਆਂ ਜਿਥੇ ਪੈਲਾਂ ਪਾਉਂਦੀਆਂ ਰਹਿੰਦੀਆਂ ਨੇ।

ਚੁੱਪ ਦੀ ਜੂਨ ਪਵੀਂ ਨਾ ਵੇਖੀ, ਤੁਰੀਂ ਨਿਰੰਤਰ ਸਫ਼ਰਾਂ ਤੇ,
ਬਿਰਖ਼ਾਂ ਵਿਚ ਦੀ ਤੇਜ਼ ਹਵਾਵਾਂ ਅਕਸਰ ਗਾਉਂਦੀਆਂ ਰਹਿੰਦੀਆਂ ਨੇ।

ਪਿੰਜਣ ਰੂੰ ਤੇ ਕੱਤਣ ਛੱਲੀਆਂ, ਬੁਣਦੀਆਂ ਖੱਡੀ ਰਾਤ ਦਿਨੇ,
ਪੁੱਤਰ ਦੂਰ ਗਏ ਪਰ ਮਾਵਾਂ, ਖੇਸ ਉਣਾਉਂਦੀਆਂ ਰਹਿੰਦੀਆਂ ਨੇ।

ਕੰਡਿਆਂ ਦੇ ਵਿਚ ਅੜ ਕੇ ਜਿੱਥੇ ਪਾਟੀ ਚੁੰਨੀ ਸ਼ਗਨਾਂ ਦੀ,
ਓਸੇ ਥਾਂ ਤੋਂ ਪੀੜਾਂ ਤੁਰ ਕੇ, ਹੁਣ ਵੀ ਆਉਂਦੀਆਂ ਰਹਿੰਦੀਆਂ ਨੇ।

1

## ਸਾਡੇ ਵਿਹੜੇ ਖਿੜਿਆ ਜਿਹੜਾ

ਸਾਡੇ ਵਿਹੜੇ ਖਿੜਿਆ ਜਿਹੜਾ, ਬੂਟਾ ਇੱਕ ਅਨਾਰ ਦਾ।
ਪਤਾ ਨਹੀਂ ਕਿਉਂ ਲੰਘਦਾ ਰਾਹੀ, ਇਸ ਤੇ ਪੱਥਰ ਮਾਰਦਾ।

ਸੁਰਖ਼ ਨਹੀਂ, ਇਹ ਪੀਲਾ ਵੀ ਨਹੀਂ, ਦੋਹਾਂ ਦੇ ਵਿਚਕਾਰ ਜਿਹਾ,
ਮੇਰੇ ਸੁਪਨੇ ਤੋਂ ਵੀ ਸੋਹਣਾ, ਮੁੱਖੜਾ ਹੈ ਗੁਲਨਾਰ ਦਾ।

ਮੰਜ਼ਿਲ ਤੀਕ ਪੁਚਾਵੇਗਾ ਜਾਂ ਰਾਹ ਵਿਚ ਰਾਤ ਗੁਜ਼ਾਰੇਗਾ,
ਦੱਸ ਦੇਂਦਾ ਏ ਜਾਣੂੰ ਬੰਦਾ, ਕਦਮਾਂ ਦੀ ਰਫ਼ਤਾਰ ਦਾ।

ਰੁੱਖ ਦੀ ਟਾਹਣੀ, ਮੇਰੇ ਕੰਨ ਵਿਚ, ਆਖ ਗਈ ਏ ਬੈਠੀਂ ਨਾ,
ਸਾਵਧਾਨ ਹੋ, ਨੇੜੇ ਲੁਕਿਐ, ਵੈਰੀ ਉੱਡਦੀ ਡਾਰ ਦਾ।

ਤਰੇਲ 'ਚ ਭਿੱਜੇ ਘਾਹ ਦੇ ਉੱਤੇ, ਫੁੱਲ ਕਿਰਨ ਜੋ ਬਿਰਖ਼ਾਂ ਤੋਂ,
ਸਭ ਤੋਂ ਸੋਹਣਾ ਮੰਜ਼ਰ ਹੁੰਦੈ, ਏਹੀ ਘਰ-ਗੁਲਜ਼ਾਰ ਦਾ।

ਬਹਿ ਜਾਵੇ ਤਾਂ ਬੰਦਾ ਐਵੇਂ, ਥੱਕਿਆ ਟੁੱਟਿਆ ਰਹਿੰਦਾ ਹੈ,
ਵਾਹੋਦਾਹੀ ਤੁਰਦਾ ਰਾਹੀ, ਪੈਂਡੇ ਤੋਂ ਨਹੀਂ ਹਾਰਦਾ।

ਚੇਤੇ ਆਵੇਂ, ਖਿੜੇ ਚੰਬੇਲੀ, ਮਰੂਆ ਮਹਿਕੇ ਸਾਹਾਂ ਵਿਚ,
ਸ਼ਾਮ ਸਵੇਰੇ ਵੇਖਾਂ ਚਿਹਰਾ, ਸੱਜਰਾ ਸੋਹਣੇ ਯਾਰ ਦਾ।

1

o

## ਰੁਕ ਗਈ ਤਾਜ਼ੀ ਹਵਾ

ਰੁਕ ਗਈ ਤਾਜ਼ੀ ਹਵਾ ਤੇ ਬਿਰਖ ਸਾਰੇ ਸੌਂ ਗਏ।
ਜਿਸ ਤਰ੍ਹਾਂ ਤੁਰਦੇ ਮੁਸਾਫ਼ਿਰ, ਥੱਕੇ ਹਾਰੇ ਸੌਂ ਗਏ।

ਹੈ ਖੜ੍ਹੀ ਓਥੇ ਦੀ ਓਥੇ ਬਾਤ ਹਾਲੇ ਤੀਕ ਵੀ,
ਸੁਣ ਰਹੇ ਸੀ ਬਾਲ ਜੋ, ਭਰਦੇ ਹੁੰਗਾਰੇ ਸੌਂ ਗਏ।

ਰਾਤ ਬੋਝਲ ਹੋ ਰਹੀ ਹੈ, ਦਰਦ ਸੁੱਤਾ ਜਾਗਦੈ,
ਤੁਰ ਗਏ ਨੇ ਸੁਣਨ ਵਾਲੇ, ਚੰਨ ਤਾਰੇ ਸੌਂ ਗਏ।

ਮੈਂ ਮੁਕੰਮਲ ਹੋਣ ਤੋਂ ਪਹਿਲਾਂ ਹੀ ਠੀਕਰ ਹੋ ਗਿਆਂ,
ਸਫ਼ਰ ਮੁੱਕਣ ਤੋਂ ਵੀ ਪਹਿਲਾਂ, ਲੋਕ ਸਾਰੇ ਸੌਂ ਗਏ।

ਦਰਦ-ਗਾਥਾ ਕਹਿਣ ਵਾਲੇ ਹੰਝ ਵੀ ਪਥਰਾ ਗਏ,
ਪਲਕ 'ਚੋਂ ਡੁੱਲ੍ਹਣ ਤੋਂ ਪਹਿਲਾਂ ਹੀ ਵਿਚਾਰੇ ਸੌਂ ਗਏ।

ਦੁਸ਼ਮਣਾਂ ਦੀ ਫ਼ੌਜ ਵਿਚ 'ਨ੍ਹੇਰਾ ਵੀ ਸ਼ਾਮਿਲ ਹੋ ਗਿਐ,
ਮੈਂ ਇਕੱਲਾ ਲੜ ਰਿਹਾਂ, ਸੱਜਣ ਪਿਆਰੇ ਸੌਂ ਗਏ।

ਮੁਕਤੀਆਂ ਦੇ ਦਾਨ ਦਾ ਲਾਰਾ ਹੰਢਾ ਕੇ ਉਮਰ ਭਰ,
ਬਿਨ ਮਸੀਹਾ ਵੇਖਿਆਂ, ਛੰਨਾਂ ਤੇ ਢਾਰੇ ਸੌਂ ਗਏ।

।

o

## ਸਾਂਭੀ ਰੱਖ ਤੂੰ ਦਿਲ ਦੇ ਅੰਦਰ

ਸਾਂਭੀ ਰੱਖ ਤੂੰ ਦਿਲ ਦੇ ਅੰਦਰ ਸੱਜਣਾਂ ਦੀ ਤਸਵੀਰ।
ਤਾਂ ਹੀ ਮਿਲਣੀ ਰਾਂਝਿਆ ਤੈਨੂੰ ਆਪਣੀ ਰੂਹ ਦੀ ਹੀਰ।

'ਨ੍ਹੇਰੀ ਦੇ ਵਿਚ ਉੱਡ ਕੇ, ਉਲਝੇ ਕੰਡਿਆਂ ਦੇ ਸੰਗ ਖਹਿ ਕੇ,
ਦਿਲ ਦੀ ਹਾਲਤ ਹੋਈ ਜੀਕੂੰ ਅੱਧੋਰਾਣੀ ਲੀਰ।

ਪਿਆਰ-ਮੁਹੱਬਤ ਵਾਲੇ ਵੈਰੀ, ਬਦਲੇ ਤਾਂ ਨਹੀਂ ਹਾਲੇ,
ਹੁਣ ਵੀ ਕੈਦੋ ਦੀ ਅੱਖ ਅੰਦਰ ਉਹੀ ਪੁਰਾਣਾ ਟੀਰ।

ਦਿਲ ਦੀ ਧੜਕਣ ਰੁਕ ਜਾਂਦੀ ਹੈ ਮੇਰੀ ਵਾਘੇ ਜਾ ਕੇ,
ਧਰਤੀ ਦੀ ਹਿੱਕ ਜਦ ਵੀ ਵੇਖਾਂ ਚਾਕੂ ਵਾਲਾ ਚੀਰ।

ਰਾਂਝਣ-ਯਾਰ ਦੀ ਕੌਣ ਵਕਾਲਤ ਕਰਦਾ ਧਰਤੀ ਉੱਤੇ,
ਖੇੜਿਆਂ ਦੇ ਹੱਕ ਭੁਗਤ ਗਏ ਨੇ, ਵੇਖੋ ਪੰਜੇ ਪੀਰ।

ਮੇਰੀ ਅੱਖ 'ਚੋਂ ਕਿਰਿਆ ਅੱਥਰੂ, ਲੱਭੋ, ਦੱਸੋ, ਕਿੱਥੇ,
ਰੇਤੇ ਅੰਦਰ ਕਣੀਆਂ ਜੀਕੂੰ, ਇਕ ਦਮ ਜਾਵਣ ਜੀਰ।

ਜਿਸ ਨੂੰ ਦੁਨੀਆਂ ਆਖੇ ਮੇਲਾ, ਇਹ ਤਾਂ ਨਿਰਾ ਝਮੇਲਾ,
ਤੜਕਸਾਰ ਪਰਭਾਤੀ ਗਾਉਂਦਾ, ਲੰਘਿਆ ਮਸਤ ਫ਼ਕੀਰ।

।

ੴ

## ’ਵਾ-ਵਰੋਲਾ, ਤੇਜ਼ ’ਨੇਰ੍ਹੀ

’ਵਾ-ਵਰੋਲਾ, ਤੇਜ਼ ’ਨੇਰ੍ਹੀ, ਕੁਝ ਨੇ ਝੱਖੜ ਆਖਿਆ।
ਕੌਣ ਸੀ ਜੋ ਬਿਜਲੀਆਂ, ਪੈਰਾਂ 'ਚ ਬੰਨ੍ਹ ਕੇ ਲੰਘਿਆ।

ਫੁੱਲ-ਡੋਡੀ ਨੂੰ ਪਰੋ ਕੇ ਸੀਖ ਵਿਚ ਕਿਉਂ ਸੋਚਦੈਂ,
ਏਸ ਟਾਹਣੀ ਤੇ ਕਿਉਂ ਨਹੀਂ, ਸੁਰਖ਼ ਸੁਪਨਾ ਟਹਿਕਿਆ।

ਚੌਕ ਦੇ ਬੁੱਤਾਂ ਨੂੰ ਐਵੇਂ ਸ਼ੁਗਲ ਖ਼ਾਤਰ ਪੂਜ ਨਾ,
ਕੀਹ ਕਰੇਂਗਾ ਜੇ ਇਨ੍ਹਾਂ ਤੈਥੋਂ ਤੇਰਾ ਸਿਰ ਮੰਗਿਆ।

ਬਿਰਖ਼ ਨੂੰ ਵੇਖੀਂ ਦੁਪਹਿਰੇ ਵੇਖੀਂ ਪੂਰੇ ਗੌਰ ਨਾਲ,
ਕਿਸ ਤਰ੍ਹਾਂ ਬਾਬਲ ਤਿਰੇ ਸਿਰ ਬਾਂਹ ਪਸਾਰੀ ਫ਼ੈਲਿਆ।

ਤੇਰਿਆਂ ਹੋਠਾਂ ਤੇ ਮੇਰਾ ਨਾਮ ਸੀ ਜਾਂ ਹੋਰ ਕੁਝ,
ਮੇਰੀ ਧੜਕਣ ਤੇਜ਼ ਹੋਈ ਸੁਣ ਕੇ ਤੇਰਾ ਅਣਕਿਹਾ।

ਸ਼ਬਦ ਨੂੰ ਅਰਦਲ 'ਚ ਰੋਕਣ ਦੀ ਹਮਾਕਤ ਨਾ ਕਰੀਂ,
ਫੇਰ ਨਾ ਆਖੀਂ ਕਿ ਮੈਨੂੰ ਵਕਤ ਨੇ ਜ਼ਾਲਮ ਕਿਹਾ।

ਤੂੰ ਕਦੇ ਵਿਸ਼ਵਾਸ ਨੂੰ ਠੋਕਰ ਨਾ ਮਾਰੀਂ ਭੁੱਲ ਕੇ,
ਨਹੀਂ ਤਰੇੜੇ ਬਰਤਨਾਂ ਵਿਚ, ਨੀਰ ਨਿਰਮਲ ਠਹਿਰਦਾ।

1

ੴ

## ਤਿਆਗੋ ਛੁਪਣਗਾਹਾਂ ਦੋਸਤੋ

ਤਿਆਗੋ ਛੁਪਣਗਾਹਾਂ ਦੋਸਤੋ ਛੱਡੋ ਗੁਫਾਵਾਂ ਨੂੰ।
ਚਲੋ ਹੁਣ ਫ਼ੈਲ ਜਾਈਏ ਧਰਤ ਉੱਤੇ ਚਹੁੰ ਦਿਸ਼ਾਵਾਂ ਨੂੰ।

ਤੁਸੀਂ ਖ਼ੁਦ ਵੀ ਚਿਰਾਗਾਂ ਨਾਲ ਰਿਸ਼ਤਾ ਦੂਰ ਦਾ ਰੱਖਿਐ,
ਬੁਝਣ ਤੇ ਦੋਸ਼ ਕਿਉਂ ਦਿੰਦੇ ਹੋ ਕਮਜ਼ਰਫ਼ੋ* ਹਵਾਵਾਂ ਨੂੰ।

ਜਦੋਂ ਵਿਸ਼ਵਾਸ ਦੇ ਪਹਿਰੇ 'ਚ ਸ਼ਾਮਲ ਰੱਤ ਹੋ ਜਾਵੇ,
ਮੁਕੱਦਸ ਨਾਮ ਮਿਲ ਜਾਂਦੈ ਉਦੋਂ ਫਿਰ ਆਮ ਥਾਵਾਂ ਨੂੰ।

ਚਲੋ ! ਹੁਣ ਧਰਤ ਦੇ ਸਿਰ, ਛਤਰੀਆਂ ਹਰਿਆਲੀਆਂ ਬਣੀਏ,
ਤੇ ਲਾਹੀਏ ਪੈਲੀਆਂ ਵਿਚ ਕਾਲੀਆਂ ਅਰਸ਼ੀ ਘਟਾਵਾਂ ਨੂੰ।

ਕਦੇ ਵੀ ਭਾਰ ਨਹੀਂ ਹੁੰਦੇ, ਬਿਰਖ਼ ਦਸਤਾਰ ਹੁੰਦੇ ਨੇ,
ਸਿਰਾਂ ਤੇ ਕਹਿਰ ਵੇਲੇ ਤਾਣਦੇ ਨੇ ਸੀਤ ਛਾਵਾਂ ਨੂੰ।

ਜੇ ਨਿਰਮਲ ਨੀਰ ਨਾ ਖੇਤਾਂ ਦੇ ਮੂੰਹ ਲੱਗਾ ਤਾਂ ਫਿਰ ਤੱਕਿਓ,
ਕਦੇ ਵੀ ਬੂਰ ਨਹੀਂ ਪੈਣਾ ਕਦੇ ਫ਼ਸਲਾਂ ਤੇ ਚਾਵਾਂ ਨੂੰ।

ਤੁਸੀਂ ਤਾਂ ਮਾਣਦੇ ਹੋ ਸ਼ਹਿਰ ਅੰਦਰ ਮਹਿਕ ਫੁੱਲਾਂ ਦੀ,
ਤੇ ਕੀਹਦੇ ਆਸਰੇ ਤੇ ਛੱਡ ਆਏ ਹੋ ਗਿਰਾਵਾਂ ਨੂੰ।

1

*ਛੋਟੀ ਔਕਾਤ ਵਾਲੇ

o

## ’ਨੇਰ੍ਹ ਹੈ ਨਾ ਚਾਨਣਾ ਹੈ

’ਨੇਰ੍ਹ ਹੈ ਨਾ ਚਾਨਣਾ ਹੈ, ਅਜਬ ਰੰਗਾ ਘੁਸਮੁਸਾ ਹੈ।
ਬਲ਼ਦੀਆਂ ਅੱਖਾਂ, ਮਸ਼ਾਲਾਂ, ਬਾਲ਼ ਕਿਹੜਾ ਦੇਖਦਾ ਹੈ ?

ਤੁਰਨ ਵੇਲੇ ਰੋਕਿਆ ਤੂੰ, ਦੱਸ ਮੈਨੂੰ ਕੀਹ ਕਿਹਾ ਸੀ,
ਅਣਸੁਣੀ ਕੀਤੀ ਦਾ ਪਸ਼ਚਾਤਾਪ ਮੈਨੂੰ ਪੁੱਛਦਾ ਹੈ।

ਤੂੰ ਜੋ ਭੁੱਜੇ ਦਾਨਿਆਂ 'ਚੋਂ ਇੱਕ ਮੈਨੂੰ ਅਰਪਿਆ ਸੀ,
ਬਹੁਤ ਸਾਲਾਂ ਬਾਅਦ ਮੇਰੇ ਜ਼ਿਹਨ ਅੰਦਰ ਉੱਗ ਪਿਆ ਹੈ।

ਤੂੰ ਸਮੁੰਦਰ ਵੱਲ ਜਿੰਨੀ ਤੇਜ਼ ਤੁਰਦੀ ਜਾ ਰਹੀ ਏ,
ਨਿਗਲ ਜਾਵੇਗਾ ਇਹ ਤੈਨੂੰ, ਮੈਂ ਨਦੀ ਨੂੰ ਵਰਜਿਆ ਹੈ।

ਧਰਤ ਥੱਲੇ ਵੇਖਿਐ ਮੈਂ, ਧੌਲ ਹੈ ਨਾ ਹੋਰ ਕੋਈ,
ਇਹ ਤਾਂ ਹਿੰਮਤ ਹੌਸਲਾ ਹੈ ਜੋ ਖ਼ਿਲਾਅ ਨੂੰ ਭਰ ਰਿਹਾ ਹੈ।

ਪਿਆਰ ਤੇਰਾ ਬਣ ਕਥੂਰੀ ਜੇ ਨਹੀਂ ਤਾਂ ਹੋਰ ਕਿਹੜਾ,
ਹਮਸਫ਼ਰ ਸਾਹਾਂ ਦਾ ਮੇਰੇ, ਜੋ ਬਰਾਬਰ ਤੁਰ ਰਿਹਾ ਹੈ।

ਬੰਸਰੀ ਦੀ ਹੂਕ ਹੈ ਜਾਂ ਬਾਂਸ ਦਾ ਵਿਰਲਾਪ ਹੈ ਇਹ,
ਸ਼ਬਦ ਨੂੰ ਸਾਹੀਂ ਪਰੋ ਜੋ ਜਾਦੂ ਬਣਕੇ ਬੋਲਿਆ ਹੈ।

ਪਿੰਡ ਨੂੰ ਜਾਗਣ ਦਾ ਹੋਕਾ, ਕਿੰਜ ਪਹਿਰੇਦਾਰ ਦੇਵੇ,
ਦਿਨ ਦੇ ਚਿੱਟੇ ਚਾਨਣੇ ਵਿਚ ਸ਼ਹਿਰ ਵੀ ਸੁੱਤਾ ਪਿਆ ਹੈ।

1

o

## ਸਿਆਸਤਦਾਨ ਜਿੱਤਣਗੇ

ਸਿਆਸਤਦਾਨ ਜਿੱਤਣਗੇ ਤੂੰ ਵੇਖੀਂ ਲੋਕ ਹਾਰਨਗੇ।
ਵਿਚਾਰੇ ਗਾਫ਼ਲੀ ਦਾ ਕਿੱਡਾ ਵੱਡਾ ਮੁੱਲ ਤਾਰਨਗੇ।

ਅਸਾਡਾ ਕੌਣ ਦੁਸ਼ਮਣ ਹੈ ਤੇ ਸਾਡਾ ਕੌਣ ਸੱਜਣ ਹੈ,
ਇਹ ਮਸਲਾ ਡੂੰਘੀ ਨੀਂਦਰ ਸੌਣ ਵਾਲੇ ਕਦ ਵਿਚਾਰਨਗੇ।

ਸਮੁੰਦਰ ਅਗਨ ਦਾ ਭਰਿਆ, ਕਿਸੇ ਅੱਜ ਤੀਕ ਨਾ ਤਰਿਆ,
ਇਹ ਕਿਸ਼ਤੀ ਕਾਗ਼ਜ਼ਾਂ ਦੀ ਭਾਂਬੜਾਂ ਵਿਚ ਕਿੰਜ ਤਾਰਨਗੇ।

ਸਲੀਕਾ ਵੇਖ ਜੰਗਲ ਦਾ, ਵਜਾਉਂਦੇ ਡਉਰੂ ਦੰਗਲ ਦਾ,
ਮਦਾਰੀ ਪਾ ਭੁਲੇਖਾ ਨਜ਼ਰ ਦਾ ਸਾਨੂੰ ਹੀ ਚਾਰਨਗੇ।

ਨਿਰੰਤਰ ਮੁਫ਼ਤਖ਼ੋਰੀ ਅਣਖ਼ ਨੂੰ ਖ਼ੋਰਨ ਦੀ ਸਾਜਿਸ਼ ਹੈ,
ਹਕੂਮਤ ਕਰਨ ਵਾਲੇ ਮਿੱਠੀ ਗੋਲੀ ਦੇ ਕੇ ਮਾਰਨਗੇ।

ਕਹੋ ਨਾ ਏਸ ਨੂੰ ਚੋਣਾਂ, ਇਹ ਕਿਸ਼ਤਾਂ ਵਿਚ ਹੈ ਰੋਣਾ,
ਲੁਟੇਰੇ ਨੂੰ ਲੁਟੇਰੇ ਲੁੱਟ ਖ਼ਾਤਰ ਫਿਰ ਵੰਗਾਰਨਗੇ।

ਇਹ ਨੌਸਰਬਾਜ਼ ਨੇ, ਦਿਸਦੇ ਬਣੇ ਬੀਬੇ ਕਬੂਤਰ ਜੋ,
ਤੁਹਾਡੇ ਬੋਹਲ ’ਤੇ ਏਹੀ ਹਮੇਸ਼ਾਂ ਚੁੰਝ ਮਾਰਨਗੇ।

ਗੁਆਚੇ ਫਿਰ ਰਹੇ ਸਾਰੇ, ਸਿਰਾਂ ਤੇ ਕਰਜ਼ ਨੇ ਭਾਰੇ,
ਹੈ ਵੱਡੀ ਪੰਡ ਫ਼ਰਜ਼ਾਂ ਦੀ, ਕਿਵੇਂ ਕਿਸ਼ਤਾਂ ਉਤਾਰਨਗੇ।

1

o

## ਸੁਪਨ ਸੁਨੇਹਾ ਲਿਆਉਂਦੇ

ਸੁਪਨ ਸੁਨੇਹਾ ਲਿਆਉਂਦੇ ਨੇ ਹਰਕਾਰੇ ਵਾਂਗ।
ਮੇਰੇ ਤੱਕ ਨਾ ਪਹੁੰਚਣ ਟੁੱਟੇ ਤਾਰੇ ਵਾਂਗ।

ਦਿਨ ਚੜ੍ਹਦੇ ਮੈਂ ਰੋਜ਼ ਉਡੀਕਣ ਬਹਿ ਜਾਨਾਂ,
ਚੰਗਾ ਲੱਗਦੈ, ਇਹ ਵੀ ਮਿੱਠੇ ਲਾਰੇ ਵਾਂਗ।

ਉੱਡਿਆ ਫਿਰਦਾਂ ਧਰਤੀ ਅੰਬਰ ਰਾਤ ਦਿਨੇ,
ਪੌਣ ਸਵਾਰੀ ਕਰਦਾਂ ਵੇਖ ਗੁਬਾਰੇ ਵਾਂਗ।

ਤੇਰੀ ਉਹ ਨਿਰਮੋਹੀ ਤੱਕਣੀ ਮਾਰ ਗਈ,
ਤਨ ਦੀ ਗੋਲੀ ਚੀਰ ਗਈ ਏ ਆਰੇ ਵਾਂਗ।

ਬੂੰਦ ਬੂੰਦ ਨੂੰ ਤਰਸ ਰਿਹਾ ਏ ਮਨ ਦਾ ਮੋਰ,
ਆਲ ਦੁਆਲੇ ਸ਼ਹਿਰ ਸਮੁੰਦਰ ਖਾਰੇ ਵਾਂਗ।

ਆਪਣੀ ਰੂਹ ਦਾ ਭਾਵੇਂ ਆਪ ਸਿਕੰਦਰ ਹਾਂ,
ਤੇਰੇ ਸਾਹਵੇਂ ਹਾਂ ਮੈਂ ਪੋਰਸ ਹਾਰੇ ਵਾਂਗ।

ਇਹ ਮਨ ਚੰਚਲ ਕਾਬੂ ਦੇ ਵਿਚ ਆਉਂਦਾ ਨਹੀਂ,
ਇੱਕੋ ਥਾਂ ਇਹ ਟਿਕਦਾ ਹੀ ਨਹੀਂ ਪਾਰੇ ਵਾਂਗ।

1

o

## ਤੁਰ ਰਿਹਾ ਭਾਵੇਂ ਅਗਾਂਹ ਨੂੰ

ਤੁਰ ਰਿਹਾ ਭਾਵੇਂ ਅਗਾਂਹ ਨੂੰ, ਪਿੱਛੇ ਮੁੜ ਮੁੜ ਦੇਖਦਾ ਹੈ।
ਬਹੁਤ ਪਹਿਲਾਂ ਕਾਫ਼ਲੇ ਤੋਂ, ਵਿਛੜਿਆ ਇਹ ਜਾਪਦਾ ਹੈ।

ਚਿਹਰਿਓਂ ਸੁਕਰਾਤ ਵੀ ਨਾ, ਜਾਪਦਾ ਈਸਾ ਨਹੀਂ ਇਹ,
ਕੌਣ ਹੈ ਜੋ ਚੌਂਕ ਵਿਚਲੀ ਸੂਲੀ ਮੁੜ ਮੁੜ ਚੁੰਮਦਾ ਹੈ।

ਆਮ ਲੋਕਾਂ ਦੀ ਨਜ਼ਰ ਵਿਚ, ਨੀਮ ਪਾਗ਼ਲ ਕੌਣ ਹੈ ਇਹ,
ਆਪ ਆਪਣੀ ਬਾਤ ਦਾ ਭਰ ਕੇ ਹੁੰਗਾਰਾ ਹੱਸਦਾ ਹੈ।

ਨਾ ਕਿਤੇ ਪੈੜਾਂ ਨਿਸ਼ਾਨੀ, ਅਰਸ਼ ਦਾ ਨਕਸ਼ਾ ਨਹੀਂ ਹੈ,
ਵੇਖ ਲਉ ਉੱਡ ਕੇ ਪਰਿੰਦਾ, ਉਹਨੀਂ ਰਾਹੀਂ ਪਰਤਦਾ ਹੈ।

ਮੈਂ ਤੇਰੇ ਵਿਸ਼ਵਾਸ ਤੇ ਧਰਵਾਸ ਪਿੱਛੇ ਆ ਰਿਹਾ ਸਾਂ,
ਪਰਤ ਜਾਵਾਂ ਮੈਂ ਪਿਛਾਂਹ, ਦੱਸ ! ਇਹ ਤੂੰ ਮੈਨੂੰ ਕੀਹ ਕਿਹਾ ਹੈ?

ਤੂੰ ਮੇਰੇ ਕਲਬੂਤ ਵਿਚੋਂ, ਜਾਨ ਲੈ ਕੇ ਜਦ ਗਿਆ ਸੀ,
ਨਬਜ਼ ਉਸੇ ਪਲ ਖਲੋਤੀ, ਜਿਸਮ ਹਾਲੇ ਤੜਫਦਾ ਹੈ।

ਕੌਣ ਔਰੰਗਜ਼ੇਬ ਹੈ ਇਹ, ਤਿੰਨ ਸਦੀਆਂ ਬਾਦ ਵੀ ਜੋ,
ਕਬਰ ਵਿੱਚੋਂ ਉੱਠ ਕੇ, ਹਾਲੇ ਵੀ ਜਜ਼ੀਆ ਮੰਗਦਾ ਹੈ।

1

o

## ਮਿੱਟੀ ਦਾ ਭਗਵਾਨ ਬਣਾ ਕੇ ਡਰੀ ਗਏ

ਮਿੱਟੀ ਦਾ ਭਗਵਾਨ ਬਣਾ ਕੇ ਡਰੀ ਗਏ।
ਉਸ ਦੇ ਚਰਨੀਂ ਦੀਪ ਜਗਾ ਕੇ ਧਰੀ ਗਏ।

'ਨੇਰ੍ਹੇ ਅੰਦਰ ਬੈਠ ਗਏ ਆਂ ਚੁੱਪ ਕਰ ਕੇ,
ਚੁੱਪ ਦੇ ਸ਼ੋਰ ਭਿਆਨਕ ਹੱਥੋਂ ਮਰੀ ਗਏ।

ਮੜ੍ਹੀਆਂ ਤੀਕ ਪੁਚਾਇਆ ਸਾਨੂੰ ਰਹਿਬਰ ਨੇ,
ਜੋ ਜੋ ਸਾਨੂੰ ਆਖਿਆ ਆਪਾਂ ਕਰੀ ਗਏ।

ਸਾਡੇ ਉਲਟ ਗਵਾਹੀ ਸਾਥੋਂ ਲੈ ਗਏ ਉਹ,
ਘੂਕੀ ਅੰਦਰ ਅਸੀਂ ਹੁੰਗਾਰਾ ਭਰੀ ਗਏ।

ਸੱਚ ਬੋਲਣ ਦੀ ਕੀਮਤ ਸੁਣ ਕੇ ਡਰ ਗਏ ਸਾਂ,
ਮਨ ਦੇ ਕਾਂਬੇ ਕਾਰਨ ਆਪਾਂ ਠਰੀ ਗਏ।

ਜਿੰਨ੍ਹਾਂ ਤੋਂ ਰਖਵਾਲੀ ਖ਼ਾਤਰ ਬੈਠੇ ਸਾਂ,
ਸਾਡੇ ਹੁੰਦਿਆਂ ਹਰੀ-ਅੰਗੂਰੀ ਚਰੀ ਗਏ।

ਏਸ ਨਮੋਸ਼ੀ ਦਾ ਡਰ ਸਾਨੂੰ ਡੋਬ ਗਿਆ,
ਸੁਪਨੇ ਦੇ ਵਿਚ ਬਿਨ ਪਾਣੀ ਤੋਂ ਤਰੀ ਗਏ।

l

o

## ਵਹਿ ਗਿਆ ਪਾਣੀ ਪੁਲ਼ਾਂ ਦੇ ਹੇਠ

ਵਹਿ ਗਿਆ ਪਾਣੀ ਪੁਲ਼ਾਂ ਦੇ ਹੇਠ ਮੁੜ ਆਉਂਦਾ ਨਹੀਂ।
ਦਿਵਸ ਗੁਜ਼ਰਨ ਬਾਅਦ, ਫੇਰਾ ਫਿਰ ਕਦੇ ਪਾਉਂਦਾ ਨਹੀਂ।

ਤਪ ਰਹੀ ਤੰਦੂਰ ਵਾਂਗੂੰ ਧਰਤ ਮੰਗਦੀ ਮੇਘਲਾ,
ਮੇਰੇ ਮਨ ਦਾ ਇਹ ਪਪੀਹਾ, ਔੜ ਬਿਨ ਗਾਉਂਦਾ ਨਹੀਂ।

ਠਾਰ ਦੇਵੇ ਬਿਰਖ਼-ਬੂਟੇ, ਜਿਸ ਤਰ੍ਹਾਂ ਗੂੜ੍ਹਾ ਸਿਆਲ,
ਤੇਰਾ ਇਹ ਕੋਰਾ ਸਲੀਕਾ, ਰੂਹ ਨੂੰ ਭਾਉਂਦਾ ਨਹੀਂ।

ਇਹ ਹਮੇਸ਼ਾਂ ਧਰਤ ਲੋੜੇ ਸੁਪਨਿਆਂ ਦੇ ਹਾਣ ਦੀ,
ਰੂਹ ਦਾ ਚੰਬਾ ਏਸ ਲਈ ਮੈਂ ਹਰ ਜਗ੍ਹਾ ਲਾਉਂਦਾ ਨਹੀਂ।

ਲੱਗਦੇ ਆਸਾਰ ਓਦੋਂ, ਹੁਣ ਤਾਂ ਪਰਲੋਅ ਆਏਗੀ,
ਤੂੰ ਜਦੋਂ ਸੁਪਨੇ ਦੇ ਵਿਚ ਵੀ, ਮੇਰੇ ਘਰ ਆਉਂਦਾ ਨਹੀਂ।

ਡਰ ਦੇ ਮਾਰੇ, ਕਿਰਚ-ਕੰਡੇ ਗੱਡੇ ਨਾ ਦੀਵਾਰ ਤੇ,
ਇਸ ਤਰ੍ਹਾਂ ਦੇ ਵਿਹੜਿਆਂ ਵਿਚ, ਪੈਰ ਚਾਅ ਪਾਉਂਦਾ ਨਹੀਂ।

ਤੂੰ ਮੇਰੇ ਸਾਹਾਂ ਦੇ ਨੇੜੇ, ਹੋਰ ਨੇੜੇ ਹੋਰ ਹੋ,
ਬਿਨ ਤੇਰੇ ਮੈਂ ਠਰ ਗਿਆ ਹਾਂ, ਕੋਈ ਗਰਮਾਉਂਦਾ ਨਹੀਂ।

l

## ੦
## ਮੋਹ ਦੇ ਧਾਗੇ ਸਾਂਭਣ ਤੋਂ

ਮੋਹ ਦੇ ਧਾਗੇ ਸਾਂਭਣ ਤੋਂ ਜਦ ਹਾਰ ਗਏ।
ਡੁੱਬਦੇ ਤਰਦੇ ਪੁੱਤ ਸਮੁੰਦਰ ਪਾਰ ਗਏ।

ਕੱਖ-ਕਾਣ ਦੀ ਰਾਖੀ ਮਾਪੇ ਬੈਠੇ ਨੇ,
ਆਲ੍ਹਣਿਆਂ 'ਚੋਂ ਬੋਟ ਉਡਾਰੀ ਮਾਰ ਗਏ।

ਜਿੰਨ੍ਹਾਂ ਨੂੰ ਮੈਂ ਚੋਗ ਚੁਗਾਏ ਤਲੀਆਂ 'ਤੇ,
ਕਹਿਰ ਖ਼ੁਦਾ ਦਾ, ਓਹੀ ਸਾਨੂੰ ਚਾਰ ਗਏ।

ਤਨ ਮਨ ਦਾ ਤੰਦੂਰ ਭਖਾ ਕੇ ਬੈਠੇ ਸਾਂ,
ਤੇਰੇ ਬੋਲ ਪਿਆਰੇ ਰੂਹ ਨੂੰ ਠਾਰ ਗਏ।

ਮੂੰਹ ਵਿਚ ਛੁਰੀਆਂ ਰਾਮ ਬਗਲ ਵਿਚ ਰੱਖਦੇ ਨੇ,
ਅੰਬੀਆਂ ਟੁੱਕਦੇ ਤੋਤੇ ਬਣ ਹੁਸ਼ਿਆਰ ਗਏ।

ਕਰੀਂ ਉਡੀਕ ਕਦੇ ਨਾ ਬਹਿ ਕੇ ਪੱਤਣਾਂ ਤੇ,
ਜਾਵਣ ਵਾਲੇ ਰੂਹ ਤੋਂ ਭਾਰ ਉਤਾਰ ਗਏ।

ਕੰਧਾਂ ਚਾਰ ਦੀਵਾਰੀ ਅੰਦਰ ਸਹਿਕਦੀਆਂ,
ਘਰ ਦੇ ਮਾਲਕ ਕੁੰਡੇ ਜੰਦਰੇ ਮਾਰ ਗਏ।

ਬਾਰ ਪਰਾਏ ਬੈਠੇ ਨੇ, ਪਰ ਮੰਨਦੇ ਨਹੀਂ,
ਕਰਨ ਕਮਾਈਆਂ ਜਿੱਥੇ ਸਾਡੇ ਯਾਰ ਗਏ।

1

## ੦
## ਤਪਦੇ ਤਨ ਤੇ ਘੜਾ ਡੋਲ੍ਹ

ਤਪਦੇ ਤਨ ਤੇ ਘੜਾ ਡੋਲ੍ਹ ਉਹ ਜਦ ਅੰਗੜਾਈ ਭਰਦੀ ਹੈ।
ਬੁੱਝ ! ਕਿਸਨੂੰ ਉਸ ਵੇਲੇ ਫਿਰ ਬਿਰਹਣ ਚੇਤੇ ਕਰਦੀ ਹੈ।

ਸ਼ੀਸ਼ੇ ਸਨਮੁਖ ਖੜ੍ਹੀ ਖਲੋਤੀ, ਸੰਗਦੀ ਤੱਕਦੀ ਚਿਹਰੇ ਨੂੰ,
ਗੁੱਤ ਖੋਲ੍ਹ ਕੇ ਵਾਲ਼ਾਂ ਵਿਚ ਉਂਗਲਾਂ ਦੀ ਕੰਘੀ ਕਰਦੀ ਹੈ।

ਮੋਤੀਆ ਵਸਤਰ ਪਹਿਨ ਜਦੋਂ ਉਹ, ਜਲ ਤੇ ਲਹਿਰਾਂ ਵਾਂਗ ਤੁਰੇ,
ਲੰਮੀ ਧੌਣ ਉਠਾ ਕੇ ਜਾਪੇ, ਜਲ-ਮੁਰਗਾਈ ਤਰਦੀ ਹੈ।

ਸੁਪਨਾ ਹੈ ਜਾਂ ਤਲਖ਼ ਹਕੀਕਤ, ਮਾਰੂਥਲ ਦੀ ਭਰਮ ਜਲੀ,
ਪਾਣੀ ਲੱਭਦੀ ਜਿਵੇਂ ਮਿਰਗਣੀ, ਨਾ ਜੀਂਦੀ ਨਾ ਮਰਦੀ ਹੈ।

ਦਿਨ ਵੇਲੇ ਅੱਗ ਵਾਂਗਰ ਤਪਦੀ, ਠਰ ਜਾਂਦੀ ਹੈ ਰਾਤਾਂ ਨੂੰ,
ਆਪਣੀ ਜ਼ਾਤ ਵਿਖਾਲਣ ਖ਼ਾਤਰ ਮਿੱਟੀ ਕੀਹ ਕੀਹ ਕਰਦੀ ਹੈ।

ਸੁਰਖ਼ ਲਬਾਂ ਤੇ ਚੁੱਪ ਦਾ ਪਹਿਰਾ, ਚਿਹਰਾ ਬੀਆਬਾਨ ਜਿਹਾ,
ਅੱਖਾਂ ਅੰਦਰ ਤਲਖ਼ ਸਮੁੰਦਰ, ਜ਼ਿੰਦਗੀ ਹੌਕੇ ਭਰਦੀ ਹੈ।

ਜ਼ੁਲਮ ਕਹੇ ਉਂਝ ਝਟਕੇ ਨੂੰ ਤੇ ਕਰੇ ਹਲਾਲ ਕਸਾਈ ਵਾਂਗ,
ਮੈਨੂੰ ਦੱਸੋ ਧਰਮਾਂ ਵਾਲਿਉ, ਇਹ ਕੈਸੀ ਹਮਦਰਦੀ ਹੈ।

ਤਪਦੇ ਥਲ ਵਿਚ ਪੈਰੀਂ ਛਾਲੇ, ਸਿਰ ਤੇ ਬਲਦਾ ਸੂਰਜ ਲਾਲ਼,
ਸਫ਼ਰ ਨਿਰੰਤਰ ਮੱਥੇ ਅੰਦਰ, ਹਰ ਪਲ ਅਗਨੀ ਵਰ੍ਹਦੀ ਹੈ।

1

o

## ਮੈਂ ਸੁਲਝਾਉਂਦਾ ਉਲਝ ਗਿਆ ਹਾਂ

ਮੈਂ ਸੁਲਝਾਉਂਦਾ ਉਲਝ ਗਿਆ ਹਾਂ, ਤੰਦਾਂ ਉਲਝੀ ਤਾਣੀ ਅੰਦਰ।
ਇੱਕ ਵੀ ਤੰਦ ਸਬੂਤੀ ਹੈ ਨਹੀਂ, ਮੇਰੀ ਰਾਮ-ਕਹਾਣੀ ਅੰਦਰ।

ਸਦੀਆਂ ਮਗਰੋਂ ਬਦਲੀ ਨਹੀਂ ਤਕਦੀਰ ਸਮੇਂ ਦੀ ਏਸੇ ਕਰਕੇ,
ਓਹੀ ਰਾਣੀ ਓਹੀ ਰਾਜਾ, ਫਿਰਦੈ ਆਮ ਕਹਾਣੀ ਅੰਦਰ।

ਕਿੰਨੇ ਦਰਦ ਪੁਰਾਣੇ ਘੁਲ਼ ਕੇ ਅੱਥਰੂਆਂ ਦੀ ਜੂਨ ਪਏ ਨੇ,
ਹੌਂਕੇ ਭਰਦੇ ਖ਼ਾਲੀ ਥਾਵਾਂ, ਲੰਘਕੇ ਸਾਹਾਂ ਥਾਣੀਂ ਅੰਦਰ।

ਕਾਮ ਕ੍ਰੋਧ ਲੋਭ ਤੇ ਮਾਇਆ, ਡੰਗਦਾ ਹੈ ਹੰਕਾਰ ਦਾ ਕੀੜਾ,
ਭਾਵੇਂ ਦੱਸਿਆ ਮਾਰਨ ਦਾ ਢੰਗ, ਗੁਰੂਆਂ ਨੇ ਗੁਰਬਾਣੀ ਅੰਦਰ।

ਵੱਸਦੀ ਧਰਤੀ ਜੰਤ ਪਰਿੰਦੇ, ਬੜੇ ਭੁਲੇਖੇ ਅੰਦਰ ਉੱਡਦੇ,
ਇਸ ਤੋਂ ਕਿਤੇ ਵਚਿੱਤਰ ਦੁਨੀਆਂ, ਵੱਸਦੀ ਹੇਠਾਂ ਪਾਣੀ ਅੰਦਰ।

ਜ਼ਿੰਦਗੀ ਕੋਹਲੂ ਨਾਲੋਂ ਜਾਬਰ, ਸਾਰਾ ਖ਼ੂਨ ਨਿਚੋੜ ਲਿਆ ਏ,
ਚੂਰਾ ਚੂਰਾ ਰੀਝਾਂ ਸੁਪਨੇ, ਪਿੱਛੇ ਰਹਿ ਗਏ ਘਾਣੀ ਅੰਦਰ।

ਮੇਰੇ ਨਾਲ ਬਰਾਬਰ ਮੇਰੀਆਂ ਅੱਖਾਂ ਬੁੱਢੀਆਂ ਹੋ ਰਹੀਆਂ ਨੇ,
ਏਸੇ ਕਰਕੇ ਦਿਸਦਾ ਨਾ ਉਹ, ਜੋ ਹਾਣੀ ਨੂੰ ਹਾਣੀ ਅੰਦਰ।

ਪੱਤੇ ਵੇਖ ਵਜਾਵਣ ਤਾਲੀ, ਨੱਚੀ ਜਾਵੇ ਨਾਚ-ਨਚੱਈਆ,
ਪੌਣਾਂ ਛੇੜਨ ਰਾਗ ਇਲਾਹੀ, ਸੁੱਤਾ ਹੈ ਜੋ ਟਾਹਣੀ ਅੰਦਰ।

ਰੂਹ ਦੀ ਚੁੱਪ ਨੂੰ ਸੁਣਨਾ ਹੈ ਤਾਂ ਅੰਤਰ ਧਿਆਨ ਲਗਾ ਕੇ ਬੈਠੀਂ,
ਅਨਹਦ-ਨਾਦ ਕਦੇ ਨਹੀਂ ਸੁਣਦਾ, ਬਹਿ ਕੇ ਮਿੱਤਰਾ ਢਾਣੀ ਅੰਦਰ।

l

o

## ਸਿਖ਼ਰ ਪਹਾੜੀ ਉਤਲੀ

ਸਿਖ਼ਰ ਪਹਾੜੀ ਉਤਲੀ ਸੁੱਚੀ ਕੰਦਰ ਹਾਂ।
ਬਿਨਾ ਮੂਰਤੀ ਪਾਕ-ਪਵਿੱਤਰ ਮੰਦਰ ਹਾਂ।

ਮੈਨੂੰ ਬਾਹਰੋਂ ਲੱਭਦਾ ਹੈਂ ਕਿਉਂ ਰਾਤ ਦਿਨੇ,
ਵੇਖ ਜ਼ਰਾ ਤੂੰ, ਮੈਂ ਤਾਂ ਤੇਰੇ ਅੰਦਰ ਹਾਂ।

ਮੇਰੇ ਪੱਲੇ ਭਟਕਣ ਤੈਥੋਂ ਬਹੁਤੀ ਹੈ,
ਲੋਕਾਂ ਲਈ ਮੈਂ ਭਾਵੇਂ ਸ਼ਾਂਤ-ਸਮੁੰਦਰ ਹਾਂ।

ਸੁਣਦਾ ਨਾ ਮੈਂ ਚੀਕਾਂ, ਜ਼ਾਲਮ ਤੱਕਦਾ ਨਹੀਂ,
ਚੁੱਪ ਰਹਿੰਦਾਂ ਮੈਂ, ਗਾਂਧੀ ਜੀ ਦਾ ਬੰਦਰ ਹਾਂ।

ਅੱਥਰੇ ਸੁਪਨੇ ਅਪਣਾ ਨਾਚ ਨਚਾਉਂਦੇ ਨੇ,
ਲੋਕਾਂ ਲਈ ਮੈਂ ਭਾਵੇਂ ਮਸਤ ਕਲੰਦਰ ਹਾਂ।

ਹੱਕ ਸੱਚ ਇਨਸਾਫ਼ ਗੁਆ ਕੇ ਬੈਠਾ ਜੋ,
ਵਕਤ ਦਿਆਂ ਹੋਠਾਂ ਤੇ ਚੁੱਪ ਦਾ ਜੰਦਰ ਹਾਂ।

ਆਪਣ ਡਉਰੂ ਆਪ ਵਜਾ ਕੇ ਨੱਚਦਾ ਮੈਂ,
ਨਵੀਂ ਨਸਲ ਦਾ ਕੈਸਾ ਅਜਬ ਕਲੰਦਰ ਹਾਂ।

l

○

## 'ਨੇਰ੍ਹਿਆਂ ਵਿਚ ਸ਼ਹਿਰ ਡੁੱਬਾ

'ਨੇਰ੍ਹਿਆਂ ਵਿਚ ਸ਼ਹਿਰ ਡੁੱਬਾ, ਬੋਲਦਾ ਕੋਈ ਨਹੀਂ ਹੈ।
ਗੁੱਲ ਹੋਏ ਦੀਵਿਆਂ ਨੂੰ ਢੂੰਡਦਾ ਕੋਈ ਨਹੀਂ ਹੈ।

ਸ਼ਹਿਰ ਵਾਲੇ ਲੋਕ ਅੰਦਰ ਬਹਿ ਵਿਚਾਰਾਂ ਕਰ ਰਹੇ ਨੇ,
ਚੋਰ ਨੂੰ ਵੀ ਚੋਰ ਏਥੇ ਆਖਦਾ ਕੋਈ ਨਹੀਂ ਹੈ।

ਭਰਮ ਦੀ ਦੀਵਾਰ ਦੇ ਅੰਦਰਲੇ ਕੈਦੀ ਕਿਉਂ ਬਣੇ ਨੇ,
ਡਰ ਰਹੇ ਇਕ ਦੂਸਰੇ ਤੋਂ, ਬੋਲਦਾ ਕੋਈ ਨਹੀਂ ਹੈ।

ਅਪਣੇ ਮਨ ਦਾ ਡਰ ਹੀ ਸਭ ਦਾ, ਰੋਜ਼ ਪਿੱਛਾ ਕਰ ਰਿਹਾ ਹੈ,
ਬਾਹਰਲੇ ਦੁਸ਼ਮਣ ਨੂੰ ਏਥੇ ਗੌਲਦਾ ਕੋਈ ਨਹੀਂ ਹੈ।

ਸ਼ੋਰ ਅੰਦਰ ਸ਼ਬਦ ਗੁੰਮੇ, ਅਰਥ ਲੱਭਦੇ ਫਿਰ ਰਹੇ ਨੇ,
ਏਸ ਗੁੰਮਸ਼ੁਦਗੀ ਦੇ ਬਾਰੇ, ਗ਼ਮਜ਼ਦਾ ਕੋਈ ਨਹੀਂ ਹੈ।

ਜੇਤੂਆਂ ਦੀ ਭੀੜ ਅੱਗੇ ਬੈਂਡ ਵਾਜੇ ਵੱਜ ਰਹੇ ਨੇ,
ਹਾਰਿਆਂ ਦੇ ਕੋਲ ਏਥੇ, ਠਹਿਰਦਾ ਕੋਈ ਨਹੀਂ ਹੈ।

ਮੈਂ ਗੁਆਚਾ ਮਨ ਦੀ ਨਗਰੀ, ਬੰਦ ਬੂਹੇ ਚਾਰ ਬੰਨੇ,
ਲੱਭਦਾ ਮੈਨੂੰ ਵੀ ਏਥੇ ਮੇਰੇ ਬਿਨ ਕੋਈ ਨਹੀਂ ਹੈ।

1

○

## ਜਮਾਤਾਂ ਨੂੰ ਜਦੋਂ ਵੀ ਜ਼ਾਤ

ਜਮਾਤਾਂ ਨੂੰ ਜਦੋਂ ਵੀ ਜ਼ਾਤ ਲਈ ਕੁਰਬਾਨ ਕਰਦੀ ਹੈ।
ਸਿਆਸਤ ਇਸ ਤਰ੍ਹਾਂ ਹੀ ਮੁਲਕ ਨੂੰ ਵੀਰਾਨ ਕਰਦੀ ਹੈ।

ਇਹ ਹੰਝੂ ਹਾਰ ਬਣ ਜਾਂਦੇ ਨੇ ਮਾਤਾ ਧਰਤ ਦੇ ਗਲਮੇ,
ਜਦੋਂ ਚੜ੍ਹਦੀ ਜਵਾਨੀ ਸੀਸ ਨੂੰ ਕੁਰਬਾਨ ਕਰਦੀ ਹੈ।

ਇਹ ਕੁਰਸੀ ਆਦਮੀ ਨੂੰ ਤਰਸ-ਪਾਤਰ ਜਦ ਬਣਾ ਦੇਵੇ,
ਤਾਂ ਸਮਝੋ ਆਦਮੀਅਤ ਦਾ ਧੁਰੋਂ ਅਪਮਾਨ ਕਰਦੀ ਹੈ।

ਕਦੋਂ ਸਰਕਾਰ ਰਹਿਮਤ ਬਖ਼ਸ਼ਦੀ, ਬਿਨ ਮੁੱਲ ਤਾਰੇ ਤੋਂ,
ਲਵੇ ਕਿਰਦਾਰ ਦੀ ਭੇਟਾ, ਜਦੋਂ ਸਨਮਾਨ ਕਰਦੀ ਹੈ।

ਜਿੰਨ੍ਹਾਂ ਦੀ ਅੱਖ ਵਿਚ ਹੰਝੂ ਵੀ ਅਸਲੀ ਠਹਿਰ ਨਹੀਂ ਸਕਦੇ,
ਹਕੂਮਤ ਕਿੰਜ ਸੁੱਚੇ ਮੋਤੀਆਂ ਦਾ ਦਾਨ ਕਰਦੀ ਹੈ।

ਜਦੋਂ ਵੀ ਜਬਰ ਹੱਦਾਂ ਪਾਰ ਕਰਕੇ ਸਿਖ਼ਰ ਤੇ ਪਹੁੰਚੇ,
ਜਵਾਨੀ ਹਰ ਚੁਣੌਤੀ ਨੂੰ ਉਦੋਂ ਪਰਵਾਨ ਕਰਦੀ ਹੈ।

ਸਦਾ ਸੁਖ ਤੇ ਸਹੂਲਤ ਆਦਮੀ ਨੂੰ ਮਾਰ ਦੇਂਦੇ ਨੇ,
ਮੁਸੀਬਤ ਆਦਮੀ ਨੂੰ ਹੋਰ ਵੀ ਬਲਵਾਨ ਕਰਦੀ ਹੈ।

1

੦

## ਉਹਦੀ ਛੋਹ ਜਿਉਂ ਛੋਹ

ਉਹਦੀ ਛੋਹ ਜਿਉਂ ਛੋਹ ਬਿਜਲੀ ਦੀ ਤਾਰ ਗਈ ਏ।
ਤੜਪ ਰਿਹਾ ਦਿਲ ਕਰ ਉਹ ਠੰਢਾ ਠਾਰ ਗਈ ਏ।

ਹਾਲੇ ਤੱਕ ਵੀ ਕੰਬੀ ਜਾਵੇ ਰੁੱਖ ਦੀ ਟਾਹਣੀ,
ਉੱਡ ਕੇ ਜਿਸ ਤੋਂ ਕੂੰਜਾਂ ਵਾਲੀ ਡਾਰ ਗਈ ਏ।

ਮੇਰੇ ਸਿਰ ਤੇ ਭਾਰ ਵਧਾ ਗਈ ਪਹਿਲਾਂ ਨਾਲੋਂ,
ਉਹ ਤਾਂ ਅਪਣੀ ਰੂਹ ਤੋਂ ਭਾਰ ਉਤਾਰ ਗਈ ਏ।

ਜੇ ਮਿਲਣਾ ਪ੍ਰਵਾਨ ਨਹੀਂ ਸੀ, ਕਿਹੜੀ ਗੱਲ ਸੀ,
ਆਸਾਂ ਨੂੰ ਕਿਉਂ ਕੁੰਡੇ ਜੰਦਰੇ ਮਾਰ ਗਈ ਏ।

ਗੱਲਾਂ ਕਰਦੇ, ਤੁਰਦੇ, ਚੰਨ ਤੇ ਪਹੁੰਚ ਗਏ ਸਾਂ,
ਕੱਲ੍ਹਿਆਂ ਮੁੜਦੇ ਮੇਰੀ ਹਿੰਮਤ ਹਾਰ ਗਈ ਏ।

ਸਾਹਾਂ ਦੀ ਡੋਰੀ 'ਚੋਂ ਮਣਕੇ ਕਿਰ ਚੱਲੇ ਨੇ,
ਮੇਰੀ ਸੁਰਤੀ ਸੱਤ-ਸਮੁੰਦਰ ਪਾਰ ਗਈ ਏ।

ਉੱਡਦੀ ਧੂੜ ਸੁਨੇਹਾ ਮੈਨੂੰ ਦੇ ਦਿੱਤਾ ਸੀ,
ਜਿੱਧਰ ਉਸਦੀ ਘੁੱਗੀ ਰੰਗੀ ਕਾਰ ਗਈ ਏ।

ੳਪਰਿਆਂ ਦੇ ਵਾਂਗ ਘੁੰਮਾਅ ਕੇ ਗਰਦਨ ਤੁਰ ਗਈ,
ਦਿਲ ਵਿਚ ਰਹਿੰਦੀ ਰਹਿੰਦੀ ਕਹਿਰ ਗੁਜ਼ਾਰ ਗਈ ਏ।

1

੦

## ਕੱਚ ਕੰਕਰਾਂ ਪੈਰਾਂ ਦੇ ਵਿਚ

ਕੱਚ ਕੰਕਰਾਂ ਪੈਰਾਂ ਦੇ ਵਿਚ ਵੱਜਦੇ ਰਹੇ।
ਤਾਂਹੀਓ ਆਪਾਂ ਵਾਹੋਦਾਹੀ ਭੱਜਦੇ ਰਹੇ।

ਉਤਲੀ ਚਾਦਰ ਸਾਡੇ ਕੱਦ ਤੋਂ ਛੋਟੀ ਸੀ,
ਪੈਰ ਕਦੇ ਸਿਰ, ਵਾਰੋ ਵਾਰੀ ਕੱਜਦੇ ਰਹੇ।

ਫ਼ਸਲ, ਕਿਆਰੇ ਸੁੱਕੇ ਤਰਸਣ ਪਾਣੀ ਨੂੰ,
ਫ਼ੋਕੇ ਬੱਦਲ ਐਵੇਂ ਸਿਰ ਤੇ ਗੱਜਦੇ ਰਹੇ।

ਭੁੱਖਣ-ਭਾਣੇ ਲੋਕ ਗੁਆਚੇ ਰਾਹਾਂ ਵਿਚ,
ਰੱਜੇ ਪੁੱਜੇ ਵਿਹਲੇ ਬਹਿ ਕੇ ਰੱਜਦੇ ਰਹੇ।

ਮਰਦੇ ਦਮ ਦੀ ਚੀਖ਼ ਸੁਣੀ ਨਾ ਗਲੀਆਂ ਨੇ,
ਪਿੰਡ ਵਿਚ ਸਾਰੀ ਰਾਤ ਸਪੀਕਰ ਵੱਜਦੇ ਰਹੇ।

ਅੱਲ੍ਹਾ ਵਾਲੀ ਜ਼ਾਤ ਨਾ ਵੇਖਣ ਖ਼ਲਕਤ 'ਚੋਂ,
ਤਲਬਗਾਰ ਜੋ ਸਾਰੀ ਉਮਰਾ ਹੱਜ ਦੇ ਰਹੇ।

ਕੱਲ੍ਹ ਪਰਸੋਂ ਕੀਹ ਹੋਇਆ ਜਾਂ ਕੀਹ ਹੋਵੇਗਾ,
ਦੇਣਦਾਰ ਤਾਂ ਅਸੀਂ ਹਮੇਸ਼ਾਂ 'ਅੱਜ' ਦੇ ਰਹੇ।

ਨੀਹਾਂ ਵਿਚੋਂ ਪਾਕ ਸ਼ਹਾਦਤ ਪੁੱਛਦੀ ਏ,
ਤਾਜ ਕਿਉਂ ਨੇ ਟੋਡੀਆਂ ਦੇ ਸਿਰ ਸੱਜਦੇ ਰਹੇ।

1

੦

## ਕਿਸ ਤੇ ਰੋਸ ਕਰੇਂਗੀ ਜਿੰਦੇ

ਕਿਸ ਤੇ ਰੋਸ ਕਰੇਂਗੀ ਜਿੰਦੇ, ਤੀਰਾਂ ਜਾਂ ਤਲਵਾਰਾਂ ਤੇ।
ਟੁੱਟ ਗਿਆ ਹੈ ਮਾਣ ਵੀ ਆਖ਼ਰ, ਜਿਹੜਾ ਸੀ ਦਿਲਦਾਰਾਂ ਤੇ।

ਆਮ ਸਾਧਾਰਨ ਬੰਦੇ ਨਾਲੋਂ ਟੁੱਟ ਕੇ 'ਕੱਲ੍ਹਾ ਰਹਿ ਜਾਏਂਗਾ,
ਬਹੁਤਾ ਹੀ ਤੂੰ ਨਿਰਭਰ ਰਹਿਨੈਂ ਟੀ.ਵੀ. ਜਾਂ ਅਖ਼ਬਾਰਾਂ ਤੇ।

ਭੁੱਖਣ-ਭਾਣੇ ਕਾਫ਼ਲਿਆਂ ਤੋਂ ਕਿੱਦਾਂ ਜਾਨ ਬਚਾਵੇਂਗਾ,
ਤੇਰੇ ਮਹਿਲੀਂ ਪਹੁੰਚ ਗਏ ਜੇ, ਤੁਰਦੇ ਤੁਰਦੇ ਤਾਰਾਂ ਤੇ।

ਅੱਖ ਬਚਾ ਕੇ ਲੰਘ ਜਾਂਦਾ ਏਂ, ਚੋਰੀ ਏਸ ਚੁਰਸਤੇ 'ਚੋਂ,
ਪੜ੍ਹਦਾ ਕਿਉਂ ਨਹੀਂ ਕੋਲ ਖਲੋ ਕੇ, ਲਿਖਿਐ ਜੋ ਦੀਵਾਰਾਂ ਤੇ।

ਅੱਥਰੂ-ਅੱਥਰੂ ਖੇਤੀ ਹੁਣ ਤਾਂ, ਬੰਦ ਮਸ਼ੀਨਾਂ ਸਹਿਕਦੀਆਂ,
ਦੇਸ਼ ਮੇਰੇ ਦੀ ਧੜਕਣ ਅੱਜ ਕੱਲ੍ਹ ਨਿਰਭਰ ਹੈ ਬਾਜ਼ਾਰਾਂ ਤੇ।

ਸੁਰਖ਼-ਉਨਾਭੀ ਨੇਤਰ ਤੇਰੇ, ਬਣ ਗਏ ਨੀਮ-ਗੁਲਾਬੀ ਨੇ,
ਉਂਗਲੀ ਉੱਠਦੀ ਨਾ ਹੁਣ ਤੇਰੀ, ਹੁੰਦੇ ਅੱਤਿਆਚਾਰਾਂ ਤੇ।

ਤੂੰ ਵੀ ਤਾਂ ਮਸ਼ਗੂਲੇ ਕੀਤੇ, ਹੱਥ ਬੰਨ੍ਹ ਅਰਜ਼ ਗੁਜ਼ਾਰਦਿਆਂ,
ਰਾਤੋ ਰਾਤ ਨਹੀਂ ਇਹ ਪਹੁੰਚੇ, ਤਰਲਿਆਂ ਤੋਂ ਹਥਿਆਰਾਂ ਤੇ।

1

੦

## ਹੋ ਗਿਆ ਮੈਨੂੰ ਭਲਾ ਕੀਹ

ਹੋ ਗਿਆ ਮੈਨੂੰ ਭਲਾ ਕੀਹ ਹੋ ਗਿਆ।
ਉਹ ਮੇਰੇ ਭਾਗਾਂ 'ਚ ਲਿਖ ਕੇ ਜੋ ਗਿਆ।

ਵੇਖ ਲੈ ਸਾਲਮ ਸਬੂਤਾ ਆਦਮੀ,
ਤੇਰਿਆਂ ਕਦਮਾਂ 'ਚ ਢੇਰੀ ਹੋ ਗਿਆ।

ਤੂੰ ਭਲਾ ਕੀਹ ਕਦਰ ਜਾਣੀ ਏਸ ਦੀ,
ਦਿਲ ਮੇਰਾ ਨੈਣਾਂ ਦੇ ਥਾਣੀਂ ਚੋ ਗਿਆ।

ਹੁਣ ਮੇਰੇ ਕਿਸ ਕੰਮ ਨੇ ਹਮਦਰਦੀਆਂ,
ਵਕਤ ਨੇ ਸੰਗਸਾਰ ਕੀਤਾ, ਹੋ ਗਿਆ।

ਓਸ ਹੀ ਹੌਕੇ 'ਚ ਮੇਰੀ ਜਾਨ ਸੀ,
ਆਖ਼ਰੀ ਹਿਚਕੀ 'ਚ ਸਭ ਕੁਝ ਖੋ ਗਿਆ।

ਐਤਕੀਂ ਫੁੱਟੇ ਪੁੰਗਾਰੇ ਫੇਰ ਤੋਂ,
ਬਾਗ਼ ਵਿੱਚ ਖ਼ੁਸ਼ਬੋ ਦਾ ਪੱਲੂ ਛੋਹ ਗਿਆ।

ਫੇਰ ਮਿਲਣਾ ਸ਼ਾਇਦ ਸੁਪਨੇ ਵਾਂਗ ਹੈ,
ਰਹਿਣ ਦੇ, ਹੋਣਾ ਸੀ ਜੋ ਹੁਣ ਹੋ ਗਿਆ।

ਕੰਡ ਕਰਕੇ ਤੂੰ ਤੁਰੀ ਸੀ, ਓਸ ਪਲ,
ਵਕਤ ਵੀ ਬੂਹਾ ਬਰਾਬਰ ਢੋ ਗਿਆ।

1

੦

## ਦਿਸਦੀ ਨਹੀਂ ਅਣਦਿਸਦੀ ਸ਼ਕਤੀ

ਦਿਸਦੀ ਨਹੀਂ ਅਣਦਿਸਦੀ ਸ਼ਕਤੀ, ਜਿਉਂ ਬਿਜਲੀ ਦੀ ਤਾਰ ਦੇ ਅੰਦਰ।
ਕਿੱਦਾਂ ਤੈਨੂੰ ਦੱਸਾਂ ਹੁਣ ਮੈਂ, ਕੀ ਕੁਝ ਹੈ ਸਰਕਾਰ ਦੇ ਅੰਦਰ।

ਲੀਲਾ ਅਪਰਮ ਪਾਰ ਅਪਾਰੀ, ਪਿਆਰ ਮੁਹੱਬਤ ਖ਼ੁਸ਼ਬੂ ਸਾਰੀ,
ਹਰ ਗੋਪੀ ਹਾਣੀ ਨੂੰ ਲੱਭਦੀ, ਅਪਣੇ ਕ੍ਰਿਸ਼ਨ ਮੁਰਾਰ ਦੇ ਅੰਦਰ।

ਪ੍ਰੇਮ ਦੇ ਢਾਈ ਅੱਖਰ ਹੀ ਨਾ ਕੁੱਲ ਹਯਾਤੀ ਸਮਝ ਪਏ ਨੇ,
ਇਸ ਤੋਂ ਅੱਗੇ ਦੱਸ ਤੂੰ ਆਪੇ, ਕੀਹ ਜਾਂਦਾ ਵਿਸਥਾਰ ਦੇ ਅੰਦਰ।

ਬੰਦਾ ਤਾਂ ਹਥਿਆਰ ਦੇ ਵਾਂਗੂੰ ਆਪ ਬੇਗਾਨੇ ਹੱਥ ਵਿਚ ਹੁੰਦੇ,
ਹੋਰ ਬੜਾ ਕੁਝ ਸ਼ਾਮਲ ਹੁੰਦੈ, ਦਸਤੇ ਬਿਨ ਤਲਵਾਰ ਦੇ ਅੰਦਰ।

ਚੋਰ-ਭੁਲਾਈਆਂ, ਲੁਕਣ-ਮਚਾਈਆਂ, ਆਪਣੇ ਨਾਲ ਖੇਡਦੇ ਰਹੀਏ,
ਪੇਸ਼ ਕਦੇ ਨਾ ਹੋਈਏ ਆਪਾਂ ਰੂਹ ਵਾਲੇ ਦਰਬਾਰ ਦੇ ਅੰਦਰ।

ਸੁਖ ਦੀ ਛਾਂ ਨੇ, ਵੇਖ, ਕਮੀਨਾ ਕਿੰਨਾ ਸਾਨੂੰ ਕਰ ਛੱਡਿਆ ਏ,
ਫਿਰਨ ਗੁਆਚੇ ਪੱਗ ਤੇ ਚੁੰਨੀ, ਹੁਣ ਸਾਡੇ ਕਿਰਦਾਰ ਦੇ ਅੰਦਰ।

ਪਿੰਡ ਇਕੱਲਾ ਹੀ ਨਾ ਬਸਤੀ, ਬਹੁਤ ਉਚੇਰੀ ਇਸ ਦੀ ਹਸਤੀ,
ਲੱਭੋ ਇਸ ਦੇ ਅਰਥ ਗੁਆਚੇ, ਅਪਣੇ ਸਭਿਆਚਾਰ ਦੇ ਅੰਦਰ।

ਸ਼ਗਨਾਂ ਦੀ ਫੁਲਕਾਰੀ ਗਾਨੇ, ਚੁੰਨੀਆਂ ਲਾਲ ਪਰਾਂਦੇ ਰੰਗਲੇ,
ਸਿਹਰੇ, ਸਿੱਖਿਆ, ਸਾਹੇ-ਚਿੱਠੀ, ਵਿਕਦੈ ਸਭ ਬਾਜ਼ਾਰ ਦੇ ਅੰਦਰ।

ਰੱਤ ਡੁੱਲੀ ਤੇ ਅੱਥਰੂ ਸਾਰੇ ਸਫ਼ਿਆਂ ਤੇ ਮਹਿਸੂਸ ਕਰੋਗੇ,
ਨਾਲ ਤੁਰੋਗੇ ਜੇਕਰ ਉਸਦੇ, ਜੋ ਛਪਿਐ ਅਖ਼ਬਾਰ ਦੇ ਅੰਦਰ।

ਖੜ੍ਹਾ ਖਲੋਤਾ, ਬੈਠਾ ਬੰਦਾ, ਕੋਸ ਮੀਨਾਰ ਤੋਂ ਵਧ ਕੇ ਕੁਝ ਨਾਂਹ,
ਮੰਜ਼ਿਲ ਦਾ ਸਿਰਨਾਵਾਂ ਹੁੰਦੈ, ਕਦਮਾਂ ਦੀ ਰਫ਼ਤਾਰ ਦੇ ਅੰਦਰ।

ਰਿਸ਼ਤਾ ਬੋਝ ਬੁਝਾਰਤ ਬਣਦੈ, ਸ਼ੱਕ ਹਮੇਸ਼ਾਂ ਤਾਂਡਵ ਕਰਦੇ,
ਸਾਂਝੀ ਤੰਦ ਮੁਹੱਬਤ ਵਾਲੀ, ਜੇ ਤਿੜਕੇ ਪਰਿਵਾਰ ਦੇ ਅੰਦਰ।

ਅਪਣੀ ਹਾਰ ਪਛਾਨਣ ਦੀ ਥਾਂ, ਦੋਸ਼ ਬੇਗਾਨੇ ਦੇ ਸਿਰ ਧਰੀਏ,
ਬਹੁਤੀ ਵਾਰੀ ਡੁੱਬ ਜਾਂਦੇ ਹਾਂ, ਖ਼ੁਦ ਆਪਾਂ ਹੰਕਾਰ ਦੇ ਅੰਦਰ।

1

੦

## ਅਸਾਂ ਤਾਂ ਬਲ਼ਦੇ ਰਹਿਣਾ ਹੈ

ਅਸਾਂ ਤਾਂ ਬਲ਼ਦੇ ਰਹਿਣਾ ਹੈ, ਜਦੋਂ ਤੱਕ ਰਾਤ ਬਾਕੀ ਹੈ।
ਚਿਰਾਗਾਂ ਦਾ ਇਹ ਕਹਿਣਾ ਹੈ, ਜਦੋਂ ਤੱਕ ਰਾਤ ਬਾਕੀ ਹੈ।

ਅਸਾਂ ਹਰ ਅੱਖ ਦੇ ਸੁਪਨੇ ਦੇ ਵਿਚ ਕੁਝ ਰੰਗ ਨੇ ਭਰਨੇ,
ਤੇ ਰੰਗਾਂ ਜਗਦੇ ਰਹਿਣਾ ਹੈ, ਜਦੋਂ ਤੱਕ ਰਾਤ ਬਾਕੀ ਹੈ।

ਅਸੀਂ ਤਾਂ ਸਾਬਰਾਂ ਦੀ ਅੰਸ ਬੰਸੋਂ ਹਾਂ ਉਦੈ ਹੋਏ,
ਜਬਰ ਕਰਨਾ ਨਾ ਸਹਿਣਾ ਹੈ, ਜਦੋਂ ਤੱਕ ਰਾਤ ਬਾਕੀ ਹੈ।

ਅਸੀਂ ਚੇਤਨ ਜਵਾਲਾ ਸੰਗ ਰਾਖੇ ਬਣ ਖਲੋਣਾ ਹੈ,
ਤੇ ਭਰਮਾਂ ਨਾਲ ਖਹਿਣਾ ਹੈ, ਜਦੋਂ ਤੱਕ ਰਾਤ ਬਾਕੀ ਹੈ।

ਇਹ ਪਾਸਾ ਵੱਟ ਲੈਣਾ ਵੀ ਵਕਾਲਤ ਹੈ ਹਨ੍ਹੇਰੇ ਦੀ,
ਫ਼ਰਜ਼ ਦੇ ਨਾਲ ਰਹਿਣਾ ਹੈ, ਜਦੋਂ ਤਕ ਰਾਤ ਬਾਕੀ ਹੈ।

ਇਹ ਗ਼ਦਰੀ ਸੂਰਮੇ ਬਾਬੇ, ਸੁਣੋ ਅੱਜ ਵੀ ਨੇ ਕੀ ਕਹਿੰਦੇ,
ਤੁਸੀਂ ਚੇਤੰਨ ਰਹਿਣਾ ਹੈ, ਜਦੋਂ ਤੱਕ ਰਾਤ ਬਾਕੀ ਹੈ।

ਕਦੇ ਵੀ ਸੀਸ ਵਾਲੀ ਫ਼ੀਸ ਦੇਣੋ ਕਿਰਸ ਨਾ ਕਰਿਉ,
ਸ਼ਹੀਦਾਂ ਦਾ ਇਹ ਕਹਿਣਾ ਹੈ, ਜਦੋਂ ਤੱਕ ਰਾਤ ਬਾਕੀ ਹੈ।

ਬੜੇ ਹਮਦਰਦ ਏਥੇ ਦੁਸ਼ਮਣੀ ਦੀ ਖੇਡ ਖੇਡਣਗੇ,
ਇਨ੍ਹਾਂ ਤੋਂ ਬਚਕੇ ਰਹਿਣਾ ਹੈ, ਜਦੋਂ ਤਕ ਰਾਤ ਬਾਕੀ ਹੈ।

ਕਦੇ ਵੀ ਹੱਕ ਤੇ ਇਨਸਾਫ਼ ਨੂੰ ਕੋਈ ਮੇਟ ਨਾ ਸਕਿਆ,
ਸੰਭਾਲੋ! ਸੱਚ ਗਹਿਣਾ ਹੈ, ਜਦੋਂ ਤੱਕ ਰਾਤ ਬਾਕੀ ਹੈ।

1

੦

## ਜਦ ਤੋਂ ਮੈਂ ਰਿਸ਼ਤਾ ਤੋੜਿਆ

ਜਦ ਤੋਂ ਮੈਂ ਰਿਸ਼ਤਾ ਤੋੜਿਆ, ਫ਼ਸਲਾਂ ਜ਼ਮੀਨ ਤੋਂ।
ਥੋੜ੍ਹਾ ਹੀ ਫ਼ਰਕ ਰਹਿ ਗਿਆ, ਮੇਰਾ ਮਸ਼ੀਨ ਤੋਂ।

ਫੁੰਕਾਰਦਾ ਹੈ ਨਾਗ ਇਹ ਬਣ ਬਣ ਕੇ ਦੇਵਤਾ,
ਮੇਰਾ ਭਰੋਸਾ ਉੱਠ ਗਿਐ ਅਮਨਾਂ ਦੀ ਬੀਨ ਤੋਂ।

ਉੱਡਦਾ ਪਰਿੰਦਾ ਵੀ ਸਦਾ, ਕਰਦਾ ਹੈ ਕਾਮਨਾ,
ਉੱਜੜੇ ਕਦੇ ਨਾ ਆਲ੍ਹਣਾ, ਇਸ ਸਰ-ਜ਼ਮੀਨ ਤੋਂ।

ਹਥਿਆਰ ਚੁੱਕੀ ਫਿਰਨ, ਮਾਰੋ ਮਾਰ ਕਰ ਰਹੇ,
ਸਭ ਧਰਤੀਆਂ ਦੇ ਲੋਕ ਹੀ, ਥਿੜਕੇ ਨੇ ਦੀਨ ਤੋਂ।

ਸਿਰਜਣ ਪਟੋਲੇ ਗੁੱਡੀਆਂ, ਮਾਵਾਂ ਨੇ ਭੁੱਲੀਆਂ,
ਬਣ ਕੇ ਖਿਡੌਣੇ ਆ ਰਹੇ, ਬੱਚਿਆਂ ਲਈ ਚੀਨ ਤੋਂ।

ਚੰਬਾ, ਰਵੇਲ ਮਹਿਕਦੇ, ਕਿੱਥੇ ਗੁਆਚ ਗਏ,
ਮਿਲਦਾ ਸਕੂਨ ਨਾ ਕਦੇ ਇਸ ਜੈਸਮੀਨ* ਤੋਂ।

ਦੀਵਾਰਾਂ ਓਹਲੇ ਸਾਜਿਸ਼ਾਂ, ਖ਼ਤਰਾ ਹਮੇਸ਼ ਹੈ,
ਡਰਦਾ ਨਹੀਂ ਮੈਂ ਦੋਸਤੋ, ਪਰਦੇ ਮਹੀਨ ਤੋਂ।

ਬੁੱਕਲ 'ਚ ਬਹਿ ਕੇ ਡੰਗਦਾ ਤੇ ਖ਼ੂਨ ਮੰਗਦਾ,
ਮੌਲਾ! ਬਚਾਵੀਂ ਦੋਸਤੀ ਐਸੇ ਕਮੀਨ ਤੋਂ।

ਪਾਣੀ ਵੀ ਪੁਣ ਕੇ ਪੀ ਰਿਹਾਂ ਤੂੰ ਆਪ ਵੇਖ ਲੈ,
ਸਿੱਖੇ ਨੇ ਸਾਰੇ ਸਬਕ ਮੈਂ, ਤੇਰੇ ਯਕੀਨ ਤੋਂ।

1

* ਚੰਬੇਲੀ ਦਾ ਅੰਗਰੇਜ਼ੀ ਨਾਂ

○

## ਲੋਕਾਂ ਦੇ ਮਨ ਉੱਤੇ

ਲੋਕਾਂ ਦੇ ਮਨ ਉੱਤੇ ਇਸ ਦਾ ਭਾਰ ਨਹੀਂ ਹੁਣ।
ਕਿਉਂ ਬਿਰਖ਼ਾਂ ਤੇ ਬਹਿੰਦੀ ਆ ਕੇ ਡਾਰ ਨਹੀਂ ਹੁਣ।

ਉਸਦੀ ਹੋਂਦ ਗੁਆਚਣ ਦਾ ਅਫ਼ਸੋਸ ਨਾ ਕੋਈ,
ਜੋ ਅਪਣੇ ਵਿਸ਼ਵਾਸ ਦਾ ਪਹਿਰੇਦਾਰ ਨਹੀਂ ਹੁਣ।

ਏਥੋਂ ਤੱਕ ਤਾਂ ਆਇਆ, ਭਾਵੇਂ ਪਰਤ ਗਿਆ ਏ,
ਕਿੱਦਾਂ ਕਹੀਏ, ਉਹ ਜੀ ਸਾਡਾ ਯਾਰ ਨਹੀਂ ਹੁਣ।

ਏਸ ਬੇਦਾਵੇ ਨੂੰ ਦੱਸ ਕਿੱਦਾਂ ਪਾੜ ਸਕੇਂਗਾ,
ਜੇਕਰ ਤੇਰੀ ਰੂਹ ਦੇ ਉੱਤੇ ਭਾਰ ਨਹੀਂ ਹੁਣ।

ਧਰਮ ਖਿਡੌਣੇ ਵਾਂਗ ਬਣਾ ਕੇ ਖੇਡ ਰਿਹੈਂ ਤੂੰ,
ਕਾਠ ਦੀ ਹਾਂਡੀ ਚੜ੍ਹਨੀ ਦੂਜੀ ਵਾਰ ਨਹੀਂ ਹੁਣ।

ਪੈੜਾਂ ਤੇ ਪਰਛਾਵੇਂ ਕਿੰਜ ਸੰਭਾਲ ਕੇ ਰੱਖੀਏ,
ਤੈਨੂੰ ਵੀ ਤਾਂ ਸਾਡੀ ਕੋਈ ਸਾਰ ਨਹੀਂ ਹੁਣ।

ਨਕਲੀ ਫੁੱਲ ਬਜ਼ਾਰੋਂ ਲੈ ਕੇ ਬੂਹੇ ਟੰਗਦੇ,
ਪੱਤ ਸ਼ਰੀਂਹ ਦੇ ਬਣਦੇ ਬੰਦਨ-ਬਾਰ ਨਹੀਂ ਹੁਣ।

1

○

## ਬੱਦਲਾਂ ਵਾਂਗੂੰ ਉੱਡਿਆ ਫਿਰਦੈਂ

ਬੱਦਲਾਂ ਵਾਂਗੂੰ ਉੱਡਿਆ ਫਿਰਦੈਂ, ਅੱਖਾਂ ਵਿਚ ਸਮੁੰਦਰ ਲੈ ਕੇ।
ਧਰਤ ਉਡੀਕੇ ਤੈਨੂੰ ਚਿਰ ਤੋਂ, ਸਿਰ ਤੇ ਪਾਟੀ ਚਾਦਰ ਲੈ ਕੇ।

ਰੂਹ ਜ਼ਖ਼ਮੀ ਦਿਲ ਛਾਲੇ ਛਾਲੇ, ਭੋਲੇ ਲੋਕ ਉਡੀਕਣ ਹਾਲੇ,
ਦਿਲ ਦੀ ਪੀੜ ਪਛਾਨਣ ਵਾਲਾ, ਆਵੇਗਾ ਹੁਣ ਨਸ਼ਤਰ ਲੈ ਕੇ।

ਅੰਬਰ ਵਿਚ ਸ਼ਿਕਾਰੀ ਦੀ ਅੱਖ ਤੋਂ ਵੀ ਬਚ ਕੇ ਰਹਿਣਾ ਪੈਂਦੈ,
ਫਿਰ ਵੀ ਵੇਖ ਪਰਿੰਦੇ ਉੱਡਦੇ, ਖੰਭਾਂ ਅੰਦਰ ਸੌ ਡਰ ਲੈ ਕੇ।

ਜਦ ਹੱਥਾਂ ਨੂੰ ਹਾਣ ਬਰਾਬਰ, ਨਾ ਰੁਜ਼ਗਾਰ ਮਿਲੇ ਨਾ ਆਦਰ,
ਰਾਜ ਭਵਨ ਵੱਲ ਤੁਰੇ ਜਵਾਨੀ, ਹੱਥਾਂ ਦੇ ਵਿਚ ਪੱਥਰ ਲੈ ਕੇ।

ਤਨ ਤੇ ਮਨ ਤੋਂ ਚੋਰੀ ਚੋਰੀ, ਸੌ ਜਨਮਾਂ ਦੀ ਪੀੜ ਇਕੱਠੀ,
ਪਰਬਤ ਵੇਖੋ ਚੁੱਕੀ ਫਿਰਦਾਂ, ਅੱਖਾਂ ਦੇ ਵਿਚ ਅੱਥਰ ਲੈ ਕੇ।

ਤੀਰ ਅਤੇ ਤਲਵਾਰ, ਕਬੀਲੇ ਜੰਗਲ ਦੇ ਵੀ ਛੱਡ ਚੁੱਕੇ ਨੇ,
ਤੂੰ ਹਾਲੇ ਵੀ ਰੂਹ ਨੂੰ ਵਿੰਨ੍ਹੇ, ਏਨੇ ਮਹਿੰਗੇ ਅੱਖਰ ਲੈ ਕੇ।

ਪਿਆਰ-ਮੁਹੱਬਤ ਦੇ ਖੰਭ ਨੋਚਣ, ਗਿਣਤੀ-ਮਿਣਤੀ ਦੋਵੇਂ ਰਲ਼ਕੇ,
ਉੱਡਦਾ ਹੈ ਵਿਸ਼ਵਾਸ ਉਚੇਰਾ, ਦਿਲ ਤੋਂ ਸੋਧ ਨਿਰੰਤਰ ਲੈ ਕੇ।

1

੦

## ਸੁਪਨੇ ਦੇ ਵਿਚ ਆ ਕੇ ਤੂੰ

ਸੁਪਨੇ ਦੇ ਵਿਚ ਆ ਕੇ ਤੂੰ ਤੜਫਾਇਆ ਨਾ ਕਰ।
ਜੇ ਆਵੇਂ ਤਾਂ ਏਨੀ ਜਲਦੀ ਜਾਇਆ ਨਾ ਕਰ।

ਸੁਰ-ਸ਼ਹਿਜ਼ਾਦੀ ਤੈਨੂੰ ਆਖੇ ਸਾਰੀ ਦੁਨੀਆਂ,
ਬੇ-ਸੁਰਿਆਂ ਦੇ ਨਾਲ ਆਵਾਜ਼ ਮਿਲਾਇਆ ਨਾ ਕਰ।

ਰੋਸੇ ਸ਼ਿਕਵੇ ਰੱਖ ਦਿਆ ਕਰ ਇੱਕ ਪਾਸੇ ਤੂੰ,
ਬਿਨਾ ਬੁਲਾਏ ਕੋਲੋਂ ਦੀ ਲੰਘ ਜਾਇਆ ਨਾ ਕਰ।

ਤੇਰੇ ਨਾਲ ਬਰਾਬਰ ਹਰ ਥਾਂ ਹਾਜ਼ਰ ਹਾਂ ਮੈਂ,
ਕੱਲ੍ਹੀ ਬੈਠੀ ਗਰਦਨ ਨੀਵੀਂ ਪਾਇਆ ਨਾ ਕਰ।

ਸਾਜ਼ਾਂ ਨੂੰ ਸੁਰ ਕਰਕੇ ਵਿੱਚੇ ਛੱਡ ਜਾਂਦੀ ਏ,
ਪਲ ਕਰਤਾਰੀ ਦੋਚਿੱਤੀ ਵਿਚ ਜ਼ਾਇਆ ਨਾ ਕਰ।

ਪਹਿਲਾਂ ਹੀ ਨੇ ਨੈਣ ਕਟਾਰਾਂ ਨਾਲੋਂ ਤਿੱਖੇ,
ਸੁਰਮ-ਸਲਾਈ ਮਿਰਗਣੀਏਂ ਤੂੰ ਪਾਇਆ ਨਾ ਕਰ।

ਚੁੱਪ ਦੇ ਖ਼ੂਹ ਵਿਚ ਉੱਤਰ ਕੇ ਤੂੰ ਮੁੜਦੀ ਹੀ ਨਹੀਂ,
ਕਹਿਰ ਗਰੀਬਾਂ ਉੱਤੇ ਇਹ ਤੂੰ ਢਾਇਆ ਨਾ ਕਰ।

1

੦

## ਤੁਰ ਪਈਏ, ਰੁਕ ਜਾਈਏ

ਤੁਰ ਪਈਏ, ਰੁਕ ਜਾਈਏ, ਏਦਾਂ ਕਰਦੇ ਰਹੇ।
ਦੋਚਿੱਤੀ ਵਿਚ ਘਿਰ ਕੇ, ਬਹੁਤੇ ਮਰਦੇ ਰਹੇ।

ਨੈਣਾਂ ਦੇ ਸਰਵਰ ਵਿਚ ਡੁੱਬਦੇ ਵੇਖੇ ਨੇ,
ਜਿਹੜੇ ਲੋਕੀਂ ਸੱਤ ਸਮੁੰਦਰ, ਤਰਦੇ ਰਹੇ।

ਬੀਜ ਪੋਰ ਕੇ ਜਿਹੜੇ ਲੋਕੀ ਸੌਂ ਜਾਂਦੇ,
ਫ਼ਸਲ ਉਨ੍ਹਾਂ ਦੀ ਜੰਤ ਜਾਂਗਲੀ ਚਰਦੇ ਰਹੇ।

ਫ਼ਰਕ ਅਜ਼ਾਦ ਗੁਲਾਮ 'ਚ ਕਿੱਦਾਂ ਸਮਝਣਗੇ,
ਜਿਹੜੇ ਲੋਕੀਂ ਜਬਰ ਹਮੇਸ਼ਾਂ ਜਰਦੇ ਰਹੇ।

ਦੂਸਰਿਆਂ ਲਈ ਨਫ਼ਰਤ ਦੀ ਅੱਗ ਬਾਲਣ ਉਹ,
ਮਨ ਦੇ ਪਾਲ਼ੇ ਅੰਦਰ ਜਿਹੜੇ ਠਰਦੇ ਰਹੇ।

ਨੰਗੀ ਰੂਹ ਤੋਂ ਡਰਦੇ ਮਾਰੇ ਬਹੁਤੇ ਲੋਕ,
ਖਿੜਕੀ ਅੱਗੇ ਕਰਦੇ ਗੂੜ੍ਹੇ ਪਰਦੇ ਰਹੇ।

ਸੱਚ ਬੋਲਣ ਦੀ ਕੀਮਤ ਕਿੱਥੋਂ ਤਾਰਾਂਗੇ,
ਮੇਰੇ ਵਰਗੇ ਏਸੇ ਗੱਲ ਤੋਂ ਡਰਦੇ ਰਹੇ।

1

o

## ਤੇਰੇ ਨੈਣ ਗੁਆਚੇ ਫਿਰਦੇ ਨੇ

ਤੇਰੇ ਨੈਣ ਗੁਆਚੇ ਫਿਰਦੇ ਨੇ, ਇਹ ਨਜ਼ਰਾਂ ਕਿਸ ਨੂੰ ਟੋਲਦੀਆਂ।
ਕਈ ਦਿਨ ਦਾ ਇਹ ਮਹਿਸੂਸ ਕਰਾਂ, ਹੁਣ ਕਿਉਂ ਨਹੀਂ ਦੁੱਖ ਸੁਖ ਫੋਲਦੀਆਂ।

ਤੇਰੀ ਧੜਕਣ ਅੰਦਰ ਰਹਿੰਦਾ ਹਾਂ, ਮੂੰਹੋਂ ਨਾ ਨਿਕਲੇ ਹਰਫ਼ ਕੁਈ,
ਦਿਲ ਮੈਨੂੰ ਪੁੱਛਦਾ ਰਹਿੰਦਾ ਏ, ਹੁਣ ਕਿਉਂ ਨਹੀਂ ਮਹਿਕਾਂ ਬੋਲਦੀਆਂ।

ਰੱਖਿਆ ਸੀ ਦੀਵਾ ਮਮਟੀ ਤੇ, ਲੱਗਦਾ ਏ ਜਗਦਾ ਰਹਿਣਾ ਨਹੀਂ,
ਮੂੰਹ-ਜ਼ੋਰ ਹਨ੍ਹੇਰੀ ਚੜ੍ਹ ਪਈ ਏ, ਐਵੇਂ ਨਹੀਂ ਲਾਟਾਂ ਡੋਲਦੀਆਂ।

ਇਹ ਤੂੰ ਹੀ ਦਿੱਤੀਆਂ ਦਾਤਾਂ ਨੇ, ਮੇਰੇ ਚਾਰ ਚੁਫ਼ੇਰੇ ਰਾਤਾਂ ਨੇ,
ਪ੍ਰਭਾਤਾਂ ਕਿਥੇ ਤੁਰ ਗਈਆਂ, ਜੋ ਸਾਹੀਂ ਸੰਦਲ ਘੋਲਦੀਆਂ।

ਸੁਰਤਾਲ ਗਵਾਚੇ ਫਿਰਦੇ ਨੇ, ਮਨ ਕਾਬੂ ਦੇ ਵਿਚ ਰਹਿੰਦਾ ਨਹੀਂ,
ਇਹ ਸ਼ੋਰ-ਸਲੀਕਾ ਮੇਰਾ ਨਹੀਂ, ਆਵਾਜ਼ਾਂ ਸੱਖਣੇ ਢੋਲ ਦੀਆਂ।

ਤੂੰ ਬਿਰਖ਼ ਪੁਰਾਣੇ ਛੱਡ ਦਿੱਤੇ, ਨਵਿਆਂ ਤੇ ਪੀਘਾਂ ਪਾ ਲਈਆਂ,
ਖੰਭਾਂ ਦੀਆਂ ਡਾਰਾਂ ਬਣਦੀਆਂ ਨਹੀਂ, ਐਵੇਂ ਨਹੀਂ ਕੰਧਾਂ ਬੋਲਦੀਆਂ।

ਤੂੰ ਮਾਣ-ਮਰਤਬੇ ਹੁਸਨਾਂ ਦਾ, ਕੁਰਸੀ ਤੇ ਬਹਿ ਹੰਕਾਰ ਨਾ ਕਰ,
ਮੈਂ ਜਿੰਨੀਆਂ ਵਸਤਾਂ ਗਿਣੀਆਂ ਨੇ, ਸਭਨਾਂ ਦੀ ਮਿੱਟੀ ਰੋਲਦੀਆਂ।

ਤੂੰ ਕਿਹੜੀ ਗੱਲ ਤੋਂ ਡਰਦੀ ਏਂ, ਲੈਂਦੀ ਨਾ ਖੁੱਲ੍ਹ ਕੇ ਹੌਕਾ ਵੀ,
ਉਮਰਾਂ ਦਾ ਰੋਗ ਵਿਹਾਝਣ ਉਹ, ਜੋ ਦਿਲ- ਘੁੰਡੀ ਨਾ ਖੋਲ੍ਹਦੀਆਂ।

ਮੈਂ ਚੁੱਪ ਦੇ ਭੋਰੇ ਬੈਠ ਗਿਆਂ, ਚੰਗਾ ਨਹੀਂ ਬੋਲਣ ਬਹੁਤਾ ਹੁਣ,
ਤੂੰ ਜੋ ਕੁਝ ਦਿੱਤਾ ਸਾਂਭ ਰਿਹਾਂ, ਬੰਨ੍ਹ ਕੰਨੀਆਂ ਅਪਣੀ ਝੋਲ ਦੀਆਂ।

1

o

## ਸੁਪਨੇ ਵਿਚ ਤੂੰ ਪਹਿਲਾਂ

ਸੁਪਨੇ ਵਿਚ ਤੂੰ ਪਹਿਲਾਂ ਵਾਂਗਰ ਆਉਂਦੀ ਨਹੀਂ।
ਜੇ ਆਵੇਂ ਤਾਂ ਰੂਹ ਮੇਰੀ ਤੜਫ਼ਾਉਂਦੀ ਨਹੀਂ।

ਦਿਲ ਦੇ ਸਾਜ਼ ਵਜਾਉਂਦੀ, ਜਿੱਸਰਾਂ ਪਹਿਲਾਂ ਤੂੰ,
ਓਸ ਵਜਦ ਵਿਚ ਹੁਣ ਤੂੰ ਤਾਰ ਹਿਲਾਉਂਦੀ ਨਹੀਂ।

ਬਿਰਖ਼-ਬਰੂਟੇ ਪੱਤਰ ਤਾਲ ਵਜਾਉਂਦੇ ਸੁਣ,
ਤੂੰ ਕਿਉਂ ਇਨ੍ਹਾਂ ਨਾਲ ਆਵਾਜ਼ ਮਿਲਾਉਂਦੀ ਨਹੀਂ।

ਗ਼ਮ ਦੇ ਰੂੰ ਨੂੰ ਪਿੰਜੀ ਜਾਵੇਂ ਰਾਤ ਦਿਨੇ,
ਕੱਤਣ ਲਈ ਤੂੰ ਕਿਉਂ ਚਰਖ਼ੇ ਤੰਦ ਪਾਉਂਦੀ ਨਹੀਂ।

ਕਿਹੜਾ ਭਾਰ ਸਵਾਰ ਹੋ ਗਿਐ ਰੂਹ ਉੱਤੇ,
ਮਰ ਚੱਲੀ ਏਂ, ਗ਼ਮ ਤੋਂ ਜਾਨ ਛੁਡਾਉਂਦੀ ਨਹੀਂ।

ਕਿਹੜੇ ਖ਼ੂਹ ਵਿਚ ਬੈਠੀ, ਭਰੇਂ ਹੁੰਗਾਰਾ ਨਾਂਹ,
ਪਹਿਲਾਂ ਵਾਂਗੂੰ ਹੁਣ ਤੂੰ ਕਿਉਂ ਸ਼ਰਮਾਉਂਦੀ ਨਹੀਂ।

ਪਰ੍ਹੂੰ ਪਰਾਰੋਂ ਬਹੁਤਾ ਅੰਬ ਨੂੰ ਬੂਰ ਪਿਆ,
ਤੇਰੇ ਮਗਰੋਂ ਬੁਲਬੁਲ ਵੀ ਹੁਣ ਗਾਉਂਦੀ ਨਹੀਂ।

1

੦

## ਅੱਥਰੂ 'ਕੱਲੇ ਪਾਣੀ ਨਹੀਓਂ

ਅੱਥਰੂ 'ਕੱਲੇ ਪਾਣੀ ਨਹੀਓਂ।
ਸੁਣ ਜੇ ਕਥਾ ਸੁਣਾਨੀ ਨਹੀਓਂ।

ਮੇਰੇ ਨਾਲ ਬਰਾਬਰ ਤੁਰਦਾ,
ਮੈਂ ਵੀ ਮੇਰਾ ਹਾਣੀ ਨਹੀਓਂ।

ਨਾਗਣ ਡੰਗ ਚਲਾਊ, ਵੇਖੀਂ,
ਇਹ ਕੁਈ ਬੀਬੀ ਰਾਣੀ ਨਹੀਓਂ।

ਬੇ-ਗੁਰਿਆਂ ਦੇ ਵਿਹੜੇ ਅੰਦਰ,
ਮੇਰੀ ਆਉਣੀ ਜਾਣੀ ਨਹੀਂਓਂ।

ਸਿਲ-ਪੱਥਰ ਦੀ ਜੂਨ ਪਵੇਗਾ,
ਜੇ ਅੱਖੀਆਂ ਵਿਚ ਪਾਣੀ ਨਹੀਓਂ।

ਅੱਗ ਦਾ ਦਰਿਆ ਹੈ ਜ਼ਿੰਦਗਾਨੀ,
ਇਹ ਕੋਈ ਰਾਮ-ਕਹਾਣੀ ਨਹੀਓਂ।

ਫ਼ੁੱਲ, ਖੁਸ਼ਬੋਈ, ਗ਼ਜ਼ਲਾਂ ਦੇ ਸੰਗ,
ਮੇਰੀ ਸਾਂਝ ਪੁਰਾਣੀ ਨਹੀਓਂ।

ਅੰਬਰਸਰ ਤੋਂ ਧੁਰ ਅਮਰੀਕਾ,
ਕਿਹੜੀ ਤੱਕੜੀ ਕਾਣੀ ਨਹੀਓਂ।

ਤੂੰ ਜਿੰਨਾ ਘਬਰਾਇਆ ਫਿਰਦੈਂ,
ਏਨੀ ਉਲਝੀ ਤਾਣੀ ਨਹੀਓਂ।

1

੦

## ਕੌਣ ਹੈ ਜੋ ਤੁਰ ਰਿਹਾ ਮੇਰੇ ਬਰਾਬਰ ਦੋਸਤੋ !

ਕੌਣ ਹੈ ਜੋ ਤੁਰ ਰਿਹਾ ਮੇਰੇ ਬਰਾਬਰ ਦੋਸਤੋ!
ਜਾਣਦੈ ਮੈਨੂੰ ਤਾਂ ਇਹ, ਮੇਰੇ ਤੋਂ ਬਿਹਤਰ ਦੋਸਤੋ।

ਜਿਸਦਿਆਂ ਨੈਣਾਂ 'ਚ ਡੁੱਬੇ, ਪਰਤਦੇ ਨਾ ਮੁੜ ਕਦੇ,
ਤਰ ਲਿਐ ਮੈਂ ਤਰ ਲਿਐ, ਉਹ ਵੀ ਸਮੁੰਦਰ ਦੋਸਤੋ।

ਜਿਸਮ ਦੀ ਗਰਮੀ ਨੂੰ ਤੂੰ, ਕਹਿੰਨੈਂ ਮੁਹੱਬਤ, ਆਖ ਲੈ,
ਪਹੁੰਚਦੇ ਨਾ ਤਨ ਕਦੇ ਵੀ, ਮਨ ਦੇ ਅੰਦਰ ਦੋਸਤੋ।

ਸੱਚ ਦਾ ਸੂਲੀ ਨਸੀਬਾ, ਅਜ਼ਲ ਤੋਂ ਮੈਂ ਜਾਣਦਾਂ,
ਮੈਂ ਭਲਾ ਦੱਸੋ ਕਦੋਂ ਸਾਂ, ਇਸ ਤੋਂ ਨਾਬਰ ਦੋਸਤੋ।

ਤੁਰਨ ਦਾ ਫੁਰਮਾਨ ਕਰਦੈ, ਤੇਜ਼ ਤਿੱਖੀ ਧਾਰ ਤੇ,
ਮੋਹ ਮੁਹੱਬਤ ਇੰਜ ਕਿਉਂ, ਬਣਦਾ ਏ ਜਾਬਰ ਦੋਸਤੋ।

ਚਾਹੁਣ ਵਾਲੇ ਤੁਰ ਗਏ ਤਾਂ ਰਹਿ ਗਿਆ ਪੱਲੇ ਖਿਲਾਅ,
ਜੂਨ ਵਾਂਗੂੰ ਤਪ ਰਿਹਾ ਸਿਰ ਤੇ ਦਸੰਬਰ ਦੋਸਤੋ।

ਫ਼ੋਨ ਦੀ ਘੰਟੀ ਸੁਣੇ ਨਾ, ਡਾਕੀਆ ਆਵੇ ਕਦੇ,
ਨਾ ਸੁਨੇਹਾ, ਨਾ ਹੀ ਦਸਤਕ, ਨਾ ਪੈਗੰਬਰ ਦੋਸਤੋ।

1

o

## ਏਸ ਆਜ਼ਾਦੀ ਅੱਥਰੂ ਦਿੱਤੇ

ਏਸ ਆਜ਼ਾਦੀ ਅੱਥਰੂ ਦਿੱਤੇ, ਜਸ਼ਨ ਮਨਾ ਨਹੀਂ ਹੋਇਆ।
ਅੱਖੀਆਂ ਦੀ ਮਜ਼ਬੂਰੀ ਮੈਥੋਂ, ਹੰਝ ਲੁਕਾ ਨਹੀਂ ਹੋਇਆ।

ਖਾ ਗਏ ਲੱਖ ਕਰੋੜਾਂ ਰੀਝਾਂ, ਤਖ਼ਤਾਂ ਤਾਜਾਂ ਵਾਲੇ,
ਸਾਥੋਂ ਇਕ ਵੀ ਹੌਕਾ ਦਿਲ ਵਿਚ ਦਰਦ ਪਚਾ ਨਹੀਂ ਹੋਇਆ।

ਆਈ ਆਜ਼ਾਦੀ ਢੋਲ ਵਜਾਵੇਂ, ਚਾਹਵੇਂ ਰਲ ਕੇ ਨੱਚੀਏ,
ਤੇਰੇ ਨਾਲ ਕਦੇ ਵੀ ਮਨ ਦਾ ਮੋਰ ਨਚਾ ਨਹੀਂ ਹੋਇਆ।

ਤੇਰੇ ਤੋਂ ਇਨਸਾਫ਼ ਮਿਲੇਗਾ, ਮੇਰੀ ਰੂਹ ਨਾ ਮੰਨੇ,
ਧੱਕੇ ਜਰਦੇ ਜਰਦੇ ਮੈਥੋਂ, ਮਨ ਸਮਝਾ ਨਹੀਂ ਹੋਇਆ।

ਤੇਰੇ ਝੂਠੇ ਲਾਰੇ ਤੇ ਵਿਸ਼ਵਾਸ ਕਰੇ ਹੁਣ ਕਿਹੜਾ,
ਜਦ ਕਿ ਤੈਥੋਂ ਅੱਜ ਤੱਕ ਇਕ ਵੀ ਬੋਲ ਪੁਗਾ ਨਹੀਂ ਹੋਇਆ।

ਚਾਰ-ਚੁਫ਼ੇਰੇ ਦੁਸ਼ਮਣ ਫ਼ੌਜਾਂ, ਜੇ ਤੂੰ ਅੱਜ ਹੈਂ ਕੱਲ੍ਹਾ,
ਤੈਥੋਂ ਵੀ ਤਾਂ ਆਪਣਾ ਟੱਬਰ, ਗਲ ਨੂੰ ਲਾ ਨਹੀਂ ਹੋਇਆ।

ਦੇਸ਼ ਦੀ ਖ਼ਾਤਰ ਸੂਲੀ ਚੜ੍ਹ ਗਏ, ਅੰਬਰ ਤਾਰੇ ਬਣ ਗਏ,
ਸੂਰਮਿਆਂ ਦਾ ਅੱਜ ਤੱਕ ਸਾਥੋਂ, ਕਰਜ਼ ਚੁਕਾ ਨਹੀਂ ਹੋਇਆ।

ਰਾਵੀ ਦੇ ਉਰਵਾਰ ਪਾਰ ਹੜ੍ਹ ਚੜ੍ਹਿਆ ਲੋਕੀਂ ਡੁੱਬੇ,
ਆਜ਼ਾਦੀ ਦਾ ਤੋਹਫ਼ਾ ਸਾਥੋਂ ਕਦੇ ਭੁਲਾ ਨਹੀਂ ਹੋਇਆ।

ਮੱਥੇ ਤੇ ਕਾਲਖ ਦਾ ਟਿੱਕਾ, ਲਾ ਗਿਆ ਸੰਨ-ਸੰਤਾਲੀ,
ਪੌਣੀ ਸਦੀ ਗੁਜ਼ਾਰ ਕੇ ਸਾਥੋਂ, ਇਹ ਵੀ ਲਾਹ ਨਹੀਂ ਹੋਇਆ।

1

o

## ਇਨ੍ਹਾਂ ਤਾਂ ਫੁੱਲ ਬਣਕੇ ਮਹਿਕਣਾ ਸੀ

ਇਨ੍ਹਾਂ ਤਾਂ ਫੁੱਲ ਬਣਕੇ ਮਹਿਕਣਾ ਸੀ।
ਤੂੰ ਕਾਹਨੂੰ ਡੋਡੀਆਂ ਨੂੰ ਤੋੜਨਾ ਸੀ।

ਜੇ ਤੇਰੇ ਮਨ 'ਚ ਸ਼ੰਕਾ ਬੋਲਦਾ ਸੀ,
ਤੂੰ ਮੈਨੂੰ ਆਪਣਾ ਕਿਉਂ ਆਖਣਾ ਸੀ।

ਜੋ ਰੇਤਾ ਲਿਸ਼ਕਦੀ ਦਰਿਆ ਤੂੰ ਸਮਝੀ,
ਇਹ ਤੇਰੇ ਮਨ ਦੀ ਅੰਨ੍ਹੀ-ਭਟਕਣਾ ਸੀ।

ਜੇ ਤਪਦੇ ਥਲ 'ਚ ਸੂਰਜ ਵੀ ਨਾ ਹੁੰਦਾ,
ਤੂੰ ਆਪਣੀ ਛਾਂ ਲਈ ਵੀ ਤਰਸਣਾ ਸੀ।

ਮੈਂ ਪਿਆਲਾ ਜ਼ਹਿਰ ਦਾ ਕਿੱਦਾਂ ਨਾ ਪੀਂਦਾ,
ਤੇਰੇ ਬਿਨ ਕਿਸਨੇ ਮੈਨੂੰ ਵਰਜਣਾ ਸੀ।

ਇਦ੍ਹੇ ਲੋਕਾਂ ਨੇ ਸੌ ਸੌ ਅਰਥ ਕੱਢੇ,
ਮੇਰੇ ਮਨ ਦੀ ਤਾਂ ਇੱਕੋ ਵੇਦਨਾ ਸੀ।

ਤੂੰ ਸੁਪਨੇ ਵਿਚ ਜੇ ਦਸਤਕ ਨਾ ਦੇਂਦਾ,
ਮੈਂ ਕਿੱਥੇ ਗੂੜ੍ਹੀ ਨੀਂਦੋਂ ਜਾਗਣਾ ਸੀ।

ਜੋ ਸਾਨੂੰ ਘੂਰਦਾ ਸੀ ਸ਼ੀਸ਼ਿਆਂ 'ਚੋਂ,
ਉਹ ਚਿਹਰਾ ਤਾਂ ਮੇਰਾ ਹੀ ਆਪਣਾ ਸੀ।

ਜੇ ਕਾਲ਼ੀ ਰਾਤ ਨਾ ਅੰਬਰ 'ਤੇ ਪੈਂਦੀ,
ਮੈਂ ਕਿਥੇ ਚੰਨ ਵਾਂਗੂੰ ਚਮਕਣਾ ਸੀ।

1

੦

## ਇੱਕ ਟਟਹਿਣਾ ਵੇਖ ਰਿਹਾ ਏ

ਇੱਕ ਟਟਹਿਣਾ ਵੇਖ ਰਿਹਾ ਏ, ਦਿਨ ਦੇ ਚਿੱਟੇ ਚਾਨਣ ਅੰਦਰ।
ਜ਼ੁਲਮ ਵੇਖ ਕੇ ਚੁੱਪ ਬੈਠੇ ਨੇ, ਸਾਰੇ ਗੁਰ ਘਰ, ਮਸਜਿਦ ਮੰਦਰ।

ਤਾਜਦਾਰ ਦੀ ਬੋਲੀ ਬੋਲਣ ਅਰਦਲ ਦੇ ਵਿੱਚ ਬੈਠੇ ਸਾਰੇ,
ਅਜਬ ਰਾਗ ਦਰਬਾਰੀ ਗੂੰਜੇ, ਰਾਜ ਘਰਾਂ ਦੇ ਘੇਰੇ ਅੰਦਰ।

ਅੱਖਾਂ ਉੱਤੇ ਕਾਲੀ ਐਨਕ, ਜੀਭ ਨੂੰ ਤੰਦੂਆ, ਕੰਨੀ ਬੁੱਜੇ,
ਜਬਰ ਵੇਖ ਕੇ ਕਦ ਬੋਲਣਗੇ, ਗਾਂਧੀ ਤੇਰੇ ਪਾਲੇ ਬੰਦਰ।

ਕੂੜਾ ਸੌਦਾ ਵਰਕ ਲਗਾ ਕੇ, ਸ਼ਾਮ-ਸਵੇਰੇ ਜਾਣ ਪਰੋਸੀਂ,
ਤਾਰ, ਬੇਤਾਰ, ਸਣੇ ਅਖ਼ਬਾਰਾਂ, ਦਿੱਲੀ-ਦੱਖਣ ਸਣੇ ਜਲੰਧਰ।

ਬਾਬਰ ਵੇਖੇ, ਜਾਬਰ ਵੇਖੇ, ਅਬਦਾਲੀ ਤੇ ਨਾਦਰ ਵੇਖੇ,
ਇਸ ਧਰਤੀ ਤੇ ਪਾਪ ਦਾ ਲਾੜਾ ਹਰ ਵਾਰੀ ਹੀ ਹੋਰ ਸਿਕੰਦਰ।

ਰੋਜ਼ ਦਿਹਾੜੀ ਸੁਣ ਸੁਣ ਮਰੀਏ, ਬਾਬਾ ਜੀ, ਕੀਹ ਹੀਲਾ ਕਰੀਏ,
'ਸ਼ਬਦਾ' ਤੇਰੇ ਦੇ ਅਰਥ ਬਦਲ ਕੇ, ਵੇਚੀ ਜਾਂਦੇ ਨਾਥ ਮਛੰਦਰ।

ਮਨ ਤੋਂ ਭਾਰ ਉਤਾਰਨ ਖ਼ਾਤਰ, ਮੈਂ ਗ਼ਜ਼ਲਾਂ ਨੂੰ ਵੰਡ ਦਿੰਦਾ ਹਾਂ,
ਜਿੰਨਾ ਲਾਵਾ ਤਪਦਾ ਖਪਦਾ, ਰੋਜ਼ ਦਿਹਾੜੀ ਮੇਰੇ ਅੰਦਰ।

1

੦

## ਧਰਤੀ ਝੂਮੇ, ਅੰਬਰ ਗਾਵੇ

ਧਰਤੀ ਝੂਮੇ, ਅੰਬਰ ਗਾਵੇ, ਝੁਕ ਝੁਕ ਸੁਣਦੇ ਤਾਰੇ।
ਤਾਰਾਂ ਅੰਦਰ ਜਿੰਦ ਧੜਕਾਉਂਦੇ, ਸਾਜ਼ ਵਜਾਵਣਹਾਰੇ।

ਤੜਫ਼ ਤੜਫ਼ ਕੇ ਤਰਬਾਂ, ਜ਼ਰਬਾਂ ਖਾਵਣ ਦਰਦ ਸੁਣਾਵਣ,
ਕੌਣ ਸੁਣੇ ਫਰਿਆਦ ਤੇਰੇ ਬਿਨ ਦਰਦ ਨਿਵਾਰਨਹਾਰੇ।

ਜੋ ਕੁਝ ਵੀ ਬਾਜ਼ਾਰ ਤੋਂ ਬਚਿਆ, ਓਹੀ ਸਾਡਾ ਵਿਰਸਾ,
ਘਟਦੇ ਘਟਦੇ ਘਟ ਚੱਲੇ ਨੇ ਇਸ ਨੂੰ ਜਾਨਣਹਾਰੇ।

ਨਾ ਵੀਣਾ, ਮਿਰਦੰਗ, ਸਰੋਦਾਂ, ਸਾਰੰਗੀਆਂ ਨੇ ਏਥੇ,
ਮੁਰਲੀਧਰ ਬਣ ਫਿਰੇਂ ਗੁਆਚਾ, ਦੱਸ ਤੂੰ ਕ੍ਰਿਸ਼ਨ ਮੁਰਾਰੇ।

ਸੀ ਰੱਬਾਬ ਕਿਤਾਬ ਦਾ ਮਾਲਕ ਉਹ ਪੰਜਾਬ ਹੈ ਕਿੱਥੇ,
ਸ਼ਬਦ-ਗੁਰੂ ਨੂੰ ਭੁੱਲ ਗਏ ਸਾਧੋ, ਧਰਮ ਤਰਾਜ਼ੂ ਸਾਰੇ।

ਰਾਗ ਨਾਦ ਵਿੱਚ ਸ਼ਬਦ ਸੋਹਾਣੇ, ਖ਼ੁਰ ਗਏ ਭੁਰ ਗਏ ਤੁਰ ਗਏ,
ਗ਼ਫ਼ਲਤ ਦੇ ਵਿੱਚ ਕੀ ਕੁਝ ਗੁੰਮਿਆ, ਭੁੱਲ ਗਏ ਗਿਣਤੀ ਸਾਰੇ।

ਕਿੱਧਰ ਗਏ ਸੰਗੀਤ ਘਰਾਣੇ, ਆਲਮ ਮੀਰ ਨਿਤਾਣੇ,
ਮਰਦਾਨੇ ਦੀ ਅੱਖ ਵਿੱਚ ਅੱਥਰੂ ਡਲ੍ਹਕਣ ਮਣ ਮਣ ਭਾਰੇ।

ਕਿੱਧਰ ਗਏ ਮੁਰੀਦ ਫ਼ਰੀਦਾ, ਸਿੱਖ ਤੇ ਮੁਸਲਿਮ ਬਣ ਗਏ,
ਧਰਤੀ ਧਰਮ ਗੁਆਚ ਗਿਆ ਹੈ, ਮੌਲਾ ਖ਼ੈਰ ਗੁਜ਼ਾਰੇ।

ਨਾਨਕ ਦੀ ਬਾਣੀ ਤੋਂ ਨਿੱਖੜੇ, ਰੰਗ ਰੱਬਾਬਾਂ ਵਾਲੇ,
ਗੁਰ ਦਰਬਾਰੇ ਗਾਉਂਦੇ ਸੀ ਜੋ, ਰਾਗ ਇਕੱਤੀ ਸਾਰੇ।

1

○

## ਨਵੇਂ ਰੰਗ ਵਿੱਚ ਰੰਗ ਦੇ ਮੈਨੂੰ

ਨਵੇਂ ਰੰਗ ਵਿੱਚ ਰੰਗ ਦੇ ਮੈਨੂੰ ਮਹਿਕਾਂ ਭਰ ਕੇ।
ਮਿੱਟੀ ਦੇ ਬੁੱਤ ਤਾਈਂ ਛੂਹਕੇ ਜਿਉਂਦਾ ਕਰਕੇ।

ਮੇਰੇ ਦਿਲ ਤੇ ਹੱਥ ਧਰ ਦੇ ਇਹ ਧੜਕ ਪਵੇਗਾ,
ਇਸ ਨੂੰ ਧੜਕਣ ਲਾ ਦੇ, ਥੋੜੀ ਰਹਿਮਤ ਕਰਕੇ।

ਦਿਲ ਵਿਚ ਲੀਕਾਂ ਚਾਰ ਦੀਵਾਰੀ ਤੋਂ ਵੱਧ ਜਾਬਰ,
ਸਹਿਜ ਬਖਸ਼ ਦੇ ਇਹਨਾਂ ਨੂੰ ਫੁੱਲ ਕਲੀਆਂ ਕਰਕੇ।

ਦੂਰ ਦੇਸ ਪਰਦੇਸ ਅਸਲ ਵਿੱਚ ਜਿਸਮਾਂ ਲਈ ਹੈ,
ਪੌਣਾਂ ਵਾਂਗੂੰ ਮਿਲ ਜਾਇਆ ਕਰ ਹਿੰਮਤ ਕਰਕੇ।

ਜਿਉਣ ਦੀ ਖ਼ਾਤਰ ਜੀਵਨ ਨੂੰ ਤੂੰ ਸਮਝੀਂ ਪਹਿਲਾਂ,
ਕਿਉਂ ਮਰ ਚੱਲਿਐਂ ਵਕਤੋਂ ਪਹਿਲਾਂ ਮੌਤੋਂ ਡਰ ਕੇ।

ਵੇਖੀਂ ਇਹ ਕੀਹ ਧੜਕੇ, ਤੇਰੇ ਚਰਨਾਂ ਦੇ ਵਿੱਚ
ਲੱਗਦੈ ਮੈਂ ਦਿਲ ਭੁੱਲ ਗਿਆ ਹਾਂ ਏਥੇ ਧਰ ਕੇ।

ਪੜ੍ਹ ਲੈ! ਪੜ੍ਹ ਲੈ! ਇਹ ਪੁਸਤਕ ਹੈ ਤੇਰੇ ਕੰਮ ਦੀ,
ਹੋਰ ਕਿਸੇ ਨੇ ਕੀਹ ਕਰਨੇ ਨੇ ਦਿਲ ਦੇ ਵਰਕੇ।

l

○

## ਬਦਨੀਤਾਂ ਦੀ ਬਸਤੀ ਅੰਦਰ

ਬਦਨੀਤਾਂ ਦੀ ਬਸਤੀ ਅੰਦਰ ਸ਼ੁਭ ਨੀਤਾਂ ਨੇ ਕੀਹ ਕਰਨਾ ਸੀ?
ਮੋਮ-ਦਿਲਾਂ ਨੇ, ਅੱਗ ਦਾ ਦਰਿਆ, ਸਾਬਤ ਰਹਿ ਕੇ ਕਿੰਜ ਤਰਨਾ ਸੀ?

ਚਾਰ ਦੀਵਾਰੀ ਦੇ ਵਿਚ ਘਿਰਿਆ, ਮਿੱਟੀ ਦਾ ਭਗਵਾਨ ਵਿਚਾਰਾ,
ਚੋਰ-ਬਾਜ਼ਾਰ ਦੇ ਰਹਿਮ ਤੇ ਜੀਂਦਾ, ਕਿਸ ਨੇ ਉਸਤੋਂ ਕੀਹ ਡਰਨਾ ਸੀ?

ਪੱਤੀ ਪੱਤੀ ਖਿੱਲਰਨ ਦੀ ਤੂੰ, ਪੀੜ ਸੁਣਾਵੇਂ ਇਹ ਨਹੀਂ ਵਾਜਬ,
ਪੱਥਰ ਚਿੱਤ ਦੇ ਪੈਰਾਂ ਅੱਗੇ, ਤੂੰ ਸੂਹਾ ਫੁੱਲ ਕਿਉਂ ਧਰਨਾ ਸੀ?

ਔਰੰਗਜ਼ੇਬ ਉਦਾਸ ਕਬਰ ਵਿਚ, ਅੱਜ ਕੱਲ੍ਹ ਏਦਾਂ ਸੋਚ ਰਿਹਾ ਹੈ,
ਅੱਜ ਦੇ ਹਾਕਮ ਵਰਗਾ ਬਣਦਾ, ਮੈਂ ਖ਼ਤ ਪੜ੍ਹ ਕੇ ਕਿਉਂ ਮਰਨਾ ਸੀ?

ਘਰ ਦੇ ਭੇਤੀ ਲੰਕਾ ਢਾਹੁਣ 'ਚ, ਜੇ ਨਾ ਰਲਦੇ ਦੂਜੇ ਪਾਸੇ,
ਲੰਕਾਪਤਿ ਰਾਵਣ ਨੇ ਦੱਸੋ, ਰਾਮ ਦੇ ਹੱਥੋਂ ਕਿੰਜ ਹਰਨਾ ਸੀ।

ਜੇ ਤੇਰੀ ਰੂਹ ਅੰਦਰ ਕਿਧਰੇ, ਰਹਿਮ ਦਿਲੀ ਦਾ ਕਿਣਕਾ ਨਹੀਂ ਸੀ,
ਅਗਨਬਾਣ ਹੱਥਾਂ ਵਿੱਚ ਲੈ ਕੇ, ਠੰਢਾ ਹੌਕਾ ਕਿਉਂ ਭਰਨਾ ਸੀ।

ਐਨ ਵਕਤ ਸਿਰ ਤੇਰਾ ਮੋਢਾ, ਜੇਕਰ ਮੇਰੀ ਧਿਰ ਨਾ ਬਣਦਾ,
ਮੇਰੀ ਰੂਹ ਨੇ ਏਡਾ ਸਦਮਾ, 'ਕੱਲ੍ਹੇ ਕਾਰੇ ਕਿੰਜ ਜਰਨਾ ਸੀ।

l

o

## ਆਟੇ ਦੀ ਇੱਕ ਲੱਪ ਦੇ ਬਦਲੇ

ਆਟੇ ਦੀ ਇੱਕ ਲੱਪ ਦੇ ਬਦਲੇ ਵਿਕਦੇ ਰਹੀਏ।
ਲੀਹ ਤੋਂ ਲਹਿ ਗਏ ਸਾਡੇ ਜੀ ਅਣਖ਼ਾਂ ਦੇ ਪਹੀਏ।

ਤੇਰੇ ਸਿਰ ਅਸਮਾਨ ਖੜ੍ਹਾ ਛੱਡ ਭਰਮ ਭੁਲੇਖਾ,
ਸੁਣ ਨੀ ਚਤੁਰ ਚਲਾਕੋ ਕਿਸੇ ਟਟੀਹਰੀ ਜਹੀਏ।

ਅੰਨ੍ਹੇ ਗੁੰਗੇ ਬੋਲ਼ੇ ਹੋ ਗਏ ਕੁਰਸੀਆਂ ਵਾਲੇ,
ਸੁਣਦੇ ਨਾ ਫ਼ਰਿਆਦ ਭਲਾ ਜੀ, ਕਿਸ ਨੂੰ ਕਹੀਏ।

ਇੱਕ ਥਾਂ ਖੜ੍ਹੇ ਖਲੋਤੇ ਰਹਿਣਾ, ਮੌਤ ਬਰਾਬਰ,
ਵਗਦੇ ਦਰਿਆ ਵਾਂਗੂੰ ਆਪਾਂ ਤੁਰਦੇ ਰਹੀਏ।

ਇੱਕ ਦੂਜੇ ਨੂੰ ਧੁੱਪੇ ਸੁੱਟ ਕੇ ਵੇਖ ਲਿਆ ਏ,
ਆ ਜਾ ਦੋਵੇਂ ਇੱਕ ਦੂਜੇ ਦੀ ਛਾਵੇਂ ਬਹੀਏ।

ਦਰਦ ਪਰੁੱਚਿਓ ਜਾਗੋ, ਰਲ ਕੇ ਹੰਭਲਾ ਮਾਰੋ,
ਜ਼ੋਰਾਵਰ ਦੇ ਜ਼ੋਰ ਜ਼ੁਲਮ ਨੂੰ, ਹੁਣ ਨਾ ਸਹੀਏ।

ਬਾਬਾ ਨਾਨਕ ਜੋ ਲਿਖਿਆ, ਕੰਧਾਂ ਤੋਂ ਪੜ੍ਹ ਕੇ,
ਦੂਸਰਿਆਂ ਦੀ ਸੁਣੀਏ, ਆਪਣੇ ਦਿਲ ਦੀ ਕਹੀਏ।

1

o

## ਉੱਸਲਵੱਟੇ ਲੈਂਦਿਆਂ ਰਾਤ

ਉੱਸਲਵੱਟੇ ਲੈਂਦਿਆਂ ਰਾਤ ਗੁਜ਼ਾਰ ਲਈ ਹੈ।
ਤੇਰੀ ਚੁੱਪ ਦੀ ਕਿੰਨੀ ਕੀਮਤ ਤਾਰ ਲਈ ਹੈ।

ਅੱਗ ਦਾ ਦਰਿਆ ਅੱਗੜ ਪਿੱਛੜ ਸੱਜੇ ਖੱਬੇ,
ਕਾਗਜ਼ ਦੀ ਬੇੜੀ ਮੈਂ ਇਸ ਵਿਚ ਤਾਰ ਲਈ ਹੈ।

ਸੇਰ ਕੁ ਆਟਾ, ਲੱਪ ਕੁ ਦਾਲਾਂ, ਬੱਸ ਏਨੇ ਵਿੱਚ,
ਅਣਖ਼ ਜਿਉਂਦੇ ਜੀਅ ਕਿਉਂ ਏਦਾਂ ਮਾਰ ਲਈ ਹੈ।

ਵਡਪੁਰਖੇ ਦਾ ਪਰਚਮ ਲੈ ਕੇ ਹੁਣ ਨਹੀਂ ਬਹਿਣਾ,
ਮੈਂ ਵੀ ਅੱਜ ਤੋਂ ਪੱਕੀ ਮਨ ਵਿਚ ਧਾਰ ਲਈ ਹੈ।

ਇਕ ਵਾਰੀ ਟੁਣਕਾ ਕੇ ਰੂਹ ਦਾ ਸਾਜ਼ ਕੁੰਵਾਰਾ,
ਤੂੰ ਵੀ ਮੁੜ ਕੇ ਕਿੱਥੇ ਸਾਡੀ ਸਾਰ ਲਈ ਹੈ।

ਤੂੰ ਕਿਧਰੇ ਵੀ ਬਹਿ ਜਾ, ਮੇਰੇ ਮਗਰੋਂ ਲਹਿ ਜਾ,
ਰੂਹ ਦਾ ਪਲੰਘ ਨਵਾਰੀ ਮੇਰੇ ਯਾਰ ਲਈ ਹੈ।

ਦਿਲ ਦੀ ਤਾਰ ਤਣੀ ਹੈ, ਆ ਜਾ, ਕੁਝ ਪਲ ਬਹਿ ਜਾ,
ਕਿੰਨੀ ਬਿਹਬਲ ਇਹ ਯਾਦਾਂ ਦੀ ਡਾਰ ਲਈ ਹੈ।

1

o

## ਹੋਠਾਂ ਉੱਤੇ ਚੁੱਪ ਦੇ ਜੰਦਰੇ

ਹੋਠਾਂ ਉੱਤੇ ਚੁੱਪ ਦੇ ਜੰਦਰੇ, ਵਕਤ ਕੁਲਹਿਣਾ ਮਾਰ ਗਿਆ।
ਲਛਮਣ ਰੇਖਾ ਵਾਹ ਕੇ, ਆਪਣੀ ਰੂਹ ਤੋਂ ਭਾਰ ਉਤਾਰ ਗਿਆ।

ਨਾ ਖ਼ਤ ਕੋਈ, ਨਾ ਹੀ ਚਿੱਠੀ, ਪਾਈ ਉਸ ਨਾ-ਸ਼ੁਕਰੇ ਨੇ,
ਨਰਮ ਕਰੂੰਬਲ ਦਿਲ ਤੇ ਜ਼ਾਲਮ, ਇਹ ਕੀ ਕਹਿਰ ਗੁਜ਼ਾਰ ਗਿਆ।

ਮੇਰੀ ਜਿੰਦ ਵਿਯੋਗ ਨੇ ਪਿੰਜੀ, ਕੱਤੀ ਗ਼ਮ ਦੇ ਚਰਖ਼ੇ ਨੇ,
ਹੁਣ ਕੀ ਲੱਭੇਂ ਬੇਕਦਰਾ ਤੂੰ, ਜਾਹ ਤੇਰਾ ਇਤਬਾਰ ਗਿਆ।

ਰੁਕਮਣੀਆਂ ਦੀ ਕੇਹੀ ਕਿਸਮਤ, ਕਲਜੁਗ ਅਤੇ ਤਰੇਤੇ ਵਿੱਚ,
ਸਤਯੁਗ ਵਿਚ ਵੀ ਰਾਧਾ ਦੇ ਸੰਗ, ਸਾਡਾ ਬੰਸੀ ਧਾਰ ਗਿਆ।

ਜ਼ਿੰਦਗੀ ਦੇ ਉਪਰਾਮ ਪਲਾਂ ਵਿਚ ਤੂੰ ਹੀ ਮੇਰੀ ਮਹਿਰਮ ਬਣ,
ਦਾਅਵੇਦਾਰ ਉਮਰ ਦੇ ਤੁਰ ਗਏ, ਸਮਝਣ ਹੁਣ ਮੈਂ ਹਾਰ ਗਿਆ।

ਕੱਸ ਗੁਲੇਲਾਂ ਮਾਰ ਮਾਰ ਕੇ, ਪੱਤੇ ਝਾੜੇ ਵਕਤਾਂ ਨੇ,
ਸਾਡੇ ਹੁੰਦਿਆਂ ਫ਼ਲ ਫੁੱਲਹਾਰਾ, ਉੱਜੜ ਕਿਉਂ ਗੁਲਜ਼ਾਰ ਗਿਆ।

ਤੇਰੇ ਬੋਲ ਰੜਕਦੇ ਸੀਨੇ, ਅੱਜ ਤੀਕਣ ਮਹਿਫੂਜ਼ ਪਏ,
ਹਿੱਕ ਵਿਚ ਜਿਹੜਾ ਮਾਰਿਆ ਸੀ ਤੂੰ ਤੀਰ ਜਿਗਰ ਤੋਂ ਪਾਰ ਗਿਆ।

1

o

## ਚਾਰ ਦਿਨਾਂ ਦੇ ਚਾਨਣ ਮਗਰੋਂ

ਚਾਰ ਦਿਨਾਂ ਦੇ ਚਾਨਣ ਮਗਰੋਂ ਹੁਣ ਇਹ ਕਾਲੀ ਰਾਤ ਕਿਉਂ ਹੈ ?
ਬਿਨਾ ਹੁੰਗਾਰਾ, ਅੱਧ ਵਿਚਕਾਰੇ, ਰੁਕ ਚੱਲੀ ਹੁਣ ਬਾਤ ਕਿਉਂ ਹੈ।

ਪੌਣੀ ਸਦੀ ਗੁਜ਼ਾਰਨ ਮਗਰੋਂ, ਹੁਣ ਤਾਂ ਸਾਡਾ ਪੁੱਛਣਾ ਬਣਦੈ,
ਕੱਚੇ ਘਰ ਦੇ ਹਿੱਸੇ ਆਉਂਦੀ, ਹੰਝੂਆਂ ਦੀ ਬਰਸਾਤ ਕਿਉਂ ਹੈ।

ਫੁੱਲ ਕਲੀਆਂ ਖੁਸ਼ਬੋਈਆਂ ਬੀਜਾਂ, ਮਿੱਟੀ ਅੰਦਰ ਕੇਰਾਂ ਰੀਝਾਂ,
ਅੱਖ ਬਚਾ ਕੇ ਲੰਘਦੀ ਮੈਥੋਂ, ਖ਼ੁਸ਼ੀਆਂ ਦੀ ਬਾਰਾਤ ਕਿਉਂ ਹੈ।

ਸ਼ਾਮੀਂ ਕਿੱਥੇ ਲੁਕਦੈ ਸੂਰਜ, ਧਰਤੀ ਪੁੱਛੇ ਅੰਬਰ ਕੋਲੋਂ,
ਚਾਨਣ ਦਾ ਵਣਜਾਰਾ ਪਾਉਂਦਾ, ਮੇਰੇ ਪੱਲੇ ਰਾਤ ਕਿਉਂ ਹੈ।

ਕਿਸ ਨਸਲ ਦੇ ਸਾਕ ਸਹੇੜੇ, ਬਣੇ ਵਿਕਾਊ ਖ਼ੁਸ਼ੀਆਂ ਖੇੜੇ,
ਮੰਡੀ ਬੈਠੇ ਰਿਸ਼ਤੇ ਨਾਤੇ, ਪਥਰਾਈ ਔਕਾਤ ਕਿਉਂ ਹੈ।

ਡੁਸਕੇ ਚਾਟੀ ਸਣੇ ਮਧਾਣੀ, ਉਲਝ ਗਈ ਸਾਡੀ ਤੰਦ ਤਾਣੀ,
ਗਰਦ ਗੁਬਾਰ ਨਜ਼ਰ ਦੇ ਅੱਗੇ, ਉਲਝੀ ਉਲਝੀ ਝਾਤ ਕਿਉਂ ਹੈ।

ਪੱਕੀ ਫ਼ਸਲ ਤੇ ਬਿਜਲੀ ਪੈ ਗਈ ਸਰਸਵਤੀ ਤੇ ਲੱਛਮੀ ਬਹਿ ਗਈ,
ਗਿਆਨ ਪੰਘੂੜੇ ਵਾਲੇ ਘਰ ਵਿੱਚ, ਰੁਲ਼ ਗਈ ਕਲਮ ਦਵਾਤ ਕਿਉਂ ਹੈ।

1

੦

## ਮੇਰੀ ਬਾਤ ਦਾ ਹੁੰਗਾਰਾ

ਮੇਰੀ ਬਾਤ ਦਾ ਹੁੰਗਾਰਾ ਕਦੋਂ ਦਿਉਗੇ ਜਨਾਬ।
ਜਦੋਂ ਪੱਤੀ ਪੱਤੀ ਖਿੰਡ ਗਿਆ ਸਾਰਾ ਹੀ ਗੁਲਾਬ।

ਕਿਸੇ ਘੂਕੀ ਵਿਚ ਬੋਲੇ ਜਿਵੇਂ ਰਾਤ ਨੂੰ ਸ਼ਰਾਬੀ,
ਮੈਨੂੰ ਏਸੇ ਤਰ੍ਹਾਂ ਸੁਣੇ ਅੱਜ ਬੋਲਦਾ ਪੰਜਾਬ।

ਓਸ ਧਰਤੀ ਨੂੰ ਹੋਰ ਕਿਵੇਂ ਖਾਵੇਗੀ ਸਿਉਂਕ,
ਜਿਥੇ ਗਿਆਨ ਦੀ ਕਿਆਰੀ ਸਿੰਜੇ ਠੇਕੇ ਦੀ ਸ਼ਰਾਬ।

ਮੇਰੇ ਸ਼ਹਿਰ ਦੇ ਚੌਰਾਹੇ ਹੁਣ ਬਣੇ ਹੱਡਾ ਰੋੜੀ,
ਵੇਖੋ ਹੱਟੀਆਂ 'ਚ ਟੰਗੇ ਕਿਵੇਂ ਸੀਖਾਂ 'ਚ ਕਬਾਬ।

ਕਦੇ ਨਸ਼ਿਆਂ ਦੀ ਮਾਰ, ਕਦੇ ਹੱਥ ਹਥਿਆਰ,
ਓਥੇ ਏਹੀ ਕੁਝ ਹੋਊ, ਜਿੱਥੋਂ ਖੁੱਸ ਗਈ ਕਿਤਾਬ।

ਮੇਰੇ ਹੋਠਾਂ ਕੋਲੋਂ ਖੁੱਸ ਗਏ ਨੇ ਵੰਝਲੀ ਦੇ ਬੋਲ,
ਏਸ ਧਰਤੀ ਤੋਂ ਰੁੱਸ ਗਈ ਏ ਜਦੋਂ ਦੀ ਰਬਾਬ।

ਇਨ੍ਹਾਂ ਗ਼ਜ਼ਲਾਂ 'ਚੋਂ ਲੱਭਿਓ ਨਾ ਕੋਈ ਮਹਿਬੂਬ,
ਕੋਰੀ ਜ਼ਿੰਦਗੀ ਸਲੇਟ, ਪੱਲੇ ਸੁਰ ਹੈ ਖ਼੍ਵਾਬ।

ਐਵੇਂ ਵਕਤ ਨੂੰ ਸਮਝੋ ਨਾ ਘੜੀ ਦਾ ਗ਼ੁਲਾਮ,
ਇਹਨੇ ਮੰਗਣਾ ਏ ਲੇਖਾ ਜਦੋਂ ਕਰੇਗਾ ਹਿਸਾਬ।

1

੦

## ਹਿੰਮਤ ਦੀ ਥਾਂ ਜਿਹੜੇ ਹੌਕੇ ਭਰਦੇ ਜੀ

ਹਿੰਮਤ ਦੀ ਥਾਂ ਜਿਹੜੇ ਹੌਕੇ ਭਰਦੇ ਜੀ।
ਓਹੀ ਲੋਕੀਂ ਮੌਤੋਂ ਪਹਿਲਾਂ ਮਰਦੇ ਜੀ।

ਬਦਇਖ਼ਲਾਕੇ ਨਾਲ ਯਾਰਾਨਾ ਕਿਉਂ ਰੱਖੀਏ,
ਮੈਂ ਸੁਣਿਆ ਪਰਛਾਵੇਂ ਗੱਲਾਂ ਕਰਦੇ ਜੀ।

ਕੱਚੇ ਘਰ ਦੀ ਥੰਮੀ ਕਿਹੜਾ ਬਣਦਾ ਹੈ,
ਮਹਿਲਾਂ ਦੀ ਰਖਵਾਲੀ ਸਾਰੇ ਕਰਦੇ ਜੀ।

ਜਕੜੀ ਬੈਠਾ ਤੰਦੂਆ ਜਿਉਂਦੇ ਲੋਕਾਂ ਨੂੰ,
ਚੋਰਾਂ ਨੂੰ ਵੀ ਚੋਰ ਕਹਿਣ ਤੋਂ ਡਰਦੇ ਜੀ।

ਨੱਕ ਰਗੜਦੈਂ, ਦਾਨੀ ਬਣਦੈਂ, ਭੁੱਲੀਂ ਨਾਂਹ,
ਚੋਰ ਮਨਾਂ ਦੇ ਏਦਾਂ ਕਿੱਥੇ ਮਰਦੇ ਜੀ।

ਘਰ ਪਹੁੰਚਣ ਤੱਕ ਇੱਕ ਵੀ ਚੇਤੇ ਰਹਿੰਦੀ ਨਾ,
ਸਿਵਿਆਂ ਅੰਦਰ ਲੋਕ ਜੋ ਗੱਲਾਂ ਕਰਦੇ ਜੀ।

ਰੂਹ ਨੂੰ ਕਰਨ ਹਲਾਲ ਜੀਭ ਦੀ ਨਸ਼ਤਰ ਨਾਲ,
ਪਤਾ ਨਹੀਂ ਕਿਉਂ ਲੋਕੀਂ ਏਦਾਂ ਕਰਦੇ ਜੀ।

1

## ਸੁਣੋ ਸੁਣਾਵਾਂ ਬੋਲ ਜੋ ਪੁਰਖੇ ਕਹਿ ਗਏ ਨੇ

ਸੁਣੋ ਸੁਣਾਵਾਂ ਬੋਲ ਜੋ ਪੁਰਖੇ ਕਹਿ ਗਏ ਨੇ।
ਗ਼ਰਜ਼ਾਂ ਲਈ ਕਿਉਂ ਬੰਦੇ ਨਿੱਕੇ ਰਹਿ ਗਏ ਨੇ।

ਸਖ਼ਤ ਵਿਗੋਚਾ ਅੰਬਰ ਨੂੰ ਇਸ ਗੱਲ ਦਾ ਹੈ,
ਉੱਡਦੇ ਉੱਡਦੇ ਪੰਛੀ ਹੁਣ ਕਿਉਂ ਬਹਿ ਗਏ ਨੇ।

ਤੇਰੇ ਇਕ ਵਿਸ਼ਵਾਸ ਸਹਾਰੇ ਤੁਰਿਆਂ ਹਾਂ,
ਦੋਚਿੱਤੀ ਦੇ ਪੈਂਖੜ ਪੈਰੋਂ ਲਹਿ ਗਏ ਨੇ।

ਕੰਪਿਊਟਰ ਦੀ ਹੁਕਮ ਅਦੂਲੀ ਕਿਸ ਕੀਤੀ,
ਘੁੰਮਦੇ ਪਹੀਏ ਚੱਲਦੇ ਲੀਹੋਂ ਲਹਿ ਗਏ ਨੇ।

ਲੋਕ ਰਾਜ ਦੀ ਲਾੜੀ ਲੈ ਗਏ ਥੈਲੀਸ਼ਾਹ,
ਅਕਲਾਂ ਵਾਲੇ ਹੌਕੇ ਭਰਦੇ ਰਹਿ ਗਏ ਨੇ।

ਸਾਡੀ ਅੱਧ ਅਸਮਾਨੇ ਗੁੱਡੀ ਬੋਅ ਹੋਈ,
ਜ਼ਖ਼ਮੀ ਹੱਥ ਵਿਚ ਡੋਰ ਚਰਖ਼ੜੀ ਰਹਿ ਗਏ ਨੇ।

ਸੜਕਾਂ ਕੰਢੇ ਰੁੱਖ ਹਰਿਆਲੇ ਕਿੱਧਰ ਗਏ,
ਮੁੱਢ ਵਿਚਾਰੇ ਕੱਲ-ਮੁ-ਕੱਲ੍ਹੇ ਰਹਿ ਗਏ ਨੇ।

1

## ਰਣ ਦੇ ਯੋਧੇ ਪਿਆਰ ਦੇ ਰਣ 'ਚੋਂ

ਰਣ ਦੇ ਯੋਧੇ ਪਿਆਰ ਦੇ ਰਣ 'ਚੋਂ ਭੱਜਦੇ ਚੰਗੇ ਲੱਗਦੇ ਨਹੀਂ।
ਹਰ ਵਾਰੀ ਹੀ ਪੁੰਨੂੰ, ਸੱਸੀਆਂ ਮਾਰੂਥਲ ਵਿਚ ਠੱਗਦੇ ਨਹੀਂ।

ਉੱਡਦੇ ਜੁਗਨੂੰ ਫੜਿਆ ਨਾ ਕਰ, ਰਾਤ ਬਰਾਤੇ ਅੰਬਰ 'ਚੋਂ,
ਵੇਖਣ ਨੂੰ ਹੀ ਜਗਦੇ ਮਘਦੇ, ਪਰ ਇਹ ਭਾਂਬੜ ਅੱਗ ਦੇ ਨਹੀਂ।

ਦਰਿਆਵਾਂ ਵਿਚ ਪਾਣੀ ਤੁਰਦੈ, ਨਾਲ ਨਾਲ ਤੂੰ ਤੁਰਿਆ ਕਰ,
ਜੀਂਦੇ ਬੰਦੇ ਤੁਰਨ ਨਿਰੰਤਰ, ਤੋਦੇ ਫੋਕੀ ਝੱਗ ਦੇ ਨਹੀਂ।

ਜਿਹੜੇ ਲੋਕੀਂ ਬੜ੍ਹਕਾਂ ਮਾਰਨ, ਆਖਣ ਕਿੰਗਰੇ ਢਾਹਵਾਂਗੇ,
ਅੱਖੀਂ ਵੇਖੇ ਵਕ਼ਤ ਪੈਣ 'ਤੇ, ਹੜ੍ਹ ਦੇ ਅੱਗੇ ਤੱਗਦੇ ਨਹੀਂ।

ਮਾਂ ਦੀ ਚੁੰਨੀ, ਧੀ ਦੀ ਅਜ਼ਮਤ, ਜਿਹੜੇ ਭੁੱਲੀ ਬੈਠੇ ਨੇ,
ਕੱਪੜਾ ਬੰਨ੍ਹੀ ਫਿਰਦੇ ਸਿਰ 'ਤੇ, ਇਹ ਲੜ ਸਾਡੀ ਪੱਗ ਦੇ ਨਹੀਂ।

ਰਾਜੇ ਦੀ ਅਰਦਲ ਵਿਚ ਬੈਠੇ, ਸੰਗਲੀ ਬੱਧੇ ਕੀਹ ਆਖਾਂ,
ਸੱਚ ਪੁੱਛੋ ਤਾਂ ਏਸ ਨਸਲ ਦੇ ਸ਼ੇਰ ਵੀ ਚੰਗੇ ਲੱਗਦੇ ਨਹੀਂ।

ਸੀਸ ਤਲੀ ਤੇ ਧਰਦੇ, ਮਰਦੇ ਕਰਦੇ ਨਾ ਸਮਝੌਤੇ ਉਹ,
ਬੇਗਮ ਪੁਰ ਦੇ ਵਾਸੀ ਹੁੰਦੇ, ਗ਼ਰਜ਼ਾਂ ਵਾਲੇ ਜੱਗ ਦੇ ਨਹੀਂ।

ਬੀਤ ਗਏ ਦਾ ਰੁਦਨ ਕਰਦਿਆਂ ਭਲਕ ਵਿਉਂਤੀ ਜਾਂਦੇ ਜੋ,
ਅੱਜ ਨੂੰ ਰੋਲਣ ਵਾਲੇ ਲੋਕੀਂ, ਸਾਡੇ ਕੁਝ ਵੀ ਲੱਗਦੇ ਨਹੀਂ।

ਹਰ ਵੇਲੇ ਹੀ ਜ਼ੋਰ ਜਬਰ ਦਾ ਛਾਂਟਾ ਚੁੱਕੀ ਫਿਰਦੇ ਹੋ,
ਭੁੱਲ ਗਏ ਹੋ ਇਨਸਾਨੀ ਕਦਰਾਂ, ਅਸੀਂ ਜਾਨਵਰ ਵੱਗ ਦੇ ਨਹੀਂ।

1

੦

## ਤੇਰੇ ਕੋਲ ਕਿਤਾਬ ਪਈ ਹੈ

ਤੇਰੇ ਕੋਲ ਕਿਤਾਬ ਪਈ ਹੈ, ਕਿਉਂ ਨਹੀਂ ਫ਼ੜਦਾ।
ਜਬਰ ਜ਼ੁਲਮ ਜੋ ਕੰਧ ਤੇ ਲਿਖਿਐ, ਕਿਉਂ ਨਹੀਂ ਪੜ੍ਹਦਾ।

ਪੜ੍ਹ ਪੜ੍ਹ ਗੱਡੇ ਲੱਦ ਲਏ, ਪਾਠ-ਪੁਸਤਕਾਂ ਵਾਲੇ,
ਸੂਰਜਵੰਸ਼ੀ ਪੁੱਤ ਨੇਰ੍ਹ ਸੰਗ ਕਿਉਂ ਨਹੀਂ ਲੜਦਾ।

ਸਾਨੂੰ ਸੱਜਣਾਂ ਤੈਥੋਂ ਇਸ ਦੀ ਆਸ ਨਹੀਂ ਸੀ,
ਸੂਰਜ ਹੈਂ ਤੂੰ, ਧਰਤੀ ਉੱਤੇ ਕਿਉਂ ਨਹੀਂ ਚੜ੍ਹਦਾ।

ਬਣ ਬਣ ਬਹਿਨੈਂ, ਧਰਮੀ ਪੁੱਤ ਯੁਧਿਸ਼ਟਰ ਵਾਂਗੂੰ,
ਹੱਕ ਸੱਚ ਇਨਸਾਫ਼ ਦੀ ਖ਼ਾਤਰ ਕਿਉਂ ਨਹੀਂ ਅੜਦਾ।

ਅੰਬਰੋਂ ਤਾਰੇ ਤੋੜਨ, ਕੂੜ ਸਿਆਸਤ ਵਾਲੇ,
ਖ਼ਾਲੀ ਥਾਂ ਤੂੰ ਚੰਦ ਸਿਤਾਰੇ ਕਿਉਂ ਨਹੀਂ ਜੜਦਾ।

ਤੁਰੇ ਖ਼ਰੀਦਣ ਝੁੱਗੀਆਂ ਢਾਰੇ ਸਭ ਵਣਜਾਰੇ,
ਨੀਵੀਂ ਥਾਂ ਤੇ ਮਾਰ ਕਰੇ ਜਿਉਂ ਪਾਣੀ ਹੜ੍ਹ ਦਾ।

ਸ਼ਹਿਰਾਂ ਤੋਂ ਤਾਂ ਰਾਜਧਾਨੀਆਂ ਚਹੁੰ ਕਦਮਾਂ ਤੇ,
ਪਿੰਡਾਂ ਤੋਂ ਹੀ ਦੂਰ ਸਫ਼ਰ ਹੈ ਚੰਡੀਗੜ੍ਹ ਦਾ।

ਬਿਰਖ਼ ਘਣੇ ਹਰਿਆਲੇ ਬਾਬੇ ਕਿੱਧਰ ਤੁਰ ਗਏ,
ਧਰਤੀ ਮਾਂ ਦਾ ਪਾਰਾ ਤਾਹੀਉਂ ਜਾਵੇ ਚੜ੍ਹਦਾ।

ਕਿਉਂ ਨਹੀਂ ਬਣਦਾ, ਮੈਂ ਤੇਰੀ ਤੂੰ ਮੇਰੀ ਸ਼ਕਤੀ
ਚੁੱਕਣਾ ਦੇ ਵਿਚ ਆ ਕੇ ਰਹੇਂ ਬਹਾਨੇ ਘੜਦਾ।

ਜਿਸ ਬੂਟੇ ਦੀ ਜੜ੍ਹ ਨੂੰ ਮਿੱਟੀ ਤਾਕਤ ਦੇਵੇ,
ਸੁਪਨੇ ਵਿੱਚ ਵੀ ਉਸ ਦਾ ਬੂਰ ਕਦੇ ਨਹੀਂ ਝੜਦਾ।

੦

## ਮਾਨਸਰਾਂ ਤੋਂ ਉੱਡ ਕੇ ਆਉਂਦੀ

ਮਾਨਸਰਾਂ ਤੋਂ ਉੱਡ ਕੇ ਆਉਂਦੀ ਵੇਖੀ ਜਦ ਮੁਰਗਾਈ।
ਸੱਚ ਜਾਣੀਂ ਉਸ ਵੇਲੇ, ਤੇਰੀ ਯਾਦ ਬੜੀ ਹੀ ਆਈ।

ਜਾਪੇ ਤੂੰ ਹੀ ਪੋਲੇ ਕਦਮੀਂ ਪਹਿਨ ਮੋਤੀਆ ਬਾਣਾ,
ਮੇਰੇ ਵੱਲ ਨੂੰ ਤੁਰਦੀ ਤੁਰਦੀ ਹੁਣ ਆਈ ਕਿ ਆਈ।

ਕਿੰਨੇ ਸਬਕ ਅਧੂਰੇ ਛੱਡ ਕੇ, ਤੁਰ ਗਈ ਦੇਸ ਦੁਰਾਡੇ,
ਤੇਰੇ ਮਗਰੋਂ ਫਿਰੇ ਗੁਆਚੀ, ਧਰਤੀ ਮੋਹ ਤ੍ਰਿਹਾਈ।

ਦਿਨ ਲੰਘ ਜਾਵੇ, ਗੱਲੀਂ ਬਾਤੀਂ, ਰਾਤਾਂ ਗਿਣ ਗਿਣ ਤਾਰੇ,
ਤਪਦੀ ਅਉਧ ਬੈਰਾਗਣ ਤੁਧ ਬਿਨ, ਪੁੱਛ ਮੈਂ ਕਿੰਜ ਲੰਘਾਈ।

ਵਗਦੀ ਪੌਣ, ਖਿੜੇ ਫੁੱਲ ਪੱਤੀਆਂ, ਖੁਸ਼ਬੋਈਆਂ 'ਚੋਂ ਭਾਲਾਂ,
ਸਰਗਮ, ਤਾਲ, ਅਲਾਪ, ਨਿਰੰਤਰ ਰੱਖਦਾਂ ਨਜ਼ਰ ਟਿਕਾਈ।

ਅੰਬਰੋਂ ਟੁੱਟ ਗਏ ਤਾਰੇ ਜਿਹੜੇ, ਧਰਤੀ ਤੇ ਨਾ ਪਹੁੰਚੇ,
ਦਿਲ ਦੀ ਨਰਮ ਸਲੇਟ ਤੇ ਗੂੜ੍ਹੀ ਲੀਕ ਜਹੀ ਕਿਉਂ ਪਾਈ।

ਤਾਰਿਆਂ ਵੇਲੇ ਰੋਜ਼ ਉਡੀਕਾਂ, ਆ ਜਾ ਮਿਲ ਜਾਹ ਰੂਹੇ,
ਅਣਲੱਗ ਵਸਤਰ, ਕੋਰੇ, ਸੁੱਚੇ, ਦਿਲ ਦੀ ਸੇਜ ਵਿਛਾਈ।

1

## ਮੈਂ ਜਿਸਮਾਂ ਦੀ ਹੱਦ

ਮੈਂ ਜਿਸਮਾਂ ਦੀ ਹੱਦ ਤੋਂ ਅੱਗੇ ਜਾ ਨਹੀਂ ਸਕਿਆ।
ਤਾਹੀਉਂ ਦਿਲ ਦਾ ਭੇਤ ਅਜੇ ਤੱਕ ਪਾ ਨਹੀਂ ਸਕਿਆ।

ਆਦਮ ਜ਼ਾਤ ਅਜ਼ਲ ਤੋਂ ਡਿੱਗੇ ਸੇਬ ਨੂੰ ਲੱਭਦੀ,
ਇੱਕ ਵੀ ਬੰਦਾ ਉਸ ਨੂੰ ਹੁਣ ਤੱਕ ਖਾ ਨਹੀਂ ਸਕਿਆ।

ਜ਼ਿੰਦਗੀ ਤੇਰਾ ਭੇਤ ਸਮਝਦੇ, ਆਹ ਦਿਨ ਆਏ,
ਇੱਕ ਵੀ ਨੁਕਤਾ ਸਮਝ ਮੇਰੀ ਵਿਚ ਆ ਨਹੀਂ ਸਕਿਆ।

ਕਲਵਲ ਵਗਦਾ ਨੀਰ ਸੁਣਾਵੇ ਜਿਹੜੀ ਸਰਗਮ,
ਧਰਤੀ ਦਾ ਕੋਈ ਜੀਵ ਅਜੇ ਤਕ ਗਾ ਨਹੀਂ ਸਕਿਆ।

ਮੈਂ ਤਾਂ ਆਪਣੀ ਵਲਗਣ ਅੰਦਰ ਕੈਦ ਰਿਹਾ ਹਾਂ,
ਤਾਹੀਉਂ ਤੇਰੀ ਰੂਹ ਅੰਦਰ ਮੈਂ ਆ ਨਹੀਂ ਸਕਿਆ।

ਫ਼ਰਜ਼ਾਂ ਦੀ ਥਾਂ ਗਰਜ਼ਾਂ ਦਾ ਮੈਂ ਕੈਦੀ ਬਣਿਆਂ,
ਜ਼ਹਿਰ ਪਿਆਲਾ ਤਾਹੀਉਂ ਹੋਠੀਂ ਲਾ ਨਹੀਂ ਸਕਿਆ।

## ਸੱਚ ਬੋਲਣ ਦਾ ਕਸ਼ਟ

ਸੱਚ ਬੋਲਣ ਦਾ ਕਸ਼ਟ ਮੇਰੇ ਤੋਂ ਸਹਿ ਨਹੀਂ ਹੁੰਦਾ।
ਏਸੇ ਕਰਕੇ ਦਰਦ-ਦਿਲੇ ਦਾ ਕਹਿ ਨਹੀਂ ਹੁੰਦਾ।

ਭਰ ਚੱਲਿਆ ਸੀ ਸਰਵਰ ਹੋਇਆ ਤਰਣ ਦੁਹੇਲਾ,
ਏਨੀ ਗੱਲ ਵੀ ਤਾਂ ਦੱਸੀ ਏ, ਰਹਿ ਨਹੀਂ ਹੁੰਦਾ।

ਹੋਰ ਕਿਸੇ ਦੀ ਨੁਕਤਾਚੀਨੀ ਕਰ ਬਹਿੰਦਾ ਹਾਂ,
ਖ਼ੁਦ ਨੂੰ ਪੁੱਛਦਾਂ, ਤੇਰੇ ਤੋਂ ਕਿਉਂ ਅਹਿ ਨਹੀਂ ਹੁੰਦਾ।

ਏਸ ਬਾਜ਼ਾਰ 'ਚ ਮੇਰਾ ਵੀ ਮੁੱਲ ਪੈ ਜਾਣਾ ਸੀ,
ਕੀ ਕਰਦਾ ਮੈਂ, ਏਨਾ ਥੱਲੇ ਲਹਿ ਨਹੀਂ ਹੁੰਦਾ।

ਜੰਗਲ ਦੇ ਹਰ ਬੂਟੇ ਅੰਦਰ ਅਗਨ ਬੜੀ ਸੀ,
ਬਾਂਸਾਂ ਵਾਂਗੂੰ ਇਨ੍ਹਾਂ ਕੋਲੋਂ, ਖਹਿ ਨਹੀਂ ਹੁੰਦਾ।

ਸ਼ਬਦਾਂ ਦੀ ਸ਼ਤਰੰਜ ਖੇਡਦਾਂ, ਬੈਠ ਚੌਂਤਰੇ,
ਮੇਰੇ ਕੋਲੋਂ ਘਰ ਵਿਚ ਵਿਹਲੇ ਬਹਿ ਨਹੀਂ ਹੁੰਦਾ।

ਤੁਰਦੇ ਤੁਰਦੇ ਮੁੜ ਆਏ ਫਿਰ ਅਪਣੇ ਬੂਹੇ,
ਮੰਜ਼ਿਲ ਦਾ ਸਿਰਨਾਵਾਂ ਤਾਹੀਓਂ ਤਹਿ ਨਹੀਂ ਹੁੰਦਾ।

ੳ

## ਚੌਂਕੀਦਾਰ ਆਵਾਜ਼ਾ ਦੇ ਗਿਆ

ਚੌਂਕੀਦਾਰ ਆਵਾਜ਼ਾ ਦੇ ਗਿਆ, ਜਾਗੋ ਲੋਕੋ ਜਾਗੋ।
ਅਪਣਾ ਅਪਣਾ ਮਾਲ ਸੰਭਾਲੋ, ਗੂੜ੍ਹੀ ਨੀਂਦ ਤਿਆਗੋ।

ਇੱਜ਼ਤ ਪੱਤ ਦੀ ਰਾਖੀ ਹੁਣ ਮੈਂ ਕਿੱਦਾਂ ਕਰ ਲਾਂ ਕੱਲ੍ਹਾ,
ਸਭ ਮੋੜਾਂ ਤੇ ਵੰਨ ਸੁਵੰਨੇ ਚੋਰ ਤੇ ਡਾਕੂ ਲਾਗੋ।

ਆਲ੍ਹਣਿਆਂ ਵਿਚ ਆਣ ਵੜੇ ਹੁਣ, ਕੈਸੇ ਮਾਨਸ ਖਾਣੇ,
ਆਪੋ ਅਪਣੀ ਰਾਖ਼ੀ ਕਰ ਲਉ, ਚਿੜੀਉ, ਹੰਸੋ, ਕਾਗੋ।

ਅੰਦਰੋਂ ਬਾਹਰੋਂ ਲੱਗਾ ਖ਼ੋਰਾ, ਕਿਉਂ ਨਹੀਂ ਕਰਦੇ ਝੋਰਾ,
ਤੁਧ ਬਿਨ ਕੌਣ ਕਰੂ ਰਖਵਾਲੀ, ਘਰ ਦੀ, ਵੱਡਿਉ ਘਾਗੋ।

ਧਰਤੀ ਨੂੰ ਸਰਸਾਮ, ਹਵਾ ਨੂੰ ਦੰਦਲ, ਪਾਣੀ ਜ਼ਹਿਰੀ,
ਕੌਣ ਸੁਣੇਗਾ ਚੀਕ ਤੁਹਾਡੀ, ਜਦ ਆਖੋਗੇ ਭਾਗੋ।

ਜਿਸ ਕੁਰਸੀ ਤੇ ਜਿਹੜਾ ਮਰਜ਼ੀ, ਹਾਕਮ ਹੁਕਮ ਬਿਠਾਉ,
ਪੰਜ ਸਦੀਆਂ ਵਿਚ ਚਾਤਰ ਕਿੰਨੇ ਹੋ ਗਏ ਸੱਜਣ ਠਾਗੋ।

ਕਾਮ ਕਰੋਧੀ, ਮੋਹ ਦੇ ਲੋਭੀ, ਹਰ ਜਨ ਹੀ ਹੰਕਾਰੀ,
ਬਾਬਾ ਪੁੱਛੇ, ਕਿੱਥੇ ਲੁਕ ਗਏ, ਰੂਹ ਦੇ ਸੁੱਚਿਉ ਰਾਗੋ।

1

ੳ

## ਧੀਆਂ ਸਿਰ ਫੁਲਕਾਰੀ

ਧੀਆਂ ਸਿਰ ਫੁਲਕਾਰੀ ਅੱਜ ਵੀ ਓਨੀ ਸੂਹੀ ਰੱਤੀ।
ਪਰ ਰਾਹਾਂ ਵਿਚ ਗੂੜ੍ਹ ਹਨ੍ਹੇਰੇ, ਨਾ ਦੀਵਾ ਨਾ ਬੱਤੀ।

ਆਸ ਦੇ ਸੂਰਜ ਖ਼ੁਰਦੇ ਖ਼ੁਰ ਗਏ, ਭੁਰ ਗਏ ਕੰਢੇ ਸਾਰੇ,
ਗਿੜਿਆ ਗੇੜ ਸਮੇਂ ਦਾ, ਪਰ ਨਾ ਆਈ, ਫ਼ਰਵਰੀ ਕੱਤੀ।

ਨਰਮਾ ਬੀਜ, ਚੁਗਣ ਦੇ ਮਗਰੋਂ, ਵੇਲ, ਪਿੰਜਾ ਲੈ ਰੂੰਆਂ,
ਵਸਤਰਹੀਣ ਰਹੇਂਗੀ ਜਿੰਦੇ, ਜੇ ਨਾ ਪੂਣੀ ਕੱਤੀ।

ਭਰਮ ਜਿਹਾ ਸੀ, ਮਿਲ ਜਾਵੇਗਾ, ਜੋ ਕੁਝ ਵੀ ਮੈਂ ਮੰਗੂੰ
ਮੇਰੇ ਮੂੰਹ ਵਿਚ ਦੰਦ ਸਲਾਮਤ, ਪੂਰ-ਮ-ਪੂਰੇ ਬੱਤੀ।

ਇਸ ਮਿੱਟੀ ਨੂੰ ਛੱਡ ਕੇ ਨਾ ਜਾਹ, ਨਾ ਜਾਹ ਬਾਰ ਪਰਾਏ,
ਬੰਜਰ ਹੋ ਜੂ ਤੇਰੇ ਮਗਰੋਂ ਧਰਤੀ ਅਣਖ਼ਾਂ ਮੱਤੀ।

ਕੀਹਦੇ ਕੋਲ ਸ਼ਿਕਾਇਤ ਕਰਾਂ ਤੇ ਰੋਵਾਂ ਕਿੱਥੇ ਜਾ ਕੇ,
ਹਰ ਕੁਰਸੀ ਦੀ ਨਾਲ ਲੁਟੇਰੇ, ਹਰ ਥਾਂ ਹਿੱਸਾ-ਪੱਤੀ।

ਆਮ ਸਧਾਰਨ ਬੰਦਿਆ, ਵੇਖੀਂ, ਖਾਣ ਪੀਣ ਤੋਂ ਪਹਿਲਾਂ,
ਰਾਜ ਘਰਾਂ ਨੇ ਨੀਤ-ਪਰਖ਼ ਲਈ ਧਰੇ ਪਦਾਰਥ ਛੱਤੀ।

1

੦

## ਜਾਲ ਵਿਚ ਸਾਨੂੰ ਇਹ

ਜਾਲ ਵਿਚ ਸਾਨੂੰ ਇਹ ਫਸਾਉਣ ਵਾਲੇ ਨੇ।
ਮਾਛੀਆਂ ਦੇ ਚੰਗੇ ਦਿਨ ਆਉਣ ਵਾਲੇ ਨੇ।

ਹੱਟੀ ਵਿਚ ਮਾਲ ਨਾ ਸਮਾਨ ਕੰਮ ਦਾ,
ਹੋਕੇ ਵੇਖ ਕਿੰਨੇ ਭਰਮਾਉਣ ਵਾਲੇ ਨੇ।

ਫ਼ਸਲਾਂ, ਸੰਭਾਲੋ, ਵੀਰੋ, ਖੇਤਾਂ ਵਾਲਿਉ,
ਮੰਡੀ 'ਚ ਵਪਾਰੀ ਬੋਲੀ ਲਾਉਣ ਵਾਲੇ ਨੇ।

ਘਰ ਬਾਰ ਜਿਹੜੇ ਚੌਂਕੀਦਾਰਾਂ ਲੁੱਟਿਆ,
'ਜਾਗਦੇ ਰਹੋ' ਇਹੀ ਜੋ ਸੁਣਾਉਣ ਵਾਲੇ ਨੇ।

ਚਾਰ ਕੁ ਜਮਾਤਾਂ ਪਾਸ ਵੰਡੇ ਅਕਲਾਂ,
ਚਿਹਰੇ ਵੇਖੋ ਕਿੰਨੇ ਭਰਮਾਉਣ ਵਾਲੇ ਨੇ।

ਕੋਕਾਂ ਦੀ ਕਚਹਿਰੀ ਜਿਹੜੇ ਫ਼ੇਲ ਹੋ ਗਏ,
ਓਹੀ ਸਾਨੂੰ ਹੁਕਮ ਸੁਣਾਉਣ ਵਾਲੇ ਨੇ।

ਦਿਲ ਦੀ ਅਯੁੱਧਿਆ, ਉਦਾਸ ਤੇਰੇ ਬਾਝ,
ਹਰ ਵਰ੍ਹੇ ਕਹੇਂ, 'ਰਾਮ' ਆਉਣ ਵਾਲੇ ਨੇ।

1

ੴ

## ਨਾ ਧਰਤੀ ਨਾ ਅੰਬਰ ਝੱਲੇ

ਨਾ ਧਰਤੀ ਨਾ ਅੰਬਰ ਝੱਲੇ, ਅੱਜ ਵੀ ਅਸੀਂ ਪਨਾਹੀਆਂ ਵਰਗੇ।
ਘਸਦੇ ਘਸਦੇ ਘਸ ਚੱਲੇ ਆਂ, ਘਾਹੀਆਂ ਦੇ ਪੁੱਤ ਘਾਹੀਆਂ ਵਰਗੇ।

ਬੜੇ ਸਲੀਕੇ ਵਾਲੇ ਘਰ ਵਿਚ, ਚੌਵੀ ਘੰਟੇ ਰਹੀਏ ਡਰ ਵਿਚ,
ਖ਼ਬਰੇ ਕਦ ਵਾਧੂ ਹੋ ਜਾਈਏ, ਵਸਤਾਂ ਕੁਝ ਅਣਚਾਹੀਆਂ ਵਰਗੇ।

ਮਰ ਚੱਲੇ ਆਂ ਹੌਕੇ ਭਰਦੇ, ਅੰਬਰ ਕਾਲਾ ਸਾਡੇ ਕਰਕੇ,
ਹਿੱਕ ਵਿਚ ਦੱਬੀਆਂ ਚੀਕਾਂ ਜੀਕੂੰ, ਦਰਦਮੰਦਾਂ ਦੀਆਂ ਆਹੀਆਂ ਵਰਗੇ।

ਰੱਜਿਆਂ ਖਾਤਰ ਸਾਲਣ ਬਣੀਏਂ, ਪੰਜੀਂ ਸਾਲੀਂ ਬਾਲਣ ਬਣੀਏ,
ਭੱਠੀ ਤਪਦੀ ਰੱਖਣ ਖਾਤਰ, ਦਰਿਆ ਕੰਢੇ ਕਾਹੀਆਂ ਵਰਗੇ।

ਕੰਠ ਵਿਛੁੰਨੀਆਂ ਜੀਕੂੰ ਬੀਨਾਂ, ਅਣਖ਼ ਬਿਨਾ ਬੇਜਾਨ ਜ਼ਮੀਰਾਂ,
ਸੁਪਨੇ, ਖੇਤ, ਜ਼ਮੀਨਾਂ ਬੰਜਰ, ਵਾਹੀਆਂ ਤੇ ਅਣਵਾਹੀਆਂ ਵਰਗੇ।

ਕਿਹੜੇ ਗਿਣੀਏ ਘਾਟੇ, ਵਾਧੇ, ਸੇਰੂ, ਪਾਵੇ ਘੁਣ ਨੇ ਖਾਧੇ,
ਵਾਣ ਪੁਰਾਣਾ ਹੋਇਆ ਜਿਸਦਾ, ਉਸ ਮੰਜੇ ਦੀਆਂ ਬਾਹੀਆਂ ਵਰਗੇ।

ਰੱਖਣ ਸੋਚਾਂ ਫ਼ਰਜ਼ ਜਗਾਈ, ਗਿਆਨ ਦੀ ਡਾਢੀ ਸ਼ਾਮਤ ਆਈ,
ਆਉਂਦੇ ਜਾਂਦੇ ਸਾਹ ਵੀ ਜਾਪਣ, ਗਲ ਵਿਚ ਪਈਆਂ ਫਾਹੀਆਂ ਵਰਗੇ।

ਗ਼ਰਜ਼ਾਂ ਦੀ ਪਰਿਕਰਮਾ ਕਰੀਏ, ਨਾ ਹੀ ਜੀਵੀਏ, ਨਾ ਹੀ ਮਰੀਏ,
ਘਰ ਸਿਰਨਾਵੇਂ ਭੁੱਲ ਗਏ ਜੋ, ਰਾਹ ਵਿਚ ਗੁੰਮੇ ਰਾਹੀਆਂ ਵਰਗੇ।

ਸ਼ਾਸਤਰਾਂ ਦੇ ਸਿਰਜਣਹਾਰੇ, ਬਣ ਗਏ ਜਦ ਤੋਂ ਸ਼ਸਤਰਧਾਰੀ,
ਅਕਲ ਕੋਟ ਦੇ ਕਿਲ੍ਹੇਦਾਰ ਵੀ, ਰਹਿ ਗਏ ਸਿਰਫ਼ ਸਿਪਾਹੀਆਂ ਵਰਗੇ।

ਮੁੱਕ ਚੱਲੇ ਆਂ, ਮਰਦੇ ਮਰਦੇ, ਸਰਹੱਦਾਂ ਦੀ ਰਾਖੀ ਕਰਦੇ,
ਰਾਜ ਘਰਾਂ ਲਈ ਸਾਡੇ ਪੁੱਤਰ, ਬਣ ਗਏ ਸਿਰਫ਼ ਗਰਾਹੀਆਂ ਵਰਗੇ।

o

## ਸਾਨੂੰ ਮੋੜਾਂ ਉੱਤੇ ਟੱਕਰੇ ਜੀ

ਸਾਨੂੰ ਮੋੜਾਂ ਉੱਤੇ ਟੱਕਰੇ ਜੀ, ਕਿਹੋ ਜਹੇ ਦਰਿੰਦੇ।
ਪਿੱਛੇ ਮੁੜੀਏ ਤਾਂ ਮੌਤ, ਅੱਗੇ ਜਾਣ ਵੀ ਨਹੀਂ ਦਿੰਦੇ।

ਸੁੱਕੀ ਹੋਠਾਂ ਤੇ ਆਵਾਜ਼, ਖੰਭ ਭੁੱਲੇ ਪਰਵਾਜ਼,
ਅਸੀਂ ਧਰਤੀ ਤੇ ਰੀਂਘਦੇ ਹਾਂ, ਨਾਮ ਦੇ ਪਰਿੰਦੇ।

ਪਹਿਲਾਂ ਗੋਲੀਆਂ ਦਾ ਕਹਿਰ, ਹੁਣ ਪੁੜੀਆਂ 'ਚ ਜ਼ਹਿਰ,
ਕਿੱਦਾਂ ਮਰ ਮੁੱਕ ਚੱਲੇ, ਸਾਡੇ ਘਰੀਂ ਜਾਏ ਛਿੰਦੇ।

ਹੁਣ ਰੁੱਖਾਂ ਤੇ ਮਨੁੱਖਾਂ ਤੋਂ ਵੀ ਅੱਗੇ ਤੁਰੀ ਅੱਗ,
ਚੱਲ, ਚਿੰਤਾ ਤੋਂ ਅੱਗੇ ਤੁਰ, ਮੇਰੀਏ ਨੀ ਜਿੰਦੇ।

ਬਣੇ ਪੈਸੇ ਦੇ ਪੁਜਾਰੀ, ਟੁੱਟੀ ਸ਼ਿਵਾ ਨਾਲ ਯਾਰੀ,
ਸ਼ੁਭ ਕਰਮਨ 'ਵਰ' ਕਿੱਥੋਂ ਮੰਗੀਏ ਗੋਬਿੰਦੇ।

ਅੱਜ ਵੇਖ ਕੇ ਪੰਜਾਬ, ਗੁੰਮ ਸੁੰਮ ਹੈ ਰਬਾਬ,
ਮੇਰੀ ਰੂਹ ਵਾਲਾ ਰਾਗ, ਕਿਉਂ ਨਹੀਂ ਛੇੜਦੇ ਸਾਜ਼ਿੰਦੇ।

ਸਾਡੇ ਗਿਆਨ-ਵਿਗਿਆਨ, ਸਾਰੇ ਭੁੱਲ ਗਏ ਈਮਾਨ,
ਹੁਣ ਬਣ ਗਏ ਗਿਆਨੀ ਜੀ ਵੀ ਸ਼ਾਹਾਂ ਦੇ ਕਾਰਿੰਦੇ।

1

o

## ਤੁਰ ਰਿਹੈ, ਬਸ ਤੁਰ ਰਿਹੈ

ਤੁਰ ਰਿਹੈ, ਬਸ ਤੁਰ ਰਿਹੈ, ਮੇਰੇ ਬਰਾਬਰ ਦੋਸਤੋ,
ਜ਼ਖ਼ਮ ਦਿਲ ਦਾ ਬਣ ਗਿਆ ਹੈ ਮੇਰਾ ਰਹਿਬਰ ਦੋਸਤੋ।

ਮੈਂ ਨਹੀਂ ਡਰਦਾ ਕਦੇ ਵੀ ਤੇਜ਼ ਤਿੱਖੇ ਤੀਰ ਤੋਂ,
ਜਿਸਮ ਦੇ ਹਰ ਰੋਮ ਵਿਚ, ਪਹਿਲਾਂ ਹੀ ਨਸ਼ਤਰ ਦੋਸਤੋ।

ਏਸ ਦਾ ਨਾ ਜੋੜਿਉ, ਰਿਸ਼ਤਾ ਕਿਸੇ ਵੀ ਪੀੜ ਨਾਲ,
ਅੱਥਰੂ ਤਾਂ ਅੱਖ 'ਚੋਂ ਵਹਿੰਦੈ ਨਿਰੰਤਰ ਦੋਸਤੋ।

ਦੋਸਤਾਂ ਦੀ ਦੋਸਤੀ ਦੇ ਜ਼ਖ਼ਮ ਵੀ ਮੈਨੂੰ ਅਜ਼ੀਜ਼,
ਜਾਣਦੇ ਮੈਨੂੰ ਤਾਂ ਇਹ ਮੇਰੇ ਤੋਂ ਬਿਹਤਰ ਦੋਸਤੋ।

ਜ਼ਿੰਦਗੀ ਪੱਤਝੜ 'ਚ ਸੁੰਨੀ ਟਾਹਣ ਜਿਉਂ ਖਾਮੋਸ਼ ਹੈ,
ਫੁੱਲ, ਫ਼ਲ, ਪੱਤਹਾਰ ਮਗਰੋਂ ਹੁੰਦੇ ਅਕਸਰ ਦੋਸਤੋ।

ਟੁੱਟ ਜਾਵੇ ਤੰਦ ਉਹ, ਜੁੜ ਜਾਏ ਕਿਧਰੇ ਹੋਰ ਹੀ,
ਸੁਪਨਿਆਂ ਵਿਚ ਇਸ ਤਰ੍ਹਾਂ, ਹੁੰਦਾ ਏ ਅਕਸਰ ਦੋਸਤੋ।

ਮਿਹਰਬਾਨੋ, ਕਦਰਦਾਨੋ, ਇਹ ਮੁਹੱਬਤ ਦਾ ਕਮਾਲ,
ਬਣ ਗਿਆ ਹਾਂ ਮੈਂ ਜੋ ਇਹ ਕਤਰੇ ਤੋਂ ਸਾਗਰ ਦੋਸਤੋ।

1

o

## ਜਬਰ ਜ਼ੁਲਮ ਦਾ ਟੋਲਾ ਜਦ ਵੀ

ਜਬਰ ਜ਼ੁਲਮ ਦਾ ਟੋਲਾ ਜਦ ਵੀ, ਹੱਲੇ ਕਰ ਕਰ ਆਉਂਦਾ ਹੈ।
ਬੰਦਾ ਸਿੰਘ ਬਹਾਦਰ ਨੂੰ ਤਦ, ਸਰਹੰਦ ਫੇਰ ਬੁਲਾਉਂਦਾ ਹੈ।

ਤਿੰਨ ਸਦੀਆਂ ਵਿਚ ਰੋਜ਼ ਗਰਕਦੇ, ਏਥੋਂ ਤੱਕ ਹਾਂ ਪਹੁੰਚ ਗਏ,
ਹੋਰ 'ਧਰਤ' ਤੋਂ ਗੋਬਿੰਦ ਆਵੇ, ਏਹੋ ਹੀ ਦਿਲ ਚਾਹੁੰਦਾ ਹੈ।

ਪੋਥੀ ਪੰਥ ਭੁਲਾ ਕੇ ਆਪਾਂ, ਤੁਰ ਪਏ ਆਂ ਜੀ, ਕਿਹੜੇ ਰਾਹ,
ਮਨ ਦਾ ਪੰਛੀ ਭਟਕ ਰਿਹਾ ਹੈ, ਭਾਵੇਂ ਅੰਬਰ ਗਾਹੁੰਦਾ ਹੈ।

ਧਰਮ ਕਰਮ ਦਾ ਗੂੜ੍ਹਾ ਰਿਸ਼ਤਾ, ਟੁੱਟ ਜਾਵੇ ਤਾਂ ਜੁੜਨ ਮੁਹਾਲ,
ਜੇ ਜੁੜ ਜਾਵੇ, ਕਰਜ਼ ਧਰਤ ਦਾ, ਓਹੀ ਸਿਰ ਤੋਂ ਲਾਹੁੰਦਾ ਹੈ।

ਪਵਨ ਗੁਰੂ, ਪਾਣੀ ਹੈ ਬਾਬਲ, ਧਰਤੀ ਨੂੰ ਜੋ ਮਾਂ ਸਮਝਣ,
ਉਨ੍ਹਾਂ ਦਾ ਟੱਬਰ ਹੀ ਰਲ ਕੇ, ਛਾਵੇਂ ਮੰਜੇ ਡਾਹੁੰਦਾ ਹੈ।

ਸਭ ਨੂੰ ਖ਼ੁਦ ਨੂੰ ਕਿੰਨੀ ਵਾਰੀ, ਪੁੱਛਿਆ ਹੈ ਮੈਂ ਘੜੀ ਮੁੜੀ,
ਸਾਡੇ ਅੰਦਰ ਬੈਠਾ ਕਿਹੜਾ, ਸੁਪਨ-ਮਹਿਲ ਜੋ ਢਾਹੁੰਦਾ ਹੈ।

ਸਾਡੇ ਘਰ ਤੋਂ ਅਮਰੀਕਾ ਤੱਕ, ਜਾਲ ਵਿਛਾਇਆ ਅਣਦਿਸਦਾ,
ਕਿਹੜਾ ਚਤੁਰ ਸ਼ਿਕਾਰੀ ਹੈ ਜੋ, ਉੱਡਣੇ ਪੰਛੀ ਫਾਹੁੰਦਾ ਹੈ।

1

o

## ਤੇਰੀ ਚੁੱਪ ਦਾ ਪਹਾੜ

ਤੇਰੀ ਚੁੱਪ ਦਾ ਪਹਾੜ ਮੇਰੀ ਹਿੱਕ ਤੇ ਸਵਾਰ।
ਜਿੰਦੇ, ਭੋਲਿਆਂ ਪਰਿੰਦਿਆਂ ਨੂੰ ਇੰਜ ਤਾਂ ਨਾ ਮਾਰ।

ਤੇਰੇ ਸ਼ਹਿਰ ਵਿਚੋਂ ਲੰਘਦਿਆਂ, ਹਰ ਵਾਰੀ ਲੱਗਾ,
ਕਦੇ ਭੁੱਲ ਕੇ ਵੀ ਕਰੀਏ ਨਾ ਦਿਲ ਦਾ ਵਪਾਰ।

ਮੈਨੂੰ ਸਮਝ ਹੀ ਆਇਆ ਨਾ ਮੁਹੱਬਤਾਂ ਦਾ ਕਿੱਸਾ,
ਇਹ ਤਾਂ ਨਕਦੀ ਦਾ ਸੌਦਾ, ਜੀਹਦੇ ਵਿੱਚ ਨਾ ਉਧਾਰ।

ਤੇਰੀ ਯਾਦ ਕਾਹਦੀ ਆਈ, ਗੁੰਮੇ ਹੋਸ਼ ਤੇ ਹਵਾਸ,
ਜਿਵੇਂ ਗਿੱਲੇ ਪਿੰਡੇ ਛੋਹੇ ਨੰਗੀ ਬਿਜਲੀ ਦੀ ਤਾਰ।

ਅੱਜ ਵਰ੍ਹਿਆਂ ਤੋਂ ਬਾਅਦ ਫਿਰ ਆਈ ਤੇਰੀ ਯਾਦ,
ਜਿਵੇਂ ਸ਼ਾਮੀਂ ਘਰ ਪਰਤੇ ਪਰਿੰਦਿਆਂ ਦੀ ਡਾਰ।

ਅੱਜ ਉਮਰਾਂ ਦੀ ਪੌਣੀ ਰੋਟੀ ਖਾਣ ਪਿੱਛੋਂ ਲੱਗਾ,
ਕਦੇ ਛੱਡਦੇ ਨਾ ਪਿੱਛਾ, ਕੀਤੇ ਕੌਲ ਤੇ ਕਰਾਰ।

ਘੜੀ ਸਾਹਾਂ ਵਾਲੀ ਟਿਕ ਟਿਕ ਯਾਦ ਤੈਨੂੰ ਕਰੇ,
ਸਾਨੂੰ ਸਾਹਾਂ ਤੋਂ ਪਿਆਰਿਆ ਤੂੰ ਇੰਜ ਨਾ ਵਿਸਾਰ।

1

੦

## ਹਨ੍ਹੇਰੀ ਰਾਤ ਅੰਦਰ

ਹਨ੍ਹੇਰੀ ਰਾਤ ਅੰਦਰ ਵਸਤ ਦਾ ਸਾਇਆ ਨਹੀਂ ਹੁੰਦਾ।
ਇਹਦਾ ਇਹ ਅਰਥ ਤਾਂ ਨਹੀਂ, ੳਸਦਾ ਚਿਹਰਾ ਨਹੀਂ ਹੁੰਦਾ।

ਇਹ ਕੈਸੀ ਤਿਸ਼ਨਗੀ ਲੈ ਕੇ, ਥਲਾਂ ਵਿੱਚ ਪੌਣ ਹੈ ਫਿਰਦੀ,
ਕਿਸੇ ਡਾਚੀ ਦਾ ਇੱਕੋ ਥਾਂ ਕਦੇ ਠਹਿਰਾਅ ਨਹੀਂ ਹੁੰਦਾ।

ਮੁਸੀਬਤ ਧਰਮ ਤੇ ਇਖ਼ਲਾਕ ਦੀ ਹੀ ਪਰਖ਼ ਹੈ ਕਰਦੀ,
ਸਦਾ ਇਕਸਾਰ ਪਾਣੀ ਤੁਰ ਰਿਹਾ, ਦਰਿਆ ਨਹੀਂ ਹੁੰਦਾ।

ਮੈਂ ਆਪਣੇ ਆਪ ਨੂੰ ਜਦ ਫ਼ਾਸਲੇ ਤੋਂ ਵੇਖਣਾ ਚਾਹੁੰਨਾਂ,
ਕਿਸੇ ਸ਼ੀਸ਼ੇ 'ਚ ਮੇਰਾ ਅਕਸ ਵੀ 'ਮੇਰਾ' ਨਹੀਂ ਹੁੰਦਾ।

ਮੈਂ ਸ਼ਬਦਾਂ ਦੇ ਚਿਰਾਗਾਂ ਨੂੰ ਹਮੇਸ਼ਾਂ ਬਾਲਦਾ ਰਹਿੰਦਾਂ,
ਮੇਰੇ ਰਾਹਾਂ 'ਚ ਨੇਰ੍ਹੇ ਦਾ ਤਦੇ ਪਹਿਰਾ ਨਹੀਂ ਹੁੰਦਾ।

ਹਕੂਮਤ ਜਬਰ ਕਰਕੇ 'ਸਾਬਰਾਂ' ਦੀ ਸਿਰਜਣਾ ਕਰਦੀ,
ਕਦੇ ਵੀ ਸੂਰਮੇ ਸਿਰ 'ਮੁੱਲ ਦਾ ਸਿਹਰਾ' ਨਹੀਂ ਹੁੰਦਾ।

ਮੈਂ ਬੀਤੇ ਵਕਤ ਨੂੰ ਫੜਨਾ ਵੀ ਚਾਹਵਾਂ, ਫੜ ਨਹੀਂ ਸਕਦਾ,
ਹਵਾ ਦਾ, ਮਹਿਕ ਦਾ ਜਿਸਮਾਂ ਜਿਹਾ ਪਰਦਾ ਨਹੀਂ ਹੁੰਦਾ।

1

੦

## ਸੂਰਜ ਚੜ੍ਹਿਆ ਥੱਕਿਆ ਥੱਕਿਆ

ਸੂਰਜ ਚੜ੍ਹਿਆ ਥੱਕਿਆ ਥੱਕਿਆ, ਬਦਰੰਗ ਜਹੀ ਸਵੇਰ ਕਿਉਂ ਹੈ।
ਊੜਾ, ਜੂੜਾ ਪੁੱਛਣ, ਦੋਵੇਂ ਅੱਖੀਆਂ ਅੱਗੇ ਨੇਰ੍ਹ ਕਿਉਂ ਹੈ?

ਕਿਰਨ ਮ ਕਿਰਨੀ ਟੁੱਟਦੇ ਤਾਰੇ, ਸਾਹ ਵੀ ਹੋ ਗਏ ਬੇਇਤਬਾਰੇ,
ਦੀਨ ਦੁਖੀ ਦੀ ਰਾਖੀ ਖ਼ਾਤਰ, ਸ਼ੁਭ ਕਰਮਨ ਵਿਚ ਦੇਰ ਕਿਉਂ ਹੈ?

ਇਹ ਕੀ ਹੋਇਆ ਸਿਖ਼ਰ ਦੁਪਹਿਰੇ, ਲੱਗ ਗਏ ਨੇ ਕੁੱਖਾਂ ਤੇ ਪਹਿਰੇ,
ਕੁੜੀਆਂ ਚਿੜੀਆਂ, ਖੌਫ਼ ਜ਼ਦਾ ਨੇ, ਏਨਾ ਗੂੜ੍ਹ ਹਨ੍ਹੇਰ ਕਿਉਂ ਹੈ?

ਰਹੇ ਜਾਗਦੇ ਰੱਟਦੇ ਰੱਟਦੇ, ਮਰ ਚੱਲੇ ਜਗਰਾਤੇ ਕੱਟਦੇ,
ਪਹਿਰੇਦਾਰੋ, ਇਹ ਤਾਂ ਦੱਸੋ, ਜ਼ਾਲਮ ਹੋਇਆ ਸ਼ੇਰ ਕਿਉਂ ਹੈ?

ਰਾਹਾਂ ਵਿਚ ਗੁਆਚੇ ਪਾਂਧੀ, ਗਿਆਨ ਦੀ ਆਂਧੀ ਵਗਦੀ ਕੈਸੀ,
ਭਗਤ ਧਰੂ ਤਾਰਾ ਨਹੀਂ ਦਿਸਦਾ, ਫਿਰ ਵੀ ਉਸ ਤੇ ਮੇਰ ਕਿਉਂ ਹੈ?

ਦਹਿਸ਼ਤ ਜਿੱਸਰਾਂ ਸਿਵਿਆਂ ਅੰਦਰ, ਕੁਰਬਲ ਕੁਰਬਲ ਮਨ ਦੇ ਮੰਦਰ
ਅਜਬ ਤਰ੍ਹਾਂ ਦਾ ਤਾਂਡਵ ਹੁੰਦਾ, ਮੇਰੇ ਚਾਰ ਚੁਫ਼ੇਰ ਕਿਉਂ ਹੈ?

ਤੂੰ ਸੀ ਧਰਮੀ ਕਰਮੀ ਬੰਦਾ, ਇਹ ਤੂੰ ਕਿਹੜਾ ਫੜ ਲਿਆ ਧੰਦਾ,
ਤੇਰੀ ਬਸਤੀ ਦਾ ਸਿਰਨਾਵਾਂ, ਅੱਜਕੱਲ੍ਹ ਸ਼ਹਿਰ ਲੁਟੇਰ ਕਿਉਂ ਹੈ?

1

○

## ਸਿਰ ਤੇ ਸੂਰਜ ਹੁੰਦਿਆਂ ਸੁੰਦਿਆਂ

ਸਿਰ ਤੇ ਸੂਰਜ ਹੁੰਦਿਆਂ ਸੁੰਦਿਆਂ ਸਿਖ਼ਰ ਦੁਪਹਿਰ ਹਨ੍ਹੇਰ ਕਿਉਂ ਬਈ।
ਦੇਸ ਪੰਜਾਬ 'ਚ, ਮਨ ਦੇ ਵਿਹੜੇ, ਏਨੇ ਘੁੰਮਣ ਘੇਰ ਕਿਉਂ ਬਈ।

ਠੂਠਾ ਅਤੇ ਕਨਾਲੀ ਸੁੰਨੇ, ਤਵਾ, ਚੰਗੇਰ, ਪਰਾਤ ਵੀ ਖ਼ਾਲੀ,
ਸਾਡੇ ਲਈ ਤਾਂ ਫਿੱਕੀਆਂ ਈਦਾਂ, ਵੱਜੀ ਜਾਂਦੀ ਭੇਰ ਕਿਉਂ ਬਈ।

ਰੋਂਦਿਆਂ ਨੂੰ ਨਾ ਚੁੱਪ ਕਰਾਵੇ, ਚੁੱਕ ਨਾ ਕੋਈ ਸੀਨੇ ਲਾਵੇ,
ਨਿੱਕੇ ਨਿੱਕੇ ਮਾਸੂਮਾਂ ਗਲ਼, ਅਟਕੀ ਹੋਈ ਲੇਰ ਕਿਉਂ ਬਈ।

'ਬੋਲੀ ਅਵਰ ਤੁਮ੍ਹਾਰੀ' ਹੋ ਗਈ, ਹਰ ਅੱਖ ਅੱਥਰੂ ਅੱਥਰੂ ਚੋ ਗਈ,
ਬਾਬਰ ਵਾਲਾ ਜਾਬਰ ਹੱਲਾ, ਖ਼ੁਰਾਸਾਨ ਤੋਂ ਫੇਰ ਕਿਉਂ ਬਈ।

ਸੜਦਾ ਰੋਮ ਵਜਾਵੇ ਬੰਸੀ, ਨੀਰੋ ਨੂੰ ਤਾਂ ਨਿੰਦੀ ਜਾਈਏ,
ਸਾਡੇ ਘਰ ਕੀਹ ਖਿਚੜੀ ਪੱਕਦੀ ਸੁਣ ਨਾ ਪੈਂਦੀ ਘੇਰ ਕਿਉਂ ਬਈ।

ਏਸੇ ਘਰ ਦਾ ਅੱਜ ਵੀ ਜੀਅ ਹੈ, ਸੀਤਾ ਵੀ ਧਰਤੀ ਦੀ ਧੀ ਹੈ,
ਹਰ ਯੁਗ ਅੰਦਰ ਲਛਮਣ-ਰੇਖਾ, ਉਸਦੇ ਚਾਰ ਚੁਫ਼ੇਰ ਕਿਉਂ ਬਈ।

ਅਬਦਾਲੀ ਹੁਣ ਸੌਦਿਆਂ ਆਇਆ ਵਣਜ-ਵਪਾਰੀ ਨਾਲ ਲਿਆਇਆ,
ਫਿਰ ਕਿਉਂ ਪੁੱਛੋ, ਸਾਡੇ ਘਰ ਵਿਚ, ਓਪਰਿਆਂ ਦੀ ਮੇਰ ਕਿਉਂ ਬਈ।

l

○

## ਦਾਨਿਸ਼ਵਰ ਲਈ ਮੁਕਤੀਦਾਤਾ

ਦਾਨਿਸ਼ਵਰ ਲਈ ਮੁਕਤੀਦਾਤਾ, ਮਿੱਟੀ ਦਾ ਭਗਵਾਨ ਨਹੀਂ ਹੈ।
ਏਨੀ ਗੱਲ ਸਮਝਾਉਣੀ ਦਿਲ ਨੂੰ, ਏਨੀ ਸਹਿਲ ਆਸਾਨ ਨਹੀਂ ਹੈ।

ਇਕ ਬਾਲੜੀ, ਮਾਂ ਦੀ ਮੂਰਤ, ਮਿੱਟੀ ਉੱਤੇ ਵਾਹ ਕੇ ਸੌਂ ਗਈ,
ਸੱਚ ਪੁੱਛੋ ਤਾਂ ਇਸ ਤੋਂ ਉੱਤੇ ਰਿਸ਼ਤੇ ਦਾ ਸਨਮਾਨ ਨਹੀਂ ਹੈ।

ਕੌਣ ਅਨਾਥ ਕਹੇਗਾ ਇਸਨੂੰ, ਇਹ ਨਾਥਾਂ ਦੀ ਸਿਰਜਣਹਾਰੀ,
ਧਰਤੀ ਮਾਂ ਜਹੀ ਇਸ ਬੱਚੀ ਨੂੰ, ਕਹਿਣ ਯਤੀਮ ਈਮਾਨ ਨਹੀਂ ਹੈ।

ਬਿਰਧ ਘਰਾਂ ਵਿਚ ਰੁਲਦੇ ਹੌਕੇ, ਲੋਰੀ ਦੇਵਣਹਾਰੀ ਡੁਸਕੇ,
ਸੱਚ ਕਹੀਏ ਤਾਂ, ਇਸ ਤੋਂ ਵਧ ਕੇ ਮਮਤਾ ਦਾ ਅਪਮਾਨ ਨਹੀਂ ਹੈ।

ਏਸ ਸਭਾ ਵਿਚ ਇਕ ਵੀ ਚਿਹਰਾ, ਜੇਕਰ ਮੈਨੂੰ ਘੂਰ ਰਿਹਾ ਏ,
ਮੋੜ ਲਵੋ ਇਹ ਨਿਕ ਸੁਕ, ਥੈਲੀ, ਇਹ ਮੇਰਾ ਸਨਮਾਨ ਨਹੀਂ ਹੈ।

ਬੰਦਾ ਬੰਦੇ ਵਾਂਗੂੰ ਵਿਚਰੇ, ਤੇ ਬੰਦੇ ਨੂੰ ਬੰਦਾ ਸਮਝੇ,
ਇੱਕੋ ਮੰਤਰ ਲੱਖਾਂ ਵਰਗਾ, ਇਹ ਕੋਈ ਗੂੜ੍ਹ ਗਿਆਨ ਨਹੀਂ ਹੈ।

ਮੈਂ ਤਾਂ ਐਵੇਂ ਖਿੱਲਰੇ ਪੁੱਲਰੇ, ਸ਼ਬਦ ਸੰਵਾਰੇ, ਗਜ਼ਲਾਂ ਕਹੀਆਂ,
ਏਸ ਹਕੀਕਤ ਤੋਂ ਮੈਂ ਵਾਕਿਫ਼, ਇਹ ਮੇਰਾ ਦੀਵਾਨ ਨਹੀਂ ਹੈ।

l

ੴ

## ਕਈ ਕੁਝ ਏਸ ਰੁਮਾਲ 'ਚ ਤੇਰੇ

ਕਈ ਕੁਝ ਏਸ ਰੁਮਾਲ 'ਚ ਤੇਰੇ।
ਮੱਕਾ ਨਾਲ ਮਦੀਨਾ ਮੇਰੇ।

ਹਰਿਮੰਦਰ ਹੈ ਮੇਰੇ ਅੰਦਰ,
ਸੀਸ ਝੁਕਾਵਾਂ ਸ਼ਾਮ ਸਵੇਰੇ।

ਗ਼ੈਰਹਾਜ਼ਰੀ ਸੂਰਜ ਦੀ ਹੈ,
ਤਾਂ ਹੀ ਚਾਰ ਚੁਫ਼ੇਰ ਹਨ੍ਹੇਰੇ।

ਤੂੰ ਨਾ ਮੈਨੂੰ ਛੱਡ ਕੇ ਜਾਵੀਂ
ਬਹੁਤ ਉਦਾਸੀ ਦਿਲ ਦੇ ਡੇਰੇ।

ਇਹ ਕਿਹੜੀ ਮੈਂ ਅੱਗ 'ਚ ਘਿਰਿਆਂ,
ਲਾਟਾਂ ਮੇਰੇ ਚਾਰ ਚੁਫ਼ੇਰੇ।

ਜ਼ਿੰਦਗੀ ਤੇਰੇ ਰੰਗ ਨਿਆਰੇ,
ਬੁੱਢੇ ਚੋਰ, ਮਸਾਣੀਂ ਡੇਰੇ।

ਅਗਲਾ ਸਾਹ ਆਵੇ ਨਾ ਆਵੇ,
ਨਾ ਵੱਸ ਮੇਰੇ, ਨਾ ਵੱਸ ਤੇਰੇ।

1

ੴ

## ਸਭ ਲੋਕਾਂ ਲਈ ਇੱਕੋ ਧਰਤੀ

ਸਭ ਲੋਕਾਂ ਲਈ ਇੱਕੋ ਧਰਤੀ ਪਰ ਸਾਂਝਾ ਅਸਮਾਨ ਨਹੀਂ ਹੈ।
ਨੀਲੀ ਛਤਰੀ ਵਾਲੇ ਰੱਬ ਦਾ ਇਸ ਪਾਸੇ ਵੱਲ ਧਿਆਨ ਨਹੀਂ ਹੈ।

ਰੱਜਿਆਂ ਖਾਤਰ ਹੋਰ ਖ਼ੁਰਾਕਾਂ, ਲਿੱਸਿਆਂ ਖਾਤਰ ਕੱਚੀਆਂ ਲੱਸੀਆਂ,
ਰੱਬ ਦੇ ਬੰਦਿਓ, ਇਹ ਦੋ ਅਮਲੀ, ਕੀਹ ਰੱਬ ਦਾ ਅਪਮਾਨ ਨਹੀਂ ਹੈ।

ਮੈਂ ਮਜ਼ਬੂਤ ਬਤੀਸੀ ਕੋਲੋਂ ਕੀਹ ਲੈਣੈਂ, ਜੇ ਏਹੀ ਦੁਸ਼ਮਣ,
ਸ਼ਬਦ ਸਲਾਮਤ ਰੱਖਣ ਲਈ ਜੇ ਰਹਿਣੀ ਮਾਤ-ਜ਼ੁਬਾਨ ਨਹੀਂ ਹੈ?

ਦਰਿਆਵਾਂ ਨੂੰ ਸੰਗਲੀ ਪਾ ਕੇ, ਜਿੱਧਰ ਚਾਹੋ ਤੋਰੀ ਫੇਰੋ,
ਗੰਗਾ ਯਮੁਨਾ ਸਰਸਵਤੀ ਦਾ, ਇਹ ਭਾਈ ਸਨਮਾਨ ਨਹੀਂ ਹੈ।

ਕੱਚੇ ਘਰ ਲਈ ਹੋਰ ਕਿਤਾਬਾਂ, ਪੱਕਿਆਂ ਦੇ ਲਈ ਸਬਕ ਅਲਹਿਦਾ,
ਕਿੱਥੋਂ ਪੜ੍ਹ ਕੇ ਕੀਹ ਕਰਦੇ ਹੋ, ਇਹ ਤਾਂ ਅਸਲ ਵਿਧਾਨ ਨਹੀਂ ਹੈ।

ਫੁਲਕਾਰੀ ਦੇ ਧਾਗੇ ਤੋੜੋ, ਆਖੋ ਸਾਨੂੰ ਮੁੜ ਕੇ ਜੋੜੋ,
ਅਜਬ ਤਮਾਸ਼ਾ ਏਸ ਤਰ੍ਹਾਂ ਦਾ, ਸਾਨੂੰ ਇਹ ਪਰਵਾਨ ਨਹੀਂ ਹੈ।

ਤੇਰੇ ਹੱਥ ਤ੍ਰਿਸ਼ੂਲ ਤਬਾਹੀ, ਤਲਵਾਰਾਂ ਦੀ ਫ਼ਸਲ ਉਗਾਵੇਂ,
ਹੇ ਬਨਵਾਰੀ, ਕਿਰਪਾ ਧਾਰੀ, ਕਿਉਂ ਹੱਥ ਵਿਚ ਕਿਰਪਾਨ ਨਹੀਂ ਹੈ।

ਇਹ ਪੰਜਾਬ ਜਿਉਂਦੀ ਪੁਸਤਕ, ਰਿਗਵੇਦਾਂ ਤੋਂ ਲੈ ਕੇ ਅੱਜ ਤੱਕ,
ਜਦ ਜੀਅ ਚਾਹਵੇ ਝੰਬੇਂ ਝਿੜਕੇਂ, ਇਹ ਕੋਈ ਦਰਬਾਨ ਨਹੀਂ ਹੈ।

ਦਿੱਲੀ ਬਹਿ ਕੇ ਰਾਜ ਕਰਦਿਆ, ਵੇਖੀਂ ਸੋਚੀਂ ਅਤੇ ਵਿਚਾਰੀਂ,
ਦਿਲ ਦੀ ਦਿੱਲੜੀ ਜੋ ਨਹੀਂ ਬਹਿੰਦਾ, ਉਹ ਸਾਡਾ ਸੁਲਤਾਨ ਨਹੀਂ ਹੈ।

1

o

## ਸਾਡੇ ਘਰ ਨੂੰ ਬਾਹਰੋਂ ਕਿਹੜਾ

ਸਾਡੇ ਘਰ ਨੂੰ ਬਾਹਰੋਂ ਕਿਹੜਾ ਕੁੰਡੇ ਜੰਦਰੇ ਮਾਰ ਗਿਆ ਹੈ?
ਲੱਭੋ ਉਹ ਕਰਤੂਤੀ ਕਾਫ਼ਿਰ, ਜੋ ਇਹ ਕਹਿਰ ਗੁਜ਼ਾਰ ਗਿਆ ਹੈ।

ਸਾਡੇ ਗੁੱਟ ਤੇ ਹੱਥ ਕੜੀਆਂ ਦੇ ਵਾਂਗੂੰ ਘੜੀਆਂ ਬੱਧੀਆਂ ਰਹੀਆਂ,
ਇਕ ਵੀ ਪਲ ਮਹਿਫੂਜ਼ ਨਹੀਂ ਤੇ, ਵਕਤ ਝਕਾਨੀ ਮਾਰ ਗਿਆ ਹੈ।

ਅੰਨਦਾਤੇ ਦੇ ਮੋਢੇ ਬਗਲੀ, ਰੁਲਦਾ ਫਿਰਦਾ ਅਣਖ ਗੁਆ ਕੇ,
ਪੁੱਛਦਾ ਸਭ ਨੂੰ ਦੱਸੋ ਕਿਹੜਾ, ਮੇਰਾ ਖੇਡ ਸ਼ਿਕਾਰ ਗਿਆ ਹੈ?

ਮਰਦੇ ਦਮ ਤੱਕ, ਬਾਪੂ ਜੀ ਸੀ, ਇੱਕੋ ਗੱਲ ਹੀ ਪੁੱਛੀ ਜਾਂਦੇ,
ਨਾਰੋਵਾਲ ਭਲਾ ਬਈ ਦੱਸੋ, ਕਿਉਂ ਰਾਵੀ ਤੋਂ ਪਾਰ ਗਿਆ ਹੈ?

ਦੂਲੇ ਪੁੱਤਰ ਜਿਸ ਦੀ ਖ਼ਾਤਿਰ, 'ਕੱਠੇ ਲੜਦੇ, ਮਰਨੀਂ ਮਰ ਗਏ,
ਆਜ਼ਾਦੀ ਵਿਚ ਲੀਕਾਂ ਵਾਹ ਕੇ, ਗੋਰਾ ਕਿੱਦਾਂ ਚਾਰ ਗਿਆ ਹੈ?

ਕਮਲਾ ਹੋ ਜਾਣਾ ਸੀ ਮੈਂ ਤਾਂ, ਏਨਾ ਭਾਰ ਦਿਲੇ ਤੇ ਰੱਖ ਕੇ,
ਮੈਂ ਧੰਨਵਾਦੀ 'ਸ਼ਬਦ ਗੁਰੂ' ਦਾ ਜਿਹੜਾ ਭਾਰ ਉਤਾਰ ਗਿਆ ਹੈ।

ਪੰਜ ਸੱਤ ਗ਼ਜ਼ਲਾਂ, ਕੁਝ ਕਵਿਤਾਵਾਂ, ਸਾਂਭ ਸਕੇ ਤਾਂ ਸਾਂਭੀ ਰੱਖਿਓ,
ਮੈਂ ਵੀ ਓਧਰ ਜਾਣੈਂ ਜਿੱਧਰ, ਚੰਦ, ਮੀਸ਼ਾ, ਜਗਤਾਰ ਗਿਆ ਹੈ।

1

o

## ਖ਼ੁਦਾਇਆ ਇਹ ਕਦੇ ਨਾ ਕਹਿਰ ਹੋਵੇ

ਖ਼ੁਦਾਇਆ ਇਹ ਕਦੇ ਨਾ ਕਹਿਰ ਹੋਵੇ।
ਮਿਰੇ ਅੰਦਰ ਕਿਸੇ ਲਈ ਜ਼ਹਿਰ ਹੋਵੇ।

ਮਿਲੇਂ ਤਾਂ ਇਸ ਤਰ੍ਹਾਂ ਮਹਿਸੂਸ ਹੋਵੇ,
ਜਿਵੇਂ ਦਿਲ ਦੇ ਸਮੁੰਦਰ ਲਹਿਰ ਹੋਵੇ।

ਕਦੇ ਥਿੰਦੇ ਘੜੇ ਜਹੇ ਰਿਸ਼ਤਿਆਂ ਵਿਚ,
ਮੇਰੇ ਤੋਂ ਮਿੰਟ ਵੀ ਨਾ ਠਹਿਰ ਹੋਵੇ।

ਉਦੋਂ ਰਿਸ਼ਤੇ ਵੀ ਮਿੱਟੀ ਜਾਪਦੇ ਨੇ,
ਜਦੋਂ ਅੱਖਾਂ ਦੇ ਅੰਦਰ ਗਹਿਰ ਹੋਵੇ।

ਬੜਾ ਕੁਝ ਚੌਖਟੇ ਵਿਚ ਕੈਦ ਹੋਇਆ,
ਮਿਰਾ ਪਿੰਡ ਬਣ ਗਿਆ ਜਿਉਂ ਸ਼ਹਿਰ ਹੋਵੇ।

ਜਦੋਂ ਗਿਣਤੀ ਤੇ ਮਿਣਤੀ ਰੂਹ ਨੂੰ ਘੇਰੇ,
ਅਜੇਹੇ ਵਕਤ ਦਾ ਨਾਂ 'ਕਹਿਰ' ਹੋਵੇ।

ਇਹ ਚੰਚਲ ਮਨ ਖਿਡੌਣੇ ਮੰਗਦਾ ਹੈ,
ਜਿਵੇਂ ਬਚਪਨ ਦਾ ਪਹਿਲਾ ਪਹਿਰ ਹੋਵੇ।

1

o

## ਭਰਮ ਦੇ ਭਾਂਡੇ ਦੇ ਹੋ ਗਏ

ਭਰਮ ਦੇ ਭਾਂਡੇ ਦੇ ਹੋ ਗਏ, ਵੇਖ ਲੈ ਕਿੰਜ ਠੀਕਰੇ।
ਲੋਕ ਖ਼ੌਰੇ ਕਿਉਂ ਅਜੇ ਵੀ ਚੁੱਪ ਨੇ ਬੈਠੇ ਡਰੇ।

ਬਾਬਰਾਂ ਤੋਂ, ਜਾਬਰਾਂ ਤੋਂ, ਮੁਕਤ ਨਾ ਦਿੱਲੀ ਲਾਹੌਰ,
ਹੁਣ ਇਮਾਰਤ ਦੀ ਜਗ੍ਹਾ ਉੱਸਰਨ ਦਿਲਾਂ ਵਿਚ ਮਕਬਰੇ।

ਮੈਂ ਹਕੀਕਤ ਨੂੰ ਕਦੇ ਵੀ, ਕਿਉਂ ਕਰਾਂ ਆਪੇ ਤੋਂ ਦੂਰ,
ਸ਼ੌਕ ਮੇਰਾ ਤੇਜ਼ ਤੁਰਨਾ, ਗਲ 'ਚ ਪਾ ਕੇ ਉਸਤਰੇ।

ਘਰ ਰਹੇ ਨਾ ਘਰ, ਇਹ ਬਣ ਗਏ ਕੈਦਖ਼ਾਨੇ ਵੇਖ ਲੈ,
ਸ਼ਹਿਰ ਵਾਂਗੂੰ ਪਿੰਡ ਅੰਦਰ ਸਹਿਕਦੇ ਹੁਣ ਚੌਂਤਰੇ।

ਘਰ ਤੋਂ ਦਫ਼ਤਰ ਤੀਕ ਸਭ ਨੇ, ਰੋਣ-ਹਾਕੇ ਫਿਰ ਰਹੇ,
ਰੂਹ ਵਿਛੋੜਾ ਦੇ ਗਈ ਹੈ, ਰੁਦਨ ਹੁਣ ਕਿਹੜਾ ਕਰੇ।

ਮੈਂ ਆਜ਼ਾਦੀ ਨੂੰ ਆਜ਼ਾਦੀ, ਦੱਸ ਕਿਹੜੇ ਮੂੰਹ ਕਹਾਂ,
ਜ਼ਖ਼ਮ ਮੇਰੇ ਪੁਰਖ਼ਿਆਂ ਦੇ ਵੇਖ ਲੈ ਓਵੇਂ ਹਰੇ।

ਤਲਖ਼ ਹੈ ਦਿਲ ਦਾ ਸਮੁੰਦਰ, ਖੌਲਦੈ ਲਾਵੇ ਦੇ ਵਾਂਗ,
ਸੁਰਖ ਲਾਟਾਂ ਨਾਲ ਦੋਵੇਂ, ਨੈਣ ਮੇਰੇ ਵੀ ਭਰੇ।

1

o

## ਸਰਫਰੋਸ਼ਾਂ ਨੂੰ ਕਿਤਾਬਾਂ

ਸਰਫਰੋਸ਼ਾਂ ਨੂੰ ਕਿਤਾਬਾਂ ਦੱਸ ਰਹੀਆਂ ਸਿਰ ਫਿਰੇ।
ਵਕਤ ਜੇ ਸਭ ਜਾਣਦਾ ਹੈ, ਚੁੱਪ ਕਿਉਂ, ਕਿਸ ਤੋਂ ਡਰੇ।

ਸਿੱਖ ਸੀ, ਮੁਸਲਿਮ ਜਾਂ ਹਿੰਦੂ, ਸੂਰਮਾ ਇਹ ਕੌਣ ਸੀ,
ਬੌਣਿਆਂ ਦੀ ਗੁਫ਼ਤਗੂ ਵਿਚ ਹੋਣ ਏਹੀ ਤਬਸਰੇ।

ਕੱਚੇ ਘਰ ਤੇ ਕੋਠਿਆਂ ਵਿਚ ਤਾਣ ਨਾਲੇ ਮਾਣ ਸੀ,
ਇੱਟ ਪੱਥਰ ਦੇ ਮਕਾਨੀਂ, ਕਿਉਂ ਨੇ ਰਿਸ਼ਤੇ ਜਰਜਰੇ।

ਤੜਫਦੀ ਬੇਜ਼ਾਰ ਹੈ, ਜਿੰਨ੍ਹਾਂ ਦੇ ਹੱਥੋਂ ਜ਼ਿੰਦਗੀ,
ਵੇਖ ਕੀਕੂੰ ਹੱਸ ਰਹੇ ਨੇ, ਰਾਜ ਭਵਨੀਂ ਮਸਖ਼ਰੇ।

ਇੱਕ ਵੀ ਪੁਸਤਕ ਦੇ ਪੰਨੇ ਨਾ ਕਿਸੇ ਤਰਤੀਬ ਵਿਚ,
ਕਰ ਰਹੇ ਗੁਮਰਾਹ ਅਸਾਨੂੰ, ਤਾਹੀਉਂ ਸਾਰੇ ਤਤਕਰੇ।

ਆਖ਼ਰੀ ਮੰਜ਼ਿਲ ਦੇ ਤੀਕਰ ਫ਼ੈਲ ਗਈ ਹੈ ਅਮਰ ਵੇਲ,
ਏਸ ਦੇ ਚੱਟੇ ਕਦੇ ਨਾ ਬਿਰਖ ਵੀ ਹੁੰਦੇ ਹਰੇ।

ਫ਼ੈਲਿਆ ਕੁੱਲ ਧਰਤ ਉੱਤੇ ਕਤਲਗਾਹਾਂ ਦਾ ਨਿਜ਼ਾਮ,
ਜ਼ਿੰਦਗੀ ਚਾਹੇ ਤਾਂ ਕਿੱਦਾਂ, ਕਦਮ ਕਿਹੜੀ ਥਾਂ ਧਰੇ।

1

○

## ਤਾਕਤ, ਅਕਲਾਂ, ਵਕਤ ਇਕੱਠੇ

ਤਾਕਤ, ਅਕਲਾਂ, ਵਕਤ ਇਕੱਠੇ ਨਹੀਂ ਬਹਿੰਦੇ।
ਤਿੰਨੇ ਰਲ ਕੇ ਇਕ ਸਿਰ ਅੰਦਰ ਨਹੀਂ ਰਹਿੰਦੇ।

ਬਚਪਨ ਵੇਲੇ ਖੇਡੀਆਂ ਖੇਡਾਂ ਭੁੱਲਦੀਆਂ ਨਹੀਂ,
ਜੇਬ 'ਚ ਪਾਏ ਜਾਮਣ ਦੇ ਰੰਗ ਨਹੀਂ ਲਹਿੰਦੇ।

ਖੁੱਲ੍ਹੀਆਂ, ਡੁੱਲ੍ਹੀਆਂ ਜੂਹਾਂ ਦੇ ਨੇ ਜਾਏ ਜੋ,
ਦੁੱਲੇ, ਬੁੱਲ੍ਹੇ, ਈਨ ਕਿਸੇ ਦੀ ਨਹੀਂ ਸਹਿੰਦੇ।

ਕਿੱਦਾਂ ਜਗਣਾ ਸੀ ਫਿਰ ਇਹ ਦੀਪ ਆਜ਼ਾਦੀ ਦਾ,
ਜੇ ਧਰਤੀ ਪੁੱਤ ਤਾਜ ਤਖ਼ਤ ਸੰਗ ਨਾ ਖਹਿੰਦੇ।

ਜੇ ਸਮਿਆਂ ਦੀ ਹਿੱਕ ਤੇ ਲਿਖਿਆ ਪੜ੍ਹਦੇ ਨਾ,
ਆਪਦੇ ਮੂੰਹੋਂ ਇਹ ਗੱਲ ਆਪਾਂ ਕਿਉਂ ਕਹਿੰਦੇ।

ਹੰਝੂਆਂ ਦੇ ਦਰਿਆਵਾਂ ਨੂੰ ਵੀ ਬੰਨ੍ਹ ਮਾਰੋ,
ਨਕਸ਼ੇ ਵਿੱਚ ਨਹੀਂ ਮਿਲਦੇ, ਇਹ ਜੋ ਨਿੱਤ ਵਹਿੰਦੇ।

ਅਪਣੇ ਘਰ ਦੀ ਪਾਟੋ ਧਾੜ ਨੇ ਮਾਰ ਲਿਆ,
ਇਕ ਸੁਰ ਹੁੰਦੇ, ਦੁਸ਼ਮਣ ਕੋਲੋਂ ਕਿਉਂ ਢਹਿੰਦੇ।

1

○

## ਜਿਹੜੇ ਹੌਕੇ ਲੰਘਦੇ ਸਾਹਾਂ ਥਾਣੀਂ

ਜਿਹੜੇ ਹੌਕੇ ਲੰਘਦੇ ਸਾਹਾਂ ਥਾਣੀਂ ਨਹੀਂ ਹੁੰਦੇ।
ਸਰਬ ਸਮੇਂ ਦੀ ਕੋਈ ਦਰਦ-ਕਹਾਣੀ ਨਹੀਂ ਹੁੰਦੇ।

ਤਪਦੀ ਲੋਹ ਤੇ ਤੜਫ਼ਣ ਜਲਕਣ, ਮਰ ਮੁੱਕ ਜਾਂਦੇ ਨੇ,
ਕਿਵੇਂ ਸੁਣਾਵਾਂ ਇਹ ਪਲ ਨਿਰੀ ਕਹਾਣੀ ਨਹੀਂ ਹੁੰਦੇ।

ਅੱਥਰੂ ਲਿਖਣ ਇਬਾਰਤ ਪੜ੍ਹ ਤੂੰ ਦਰ ਦੀਵਾਰਾਂ ਤੋਂ,
ਲੇਪ ਲਿਪਾਈ ਖਾਤਰ ਇਹ ਜੀ ਘਾਣੀ ਨਹੀਂ ਹੁੰਦੇ।

ਬੀਤ ਗਏ ਨੂੰ ਰੋਂਦੇ, ਸਿਰਫ਼ ਸੰਵਾਰਨ ਪਏ ਕੱਲ੍ਹ ਨੂੰ,
ਅੰਨ ਦੇ ਕੀੜੇ ਕਦੇ ਸਮੇਂ ਦੇ ਹਾਣੀ ਨਹੀਂ ਹੁੰਦੇ।

ਮਿੱਠੇ ਕੌੜੇ ਫੁੱਲ ਤੋਂ ਮੱਖੀਆਂ ਮਿੱਠਤ ਭਾਲਦੀਆਂ,
ਸ਼ਹਿਦ ਕਟੋਰੇ, ਕਦੇ ਵੀ ਖੰਡ ਦੀ ਚਾਹਣੀ ਨਹੀਂ ਹੁੰਦੇ।

ਕਾਲ-ਮੁਕਤ ਨੇ, ਕਾਇਮ ਦਾਇਮ ਸ਼ਬਦ ਪੁਰਖ਼ਿਆਂ ਦੇ,
ਤੇਰੇ ਮੇਰੇ ਬੋਲ ਕਦੇ ਵੀ ਬਾਣੀ ਨਹੀਂ ਹੁੰਦੇ।

ਵਲੀ ਕੰਧਾਰੀ ਸੰਗਲੀ ਦੇ ਸੰਗ ਬੰਨਣਾ ਚਾਹੁੰਦੇ ਨੇ,
ਇਹ ਦਰਿਆ ਤਾਂ ਜ਼ਿੰਦਗੀ, 'ਕੱਲ੍ਹੇ ਪਾਣੀ ਨਹੀਂ ਹੁੰਦੇ।

ਸਿੱਧੇ ਸਾਦੇ ਸ਼ਬਦਾਂ ਵਿਚ ਮੈਂ ਬਾਤ ਸੁਣਾਉਂਦਾ ਹਾਂ,
ਸ਼ਿਅਰ ਮੇਰੇ ਏਸੇ ਲਈ, ਉਲਝੀ ਤਾਣੀ ਨਹੀਂ ਹੁੰਦੇ।

1

੦

## ਸਿਖ਼ਰ ਦੁਪਹਿਰੇ ਵਰਗਾ ਜੀਵਨ

ਸਿਖ਼ਰ ਦੁਪਹਿਰੇ ਵਰਗਾ ਜੀਵਨ ਅਰਥ ਨਾ ਜਾਣੇ ਛਾਵਾਂ ਦੇ।
ਨੰਗ ਧੜੰਗੇ ਬਾਲ ਵਿਲਕਦੇ ਕੰਮੀਂ ਰੁੱਝੀਆਂ ਮਾਵਾਂ ਦੇ।

ਚਿੜੀਆਂ ਦੀ ਥਾਂ ਕਾਵਾਂ ਦੇ ਹੁਣ ਕਬਜ਼ੇ ਹੋ ਗਏ ਬਿਰਖ਼ਾਂ ਤੇ,
ਸਾਨੂੰ ਕਹਿੰਦੇ ਉੱਡ ਪੁੱਡ ਜਾਉ, ਖੰਭ ਕੁਤਰ ਕੇ ਚਾਵਾਂ ਦੇ।

ਮਰਿਆਦਾ ਦੇ ਰਾਖੇ ਇਹ ਕੀ ਸਬਕ ਪੜ੍ਹਾਉਂਦੇ ਨਦੀਆਂ ਨੂੰ,
ਥੈਲੀ ਬਦਲੇ ਵੇਚਣਗੇ ਇਹ, ਜਲ ਵਗਦੇ ਦਰਿਆਵਾਂ ਦੇ।

ਤੇਰੇ ਚਾਰ ਚੁਫ਼ੇਰੇ ਜੰਗਲ ਜਦ ਸੀ, ਜਾਨ ਸਲਾਮਤ ਸੀ,
ਕਹਿਰ ਗੁਜ਼ਰਦੇ ਵੇਖੀਂ ਹੁਣ ਤੂੰ ਤੇਜ਼ ਤਰਾਰ ਹਵਾਵਾਂ ਦੇ।

ਸਰਹੱਦਾਂ ਤੇ ਬਲਦੀ ਅੱਗ ਨੂੰ, ਹਥਿਆਰਾਂ ਨੇ ਕਦ ਡੱਕਿਆ,
ਨਫ਼ਰਤ ਦੀ ਅੱਗ ਠਾਰਨ ਵੀਰਾ, ਸੁੱਚੇ ਅੱਥਰੂ ਮਾਵਾਂ ਦੇ।

ਤੂੰ ਕਹਿਣਾ ਸੀ, ਪਾਟੇ ਧਰਤੀ, ਤੇ ਮੈਂ ਵਿੱਚ ਸਮਾ ਜਾਵਾਂ,
ਵੈਣ ਕਦੇ ਜੇ ਸੁਣ ਲੈਂਦਾ ਤੂੰ, ਦਿੱਲੀ ਵਿਚ ਵਿਧਵਾਵਾਂ ਦੇ।

ਤੂੰ ਤ੍ਰਿਸ਼ੂਲ ਘੁੰਮਾ ਕੇ ਸਮਝੇਂ, ਹੱਲ ਹੈ ਇਹ, ਹਰ ਮਸਲੇ ਦਾ
ਤੈਥੋਂ ਵੱਖਰਾ ਸੋਚ ਰਹੇ ਨੇ, ਲੋਕੀਂ ਸਗਲ ਦਿਸ਼ਾਵਾਂ ਦੇ।

1

ੳ

## ਮੱਥੇ ਦੇ ਵਿਚ ਜੋਤ ਜਗੇ ਤਾਂ

ਮੱਥੇ ਦੇ ਵਿਚ ਜੋਤ ਜਗੇ ਤਾਂ ਬੰਦਾ ਕਿੱਥੇ ਬਹਿੰਦਾ ਹੈ।
ਸੂਰਜ ਵਾਲੀ ਰੀਸ ਨਾ ਕਰੀਏ, ਇਹ ਤਾਂ ਚੜ੍ਹਦਾ ਲਹਿੰਦਾ ਹੈ।

ਦਰਦ-ਹਨ੍ਹੇਰਾ ਕਿੰਨਾ ਗੂੜ੍ਹਾ, ਪੁੱਛਿਓ ਓਸ ਪਰਿੰਦੇ ਤੋਂ,
ਬਿਰਖ਼ ਵਿਹੂਣੇ ਸ਼ਹਿਰ ਭਟਕਦਾ, ਮਮਟੀਂ ਤੇ ਜੋ ਲਹਿੰਦਾ ਹੈ।

ਧਰਤੀ ਸਿੰਜਦੇ, ਦਰਿਆ, ਸੂਏ, ਜ਼ਿਲ੍ਹੇਦਾਰ ਨੂੰ ਦਿਸਦੇ ਨੇ,
ਦਰਦਾਂ ਦਾ ਦਰਿਆ ਨਾ ਗਿਣਦਾ, ਦਿਨੇ ਰਾਤ ਜੋ ਵਹਿੰਦਾ ਹੈ।

ਗੂੜ੍ਹੀ ਨੀਂਦਰ ਸੁੱਤਿਆਂ, ਸੁੱਤਿਆਂ, ਜੋ ਆਵੇ ਉਹ ਖ਼੍ਵਾਬ ਨਹੀਂ,
ਅਸਲੀ ਸੁਪਨਾ ਸੌਣ ਨਾ ਦੇਵੇ, ਸਫ਼ਰ ਨਿਰੰਤਰ ਰਹਿੰਦਾ ਹੈ।

ਦਿਲ ਦੀ ਧੜਕਣ ਟਿਕ ਟਿਕ ਧੜਕੇ ਤੇ ਅੱਖ ਫ਼ਰਕੇ ਦਮ ਤੋਂ ਤੇਜ਼,
ਇਹ ਮਾਸੂਮ ਪਰਿੰਦਾ, ਵੇਖੋ, ਕਿੰਨੇ ਸਦਮੇ ਸਹਿੰਦਾ ਹੈ।

ਹੋ ਜਾ ਤੂੰ ਕੁਰਬਾਨ ਕਹੇ ਜੋ, ਧਰਮ ਕਰਮ ਦੇ ਨਾਂ ਦੇ ਹੇਠ,
ਆਪ ਮੈਦਾਨੋਂ ਭੱਜਦਾ ਵੇਖੀਂ, ਜਿਹੜਾ ਤੈਨੂੰ ਕਹਿੰਦਾ ਹੈ।

ਸੱਚ ਨਿਗੂਣਾ ਹੁੰਦਾ ਹੀ ਨਾ, ਇਹ ਤਾਕਤ ਹੈ ਬੜੀ ਅਮੋਲ,
ਸਦੀਆਂ ਤੋਂ ਹੀ ਜਾਬਰ 'ਨ੍ਹੇਰਾ, ਚਾਨਣ ਹੁੰਦੇ ਢਹਿੰਦਾ ਹੈ।

1

o

## ਸ਼ਾਮ ਢਲੀ ਤੋਂ ਮਗਰੋਂ, ਛਾਵਾਂ

ਸ਼ਾਮ ਢਲੀ ਤੋਂ ਮਗਰੋਂ, ਛਾਵਾਂ ਲੱਭਦੀਆਂ ਨਹੀਂ।
ਸਿਵਿਆਂ ਦੀ ਮਿੱਟੀ ਚੋਂ, ਮਾਵਾਂ ਲੱਭਦੀਆਂ ਨਹੀਂ।

ਵਕਤ ਬੜਾ ਹੈ ਜ਼ਾਲਮ ਬਦਲੇ ਲੈਂਦਾ ਹੈ,
ਭੁੱਲ ਗਿਆ ਹਾਂ, ਪਿੰਡ ਦੀਆਂ ਰਾਹਵਾਂ ਲੱਭਦੀਆਂ ਨਹੀਂ।

ਕਲਮੂੰਹੀ ਹੈ ਰਾਤ, ਕਲਾਵਾ ਮੌਤ ਜਿਹਾ,
ਇਸ ਦੀ ਬੁੱਕਲ ਸ਼ੋਖ ਅਦਾਵਾਂ, ਲੱਭਦੀਆਂ ਨਹੀਂ।

ਸੰਗਮਰਮਰ ਤੋਂ ਪੈੜ ਗੁਆਚੀ ਲੱਭਦਾ ਹਾਂ,
ਜਿੱਥੋਂ ਮੈਂ ਸੀ ਆਇਆ, ਥਾਵਾਂ ਲੱਭਦੀਆਂ ਨਹੀਂ।

ਅੱਖ ਦੀ ਘੂਰੀ, ਮਾਂ ਮੇਰੀ ਦਾ ਚੁੱਪ ਕਰਨਾ,
ਹੁਣ ਤਾਂ ਐਸੀਆਂ ਸਖ਼ਤ ਸਜ਼ਾਵਾਂ ਲੱਭਦੀਆਂ ਨਹੀਂ।

ਪੱਕਦੀਆਂ ਦੇ ਯਾਰ ਬੜੇ ਗੁਰਭਜਨ ਸਿਹਾਂ,
ਵਖ਼ਤ ਪਿਆਂ, ਵੀਰਾਂ ਬਿਨ ਬਾਹਵਾਂ ਲੱਭਦੀਆਂ ਨਹੀਂ।

1

o

## ਧਰਮ ਗਰੰਥਾਂ ਦੇ ਵਿਚ ਮੰਨਦੇ

ਧਰਮ ਗਰੰਥਾਂ ਦੇ ਵਿਚ ਮੰਨਦੇ ਪੀਰ ਦਰਖ਼ਤਾਂ ਨੂੰ।
ਕਾਹਨੂੰ ਚੀਰੀ ਜਾਵੇਂ ਅੱਜ ਤੂੰ ਵੀਰ ਦਰਖ਼ਤਾਂ ਨੂੰ।

ਜੰਗਲ ਬੇਲੇ ਦੇ ਵਿਚ ਰਾਂਝੇ ਮੱਝੀਆਂ ਚਾਰਦਿਆਂ,
ਵੰਝਲੀ ਕੀਲੀ ਕਿੱਦਾਂ, ਪੁੱਛ ਤੂੰ ਹੀਰ ਦਰਖ਼ਤਾਂ ਨੂੰ।

ਬੋਹੜ ਤੇ ਪਿੱਪਲ ਬਾਬਲ, ਨਿੰਮ ਧਰੇਕਾਂ ਵੱਡੀ ਥਾਂ,
ਧੀਆਂ ਭੈਣਾਂ ਮੰਨਦੀਆਂ ਨੇ ਵੀਰ ਦਰਖ਼ਤਾਂ ਨੂੰ।

ਸਿਵਿਆਂ ਅੰਦਰ ਨਾਲ ਅਸਾਡੇ ਇਹੀ ਸੜਦੇ ਨੇ,
ਤਾਂਹੀਉਂ ਦੁਨੀਆਂ ਲੱਭਦੀ ਫਿਰੇ ਅਖ਼ੀਰ ਦਰਖ਼ਤਾਂ ਨੂੰ।

ਸੂਰਮਿਆਂ ਲਈ ਅੱਜ ਵੀ ਬੁੱਕਲ ਕਿੱਦਾਂ ਬਿਰਖ ਬਣੇ,
ਪੁੱਛ ਕਦੇ ਤੂੰ ਜਾ ਕੇ ਬਸਤਰ* ਵੀਰ ਦਰਖ਼ਤਾਂ ਨੂੰ।

ਕਲਗੀਧਰ ਦੀ ਬਿਹਬਲਤਾ ਨੂੰ ਖ਼ੁਦ ਸਮਝਾਵਣਗੇ,
ਮਾਛੀਵਾੜੇ ਜਾ ਕੇ ਮਿਲ ਦਿਲਗੀਰ ਦਰਖ਼ਤਾਂ ਨੂੰ।

ਅੰਬਰ ਕਿਣ ਮਿਣ ਕਣੀਆਂ ਜਦੋਂ ਵਰ੍ਹਾਵੇ ਧਰਤੀ ਤੇ,
ਸਭ ਤੋਂ ਪਹਿਲਾਂ ਬਖਸ਼ਦੀਆਂ ਨੇ ਨੀਰ ਦਰਖ਼ਤਾਂ ਨੂੰ।

1

*ਬਸਤਰ ਖੇਤਰ ਦੇ ਜੰਗਲ

o

## ਪੁੱਛਿਆ ਕਰ ਤੂੰ ਦੁਖ ਸੁਖ

ਪੁੱਛਿਆ ਕਰ ਤੂੰ ਦੁਖ ਸੁਖ ਬਹਿ ਕੇ ਵੀਰ ਦਰਖ਼ਤਾਂ ਨੂੰ।
ਨਾ ਮਾਰੀਂ ਨਾ ਮਾਰੀਂ ਮਸਤ ਫ਼ਕੀਰ ਦਰਖ਼ਤਾਂ ਨੂੰ।

ਕਹਿਣ ਵਿਕਾਸ, ਵਿਨਾਸ਼ੀ ਹੋ ਗਏ ਜ਼ਰ-ਜਰਵਾਣੇ ਵੀ,
ਆਰੇ ਲੈ ਕੇ ਫਿਰਦੇ, ਦੇਂਦੇ ਚੀਰ ਦਰਖ਼ਤਾਂ ਨੂੰ।

ਸਾਵੀ ਛਤਰੀ ਵੇਦ ਰਿਸ਼ੀ ਦੇ ਸਿਰ ਤੇ ਬਿਰਖਾਂ ਦੀ,
ਬਣੇਂ ਸਿਆਣਾ, ਸਮਝੇਂ ਅੱਜ ਤੂੰ ਕੀਰ ਦਰਖ਼ਤਾਂ ਨੂੰ।

ਤੈਥੋਂ ਪਹਿਲਾਂ, ਧਰਤੀ ਮਾਂ ਹੀ ਇਸ ਦੀ ਜਣਨੀ ਹੈ,
ਮੰਨਿਆ ਕਰ ਤੂੰ ਅਪਣੇ ਹੀ ਹਮਸ਼ੀਰ ਦਰਖ਼ਤਾਂ ਨੂੰ।

ਸਾਡੀ ਖ਼ਾਤਰ ਜ਼ਹਿਰ ਚੂਸਦੇ, ਗੰਦੀਆਂ ਪੌਣਾਂ 'ਚੋਂ,
ਸ਼ਿਵ ਭਗਵਾਨ ਨੇ ਮੰਨਦੇ ਵੱਡਾ ਵੀਰ ਦਰਖ਼ਤਾਂ ਨੂੰ।

ਕ੍ਰਿਸ਼ਨ ਘਨੱਈਆ ਵਜਦ, ਗੋਪੀਆਂ, ਰਾਸਾਂ ਬੰਸਰੀਆਂ,
ਪੁੱਛ ਤੂੰ ਕਥਾ ਪੁਰਾਣੀ ਯਮੁਨਾ ਤੀਰ ਦਰਖ਼ਤਾਂ ਨੂੰ।

ਗਿਆਨ-ਬਿਰਖ ਦੇ ਹੇਠਾਂ ਗੌਤਮ ਕਿੱਦਾਂ ਬੁੱਧ ਬਣੇ,
ਪੁੱਛਦਾ ਫਿਰੇ ਅਸ਼ੋਕਾ, ਆਲਮਗੀਰ ਦਰਖ਼ਤਾਂ ਨੂੰ।

ਧੀਆਂ ਪੁੱਤਰਾਂ ਬਾਝੋਂ, ਇਸ ਦੀ ਵੇਦਨ ਕੌਣ ਸੁਣੇ,
ਆਉ ਦੇਈਏ ਜਾ ਕੇ ਕੁਝ ਤਾਂ ਧੀਰ ਦਰਖ਼ਤਾਂ ਨੂੰ।

1

o

## ਸ਼ਬਦ ਕੋਸ਼ 'ਚੋਂ ਖ਼ਾਰਜ ਕਰ ਦਿਉ

ਸ਼ਬਦ ਕੋਸ਼ 'ਚੋਂ ਖ਼ਾਰਜ ਕਰ ਦਿਉ, ਜਿੱਥੇ ਲਿਖਿਐ ਸ਼ਬਦ ਅਸੰਭਵ।
ਸੰਭਵ, ਸੰਭਵ, ਸੰਭਵ ਕਰ ਦਿਉ, ਜਿੱਥੇ ਲਿਖਿਐ ਸ਼ਬਦ ਅਸੰਭਵ।

ਜਿਸ ਤੋਂ ਡਰ ਕੇ ਸੋਤਰ ਸੁੱਕਦੇ, ਜੀਭ ਤਾਲੂਏ ਜੁੜਦੀ ਸਾਡੀ,
ਨੇਰ੍ਹ ਕੋਠੜੀ ਦੀਵੇ ਧਰ ਦਿਉ, ਜਿੱਥੇ ਲਿਖਿਐ ਸ਼ਬਦ ਅਸੰਭਵ।

ਜਿਉਂ ਜੰਮੇ ਹਾਂ ਏਹੀ ਸੁਣਦੇ, ਹਿੰਮਤ ਨੂੰ ਹੀ ਮੰਜ਼ਿਲ ਮਿਲਦੀ,
ਹੁਣ ਇਸ ਗੱਲ ਨੂੰ ਸੱਚੀ ਕਰ ਦਿਉ, ਜਿੱਥੇ ਲਿਖਿਐ ਸ਼ਬਦ ਅਸੰਭਵ।

ਅੰਬਰ ਵਿੱਚ ਉਡਾਰੀ ਭਰਦੇ, ਕਰਨ ਕਲੋਲ ਪਰਿੰਦੇ ਵੇਖੋ,
ਤਿਲ ਤਿਲ ਕਰਕੇ ਰੋਜ਼ ਮਰਦਿਉ, ਜਿੱਥੇ ਲਿਖਿਆ ਸ਼ਬਦ ਅਸੰਭਵ।

ਦੋ ਧੀਆਂ* ਨੇ ਸਬਕ ਪੜ੍ਹਾਇਆ, ਸਮਝ ਕਿਉਂ ਨਾ ਆਵੇ ਸਾਨੂੰ,
ਚੰਦਰਮਾ ਤੇ ਪੈਰ ਧਰਦਿਉ, ਜਿੱਥੇ ਲਿਖਿਆ ਸ਼ਬਦ ਅਸੰਭਵ।

ਧਰਤੀ ਮਾਂ ਕਿਉਂ ਕੱਲ੍ਹੀ ਕੱਤਰੀ, ਤਾਣੋ ਸਿਰ ਤੇ ਸਾਵੀਂ ਛਤਰੀ,
ਹਰਿਆਲੀ, ਹਰਿਆਲੀ ਭਰ ਦਿਉ, ਜਿੱਥੇ ਲਿਖਿਆ ਸ਼ਬਦ ਅਸੰਭਵ।

1

*ਕਲਪਨਾ ਚਾਵਲਾ ਤੇ ਸੁਨੀਤਾ ਵਿਲੀਅਜ਼

o

## ਤੂੰ ਮੇਰੇ ਜਿਸਮ ਦੀ ਮਿੱਟੀ

ਤੂੰ ਮੇਰੇ ਜਿਸਮ ਦੀ ਮਿੱਟੀ 'ਚ ਕਿਉਂ ਦੀਵਾ ਜਗਾਉਣਾ ਸੀ।
ਜੇ ਰੂਹ ਨੂੰ ਬਿਨ ਮਿਲੇ ਹੀ, ਕੋਲ ਜਾ ਕੇ ਪਰਤ ਆਉਣਾ ਸੀ।

ਕਦੇ ਆਵਾਜ਼ ਨੂੰ ਜੇ ਸਾਜ਼-ਸੰਗ ਹੀ ਸੁਰ ਨਹੀਂ ਕਰਨਾ,
ਤੂੰ ਮੇਰੀ ਤਾਰ ਨੂੰ ਕਿਉਂ ਵਜਦ ਵਿਚ ਆ ਕੇ ਹਿਲਾਉਣਾ ਸੀ।

ਅਸੀਂ ਤਾਂ ਹੀਰ ਖਾਤਰ, ਜੋਗੀਆਂ ਦੇ ਦਰ ਤੇ ਜਾ ਪਹੁੰਚੇ,
ਮੁਹੱਬਤ ਮਾਰਿਆਂ ਨੇ ਜੋਗ ਦੱਸੋ ਕੀਹ ਕਮਾਉਣਾ ਸੀ।

ਹਵਾ ਵਿਚ ਜ਼ਹਿਰ ਸੀ ਤੇ ਕਹਿਰ ਸੀ ਧਰਤੀ ਤੇ ਹਰ ਪਾਸੇ,
ਤੁਸੀਂ ਦੱਸੋ ਮੈਂ ਐਸੇ ਵਕਤ ਕਿਹੜਾ ਗੀਤ ਗਾਉਣਾ ਸੀ।

ਜਦੋਂ ਪੰਚਾਲ-ਪੁੱਤਰੀ ਹੋ ਗਈ ਨਿਰਵਸਤਰੀ, ਬੋਲੀ,
ਮੈਂ ਤੇਰੇ ਵਿਚ ਸੁੱਤੇ ਜਾਨਵਰ ਨੂੰ ਹੀ ਜਗਾਉਣਾ ਸੀ।

ਜਿਵੇਂ ਖ਼ੁਸ਼ਬੂ, ਗੁਲਾਬੀ ਰੰਗ, ਫੁੱਲ ਤੇ ਭਾਰ ਨਹੀਂ ਬਣਦੇ,
ਮੈਂ ਬਿਲਕੁਲ ਇਸ ਤਰ੍ਹਾਂ ਹੀ ਤੇਰਿਆਂ ਸਾਹਾਂ 'ਚ ਆਉਣਾ ਸੀ।

1

o

## ਦਿਨ ਚੜ੍ਹਦੈ ਤਾਂ ਤੁਰ ਪੈਂਦਾ ਏਂ

ਦਿਨ ਚੜ੍ਹਦੈ ਤਾਂ ਤੁਰ ਪੈਂਦਾ ਏਂ, ਰੋਜ਼ ਤੂੰ ਨਵੇਂ ਸ਼ਿਕਾਰ ਲਈ।
ਖ਼ੌਰੇ ਕਿੱਦਾਂ ਤੁਰਿਆ ਫਿਰਦੈਂ, ਮਨ ਤੇ ਏਨਾ ਭਾਰ ਲਈ।

ਤੇਰੇ ਹੱਥ ਕੁਹਾੜਾ, ਆਰੀ, ਹੁਣ ਤਾਂ ਪੁੱਛਣਾ ਬਣਦਾ ਹੈ,
ਤੂੰ ਤਾਂ ਸਾਨੂੰ ਇਹ ਕਹਿੰਦਾ ਸੀ, ਲੜਨਾ ਹੈ, ਗੁਲਜ਼ਾਰ ਲਈ।

ਮਨ ਮਸਤਕ ਵਿਚ ਕੁਰਬਲ ਕੁਰਬਲ, ਚੁੱਪ ਤੂੰ ਖੜ੍ਹਾ ਚੌਰਾਹੇ ਤੇ,
ਕਦਮ ਅਗਾਂਹ ਨੂੰ ਧਰਦਾ ਕਿਉਂ ਨਹੀਂ, ਰੌਸ਼ਨ ਸੁਰਖ਼ ਬਹਾਰ ਲਈ।

ਦਾਨਵੀਰ ਤੂੰ ਬਣ ਬਣ ਬਹਿਨੈਂ, ਕੁੜੀਆਂ ਚਿੜੀਆਂ ਮਾਰ ਰਿਹੈਂ,
ਜ਼ਹਿਰ 'ਚ ਭਿੱਜਾ ਚੋਗਾ ਪਾਉਨੈਂ, ਕਿਉਂ ਕੂੰਜਾਂ ਦੀ ਡਾਰ ਲਈ।

ਮੈਂ ਇਸ ਧਰਤੀ ਦੀ ਮਰਿਆਦਾ, ਪਾਰਦਰਸ਼ਨੀ ਰੂਹ ਵਰਗੀ,
ਹੋਰ ਕਿਸੇ ਦਾ ਦਰ ਖੜਕਾ ਤੂੰ, ਕੂੜੇ ਵਣਜ ਵਪਾਰ ਲਈ।

ਅਣਖ਼ ਦੀ ਰੋਟੀ ਖਾਂਦੇ ਖਾਂਦੇ, ਆਹ ਦੱਸ ਤੈਨੂੰ ਕੀਹ ਹੋਇਆ,
ਇਹ ਅਨਮੋਲ ਜ਼ਮੀਰ ਭਲਾ ਕਿਉਂ, ਆਟੇ ਖ਼ਾਤਰ ਮਾਰ ਲਈ।

ਨਿਰਬਲ ਨਾ ਤੂੰ ਸਮਝੀਂ ਮੈਨੂੰ, ਰਣ ਚੰਡੀ ਹਾਂ, ਦੁਰਗਾ ਹਾਂ,
ਭੱਜਦਿਆਂ ਨੂੰ ਰਾਹ ਨਹੀਂ ਲੱਭਣਾ, ਜੇ ਮੈਂ ਦਿਲ ਵਿਚ ਧਾਰ ਲਈ।

1

## ਕਿੱਥੇ ਬੰਦ ਹਾਂ, ਗੁਪਤ ਗੁਫ਼ਾਵਾਂ

ਕਿੱਥੇ ਬੰਦ ਹਾਂ, ਗੁਪਤ ਗੁਫ਼ਾਵਾਂ ਲੱਭਦੀਆਂ ਨਹੀਂ।
ਸਾਨੂੰ ਸਾਡੀਆਂ ਧੁੱਪਾਂ ਛਾਵਾਂ ਲੱਭਦੀਆਂ ਨਹੀਂ।

ਪਰੀਆਂ ਨੂੰ ਹੁਣ ਪੈਸਾ ਨਾਚ ਨਚਾਉਂਦਾ ਹੈ,
ਸਾਨੂੰ ਤਾਹੀਉਂ ਪਰੀ-ਕਥਾਵਾਂ ਲੱਭਦੀਆਂ ਨਹੀਂ।

ਉੱਚੀ ਥਾਂ ਤੂੰ ਬੈਠਾ ਰਹਿੰਦੈਂ ਇਸ ਕਰਕੇ,
ਤੈਨੂੰ ਸਾਡੀਆਂ ਨੀਵੀਆਂ ਥਾਵਾਂ ਲੱਭਦੀਆਂ ਨਹੀਂ।

ਕੂੜ ਸੁਨੇਹੇ ਲਿਆ ਲਿਆ ਦੇਵੇਂ ਹਾਕਮ ਦੇ,
ਤਾਹੀਉਂ ਤੈਨੂੰ ਚੂਰੀਆਂ ਕਾਵਾਂ ਲੱਭਦੀਆਂ ਨਹੀਂ।

ਉੱਡਦੇ ਫਿਰਦੇ, ਆਹ ਮੇਰੇ ਨਾਲ ਕੀਹ ਹੋਇਆ,
ਪੈਰੀਂ ਚੜ੍ਹੀਆਂ ਹੁਣ ਉਹ ਰਾਹਵਾਂ ਲੱਭਦੀਆਂ ਨਹੀਂ।

ਰੌਣਕ-ਮੇਲੇ, ਜਗਤ ਝਮੇਲੇ ਅੰਦਰ ਹੁਣ,
ਆਪਣੀਆਂ ਹੀ ਦੋਵੇਂ ਬਾਹਵਾਂ ਲੱਭਦੀਆਂ ਨਹੀਂ।

ਦੂਰ ਦੋਮੇਲ ਤੇ ਧਰਤੀ ਸੂਰਜ ਮਿਲਦੇ ਜਦ,
ਐਸੀਆਂ ਥਾਵਾਂ ਵੇਖਣ ਜਾਵਾਂ, ਲੱਭਦੀਆਂ ਨਹੀਂ।

ਨਟਖਟ ਉਮਰ ਜਵਾਨੀ ਚੜ੍ਹਦੀ ਕਿੱਧਰ ਗਈ,
ਤਰਸ ਗਿਆਂ, ਉਹ ਸ਼ੋਖ਼ ਅਦਾਵਾਂ ਲੱਭਦੀਆਂ ਨਹੀਂ।

1

## ਕਿੰਨੀ ਵਾਰੀ ਕੁੱਟ ਕੁੱਟ ਚੂਰੀਆਂ

ਕਿੰਨੀ ਵਾਰੀ ਕੁੱਟ ਕੁੱਟ ਚੂਰੀਆਂ, ਪੁੱਤ ਨੂੰ ਦਿੱਤੀਆਂ ਮਾਵਾਂ ਨੇ।
ਲਹਿਰਾਂ ਦੀ ਗਿਣਤੀ ਨੂੰ ਚੇਤੇ ਕਦ ਰੱਖਿਆ ਦਰਿਆਵਾਂ ਨੇ।

ਕੌਣ ਮੁਸਾਫ਼ਿਰ ਕਿਨਾ ਕੁ ਚਿਰ, ਬੈਠਾ, ਅੱਗੇ ਚਲਾ ਗਿਆ,
ਲੇਖਾ ਪੱਤਾ ਰੱਖਿਆ ਹੈ ਕਦ, ਰਾਹ ਵਿਚ ਉੱਗੀਆਂ ਛਾਵਾਂ ਨੇ।

ਤਪਣ ਬਨੇਰੇ ਪੱਕੇ ਘਰ ਦੇ, ਸੜਦੇ ਭੁੱਜਦੇ ਸ਼ਹਿਰਾਂ ਵਿਚ,
ਆਏ ਗਏ ਦੀ ਖ਼ਬਰ ਸੁਣਾਉਣੀ, ਕਿੱਥੇ ਬਹਿ ਕੇ ਕਾਵਾਂ ਨੇ।

ਨਾਲ ਸਮੇਂ ਦੇ ਅੱਖਾਂ ਬਦਲੇਂ ਤੇ ਫਿਰ ਆਖੇਂ ਮਿਲਦਾ ਰਹੁ,
ਹੁਣ ਤਾਂ ਮਨ ਤੋਂ ਮਨ ਵਿਚਕਾਹੇ, ਬਹੁਤ ਕੁਸੈਲੀਆਂ ਰਾਹਵਾਂ ਨੇ।

ਆਹ ਕਮਜ਼ੋਰੀ ਦੀ ਥਾਂ ਆਪਾਂ, ਸ਼ਕਤੀ ਵੀ ਬਣ ਸਕਦੇ ਸੀ,
ਜੇ ਨਾ ਸਬਕ ਭੁਲਾਉਂਦੇ ਵੀਰਾ, ਦਿੱਤੜਾ ਸੀ ਜੋ ਮਾਵਾਂ ਨੇ।

ਤੂੰ ਕੁਰਸੀ ਦਾ ਪੁੱਤਰ ਬਣ ਕੇ, ਠੰਢੇ ਭਵਨੀਂ ਬੈਠ ਗਿਆ,
ਸਾਡੀਆਂ ਹਾਲੇ ਪਿਲਖਣ ਥੱਲੇ, ਓਹੀ, ਪੁਰਾਣੀਆਂ ਥਾਵਾਂ ਨੇ।

ਬਣ ਗਈ ਨਗਨ ਸਿਆਸਤ, ਹੀਰਾ ਮੰਡੀ ਵਿੱਚ ਤਵਾਇਫ਼ ਜਹੀ,
ਦੱਸ ਵਿਕਾਊ ਕੀਹ ਨਾ ਏਥੇ, ਓਹਲਾ ਰੱਖਿਐ ਨਾਵਾਂ ਨੇ।

ਇੱਕ ਵਾਰੀ ਤੂੰ ਨਾਲ ਮੁਹੱਬਤ, ਮੈਨੂੰ ਮਾਰ ਆਵਾਜ਼ ਕਦੇ,
ਬਹੁਤ ਉਡੀਕਿਆ ਤੈਨੂੰ ਮੇਰੇ, ਕੰਜ ਕੁਆਰੇ ਚਾਵਾਂ ਨੇ।

ਲੋਕ ਰਾਜ ਦੇ ਨਾਟਕ ਅੰਦਰ, ਅਦਾਕਾਰ ਨੇ ਕੀਹ ਕਰਨਾ,
ਗੁਪਤ ਫ਼ੈਸਲਾ ਦੇਣਾ ਹੁੰਦੈ, ਹਰ ਵਾਰੀ ਹੀ ਸ਼ਾਹਵਾਂ ਨੇ।

1

o

## ਰਾਤੀਂ ਬਹਿ ਕੇ ਖ਼ਤ ਲਿਖਿਆ ਕਰ

ਰਾਤੀਂ ਬਹਿ ਕੇ ਖ਼ਤ ਲਿਖਿਆ ਕਰ, ਉੱਠ ਸਵੇਰੇ ਪੜ੍ਹਿਆ ਕਰ।
'ਵਾ ਦੇ ਘੋੜੇ ਚੜ੍ਹ ਕੇ ਐਵੇਂ, ਬੱਚਿਆਂ ਵਾਂਗ ਨਾ ਲੜਿਆ ਕਰ।

ਅੱਭੜਵਾਹੇ ਉੱਠ ਬਹਿੰਦਾ ਏ, ਨਾ ਤੁਰਿਆ ਕਰ ਸੁਪਨੇ ਵਿਚ,
ਟੀਸੀ ਤੇ ਅੱਪੜਨ ਲਈ ਵੀਰਾ, ਪੌੜੀ ਪੌੜੀ ਚੜ੍ਹਿਆ ਕਰ।

ਨਿੱਕੀਆਂ ਨਿੱਕੀਆਂ ਜੰਗਾਂ ਦੇ ਵਿਚ ਉਲਝ ਗਿਐਂ ਬੇ ਮਤਲਬ ਹੀ,
ਆਦਰਸ਼ਾਂ ਦੀ ਖ਼ਾਤਰ ਤੈਨੂੰ ਅੜਨਾ ਪਏ ਤਾਂ ਅੜਿਆ ਕਰ।

ਨਰਮ ਕਰੂੰਬਲ ਵੇਖ ਬਿਰਖ਼ ਦੀ ਨੱਚਦੀ ਕਿੱਸਰਾਂ ਚਾਵਾਂ ਨਾਲ,
ਅਪਣੀ ਅੱਗ ਵਿਚ ਚੌਵੀ ਘੰਟੇ, ਐਵੇਂ ਨਾ ਤੂੰ ਸੜਿਆ ਕਰ।

ਕਾਲੀ ਰਾਤ ਹਨ੍ਹੇਰੇ ਅੰਦਰ, ਲੁਕਣ ਮੀਚੀਆਂ ਖੇਡਣ ਜੋ,
ਜਗਦੇ ਬੁਝਦੇ ਲੀਕਾਂ ਵਾਹੁੰਦੇ, ਜੁਗਨੂੰ ਨਾ ਤੂੰ ਫੜਿਆ ਕਰ।

ਤੇਜ਼ ਤੂਫ਼ਾਨ ਕਹਿਰ ਦਾ ਆਵੇ, ਆ ਕੇ ਅੱਗੇ ਲੰਘ ਜਾਵੇ,
ਨੇਰ੍ਹ ਗੁਫ਼ਾ ਵਿਚ ਅੰਦਰ ਵੜ ਕੇ ਐਵੇਂ ਨਾ ਤੂੰ ਦੜਿਆ ਕਰ।

ਤੂੰ ਤਾਂ ਯਾਰਾ, ਘਾੜਨਹਾਰਾ, ਸੋਨ ਸੁਨਹਿਰੇ ਭਲਕਾਂ ਦਾ,
ਮੋਤੀ ਆਸ ਉਮੀਦਾਂ ਵਾਲੇ, ਦਿਲ ਮੁੰਦਰੀ ਵਿੱਚ ਜੜਿਆ ਕਰ।

1

o

## ਅੰਨ੍ਹੀ ਤਾਕਤ ਅਕਸਰ ਅੰਨ੍ਹਾ

ਅੰਨ੍ਹੀ ਤਾਕਤ ਅਕਸਰ ਅੰਨ੍ਹਾ ਕਰ ਦੇਂਦੀ ਹੈ।
ਮਨ ਦਾ ਵਿਹੜਾ ਨਾਲ ਹਨ੍ਹੇਰੇ ਭਰ ਦੇਂਦੀ ਹੈ।

ਬਰਕਤ ਦਾ ਮੀਂਹ ਵਰ੍ਹਦਾ, ਕਰਦਾ ਜਲਥਲ, ਜਲਥਲ,
ਦਾਦੀ, ਨਾਨੀ ਜਦ ਸਿਰ 'ਤੇ ਹੱਥ ਧਰ ਦੇਂਦੀ ਹੈ।

ਮੋਹ ਮਮਤਾ ਦੀ ਮੂਰਤ, ਖ਼ੁਦ ਮਾਂ ਕੁਝ ਨਾ ਮੰਗੇ,
ਪਰ ਬੱਚਿਆਂ ਨੂੰ ਭਾਂਤ ਸੁਭਾਂਤੇ ਵਰ ਦੇਂਦੀ ਹੈ।

ਕਾਲੀ ਐਨਕ ਹੰਝੂਆਂ ਦੀ ਬਰਸਾਤ ਨਾ ਵੇਖੇ,
ਕੁਰਸੀ ਵੇਖੋ, ਕੀਹ ਕੀਹ ਕਾਰੇ ਕਰ ਦੇਂਦੀ ਹੈ।

ਰਾਜ ਲਕਸ਼ਮੀ ਸਰਸਵਤੀ ਨੂੰ ਕੀਲਣ ਖ਼ਾਤਰ,
ਰੁਤਬੇ ਜਾਂ ਫਿਰ ਵੰਨ ਸੁਵੰਨੇ ਡਰ ਦੇਂਦੀ ਹੈ।

ਵਕਤ ਉਸਾਰਨਹਾਰਾ ਆਪੇ ਬਣ ਜਾਂਦਾ ਏ,
ਨੀਂਹ ਦਾ ਪੱਥਰ ਜਦੋਂ ਲਿਆਕਤ ਧਰ ਦੇਂਦੀ ਹੈ।

ਤੁਰਨ ਨਾ ਦੇਂਦੇ, ਬੇਹਿੰਮਤੇ ਨੂੰ ਪੈਰੀਂ ਪੱਥਰ,
ਸੁਪਨੇ ਨੂੰ ਇਹ ਹਿੰਮਤ ਹੀ ਤਾਂ ਪਰ ਦੇਂਦੀ ਹੈ।

1

੦

## ਕੌੜ ਕੁਸੈਲੇ ਬੋਲ ਹਮੇਸ਼ਾਂ

ਕੌੜ ਕੁਸੈਲੇ ਬੋਲ ਹਮੇਸ਼ਾਂ ਕੀਹ ਕੀਹ ਕਾਰੇ ਕਰ ਜਾਂਦੇ ਨੇ।
ਰੂਹ ਦੇ ਕੋਮਲ ਪਿੰਡੇ ਉੱਤੇ ਸੁਰਖ਼ ਫਲੂਹੇ ਧਰ ਜਾਂਦੇ ਨੇ।

ਉੱਡ ਜਾਵੇ ਵਿਸ਼ਵਾਸ ਜਦੋਂ ਫਿਰ, ਬੋਝਲ ਹੋ ਜਾਂਦੇ ਨੇ ਰਿਸ਼ਤੇ,
ਅਗਨ ਧਵਾਂਖੇ ਮਨ ਦੇ ਪੰਛੀ, ਹੌਲੀ ਹੌਲੀ ਮਰ ਜਾਂਦੇ ਨੇ।

ਤਪਦੇ ਮਨ ਦੀ ਅਗਨੀ ਅੰਦਰ ਝੁਲਸ ਜਾਣ ਨਾ ਕੋਮਲ ਕਲੀਆਂ,
ਨਰਮ ਕਰੂੰਬਲ ਨੂੰ ਕਿਉਂ ਲੋਕੀਂ, ਐਸੀ ਥਾਂ ਤੇ ਵਰ ਜਾਂਦੇ ਨੇ।

ਸੁੱਤਿਆਂ ਸੁੱਤਿਆਂ ਪਿੱਛਾ ਕਰਦੇ, ਜਾਗਦਿਆਂ ਵੀ ਖ਼ੌਰੂ ਪਾਉਂਦੇ,
ਭਟਕਣ ਜੂਨ ਹੰਢਾਉਂਦੇ ਸੁਪਨੇ, ਕਿਹੜੇ ਵੇਲੇ ਘਰ ਜਾਂਦੇ ਨੇ।

ਇੱਕ ਦੂਜੇ ਦੀ ਅੱਖ ਵਿੱਚ ਅੱਥਰੂ, ਕੱਠੇ ਹੋਣੋਂ ਪਹਿਲਾਂ ਪਹਿਲਾਂ,
ਦਿਲ ਦਰਿਆ ਜੇ ਕਰੀਏ, ਤਾਂ ਫਿਰ ਡੁੱਬਦੇ ਬੇੜੇ ਤਰ ਜਾਂਦੇ ਨੇ।

ਤਲਖ਼ ਬੋਲ ਜੇ ਬੋਲ ਰਿਹੈਂ ਤਾਂ ਇਹ ਗੱਲ ਵੀਰ ਕਦੇ ਨਾ ਭੁੱਲੀਂ,
ਸ਼ਬਦ ਬਾਣ ਨਾ ਰੂਹੋਂ ਲਹਿੰਦੇ, ਜ਼ਖ਼ਮ ਹਮੇਸ਼ਾਂ ਭਰ ਜਾਂਦੇ ਨੇ।

ਮਨ ਵਿਚ ਤਲਖ਼ੀ, ਗਰਮੀ, ਹੁੰਮਸ, ਜਦ ਹੋਵੇ ਤਾਂ ਚੁੱਪ ਰਿਹਾ ਕਰ,
ਬਾਲ ਅਲੂੰਏਂ ਵਰਗੇ ਰਿਸ਼ਤੇ, ਉੱਚੀ ਬੋਲਿਆਂ ਡਰ ਜਾਂਦੇ ਨੇ।

1

੦

## ਹੁਣ ਤੈਨੂੰ ਸਮਝਾਵੇ ਕਿਹੜਾ

ਹੁਣ ਤੈਨੂੰ ਸਮਝਾਵੇ ਕਿਹੜਾ, ਖ਼ੁਸ਼ਬੂ ਦਾ ਕੋਈ ਦੇਸ ਨਹੀਂ ਹੁੰਦਾ।
ਨਿਰਮਲ ਨੀਰ, ਹਵਾ ਦਾ ਜਿੱਸਰਾਂ, ਰੰਗ ਬਰੰਗ ਭੇਸ ਨਹੀਂ ਹੁੰਦਾ।

ਜੇ ਕੁਦਰਤ ਨੂੰ ਮਾਂ ਪਿਉ ਕਹੀਏ, ਇਸ ਦੀ ਗੋਦੀ ਖਿੜ ਕੇ ਬਹੀਏ,
ਕੁੱਲ ਆਲਮ ਮਲਕੀਅਤ ਬਣ ਜੇ, ਕੋਈ ਵੀ ਥਾਂ ਪਰਦੇਸ ਨਹੀਂ ਹੁੰਦਾ।

ਆਦਿ ਜੁਗਾਦੀ ਕਾਲ ਮੁਕਤ ਹੈ, ਬੀਤ ਗਏ ਤੋਂ, ਅੱਜ ਤੋਂ ਕੱਲ੍ਹ ਤੋਂ,
ਗੋਬਿੰਦ ਗੁਰ ਦਾ ਬਚਨ ਸੁਣੋ ਜੀ, ਰੰਗ ਨਾ ਰੂਪ ਤੇ ਵੇਸ ਨਹੀਂ ਹੁੰਦਾ।

ਮਿੱਲ ਦਾ ਮਾਲ ਮਸ਼ੀਨੀ ਸੋਹਣਾ, ਲੱਖ ਵਾਰੀ ਹੋਵੇਗਾ ਭਾਵੇਂ,
ਖੱਡੀ ਦੀ ਛੋਹ ਬਾਝੋਂ ਬੁਣਿਆ, ਕੱਪੜਾ ਹੈ, ਪਰ ਖੇਸ ਨਹੀਂ ਹੁੰਦਾ।

ਪੂਜਾ ਕਰੇ ਕਰਾਵੇ ਜਿਹੜਾ, ਫਿਰ ਆਖੇ ਮੈਂ ਰੱਬ ਦਾ ਬੰਦਾ,
ਹੋਰ ਬੜਾ ਕੁਝ ਹੋਵੇ ਭਾਵੇਂ, ਪਰ ਮਿੱਤਰੋ ਦਰਵੇਸ ਨਹੀਂ ਹੁੰਦਾ।

ਭੁਰ ਜਾਂਦਾ ਹੈ, ਟੁੱਟ ਜਾਂਦਾ ਹੈ, ਤਣਿਆ ਰਹਿਣ ਦੇ ਭਰਮ ਭੁਲੇਖੇ,
ਉਹ ਰਿਸ਼ਤਾ ਨਾ ਨਿਭਦਾ ਲੰਮਾ, ਜਿਸ ਦੇ ਅੰਦਰ ਲੇਸ ਨਹੀਂ ਹੁੰਦਾ।

ਬੜੇ ਬੜੇ ਇਤਿਹਾਸ ਲਿਖਾਰੀ, ਆਏ, ਹੋਏ, ਹੋ ਕੇ ਤੁਰ ਗਏ,
ਵਕਤ ਦੀ ਹਿੱਕ, ਤੇ ਲਿਖਿਆ ਅੱਖਰ ਹਾਕਮ ਤੋਂ ਵੀ ਮੇਸ ਨਹੀਂ ਹੁੰਦਾ।

1

੦

## ਹੋ ਗਈਆਂ ਨੇ ਗੱਲਾਂ

ਹੋ ਗਈਆਂ ਨੇ ਗੱਲਾਂ, ਆਪਾਂ ਫੇਰ ਮਿਲਾਂਗੇ।
ਸਾਂਭ ਸਮੁੰਦਰ ਛੱਲਾਂ, ਆਪਾਂ ਫੇਰ ਮਿਲਾਂਗੇ।

ਤੈਨੂੰ ਅਪਣੀ ਤਾਕਤ ਤੇ ਵਿਸ਼ਵਾਸ ਬੜਾ ਹੈ,
ਮੈਂ ਕਮਜ਼ੋਰਾ, ਚੱਲਾਂ, ਆਪਾਂ ਫੇਰ ਮਿਲਾਂਗੇ।

ਮੇਰਾ ਹੀ ਪਰਛਾਵਾਂ, ਮੈਥੋਂ ਦੂਰ ਖਲੋਤਾ,
ਇਸ ਵੇਲੇ ਮੈਂ 'ਕੱਲ੍ਹਾਂ, ਆਪਾਂ ਫੇਰ ਮਿਲਾਂਗੇ।

ਵਸਤਰ ਦੀ ਥਾਂ ਕਵਚ ਪਹਿਨ ਲਏ ਸੂਰਮਿਆ ਨੇ,
ਫਿਰਨ ਬਚਾਉਂਦੇ ਖੱਲਾਂ, ਆਪਾਂ ਫੇਰ ਮਿਲਾਂਗੇ।

ਜੋ ਪਲ ਤੇਰੇ ਬਾਝ ਗੁਜ਼ਾਰੇ, ਕਿੱਦਾਂ ਦੱਸਾਂ,
ਕਿਵੇਂ ਵਿਛੋੜਾ ਝੱਲਾਂ, ਆਪਾਂ ਫੇਰ ਮਿਲਾਂਗੇ।

ਵਰ੍ਹਦਾ ਨੈਣੋਂ ਨੀਰ ਨਿਰੰਤਰ, ਰੁਕਦਾ ਹੀ ਨਾ,
ਦਰਿਆ ਕੀਕਣ ਠੱਲ੍ਹਾਂ, ਆਪਾਂ ਫੇਰ ਮਿਲਾਂਗੇ।

1

੦

## ਰਾਜ ਘਰਾਂ ਦੇ ਲੇਖੇ ਅੰਦਰ

ਰਾਜ ਘਰਾਂ ਦੇ ਲੇਖੇ ਅੰਦਰ ਹਰ ਬਾਗੀ ਮਸ਼ਕੂਕ ਕਿਉਂ ਹੈ?
ਬੰਦ ਬੂਹਿਆਂ ਨੂੰ ਵੱਜ ਕੇ ਮੁੜਦੀ, ਇਸ ਧਰਤੀ ਦੀ ਕੂਕ ਕਿਉਂ ਹੈ?

ਇਹ ਵੀ ਤਾਂ ਸਾਡੀ ਕਮਜ਼ੋਰੀ, ਤੂੰ ਕਰਦੈਂ ਜੋ ਸੀਨਾਜ਼ੋਰੀ,
ਸਦੀਆਂ ਤੋਂ ਹੀ ਤੇਰਾ ਕੈਦੀ, ਸਾਡਾ ਹੱਕ ਹਕੂਕ ਕਿਉਂ ਹੈ?

ਲੱਖ ਵਾਰੀ ਅਜ਼ਮਾਏ ਵਕਤਾਂ, ਸ਼ਬਦ ਸ਼ਸਤਰਾਂ ਨਾਲੋਂ ਤਿੱਖੇ,
ਮੂੰਹ ਵਿਚ ਜੀਭ ਜਿਉਂਦੀ ਹੁੰਦਿਆਂ, ਤੇਰੇ ਹੱਥ ਬੰਦੂਕ ਕਿਉਂ ਹੈ?

ਸਾਨੂੰ ਵੀ ਮਾਵਾਂ ਨੇ ਜਣਿਆ, ਬਾਬਲ ਸਾਨੂੰ ਲਾਡ ਲਡਾਏ,
ਆਪੇ ਦੱਸ ਤੂੰ ਮਹਿਲ ਵਾਲਿਆਂ, ਵੱਖੋ ਵੱਖ ਸਲੂਕ ਕਿਉਂ ਹੈ?

ਨਰਮਾ ਖਿੜਿਆ, ਚੁਗਿਆ ਤੇ ਫਿਰ ਕੱਤ ਬਣਾਇਆ ਮਹਿੰਗਾ ਵਸਤਰ,
ਬੀਜਣਹਾਰੇ ਤੇ ਚੋਗੀ ਦਾ ਚਿਹਰਾ ਪੀਲਾ ਭੂਕ ਕਿਉਂ ਹੈ?

ਮੈਂ ਇਹ ਸੁਣਿਐਂ, ਹਿੱਕੜੀ ਅੰਦਰ ਸੁਪਨੇ ਉੱਗਦੇ ਵੰਨ ਸੁਵੰਨੇ,
ਸਾਡੇ ਦਿਲ ਦੀ ਦਿੱਲੜੀ ਅੰਦਰ, ਹਰ ਦਮ ਉੱਠਦੀ ਹੂਕ ਕਿਉਂ ਹੈ?

ਜਨਕ-ਦੁਲਾਰੀ ਦੇ ਲਈ ਕੁੱਜੀ, ਮਹਾਰਾਜੇ ਦੀ ਮਾਂ ਲਈ ਮਹੁਰਾ,
ਹਰ ਯੁਗ ਅੰਦਰ, ਹਰ ਧੀ ਖਾਤਰ, ਸੱਸੀ ਵਾਂਗ ਸੰਦੂਕ ਕਿਉਂ ਹੈ?

1

o

## ਅਗਨ ਲਗਨ ਦੀ ਸਾਂਝੀ ਧੜਕਣ

ਅਗਨ ਲਗਨ ਦੀ ਸਾਂਝੀ ਧੜਕਣ ਜਦ ਹਿੱਕੜੀ ਵਿਚ ਆ ਜਾਂਦੀ ਏ।
ਮੇਰੇ ਅੰਦਰ ਨਿੱਸਲ ਹੋਇਆ ਸੁੱਤਾ ਸ਼ੇਰ ਜਗਾ ਜਾਂਦੀ ਏ।

ਅਕਲ ਕਦੇ ਇੱਕ ਥਾਂ ਨਹੀਂ ਬਹਿੰਦੀ, ਰੋਜ਼ ਬਦਲਦੀ ਅਪਣਾ ਡੇਰਾ,
ਨਾ ਵਰਤੋ ਤਾਂ ਮੁੱਕ ਜਾਂਦੀ ਏ, ਜੇ ਵਰਤੋ ਤਾਂ ਆ ਜਾਂਦੀ ਏ।

ਮਾਲ ਖ਼ਜ਼ਾਨੇ 'ਕੱਠੇ ਕਰਕੇ, ਖ਼ੁਦ ਨੂੰ ਸਮਝੇਂ ਇਸ ਦਾ ਮਾਲਕ,
ਇਹ ਮਿੱਟੀ ਤਾਂ ਹੌਲ਼ੀ ਹੌਲ਼ੀ, ਲੋਹੇ ਨੂੰ ਵੀ ਖਾ ਜਾਂਦੀ ਏ।

ਅਣਖ ਬਿਨਾ ਜੀਣਾ, ਕੀਹ ਜੀਣਾ ਬਿਨ ਹੱਡੀ ਤੋਂ ਜਿਵੇਂ ਗੰਡੋਆ,
ਤੇਜ਼ ਨਜ਼ਰ ਤੇ ਨਿਸ਼ਚਾ ਹੋਵੇ, ਮੰਜ਼ਿਲ ਨੇੜੇ ਆ ਜਾਂਦੀ ਏ।

ਚੁੱਕੀ ਫਿਰਦੇ ਤੀਰ ਕਮਾਨਾਂ, ਤ੍ਰਿਸ਼ੂਲਾਂ, ਤਲਵਾਰਾਂ ਜਿਹੜੇ,
ਡਰਦੇ ਸ਼ਬਦ ਕਟਾਰੀ ਤੋਂ ਜੋ, ਰੂਹ ਨੂੰ ਚੋਭੜ ਲਾ ਜਾਂਦੀ ਏ।

ਗਰਦ ਗੁਬਾਰ ਹਨ੍ਹੇਰੀ ਜੇਕਰ, ਰੂਹ ਦਰਵਾਜ਼ੇ ਥਾਣੀਂ ਵੜ ਜੇ,
ਨਜ਼ਰਾਂ ਵਿੱਚ ਵੀ ਖੋਟ ਦ੍ਰਿਸ਼ਟੀ, ਚਾਰ ਚੁਫ਼ੇਰੇ ਛਾ ਜਾਂਦੀ ਏ।

ਪੁੱਛਿਆ ਕਰ ਧਰਤੀ ਦੇ ਸ਼ਾਇਰਾ ਇਹ ਗੱਲ ਆਪਣੇ ਆਪ ਦੇ ਕੋਲੋਂ,
ਸਦੀਆਂ ਤੋਂ ਕਿਉਂ ਰੋਟੀ ਏਥੇ ਸਾਬਤ ਬੰਦੇ ਖਾ ਜਾਂਦੀ ਏ।

1

o

## ਜ਼ਿੰਦਗੀ ਚੁਸਤ ਵਪਾਰੀ ਵਾਂਗੂੰ

ਜ਼ਿੰਦਗੀ ਚੁਸਤ ਵਪਾਰੀ ਵਾਂਗੂੰ, ਹਰ ਵੇਲੇ ਦਾਅ ਲਾ ਜਾਂਦੀ ਹੈ।
ਤਲਖ਼ ਤਜਰਬਿਆਂ ਬਦਲੇ, ਸਾਡੀ ਸਰਲ ਸਾਦਗੀ ਖਾ ਜਾਂਦੀ ਹੈ।

ਭਰ ਭਰ ਵਗਦੀਆਂ ਖੂਹ ਦੀਆਂ ਟਿੰਡਾਂ ਹੇਠੋਂ ਉੱਤੇ, ਉੱਤੋਂ ਹੇਠਾਂ,
ਹੌਕੇ ਭਰਦੀਆਂ ਬਿਨ ਪਾਣੀ ਤੋਂ, ਐਸੀ ਰੁੱਤ ਵੀ ਆ ਜਾਂਦੀ ਹੈ।

ਪੱਛੋਂ ਕਦੇ ਪੁਰਾ ਹੈ ਵਗਦਾ, ਜ਼ਿੰਦਗੀ ਤੇਰਾ ਭੇਤ ਨਾ ਲੱਗਦਾ,
ਮਨ ਦੇ ਅੰਬਰ ਤੇ ਤੁਧ ਬਾਝੋਂ, ਗ਼ਮ ਦੀ ਬੱਦਲੀ ਛਾ ਜਾਂਦੀ ਹੈ।

ਵਕਤ ਦੀ ਅੱਖ ਵਿਚ ਝਾਕਣ ਵਾਲੀ, ਸੂਰਮਿਆਂ ਦੀ ਨਸਲ ਅਲੱਗ ਹੈ,
ਸੂਲੀ ਤੇ ਮੁਸਕਾਉਂਦੀ, ਗਾਉਂਦੀ, ਅਨਹਦ ਨਾਦ ਵਜਾ ਜਾਂਦੀ ਹੈ।

ਰਿਸ਼ਤੇ ਨਹੀਉਂ ਕੈਦੀ ਬਣਦੇ, ਖ਼ੂਨ, ਜ਼ਮੀਰ ਸੀਮਾਵਾਂ ਅੰਦਰ,
ਅਹਿਸਾਸਾਂ ਦੀ ਬੁੱਕਲ ਅੰਦਰ, ਕੁੱਲ ਸ੍ਰਿਸ਼ਟੀ ਆ ਜਾਂਦੀ ਹੈ।

ਇਸ ਧਰਤੀ ਤੇ ਕਿਹੜਾ ਬੰਦਾ, ਗਲਤੀ ਦਰ ਗਲਤੀ ਨਹੀਂ ਕਰਦਾ,
ਸਿਖ਼ਰੋਂ ਟੁੱਟੀ ਪੀਂਘ ਹਮੇਸ਼ਾਂ, ਏਹੀ ਗੱਲ ਸਮਝਾ ਜਾਂਦੀ ਹੈ।

ਖ਼੍ਵਾਬ ਦੇ ਘੋੜੇ ਉੱਡਿਆ ਫਿਰਦੈਂ, ਧਰਤੀ ਤੇ ਨਾ ਪੈਰ ਟਿਕਾਵੇਂ,
ਅੱਖ ਪਲਕਾਰੇ ਅੰਦਰ ਨੇਰ੍ਹੀ, ਰੇਤੇ ਦੀ ਕੰਧ ਢਾਹ ਜਾਂਦੀ ਹੈ।

1

੦

## ਮੇਰੇ ਸਾਹਾਂ 'ਚ ਖ਼ੌਰੂ

ਮੇਰੇ ਸਾਹਾਂ 'ਚ ਖ਼ੌਰੂ ਪਾ ਗਿਆ ਹੈ।
ਜ਼ਮਾਨਾ ਕਿਸ ਤਰ੍ਹਾਂ ਦਾ ਆ ਗਿਆ ਹੈ।

ਮੈਂ ਮਿੱਸੀ ਖਾਣ ਵਾਲਾ ਆਦਮੀ ਸਾਂ,
ਮੇਰੀ ਥਾਲ਼ੀ 'ਚ ਬਰਗਰ ਆ ਗਿਆ ਹੈ।

ਇਹ ਬਿਹਬਲ ਮਛਲੀਆਂ ਕਿਉਂ ਤੜਫ਼ੀਆਂ ਨੇ,
ਕੋਈ ਸਰਵਰ ਨੂੰ ਤੀਲੀ ਲਾ ਗਿਆ ਹੈ।

ਮੇਰੇ ਚਾਵਾਂ ਦੀਆਂ ਲੀਰਾਂ ਨੂੰ ਪੁੱਛੋ,
ਇਨ੍ਹਾਂ ਨੂੰ ਕੌਣ ਸੁੱਕਣੇ ਪਾ ਗਿਆ ਹੈ।

ਜ਼ੁਲਮ ਸਹਿਣਾ ਗੁਲੋਂ ਗੁਲਕੰਦ ਬਣਨਾ,
ਤੇਰਾ ਅੰਦਾਜ਼ ਸਾਨੂੰ ਭਾ ਗਿਆ ਹੈ।

ਇਹ ਪਰਬਤ ਕੱਲ੍ਹ ਤੱਕ ਤਾਂ ਸੀ ਹਿਮਾਲਾ,
ਮੇਰੇ ਕਦਮਾਂ 'ਚ ਕਿੱਦਾਂ ਆ ਗਿਆ ਹੈ।

ਮੈਂ ਪੈਦਲ ਆਦਮੀ, ਸ਼ਹਿਰੀਂ ਗੁਆਚਾ,
ਮੇਰੇ ਰਾਹਾਂ ਨੂੰ ਕਿਹੜਾ ਖਾ ਗਿਆ ਹੈ।

ਮੁਸੀਬਤ ਵਕਤ ਮੈਂ ਤੁਰਿਆ ਇਕੱਲਾ,
ਇਹ ਪਿੱਛੇ ਕਾਫ਼ਲਾ ਕਿਉਂ ਆ ਗਿਆ ਹੈ।

ਮੈਂ ਸੂਰਜ ਵੰਸ਼ ਦੀ ਸੰਤਾਨ ਸੀ ਪਰ,
ਨਜ਼ਰ ਵਿਚ 'ਨੇਰ੍ਹ ਇਹ ਕਿਉਂ ਛਾ ਗਿਆ ਹੈ।

1

੦

## ਦਰ ਦਰਵਾਜ਼ੇ ਖੋਲੇਂਗਾ

ਦਰ ਦਰਵਾਜ਼ੇ ਖੋਲੇਂਗਾ ਤਾਂ ਵੇਖ ਲਵੇਂਗਾ।
ਸ਼ੀਸ਼ੇ ਸਨਮੁਖ ਬੋਲੇਂਗਾ ਤਾਂ ਵੇਖ ਲਵੇਂਗਾ।

ਏਸ ਗੁਫ਼ਾ ਦੇ ਅੰਦਰ ਤਾਂ ਹੈ ਗੂੜ੍ਹ ਹਨ੍ਹੇਰਾ,
ਆਪੇ ਪਰਦੇ ਫ਼ੋਲੇਂਗਾ ਤਾਂ ਵੇਖ ਲਵੇਂਗਾ।

ਬਾਜ਼ ਬਣੀਂ, ਪਰਵਾਜ਼ ਭਰੀਂ ਹੈ ਸੁੰਨਾ ਅੰਬਰ,
ਜਦ ਕਿਧਰੇ ਪਰ ਤੋਲੇਂਗਾ ਤਾਂ ਵੇਖ ਲਵੇਂਗਾ।

ਬੇਗਾਨੇ ਵਿਚ ਆਪਣਾ ਵੀ ਇੱਕ ਛੁਪਿਆ ਹੁੰਦਾ,
ਸਾਹੀਂ ਸੰਦਲ ਘੋਲੇਂਗਾ ਤਾਂ ਵੇਖ ਲਵੇਂਗਾ।

ਮੈਂ ਹੁਣ ਤੇਰੇ ਅੰਦਰ ਲੁਕ ਕੇ ਬੈਠ ਗਿਆ ਹਾਂ,
ਜੇ ਕਿਧਰੇ ਤੂੰ ਟੋਲੇਂਗਾ ਤਾਂ ਵੇਖ ਲਵੇਂਗਾ।

ਧਰਤੀ ਦੀ ਮਰਯਾਦਾ ਰੁਲ਼ੇ, ਤਬਾਹੀ ਹੋਵੇ,
ਜੇ ਏਦਾਂ ਹੀ ਰੋਲ਼ੇਂਗਾ, ਤਾਂ ਵੇਖ ਲਵੇਂਗਾ।

1

੦

## ਧਨਵੰਤੇ ਦਾ ਬੋਲ ਕੁਬੋਲ ਵੀ

ਧਨਵੰਤੇ ਦਾ ਬੋਲ ਕੁਬੋਲ ਵੀ ਬਣਦਾ ਬਚਨ ਬਿਲਾਸ ਕਿਉਂ ਹੈ?
ਸਾਡੀ ਅਰਜ਼ੀ ਮਹਿਲਾਂ ਖ਼ਾਤਰ, ਹਰ ਵਾਰੀ ਬਕਵਾਸ ਕਿਉਂ ਹੈ?

ਦਸਰਥ ਦਾ ਪੁੱਤ ਘਰ ਨੂੰ ਪਰਤੇ, ਕਰਨ ਸਵਾਗਤ ਜਗਦੇ ਦੀਵੇ,
ਜਾਨਕੀਆਂ ਦੇ ਭਾਗੀਂ ਲਿਖਿਆ, ਹਰ ਯੁਗ ਵਿਚ ਬਨਵਾਸ ਕਿਉਂ ਹੈ?

ਪਿੰਡਾਂ ਪੱਲੇ ਕੁਝ ਨਹੀਂ ਬਚਿਆ, ਫਿਰ ਵੀ ਜੱਲੀਆਂ ਪਾਉਂਦੇ, ਗਾਉਂਦੇ,
ਖਾਂਦਾ ਪੀਂਦਾ ਨਿੱਘਰ ਚੱਲਿਆ, ਤੇਰਾ ਸ਼ਹਿਰ ਉਦਾਸ ਕਿਉਂ ਹੈ?

ਵਕਤ ਦੀਆਂ ਬੇਰਹਿਮੀਆਂ ਹੱਥੋਂ, ਬਾਰ ਬਾਰ ਇਹ ਪਿੰਜਿਆ ਜਾਵੇ,
ਮੇਰੇ ਦੇਸ਼ ਪੰਜਾਬ ਦੇ ਹਿੱਸੇ, ਜ਼ਹਿਮਤ ਵਰਗੀ ਲਾਸ ਕਿਉਂ ਹੈ?

ਨੌਵੇਂ ਗੁਰ ਉਪਦੇਸ਼ ਪੜ੍ਹਾਇਆ, ਨਾ ਭੈ ਦੇਣਾ, ਨਾ ਭੈ ਮੰਨਣਾ,
ਔਰੰਗਜ਼ੇਬ ਅਜੇ ਵੀ ਖਹਿੰਦਾ, ਸਾਡੀ ਰੂਹ ਦੇ ਪਾਸ ਕਿਉਂ ਹੈ?

ਨਾਰੋਵਾਲ ਤਸੀਲ ਦਾ ਨਕਸ਼ਾ ਮੈਂ ਸੁਣਿਐਂ ਹੁਣ ਬਦਲ ਗਿਆ ਏ,
ਪਿਉ-ਦਾਦੇ ਦੀ ਪੈੜ ਅਜੇ ਵੀ, ਜਿਉਂਦੇ ਹੋਣ ਦੀ ਆਸ ਕਿਉਂ ਹੈ?

ਕਾਲੇ ਕਰਮੀ, ਵਿਸ਼-ਵਣਜਾਰੇ, ਜੇਬ ਕਤਰ, ਕਰਤੂਤੀ ਕਾਫ਼ਿਰ,
ਧਰਮ, ਰਿਆਸਤ ਵਾਲੀ ਰਹਿਮਤ, ਇਨ੍ਹਾਂ ਉੱਤੇ ਖਾਸ ਕਿਉਂ ਹੈ?

ਸਾਡੇ ਰਾਹੀਂ ਕੰਡੇ ਬੀਜਣ, ਪਹਿਨਣ ਰੇਸ਼ਮ ਕੂਲੇ ਵਸਤਰ,
ਸਾਡੇ ਸੁਪਨੇ ਦਾ ਹਰ ਵਾਰੀ, ਜ਼ਖ਼ਮ ਜਿਹਾ ਇਤਿਹਾਸ ਕਿਉਂ ਹੈ?

ਇਸ ਧਰਤੀ ਦੇ ਮਾਲ ਖ਼ਜ਼ਾਨੇ, ਕੁਰਸੀ ਵਾਲੇ ਚੁੰਘੀ ਜਾਂਦੇ,
ਸਾਡੇ ਹਿੱਸੇ ਹਰ ਵਾਰੀ ਹੀ, ਭਾਗਾਂ ਦੀ ਧਰਵਾਸ ਕਿਉਂ ਹੈ?

1

੦

## ਖ਼੍ਵਾਬ ਨਾ ਖ਼ਿਆਲ, ਕਦੇ

ਖ਼੍ਵਾਬ ਨਾ ਖ਼ਿਆਲ, ਕਦੇ ਇਹ ਵੀ ਦਿਨ ਆਉਣਗੇ।
ਜਾਨ ਤੋਂ ਪਿਆਰੇ ਸਾਨੂੰ ਏਸਰਾਂ ਭੁਲਾਉਣਗੇ।

ਧੁੱਪਾਂ ਵਿੱਚ, ਛਾਵਾਂ ਵਿਚ, ਹਰ ਵੇਲੇ ਸਾਹਵਾਂ ਵਿਚ,
ਨੀਂਦਰਾਂ ਚੁਰਾਉਣ ਵਾਲੇ, ਅੱਖੀਆਂ ਚੁਰਾਉਣਗੇ।

ਨਿੱਕੀ ਜਹੀ ਬਗੀਚੜੀ ਨੂੰ ਚਾਵਾਂ ਨਾਲ ਪਾਲਿਆ,
ਸੋਚਿਆ ਨਹੀਂ ਸੀ, ਫੁੱਲ ਏਦਾਂ ਮੁਰਝਾਉਣਗੇ।

ਆਪਣੀ ਹੀ ਬਾਤ ਦਾ ਹੁੰਗਾਰਾ ਜਿੰਦੇ ਭਰੀ ਜਾਹ,
ਤੇਰੇ ਹੀ ਸਵਾਲ ਤੈਨੂੰ ਰਾਤਾਂ ਨੂੰ ਜਗਾਉਣਗੇ।

ਰੋਣ ਵੇਲੇ ਅੱਥਰੂ ਬਗੈਰ ਕੋਈ ਨਾ ਬਹੁੜਨਾ,
ਗਾਏਂਗਾ ਤਾਂ ਸਾਰੇ ਹੀ ਆਵਾਜ਼ ਨੂੰ ਮਿਲਾਉਣਗੇ।

ਆਪਣੀ ਹੀ ਛਾਵੇਂ ਹੈ ਖਲੋਣਾ ਸਾਨੂੰ ਪੈ ਗਿਆ,
ਚੁੱਪ ਦੇ ਪਹਾੜ ਹੋਰ ਕਿੰਨਾ ਅਜ਼ਮਾਉਣਗੇ।

ਸੱਜਣਾਂ ਪਿਆਰਿਆਂ ਤੋਂ ਆਸ ਨਾ ਉਮੀਦ ਸੀ,
ਵੈਰੀ ਵਾਂਗੂੰ ਸੂਈ ਵਾਲੇ ਨੱਕੇ 'ਚੋਂ ਲੰਘਾਉਣਗੇ।

1

○

## ਸ਼ਬਦ ਕੋਸ਼ 'ਚੋਂ ਲੱਭਦਾ ਫਿਰਦੈਂ

ਸ਼ਬਦ ਕੋਸ਼ 'ਚੋਂ ਲੱਭਦਾ ਫਿਰਦੈਂ, ਅਰਥ ਅਜੇ ਤੂੰ ਸੱਥਰਾਂ ਦਾ।
ਤੂੰ ਕੀਹ ਜਾਣੇਂ, ਦਰਦ ਅਨੋਖਾ ਸਾਡੀ ਅੱਖ ਦੇ ਅੱਥਰਾਂ ਦਾ।

ਢੇਰੀ ਢਾਹ ਕੇ ਬੈਠ ਗਿਆ ਏਂ, ਉੱਠ ਜਾ ਤੈਨੂੰ ਕੀਹ ਹੋਇਆ,
ਅਗਨ ਸੇਕ ਜੋ ਅੰਦਰ ਬੈਠੀ, ਸੀਨਾ ਚੀਰ ਕੇ ਪੱਥਰਾਂ ਦਾ।

ਦਰਿਆਵਾਂ ਦੇ ਗੀਤ ਸੁਣਦਿਆਂ, ਰਿੜ੍ਹਦੇ ਆਉਣ ਪਹਾੜਾਂ ਤੋਂ,
ਕਣ ਕਣ ਹੋਣ, ਧਰਤ ਤੇ ਫ਼ੈਲਣ, ਜਿਗਰਾ ਵੇਖ ਤੂੰ ਪੱਥਰਾਂ ਦਾ।

ਦੇਵ, ਦੇਵੀਆਂ ਹੋਰ ਬੜਾ ਕੁਝ, ਸਾਂਭੀ ਬੈਠੇ ਬੁੱਕਲ ਵਿਚ,
ਬੁੱਤ ਘਾੜੇ ਬਿਨ ਕੌਣ ਪਛਾਣੇ, ਅਸਲੀ ਚਿਹਰਾ ਪੱਥਰਾਂ ਦਾ।

ਚੌਰਸ ਜ਼ਿੰਦਗੀ ਇੱਕ ਦੂਜੇ ਵੱਲ ਪਿੱਠ ਕਰਕੇ ਹੈ ਬੀਤ ਰਹੀ,
ਨਕਸ਼ ਗੁਆਏ ਲੋਕਾਂ ਨੇ ਜੇ, ਦੋਸ਼ ਭਲਾ ਕੀਹ ਪੱਥਰਾਂ ਦਾ।

ਬੋਲ ਰਹੇ, ਪਰ ਤੋਲ ਰਹੇ ਨੇ, ਨੇਕ ਚੰਦ ਦੇ ਬਾਗਾਂ ਵਿਚ*,
ਚੰਡੀਗੜ੍ਹ ਵਿਚ ਵੇਖੀਂ ਜਾ ਕੇ ਰਾਜ ਭਾਗ ਤੂੰ ਪੱਥਰਾਂ ਦਾ।

ਗਰਜ਼ਾਂ ਖਾਤਰ ਫ਼ਰਜ਼ ਭੁਲਾਵੇਂ, ਪਰਬਤ ਤੋੜ ਵਿਛਾ ਦੇਵੇਂ,
ਅਪਣਾ ਨਗਰ ਵਸਾਉਣ ਦੀ ਖਾਤਰ ਵੈਰੀ ਬਣ ਗਿਆ ਪੱਥਰਾਂ ਦਾ।

1

○

## ਮਾਣ ਤੂੰ ਮਾਤ-ਜ਼ਬਾਨ 'ਚੋਂ ਖੁਸ਼ਬੂ

ਮਾਣ ਤੂੰ ਮਾਤ-ਜ਼ਬਾਨ 'ਚੋਂ ਖੁਸ਼ਬੂ।
ਅਸਲੀ ਗੂੜ੍ਹ ਗਿਆਨ 'ਚੋਂ ਖੁਸ਼ਬੂ।

ਘਰ ਤੋਂ ਲੁਕਦਾ ਫਿਰਦੈਂ, ਵੀਰਾ,
ਲੱਭੇਂ ਪਿਆ ਮਕਾਨ 'ਚੋਂ ਖੁਸ਼ਬੂ।

ਧੰਨੇ ਜੱਟ ਨੇ ਢੂੰਡ ਲਈ ਸੀ,
ਪੱਥਰ ਦੇ ਭਗਵਾਨ 'ਚੋਂ ਖੁਸ਼ਬੂ।

ਇਤਰ-ਫੁਲੇਲਾਂ ਭਾਵੇਂ ਮਲਦੈ,
ਮਰ ਚੱਲੀ ਇਨਸਾਨ 'ਚੋਂ ਖੁਸ਼ਬੂ।

ਪਹਿਲੀ ਬਾਰਸ਼, ਧਰਤੀ ਵੰਡੇ,
ਅੰਬਰ ਦੇ ਵਰਦਾਨ 'ਚੋਂ ਖੁਸ਼ਬੂ।

ਮਾਲੀ ਵੀ ਕਿਉਂ ਢੂੰਡ ਰਹੇ ਨੇ,
ਨਕਲੀ ਜਹੇ ਗੁਲਦਾਨ 'ਚੋਂ ਖੁਸ਼ਬੂ।

ਸੰਗਮਰਮਰ ਨੇ ਚੂਸ ਲਈ ਹੈ,
ਅਸਲੀ ਗੁਰ ਅਸਥਾਨ 'ਚੋਂ ਖੁਸ਼ਬੂ।

1

---
* ਰਾਕ ਗਾਰਡਨ ਚੰਡੀਗੜ੍ਹ

੦

## ਆਪਣੇ ਘਰ ਪਰਦੇਸੀਆਂ ਵਾਂਗੂੰ

ਆਪਣੇ ਘਰ ਪਰਦੇਸੀਆਂ ਵਾਂਗੂੰ, ਪਰਤਣ ਦਾ ਅਹਿਸਾਸ ਕਿਉਂ ਹੈ?
ਮੈਂ ਸੰਤਾਲੀ ਮਗਰੋਂ ਜੰਮਿਆਂ, ਮੇਰੇ ਪਿੰਡੇ ਲਾਸ ਕਿਉਂ ਹੈ?

ਸ਼ਹਿਰ ਲਾਹੌਰ 'ਚ ਆ ਕੇ ਜੇ ਨਨਕਾਣੇ ਵੀ ਮੈਂ ਜਾ ਨਹੀਂ ਸਕਦਾ,
ਧਾਹ ਗਲਵੱਕੜੀ ਪਾ ਕੇ ਮਿਲਦਾ ਸਤਲੁਜ ਨਾਲ ਬਿਆਸ ਕਿਉਂ ਹੈ?

ਇੱਕੋ ਫਾਂਸੀ, ਇੱਕੋ ਗੋਲੀ, ਰਹਿਮਤ ਅਲੀ, ਸਰਾਭਾ, ਬਿਸਮਿਲ,
ਆਜ਼ਾਦੀ ਤੋਂ ਮਗਰੋਂ ਸਾਡਾ ਵੱਖੋ ਵੱਖ ਇਤਿਹਾਸ ਕਿਉਂ ਹੈ?

ਦਿੱਲੀ ਵਰਗੇ ਚੌਂਕ ਚੁਰਸਤੇ, ਕਾਰ ਵਿਹਾਰ, ਬਾਜ਼ਾਰ ਵੀ ਓਹੀ,
ਮਿਕਨਾਤੀਸੀ ਖਿੱਚ ਦੀ ਸ਼ਕਤੀ, ਸ਼ਹਿਰ ਲਾਹੌਰ 'ਚ ਖ਼ਾਸ ਕਿਉਂ ਹੈ?

ਬੁੱਲ੍ਹੇਸ਼ਾਹ ਦਾ ਪ੍ਰੇਮ ਪਿਆਲਾ, ਬਿਨਾਂ ਕਸੂਰੋਂ ਪੀ ਨਹੀਂ ਸਕਦਾ,
ਹਰ ਵਾਰੀ ਹੋਠਾਂ ਤੇ ਆਉਂਦੀ, ਅਜਬ ਤਰ੍ਹਾਂ ਦੀ ਪਿਆਸ ਕਿਉਂ ਹੈ?

ਵਾਰਸ ਦੇ ਜੰਡਿਆਲੇ ਬੈਠੇ, ਮਸਤ ਔਲੀਆ ਹੀਰ ਸੁਣਾਉਂਦੇ,
ਰਾਂਝਣ ਯਾਰ ਫ਼ਕੀਰਾਂ ਨੂੰ ਇਹ, ਫਿਰ ਮਿਲਣੇ ਦੀ ਆਸ ਕਿਉਂ ਹੈ?

ਸਾਡੇ ਪੰਜ ਦਰਿਆਈ ਘੋੜੇ, ਜਦ ਵੀ ਵੇਖਾਂ ਟਾਂਗੇ ਖਿੱਚਦੇ,
ਘੋੜ-ਸਵਾਰ ਗੁਆਚਣ ਵਰਗਾ, ਡੰਗ ਰਿਹਾ ਅਹਿਸਾਸ ਕਿਉਂ ਹੈ?

ਸਾਡੇ ਪਿੰਡ ਦੀ ਸੰਤੀ ਵਰਗਾ, ਮੈਲਾ ਸੂਟ ਇਨਾਇਤਾਂ ਪਾਇਆ,
ਪੌਣੀ ਸਦੀ ਗੁਆਚਣ ਮਗਰੋਂ, ਰਾਵੀ ਪਾਰ ਲਿਬਾਸ ਕਿਉਂ ਹੈ?

1

੦

## ਦਿਲ ਨੂੰ ਇਹ ਸਮਝਾਉਂਦਾ ਰਹਿਨਾਂ

ਦਿਲ ਨੂੰ ਇਹ ਸਮਝਾਉਂਦਾ ਰਹਿਨਾਂ, ਮੋਇਆਂ ਨਾਲ ਤੇ ਮਰ ਨਹੀਂ ਹੁੰਦਾ।
ਅਕਲ ਪਰੇ ਕਰ, ਦਿਲ ਕਹਿੰਦਾ ਏ, ਰੂਹ ਨੂੰ ਪੱਥਰ ਕਰ ਨਹੀਂ ਹੁੰਦਾ।

ਮੁੜ ਜਾਹ ਚਿੜੀਏ ਸ਼ੀਸ਼ੇ ਔਂਗਿਉਂ, ਆਲ੍ਹਣਿਆਂ ਵਿਚ ਬੋਟ ਉਡੀਕਣ,
ਆਪੇ ਨਾਲ ਲੜਨ ਦੀ ਜੰਗ ਦਾ, ਕਦੇ ਮੋਰਚਾ ਸਰ ਨਹੀਂ ਹੁੰਦਾ।

ਆਉਂਦੀ ਹੀ ਨਹੀਂ ਚਿਰ ਹੋਇਆ ਏ, ਮੇਰੀਆਂ ਅੱਖੀਆਂ ਦੇ ਵਿਚ ਨੀਂਦਰ,
ਸੁਪਨੇ ਦਰ ਖੜਕਾ ਕੇ ਮੁੜਦੇ, ਆਖਣ ਖੁੱਲ੍ਹਾ ਦਰ ਨਹੀਂ ਹੁੰਦਾ।

ਜ਼ੋਰ ਜ਼ੁਲਮ ਦੀ ਤੇਜ਼ ਹਨ੍ਹੇਰੀ, ਵਗਦੀ ਬੂਹੇ ਆ ਪਹੁੰਚੀ ਏ,
ਲਾਟ ਬੁਝਣ ਤੋਂ ਡਰਦੇ ਮਾਰੇ, ਹੌਕਾ ਵੀ ਹੁਣ ਭਰ ਨਹੀਂ ਹੁੰਦਾ।

ਬੇਗਮ ਪੁਰ ਦੇ ਰਾਹੀਆਂ ਨੂੰ ਅੱਜ ਆਲਮ ਤਾਹੀਉਂ ਚੇਤੇ ਕਰਦਾ,
ਸੀਸ ਤਲੀ ਧਰ ਤੁਰਦੇ ਨੇ ਉਹ, ਮਨ ਖੱਲੜੀ ਵਿਚ ਡਰ ਨਹੀਂ ਹੁੰਦਾ।

ਵਾਹੇਂ ਇਹ ਕੀਹ ਘੀਚ ਮਚੋਲੇ, ਜ਼ਿੰਦਗੀ ਦੀ ਬਦਰੰਗ ਕੈਨਵਸ ਤੇ,
ਕਲਾਕਾਰ ਅਖਵਾਇਆ ਨਾ ਕਰ, ਜੇ ਰੰਗ ਤੈਥੋਂ ਭਰ ਨਹੀਂ ਹੁੰਦਾ।

ਸੁਰਤਿ ਸ਼ਬਦ ਦੀ ਨਗਰੀ ਅੰਦਰ, ਬੇਸੁਰਿਆਂ ਦੀ ਅਰਦਲ ਬਹੀਏ,
ਮੈਂ ਚੱਲਿਆਂ, ਇਹ ਨਾਟਕ ਮੈਥੋਂ, ਹੋਰ ਘੜੀ ਵੀ ਜਰ ਨਹੀਂ ਹੁੰਦਾ।

ਨੰਗੀ ਅੱਖ ਨੂੰ ਦਿਸਦਾ ਕੂੜਾ, ਹੂੰਝ ਰਿਹਾ ਏਂ ਇਹ ਨਾ ਭੁੱਲੀਂ,
ਕੂੜ ਪਸਾਰ ਸਮੇਟੇ ਤੋਂ ਬਿਨ, ਸਾਫ਼ ਕਦੇ ਵੀ ਘਰ ਨਹੀਂ ਹੁੰਦਾ।

1

○

## ਪੈਰਾਂ ਥੱਲੇ ਅਪਣੀ ਧਰਤੀ

ਪੈਰਾਂ ਥੱਲੇ ਅਪਣੀ ਧਰਤੀ, ਸਿਰ ਉੱਤੇ ਅਸਮਾਨ ਨਹੀਂ ਹੈ।
ਤਾਹੀਉਂ ਅਪਣੀ ਨਜ਼ਰ 'ਚ ਮੇਰੀ ਗਿਣਤੀ ਵੀ ਇਨਸਾਨ ਨਹੀਂ ਹੈ।

ਬਦੀਆਂ, ਪਾਪ ਬੁਰਾਈਆਂ ਕਰਦੇ, ਕਿਸ ਤੋਂ ਰਹਿਮਤ ਭਾਲ ਰਹੇ ਹੋ,
ਮਾਇਆਧਾਰੀ ਅੰਨ੍ਹਾ ਬੋਲ਼ਾ, ਇਹ ਕੋਈ ਭਗਵਾਨ ਨਹੀਂ ਹੈ।

ਲਿਖਕੇ ਅਰਜ਼ੀ ਤਰਲੇ ਕਰ ਕਰ, ਮਿੰਨਤਾਂ ਨਾਲ ਜੋ ਲੈ ਬੈਠੇ ਹੋ,
ਰੂਹ ਨੂੰ ਲਾਅਣਤ ਰੋਜ਼ ਪਵੇਗੀ, ਇਹ ਕੋਈ ਸਨਮਾਨ ਨਹੀਂ ਹੈ।

ਜਿਸ ਧਰਤੀ ਦੀ ਅਜ਼ਮਤ ਮਿੱਟੀ ਕਰਕੇ ਲੁੱਟੀ, ਕੁੱਟੀ, ਜਾਵੇ,
ਏਸ ਭੁਲੇਖੇ ਵਿੱਚ ਨਾ ਰਹਿਣਾ, ਉਸ ਮਿੱਟੀ ਵਿਚ ਜਾਨ ਨਹੀਂ ਹੈ।

ਵਿੰਗ ਤੜਿੰਗਾ ਚਿਹਰਾ ਤੇਰਾ, ਜੇ ਸ਼ੀਸ਼ੇ ਨੇ ਸਾਫ਼ ਵਿਖਾਇਐ,
ਸਮਝ ਕਿਉਂ ਨਹੀਂ ਪੈਂਦੀ ਤੈਨੂੰ, ਉਸ ਕੀਤਾ ਅਪਮਾਨ ਨਹੀਂ ਹੈ।

ਸ਼ਬਦ, ਕਿਤਾਬਾਂ, ਪਾਠ ਪੁਸਤਕਾਂ, ਜੇ ਨਾ ਤੀਜਾ ਨੇਤਰ ਖੋਲ੍ਹਣ,
ਭਰਮ ਜਾਲ ਦਾ ਕੂੜ ਪੁਲੰਦਾ, ਇਹ ਕੋਈ ਗੂੜ੍ਹ ਗਿਆਨ ਨਹੀਂ ਹੈ।

ਇਸ ਪਰਚੀ 'ਚੋਂ ਤਾਕਤ ਖਿੱਚ ਕੇ, ਫਿਰ ਘੁਰਨੇ ਵਿਚ ਮੁੜ ਜਾਂਦੇ ਹੋ,
ਸੱਚ ਪੁੱਛੋ ਤਾਂ ਲੋਕ-ਰਾਜ ਦਾ ਇਸ ਤੋਂ ਵੱਧ ਨੁਕਸਾਨ ਨਹੀਂ ਹੈ।

1

○

## ਪਾਣੀਆਂ ਦੀ ਮੌਜ ਦਾ ਹੀ

ਪਾਣੀਆਂ ਦੀ ਮੌਜ ਦਾ ਹੀ ਦੂਸਰਾ ਨਾਂ ਲਹਿਰ ਹੈ।
ਏਸ ਦੀ ਹਮ ਨਸਲ ਮੇਰੀ ਇਸ ਗ਼ਜ਼ਲ ਦੀ ਬਹਿਰ ਹੈ।

ਪੱਕੀਆਂ ਫ਼ਸਲਾਂ ਦੇ ਦਿਲ ਵਿਚ ਸਹਿਮ ਦਾ ਮਾਹੌਲ ਵੇਖ,
ਅੰਬਰਾਂ ਦੀ ਅੱਖ ਮੈਲ਼ੀ, ਬਹੁਤ ਗੂੜ੍ਹੀ ਗਹਿਰ ਹੈ।

ਹੋਰ ਥੋੜ੍ਹੀ ਦੇਰ ਤੱਕ, ਸੂਰਜ ਛਿਪੇਗਾ ਨੇਰ੍ਹ ਵਿਚ,
ਏਸ ਦੇ ਜਲਵੇ ਦਾ ਤੀਜਾ, ਆਖ਼ਰੀ ਇਹ ਪਹਿਰ ਹੈ।

ਲਿਖਣਹਾਰੇ, ਸ਼ਬਦ-ਘਾੜੇ, ਕਰਨਗੇ ਅਹਿਸਾਸ ਕਦ,
ਤੋਲ ਹੈ ਸ਼ਬਦਾਂ ਦਾ ਪੂਰਾ, ਜ਼ਿੰਦਗੀ ਬੇ-ਬਹਿਰ ਹੈ।

ਆਦਮੀ ਨੂੰ ਆਦਮੀ ਨਾ ਸਮਝਦਾ ਅੱਜ ਤੱਕ ਨਿਜ਼ਾਮ,
ਕਹਿਰਵਾਨੋ, ਕਹਿਰ ਹੈ, ਬੱਸ ਕਹਿਰ ਹੈ ਇਹ ਕਹਿਰ ਹੈ।

ਇਹ ਪਤਾ ਨਾ, ਨਾਲ ਦੇ ਘਰ ਕੌਣ ਆਇਆ, ਤੁਰ ਗਿਆ,
ਪਿੰਡ ਦੇ ਅੰਦਰ ਵੀ ਦਾਖ਼ਲ, ਹੋ ਗਿਆ ਹੁਣ ਸ਼ਹਿਰ ਹੈ।

ਪੁੱਛਿਆ ਬੁੱਧ ਨੂੰ ਕਿਸੇ ਕਿ ਜ਼ਹਿਰ ਕੀਹ ਹੁੰਦੈ ਭਲਾ,
ਆਖਿਆ ਉਸ, ਲੋੜ ਨਾਲੋਂ, ਵੱਧ ਹਰ ਸ਼ੈਅ ਜ਼ਹਿਰ ਹੈ।

1

o

## ਲੱਭਦੇ ਲੱਭਦੇ ਮਰ ਚੱਲੇ ਆਂ

ਲੱਭਦੇ ਲੱਭਦੇ ਮਰ ਚੱਲੇ ਆਂ ਦਿਲ ਦੀ ਫ਼ੋਲਣ ਵਾਲੇ।
ਖ਼ੌਰੇ ਕਿੱਥੇ ਲੁਕ ਜਾਂਦੇ ਨੇ, ਬਹੁਤਾ ਬੋਲਣ ਵਾਲੇ।

ਝੱਖੜ ਤੇਜ਼, ਤੂਫ਼ਾਨ, ਬਿਜਲੀਆਂ, ਤਲਖ਼ ਸਮੁੰਦਰ ਕਹਿਰੀ,
ਪੌਣਾਂ ਤੇ ਅਸਵਾਰ ਮੁਸਾਫ਼ਰ, ਇਹ ਨਹੀਂ ਡੋਲਣ ਵਾਲੇ।

ਅਣਦਿਸਦੇ ਇਨਸਾਫ਼ ਦੇ ਛਾਬੇ, ਭੁਗਤਣ ਨਾ ਉਸ ਪਾਸੇ,
ਜਿਹੜੇ ਬੰਨੇ ਭੁਗਤ ਰਹੇ ਨੇ, ਪੂਰਾ ਤੋਲਣ ਵਾਲੇ।

ਜੰਦਰੇ ਦੇ ਵਿਚ ਲਾਖ਼ ਪਿਘਲ ਕੇ, ਧੁਰ ਅੰਦਰ ਜਾ ਪਹੁੰਚੀ,
ਭਾਰ ਬਣੇ ਕੁੰਜੀਆਂ ਦੇ ਗੁੱਛੇ, ਇਸ ਨੂੰ ਖੋਲ੍ਹਣ ਵਾਲੇ।

ਬੰਦ ਕਮਰੇ ਵਿਚ ਬੈਠਕ ਕਰਕੇ, ਤੁਰ ਗਏ ਮਤੇ ਪਕਾ ਕੇ,
ਮੈਂ ਸਮਝੇ ਸੀ ਦਿਲ ਦੇ ਮਹਿਰਮ, ਦਰਦ ਫ਼ਰੋਲਣ ਵਾਲੇ।

ਫੁਲਕਾਰੀ ਕਰ ਤੰਦਾਤੀਰੀ, ਪੇਂਜੇ ਵਾਂਗੂੰ ਪਿੰਜਦੇ,
ਵਿਰਸਾ ਵਿਰਸਾ ਕੂਕ ਰਹੇ ਨੇ, ਆਪ ਮਧੋਲਣ ਵਾਲੇ।

ਪੱਥਰ ਦੇ ਭਗਵਾਨ ਦੀ ਅੱਖ ਵਿਚ ਨੇਤਰ ਸ਼ੁੱਧ ਬਲੌਰੀ,
ਏਨੀ ਗੱਲ ਨੂੰ ਸਮਝਣ ਕਿਉਂ ਨਾ ਅੱਥਰੂ ਡੋਲ੍ਹਣ ਵਾਲੇ।

1

o

## ਇਕੋ ਵਾਰੀ ਮੰਦਿਰ ਜਾ ਕੇ

ਇਕੋ ਵਾਰੀ ਮੰਦਿਰ ਜਾ ਕੇ, ਪੱਥਰ ਤਾਂ ਭਗਵਾਨ ਬਣ ਗਿਆ।
ਰੋਜ਼ ਦਿਹਾੜੀ ਮੰਦਿਰ ਜਾ ਕੇ, ਪੱਥਰ ਕਿਉਂ ਇਨਸਾਨ ਬਣ ਗਿਆ?

ਧਰਤ ਤਿਆਗੀ, ਮਾਂ ਵੀ ਛੱਡੀ, ਮੋਹ ਮਮਤਾ ਨੂੰ ਮਾਰੇ ਜੰਦਰੇ,
ਬੰਦਾ 'ਵਾ ਦੇ ਘੋੜੇ ਚੜ੍ਹਿਆ, ਜਿਸ ਦਿਨ ਦਾ ਧਨਵਾਨ ਬਣ ਗਿਆ।

ਉੱਡਦੀਆਂ ਦੇ ਪਿੱਛੇ ਭਟਕੇ, ਕੱਲ-ਮੁ-ਕੱਲ੍ਹਾ ਹੋਇਆ ਝੱਲਾ,
ਘਰ ਦੀ ਚਾਰਦੀਵਾਰੀ ਖ਼ਾਤਰ, ਹੁਣ ਆਪੇ ਮਹਿਮਾਨ ਬਣ ਗਿਆ।

ਲੋਕ ਜਿਵੇਂ ਇੱਛਰਾਂ ਤੇ ਪੂਰਨ, ਰਿਸ਼ਤਿਆਂ ਦਾ ਨਿੱਘ ਢੂੰਡ ਰਹੇ ਨੇ,
ਧਨਵੰਤਾ ਕਿਉਂ ਲੂਣਾ ਖ਼ਾਤਰ, ਹਰ ਰਾਜਾ ਸਲਵਾਨ ਬਣ ਗਿਆ।

ਨਕਦ-ਮੁ-ਨਕਦੀ ਦੇਣ ਮੁਹੱਬਤ, ਲੋਕ ਉਧਾਰ ਕਦੇ ਨਹੀਂ ਰੱਖਦੇ,
ਦੀਨ ਦੁਖੀ ਦਾ ਜੋ ਵੀ ਹਾਮੀ, ਦਿਲ ਦਾ ਉਹ ਸੁਲਤਾਨ ਬਣ ਗਿਆ।

ਮੈਂ ਸ਼ਬਦਾਂ ਨੂੰ ਆਪ ਕਦੇ ਵੀ, ਇਹ ਨਹੀਂ ਕਹਿੰਦਾ, ਇਹ ਕੁਝ ਆਖੋ,
ਜਬਰ ਜ਼ੁਲਮ ਦੇ ਉਲਟ ਖਲੋਣਾ, ਇਨ੍ਹਾਂ ਦਾ ਈਮਾਨ ਬਣ ਗਿਆ।

ਹੌਕੇ, ਹਾਵੇ, ਅੱਥਰੂ ਮੇਰੇ, ਕੋਰੇ ਸਫ਼ਿਆਂ ਸਾਂਭ ਲਏ ਸੀ,
ਦਰਦ ਸਮੁੰਦਰ ਉੱਛਲਿਆ ਤਾਂ ਗ਼ਜ਼ਲਾਂ ਦਾ ਦੀਵਾਨ ਬਣ ਗਿਆ।

1

## ਕਿਉਂ ਕੱਖਾਂ ਦੀ ਕੁੱਲੀ ਅੱਜ ਵੀ

ਕਿਉਂ ਕੱਖਾਂ ਦੀ ਕੁੱਲੀ ਅੱਜ ਵੀ, ਬਾਗ਼ ਪਾਲਦੇ ਮਾਲੀ ਖ਼ਾਤਰ।
ਦਿਨ ਤੇ ਰਾਤ ਜਿਉਂਦਾ ਜਿਹੜਾ, ਫੁੱਲਾਂ ਦੀ ਰਖਵਾਲੀ ਖ਼ਾਤਰ।

ਧਰਤੀ ਅੰਦਰ ਸੁਪਨੇ ਫ਼ਸਲਾਂ, ਆਹ ਬੀਜੋ ਤੇ ਆਹ ਨਾ ਬੀਜੋ,
ਚੰਡੀਗੜ੍ਹ ਕਿਉਂ ਹੁਕਮ ਭੇਜਦੈਂ, ਸਾਡੇ ਪਿੰਡ ਦੇ ਹਾਲ਼ੀ ਖ਼ਾਤਰ।

ਝੰਗ ਵਿੱਚ ਹੀਰਾਂ, ਰਾਂਝੇ, ਚੂਰੀ, ਖ਼ਵਰੇ ਕਿਹੜੇ ਯੁਗ ਦੀਆਂ ਬਾਤਾਂ,
ਰੋਟੀ ਰੁੱਖੀ, ਸੁੱਕੀ ਅੱਜ ਵੀ, ਸਭ ਮੱਝੀਆਂ ਦੇ ਪਾਲ਼ੀ ਖ਼ਾਤਰ।

ਵੰਨ ਸੁਵੰਨੀਆਂ ਫ਼ੌਜਾਂ ਹੁੰਦਿਆਂ, ਹੁਕਮਰਾਨ ਕਿਉਂ ਏਨਾ ਡਰਦੈ,
ਹੋਰ ਭਰਤੀਆਂ ਖੋਲ੍ਹੀ ਜਾਂਦੈ, ਅਪਣੀ ਸਾਂਭ-ਸੰਭਾਲ਼ੀ ਖ਼ਾਤਰ।

ਇਕ ਦਿਨ ਨੇਰ੍ਹ ਮਿਟਾਕੇ, ਕਿੱਦਾਂ ਰਾਮ ਭਗਤ ਬਣ ਜਾਵਾਂਗਾ ਮੈਂ,
ਚੌਂਕ ਚੁਰਸਤੇ ਦੀਵੇ ਬਾਲਾਂ, ਮੈਂ ਕਿਉਂ ਸਿਰਫ਼ ਦੀਵਾਲੀ ਖ਼ਾਤਰ।

ਪਹਿਲੇ ਕਿਹੜਾ ਬੈਠ ਰਹੇ ਨੇ, ਮੈਂ ਵੀ ਇਕ ਦਿਨ ਤੁਰ ਜਾਵਾਂਗਾ,
ਤਾਹੀਉਂ ਸ਼ਬਦ ਸਲਾਮਤ ਚਾਹੁੰਨਾਂ, ਰੂਹਾਂ ਦੀ ਖੁਸ਼ਹਾਲੀ ਖ਼ਾਤਰ।

ਕਿਉਂ ਪੈਰਾਂ ਵਿਚ, ਰੂਹ ਵਿਚ ਚੁਭਦੈਂ, ਅੱਗੇ ਤੁਰਨੋਂ ਰੋਕ ਰਿਹਾ ਏਂ,
ਉਸ ਕੰਡੇ ਤੋਂ ਸਿੱਖ ਜੋ ਜੀਂਦੈ, ਫੁੱਲਾਂ ਵਾਲੀ ਡਾਲੀ ਖ਼ਾਤਰ।

1

## ਹਰ ਵਸਤਰ ਦੇ ਹੇਠਾਂ ਕੱਜਿਆ

ਹਰ ਵਸਤਰ ਦੇ ਹੇਠਾਂ ਕੱਜਿਆ, ਹਰ ਵਾਰੀ ਇਨਸਾਨ ਨਹੀਂ ਹੁੰਦਾ।
ਇਹ ਗੱਲ ਪੱਕੀ ਧਾਰ ਲਵੋ ਜੀ, ਮਿੱਟੀ ਦਾ ਭਗਵਾਨ ਨਹੀਂ ਹੁੰਦਾ।

ਕੋਰੇ ਸਫ਼ਿਆਂ ਉੱਪਰ ਲਿਖਿਆ, ਭਰਮ ਜਾਲ ਤਾਂ ਹੋ ਸਕਦਾ ਏ,
ਪਾਣੀ ਉੱਪਰ ਵਹਿ ਕੇ ਤਰਦੀ, ਝੱਗ ਦਾ ਕੋਈ ਈਮਾਨ ਨਹੀਂ ਹੁੰਦਾ।

ਦਾਨਵੀਰ ਨੂੰ ਕਿਹੜਾ ਆਖੇ, ਸੋਨ-ਮੁਕਟ ਤਾਂ ਚਾੜ੍ਹੇਂ ਮੰਦਰ,
ਸਿਰ ਪੈਰੋਂ ਨੰਗਿਆਂ ਦੀ ਖ਼ਾਤਰ, ਤੈਥੋਂ ਕੁਝ ਕਿਉਂ ਦਾਨ ਨਹੀਂ ਹੁੰਦਾ।

ਜਿਹੜੀ ਧਰਤ ਕਿਤਾਬੋਂ ਸੱਖਣੀ, ਅੱਜ ਵੀ ਮੋਈ ਕੱਲ੍ਹ ਵੀ ਮੋਈ,
ਦਾਨਿਸ਼ ਦੀ ਦੌਲਤ ਤੋਂ ਸੱਖਣਾ, ਮੁਲਕ ਕਦੇ ਧਨਵਾਨ ਨਹੀਂ ਹੁੰਦਾ।

ਪਿਛਲੀ ਉਮਰੇ ਬਿਰਧ ਘਰਾਂ ਵਿਚ ਬੈਠੇ ਲੋਕ ਉਦਾਸ ਬੜੇ ਨੇ,
ਬੱਚਿਉ ! ਇਹ ਗੱਲ ਭੁੱਲ ਨਾ ਜਾਇਓ, ਬਿਰਖ਼ ਕਦੇ ਬੇਜਾਨ ਨਹੀਂ ਹੁੰਦਾ।

ਬਾਕੀ ਦਿਨ ਸਿਵਿਆਂ ਦੀ ਚੁੱਪ ਤੇ ਇੱਕੋ ਦਿਨ ਸਭ ਧੂਮ ਧੜੱਕੇ,
ਏਸ ਤਰ੍ਹਾਂ ਦੀ ਨਾਟਕ ਬਾਜ਼ੀ, ਪੁਰਖ਼ੇ ਦਾ ਸਨਮਾਨ ਨਹੀਂ ਹੁੰਦਾ।

ਅਪਣੇ ਅੰਦਰ ਬੈਠਾ ਯੋਧਾ, ਹਿੰਮਤ ਨਾਲ ਬਚਾ ਕੇ ਰੱਖਿਓ,
ਸਿੱਧੀ ਗਰਦਨ ਵਾਲਾ ਸੂਰਾ, ਰਾਜੇ ਦਾ ਦਰਬਾਨ ਨਹੀਂ ਹੁੰਦਾ।

1

ੴ

## ਅੱਖਾਂ ਵਿੱਚ ਰੌਸ਼ਨੀ ਤੇ ਹੋਠਾਂ

ਅੱਖਾਂ ਵਿੱਚ ਰੌਸ਼ਨੀ ਤੇ ਹੋਠਾਂ ਉੱਤੇ ਹਾਸੇ ਹੋਣ।
ਚਹਿਕਦੇ ਪਰਿੰਦੇ ਕਦੇ, ਚੁੱਪ ਨਾ ਉਦਾਸੇ ਹੋਣ।

ਵੇਦਨਾ ਸੰਵੇਦਨਾ ਨਾ ਦਿਲਾਂ ਵਿਚੋਂ ਮੋਏ ਕਦੇ,
ਦਿਲ ਦਿਲਗੀਰ ਦੇ ਲਈ, ਹੌਸਲੇ ਦਿਲਾਸੇ ਹੋਣ।

ਚੰਬਾ ਤੇ ਰਵੇਲ ਖੁਸ਼ਬੋਈ ਵੰਡੇ, ਸਾਰੇ ਘਰੀਂ,
ਨਿੱਕੇ ਵੱਡੇ, ਫੁੱਲ ਬੂਟੇ, ਕਦੇ ਨਾ ਪਿਆਸੇ ਹੋਣ।

ਨਿੱਤ ਨਵੇਂ ਸੂਰਜਾਂ ਦੇ ਨਾਲ ਨਾਲ ਆਸ ਜਗੇ,
ਸਾਰੇ ਕੱਚੇ ਵਿਹੜਿਆਂ 'ਚ, ਸੁਪਨੇ ਚੌਪਾਸੇ ਹੋਣ।

ਡੌਲਿਆਂ 'ਚ ਮੱਛੀਆਂ ਤੇ ਮੱਥੇ ਵਿਚ ਤੀਜੀ ਅੱਖ,
ਸੂਰਜਾਂ ਦੇ ਹਾਣੀ, ਧੀਆਂ ਪੁੱਤ ਨਾ ਨਿਰਾਸੇ ਹੋਣ।

ਚਾਵਾਂ ਅਤੇ ਖੁਸ਼ੀਆਂ ਤੇ ਡਾਕੇ ਜਿਹੜੇ ਮਾਰਦੇ ਨੇ,
ਲੱਗੇ ਜੋ ਗ੍ਰਹਿਣ ਵਾਂਗੂੰ, ਚੰਨ ਅੱਗੋਂ ਪਾਸੇ ਹੋਣ।

ਇੱਕ ਦੂਜੇ ਵਾਸਤੇ ਮੁਹੱਬਤਾਂ ਦੀ ਵੇਲ ਵਧੇ,
ਧੁੱਪਾਂ ਛਾਵਾਂ ਸਾਂਝੀਆਂ ਤੇ, ਗੂੜ੍ਹੇ ਭਰਵਾਸੇ ਹੋਣ।

ੴ

## ਅਣਖ਼ ਦੀ ਖਾਤਰ ਸੀਸ ਦੀ ਕੀਮਤ

ਅਣਖ਼ ਦੀ ਖਾਤਰ ਸੀਸ ਦੀ ਕੀਮਤ ਬੜੀ ਨਹੀਂ।
ਲੱਗਦੈ! ਤੂੰ ਤਾਰੀਖ਼ ਹੀ ਸਾਡੀ ਪੜ੍ਹੀ ਨਹੀਂ।

ਕੁਝ ਗਰਜ਼ਾਂ ਦੀ ਖਾਤਰ, ਵਿਕ ਜਾਂ ਸਸਤੇ ਭਾਅ,
ਏਨੀ ਘਟੀਆ ਜੰਗ ਕਦੇ ਮੈਂ ਲੜੀ ਨਹੀਂ।

ਬਚ ਕੇ ਰਹਿੰਦਾ ਹਾਂ, ਬੇਗਾਨੀ 'ਵਾ ਕੋਲੋਂ,
ਤਾਹੀਂਉਂ ਗੁੱਡੀ ਅੰਬਰ ਦੇ ਵਿਚ ਚੜ੍ਹੀ ਨਹੀਂ।

ਕਾਲਾ ਪਹਿਰ ਨਵੰਬਰ, ਦਿੱਲੀਏ ਤੱਕਿਐ ਤੂੰ,
ਕਿਹੜੀ ਥਾਂ ਸੀ ਜਿਥੇ ਮੱਚੀ ਮੜ੍ਹੀ ਨਹੀਂ।

ਸੂਈਆਂ ਨੂੰ ਕੋਈ ਅੱਗੇ ਪਿੱਛੇ ਕਰਦਾ ਏ,
ਸਾਡੇ ਗੁੱਟ ਤੇ ਤਾਹੀਂਉਂ ਬੱਧੀ ਘੜੀ ਨਹੀਂ।

ਚਹੁੰ ਕਦਮਾਂ ਤੇ ਫੇਰ ਉਦਾਸੀ ਘੇਰੇਗੀ,
ਆਸ ਦੀ ਕੰਨੀ ਘੁੱਟ ਕੇ ਜੇ ਤੂੰ ਫੜੀ ਨਹੀਂ।

ਮੇਰਾ ਬਾਪੂ ਇਸ ਤੋਂ ਉੱਚਾ ਲੰਮਾ ਸੀ,
ਤਾਹੀਂਉਂ ਮੈਂ ਤਸਵੀਰ ਫਰੇਮ 'ਚ ਜੜੀ ਨਹੀਂ।

o

## ਦੇਹਿ ਸ਼ਿਵਾ ਵਰ ਮੋਹਿ ਤਕ ਤਾਂ

ਦੇਹਿ ਸ਼ਿਵਾ ਵਰ ਮੋਹਿ ਤਕ ਤਾਂ, ਵਧੀਆ ਸੌਖਾ ਸਰ ਜਾਂਦਾ ਹੈ।
ਸੁਭ ਕਰਮਨ ਤਕ ਪਹੁੰਚਦਿਆਂ ਕਿਉਂ, ਇਹ ਪਾਪੀ ਮਨ ਡਰ ਜਾਂਦਾ ਹੈ।

ਕਰੋਧ-ਕਟੋਰੀ ਨੱਕੋ ਨੱਕ ਤੇ, ਮੈਲ ਕੁਚੈਲਾ ਮਨ ਦਾ ਸੀਸ਼ਾ,
ਪਤਾ ਨਹੀਂ ਕਿੰਜ ਮੇਰੇ ਵਰਗਾ, ਸੱਚੇ ਗੁਰ ਦੇ ਦਰ ਜਾਂਦਾ ਹੈ।

ਬਾਬਰ ਵੇਲੇ ਤੋਂ ਅੱਜ ਤੀਕਰ, ਜ਼ੋਰ ਜਬਰ ਦੀ ਨੇਰ੍ਹੀ ਚੱਲੇ,
ਮੈਂ ਸੁਣਿਆ ਸੀ, ਪਾਪ ਦਾ ਭਾਂਡਾ, ਹੌਲੀ ਹੌਲੀ ਭਰ ਜਾਂਦਾ ਹੈ।

ਉਡਣ ਖਟੋਲੇ, ਲੰਮੀਆਂ ਕਾਰਾਂ, ਸੁਣਨ ਦੇਣ ਨਾ ਇਹ ਫਿਟਕਾਰਾਂ,
ਪੈਦਲ ਬੰਦਾ ਖੜ੍ਹਾ ਖਲੋਤਾ ਇਹ ਕੁਝ ਸੁਣ ਕੇ, ਮਰ ਜਾਂਦਾ ਹੈ।

ਮਨ ਤਾਂ ਭਟਕੇ ਦੇਸ ਦਸੌਰੀ, ਦਿਨ ਤੇ ਰਾਤ ਟਿਕੇ ਨਾ ਇਕ ਪਲ,
ਇਹ ਤਨ ਏਨੀ ਭਟਕਣ ਲੈ ਕਿਉਂ, ਸ਼ਾਮਾਂ ਵੇਲੇ ਘਰ ਜਾਂਦਾ ਹੈ।

ਹਰ ਪਾਂਡਵ ਦੇ ਅੰਦਰ ਬੈਠਾ, ਮਰਦ ਹਮੇਸ਼ਾਂ ਨਾਟਕ ਕਰਦੈ;
ਰਾਜ ਭਾਗ ਦੀ ਖ਼ਾਤਰ ਹੀ ਕਿਉਂ, ਸਦਾ ਦਰੋਪਦ ਹਰ ਜਾਂਦਾ ਹੈ।

ਇਹ ਕਲਮਾਂ ਦੇ ਸਾਈਂ ਸਾਰੇ, ਹੋ ਜਾਂਦੇ ਕਿਉਂ ਬੇਇਤਬਾਰੇ,
ਹੁਕਮਰਾਨ ਜਦ ਸੂਹੀ ਥੈਲੀ, ਚੌਂਕ ਚੁਰਸਤੇ ਧਰ ਜਾਂਦਾ ਹੈ।

1

o

## ਖੇਡ ਰਿਹਾਂ ਸ਼ਤਰੰਜ ਇਕੱਲਾ

ਖੇਡ ਰਿਹਾਂ ਸ਼ਤਰੰਜ ਇਕੱਲਾ, ਫੇਰ ਉਦਾਸ ਨਹੀਂ।
ਦੋਸਤੀਆਂ ਵਿਚ ਚਾਲਾਂ ਚੱਲਣਾ, ਮੈਨੂੰ ਰਾਸ ਨਹੀਂ।

ਹੋਰ ਤਾਂ ਸਭ ਕੁਝ ਠੀਕ ਠਾਕ ਹੈ, ਸਾਹ ਵੀ ਚੱਲਦੇ ਨੇ,
ਸਿਰਫ਼ ਵਿਗੋਚਾ ਏਹੀ, ਜਿਹੜਾ ਖ਼ੁਸ਼ਬੂ ਪਾਸ ਨਹੀਂ।

ਮੈਂ ਤੇਰਾ ਸ਼ੁਭ ਚਿੰਤਕ ਤਾਂ ਹੋ ਸਕਦਾਂ, ਜੇ ਚਾਹੇਂ,
ਤੇਰੀ ਉੱਚੀ ਕੁਰਸੀ ਦਾ ਮੈਂ ਬਿਲਕੁਲ ਦਾਸ ਨਹੀਂ।

ਮੰਗਤੇ ਬਣ ਬਣ, ਮੰਗੀ ਜਾਈਏ, ਸ਼ਾਮ ਸਵੇਰ ਜਿਵੇਂ,
ਬਿਨ ਬੋਲੇ ਸਭ ਜਾਨਣਹਾਰ ਦੀ ਇਹ ਅਰਦਾਸ ਨਹੀਂ।

ਧਰਤੀ ਨੇ ਜੋ ਮਾਣ ਅਤੇ ਮਰਿਯਾਦਾ ਬਖਸ਼ੀ ਹੈ,
ਧੀ ਪੁੱਤਰਾਂ ਨੂੰ ਇਸ ਦਾ ਅੱਜਕੱਲ੍ਹ ਕਿਉਂ ਅਹਿਸਾਸ ਨਹੀਂ।

ਸੱਤ ਸਮੁੰਦਰ ਪਾਰ ਤੂੰ ਬੈਠੀ, ਆਪੇ ਫਾਥੜੀਏ,
ਆਪ ਸਹੇੜਿਆ ਜਾਲ ਮੱਕੜੀਏ, ਇਹ ਬਨਵਾਸ ਨਹੀਂ।

ਰੂਹ ਤੇ ਚਾਬਕ ਪੈਂਦੇ ਅੱਜ ਵੀ, ਵੇਖ ਤੂੰ ਰਾਤ ਦਿਨੇ,
ਜਿਸਮ ਬੇਸ਼ਰਮੀ ਮਿੱਟੀ ਜਿਸ ਤੇ, ਇੱਕ ਵੀ ਲਾਸ ਨਹੀਂ।

1

## ੦
## ਨੰਗੀ ਅੱਖ ਨੂੰ ਦਿਸਦੇ ਇਹ ਜੋ

ਨੰਗੀ ਅੱਖ ਨੂੰ ਦਿਸਦੇ ਇਹ ਜੋ ਟੁਕੜੇ ਵੰਗ ਦੇ ਨੇ।
ਇਹ ਤਾਂ ਖਿੱਲਰੇ ਵਰਕੇ, ਮੇਰੀ ਰੂਹ ਦੇ ਅੰਗ ਦੇ ਨੇ।

ਬੜਾ ਬਚਾਅ ਮੈਂ ਰੱਖਦਾਂ, ਖ਼ੁਦ ਨੂੰ ਅਸਲੀ ਨਾਗਾਂ ਤੋਂ,
ਰੱਸੀਆਂ ਦੇ ਸੱਪ ਰੂਹ ਨੂੰ, ਐਪਰ ਰਹਿੰਦੇ ਡੰਗਦੇ ਨੇ।

ਏਸ ਬੁਝਾਰਤ ਦਾ ਮੈਂ ਉੱਤਰ ਢੂੰਡ ਨਹੀਂ ਸਕਿਆ,
ਮੇਰੇ ਸੁਪਨੇ ਮੈਥੋਂ ਹੀ, ਕਿਉਂ, ਰਹਿੰਦੇ ਸੰਗਦੇ ਨੇ।

ਹੁਕਮਰਾਨ ਤੋਂ ਏਨੀ ਗੱਲ ਜੀ ਪੁੱਛ ਕੇ, ਦੱਸ ਦੇਣਾ,
ਮੇਰੇ ਲਾਏ ਬਿਰਖ਼ਾਂ ਤੇ ਕਿਉਂ ਮੈਨੂੰ ਟੰਗਦੇ ਨੇ।

ਸਰਹੱਦਾਂ ਤੇ ਖ਼ਤਰਾ, ਧੂੜਾਂ, ਸਾਇਰਨ ਗੂੰਜ ਰਹੇ,
ਬਦਨੀਤਾਂ ਨੇ ਫੇਰ ਤਿਆਰੇ, ਕੀਤੇ ਜੰਗ ਦੇ ਨੇ।

ਕੁਰਸੀ, ਕੁਰਸੀ, ਕੁਰਸੀ, ਅਸਲ ਨਿਸ਼ਾਨਾ ਤਾਕਤ ਹੈ,
ਵੱਖ ਵੱਖ ਝੰਡੇ ਭਾਵੇਂ, ਅੰਦਰੋਂ ਇੱਕੋ ਰੰਗ ਦੇ ਨੇ।

ਇਹਨਾਂ ਨੂੰ ਮਲਹਾਰ ਰਾਗ, ਜੀ ਫੇਰ ਸੁਣਾ ਲੈਣਾ,
ਇਸ ਵੇਲੇ ਤਾਂ ਬਿਰਖ਼ ਬਰੂਟੇ ਪਾਣੀ ਮੰਗਦੇ ਨੇ।

ਲਿੰਬਣ ਪੋਚਣ ਕਰਨਾ ਪੈਂਦੈ, ਪਿਆਰ ਮੁਹੱਬਤ ਦਾ,
ਰਿਸ਼ਤੇ ਕੱਚੇ ਘਰ ਦੇ ਵਾਂਗ ਤਵੱਜੋ ਮੰਗਦੇ ਨੇ।

1

## ੦
## ਤੂੰ ਕਹਿੰਦਾ ਏ, ਇਹ ਆਜ਼ਾਦੀ

(ਕਾਮਾਗਾਟਾ ਮਾਰੂ ਜ਼ਹਾਜ਼ ਦੇ ਖ਼ੂਨੀ ਦੁਖਾਂਤ ਨੂੰ ਚਿਤਵ ਕੇ)

ਤੂੰ ਕਹਿੰਦਾ ਏ, ਇਹ ਆਜ਼ਾਦੀ, ਸੁਪਨੇ ਦੀ ਪਰਵਾਜ਼ ਨਹੀਂ ਸੀ।
ਮੈਂ ਕਹਿੰਦਾ ਹਾਂ, ਕਾਮਾਗਾਟਾ ਮਾਰੂ ਸਿਰਫ਼ ਜਹਾਜ਼ ਨਹੀਂ ਸੀ।

ਸੱਤ ਸਮੁੰਦਰ ਜਾਗ ਪਏ ਤੇ ਤਰਬਾਂ ਛਿੜੀਆਂ, ਦੱਸ ਤੂੰ ਕਿੱਸਰਾਂ,
ਜੇਕਰ ਸਾਡੇ ਬਾਬਿਆਂ ਪੱਲੇ, ਐਸਾ ਇੱਕ ਵੀ ਸਾਜ਼ ਨਹੀਂ ਸੀ।

ਧਰਤ ਪਰਾਈ, ਗੋਰੇ ਸ਼ਾਹੀ, ਖੇਡੀ ਖ਼ੂਨੀ ਲੁਕਣ-ਮਚਾਈ,
ਬੇਲਾ ਸਿੰਘ ਸੀ ਰਲ ਗਿਆ ਓਧਰ, ਉਸ ਨੂੰ ਦੁੱਧ ਦੀ ਲਾਜ ਨਹੀਂ ਸੀ।

ਸਿੱਧੇ ਸਾਦੇ ਗਦਰੀ ਬਾਬੇ, ਸੀਸ ਤਲੀ ਤੇ ਧਰਕੇ ਆ ਗਏ,
ਲੋਕ ਮਨਾਂ ਦੇ ਰਾਜੇ ਬਣ ਗਏ, ਭਾਵੇਂ ਸਿਰ ਤੇ ਤਾਜ ਨਹੀਂ ਸੀ।

ਵਤਨ ਦੀ ਖ਼ਾਤਰ ਗਦਰ ਮਚਾਈਏ, ਸਰਬੱਤ ਖ਼ਾਤਰ ਜੀਵੀਏ, ਮਰੀਏ,
ਇਸ ਤੋਂ ਪਹਿਲਾਂ ਏਸ ਤਰਜ਼ ਦੀ, ਉੱਠੀ ਕਦੇ ਆਵਾਜ਼ ਨਹੀਂ ਸੀ।

ਜਿਹੜੀ ਉਮਰੇ, ਮੁੱਛ ਫੁੱਟ ਗੱਭਰੂ, ਤੁਰਿਆ, ਤੁਰ ਕੇ ਦਾਰ 'ਤੇ ਪੁੱਜਾ,
ਤੂੰ ਕਿੰਜ ਕਹਿੰਨੈਂ, ਵੀਰ ਸਰਾਭਾ, ਉੱਡਣਾ ਪੁੱਡਣਾ ਬਾਜ਼ ਨਹੀਂ ਸੀ।

ਖੜਗ ਢਾਲ ਤੋਂ ਬਿਨਾ ਆਜ਼ਾਦੀ, ਆਈ ਜੋ ਤੂੰ ਕੂਕ ਰਿਹਾ ਏਂ,
ਚਰਖ਼ੇ ਨਾਲ ਲਿਆਇਆ, ਜਿਹੜੀ, ਬਾਪੂ ਵਾਲਾ ਦਾਜ ਨਹੀਂ ਸੀ।

1

## ਕੱਲ੍ਹ ਸ਼ਾਮੀਂ ਜਦ ਤੱਕਿਆ ਮੈਂ ਤਾਂ

(ਕਲਕੱਤੇ ਦੇ ਬਜਬਲ ਘਾਟ ਤੋਂ ਪਰਤ ਕੇ)

ਕੱਲ੍ਹ ਸ਼ਾਮੀਂ ਜਦ ਤੱਕਿਆ ਮੈਂ ਤਾਂ, ਬਜ ਬਜ ਘਾਟ ਉਦਾਸ ਜਿਹਾ ਸੀ।
ਹੁਗਲੀ ਵਰਗਾ ਸੁਹਣਾ ਦਰਿਆ ਧਰਤੀ ਪਿੰਡੇ ਲਾਸ ਜਿਹਾ ਸੀ।

ਪੂਰੀ ਸਦੀ ਗੁਜ਼ਾਰਨ ਮਗਰੋਂ, ਮਿਲੀਆਂ ਕੇਵਲ ਵੀਹ ਤੀਹ ਇੱਟਾਂ,
ਯਾਦਗਾਰ ਵੀ ਕਾਹਦੀ ਐਵੇਂ, ਬੱਚਿਆਂ ਲਈ ਧਰਵਾਸ ਜਿਹਾ ਸੀ।

ਡੁੱਲ੍ਹੇ ਖ਼ੂਨ 'ਚ ਰੱਤੀ ਮਿੱਟੀ, ਓਹਲੇ ਵਿੱਚ ਡੁਸਕਦੀ ਵੇਖੀ,
ਲਾਟ ਸ਼ਹੀਦੀ ਦਾ ਚੁੱਪ ਰਹਿਣਾ, ਬੇਕਦਰੇ ਅਹਿਸਾਸ ਜਿਹਾ ਸੀ।

ਘਰੋਂ ਮੁਸਾਫ਼ਿਰ ਬਣ ਕੇ ਚੱਲੇ, ਮੰਜ਼ਿਲ ਮਿਲੀ ਨਾ ਘਰ ਨੂੰ ਪਰਤੇ,
ਪੱਥਰ ਉੱਕਰੇ ਨਾਵਾਂ ਪੱਲੇ, ਅੰਤਹੀਣ ਬਨਵਾਸ ਜਿਹਾ ਸੀ।

ਹੇ ਧਰਤੀ ਦੇ ਅਣਖ਼ੀ ਜਾਇਓ, ਐਵੇਂ ਨਾ ਹੁਣ ਜਸ਼ਨ ਮਨਾਇਓ,
ਜੇ ਨਹੀਂ ਪੜ੍ਹਨਾ ਅਸਲ ਸੁਨੇਹਾ, ਜੋ ਸੂਹੇ ਇਤਿਹਾਸ ਜਿਹਾ ਸੀ।

ਵਰਕਾ ਵਰਕਾ ਖਿੱਲਰੀ ਪੋਥੀ, ਲਿਖਣਹਾਰ ਦਾ ਨਾਂ ਵੀ ਮਿਟਿਆ,
ਅੱਥਰੂ ਅੱਥਰੂ ਸੁਪਨੇ ਦਾ ਵੀ, ਲੀਰੋ ਲੀਰ ਲਿਬਾਸ ਜਿਹਾ ਸੀ।

ਹੋਰ ਸ਼ਤਾਬਦੀਆਂ ਦੇ ਵਾਂਗੂੰ, ਇਹ ਗੱਡੀ ਵੀ ਲੰਘ ਗਈ ਹੈ,
ਸਾਡੇ ਹੁੰਦਿਆਂ ਸੁੰਦਿਆਂ ਸਹਿਕੇ, ਖ਼੍ਵਾਬ ਜੋ ਸੂਹੀ ਆਸ ਜਿਹਾ ਸੀ।

## ਧੁੱਪਾਂ ਤੋਂ ਵੱਧ ਛਾਵਾਂ

ਧੁੱਪਾਂ ਤੋਂ ਵੱਧ ਛਾਵਾਂ ਤੋਂ ਡਰ ਲੱਗਦਾ ਹੈ।
ਮੈਨੂੰ ਆਪਣੇ ਚਾਵਾਂ ਤੋਂ ਡਰ ਲੱਗਦਾ ਹੈ।

ਆਪਣੇ ਸਿਰ ਤੋਂ ਉੱਚਾ ਜਦ ਤੋਂ ਹੋਇਆ ਹਾਂ,
ਤੇਜ਼ ਤਰਾਰ ਹਵਾਵਾਂ ਤੋਂ ਡਰ ਲੱਗਦਾ ਹੈ।

ਧਰਤੀ ਧਰਮ ਗਵਾਇਆ ਬਾਬਲ ਤਾਹੀਂਏ ਹੀ,
ਧੀਆਂ ਨੂੰ ਹੁਣ ਮਾਵਾਂ ਤੋਂ ਡਰ ਲੱਗਦਾ ਹੈ।

ਆਲ੍ਹਣਿਆਂ ਵਿਚ ਬੋਟ ਵਿਚਾਰੇ 'ਕੱਲ੍ਹੇ ਨੇ,
ਘੁੱਗੀਆਂ ਨੂੰ ਹੁਣ ਕਾਵਾਂ ਤੋਂ ਡਰ ਲੱਗਦਾ ਹੈ।

ਪਿੰਡੋਂ ਤੁਰ ਕੇ ਸ਼ਹਿਰੀਂ ਭਾਵੇਂ ਆ ਗਏ ਆਂ,
ਹੁਣ ਵੀ ਪੱਕੀਆਂ ਥਾਵਾਂ ਤੋਂ ਡਰ ਲੱਗਦਾ ਹੈ।

ਧਰਮ, ਕਰਮ, ਇਨਸਾਨ ਬਰਾਬਰ ਇੱਕੋ ਜਹੇ,
ਵੰਨ ਸੁਵੰਨੇ ਨਾਵਾਂ ਤੋਂ ਡਰ ਲੱਗਦਾ ਹੈ।

ਡਾਲਰ ਪੌਂਡ, ਰੁਪੱਈਏ ਨਾਲੋਂ ਡਾਢੇ ਨੇ,
ਚੜ੍ਹਦੇ ਲਹਿੰਦੇ ਭਾਵਾਂ ਤੋਂ ਡਰ ਲੱਗਦਾ ਹੈ।

੦

## ਪੰਛੀ ਉਡਾਣ ਭਰ ਕੇ

ਪੰਛੀ ਉਡਾਣ ਭਰ ਕੇ ਸਾਗਰ 'ਚੋਂ ਜਾ ਰਿਹਾ ਹੈ।
ਏਸੇ ਤੋਂ ਸਮਝ ਜਾਉ, ਤੂਫ਼ਾਨ ਆ ਰਿਹਾ ਹੈ।

ਪੌਣਾਂ 'ਚ ਰੁਮਕੇ ਸਰਗਮ, ਸੁਣਦੀ ਹੈ ਰਾਗ ਕੁਦਰਤ,
ਸੁਰਤੀ ਨੂੰ ਸੁਰ 'ਚ ਕਰਕੇ, ਇਹ ਕੌਣ ਗਾ ਰਿਹਾ ਹੈ।

ਤਣਿਆਂ ਦੇ ਮੁੱਢ ਆਰੀ, ਫੇਰੇ ਬੇਫ਼ਿਕਰ ਹੋ ਕੇ,
ਇਹ ਕੌਣ ਜਾਨ ਸਾਡੀ ਵਖ਼ਤਾਂ 'ਚ ਪਾ ਰਿਹਾ ਹੈ।

ਤਲੀਆਂ ਤੇ ਸੀਸ ਧਰ ਕੇ, ਅੱਜ ਤੀਕ ਜੀਵੇ ਮਰ ਕੇ,
ਹੁਣ ਫਿਰ ਸ਼ਹੀਦ ਬਾਬਾ, ਮਕਤਲ ਨੂੰ ਜਾ ਰਿਹਾ ਹੈ।

ਸੂਰਜ ਦਾ ਤੇਜ਼ ਮੱਠਾ, ਪਰਿਵਾਰ ਹੈ ਚੁਫ਼ੇਰੇ,
ਤਾਹੀਉਂ ਦੁਪਹਿਰ ਵੇਲੇ, ਹੁਣ ਨੇਰ੍ਹ ਛਾ ਰਿਹਾ ਹੈ।

ਅੱਥਰੇ ਅਮੋੜ ਮਨ ਦਾ, ਹੈ ਬੇਲਗਾਮ ਘੋੜਾ,
ਮਸਤਕ ਦੀ ਚੁੱਪ ਕਾਰਨ, ਇਹ ਕਹਿਰ ਢਾ ਰਿਹਾ ਹੈ।

ਧਰਮਾਂ ਨੂੰ ਕਰਮ ਨਾਲੋਂ, ਤੋੜਨ ਮੁੱਲਾਣੇ ਪੰਡਿਤ,
ਭਾਈ ਵੀ ਬਲਦੀਆਂ ਤੇ, ਕਿਉਂ ਤੇਲ ਪਾ ਰਿਹਾ ਹੈ।

ਇਨਸਾਨ ਨਾਲ ਹਾਕਮ, ਕਰਦਾ ਮਜ਼ਾਕ ਕੈਸਾ,
ਰੁੱਖਾਂ ਗਵਾਂਢ ਵੇਖੋ, ਆਰੇ ਵੀ ਲਾ ਰਿਹਾ ਹੈ।

ਤਨ ਮਨ ਵਿਕਾਰ ਭਿੱਜੇ, ਕਾਮੀ, ਕਰੋਧੀ, ਲੋਭੀ,
ਹੰਕਾਰ ਮੋਹ ਦਾ ਕੀੜਾ, ਰੂਹਾਂ ਨੂੰ ਖਾ ਰਿਹਾ ਹੈ।

1

੦

## ਅਕਲ ਦਾ ਅਸਲ ਟਿਕਾਣਾ ਹੁੰਦੈ

ਅਕਲ ਦਾ ਅਸਲ ਟਿਕਾਣਾ ਹੁੰਦੈ, ਚੁੱਪ ਦੀ ਚਾਰ ਦੀਵਾਰੀ ਅੰਦਰ।
ਘੁੰਮ ਘੁੰਮਾ ਕੇ ਵੇਖ ਲਿਆ ਮੈਂ, ਭਟਕਣ ਤੇਜ਼ ਤਰਾਰੀ ਅੰਦਰ।

ਥਿੜਕੇ ਪੈਰ, ਸੰਭਾਲ ਲਵੋਗੇ, ਪਰ ਨਾ ਭੁੱਲਿਓ ਅਸਲੀ ਮੰਤਰ,
ਥਿੜਕੀ ਜੀਭ ਤਬਾਹ ਕਰ ਦੇਵੇ, ਹਸਤੀ ਦੁਨੀਆਂ ਸਾਰੀ ਅੰਦਰ।

ਇਸ ਜ਼ਿੰਦਗੀ ਦਾ ਸੁਹਜ-ਸਲੀਕਾ, ਕੁੱਖ ਤੋਂ ਸਿਵਿਆਂ ਤੀਕ ਨਿਭੇਗਾ,
ਕਿਉਂ ਪਾਲਾਂ ਮੈਂ ਨਾਗ ਦੇ ਬੱਚੇ, ਮਨ ਦੀ ਸੋਚ ਪਟਾਰੀ ਅੰਦਰ।

ਉਹ ਖੁਸ਼ਬੋਈਆਂ ਕਿੱਥੇ ਮੋਈਆਂ, ਲੱਭਦਾ ਲੱਭਦਾ ਮੁੱਕ ਚੱਲਿਆ ਹਾਂ,
ਫੁੱਲਾਂ ਵੇਲੇ ਜੋ ਹੁੰਦੀਆਂ ਸੀ, ਫੁੱਲਾਂ ਭਰੀ ਕਿਆਰੀ ਅੰਦਰ।

ਮਨ ਦਾ ਪੰਛੀ ਉੱਡਣਾ ਚਾਹੁੰਦਾ, ਅੰਬਰੋਂ ਪਾਰ ਦੋਮੇਲ ਤੋਂ ਅੱਗੇ,
ਮਰ ਚੱਲੇ ਆਂ ਕੈਦੀ ਬਣ ਕੇ, ਕੈਸੀ ਦੁਨੀਆਂਦਾਰੀ ਅੰਦਰ।

ਤੋੜ ਦਿਉ ਜੰਜ਼ੀਰਾਂ ਪੈਰੋਂ, ਸੰਗਲ ਬੱਧੇ, ਨੱਕ ਨਕੇਲਾਂ,
ਅਗਨ ਲਗਨ ਦੀ ਸਾਂਝੀ ਸ਼ਕਤੀ, ਭਰ ਕੇ ਸੱਟ ਕਰਾਰੀ ਅੰਦਰ।

ਵਕਤ ਹਿਸਾਬ ਲਵੇਗਾ ਇੱਕ ਦਿਨ, ਤਾਜ ਤਖ਼ਤ ਦੇ ਸਾਈਆਂ ਕੋਲੋਂ,
ਕਿੱਥੇ ਕਿੰਨੇ ਲੋਕ ਲਿਤਾੜੇ, ਮਰ ਗਏ ਜੋ ਲਾਚਾਰੀ ਅੰਦਰ।

1

## ਵਰ੍ਹਿਆਂ ਪਿੱਛੋਂ ਇੱਕ ਵੀ ਸੁਪਨਾ

ਵਰ੍ਹਿਆਂ ਪਿੱਛੋਂ ਇੱਕ ਵੀ ਸੁਪਨਾ, ਹੋਇਆ ਜੇ ਸਾਕਾਰ ਨਹੀਂ ਹੈ।
ਸਮਝ ਲਵੋ ਕਿ ਲੋਕਾਂ ਪੱਲੇ, ਤਿੱਖੀ ਕਲਮ-ਕਟਾਰ ਨਹੀਂ ਹੈ।

ਮੇਰੀ ਪਿੱਠ ਦੇ ਪਿੱਛੇ ਪਿੱਛੇ, ਧੂੜ ਚੁਗਲੀਆਂ ਹੋਰ ਬੜਾ ਕੁਝ,
ਇਹ ਸਾਰਾ ਕੁਝ ਹੁੰਦਿਆਂ ਸੁੰਦਿਆਂ, ਮੱਠੀ ਹੁਣ ਰਫ਼ਤਾਰ ਨਹੀਂ ਹੈ।

ਆ ਬੈਠਾ ਏ ਭੇਸ ਬਦਲ ਕੇ, ਅੱਜ ਫਿਰ ਕਿੰਨੀਆਂ ਸਦੀਆਂ ਮਗਰੋਂ,
ਔਰੰਗਜ਼ੇਬ ਅਜੇ ਵੀ ਓਹੀ, ਤਾਹੀਉਂ ਸਾਡਾ ਯਾਰ ਨਹੀਂ ਹੈ।

ਆਪੋ ਅਪਣੇ ਕਿਲ੍ਹਿਆਂ ਖਾਤਰ, ਮਰ ਚੱਲੇ ਹੋ ਜੰਗਾਂ ਲੜਦੇ,
ਅਮਨ ਦੀ ਰਾਖੀ ਖਾਤਰ ਬਣਿਆ, ਅੱਜ ਤੱਕ ਕਿਉਂ ਹਥਿਆਰ ਨਹੀਂ ਹੈ।

ਸੰਗਤ ਦੇ ਵਿਚ ਪੰਗਤ ਲਾ ਕੇ, ਬਹਿ ਜਾਵੋ ਜੇ ਬਹਿਣਾ ਚਾਹੋ,
ਧਰਮਸਾਲ ਦਾ ਧਰਮ ਨਿਭਾਉ, ਇਹ ਸ਼ਾਹੀ ਦਰਬਾਰ ਨਹੀਂ ਹੈ।

ਉੱਚੀ ਥਾਂ ਤੇ ਬੈਠਿਆਂ ਨੂੰ ਮੈਂ, ਕਰਾਂ ਸਲਾਮਾਂ, ਨਾ-ਮੁਮਕਿਨ ਹੈ,
ਫ਼ਰਜ਼ ਨਿਭਾਵਾਂ ਪਿਤਾ ਪੁਰਖੀਆ, ਇਹ ਮੇਰਾ ਹੰਕਾਰ ਨਹੀਂ ਹੈ।

ਊਚ ਨੀਚ ਦੇ ਝਗੜੇ ਝੇੜੇ, ਵਧਦੇ ਜਾਂਦੇ ਕੌਣ ਨਿਬੇੜੇ,
ਬੇਗਮਪੁਰ ਦੇ ਨਕਸ਼ੇ ਵਾਲਾ, ਵੱਸਦਾ ਕਿਉਂ ਸੰਸਾਰ ਨਹੀਂ ਹੈ।

## ਖੁਸ਼ਬੂ ਦਾ ਫੁੱਲ ਤੋਂ ਵਿੱਛੜਨਾ

ਖੁਸ਼ਬੂ ਦਾ ਫੁੱਲ ਤੋਂ ਵਿੱਛੜਨਾ, ਕੀਹ ਕਹਿਰ ਕਰ ਗਿਆ।
ਖਿੜਿਆ ਗੁਲਾਬ, ਆਪਣੇ, ਸਾਏ ਤੋਂ ਡਰ ਗਿਆ।

ਸ਼ਬਦਾਂ ਨੂੰ ਇਮਤਿਹਾਨ ਵਿਚ ਪਾਇਆ ਸੀ ਵਕਤ ਨੇ,
ਸਿਦਕਾਂ ਦੀ ਪਰਖ਼ ਵਾਸਤੇ, ਤਵੀਆਂ ਤੇ ਧਰ ਗਿਆ।

ਹੰਝੂ ਦਾ ਅੱਖ 'ਚ ਠਹਿਰਨਾ, ਆਉਣਾ ਨਾ ਬਾਹਰ ਨੂੰ,
ਧੜਕਣ ਨੂੰ ਏਹੋ ਹਾਦਸਾ, ਪੱਥਰ ਹੈ ਕਰ ਗਿਆ।

ਆਇਆ ਤੂਫ਼ਾਨ, ਆਣ ਕੇ, ਰੁਕਿਆ ਨਾ ਅਟਕਿਆ,
ਬਸਤੀ ਦੇ ਘਰ ਉਜਾੜ ਕੇ, ਖੰਡਰ ਹੈ ਕਰ ਗਿਆ।

ਕਿੱਥੇ ਬਿਰਾਜਮਾਨ ਹੈਂ ਤੂੰ ਦਿਲ ਦੇ ਮਹਿਰਮਾ,
ਦੇ ਜਾ ਉਧਾਰ ਜ਼ਖ਼ਮ ਫਿਰ, ਪਹਿਲਾ ਤਾਂ ਭਰ ਗਿਆ।

ਗਰਜ਼ਾਂ ਦੇ ਡੂੰਘੇ ਸਾਗਰੀਂ, ਮੈਂ ਤੈਰਦਾ ਨਹੀਂ,
ਓਹੀ ਹੈ ਲਾਸ਼ ਬਣ ਗਿਆ, ਜਿਹੜਾ ਵੀ ਤਰ ਗਿਆ।

ਖੌਰੇ ਹਵਾ ਦੇ ਬੁੱਲੇ ਦੇ ਦਿਲ ਵਿਚ ਕੀ ਆ ਗਿਆ,
ਟਾਹਣੀ 'ਤੋਂ ਫੁੱਲ ਤੋੜ ਕੇ, ਸਿਵਿਆਂ 'ਚ ਧਰ ਗਿਆ।

ੋ

## ਤੂੰ ਮੈਥੋਂ ਦੂਰ ਨਾ ਜਾਹ

ਤੂੰ ਮੈਥੋਂ ਦੂਰ ਨਾ ਜਾਹ ਇਸ ਤਰ੍ਹਾਂ ਬੇ ਆਸਰਾ ਕਰਕੇ।
ਮੈਂ ਕਿੱਦਾਂ ਜੀ ਸਕਾਂਗਾ, ਰੂਹ ਨੂੰ ਖ਼ੁਦ ਤੋਂ ਜੁਦਾ ਕਰਕੇ।

ਮੈਂ ਤੇਰੀ ਦੋਸਤੀ ਤੋਂ ਜ਼ਿੰਦਗੀ ਬਲਿਹਾਰ ਜਾਂਦਾ ਹਾਂ,
ਮੈਂ ਜੇਕਰ ਤੁਰ ਰਿਹਾਂ ਅੱਜ ਤੀਕ ਤਾਂ, ਤੇਰੀ ਦੁਆ ਕਰਕੇ।

ਕਿਵੇਂ ਮਹਿਸੂਸ ਕਰਦਾ ਹੈ ਸਰੋਵਰ, ਪੁੱਛਣਾ ਚਾਹਾਂ,
ਜਦੋਂ ਇਸ਼ਨਾਨ ਕਰਦੇ ਲੋਕ, ਪਾਪਾਂ ਦੀ ਸਜ਼ਾ ਕਰਕੇ।

ਗੁਬਾਰਾ ਸ਼ਾਨ ਦਾ ਅੰਦਰੋਂ ਤੇ ਬਾਹਰੋਂ ਬਹੁਤ ਸੱਖਣਾ ਹੈ,
ਇਹ ਧਰਤੀ ਛੱਡ ਅੰਬਰ ਘੁੰਮਦਾ, ਫ਼ੋਕੀ ਹਵਾ ਕਰਕੇ।

ਅਜੰਤਾ ਤੇ ਅਲੋਰਾ ਵਿੱਚ ਜੇ ਅੱਜ ਬੋਲਦੇ ਪੱਥਰ,
ਇਨ੍ਹਾਂ ਨੂੰ ਜੀਭ ਲੱਗੀ, ਵੇਖ ਲਉ ਕੇਵਲ ਕਲਾ ਕਰਕੇ।

ਬੜਾ ਭੈ-ਭੀਤ ਕਰਦਾ ਹੈ ਹਨੇਰਾ, ਸੋਚ ਵਿਚ ਬੈਠਾ,
ਹੁਣੇ ਮੈਂ ਪਰਤਿਆ ਹਾਂ, ਓਸ ਨੂੰ ਮਨ 'ਚੋਂ ਵਿਦਾ ਕਰਕੇ।

ਕਿਸੇ ਵੀ ਧਰਮ ਨੂੰ, ਇਖ਼ਲਾਕ ਨੂੰ ਹੈ, ਜ਼ਿੰਦਗੀ ਮਿਲਦੀ,
ਕਦੇ ਸੂਲੀ, ਤਵੀ, ਸਰਹੰਦ ਜਾਂ ਫਿਰ ਕਰਬਲਾ ਕਰਕੇ।

1

ੋ

## ਬਹੁਤ ਨੇੜੇ ਆਣ ਕੇ

ਬਹੁਤ ਨੇੜੇ ਆਣ ਕੇ, ਫਿਰ ਦੂਰ ਤੂੰ ਜਾਇਆ ਨਾ ਕਰ।
ਜੇ ਨਹੀਂ ਮਿਲਣਾ ਸਬੂਤਾ, ਖ਼੍ਵਾਬ ਵਿਚ ਆਇਆ ਨਾ ਕਰ।

ਅੰਬਰੀਂ ਲਿਸ਼ਕੋਰ ਕਰਕੇ, ਪਰਤ ਜਾਵੇਂ, ਬਿਜਲੀਏ,
ਨੇਰ੍ਹੀਆਂ ਗਲੀਆਂ ਨੂੰ ਲਾਰਾ, ਆਉਣ ਦਾ ਲਾਇਆ ਨਾ ਕਰ।

ਬਹਿਣ ਦੇ ਧੁੱਪਾਂ 'ਚ ਮੈਨੂੰ, ਰਹਿਣ ਦੇ ਆਕਾਸ਼ ਹੇਠ,
ਫੋਕੀਆਂ ਹਮਦਰਦੀਆਂ ਦਾ ਸਿਰ ਮਿਰੇ ਸਾਇਆ ਨਾ ਕਰ।

ਮੈਂ ਨਿਰੰਤਰ ਤੁਰ ਰਿਹਾ ਹਾਂ, ਮਹਿਕ ਤੇਰੇ ਨਾਲ ਨਾਲ,
ਤੇਜ਼ ਤੁਰ ਤੁਰ ਕੇ ਤੂੰ ਏਦਾਂ, ਦੂਰੀਆਂ ਪਾਇਆ ਨਾ ਕਰ।

ਜੇ ਤੁਰੀ ਜਾਂਦੀ ਤੂੰ ਆਪੇ, ਫੁੱਲ-ਪੱਤੇ ਤੋੜਨੇ,
ਵੇਲ, ਬੂਟੇ ਗਮਲਿਆਂ ਵਿਚ, ਫੇਰ ਤੂੰ ਲਾਇਆ ਨਾ ਕਰ।

ਚਾਂਦਨੀ ਹੈ ਰਾਤ ਸਿਰ ਤੇ, ਤਾਰਿਆਂ ਦਾ ਜਾਲ ਹੈ,
ਨਾ-ਮੁਰਾਦੇ, ਦੂਰ ਰਹਿ ਕੇ, ਨੇਰ੍ਹ ਤੂੰ ਪਾਇਆ ਨਾ ਕਰ।

ਇੱਕ ਹੀ ਮੌਸਮ ਖਿੜਨ ਦਾ, ਮਿਲ ਗਿਆ ਹੈ, ਸਾਂਭ ਲੈ,
ਤੂੰ ਹਵਾ ਦੇ ਨਾਲ ਰਲ ਕੇ, ਏਸ ਨੂੰ ਜ਼ਾਇਆ ਨਾ ਕਰ।

1

## ਸ਼ਿਕਵੇ ਗਿਲੇ-ਗੁਜ਼ਾਰੀਆਂ

ਸ਼ਿਕਵੇ ਗਿਲੇ-ਗੁਜ਼ਾਰੀਆਂ।
ਰੂਹ ਨੂੰ ਚੀਰਨ ਆਰੀਆਂ।

ਤਾਅਨੇ, ਮਿਹਣੇ, ਤੋਹਮਤਾਂ,
ਪਰਬਤ ਨਾਲੋਂ ਭਾਰੀਆਂ।

ਦੁਸ਼ਮਣੀਆਂ ਦੇ ਸਾਹਮਣੇ,
ਹੁਣ ਤਾਂ ਫਿੱਕੀਆਂ ਯਾਰੀਆਂ।

ਤਕੜਾ ਹੋ ! ਮੈਂ ਆ ਗਿਆ,
ਕਿਸ ਨੇ 'ਵਾਜ਼ਾਂ ਮਾਰੀਆਂ।

ਮਿਲਣ ਨਾ ਸਾਨੂੰ ਦੇਂਦੀਆਂ,
ਇਹ ਜੋ ਚਾਰ-ਦੀਵਾਰੀਆਂ।

ਆਲ੍ਹਣਿਆਂ ਵਿਚ ਪਰਤ ਕੇ,
ਸਾਂਭ ਲੈ ਜ਼ਿੰਮੇਂਵਾਰੀਆਂ।

ਰੂਹ ਨੂੰ ਰੱਖੀਂ ਸਾਂਭ ਕੇ,
ਰੁੱਤਾਂ ਟੂਣੇਹਾਰੀਆਂ।

1

## ਰਿਸ਼ਤਿਆਂ ਵਿਚ ਗੁਲਕੰਦ ਘੋਲਦੀ ਮਾਂ ਬੋਲੀ

ਰਿਸ਼ਤਿਆਂ ਵਿਚ ਗੁਲਕੰਦ ਘੋਲਦੀ ਮਾਂ ਬੋਲੀ।
ਦਿਲ ਦੇ ਗੁੱਝੇ ਭੇਤ ਖੋਲ੍ਹਦੀ ਮਾਂ ਬੋਲੀ।

ਦੂਰ ਦੇਸ ਪਰਦੇਸ ਗੁਆਚੇ ਬੱਚਿਆਂ ਨੂੰ,
ਫਿਰਦੀ ਦਿਨ ਤੇ ਰਾਤ ਟੋਲਦੀ ਮਾਂ ਬੋਲੀ।

ਲੋਰੀ ਤੋਂ ਵੈਣਾਂ ਤੱਕ ਇਹ ਹੀ ਨਿਭਦੀ ਹੈ,
ਲੰਘੇ ਖਹਿ ਕੇ ਰੂਹ ਕੋਲ਼ ਦੀ ਮਾਂ ਬੋਲੀ।

ਨਾ ਥਿੜਕੇ ਨਾ ਥਿੜਕਣ ਦੇਵੇ ਪੁੱਤਰਾਂ ਨੂੰ,
ਜੋਤ ਅਲਾਹੀ ਨਹੀਂ ਡੋਲਦੀ ਮਾਂ ਬੋਲੀ।

ਪੰਜ ਦਰਿਆਵਾਂ ਇਸ ਨੂੰ ਲੋਰੀਆਂ ਦਿੱਤੀਆਂ ਨੇ,
ਗੀਤ ਅਗੰਮੀ ਰਹੇ ਬੋਲਦੀ ਮਾਂ ਬੋਲੀ।

ਧਰਤੀ ਦੀ ਮਰਿਆਦਾ ਸਾਂਭੇ, ਦਏ ਨਿਆਂ,
ਸਦਾ ਰਹੇ ਇਨਸਾਫ਼ ਤੋਲਦੀ ਮਾਂ ਬੋਲੀ।

ਕੁੱਲ ਦੁਨੀਆਂ ਦਾ ਦੁਖ ਸੁਖ ਸਾਂਭੇ ਬੁੱਕਲ 'ਚ,
ਧਰਮ ਭੈਣ ਹੈ, ਧਰਮ ਧੌਲ ਦੀ ਮਾਂ ਬੋਲੀ।

ਪਰਦੇਸਾਂ ਵਿਚ ਬਣੇ ਸਹਾਰਾ ਕੱਲ੍ਹਿਆਂ ਦਾ,
ਸਾਂਭੇ ਦਿਲ ਦੀ ਲਾਟ ਡੋਲਦੀ ਮਾਂ ਬੋਲੀ।

ਸਦੀਆਂ ਲੰਮੀ ਅਗਨ ਪ੍ਰੀਖਿਆ ਦੇ ਕੇ ਵੀ,
ਜੰਗਲਾਂ ਵਿਚੋਂ ਰਾਮ ਟੋਲ਼ਦੀ ਮਾਂ ਬੋਲੀ।

1

## ਮੇਰਾ ਹਮਦਰਦ ਜਦ ਆਵੇ

ਮੇਰਾ ਹਮਦਰਦ ਜਦ ਆਵੇ, ਮੁਸੀਬਤ ਲੈ ਕੇ ਆਉਂਦਾ ਹੈ।
ਭਲਾ ਸੁਖ ਨਾਲ ਕਿਹੜਾ ਕਬਰ ਤੇ ਦੀਵਾ ਜਗਾਉਂਦਾ ਹੈ।

ਕੁੜਿੱਕੀ ਵਿਚ ਮੇਰੀ ਜਾਨ ਤੇ ਈਮਾਨ ਜਦ ਵੇਖੇ,
ਅਜਬ ਹੈ ਜੋ ਮਸੀਹਾ, ਦੂਰ ਬਹਿ ਕੇ ਮੁਸਕਰਾਉਂਦਾ ਹੈ।

ਮੈਂ ਇਸ ਤੋਂ ਦੂਰ ਜਾਵਾਂ ਕਿੰਜ, ਡਾਢੀ ਸ਼ਰਮਸਾਰੀ ਏ,
ਮੇਰਾ ਕਿਰਦਾਰ ਮੈਨੂੰ ਰੋਜ਼ ਹੀ ਸ਼ੀਸ਼ਾ ਵਿਖਾਉਂਦਾ ਹੈ।

ਕਦੇ ਅੱਗੇ, ਕਦੇ ਪਿੱਛੇ, ਜਿਵੇਂ ਕੋਈ ਪੈੜ ਨੱਪਦਾ ਹੈ,
ਪਤਾ ਨਹੀਂ ਕੌਣ ਇਹ ਜੋ ਅਜਨਬੀ ਮੈਨੂੰ ਬੁਲਾਉਂਦਾ ਹੈ।

ਮੈਂ ਅਕਸਰ ਸੋਚਦਾਂ, ਉੱਗੇ ਉਜਾੜੀਂ, ਬਿਰਖ਼ ਜਦ ਵੇਖਾਂ,
ਕਿਵੇਂ ਬਲ਼ਦੀ ਦੁਪਹਿਰੇ ਸੁਰਖ਼ ਕੇਸੂ ਗੀਤ ਗਾਉਂਦਾ ਹੈ।

ਜ਼ਮਾਨਾ 'ਨਾਇਕ' ਤੋਂ ਪਹਿਲਾਂ ਤਾਂ ਜੀਵਨਦਾਨ ਹੈ ਲੈਂਦਾ,
ਤੇ ਮਗਰੋਂ ਚਾੜ੍ਹ ਫਾਂਸੀ, ਓਸ ਦੀ ਬਰਸੀ ਮਨਾਉਂਦਾ ਹੈ।

ਮੈਂ ਸਿੱਧਾ ਤੁਰ ਰਿਹਾਂ ਸੂਰਜ ਦੀ ਸੇਧੇ, ਵੇਖਣਾ ਚਾਹੁੰਨਾਂ,
ਮੇਰੇ ਪਰਛਾਵਿਆਂ ਬਿਨ ਕੌਣ ਮੇਰੇ ਮਗਰ ਆਉਂਦਾ ਹੈ।

1

## ਮੁਸੀਬਤ ਪੈਣ ਤੇ ਹਰ ਆਦਮੀ

ਮੁਸੀਬਤ ਪੈਣ ਤੇ ਹਰ ਆਦਮੀ ਕਿਸ ਨੂੰ ਬੁਲਾਉਂਦਾ ਹੈ।
ਤੁਸੀਂ ਇਹ ਆਪ ਦੱਸੋ, ਓਸ ਵੇਲੇ ਕੌਣ ਆਉਂਦਾ ਹੈ।

ਤੁਸੀਂ ਬੱਚੇ ਨੂੰ ਕੱਢ ਕੇ ਕੁਤਕੁਤਾਰੀ ਆਪ ਹੀ ਵੇਖੋ,
ਖ਼ੁਦਾ ਖ਼ੁਦ ਆਪ ਸਾਹਵੇਂ ਬੈਠ ਕੇ ਕਿੰਜ ਖਿੜਖਿੜਾਉਂਦਾ ਹੈ।

ਤੁਸੀਂ ਜ਼ਹਿਮਤ ਨੂੰ ਕੱਟਣ ਵਾਸਤੇ, ਰਹਿਮਤ ਜਦੋਂ ਮੰਗੋ,
ਹਮੇਸ਼ਾਂ ਆਦਮੀ ਦੇ ਰੂਪ ਵਿਚ, ਅੱਲ੍ਹਾ ਹੀ ਆਉਂਦਾ ਹੈ।

ਕੋਈ ਪ੍ਰਭਾਤ ਵੇਲੇ ਲੰਘਿਐ, ਪਰਭਾਤੀਆਂ ਗਾਉਂਦਾ,
ਇਵੇਂ ਲੱਗਾ ਜਿਵੇਂ ਰੱਬ ਆਪ ਹੀ ਕੋਈ ਸੁਰ ਅਲਾਉਂਦਾ ਹੈ।

ਕਿਸੇ ਵੀ ਬਿਰਖ਼ ਦੀ ਟੀਸੀ ਤੇ ਝੂਮੇ ਜਦ ਕਰੂੰਬਲ ਤਾਂ,
ਹਮੇਸ਼ਾਂ ਜਾਪਦੈ, ਰੱਬ ਵਜਦ ਅੰਦਰ ਗੀਤ ਗਾਉਂਦਾ ਹੈ।

ਜਦੋਂ ਫੁੱਲਾਂ 'ਚ ਰੰਗ ਭਰਦੈ, ਜਾਂ ਆਵੇ ਰਸ ਅਨਾਰਾਂ 'ਚ,
ਮੇਰਾ ਬਲਿਹਾਰੀਆ ਕੁਦਰਤਿ 'ਚ ਸਿੱਧਾ ਆਪ ਆਉਂਦਾ ਹੈ।

ਜਦੋਂ ਝੂਮਣ ਸ਼ਰੀਂਹ ਦੇ ਛਣਕਣੇ ਜਾਂ ਸਣ ਦੀਆਂ ਫ਼ਲੀਆਂ,
ਤਾਂ ਜਾਪੇ ਖ਼ੁਦ ਖ਼ੁਦਾ ਹੀ ਰੂਹ ਦੀਆਂ ਤਰਬਾਂ ਹਿਲਾਉਂਦਾ ਹੈ।

ਤੁਸੀਂ ਅਹਿਸਾਸ ਤੋਂ ਬਿਨ ਤਰੇਲ ਮੋਤੀ ਵੇਖ ਨਹੀਂ ਸਕਦੇ,
ਕਿਵੇਂ ਅਸਮਾਨ ਰਾਤੀਂ, ਤਰਲ ਹੋ ਧਰਤੀ ਤੇ ਆਉਂਦਾ ਹੈ।

1

ੋ

## ਜੇ ਕਿਰਤੀ ਦਾ ਅੱਜ ਤੱਕ ਬਣਿਆ

ਜੇ ਕਿਰਤੀ ਦਾ ਅੱਜ ਤੱਕ ਬਣਿਆ ਧਰਤੀ ਤੇ ਸਤਿਕਾਰ ਨਹੀਂ ਹੈ।
ਹਰ ਮੁਟਿਆਰ ਦੇ ਖ਼੍ਵਾਬ 'ਚ ਤਾਹੀਉਂ, ਕਾਮਾ, ਰਾਜਕੁਮਾਰ ਨਹੀਂ ਹੈ।

ਹਰ ਮਾਂ ਹੁੰਦੀ ਵੱਡੀ ਬੁੱਕਲ, ਪੁੱਤਰ, ਧੀਆਂ, ਟੱਬਰ ਸਾਂਭੇ,
ਇਸ ਧਰਤੀ ਦੇ ਉੱਤੇ ਫਿਰ ਕਿਉਂ, ਮਮਤਾ ਦਾ ਸਤਿਕਾਰ ਨਹੀਂ ਹੈ।

ਕੱਲ੍ਹ ਦੀ ਗੱਲ ਹੈ, ਏਸ ਜਵਾਨੀ ਦਰਿਆ ਡੱਕੇ, ਪਰਬਤ ਚੀਰੇ,
ਅੱਜ ਵੀ ਸਭ ਕੁਝ ਕਰ ਸਕਦੀ ਹੈ, ਏਨੀ ਵੀ ਲਾਚਾਰ ਨਹੀਂ ਹੈ।

ਲੈਨਿਨ ਬਾਬੇ ਠੀਕ ਕਿਹਾ ਸੀ, ਜੋ ਕੁਝ ਸੁਣਦੇ ਧੀਆਂ ਪੁੱਤਰ,
ਓਹੀ ਦੱਸਦਾ ਦੇਸ਼ ਦਾ ਚਿਹਰਾ, ਰੋਗੀ ਜਾਂ ਬੀਮਾਰ ਨਹੀਂ ਹੈ।

ਇਸ ਨੂੰ ਵਰਤਣ ਵਾਲਿਉ ਸੋਚੋ, ਅਗਨ, ਲਗਨ ਤੇ ਵੇਗ ਜਵਾਨੀ,
ਸ਼ਕਤੀ ਹੈ ਇਹ ਆਦਿ-ਜੁਗਾਦੀ, ਇਹ ਮਾਰੂ ਹਥਿਆਰ ਨਹੀਂ ਹੈ।

ਚੌਂਕ ਚੁਰਸਤੇ ਮੱਲ ਕੇ ਬੈਠੇ, ਪੇਸ਼ਾਵਰ ਇਹ ਮੰਗਣਹਾਰੇ,
ਇਹਨਾਂ ਤਾਈਂ ਦਾਨ-ਦਖਸ਼ਣਾ ਦੇਣਾ ਤਾਂ ਉਪਕਾਰ ਨਹੀਂ ਹੈ।

ਹਰ ਕੁਰਸੀ ਦੀ ਰਾਖੀ ਬੈਠੇ, ਦਿਨ ਤੇ ਰਾਤ ਵਰਦੀਆਂ ਵਾਲੇ,
ਹੱਕ ਸੱਚ ਇਨਸਾਫ਼ ਦਾ ਰਾਖਾ, ਇੱਕ ਵੀ ਪਹਿਰੇਦਾਰ ਨਹੀਂ ਹੈ।

1

ੋ

## ਉਸ ਦਿਨ ਅੰਬਰ ਕਾਲ਼ਾ ਹੋਇਆ

ਉਸ ਦਿਨ ਅੰਬਰ ਕਾਲ਼ਾ ਹੋਇਆ, ਜਿਸ ਦਿਨ ਸਾਡਾ ਯਾਰ ਤੁਰ ਗਿਆ।
ਹਾਸੇ ਤੁਰ ਗਏ, ਮਹਿਫ਼ਲ ਛੱਡ ਕੇ, ਸਾਡੇ 'ਚੋਂ ਸਰਦਾਰ ਤੁਰ ਗਿਆ।

ਸੁਰ ਤੇ ਸ਼ਬਦ ਉਡੀਕ ਰਹੇ ਨੇ, ਆ ਜਾਵੇਗਾ ਰਾਤ-ਬ-ਰਾਤੇ,
ਮੁੜਿਆ ਹੀ ਨਹੀਂ ਸੁਪਨੇ ਵਾਂਗੂੰ, ਬਿਨ ਕੀਤੇ ਇਕਰਾਰ ਤੁਰ ਗਿਆ।

ਸ਼ਬਦ ਤੇਰੇ ਦਾ, ਤੇਰੇ ਮਗਰੋਂ, ਕੀਹ ਬਣਨਾ ਹੈ, ਨਹੀਂ ਸੋਚਿਆ,
ਗੱਠੜੀ ਬੰਨ੍ਹੀ, ਬਿਨ ਦੱਸੇ ਉਹ, ਲੈ ਕੇ ਰੂਹ ਤੇ ਭਾਰ ਤੁਰ ਗਿਆ।

ਖੰਡ ਬ੍ਰਹਿਮੰਡ ਵੀ ਫ਼ੋਲੇ ਸਾਰੇ, ਧਰਤੀ ਭਾਲੀ, ਅੰਬਰ ਗਾਹਿਆ,
ਸੂਰਜ ਕਿਰਨ ਮਿਲੀ ਤੇ ਮਿਲ ਕੇ, ਅਹੁ ਅੰਬਰ ਤੋਂ ਪਾਰ ਤੁਰ ਗਿਆ।

ਏਨਾ ਵੀ ਨਿਰਮੋਹਾ ਹੋਣਾ, ਪਤਾ ਨਹੀਂ ਉਸ ਕਿੱਥੋਂ ਸਿੱਖਿਆ,
ਰੂਹ ਦਾ ਜਾਣੀ ਜਾਣ ਪਿਆਰਾ, ਏਨਾ ਕਹਿਰ ਗੁਜ਼ਾਰ ਤੁਰ ਗਿਆ।

ਦਮ ਆਉਂਦਾ ਸੀ, ਜਦ ਤਾਂ ਵੇਖੋ, ਕਿੱਥੇ ਕਿੱਥੇ ਉੱਡਿਆ ਫਿਰਿਆ,
ਦਮ ਟੁੱਟਿਆ ਤਾਂ ਉਸਦੇ ਮਗਰੇ, ਜ਼ਿੰਦਗੀ ਦਾ ਇਤਬਾਰ ਤੁਰ ਗਿਆ।

ਮੀਸ਼ਾ, ਤਖ਼ਤ ਉਜਾੜ ਗਿਆ ਤੇ ਚੰਦ ਤੋਂ ਮਗਰੋਂ ਠਾਕੁਰ ਤੁਰਿਆ,
ਦੀਪਕ ਬੁਝਿਆ, ਮੁਰਸ਼ਦ ਤੁਰਿਆ, ਦਿਨ ਚੜ੍ਹਦੇ ਜਗਤਾਰ ਤੁਰ ਗਿਆ।

1

ੋ

## ਅਕੀਦਾ ਤੁਰਨ ਦਾ ਕਰੀਏ

ਅਕੀਦਾ ਤੁਰਨ ਦਾ ਕਰੀਏ ਤੇ ਅੰਬਰ ਧਰਤ ਗਾਹ ਲਈਏ।
ਕਿ ਚੁੱਭੀ ਮਾਰ ਕੇ ਸਾਗਰ 'ਚ, ਇਸ ਦੇ ਤਲ ਦੀ ਥਾਹ ਲਈਏ।

ਹਮੇਸ਼ਾਂ ਰੀਝ ਦੀ ਖੱਡੀ, ਬੇਗਾਨਾ ਸੂਤ ਬੁਣਦੇ ਹਾਂ,
ਚਲੋ ਚਾਵਾਂ ਦੇ ਰੂੰ ਨੂੰ ਪਿੰਜ ਕੇ, ਚਰਖ਼ੀ ਹੀ ਡਾਹ ਲਈਏ।

ਅਸੀਂ ਇਤਿਹਾਸ ਦੇ ਵਰਕਾਂ ਤੋਂ, ਇੱਕ ਵੀ ਸਬਕ ਨਹੀਂ ਸਿੱਖਿਆ,
ਚਲੋ ਅਪਣੇ ਗਲਾਂ 'ਚੋਂ ਇਹ ਪੁਰਾਣਾ ਤੌਂਕ ਲਾਹ ਲਈਏ।

ਅਸਾਨੂੰ ਬੰਧਨਾਂ ਤੋਂ ਮੁਕਤ ਕਰ ਜੋ, ਦੂਰ ਤੁਰ ਗਏ ਨੇ,
ਸ਼ਹਾਦਤ ਦੇਣ ਵਾਲੇ ਪੁਰਖਿਆਂ ਦਾ ਭਾਰ ਲਾਹ ਲਈਏ।

ਕਦੇ ਵੀ ਧਾਰ ਖੰਡੇ ਦੀ ਤੇ ਤੁਰਦੇ ਅਟਕ ਨਾ ਜਾਣਾ,
ਮੁਕਾਈਏ ਸਫ਼ਰ ਪਹਿਲਾਂ, ਫੇਰ ਮਗਰੋਂ ਬਹਿ ਕੇ ਸਾਹ ਲਈਏ।

ਕਦੇ ਵੀ ਜਿਸਮ ਨੂੰ ਖ਼ੁਸ਼ਬੂ ਦੇ ਰਾਹ ਵਿਚ ਆਉਣ ਨਾ ਦੇਣਾ,
ਜਦੋਂ ਇੱਕ ਵਾਰ ਧੜਕਣ ਮੇਲ ਦੀ ਨੂੰ, ਦਿਲ ਤੋਂ ਚਾਹ ਲਈਏ।

ਅਸੀਂ ਅੱਜ ਤੀਕ ਇਸ ਮਿੱਟੀ ਦੀ ਖਸਲਤ ਖ਼ੁਦ ਨਹੀਂ ਸਮਝੀ,
ਚਲੋ ਦਾਨਿਸ਼ਵਰੀ ਦੀ ਧਰਤ ਨੂੰ ਖ਼ੁਦ ਆਪ ਵਾਹ ਲਈਏ।

1

ੋ

## ਧੜਕਣਾਂ ਵਿਚ ਚੋਰ ਵਾਂਗੂੰ

ਧੜਕਣਾਂ ਵਿਚ ਚੋਰ ਵਾਂਗੂੰ, ਤੂੰ ਕਦੇ ਆਇਆ ਨਾ ਕਰ।
ਇਸ ਤਰ੍ਹਾਂ ਕੁਝ ਆਖ ਕੇ ਤੂੰ ਹੌਂਸਲਾ ਢਾਇਆ ਨਾ ਕਰ।

ਅੱਖ ਤੋਂ ਅੱਖ ਤੀਕ ਤੁਰਦਾ ਨੂਰ ਸਿੱਧੀ ਸੇਧ ਵਿੱਚ,
ਤੂੰ ਮੁਹੱਬਤ ਨੂੰ ਕਦੇ ਵੀ, ਰਾਹ 'ਚ ਉਲਝਾਇਆ ਨਾ ਕਰ।

ਮੈਂ ਤੇਰੇ ਸ਼ਬਦਾਂ ਤੋਂ ਅੱਗੇ, ਬਹੁਤ ਅੱਗੇ ਤੁਰ ਗਿਆਂ,
ਯਾਦ ਆਖੇ ਲੱਗ ਕੇ, ਤੂੰ ਮਗਰ ਵੀ ਆਇਆ ਨਾ ਕਰ।

ਮੈਂ ਕਿਸੇ ਵੀ ਬਿਰਖ਼ ਨੂੰ, ਤਪਦੇ ਥਲਾਂ ਵਿਚ ਕੀਹ ਕਰਾਂ,
ਮਿਹਰ ਕਰ ਤੂੰ, ਦਿਲਜਲੇ ਨੂੰ, ਇਸ ਤਰ੍ਹਾਂ ਤਾਇਆ ਨਾ ਕਰ।

ਖਿੜਦੀਆਂ ਸਰੋਂਆਂ ਜਦੋਂ, ਕਣਕਾਂ 'ਚ ਤਿੱਤਰ ਬੋਲਦੇ,
ਓਸ ਰੁੱਤੇ ਯਾਦ ਆ ਕੇ, ਪਰਖ਼ ਵਿਚ ਪਾਇਆ ਨਾ ਕਰ।

ਮੈਂ ਤੇਰੀ ਛਾਵੇਂ ਗੁਜ਼ਾਰਾਂ ਜ਼ਿੰਦਗੀ ਤੇ ਚੁੱਪ ਰਹਾਂ,
ਪਰਤ ਜਾਹ ਇਹ ਛਤਰ ਲੈ ਕੇ, ਸਿਰ ਮਿਰੇ ਸਾਇਆ ਨਾ ਕਰ।

ਨਿੱਕੀਆਂ ਗਰਜ਼ਾਂ ਦੀ ਖਾਤਰ, ਮੈਂ ਨਾ ਜਿੰਦੇ ਉਲਝਣਾ,
ਤੂੰ ਮੇਰੀ ਸ਼ਕਤੀ ਨੂੰ ਐਵੇਂ ਖਾਹ-ਮ-ਖਾਹ ਜ਼ਾਇਆ ਨਾ ਕਰ।

1

o

## ਸੁਣਿਆ ਕਰ ਤੂੰ, ਅੰਬਰ ਵਿਚ ਜੋ

ਸੁਣਿਆ ਕਰ ਤੂੰ, ਅੰਬਰ ਵਿਚ ਜੋ ਤਾਰੇ ਗੱਲਾਂ ਕਰਦੇ ਨੇ।
ਵੇਖ ਕਿਵੇਂ, ਜਿਉਂ ਵਖ਼ਤਾਂ ਮਾਰੇ, ਸਾਰੇ ਗੱਲਾਂ ਕਰਦੇ ਨੇ।

ਅੱਖੀਆਂ ਦੇ ਵਿੱਚ ਅੱਥਰੂ ਡਲ੍ਹਕਣ, ਠੰਡੀਆਂ ਆਹਾਂ ਭਰਨ ਪਏ,
ਰਾਤ ਦੇ ਕੰਨ ਵਿੱਚ ਸੁਣ ਲੈ ਕੀਹ ਦੁਖਿਆਰੇ ਗੱਲਾਂ ਕਰਦੇ ਨੇ।

ਸੁਣੋ ਸਿਆਸਤਦਾਨਾਂ ਨੂੰ ਤਾਂ ਇੰਜ ਕਿਉਂ ਲੱਗਦਾ ਰਹਿੰਦਾ ਏ,
ਗਿਰਗਿਟ ਵਰਗੇ ਬੰਦੇ ਬੇਇਤਬਾਰੇ ਗੱਲਾਂ ਕਰਦੇ ਨੇ।

ਸਿਦਕ ਸਬੂਰੀ ਵਾਲਿਆਂ ਤਾਈਂ, ਚੀਰ ਚੀਰ ਕੇ ਹਾਰ ਗਏ,
ਮੈਂ ਸੁਣਿਆ ਹੈ, ਜ਼ਾਲਮ ਦੇ ਘਰ ਆਰੇ ਗੱਲਾਂ ਕਰਦੇ ਨੇ।

ਬੈਠ ਰਹੋ ਤਾਂ ਚਾਰ ਚੁਫ਼ੇਰੇ, ਚੁੱਪ ਦਾ ਪਹਿਰਾ ਰਹਿੰਦਾ ਹੈ,
ਤੁਰ ਪਉ ਤਾਂ ਫਿਰ ਅੰਨ੍ਹੇ ਬੋਲੇ ਸਾਰੇ ਗੱਲਾਂ ਕਰਦੇ ਨੇ।

ਕਹੀਆਂ ਤੇ ਅਣਕਹੀਆਂ ਰਲ਼ ਕੇ, ਦਰਦ ਸਮੁੰਦਰ ਭਰ ਚੱਲਿਆ,
ਪਲਕੀਂ ਡੱਕੇ ਹੌਕੇ ਹੰਝੂ, ਖ਼ਾਰੇ ਗੱਲਾਂ ਕਰਦੇ ਨੇ।

ਸਾਡੇ ਪੁੱਤਰ ਕਿੱਥੇ ਤੁਰ ਗਏ, ਸੁਣਿਐਂ ਸ਼ਹਿਰੀਂ ਰਹਿੰਦੇ ਨੇ,
ਸਾਡੇ ਪਿੰਡ ਦੇ ਕੱਚੇ ਕੋਠੇ, ਢਾਰੇ ਗੱਲਾਂ ਕਰਦੇ ਨੇ।

1

o

## ਵੇਖ ਲੈ ਦਿਲ ਦਾ ਸਮੁੰਦਰ

ਵੇਖ ਲੈ ਦਿਲ ਦਾ ਸਮੁੰਦਰ ਵੇਖ ਲੈ।
ਕਿੰਨਾ ਕੁਝ ਹੈ, ਏਸ ਅੰਦਰ ਵੇਖ ਲੈ।

ਦਿਲ ਨਿਰੰਤਰ ਧੜਕਦਾ ਹੈ, ਜਿਸ ਜਗਹ,
ਬਿਨ ਇਮਾਰਤ ਤੋਂ ਉਹ ਮੰਦਰ ਦੇਖ ਲੈ।

ਮੈਂ ਵੀ ਨਾਰੋਵਾਲ ਨੂੰ ਹਾਂ ਤਰਸਦਾ,
ਤੂੰ ਵੀ ਆ, ਰਾਹੋਂ, ਜਲੰਧਰ ਵੇਖ ਲੈ।

ਰਾਹਜ਼ਨ ਰਾਹਾਂ 'ਚ ਬਹਿ ਗਏ ਆਣ ਕੇ,
ਰਹਿਬਰੀ ਬਣਿਆ ਆਡੰਬਰ ਦੇਖ ਲੈ।

ਜੋ ਵੀ ਮਾਲਕ ਚਾਹ ਰਿਹਾ ਉਹ ਬੋਲਦੈ,
ਵਕਤ ਦੇ ਸਾਹਵੇਂ ਕਲੰਦਰ ਵੇਖ ਲੈ।

ਹੱਥ ਵੀ ਸ਼ੁਭ ਕਰਮ ਕਰਨੋਂ ਹਟ ਗਏ
ਪੈਰਾਂ ਨੂੰ ਗਰਜ਼ਾਂ ਦੇ ਜੰਦਰ ਵੇਖ ਲੈ।

ਬੇ-ਜ਼ਮੀਰੇ ਮਾਣਦੇ ਨੇ ਡੋਲ਼ੀਆਂ,
ਕਲਯੁਗੀ ਕੋਝਾ ਸਵੰਬਰ ਦੇਖ ਲੈ।

1

ੋ

## ਮੁਹੱਬਤ ਬਹੁਤ ਲੰਮੀ ਖ਼ੁਦਕੁਸ਼ੀ

ਮੁਹੱਬਤ ਬਹੁਤ ਲੰਮੀ ਖ਼ੁਦਕੁਸ਼ੀ ਹੈ।
ਭੁਲੇਖੇ ਵਿੱਚ ਆਖਣ ਬੰਦਗੀ ਹੈ।

ਕਦੇ ਇਕਰਾਰ ਤੇ ਇਨਕਾਰ ਕਰਨਾ,
ਨਿਰੰਤਰ ਖ਼ੂਬਸੂਰਤ ਦਿਲ ਲਗੀ ਹੈ।

ਗੁਆਚੀ ਪੈੜ ਲੱਭਣੀ ਸ਼ੁਤਰ ਵਾਲੀ,
ਕਿਸੇ ਸੱਸੀ ਦੀ ਕੈਸੀ ਸਾਦਗੀ ਹੈ।

ਮੈਂ ਤੇਰੀ ਨਜ਼ਰ ਨੂੰ ਪਰਵਾਨ ਹੋਵਾਂ,
ਨਿਰੰਤਰ ਨਾਲ ਤੁਰਦੀ ਤਿਸ਼ਨਗੀ ਹੈ।

ਕਿਤੇ ਵੀ ਬਹਿਣ ਨਾ ਦੇਵੇ ਘੜੀ ਪਲ,
ਮੇਰੇ ਮੱਥੇ 'ਚ ਜੋ ਆਵਾਰਗੀ ਹੈ।

ਕਿਵੇਂ ਮਕਤਲ 'ਚ ਆ ਕੇ ਪਰਤ ਜਾਵਾਂ,
ਮੇਰੇ ਬਾਪੂ ਮੁਤਾਬਕ ਬੁਜ਼ਦਿਲੀ ਹੈ।

ਹਵਾ ਵਿਚ ਫ਼ੈਲ ਗਈ ਹੈ ਮਹਿਕ ਜਿੱਦਾਂ,
ਮੁਹੱਬਤ ਇਹ ਤੇਰੀ ਦਰਿਆਦਿਲੀ ਹੈ।

1

ੋ

## ਧਰਮ ਕਰਮ ਨੂੰ ਪਰਖ਼ਣ ਖਾਤਰ

ਧਰਮ ਕਰਮ ਨੂੰ ਪਰਖ਼ਣ ਖਾਤਰ, ਵਕਤ ਸ਼ਰਾਰਤ ਕਰ ਜਾਂਦਾ ਹੈ।
ਕੂੜ ਅਮਾਵਸ ਏਨੀ ਗੂੜ੍ਹੀ, ਸੱਚ ਹਮੇਸ਼ਾਂ ਹਰ ਜਾਂਦਾ ਹੈ।

ਤਨ ਦੇ ਨੇੜੇ, ਮਨ ਤੋਂ ਦੂਰੀ, ਮਿੱਟੀ ਨੂੰ ਮਿੱਟੀ ਹੈ ਲੱਭਦੀ,
ਰੂਹ ਦਾ ਰਿਸ਼ਤਾ ਜੋੜੀਂ ਮਿੱਤਰਾ, ਦਿਲ ਤਾਂ ਜਲਦੀ ਭਰ ਜਾਂਦਾ ਹੈ।

ਚੰਨ ਚਾਨਣੀ ਰਾਤ ਦੇ ਅੰਦਰ, ਧਰ ਜਾ ਦੀਵਾ ਦਿਲ ਦੇ ਮੰਦਰ,
ਮਿਲ ਜਾਵੇਂ ਤਾਂ ਸੁਰਖ਼ ਸਵੇਰਾ, ਫਿਰ ਸੂਰਜ ਬਿਨ ਸਰ ਜਾਂਦਾ ਹੈ।

ਰੂਹ ਦੇ ਬਹੁਤ ਨਜ਼ੀਕ ਜਹੀ ਏਂ, ਤੂੰ ਚਾਨਣ ਦੀ ਲੀਕ ਜਹੀ ਏਂ,
ਤੇਰੇ ਨੈਣੀਂ ਡੁੱਬਿਆ ਬੰਦਾ, ਸੁਣਿਐ ਮਰ ਕੇ ਤਰ ਜਾਂਦਾ ਹੈ।

ਜੋ ਅੱਜ ਤੀਕ ਸਮਝ ਨਾ ਆਇਆ, ਧਰਤੀ ਮੈਨੂੰ ਅੱਜ ਸਮਝਾਇਆ,
ਸ਼ਾਮੀਂ ਲੁਕਦਾ ਫਿਰਦੈ ਸੂਰਜ, ਲੋਕੀਂ ਸਮਝਣ ਘਰ ਜਾਂਦਾ ਹੈ।

ਕਿਉਂ ਬਿਰਖਾਂ ਨੂੰ ਜੜ੍ਹੋਂ ਹਿਲਾਵੇਂ, ਤਿੜਕੇ ਆਲ੍ਹਣਿਆਂ ਦੇ ਢਾਹਵੇਂ,
ਮੇਰਾ ਦਿਲ ਮਾਸੂਮ ਪਰਿੰਦਾ, ਟਾਹਣੀ ਹਿੱਲਿਆਂ ਡਰ ਜਾਂਦਾ ਹੈ।

ਘਰ ਦੀ ਚਾਰ ਦੀਵਾਰੀ ਅੰਦਰ, ਖੇਤਰੀਆਂ ਨੂੰ ਮੁੜ ਮੁੜ ਬੀਜਾਂ,
ਹਰੀ ਕਚੂਰ ਕਿਆਰੀ ਮੇਰੀ, ਖ਼ੌਰੇ ਕਿਹੜਾ ਚਰ ਜਾਂਦਾ ਹੈ।

1

o

## ਜਿੰਦੇ ਮੇਰੀਏ ਨਾ ਹੋਵੀਂ

ਜਿੰਦੇ ਮੇਰੀਏ ਨਾ ਹੋਵੀਂ ਕਦੇ ਏਨੀ ਤੂੰ ਉਦਾਸ।
ਬੁੱਤ ਰਹਿ ਜਾਵੇ 'ਕੱਲ੍ਹਾ, ਉੱਡੇ ਹੋਸ਼ ਤੇ ਹਵਾਸ।

ਏਸ ਜ਼ਿੰਦਗੀ 'ਚ ਸੋਹਣੇ ਫੁੱਲ ਕੀਹਦੇ ਹਿੱਸੇ ਆਏ,
ਕਿਤੇ ਕੰਡਿਆਂ ਦੀ ਸੇਜ ਕਿਤੇ ਜ਼ਹਿਰ ਦਾ ਗਲਾਸ।

ਵੇਖ ਆਪਣੇ ਤੋਂ ਦੂਰ ਹੋ ਕੇ ਦੁਨੀਆਂ ਦਾ ਮੇਲਾ,
ਏਥੇ ਬਹੁਤ ਸਾਰੇ ਫ਼ੇਲ੍ਹ ਅਤੇ ਕੋਈ ਕੋਈ ਪਾਸ।

ਤੇਰੇ ਕੋਲ ਕੋਲ ਮੰਜ਼ਿਲਾਂ ਨੇ, ਇਹਨਾਂ ਨੂੰ ਪਛਾਣ,
ਕਦੇ ਉੱਡਣੇ ਪਰਿੰਦੇ, ਖ਼੍ਵਾਬ ਹੋਣ ਨਾ ਉਦਾਸ।

ਜਿਵੇਂ ਫੁੱਲਾਂ ਵਿੱਚ ਰੰਗ ਖੁਸ਼ਬੋਈ ਰਹਿਣ 'ਕੱਠੇ,
ਉਵੇਂ ਸੁਰ ਅਤੇ ਤਾਲ ਹੁੰਦੇ ਗੀਤ ਦਾ ਲਿਬਾਸ।

ਮੈਨੂੰ ਆਪਣੇ 'ਚੋਂ ਵੇਖ ਅਤੇ ਸਾਹਾਂ 'ਚੋਂ ਪਛਾਣ,
ਏਥੇ ਹੌਕਿਆਂ ਦੇ ਵਾਂਗ ਮੇਰੀ ਚੁੱਪ ਦਾ ਨਿਵਾਸ।

ਦਿਲਾ ਐਵੇਂ ਨਾ ਤੂੰ ਪਰਖ਼ਾਂ 'ਚ ਪਾਇਆ ਕਰ ਮੈਨੂੰ,
ਤੇਰੀ ਟਿਕ ਟਿਕ ਟਿਕ ਦਾ ਹੈ ਮੈਨੂੰ ਧਰਵਾਸ।

1

o

## ਕਿੰਨੀ ਵਾਰੀ ਲਿਖਿਆ

ਕਿੰਨੀ ਵਾਰੀ ਲਿਖਿਆ ਤੇ ਕਿੰਨੀ ਵਾਰੀ ਮੇਟਿਆ।
ਦਰਦਾਂ ਨੂੰ ਵੇਖ ਕਿੱਦਾਂ, ਚੁੱਪ 'ਚ ਸਮੇਟਿਆ।

ਅੱਗ ਦੇ ਅਨਾਰ ਕਦੇ ਹੱਥਾਂ ਵਿੱਚ ਫੜੀਂ ਨਾ,
ਲੋਕਾਂ ਨੇ ਬਾਰੂਦ ਹੁੰਦੈ, ਇਹਦੇ 'ਚ ਲਪੇਟਿਆ।

ਚੌਦਾਂ ਸਾਲ ਤੇਰਾ ਮੇਰਾ ਸੰਗ ਸਾਥ ਜ਼ਿੰਦਗੀ,
ਖੇੜਿਆਂ ਦੇ ਚੱਲੀ ਤੇਰੀ ਹੀਰ ਵੇ ਰੰਝੇਟਿਆ।

ਛਮਕਾਂ ਦੀ ਮਾਰ ਖਾ ਕੇ ਹੱਡਾਂ ਵਿਚ ਰੌਂ ਗਿਆ,
ਭੁੱਲੇ ਨਾ ਗੁਲਾਬੀ ਨੂਰ ਸੇਜ ਉੱਤੇ ਲੇਟਿਆ।

ਵੰਝਲੀ ਬਣਾ ਕੇ ਮੈਨੂੰ ਹੋਠਾਂ ਉੱਤੇ ਰੱਖ ਲੈ,
ਸੁਰ ਵਿੱਚ ਸੁਰ ਮੈਂ ਮਿਲਾਊਂ ਵੇ ਜਟੇਟਿਆ।

ਕੱਜ ਲੈ ਨੰਗੇਜ਼ ਰੂਹ ਦਾ ਜਿਸਮਾਂ ਨੂੰ ਚੀਰ ਕੇ,
ਸੱਚ ਦਿਆ ਤਾਣਿਆ ਤੇ ਸੁੱਚ ਦਿਆ ਪੇਟਿਆ।

ਤੈਨੂੰ ਕੀਹ ਮੁਹੱਬਤਾਂ ਦੀ ਸਾਰ ਮਹਿਲਾਂ ਵਾਲਿਆ,
ਰਾਜ ਭਾਗ ਵਾਲਿਆ, ਵੇ ਰਾਜੇ ਦਿਆ ਬੇਟਿਆ।

1

੦

## ਮੋਤੀ ਮੋਤੀ ਤੇਰੇ ਹੋ ਗਏ

ਮੋਤੀ ਮੋਤੀ ਤੇਰੇ ਹੋ ਗਏ।
ਅੱਥਰੂ ਅੱਥਰੂ ਮੇਰੇ ਹੋ ਗਏ।

ਗ਼ਮ ਦੇ ਬੱਦਲ ਕਰ ਕਰ ਹੱਲੇ,
ਮੇਰੇ ਚਾਰ ਚੁਫ਼ੇਰੇ ਹੋ ਗਏ।

ਤੂੰ ਵਿੱਛੜੀ ਤਾਂ ਰਾਤ ਪਈ ਸੀ,
ਮਿਲਿਆਂ ਸੋਨ ਸਵੇਰੇ ਹੋ ਗਏ।

ਬਿਨ ਬੋਲੇ ਜਦ ਲੰਘੀ ਕੋਲੋਂ,
ਸਿਖ਼ਰ ਦੁਪਹਿਰ ਹਨ੍ਹੇਰੇ ਹੋ ਗਏ।

ਚਾਵਾਂ ਨੇ ਗਲਵੱਕੜੀ ਪਾਈ,
ਤੇਰੇ ਵੀ ਸਾਹ ਮੇਰੇ ਹੋ ਗਏ।

ਦੀਵਾਲੀ ਦਿਲਦਾਰ ਨਾਲ ਹੈ,
ਰੌਸ਼ਨ ਵੇਖ ਬਨੇਰੇ ਹੋ ਗਏ।

1

੦

## ਬਹਿ ਨਾ ਜਾਵੀਂ ਅੰਦਰ ਲੁਕ ਕੇ

ਬਹਿ ਨਾ ਜਾਵੀਂ ਅੰਦਰ ਲੁਕ ਕੇ ਤੇਜ਼ ਹਵਾਵਾਂ ਕੋਲੋਂ ਡਰ ਕੇ।
ਕਿੰਨਾ ਕੁ ਚਿਰ ਜੀ ਸਕਦੇ ਹਾਂ, ਏਦਾਂ ਰੋਜ਼ ਦਿਹਾੜੀ ਮਰ ਕੇ।

ਸੀਸ ਤਲੀ ਤੇ ਧਰ ਲੈਂਦੇ ਨੇ, ਹੱਕ, ਸੱਚ ਇਨਸਾਫ਼ ਦੇ ਰਾਖੇ,
ਇਸ ਧਰਤੀ ਤੇ ਮਰਦ ਅਗੰਮੜੇ, ਅੱਜ ਤੱਕ ਜੀਂਦੇ ਏਸੇ ਕਰਕੇ।

ਆਦਮੀਆਂ ਤੋਂ ਬਣ ਚੱਲੇ ਨੇ, ਲੋਕੀਂ ਵੇਖੋ ਰੀਂਘਣਹਾਰੇ,
ਮਾਇਆ ਖਾਤਰ ਧਰਮ ਗਵਾਇਆ, ਕੁਰਸੀ ਪੈਰੀਂ ਸਿਰ ਨੂੰ ਧਰ ਕੇ।

ਆਪੋ ਆਪਣੇ ਘਰ ਦੀ ਰਾਖੀ, ਸਭ ਚਾਹੁੰਦੇ ਕੋਈ ਹੋਰ ਕਰੇਗਾ,
ਰਿਸ਼ਤੇ, ਨਾਤੇ, ਸਿਦਕ, ਸਲੀਕਾ ਚੋਰੀ ਹੋਇਆ ਏਸੇ ਕਰਕੇ।

ਪਿੱਛੇ ਮੁੜ ਕੇ ਜਦ ਵੀ ਵੇਖਾਂ, ਜ਼ਿੰਦਗੀ ਤੇਰਾ ਸ਼ੁਕਰ ਗੁਜ਼ਾਰਾਂ,
ਤੂੰ ਹੀ ਮੈਨੂੰ ਸਾਬਤ ਰੱਖਿਆ, ਰੋਜ਼ ਨਵੇਂ ਸਦਮੇ ਨੂੰ ਜਰ ਕੇ।

ਮਾਂ ਮੇਰੀ ਤਾਂ ਤੁਰ ਗਈ ਭਾਵੇਂ, ਅਣਦਿਸਦੇ ਸੰਸਾਰ 'ਚ ਕਿਧਰੇ,
ਯਾਦਾਂ ਦੇ ਚੌਮੁਖੀਏ ਜਗਦੇ, ਅੱਜ ਵੀ ਜਿੱਥੇ ਗਈ ਸੀ ਧਰ ਕੇ।

ਦੇਸ਼ ਕਾਲ ਨਾ ਸੀਮਾ ਦਿਸਦੀ, ਖ਼ੁਸ਼ਬੋਈ ਦਾ ਜਿਸਮ ਨਾ ਕੋਈ,
ਮਹਿਕ ਮਹਿਕ ਲਟਬੌਰਾ ਤਨ ਮਨ, ਉੱਡਦਾ ਧਰਤ ਕਲਾਵੇ ਭਰ ਕੇ।

ਕੱਚੇ ਰਾਹਾਂ ਦੇ ਪਾਂਧੀ ਨੂੰ, ਧਰਤੀ-ਮਾਤ ਸੰਭਾਲਣਹਾਰੀ,
ਮੂੰਹ ਦੇ ਭਾਰ ਤਿਲਕਿਆ ਮੈਂ ਤਾਂ, ਇਹ ਤੇਰੀ ਸੰਗਮਰਮਰ ਕਰਕੇ।

ਤੂੰ ਸੁਪਨੇ ਵਿਚ ਆ ਕੇ ਕਿਧਰੇ, ਸੁੱਤਾ ਸਮਝ ਪਰਤ ਨਾ ਜਾਵੀਂ,
ਨੀਂਦਰ ਅੱਖੀਆਂ ਦੇ ਵਿਚ ਲੈ ਕੇ, ਜਾਗ ਰਿਹਾਂ ਬੱਸ ਤੇਰੇ ਕਰਕੇ।

1

o

## ਏਸ ਵਤਨ ਦਾ ਹੁਣ ਕੀਹ ਕਰੀਏ

ਏਸ ਵਤਨ ਦਾ ਹੁਣ ਕੀਹ ਕਰੀਏ।
ਬੀਜੋ ਫ਼ਸਲਾਂ ਉੱਗਣ ਸਰੀਏ।

ਗਾਰੇ ਵਿੱਚ ਕਿਉਂ ਉਲਝ ਗਈ ਏਂ,
ਨੀ ਅੰਬਰ ਦੀ ਕੋਮਲ ਪਰੀਏ।

ਸ਼ੋਰ ਸ਼ਰਾਬਾ ਚਾਰ ਚੁਫੇਰੇ,
ਆ ਜਾ ਅਪਣੀ ਚੁੱਪ ਤੋਂ ਡਰੀਏ।

ਬਣ ਜਾ ਹੋਕਾ, ਬੋਲ ਨੀ ਅਣਖ਼ੇ,
ਦਿਨ ਚੜ੍ਹਿਐ ਕਿਉਂ ਹੌਕੇ ਭਰੀਏ।

ਘੁੰਮਦੇ ਪਹੀਏ ਇੱਕੋ ਥਾਂ ਤੇ,
ਨਾ ਹੀ ਜੀਵੀਏ, ਨਾ ਹੀ ਮਰੀਏ।

ਯਾਦਾਂ ਭੁੱਲ ਜਾਵਣ ਨਾ ਰਸਤੇ,
ਦੀਵੇ ਬਾਲ ਬਨੇਰੇ ਧਰੀਏ।

ਤੇਰੇ ਦਿਲ ਤੱਕ ਪਹੁੰਚ ਗਿਆ ਹਾਂ,
ਇਸ ਤੋਂ ਅੱਗੇ ਦੱਸ ਕੀਹ ਕਰੀਏ?

l

o

## ਆਰ ਪਾਰ ਆਉਂਦਾ ਜਾਂਦਾ

ਆਰ ਪਾਰ ਆਉਂਦਾ ਜਾਂਦਾ ਵੇਖ ਲਉ ਸਵਾਸ ਹੈ।
ਨੱਚਦਾ ਵਜੂਦ ਜੀਕੂੰ ਕੱਚ ਦਾ ਗਲਾਸ ਹੈ।

ਪੈਰਾਂ ਵਿਚ ਝਾਂਜਰਾਂ ਤੇ ਘੁੰਗਰੂ ਕਮਾਲ ਨੇ,
ਸੁਰ ਨਾਲ ਮੇਲਾ ਪੂਰਾ, ਹੋਸ਼ ਤੇ ਹਵਾਸ ਹੈ।

ਮਨ 'ਚ ਉਮੰਗ ਅਤੇ ਤਨ 'ਚ ਤਰੰਗ ਦਿੱਸੇ,
ਖੁਸ਼ਬੂ ਨੇ ਪਾਇਆ ਹੋਇਆ ਸ਼ੀਸ਼ੇ ਦਾ ਲਿਬਾਸ ਹੈ।

ਅੱਡੀਆਂ 'ਚ ਜ਼ੋਰ ਪੂਰਾ, ਤਲੀਆਂ 'ਚ ਤਾਲ ਵੀ,
ਗਿੱਧਿਆਂ ਦੀ ਰਾਣੀ ਪੱਲੇ, ਜਾਦੂ ਕੋਈ ਖ਼ਾਸ ਹੈ।

ਰਾਤ ਰਾਣੀ ਸਾਹਾਂ 'ਚ ਸੁਗੰਧ ਵਾਂਗ ਮਹਿਕਦੀ,
ਏਸ ਦੀ ਗਵਾਹੀ ਪੱਕੀ, ਦਿਲ 'ਚ ਨਿਵਾਸ ਹੈ।

ਤਪਦੀ ਜ਼ਮੀਨ ਵਿਚ ਨੀਰ ਪਾ ਮੁਹੱਬਤੇ,
ਮਹਿਕਣੇ ਗੁਲਾਬ ਏਥੇ ਪੱਕਾ ਧਰਵਾਸ ਹੈ।

ਦਿਲ ਦਿਲਗੀਰ ਤੇ ਆਹ ਅੱਖੀਆਂ 'ਚ ਨੀਰ ਵੀ,
ਏਸ ਦੀ ਦਵਾਈ, ਸੱਚ-ਮੁੱਚ ਤੇਰੇ ਪਾਸ ਹੈ।

l

ੲ

## ਧਰਮ ਕਰਮ ਦੇ ਰਾਖੇ ਵੇਖੋ

ਧਰਮ ਕਰਮ ਦੇ ਰਾਖੇ ਵੇਖੋ ਡਰ ਜਾਂਦੇ ਨੇ।
ਤਾਂ ਹੀ ਸੁਪਨੇ ਜੰਮਣੋਂ ਪਹਿਲਾਂ ਮਰ ਜਾਂਦੇ ਨੇ।

ਇਸ ਧਰਤੀ ਤੇ ਬਹੁਤੇ ਡਾਕੇ ਏਸੇ ਕਰਕੇ,
ਰਖਵਾਲੇ ਹੀ ਅੱਖਾਂ ਲਾਂਭੇ ਕਰ ਜਾਂਦੇ ਨੇ।

ਹੇ ਮਨ ਮੇਰੇ, ਸਾਵਧਾਨ ਹੋ, ਏਹੀ ਵੇਲਾ,
ਚੁੱਪ ਦੇ ਕਾਰਨ, ਪਾਪ ਦੇ ਭਾਂਡੇ ਭਰ ਜਾਂਦੇ ਨੇ।

ਉਂਘ ਰਹੇ ਨੇ ਹੱਕ ਸੱਚ ਇਨਸਾਫ਼ ਦੇ ਰਾਖੇ,
ਕੂੜ ਅਮਾਵਸ ਦੇ ਵਿੱਚ ਤਾਰੇ ਮਰ ਜਾਂਦੇ ਨੇ।

ਮੈਂ ਤਾਂ ਚੌਂਕੀਦਾਰ, ਅਵਾਜ਼ਾ ਦੇਣਾ ਹੀ ਹੈ,
ਸੌਂ ਜਾਂਦੇ ਨੇ ਮਾਲਕ, ਜਦ ਵੀ ਘਰ ਜਾਂਦੇ ਨੇ।

ਧਰਤੀ ਪੁੱਤਰ ਬਿਰਖ਼ ਖੜ੍ਹੇ ਨੇ ਧੁੱਪੇ, ਛਾਵੇਂ,
ਮਾਂ ਸਦਕੇ ਇਹ ਕਿੰਨੇ ਸਦਮੇ ਜਰ ਜਾਂਦੇ ਨੇ।

ਤੂੰ ਤੀਲ੍ਹੀ ਨੂੰ ਬਾਲ, ਮਸ਼ਾਲਾਂ ਲੈ ਕੇ ਤੁਰ ਪਉ,
ਗੂੜ੍ਹੇ 'ਨੇਰ੍ਹੇ ਇਸ ਤੋਂ ਅਕਸਰ ਤਰ ਜਾਂਦੇ ਨੇ।

l

ੲ

## ਦਰਦ ਸਮੁੰਦਰ ਨਾਲ ਜਦੋਂ ਵੀ

ਦਰਦ ਸਮੁੰਦਰ ਨਾਲ ਜਦੋਂ ਵੀ ਮਨ ਦਾ ਭਾਂਡਾ ਭਰ ਜਾਂਦਾ ਹੈ।
ਇਸ ਦੇ ਅੰਦਰ ਤਰਣ ਦੁਹੇਲਾ, ਸੋਚ ਸੋਚ ਮਨ ਡਰ ਜਾਂਦਾ ਹੈ।

ਮਾਰੂਥਲ ਵਿੱਚ ਖਿੜ ਜਾਂਦੇ ਨੇ, ਵਾਹਵਾ ਹੀ ਫੁੱਲ ਰੰਗ ਬਰੰਗੇ,
ਇੱਕ ਨਜ਼ਰ ਦਾ ਜਲਵਾ ਵੇਖੋ, ਕੈਸਾ ਜਾਦੂ ਕਰ ਜਾਂਦਾ ਹੈ।

ਜਲ ਦਾ ਭਰਮ ਨਜ਼ਰ ਨੂੰ ਪੈਂਦਾ, ਥਲ ਅੰਦਰ ਝਲਕਾਰੇ ਵਾਂਗੂੰ,
ਸ਼ਾਇਦ ਇਵੇਂ ਹੀ ਕੱਚਾ ਭਾਂਡਾ, ਪਾਰ ਝਨਾਂ ਨੂੰ ਤਰ ਜਾਂਦਾ ਹੈ।

ਸੱਤ ਸਮੁੰਦਰ ਡੂੰਘੇ ਨੈਣੀਂ, ਵੇਖੀਂ ਸੁਪਨਾ ਡੁੱਬ ਨਾ ਜਾਵੇ,
ਡਾਢਾ ਰੱਬ ਵੀ ਮਹਿੰਗੇ ਮੋਤੀ, ਹੰਝੂਆਂ ਦੇ ਵਿੱਚ ਧਰ ਜਾਂਦਾ ਹੈ।

ਰੂਹ ਵਾਲੇ ਦਰਬਾਰ 'ਚ ਦੀਵਾ, ਜਗਦਾ ਮਘਦਾ ਰੱਖੀਂ ਜਿੰਦੇ,
ਇਸ ਨੂੰ ਕਿਉਂ ਲਿਸ਼ਕਾਉਂਦੀ ਰਹਿੰਦੀ, ਜਿਸਮ ਬਿਨਾਂ ਤਾਂ ਸਰ ਜਾਂਦਾ ਹੈ।

ਹੋਰ ਕਿਸੇ ਨੂੰ ਕੀਟ ਪਤੰਗੇ, ਖ਼ੁਦ ਨੂੰ ਆਖੇਂ ਆਲਮ ਫ਼ਾਜ਼ਲ,
ਹੇ ਮਨ ਮੇਰੇ, ਸਾਵਧਾਨ ਹੋ, ਏਦਾਂ ਰਿਸ਼ਤਾ ਮਰ ਜਾਂਦਾ ਹੈ।

ਸਬਰ ਸਿਦਕ ਸੰਤੋਖ ਹਮੇਸ਼ਾਂ, ਵੀਰੋ ਮੇਰੇ ਅੰਗ ਸੰਗ ਰਹਿਣਾ,
ਸਾਥ ਸੁਹੇਲਾ ਹੋਵੇ ਜੇਕਰ, ਦਿਲ ਵੀ ਸਦਮੇ ਜਰ ਜਾਂਦਾ ਹੈ।

l

o

## ਸਾਡੇ ਹੱਥਾਂ ਵਿੱਚ ਚੱਲ ਗਏ ਨੇ

ਸਾਡੇ ਹੱਥਾਂ ਵਿੱਚ ਚੱਲ ਗਏ ਨੇ ਅੱਗ ਦੇ ਅਨਾਰ।
ਐਵੇਂ ਭੋਲ਼ਿਆਂ ਪਰਿੰਦਿਆਂ ਨੂੰ ਇੰਜ ਤਾਂ ਨਾ ਮਾਰ।

ਵੇਖੋ ਕਿੱਡੀ ਵੱਡੀ ਭੁੱਲ, ਜਿਹੜਾ ਕੀਤਾ ਵਿਸ਼ਵਾਸ,
ਚੁਗੇ ਤਲੀਆਂ ਤੋਂ ਚੋਗ ਹੋ ਗਏ ਮੌਤ ਲਈ ਤਿਆਰ।

ਤੁਸੀਂ ਜਾਗਦੇ, ਜਗਾਉਂਦੇ ਰਹਿਣਾ, ਟਾਹਣੀਆਂ ਦੀ ਚੁੱਪ,
ਗੀਤ ਆਪ ਇਨ੍ਹਾਂ ਵਿਚੋਂ, ਕੱਢ ਲਵੇਗੀ ਬਹਾਰ।

ਮੇਰੇ ਦਿਲ ਨੂੰ ਇਹ ਧੁੜਕੂ, ਜਿਉਣ ਹੀ ਨਾ ਦੇਵੇ,
ਨੰਗੀ ਬਿਜਲੀ ਦੀ ਤਾਰ ਤੇ ਮਾਸੂਮ ਜੇਹੀ ਡਾਰ।

ਤੈਨੂੰ ਮੇਰੇ ਤੋਂ ਬਗੈਰ, ਕਿਸੇ ਸੱਚ ਨਹੀਉਂ ਕਹਿਣਾ,
ਵੇਖ ਤੋਤਲੇ ਮਾਸੂਮ ਬੋਟ, ਕਹਿਰ ਨਾ ਗੁਜ਼ਾਰ।

ਵੇਖ ਧਰਤੀ ਆਕਾਸ਼ ਤੇ ਪਾਤਾਲ ਨੂੰ ਵੀ ਜਾਣ,
ਤੈਨੂੰ ਚੰਗਾ ਚੰਗਾ ਲੱਗੂ ਫੇਰ ਸਾਰਾ ਸੰਸਾਰ।

ਤੈਨੂੰ ਦੱਸਾਂ ਅੱਜ ਤੀਕ ਜਿੰਨੀ ਦੁਨੀਆਂ ਮੈਂ ਜਿੱਤੀ,
ਸੁੱਚੇ ਸ਼ਬਦ ਹਮੇਸ਼ਾਂ ਮੇਰਾ ਬਣੇ ਹਥਿਆਰ।

ı

o

## ਵੇਖ ਥਲਾਂ ਵਿਚ ਰੰਗ ਰੱਤੀ

ਵੇਖ ਥਲਾਂ ਵਿਚ ਰੰਗ ਰੱਤੀ ਸੱਜਰੀ ਸਵੇਰ।
ਰੱਬ ਲਿਖੀਆਂ ਨੇ ਰੇਤੇ ਉੱਤੇ ਗ਼ਜ਼ਲਾਂ ਚੁਫੇਰ।

ਜਿਵੇਂ ਧਰਤੀ 'ਚ ਕੇਰਦੇ ਨੇ ਕੱਲ੍ਹਾ ਕੱਲ੍ਹਾ ਬੀਜ,
ਚੱਲ ਸੁਪਨੇ ਤੂੰ ਸੁੰਨਿਆਂ ਸਿਆੜਾਂ 'ਚ ਖਲੇਰ।

ਚੱਲ ਹੁਣ ਵਾਲੇ ਕੰਮ ਨੂੰ ਮੁਕਾਈਏ ਹੁਣੇ ਝੱਟ,
ਲੰਘ ਜਾਵੇ ਨਾ ਇਹ ਪਲ, ਸਾਂਭ ਕਰ ਨਾ ਤੂੰ ਦੇਰ।

ਤੇਰੀ ਧਰਤੀ ਦੇ ਜਾਏ, ਸੁੱਤੇ ਜਾਗਦੇ ਕੁਵੇਲੇ,
ਏਦਾਂ ਦੁਨੀਆਂ ਤੇ ਪੈਂਦਾ ਹੈ ਦੁਪਹਿਰ ਨੂੰ ਹਨ੍ਹੇਰ।

ਜਿਹੜੇ ਤੋੜ ਗਏ ਮੁਹੱਬਤਾਂ, ਜਿਉਂਦੇ ਸਦਾ ਰਹਿਣ,
ਸਾਡੇ ਹੋਣਗੇ ਤਾਂ ਮੁੜ ਆਉਣੇ ਵੇਖ ਲਈਂ ਤੂੰ ਫੇਰ।

ਅਸੀਂ ਮਲ੍ਹਿਆਂ ਤੇ ਝਾੜੀਆਂ 'ਚ ਉਮਰ ਗੰਵਾਈ,
ਖ਼ੌਰੇ ਕਿਸ ਦੇ ਨਸੀਬੀਂ ਪੇਂਦੂ ਟੀਸੀ ਵਾਲੇ ਬੇਰ।

ਸੁਣ ਗ਼ਜ਼ਲਾਂ ਦੇ ਹੌਕੇ, ਸੁਣ ਅੱਖਰਾਂ ਦੀ ਪੀੜ,
ਐਵੇਂ ਕਾਲਜੇ 'ਚੋਂ ਨਿਕਲੇ ਨਾ ਹੂਕ ਕਦੇ ਲੇਰ।

ı

੦

## ਜੇ ਤੂੰ ਵੇਖਣਾ ਹੈ ਏਥੇ ਤੇਰਾ

ਜੇ ਤੂੰ ਵੇਖਣਾ ਹੈ ਏਥੇ ਤੇਰਾ ਦਰਦੀ ਹੈ ਕੌਣ?
ਅੱਖਾਂ ਮੀਟ ਵੇਖ ਕਿਹੜਾ ਆਉਂਦਾ ਦੁੱਖੜਾ ਵੰਡੌਣ।

ਤੇਰਾ ਕਿਸੇ ਨਾਲ ਹੋਣਾ ਕੀ ਵਿਰੋਧ ਤੂੰ ਗੰਡੋਇਆ,
ਸਾਡੇ ਤਾਂ ਹੀ ਬਹੁਤੇ ਵੈਰੀ ਸਾਡੀ ਗਿੱਠ ਲੰਮੀ ਧੌਣ।

ਸਾਨੂੰ ਕੰਡਿਆਂ ਦਾ ਤਾਜ ਹੀ ਹੰਢਾਉਣ ਦੇ ਭਰਾਵਾ,
ਆਖ ਰਾਜ ਭਾਗ ਵਾਲਿਆਂ ਨੂੰ ਸਾਨੂੰ ਨਾ ਬੁਲੌਣ।

ਸਾਡੀ ਧਰਤੀ ਪਲੀਤ, ਸਾਡੇ ਪਾਣੀਆਂ 'ਚ ਮੌਤ,
ਪੈਂਦੇ ਘਰ ਘਰ ਵੈਣ, ਵਗੇ ਜ਼ਹਿਰ ਭਿੱਜੀ ਪੌਣ।

ਚੌਰੇ ਕੈਸਾ ਹੈ ਵਿਕਾਸ, ਜਿੱਥੇ ਨੱਬੇ ਨੇ ਉਦਾਸ,
ਆਖ, ਘੜੀ ਮੁੜੀ ਸਾਨੂੰ ਕੂੜਾ ਗੀਤ ਨਾ ਸੁਣੌਣ।

ਤੁਸੀਂ ਜੰਮ ਜੰਮ ਲਾਲ ਕਿਲ੍ਹਾ ਭਗਵਾ ਰੰਗਾ ਲਉ,
ਸਭ ਵੇਖਦੀ ਤਾਰੀਖ਼ ਕਿਹੜੀ ਚਾਲ ਪਿੱਛੇ ਕੌਣ?

ਅਸੀਂ ਹਰ ਸਾਲ ਰਾਮ ਰਾਮ, ਰਾਮ-ਲੀਲ੍ਹਾ ਲਾਈਏ,
ਸਾਥੋਂ ਮਰਿਆ ਨਹੀਂ ਅੱਜ ਤੀਕ ਕਾਗਜ਼ਾਂ ਦਾ ਰੌਣ।

1

੦

## ਤੀਜਾ ਨੇਤਰ ਜਾਗ ਪਿਆ

ਤੀਜਾ ਨੇਤਰ ਜਾਗ ਪਿਆ ਤਾਂ ਭਰਮ-ਭੁਲੇਖਾ ਖੁੱਲ੍ਹ ਜਾਣਾ ਹੈ।
ਲਾਪ੍ਰਵਾਹੀਆਂ ਕਰਦੇ ਰਹੇ ਤਾਂ, ਸੋਨਾ ਰੇਤ ਵੀ ਰੁਲ ਜਾਣਾ ਹੈ।

ਤਾਕਤਵਰ ਨੂੰ ਭਰਮ ਕਿਉਂ ਹੈ, ਇਹ ਤਾਕਤ ਹੈ ਮੇਰੀ ਪੂੰਜੀ,
ਸੰਭਲਿਆ ਨਾ ਜੇਕਰ ਇਹ ਤਾਂ, ਘਿਉ ਵੀ ਰੇਤੇ ਡੁਲ੍ਹ ਜਾਣਾ ਹੈ।

ਦਿਲ ਦਾ ਸ਼ੀਸ਼ਾ ਤਰਲ ਪਦਾਰਥ, ਚੰਚਲ ਮਨ ਹੈ ਪਾਰੇ ਵਾਂਗੂੰ,
ਇਸ ਸ਼ੋਹਦੇ ਨੂੰ ਸਾਂਭ ਨਹੀਂ ਤਾਂ, ਪਿਆਰ ਦੀ ਤੱਕੜੀ ਤੁਲ ਜਾਣਾ ਹੈ।

ਸੁਰਮੇ ਰੰਗੀ ਬੱਦਲੀ ਕੋਲੋਂ, ਡਰ ਜਾਂਦਾ ਹਾਂ, ਕੰਬ ਜਾਂਦਾ ਹਾਂ,
ਕਹਿਰ ਵਰ੍ਹਾਏਗੀ ਇਹ ਜਦ ਇਸ ਅੰਬਰ ਦੇ ਵਿਚ ਘੁਲ ਜਾਣਾ ਹੈ।

ਮਾਨਸਰਾਂ ਤੋਂ ਹੰਸ ਉਡਾਵੇਂ, ਚੋਗਾ ਪਾ ਪਾ ਪਿੰਜਰੇ ਪਾਵੇਂ,
ਇਹ ਨਾ ਭੁੱਲੀਂ ਏਦਾਂ ਉੱਡਣ ਹਾਰਿਆਂ, ਉੱਡਣਾ ਭੁੱਲ ਜਾਣਾ ਹੈ।

ਰਾਤ ਹਨੇਰੀ ਝੱਖੜ ਝਾਂਜਾ, ਬਾਹਰ ਇਕੱਲਾ ਦੀਵਾ ਜਗਦਾ,
ਅੰਦਰ ਵੜ ਕੇ ਬੈਠ ਗਿਆ ਏਂ, ਕੱਲ੍ਹਿਆਂ ਉਸ ਹੋ ਗੁਲ ਜਾਣਾ ਹੈ।

ਆਪੋ-ਧਾਪੀ ਦੇ ਇਸ ਦੌਰ 'ਚ ਗਿਆਨ-ਪੋਥੀਆਂ ਕਿਹੜਾ ਵਾਚੇ,
ਉੱਡਦੀ ਧੂੜ 'ਚ ਸ਼ਬਦ ਵਿਚਾਰਾ, ਏਸ ਤਰ੍ਹਾਂ ਹੀ ਰੁਲ ਜਾਣਾ ਹੈ।

1

ੳ

## ਗਿਆਨ ਅਤੇ ਵਿਗਿਆਨ ਜਦੋਂ ਫਿਰ

ਗਿਆਨ ਅਤੇ ਵਿਗਿਆਨ ਜਦੋਂ ਫਿਰ ਸੌਦਾ ਬਣ ਕੇ ਤੁੱਲ ਜਾਂਦਾ ਏ।
ਅਣਮੁੱਲੇ ਦਾ ਤੱਕੜੀ ਚੜ੍ਹ ਕੇ, ਕੁਝ ਕੌਡੀ ਹੋ ਮੁੱਲ ਜਾਂਦਾ ਏ।

ਹਰ ਬੰਦੇ ਦੇ ਵੱਸ ਨਹੀਂ ਹੁੰਦਾ ਪੱਥਰ 'ਚੋਂ ਭਗਵਾਨ ਤਰਾਸ਼ੇ,
ਸ਼ਿਲਪਕਾਰ ਦਾ ਤੀਜਾ ਨੇਤਰ ਆਪ ਮੁਹਾਰੇ ਖੁੱਲ੍ਹ ਜਾਂਦਾ ਏ।

ਦਿਲ ਦਰਿਆ ਹੈ ਜੰਦਰੇ ਅੰਦਰ, ਜਿਸ ਨੂੰ ਕਹਿਣ ਸਮੁੰਦਰੋਂ ਡੂੰਘਾ,
ਪਤਾ ਨਹੀਂ ਕਿਉਂ ਸੱਜਣ ਵੇਖਿਆਂ, ਬਿਨਾਂ ਚਾਬੀਓਂ ਖੁੱਲ੍ਹ ਜਾਂਦਾ ਏ।

ਪਹਿਲਾਂ ਕਣੀਆਂ ਮਗਰੋਂ, ਨ੍ਹੇਰੀ, ਜੜ੍ਹ ਤੋਂ ਹਿੱਲਣ ਫ਼ਸਲਾਂ ਬੂਟੇ,
ਖੜ੍ਹਾ ਖਲੋਤਾ ਖੇਤ ਸਬੂਤਾ, ਇੱਕੋ ਰਾਤ 'ਚ ਹੁੱਲ ਜਾਂਦਾ ਏ।

ਜੇ ਮਮਟੀ ਤੇ ਦੀਵਾ ਧਰੀਏ, ਉਸ ਦੀ ਆਪ ਹਿਫ਼ਾਜ਼ਤ ਕਰੀਏ,
ਉੱਚੀ ਥਾਂ ਤੇ ਜਗਦਾ ਜਗਦਾ, ਤੇਲ ਬਿਨਾਂ ਹੋ ਗੁੱਲ ਜਾਂਦਾ ਏ।

ਪੱਕੀਆਂ ਫ਼ਸਲਾਂ, ਕੱਚੇ ਕੋਠੇ, ਬਾਰਸ਼ ਵਿੱਚ ਜਦ ਢਹਿ ਨੇ ਜਾਂਦੇ,
ਮਰ ਮਰ ਮੁੜ ਕੇ ਜੰਮਣਾ ਪੈਂਦੈ, ਜਦ ਇਹ ਝੱਖੜ ਝੁੱਲ ਜਾਂਦਾ ਏ।

ਗਰਬ-ਗੁਬਾਰਾ ਸ਼ਾਨਾਂ ਵਾਲਾ, ਉੱਡਣਾ ਚਾਹੁੰਦਾ ਅੰਬਰ ਵੱਲੇ,
ਗੈਸ ਭਰੀ ਤੇ ਇਹ ਕਮਜ਼ੋਰਾ, ਗਰਦਨ ਤੀਕਰ ਫ਼ੁੱਲ ਜਾਂਦਾ ਏ।

l

ੳ

## ਕਿਣ ਮਿਣ ਕਣੀਆਂ ਧਰਤ ਉਡੀਕੇ

ਕਿਣ ਮਿਣ ਕਣੀਆਂ ਧਰਤ ਉਡੀਕੇ, ਜਾਨਾਂ ਔੜ ਸੁਕਾਈਆਂ ਨੇ।
ਪੌਣਾਂ ਤੇ ਅਸਵਾਰ ਬਦਲੀਆਂ, ਦੱਸ ਤੂੰ ਕਿੱਧਰ ਧਾਈਆਂ ਨੇ।

ਤਨ ਦੀ ਪਿਆਸ ਮਿਟਾਵਣ ਖ਼ਾਤਰ ਵਰ੍ਹ ਜਾਵੇਗਾ ਬੱਦਲ ਤਾਂ,
ਮੇਰੀ ਰੂਹ ਤੇ ਦਰਦ ਵਿਛੋੜੇ, ਇਹ ਕਿਉਂ ਲੀਕਾਂ ਲਾਈਆਂ ਨੇ।

ਸੁੱਕ ਚੱਲੇ ਨੇ ਮਾਨਸਰੋਵਰ, ਮਨ ਦੇ ਨਿੱਤਰੇ ਪਾਣੀ ਵੀ,
ਕੰਢਿਆਂ ਉੱਤੇ ਵੇਖ ਕਿਵੇਂ ਆਹ ਹੰਸਣੀਆਂ ਤਿਰਹਾਈਆਂ ਨੇ।

ਯਾਦਾਂ ਬੰਨ੍ਹ ਕਤਾਰਾਂ ਆਈਆਂ, ਇਹ ਕੀ ਹੋਇਆ ਮੇਰੇ ਨਾਲ,
ਬਚਪਨ ਰੁੱਤ ਦੇ ਨਕਸ਼ ਪੁਰਾਣੇ, ਕੂੰਜਾਂ ਲੈ ਕੇ ਆਈਆਂ ਨੇ।

ਤੇਰੀ ਮੇਰੀ ਪ੍ਰੀਤ ਕਦੇ ਵੀ ਜਿਸਮਾਂ ਦੀ ਮੋਹਤਾਜ ਨਹੀਂ,
ਮਨ ਦੀ ਖ਼ੁਸ਼ਕ ਬਰੇਤੀ ਉੱਤੇ, ਇਹ ਕਿਸ ਪੈੜਾਂ ਪਾਈਆਂ ਨੇ।

ਮੈਂ ਜੰਗਲ ਨੂੰ ਕਿਉਂ ਜਾਣਾ ਸੀ, ਤੇਰੇ ਹੁੰਦਿਆਂ ਖੁਸ਼ਬੋਈਏ,
ਮਿਰਗ ਕਥੂਰੀ ਮੇਰੇ ਅੰਦਰ, ਤਾਂ ਹੀ ਚੁੰਗੀਆਂ ਲਾਈਆਂ ਨੇ।

ਹੁਣ ਤਾਂ ਤੇਰੀ ਰੂਹ ਦਾ ਚਾਨਣ, ਵਾਹਵਾ ਚਾਰ ਚੁਫ਼ੇਰੇ ਹੈ,
ਤੈਥੋਂ ਪਹਿਲਾਂ ਮੱਸਿਆ ਜਹੀਆਂ, ਰਾਤਾਂ ਬਹੁਤ ਲੰਘਾਈਆਂ ਨੇ।

l

ੴ

## ਮੇਰੇ ਸਾਹਾਂ ਵਿਚ ਸਮਤੋਲ ਰਹੇ

ਮੇਰੇ ਸਾਹਾਂ ਵਿਚ ਸਮਤੋਲ ਰਹੇ।
ਜਦ ਤੱਕ ਵੀ ਹੌਕਾ ਕੋਲ ਰਹੇ।

ਪੌਣਾਂ ਨੇ ਸਾਜ਼ਿਸ਼ ਕੀਤੀ ਹੈ,
ਇਹ ਦੀਵੇ ਤਾਹੀਓਂ ਡੋਲ ਰਹੇ।

ਦਰਦਾਂ ਵਿੱਚ ਡੁੱਬੇ ਮੋਤੀ ਨੇ,
ਇਹ ਅੱਥਰੂ ਕਿਸ ਨੂੰ ਟੋਲ ਰਹੇ।

ਜੇ ਤਾਰੇ ਵੇਖੇਂ ਰਾਤਾਂ ਨੂੰ,
ਜਾਪਣਗੇ ਦੁਖ ਸੁਖ ਫ਼ੋਲ ਰਹੇ।

ਤੂੰ ਆਲ੍ਹਣਿਆਂ ਨਾ ਦਿਲ ਛੱਡੀਂ,
ਦੱਸ! ਪੰਛੀ ਕਿਸ ਦੇ ਕੋਲ ਰਹੇ।

ਪਰਤਣਗੇ ਵੇਖੀਂ ਵਤਨਾਂ ਨੂੰ,
ਜੋ ਪੰਛੀ ਨੇ ਪਰ ਤੋਲ ਰਹੇ।

ਜੇ ਕੰਡ ਕੀਤੀ ਹੈ ਸੱਜਣਾਂ ਤੋਂ,
ਖ਼ੁਦ ਸੁਣ ਲੈ, ਕੀਹ ਕੀਹ ਬੋਲ ਰਹੇ।

1

ੴ

## ਮੇਰੀ ਹਿੱਕ ਵਿਚ ਮਾਰਨ ਖ਼ਾਤਰ

ਮੇਰੀ ਹਿੱਕ ਵਿਚ ਮਾਰਨ ਖ਼ਾਤਰ ਉਸ ਦੇ ਹੱਥ ਵਿਚ ਖੰਜਰ ਹੈ।
ਕਮ ਅਕਲੇ ਨੂੰ ਕਿਹੜਾ ਦੱਸੇ, ਕੀ ਕੁਝ ਮੇਰੇ ਅੰਦਰ ਹੈ।

ਵਿਚ ਅਯੁੱਧਿਆ ਮਸਜਿਦ ਢਾਹ ਕੇ, ਅੱਲ੍ਹਾ ਬੇਘਰ ਕਰ ਦਿੱਤਾ,
ਤੀਨ ਲੋਕ ਦੇ ਮਾਲਕ ਖ਼ਾਤਰ, ਜਿਸ ਥਾਂ ਬਣਿਆ ਮੰਦਰ ਹੈ।

ਕਿਹੜੇ ਵੇਲੇ ਚੰਨ ਚੜ੍ਹਦਾ ਤੇ ਟੁੱਟਦੇ ਤਾਰੇ ਕਿੰਜ ਵੇਖਾਂ,
ਸੰਗਮਰਮਰ ਦੀ ਧਰਤੀ ਉਪਰ ਕੰਕਰੀਟ ਦਾ ਅੰਬਰ ਹੈ।

ਪੜ੍ਹੀ ਪੜ੍ਹਾਈ ਕੰਮ ਨਾ ਆਈ, ਹੱਥ ਵਿਚ 'ਕੱਲ੍ਹੀਆਂ ਠੀਕਰੀਆਂ,
ਗਿਆਨ ਧਿਆਨ ਦੇ ਨਾਂ ਤੇ ਤਣਿਆ, ਕਿੰਨਾ ਅਜਬ ਆਡੰਬਰ ਹੈ।

ਬਾਹੂ ਬਲ ਹੀ ਪਰਖ਼ ਰਿਹਾ ਸੀ, ਧੀ ਦੇ ਵਰ ਲਈ ਰਾਜਾ ਵੀ,
ਕਰੇ ਮੁਨਾਦੀ ਧਰਮੀ ਬਾਬਲ, ਓਦਾਂ ਕਹੇ ਸਵੰਬਰ ਹੈ।

ਦਿੱਲੀਏ ਤੇਰੇ ਨੱਕ ਦੇ ਥੱਲੇ, ਅਗਨੀ ਤਾਂਡਵ ਹੋਇਆ ਸੀ,
ਅਜੇ ਚੁਰਾਸੀ ਸੇਕ ਮਾਰਦਾ, ਲਾਟੋ ਲਾਟ ਨਵੰਬਰ ਹੈ।

ਰਿੱਛਾਂ ਵਾਂਗ ਨਚਾਵੇ ਸਾਨੂੰ, ਕੁਰਸੀ ਦਾ ਕਿਰਦਾਰ ਸਦਾ,
ਇਸ ਤੇ ਕਾਬਜ਼ ਹਰ ਯੁਗ ਅੰਦਰ ਸ਼ਾਤਰ ਬੜਾ ਕਲੰਦਰ ਹੈ।

1

o

## ਅੱਜ ਵੀ ਮੇਰਾ ਧਰਮੀ ਬਾਬਲ

ਅੱਜ ਵੀ ਮੇਰਾ ਧਰਮੀ ਬਾਬਲ ਸੋਚਾਂ ਵਿਚ ਗਲਤਾਨ ਕਿਉਂ ਹੈ?
ਅਣਜੰਮੀ ਨੂੰ ਮਾਰਨ ਖ਼ਾਤਰ, ਸਮਝੇ ਅਪਣੀ ਸ਼ਾਨ ਕਿਉਂ ਹੈ?

ਧੀ ਜੰਮਣ ਤੇ ਅੱਜ ਵੀ ਪਹਿਰੇ, ਮਾਂ ਦੁਰਗਾ ਦੀ ਧਰਤੀ ਉੱਤੇ,
ਸਰਸਵਤੀ ਤੇ ਲੱਛਮੀ ਦਾ ਘਰ ਇਹਨਾਂ ਲਈ ਸ਼ਮਸ਼ਾਨ ਕਿਉਂ ਹੈ?

ਪੁੱਤਰ ਧੀਆਂ ਇੱਕ ਬਰਾਬਰ ਕੂਕ ਰਹੇ ਹੋ, ਸਮਝੋ ਵੀ ਤਾਂ,
ਸਾਡੀ ਖ਼ਾਤਰ ਪੁੱਤਰਾਂ ਨਾਲੋਂ, ਵੱਖਰਾ ਜਿਮੀਂ 'ਸਮਾਨ ਕਿਉਂ ਹੈ?

ਧੀਆਂ ਨੂੰ ਧਨ ਆਖਣ ਵਾਲਿਓ, ਇਸ ਗੱਲ ਦਾ ਵੀ ਕਰੋ ਨਿਤਾਰਾ,
ਮੇਰਾ ਬਾਪੂ ਨਿੰਮੋਝੂਣਾ, ਪੁੱਤ ਵਾਲਾ ਬਲਵਾਨ ਕਿਉਂ ਹੈ?

ਦੋ ਧੀਆਂ ਤੋਂ ਮਗਰੋਂ ਪੁੱਤਰ, ਲੱਭਦਾ ਫਿਰਦੈ ਸਾਧਾਂ ਡੇਰੇ,
ਵਾਰਿਸ ਮੰਗਦਾ ਕਮਲਾ ਹੋਇਆ, ਏਸ ਨਗਰ ਸੁਲਤਾਨ ਕਿਉਂ ਹੈ?

ਜਿਸ ਧਰਤੀ ਤੇ ਧੀਆਂ ਭੈਣਾਂ, ਘਰ ਤੇ ਬਾਹਰ ਸਲਾਮਤ ਹੀ ਨਾ,
ਫਿਰ ਵੀ ਕੇਵਲ ਲਫ਼ਜ਼ਾਂ ਅੰਦਰ, ਭਾਰਤ ਦੇਸ਼ ਮਹਾਨ ਕਿਉਂ ਹੈ?

ਚੁੱਪ ਬੈਠੇ ਹੋ ਦੁਨੀਆਂ ਵਾਲਿਓ, ਔਰਤ ਦਿਵਸ ਮਨਾਉਂਦੇ ਲੋਕੋ,
ਜੱਗ ਜਣਨੀ ਦੇ ਕਾਤਲ ਅੱਗੇ, ਸਭ ਦੀ ਬੰਦ ਜ਼ੁਬਾਨ ਕਿਉਂ ਹੈ?

1

o

## ਵੇਖੋ ਭੀੜ 'ਚ ਗੁਆਚਾ

ਵੇਖੋ ਭੀੜ 'ਚ ਗੁਆਚਾ ਹੋਇਆ ਆਮ ਆਦਮੀ।
ਅੱਗੇ ਅੱਗ ਪਿੱਛੇ ਪਾਣੀ-ਟੋਇਆ ਆਮ ਆਦਮੀ।

ਫਿਰ ਧੂੰਏਂ ਦਿਆ ਬੱਦਲਾਂ ਤੋਂ ਮੇਘ ਮੰਗਦਾ,
ਅੱਜ ਕਿੰਨਾ ਹੈ ਵਿਚਾਰਾ ਹੋਇਆ ਆਮ ਆਦਮੀ।

ਸ਼ਹਿਰ ਮਿਲੇ ਨਾ ਦਿਹਾੜੀ ਪਿੰਡੋਂ ਸੁੰਗੜੇ ਸਿਆੜ,
ਤੀਜਾ ਕਰਜ਼ੇ ਦੇ ਹੇਠ ਹੋਇਆ ਆਮ ਆਦਮੀ।

ਕਦੇ ਲਾਲ ਕਦੇ ਖੱਟੇ, ਚਿੱਟੇ ਨੀਲਿਆਂ ਨੇ ਪੱਟੇ,
ਕਿਸ ਹੱਥੋਂ ਨਾ ਖਵਾਰ ਹੋਇਆ ਆਮ ਆਦਮੀ।

ਲੀਰੋ ਲੀਰ ਹੈ ਲਿਬਾਸ, ਡਾਢਾ ਮਨੂਆ ਉਦਾਸ,
ਕਿਹੜਾ ਦੇਵੇ ਧਰਵਾਸ, ਰੋਇਆ ਆਮ ਆਦਮੀ।

ਦਿੱਲੀ ਦਿਲ ਦੀ ਖਵਾਰ, ਕੀਹਦਾ ਕਰੇ ਇਤਬਾਰ,
ਲੋਕ ਰਾਜ ਕੀਤਾ ਅੱਧ ਮੋਇਆ ਆਮ ਆਦਮੀ।

ਵੇਖ ਨਾਅਰੇ ਦਾ ਕਮਾਲ, ਜਿਹੜਾ ਲਾਉਂਦੇ ਨੇ ਦਲਾਲ,
ਕਿੱਦਾਂ ਮਸਤੀ 'ਚ ਲੀਨ ਹੋਇਆ ਆਮ ਆਦਮੀ।

1

ੋ

## ਅਕਸਰ ਚੇਤੇ ਕਰਦਾ ਰਹਿੰਦਾ

ਅਕਸਰ ਚੇਤੇ ਕਰਦਾ ਰਹਿੰਦਾ, ਬੋਹੜ ਪਿੱਪਲ ਦੀਆਂ ਛਾਵਾਂ ਨੂੰ।
ਸੁਪਨੇ ਵਿਚ ਵੀ ਤਰਦਾ ਰਹਿੰਦਾਂ ਭਰ ਵਗਦੇ ਦਰਿਆਵਾਂ ਨੂੰ।

ਸ਼ਹਿਰ ਸਮੁੰਦਰ ਅੰਦਰ ਮੇਰਾ ਡੇਰਾ ਹੈ, ਵਿਸ਼ਰਾਮ ਨਹੀਂ,
ਨਮਕ ਹਰਾਮੀ ਖਾ ਚੱਲਿਆ ਹੈ, ਕੋਮਲ ਸੱਜਰੇ ਚਾਵਾਂ ਨੂੰ।

ਤੇਰੇ ਘਰ ਵੀ ਖ਼ੁਾਬ ਨਵੇਲੇ, ਵਾਂਗ ਪ੍ਰਾਹੁਣਿਆਂ ਆਵਣਗੇ,
ਚੂਰੀ ਕੁੱਟ ਕੇ ਪਾਵੇਂਗਾ ਜੇ, ਸ਼ਾਮ ਸਵੇਰੇ ਕਾਵਾਂ ਨੂੰ।

ਸੁਖ ਵੇਲੇ ਤਾਂ ਬੜੇ ਸਨੇਹੀ, ਰਹਿੰਦੇ ਨੇ ਪਰਛਾਵੇਂ ਵਾਂਗ,
ਸੰਕਟ ਵੇਲੇ ਲੱਭਦਾ ਫਿਰਦਾਂ, ਨਕਲੀ ਭੈਣ-ਭਰਾਵਾਂ ਨੂੰ।

ਇਹ ਮਨ ਜੰਗਲ ਦੇ ਵਿਚ ਭੱਜਦਾ, ਹਿਰਨੋਟੇ ਤੋਂ ਤੇਜ਼ ਤਰਾਰ,
ਚੰਚਲ ਚਿੱਤ ਬੇਕਾਬੂ ਨਾ ਕਰ, ਖਿੱਚ ਕੇ ਰੱਖ ਤਣਾਵਾਂ ਨੂੰ।

ਮੋਹ ਮਮਤਾ ਦੀ ਅਸਲੀ ਕੀਮਤ ਪਿਆਰ ਮੁਹੱਬਤ ਵੰਡਿਆ ਕਰ,
ਹੋਰ ਕਿਸੇ ਦੌਲਤ ਦੀ ਬੱਚਿਆ, ਲੋੜ ਨਾ ਹੁੰਦੀ ਮਾਵਾਂ ਨੂੰ।

ਧਰਤੀ ਮਾਂ ਨੇ ਮੈਨੂੰ ਇਹ ਗੱਲ ਦੱਸੀ ਤੇ ਮੈਂ ਸਮਝ ਗਿਆਂ,
ਪਗਡੰਡੀਆਂ ਨੇ ਪੈੜ-ਪੁਸਤਕਾਂ ਪੜ੍ਹ ਤੂੰ ਕੱਚਿਆਂ ਰਾਹਵਾਂ ਨੂੰ।

1

ੋ

## ਮੇਰੇ ਨੇੜੇ ਜਦ ਤੂੰ ਆਵੇਂ

ਮੇਰੇ ਨੇੜੇ ਜਦ ਤੂੰ ਆਵੇਂ ਵਕਤ ਹਮੇਸ਼ਾਂ ਰੁਕ ਜਾਂਦਾ ਹੈ।
ਵਗਦਾ ਦਰਿਆ ਹੰਝੂਆਂ ਵਾਲਾ, ਇੱਕ ਤੱਕਣੀ ਵਿਚ ਸੁਕ ਜਾਂਦਾ ਹੈ।

ਰੰਗਾਂ ਤੇ ਖੁਸ਼ਬੋਈਆਂ ਨੂੰ ਤੂੰ, ਆਖ ਦਿਆ ਕਰ ਹੁਣ ਸੌਂ ਜਾਵੋ,
ਸਿਰ ਤੇ ਮਘਦਾ ਸੂਰਜ ਵੀ ਤਾਂ ਸ਼ਾਮ ਢਲੀ ਤੇ ਲੁਕ ਜਾਂਦਾ ਹੈ।

ਮੇਰੀ ਰੂਹ ਨੂੰ ਜੀਣ ਜੋਗੀਏ, ਅਨਹਦ ਨਾਦ ਸੁਣਾਇਆ ਕਰ ਤੂੰ,
ਸ਼ਬਦ-ਸਵਾਰੀ ਕਰਦਾ ਹੋਇਆ, ਗੀਤ ਹਮੇਸ਼ਾਂ ਮੁਕ ਜਾਂਦਾ ਹੈ।

ਅੰਬਰੋਂ ਕਿਰਦੀ ਬੂੰਦ ਸਵਾਂਤੀ ਜਦੋਂ ਪਪੀਹੇ ਦੇ ਮੂੰਹ ਪੈਂਦੀ,
ਰੂਹ ਸਰਸ਼ਾਰ ਕਰੇ ਇੱਕ ਤੁਪਕਾ, ਐਸਾ ਢੋਅ ਵੀ ਢੁਕ ਜਾਂਦਾ ਹੈ।

ਘੁੱਟ ਕੇ ਫੜ ਲੈ ਵਾਗ ਸਮੇਂ ਦੀ, ਹੱਥੀ ਚਰਖ਼ੇ ਦੀ ਨਾ ਢਿਲਕੇ,
ਬੇਪਰਵਾਹੀ ਅੰਦਰ ਪਹੀਆ, ਪਿੱਛੇ ਵੱਲ ਵੀ ਘੁਕ ਜਾਂਦਾ ਹੈ।

ਮੈਂ ਤੱਕਿਐ ਵਿਸ਼ਵਾਸ ਦੇ ਅੱਗੇ, ਤਾਰੇ ਤੇ ਚੰਨ ਕਰਨ ਸਲਾਮਾਂ,
ਨਿਸ਼ਚਾ ਧਾਰ ਲਵੋ ਤਾਂ ਲੋਹੇ ਅੰਦਰ ਕਿੱਲ ਵੀ ਠੁਕ ਜਾਂਦਾ ਹੈ।

ਤਰਸ ਰਿਹੈਂ ਕਿਉਂ ਜ਼ਿੰਦਗੀ ਖ਼ਾਤਰ, ਜ਼ਿੰਦਾਦਿਲ ਹੈਂ, ਸਾਬਤ ਕਰ ਦੇ,
ਹਿੰਮਤ ਅੱਗੇ ਧਰਤੀ ਪੁੱਤਰਾ, ਨੀਲਾ ਅੰਬਰ ਝੁਕ ਜਾਂਦਾ ਹੈ।

1

o

## ਉੱਡਣ ਖਟੋਲੇ ਵਾਲੇ ਭਾਈ

ਉੱਡਣ ਖਟੋਲੇ ਵਾਲੇ ਭਾਈ ਭੁੱਲ ਗਏ ਨੇ ਪਗਡੰਡੀਆਂ ਨੂੰ।
ਪਿੰਡਾਂ ਵਾਲੇ ਝੂਰ ਰਹੇ ਨੇ, ਵੇਖ ਵੇਖ ਕੇ ਝੰਡੀਆਂ ਨੂੰ।

ਅਮਰੀਕਾ ਤੋਂ ਦਿੱਲੀ ਥਾਣੀਂ ਮਾਲ ਪਲਾਜ਼ੇ ਆ ਗਏ ਨੇ,
ਬੁਰਕੀ ਬੁਰਕੀ ਕਰਕੇ ਖਾ ਗਏ ਨਿੱਕੀਆਂ ਨਿੱਕੀਆਂ ਮੰਡੀਆਂ ਨੂੰ।

ਜਿੱਤਣ ਵਾਲੇ ਦਿੱਲੀ ਤੁਰ ਗਏ, ਲੋਕ ਵਿਚਾਰੇ ਹਾਰ ਗਏ,
ਜਿੱਤਾਂ ਹਾਰਾਂ ਕਿਸ ਭਾਅ ਪਈਆਂ, ਭੈਣਾਂ ਹੋਈਆਂ ਰੰਡੀਆਂ ਨੂੰ।

ਅਗਲਾ ਜਨਮ ਸੰਵਾਰਨ ਖ਼ਾਤਰ, ਅੱਜ ਨੂੰ ਗੁਮਰਾਹ ਕਰਦੇ ਨੇ,
ਧਰਮ ਦੇ ਨਾਂ ਤੇ ਇਹ ਕੀਹ ਵੇਚਣ, ਪੁੱਛੇ ਕੌਣ ਪਾਖੰਡੀਆਂ ਨੂੰ।

ਧਰਮ ਤਰਾਜ਼ੂ ਦੇ ਵਿਚ ਕਿੱਦਾਂ ਸੀਸ ਤੁਲਾਏ ਧਰਮੀਆਂ ਨੇ,
ਅਗਨ ਸੁਨੇਹਾ ਅੱਜ ਵੀ ਚੇਤੇ ਨਨਕਾਣੇ ਦੀਆਂ ਜੰਡੀਆਂ ਨੂੰ।

ਸ਼ੇਰਾਂ ਦੇ ਪੁੱਤ ਸੰਗਲੀ ਬੱਧੇ, ਕਰਨ ਗੁਲਾਮੀ ਗਰਜ਼ਾਂ ਦੀ,
ਖਾ ਜਾਵੇਗਾ ਹੌਲੀ ਹੌਲੀ ਇਹ ਜ਼ਰ ਤੇਗਾਂ ਚੰਡੀਆਂ ਨੂੰ।

ਅਗਲਾ ਪਿਛਲਾ ਲੇਖਾ ਜੋਖਾ ਲੈ ਲੈਣਾ ਏਂ ਗਿਣ ਮਿਣ ਕੇ,
ਜਿਸ ਦਿਨ ਸਾਡਾ ਹੱਥ ਪੈ ਗਿਆ, ਸਿੱਧਾ ਜ਼ਾਲਮ ਘੰਡੀਆਂ ਨੂੰ।

1

o

## ਇਕ ਵਾਰ ਭਗਤ ਸਿੰਘ ਫਿਰ ਆਵੇ

ਇਹ ਸੁਣਦਿਆਂ ਕੰਨ ਵੀ ਪੱਕ ਗਏ ਨੇ, ਇਕ ਵਾਰ ਭਗਤ ਸਿੰਘ ਫਿਰ ਆਵੇ।
ਸਾਨੂੰ ਜਬਰ ਜ਼ੁਲਮ ਤੋਂ ਮੁਕਤ ਕਰੇ, ਇਕ ਵਾਰ ਭਗਤ ਸਿੰਘ ਫਿਰ ਆਵੇ।

ਕਿਉਂ ਜ਼ੋਰ ਜਵਾਨੀ ਮੁੱਕ ਗਿਆ ਤੇ ਅਣਖ਼ ਦਾ ਸੋਮਾ ਸੁੱਕ ਗਿਆ,
ਕਮਜ਼ੋਰ ਜਵਾਨੀ ਕਿਉਂ ਕਹਿੰਦੀ, ਇਕ ਵਾਰ ਭਗਤ ਸਿੰਘ ਫਿਰ ਆਵੇ।

ਕਿਉਂ ਗਿਆਨ ਦੀ ਲੀਹੋਂ ਲਹਿ ਗਏ ਹਾਂ ਤੇ ਹੱਥਲ ਹੋ ਕੇ ਬਹਿ ਗਏ ਹਾਂ,
ਇਹ ਹੀ ਕਿਉਂ ਮੁੜ ਮੁੜ ਕਹਿੰਦੇ ਹਾਂ, ਇਕ ਵਾਰ ਭਗਤ ਸਿੰਘ ਫਿਰ ਆਵੇ।

ਅਸੀਂ ਆਪਣੀ ਮੀਟੀ ਹਾਰ ਗਏ, ਦੁਸ਼ਮਣ ਹੱਥ ਬਣ ਹਥਿਆਰ ਗਏ,
ਪਿੰਜਰੇ ਵਿਚ ਬਹਿ ਕੇ ਕਿਉਂ ਗਾਈਏ, ਇਕ ਵਾਰ ਭਗਤ ਸਿੰਘ ਫਿਰ ਆਵੇ।

ਅਸੀਂ ਹਾਕਮ ਦੇ ਕਾਰਿੰਦੇ ਹੁਣ, ਇਤਿਹਾਸ ਕੋਲ ਸ਼ਰਮਿੰਦੇ ਹੁਣ,
ਕਿਉਂ ਮੂੰਹ ਰੱਖਣੀ ਲਈ ਕਹਿੰਦੇ ਹਾਂ ਇਕ ਵਾਰ ਭਗਤ ਸਿੰਘ ਫਿਰ ਆਵੇ।

ਸਾਡੇ ਹੀ ਅੰਦਰ ਰਾਜਗੁਰੂ, ਸੁਖਦੇਵ, ਭਗਤ ਸਿੰਘ ਸਾਰੇ ਹੀ,
ਬੇਗ਼ੈਰਤ ਹੋ ਕਿਉਂ ਕਹਿੰਦੇ ਹਾਂ, ਇਕ ਵਾਰ ਭਗਤ ਸਿੰਘ ਫਿਰ ਆਵੇ।

ਜੇ ਸੱਚ ਮੁੱਚ ਮੁਕਤੀ ਚਾਹੁੰਦੇ ਹਾਂ, ਕਿਉਂ ਬਾਹਰੋਂ ਨਾਇਕ ਬੁਲਾਉਂਦੇ ਹਾਂ,
ਸਾਡੀ ਰਖਵਾਲੀ ਖ਼ਾਤਰ ਕਿਉਂ, ਇੱਕ ਵਾਰ ਭਗਤ ਸਿੰਘ ਫਿਰ ਆਵੇ।

1

ੳ

## ਵਕਤ ਹਮੇਸ਼ਾ ਸਾਨੂੰ ਸਭ ਨੂੰ

ਵਕਤ ਹਮੇਸ਼ਾ ਸਾਨੂੰ ਸਭ ਨੂੰ, ਇੱਕੋ ਹੀ ਗੱਲ ਕਹਿੰਦਾ ਹੈ।
ਸੂਰਜ ਜੀਕੂੰ ਇੱਕ ਥਾਂ ਚੜ੍ਹਦਾ, ਦੂਜੀ ਉੱਤੇ ਲਹਿੰਦਾ ਹੈ।

ਗਿਆਨ ਦੇ ਸਾਗਰ ਮਾਣਕ ਮੋਤੀ, ਲੱਭਣੇ ਅੱਗੇ ਵੰਡ ਦੇਣੇ,
ਅਜ਼ਲਾਂ ਤੋਂ ਵਡਪੁਰਖਿਆਂ ਦਾ ਫੁਰਮਾਨ ਇਹੋ ਹੀ ਕਹਿੰਦਾ ਹੈ।

ਹਰ ਕਿਸ਼ਤੀ ਨੂੰ ਪਾਰ ਕਿਨਾਰੇ ਲਾਉਣਾ ਹੀ ਤਾਂ ਜੀਵਨ ਹੈ,
ਇਹ ਜ਼ਿੰਦਗਾਨੀ ਵਗਦਾ ਦਰਿਆ ਕਦੋਂ ਟਿਕਾਅ ਵਿਚ ਰਹਿੰਦਾ ਹੈ।

ਨੇਰ੍ਹ ਮਿਟਾਵਣ ਖ਼ਾਤਰ ਦੀਵੇ ਜਗਦੇ ਮਘਦੇ ਰਾਤਾਂ ਨੂੰ,
ਨੂਰ ਇਲਾਹੀ ਸਬਕ ਪੜ੍ਹਾਵੇ, ਸੁਣ ਲਉ ਇਹ ਕੀ ਕਹਿੰਦਾ ਹੈ?

ਤੂੰ ਘਣਛਾਵੀਂ ਛਤਰੀ ਬਣ ਜਾ, ਧੁੱਪੇ ਛਾਵਾਂ ਵੰਡੀ ਜਾਹ,
ਨਾ ਅੱਕੀਂ ਨਾ ਥੱਕੀਂ ਵੀਰਾ, ਬਿਰਖ਼ ਕਦੋਂ ਦੱਸ ਬਹਿੰਦਾ ਹੈ।

ਕੱਚੀ ਮਿੱਟੀ ਬਾਲ ਬਚਪਨਾ ਰੂਪ ਸਰੂਪ ਸੰਵਾਰਨ ਲਈ,
ਸਿਰਜਣਹਾਰ ਵੀ ਸਾਡੇ ਬਾਝੋਂ ਦੱਸ ਤੂੰ ਕਿਸ ਨੂੰ ਕਹਿੰਦਾ ਹੈ।

ਸਫ਼ਰ ਨਿਰੰਤਰ ਕਰਦੇ ਕਰਦੇ ਮਿਲਣਾ ਫੇਰ ਵਿਛੜ ਜਾਣਾ,
ਖੁਸ਼ਬੋਈ ਦਾ ਸਾਥ ਸਦੀਵੀ ਅੰਗ ਸੰਗ ਸਾਡੇ ਰਹਿੰਦਾ ਹੈ।

1

ੳ

## ਮੈਂ ਤਾਂ ਰੂਹ ਹਾਂ ਪਿਆਰ 'ਚ ਭਿੱਜੀ

ਮੈਂ ਤਾਂ ਰੂਹ ਹਾਂ ਪਿਆਰ 'ਚ ਭਿੱਜੀ, ਤਗਮਾ ਜਾਂ ਕੋਈ ਹਾਰ ਨਹੀਂ।
ਜਦ ਦਿਲ ਚਾਹਿਆ, ਹਿੱਕ ਤੇ ਲਾਇਆ, ਵਰਤਣ ਮਗਰੋਂ ਸਾਰ ਨਹੀਂ।

ਪੁਨੂੰ ਵਾਂਗ ਬਲੋਚ ਵਪਾਰੀ, ਅੱਜ ਵੀ ਸੱਸੀਆਂ ਛੱਡ ਜਾਂਦੇ,
ਕਰਦੇ ਨੇ ਉਹ ਵਣਜ, ਹਮੇਸ਼ਾਂ, ਨਕਦ-ਮ-ਨਕਦ, ਉਧਾਰ ਨਹੀਂ।

ਮੈਂ ਤੇਰੇ ਦਿਲ ਅੰਦਰ ਆਵਾਂ, ਸਦਾ ਸਦਾ ਲਈ ਰਹਿ ਜਾਵਾਂ,
ਖੁਸ਼ਬੋਈ ਹਾਂ, ਮੇਰਾ ਸੁਣ ਲੈ, ਰੂਹ ਤੇ ਪੈਂਦਾ ਭਾਰ ਨਹੀਂ।

ਮੈਂ ਤੇਰੇ ਸਾਹਾਂ ਦੀ ਮਾਲ਼ਾ ਅੰਦਰ ਫਿਰਦੇ ਮਣਕਿਆਂ ਵਾਂਗ,
ਨਾ ਤੋੜੀਂ ਬੇਕਦਰਾ ਤੰਦਾਂ, ਰਿਸ਼ਤਾ ਮਨੋਂ ਵਿਸਾਰ ਨਹੀਂ।

ਸੁਪਨੇ ਵੀ ਪੰਖੇਰੂ ਭਾਵੇਂ, ਹਰ ਛਤਰੀ ਨਾ ਬਹਿੰਦੇ ਨੇ,
ਤੂੰ ਇਨ੍ਹਾਂ ਨੂੰ ਤੱਕ ਨਹੀਂ ਸਕਣਾ, ਇਹ ਕੂੰਜਾਂ ਦੀ ਡਾਰ ਨਹੀਂ।

ਇਸ ਅਗਨੀ ਵਿਚ ਪਿਘਲੇ ਲੋਹਾ, ਤਰਲ ਬਣੇ ਤੇ ਰੂਪ ਧਰੇ,
ਨਾ ਛੂਹੀਂ ਨਾ ਛੂਹੀਂ ਇਸ ਨੂੰ, ਇਹ ਕੋਈ ਗੁਲਨਾਰ ਨਹੀਂ।

ਸਿਰਜਣਹਾਰੀ, ਪਾਲਣਹਾਰੀ, ਧਰਤੀ ਮਾਂ ਦੱਸ ਕੀ ਕੀ ਨਾਂਹ,
ਕਦਮ ਕਦਮ ਤੇ ਅੰਗ ਸੰਗ ਤੇਰੇ, ਫਿਰ ਤੂੰ ਸ਼ੁਕਰ ਗੁਜ਼ਾਰ ਨਹੀਂ।

1

o

## ਮਨ ਦੀ ਬਸਤੀ, ਵੇਖਣ ਨੂੰ ਤਾਂ

ਮਨ ਦੀ ਬਸਤੀ, ਵੇਖਣ ਨੂੰ ਤਾਂ, ਉੱਸਰੀ ਹੈ, ਆਬਾਦ ਨਹੀਂ।
ਏਸੇ ਕਰਕੇ ਇਨਕਲਾਬ ਅੱਜ, ਓਨਾ ਜ਼ਿੰਦਾਬਾਦ ਨਹੀਂ।

ਬਾਗਾਂ ਵਾਲੇ ਬਾਗਬਾਨ ਸਭ ਠੇਕੇਦਾਰ ਬਣਾ ਸੁੱਟੇ,
ਬਿਰਖ਼ ਬਰੂਟੇ ਉੱਜੜ ਚੱਲੇ, ਮਾਲੀ ਨੂੰ ਕੁਝ ਯਾਦ ਨਹੀਂ।

ਵਤਨ ਮੇਰੇ ਵਿਚ ਧੀਆਂ ਪੁੱਤਰ, ਇੱਕ ਵੀ ਰਹਿਣਾ ਚਾਹੁੰਦਾ ਨਹੀਂ,
ਕਿਹੜਾ ਕਹਿੰਦਾ ਸੋਨ ਚਿੜੀ ਨੂੰ, ਹੋਈ ਇਹ ਬਰਬਾਦ ਨਹੀਂ।

ਸਾਡੇ ਪਿੰਡ ਦਾ ਗੁੜ ਤੇ ਸ਼ੱਕਰ, ਜਦ ਤੋਂ ਮੰਡੀ ਆ ਬੈਠਾ,
ਆਪਣਾ ਮੰਨ ਕੇ ਖਾ ਲੈਂਦਾ ਪਰ, ਪਹਿਲਾਂ ਵਾਂਗ ਸਵਾਦ ਨਹੀਂ।

ਤਨ ਤੇ ਮਨ ਨੂੰ ਕਿੰਨੀ ਵਾਰੀ, ਅਗਨ ਕੁਠਾਲੀ ਪਾਇਆ ਹੈ,
ਮੇਰਾ ਨਿਸ਼ਚਾ ਐਵੇਂ ਕਿਧਰੇ, ਬਣਿਆ ਤਾਂ ਫ਼ੌਲਾਦ ਨਹੀਂ।

ਸੂਰਮਿਆਂ ਦੇ ਵਾਰਿਸ ਕਿੰਨੇ, ਟੋਡੀ ਲੁਕਦੇ ਫਿਰਦੇ ਨੇ,
ਕਿੰਜ ਕਹਿੰਦੇ ਹੋ, ਭਗਤ, ਸਰਾਭੇ, ਊਧਮ ਦੀ ਔਲਾਦ ਨਹੀਂ।

ਹੇ ਗੁਰ ਮੇਰੇ, ਰਾਗ ਰਤਨ ਦੀ ਸੋਝੀ ਸਾਥੋਂ ਗੁੰਮ ਚੱਲੀ,
ਰਸਨਾ ਗਾਵੇ, ਪਰ ਨਾ ਆਵੇ, ਮਨ ਅੰਦਰ ਵਿਸਮਾਦ ਨਹੀਂ।

1

o

## ਕੰਨ ਕਰ ਕੋਲ ਮੇਰੇ

ਕੰਨ ਕਰ ਕੋਲ ਮੇਰੇ, ਸੋਹਣੇ ਚੰਨ ਮੱਖਣਾ।
ਦਿਲ ਦੇ ਉਬਾਲ ਕਾਹਨੂੰ, ਐਵੇਂ ਸਾਂਭ ਰੱਖਣਾ।

ਜ਼ਿੰਦਗੀ 'ਚ ਆਸ ਤੇ ਉਮੀਦ ਦੋ ਚਿਰਾਗ ਨੇ,
ਸੁਪਨੇ ਬਗੈਰ ਤਾਂ ਹਮੇਸ਼ ਬੰਦਾ ਸੱਖਣਾ।

ਧਰਤੀ ਵੀ ਜਾਣਦੀ ਹੈ, ਸੂਰਜੇ ਦੇ ਤਾਣ ਨੂੰ,
ਐਵੇਂ ਤਾਂ ਨਹੀਂ ਕਰਦੀ ਦੁਆਲੇ ਪਰਦੱਖਣਾ।

ਮੌਤ ਹੈ ਅੱਟਲ, ਪਰ ਜੀਂਦੇ ਜੀਅ ਕਿਉਂ ਮਰੀਏ,
ਸ਼ੌਕ ਸਾਨੂੰ ਜ਼ਿੰਦਗੀ ਦਾ ਮਿੱਠਾ ਮਹੁਰਾ ਚੱਖਣਾ।

ਪੁੱਛਦੇ ਸ਼ਹੀਦ ਤੇ ਮੁਰੀਦ ਹੱਕ ਸੱਚ ਦੇ,
ਮਾਰ ਕੇ ਜ਼ਮੀਰਾਂ ਪੁੱਟੀ ਖ਼੍ਵਾਬ ਦੀ ਕਿਉਂ ਜੱਖਣਾ।

ਵੱਡੀ ਮੱਛੀ ਨਿੱਕੀ ਨੂੰ ਹੈ ਸਦਾ ਖਾਂਦੀ ਸੁਣਿਐਂ,
ਮੰਡੀ ਸੰਸਾਰ ਨੇ ਬਾਜ਼ਾਰ ਵੇਖੀਂ ਭੱਖਣਾ।

ਹਿੰਮਤੇ ਨੀ, ਬੂਹੇ ਖੁੱਲ੍ਹੇ ਰੱਖਦਾਂ ਸਵੇਰ ਸ਼ਾਮ,
ਸਾਡੇ ਘਰ ਪਾਈਂ ਕਦੇ ਪੈਰ ਤੂੰ ਸੁਲੱਖਣਾ।

1

o

## ਇਸ ਧਰਤੀ ਤੇ ਮੈਨੂੰ ਦੱਸੋ

ਇਸ ਧਰਤੀ ਤੇ ਮੈਨੂੰ ਦੱਸੋ ਕਿਹੜੀ ਏਨੀ ਜ਼ਾਲਮ ਥਾਂ ਹੈ।
ਜਿੱਥੇ ਪਸ਼ੂਆਂ ਵਾਂਗ ਹਲਾਂ ਨੂੰ ਖਿੱਚਦੀ ਅੱਗੇ ਜੋੜੀ ਮਾਂ ਹੈ।

ਜਿਹੜੇ ਦੇਸ਼ ਨੂੰ ਭਾਰਤ ਕਹਿੰਦੇ, ਗਲੀ ਗਲੀ ਭਗਵਾਨ ਨੇ ਰਹਿੰਦੇ,
ਮਮਤਾ ਦੇ ਲਈ ਕੋਈ ਥਾਂ ਨਹੀਂ, ਪੂਜ ਰਹੇ ਸਭ ਫੰਡਰ ਗਾਂ ਹੈ।

ਅੱਲ੍ਹਾ ਤੇ ਭਗਵਾਨ ਗਵਾਚੇ, ਰਾਮ ਰਹੀਮ ਨੂੰ ਕਿਹੜਾ ਵਾਚੇ,
ਵੀਹ ਸਦੀਆਂ ਵਿਚ ਏਥੇ ਪਹੁੰਚੇ, ਪੈਸਾ ਰੱਬ ਦਾ ਇੱਕੋ ਨਾਂ ਹੈ।

ਮਨ ਦੇ ਅੰਦਰ ਕੁਰਬਲ ਕੁਰਬਲ, ਆਪਾ ਧਾਪੀ, ਖੋਹਾ ਮੋਹੀ,
ਕੱਲ-ਮ-ਕੱਲ੍ਹੇ ਘਰ ਤੇ ਕਮਰੇ, ਟੱਬਰ ਖ਼ਾਤਰ ਕਿਹੜੀ ਥਾਂ ਹੈ।

ਮੈਂ ਕਿੰਜ ਆਖਾਂ ਧਰਤੀ ਮਾਂ ਨੂੰ, ਆਪਣੀ ਬੁੱਕਲ ਵਿਚ ਸਮਾ ਲੈ,
ਵਿੱਚ ਹਵਾ ਦੇ ਉੱਡਿਆ ਫਿਰਦਾਂ, ਭੁੱਲਿਆ ਆਪਣਾ ਆਪ ਗਿਰਾਂ ਹੈ।

ਸ਼ਹਿਰ ਸਮੁੰਦਰ ਖ਼ਾਰਾ ਪਾਣੀ, ਕੌੜਾ ਧੂੰਆਂ ਅੱਖੀਆਂ ਥਾਣੀਂ,
ਪਿੰਡ ਉਦਾਸ, ਗ਼ਮਾ ਵਿੱਚ ਡੁੱਬੇ, ਬਿਰਖਾਂ ਹੇਠ ਤੜਫ਼ਦੀ ਛਾਂ ਹੈ।

ਮਨ ਦੀ ਬਸਤੀ ਅੰਦਰ ਵੇਖੋ, ਕਿੰਨਾ ਕੁਝ ਮੋਇਆ, ਅਧਮੋਇਆ,
ਸੁਪਨੇ ਰੀਝਾਂ ਸਹਿਕ ਰਹੇ ਨੇ, ਕਬਰਾਂ ਵਰਗੀ ਚੁੱਪ ਤੇ ਚਾਂ ਹੈ।

l

o

## ਅੱਖਾਂ ਉੱਤੋਂ ਕਾਲੀਆਂ ਤੂੰ ਐਨਕਾਂ

ਅੱਖਾਂ ਉੱਤੋਂ ਕਾਲੀਆਂ ਤੂੰ ਐਨਕਾਂ ਉਤਾਰ ਦੇ।
ਸਾਗਰਾਂ 'ਚ ਡੁੱਬਿਆਂ ਨੂੰ, ਇੱਕ ਵਾਰੀ ਤਾਰ ਦੇ।

ਇੱਕੋ ਇੱਕ ਜ਼ਿੰਦਗੀ ਹਜ਼ੂਰ ਮਿਲੀ ਔਖੀ ਸੌਖੀ,
ਏਸ ਨੂੰ ਸਵਾਸ ਥੋੜੇ ਤੂੰ ਵੀ ਤਾਂ ਉਧਾਰ ਦੇ।

ਉਲਝੀ ਹੈ ਤਾਣੀ ਤੇ ਕਹਾਣੀ ਬੇਲਗਾਮ ਹੋਈ,
ਏਨਾ ਕੰਮ ਕਰ, ਹੁਣ ਤੰਦਾਂ ਨੂੰ ਸੰਵਾਰ ਦੇ।

ਹਿੱਕ ਵਿੱਚ ਨਿੱਕੇ-ਨਿੱਕੇ ਕਿੰਨੇ ਹੀ ਮਾਸੂਮ ਖ਼੍ਵਾਬ,
ਧਰਤੀ 'ਚ ਬੀਜ ਇਹ ਤੇ ਪੌਣਾਂ 'ਚ ਖਿਲਾਰ ਦੇ।

ਆਈ ਪੁੰਗਰਾਂਦ ਪੱਤਝੜ ਦੀ ਛਿਮਾਹੀ ਪਿੱਛੋਂ,
ਨਵੀਆਂ ਕਰੂੰਬਲਾਂ ਨੂੰ ਰੱਜਵਾਂ ਪਿਆਰ ਦੇ।

ਜ਼ਿੰਦਗੀ ਨੂੰ ਆਖ ਕਦੇ ਮਹਿਲਾਂ ਵਿੱਚੋਂ ਬਾਹਰ ਆਵੇ,
ਅਜ਼ਲਾਂ ਤੋਂ ਢੂੰਡਦੇ ਹਾਂ, ਸਾਨੂੰ ਵੀ ਦੀਦਾਰ ਦੇ।

ਅੱਖ ਵਿਚ ਅੱਖ ਪਾਈਏ, ਹੱਥਾਂ ਵਿਚ ਹੱਥ ਵੀ,
ਫੁੱਲਾਂ ਵਾਲੀ ਟਾਹਣੀ ਸਾਡੇ ਵੱਲ ਤੂੰ ਉਲਾਰ ਦੇ।

l

o

## ਚੜ੍ਹਿਆ ਚੇਤਰ ਕਣਕਾਂ ਦੇ ਸਿੱਟਿਆਂ

ਚੜ੍ਹਿਆ ਚੇਤਰ ਕਣਕਾਂ ਦੇ ਸਿੱਟਿਆਂ ਵਿਚ ਦਾਣੇ, ਖ਼ੈਰ ਕਰੀਂ।
ਇਸ ਧਰਤੀ ਦੇ ਧੀਆਂ ਪੁੱਤਰਾਂ ਰਲ ਕੇ ਖਾਣੇ, ਖ਼ੈਰ ਕਰੀਂ।

ਹੇ ਬਲਿਹਾਰੀ ਕੁਦਰਿਤ ਅੰਦਰ ਤੂੰ ਹੀ ਕਹਿੰਦੇ ਵੱਸਦਾ ਰਸਦਾ,
ਤੇਰੀਆਂ ਬਾਤਾਂ, ਡਾਢਿਆ ਰੱਬਾ, ਤੂੰ ਹੀ ਜਾਣੇ, ਖ਼ੈਰ ਕਰੀਂ।

ਜਲ ਥਲ ਅੰਦਰ ਸਭਨਾਂ ਨੂੰ ਹੀ, ਪੱਥਰ ਵਿੱਚ ਵੀ ਰਿਜ਼ਕ ਪੁਚਾਵੇਂ,
ਭਲਾ ਅਸੀਂ ਸਰਬੱਤ ਦਾ ਮੰਗੀਏ ਤੇਰੇ ਭਾਣੇ, ਖ਼ੈਰ ਕਰੀਂ।

ਬੂਰ ਝੜੇ ਨਾ, ਫ਼ਲ ਫੁੱਲ ਖੇੜੇ ਅੰਦਰ ਰਸ ਰੰਗ ਵੰਡ ਤੂੰ ਖੁੱਲ੍ਹ ਕੇ,
ਤਾਹੀਉਂ ਮਨ ਨੂੰ ਚੰਗੇ ਲੱਗਣ ਰਾਗ ਸੁਹਾਣੇ, ਖ਼ੈਰ ਕਰੀਂ।

ਸੋਚਾਂ ਵਿਚ ਪਿਆ ਅੰਨਦਾਤਾ, ਪੱਕੀ ਫ਼ਸਲ ਕਦੋਂ ਘਰ ਆਊ,
ਬੱਦਲਾਂ ਮਨ ਤੇ ਸਹਿਮ ਦੇ ਤੰਬੂ, ਤੱਕ ਤੂੰ ਤਾਣੇ, ਖ਼ੈਰ ਕਰੀਂ।

ਹੁਣ ਤਾਂ ਗਰਜ਼ਾਂ ਕੋਠੇ ਜਿੱਡੀਆਂ, ਉਸ ਤੋਂ ਵੱਧ ਮਸਾਤਰ* ਧੀਆਂ,
ਸੋਚੀਂ ਡੁੱਬ ਗਏ ਧਰਮੀ ਬਾਬਲ, ਹੋਏ ਨਿਤਾਣੇ, ਖ਼ੈਰ ਕਰੀਂ।

ਸਾਡੇ ਪਿੰਡ ਦੀ ਜ਼ਿੰਦਗੀ ਅੱਜ ਵੀ, ਸ਼ਹਿਰਾਂ ਜਿੰਨੀ ਤੇਜ਼ ਨਹੀਂ, ਪਰ,
ਫਿਰ ਕਿਉਂ ਬਦਲ ਰਹੇ ਨੇ ਕੱਪੜੇ, ਨਾਚ ਤੇ ਗਾਣੇ, ਖ਼ੈਰ ਕਰੀਂ।

1

o

## ਜੁਗ ਜੁਗ ਜੀਵੋ ਮੇਰੇ ਪੁੱਤਰੋ

ਜੁਗ ਜੁਗ ਜੀਵੋ ਮੇਰੇ ਪੁੱਤਰੋ ਪਿਆਰਿਉ।
ਮਹਿਕਦੇ ਗੁਲਾਬ ਲੱਦੇ ਫੁੱਲਾਂ ਦੇ ਕਿਆਰਿਉ।

ਲੱਗੇ ਨਾ ਸਿਉਂਕ ਰੱਖੋ ਜੜ੍ਹਾਂ ਦੀ ਸਲਾਮਤੀ,
ਜ਼ਿੰਦਗੀ ਦੀ ਜੰਗ ਜਿੱਤੋ ਕਦੇ ਵੀ ਨਾ ਹਾਰਿਉ।

ਪਹਿਲਾਂ ਹਥਿਆਰ ਹੁਣ ਨਸ਼ਿਆਂ ਦੀ ਮਾਰ ਹੈ,
ਵੈਰੀਆਂ ਦੀ ਚਾਲ ਰਲ ਮਿਲ ਕੇ ਨਿਵਾਰਿਉ।

ਰਣਭੂਮੀ ਜ਼ਿੰਦਗੀ ਤੇ ਫ਼ਤਿਹ ਪਾਉਣੀ ਲਾਜ਼ਮੀ,
ਪੁੱਤਰੋ ਗੋਬਿੰਦ ਦਿਉ ਹੌਂਸਲਾ ਨਾ ਹਾਰਿਉ।

ਤਲੀ ਤੇ ਲਕੀਰਾਂ ਪਿੱਛੇ ਲੱਗਦੇ ਨਿਕੰਮੇ ਲੋਕ,
ਜਿੱਤਦੇ ਜੁਝਾਰ ਸਦਾ ਨਿਸ਼ਚੇ ਨੂੰ ਧਾਰਿਉ।

ਬਾਬਰਾਂ ਤੇ ਜਾਬਰਾਂ ਨੂੰ ਤੋੜ ਕੇ ਜਵਾਬ ਦੇਣਾ,
ਪਾਪ ਵਾਲੀ ਜੰਞ ਚੜ੍ਹੀ, ਅੱਗੇ ਹੋ ਵੰਗਾਰਿਉ।

ਲੋੜ ਵੇਲੇ ਸੱਚ ਨੂੰ ਹੀ ਬੋਲਣਾ ਈਮਾਨ ਹੈ,
ਹੱਕ ਦੀ ਲੜਾਈ ਲੜੋ, ਤੇਗ ਦੇ ਦੁਲਾਰਿਉ।

1

---

*ਸਿਰ ਤੋਂ ਇੱਕ ਗਿੱਠ ਉੱਪਰ

o

## ਪਿਆਰ ਦੇ ਪਿਆਰਿਆਂ ਲਈ ਹਾਸੇ

(....ਕਸ਼ਮੀਰ ਤੋਂ ਪਰਤ ਕੇ)

ਪਿਆਰ ਦੇ ਪਿਆਰਿਆਂ ਲਈ ਹਾਸੇ ਤੇ ਦਿਲਾਸੇ ਹੋਣ।
ਧਰਤੀ ਦੇ ਲੋਕ ਕਿਤੇ ਕਦੇ ਨਾ ਬੇਆਸੇ ਹੋਣ।

ਤੇਰਿਆਂ ਚਿਨਾਰਾਂ ਦੀਆਂ ਸਿਖ਼ਰਾਂ ਨੂੰ ਰੱਬ ਰੱਖੇ,
ਕੇਸਰ ਕਿਆਰੀਆਂ 'ਚ ਮਣਾਂ ਮੂੰਹੀਂ ਹਾਸੇ ਹੋਣ।

ਬੱਗੂਗੋਸ਼ੇ, ਸੇਬ ਤੇਰੇ, ਜੀਣ ਅਖਰੋਟ ਬੂਟੇ,
ਪੌਣ ਲੰਘੇ ਪੱਤਿਆਂ 'ਚੋਂ ਗੀਤ ਚਾਰੇ ਪਾਸੇ ਹੋਣ।

ਤੇਰਾ ਪਸ਼ਮੀਨਾ ਕਰੇ ਨਿੱਘ ਨਾਲ ਸੀਨਾ ਚੌੜਾ,
ਬੁਣਕਰ ਹੱਥ ਵਿਚ, ਕਦੇ ਵੀ ਨਾ ਕਾਸੇ ਹੋਣ।

ਵੈਰੀ ਨਾਗ ਚਸ਼ਮੇ 'ਚੋਂ ਵਹਿਣ ਪਈਆਂ ਸੱਤੇ ਸੁਰਾਂ,
ਆਸ ਪਾਸ ਵੱਸਦੇ ਸਾਜ਼ਿੰਦੇ ਨਾ ਉਦਾਸੇ ਹੋਣ।

ਰੱਬ ਨੇ ਬਣਾਇਆ ਕਹਿੰਦੇ ਆਪ ਕਸ਼ਮੀਰ ਹੱਥੀਂ,
ਇਹਦੇ ਪੁੱਤ ਧੀਆਂ ਭਲਾ, ਇੰਜ ਕਿਉਂ ਪਿਆਸੇ ਹੋਣ।

ਜਿਹੜੇ ਹੱਥਾਂ ਵਿਚ ਬੰਦੂਕਾਂ ਗਾਉਣ ਮਾਰੂ ਰਾਗ,
ਸੁਰਗਾਂ ਦੀ ਧਰਤੀ ਤੋਂ ਆਖ ਦਿਉ ਪਾਸੇ ਹੋਣ।

1

o

## ਬੱਚਿਆਂ ਨੂੰ ਬਘਿਆੜ ਖਾ ਗਿਆ

ਬੱਚਿਆਂ ਨੂੰ ਬਘਿਆੜ ਖਾ ਗਿਆ, ਖ਼ੂਨ 'ਚ ਰੱਤੇ ਬਸਤੇ ਨੇ।
ਜੰਨਤ ਖ਼ਾਤਰ ਦੱਸ ਗ਼ਾਜ਼ੀਆ, ਇਹ ਬਈ ਕਿਹੜੇ ਰਸਤੇ ਨੇ।

ਬੰਦੂਕਾਂ ਦਾ ਢਿੱਡ ਨਹੀਂ ਭਰਨਾ, ਕੁੱਲ ਆਲਮ ਨੂੰ ਖਾ ਕੇ ਵੀ,
ਹਥਿਆਰਾਂ ਦੇ ਅੱਗੇ ਕਿੰਨੇ, ਆਦਮ ਹੋ ਗਏ ਸਸਤੇ ਨੇ।

ਇੱਕ ਵੀ ਸੜਕ ਸਬੂਤੀ ਸਿੱਧੀ ਮੰਜ਼ਿਲ ਦੇ ਵੱਲ ਜਾਂਦੀ ਨਹੀਂ,
ਮੇਰੇ ਅੱਗੇ ਚਹੁੰ ਕਦਮਾਂ ਤੇ, ਆਉਂਦੇ ਫੇਰ ਚੁਰਸਤੇ ਨੇ।

ਬਿਨਾਂ ਲਗਾਮੋਂ, ਬਿਨਾ ਨਕੇਲੋਂ, ਇਹ ਹੀ ਸਭ ਕੁਝ ਹੋਣਾ ਸੀ,
ਤਾਕਤ ਦੇ ਵਿਚ ਅੰਨ੍ਹੇ ਬੋਲੇ, ਬੋਤੇ ਕਿੰਨੇ ਮਸਤੇ ਨੇ।

ਸੁੱਤਿਆਂ ਸੁੱਤਿਆਂ ਦਿਨ ਲੰਘ ਜਾਂਦਾ, ਗਾਫ਼ਲ ਮਨ ਨੂੰ ਖ਼ਬਰ ਨਹੀਂ,
ਇਸ ਧਰਤੀ ਤੇ ਚਾਨਣ ਵੰਡਦੇ, ਕਿੰਨੇ ਸੂਰਜ ਅਸਤੇ ਨੇ।

ਹੁਕਮਰਾਨ ਜੀ, ਇਹ ਦੋ ਅਮਲੀ, ਤੀਜੀ ਅੱਖ ਨੇ ਵੇਖ ਲਈ,
ਰੂਹ ਅੰਦਰ ਕੰਡਿਆਲੀਆਂ ਤਾਰਾਂ, ਹੱਥਾਂ ਵਿਚ ਗੁਲਦਸਤੇ ਨੇ।

ਜੰਗਲ ਜਦ ਢਹਿ ਢੇਰੀ ਹੋਇਆ, ਮਰਦੇ ਦਮ ਇਹ ਬੋਲ ਪਿਆ,
ਹਰ ਆਰੀ ਨੂੰ ਲੱਗੇ ਵੇਖੋ, ਸਾਡੇ ਹੀ ਤਾਂ ਦਸਤੇ ਨੇ।

1

੦

## ਮੇਰੇ ਸਾਹਾਂ ਜੇ ਕੁਝ ਤਾਜ਼ਗੀ ਹੈ

ਮੇਰੇ ਸਾਹਾਂ ਜੇ ਕੁਝ ਤਾਜ਼ਗੀ ਹੈ।
ਇਹ ਤੇਰੇ ਇਸ਼ਕ ਦੀ ਦਰਿਆਦਿਲੀ ਹੈ।

ਨਿਦੋਸ਼ਾ ਤੇਗ ਤੋਂ ਡਰਿਆ ਨਹੀਂ ਜੇ,
ਭਰਾਉ, ਇਹੀ ਤਾਂ ਮਰਦਾਨਗੀ ਹੈ।

ਮੁਸੀਬਤ ਆਉਣ ਤੇ ਵੀ ਮੁਸਕਰਾਉਣਾ,
ਮਿਲੀ ਵਿਰਸੇ 'ਚ ਏਹੀ ਸਾਦਗੀ ਹੈ।

ਮਿਲੋ ਤਾਂ ਮਹਿਕ ਵਾਂਗੂੰ ਫ਼ੈਲ ਜਾਓ,
ਅਸਲ ਵਿਚ ਏਸ ਦਾ ਨਾਂ ਬੰਦਗੀ ਹੈ।

ਮੈਂ ਬਾਜ਼ੀ ਜਾਨ ਦੀ ਲਾਈ ਹੈ, ਫਿਰ ਵੀ,
ਤੂੰ ਹਾਲੇ ਸਮਝਦੈਂ ਇਹ ਦਿਲਲਗੀ ਹੈ।

ਮੈਂ ਹੁੰਦਾ ਜ਼ੁਲਮ ਵੇਖਾਂ, ਚੁੱਪ ਬੈਠਾਂ,
ਤੇ ਇਸ ਤੋਂ ਵੱਧ ਕਿਹੜੀ ਬੁਜ਼ਦਿਲੀ ਹੈ।

ਚਲੋ ਉਥੇ ਵੀ ਕਲਮਾਂ ਬੀਜ ਆਈਏ,
ਜਿਹੜੇ ਰਾਹੀਂ ਅਜੇ ਵੀਰਾਨਗੀ ਹੈ।

1

੦

## ਆਨੰਦਪੁਰ ਕੋਈ ਸ਼ਹਿਰ ਨਹੀਂ ਹੈ

ਆਨੰਦਪੁਰ ਕੋਈ ਸ਼ਹਿਰ ਨਹੀਂ ਹੈ, ਇਹ ਤਾਂ ਇੱਕ ਵਿਸ਼ਵਾਸ ਦਾ ਨਾਂ ਹੈ।
ਹੱਕ ਸੱਚ ਇਨਸਾਫ਼ ਦੀ ਰਾਖੀ ਕਰਦੀ ਅਣਖ਼ੀ ਛਾਂ ਦਾ ਨਾਂ ਹੈ।

ਨਾ ਧਿਰਿਆਂ ਦੀ ਧਿਰ ਦੇ ਵਰਗੀ, ਜੋਤ ਨਿਰੰਤਰ ਜਗਦੀ ਜਿੱਥੇ,
ਦੁਸ਼ਟ-ਦਮਨ ਨੂੰ ਪਾਲਣਹਾਰੀ, ਧਰਤੀ ਗੁਜਰੀ ਮਾਂ ਦਾ ਨਾਂ ਹੈ।

ਪੰਥ ਖ਼ਾਲਸਾ ਸਿਰਜਣ ਭੂਮੀ, ਚਿੜੀਓਂ ਬਾਜ਼ ਤੁੜਾਉਣ ਦਾ ਸੁਪਨਾ,
ਜਿਸ ਥਾਂ ਜੰਮਿਆ, ਪਲਿਆ, ਪੁੱਗਿਆ, ਸੱਚੀ ਸੁੱਚੀ ਥਾਂ ਦਾ ਨਾਂ ਹੈ।

ਅੱਜ ਵੀ ਗੁਰੂ ਆਵਾਜ਼ਾਂ ਮਾਰੇ, ਕਿਧਰ ਤੁਰ ਗਏ ਸਿਦਕ ਦੁਲਾਰੇ,
ਜਿਥੇ ਫ਼ਸਲ ਸਿਰਾਂ ਦੀ ਬੀਜੀ, ਅੱਜ ਕਿਉਂ ਬੰਜਰ ਥਾਂ ਦਾ ਨਾਂ ਹੈ।

ਤਿੰਨ ਸਦੀਆਂ ਤੋਂ ਅੱਧੀ ਉੱਤੇ, ਧਰਮ ਕਰਮ ਦੇ ਰਾਖੇ ਸੁੱਤੇ,
ਬਾਜ਼ ਅਜੇ ਵੀ ਚਿੜੀਆਂ ਨੋਚੇ, ਅੱਜ ਵੀ ਗਊ ਗਰੀਬ ਦਾ ਨਾਂ ਹੈ।

ਕਾਲ ਮੁਕਤ ਸਰਵੋਤਮ ਸੂਰਾ, ਕਰਨੀ ਤੇ ਕਰਨੀ ਦਾ ਪੂਰਾ,
ਜਿਸ ਥਾਂ ਗੱਜਿਆ, ਜ਼ੁਲਮ 'ਚ ਵੱਜਿਆ ਇਹ ਤਾਂ ਓਸ ਗਿਰਾਂ ਦਾ ਨਾਂ ਹੈ।

ਚਿਹਨ ਚੱਕਰ ਤੇ ਵਰਣ ਜ਼ਾਤ ਦਾ ਜਿਸ ਥਾਂ ਗੁਰ ਨੇ ਕੋਹੜ ਮੁਕਾਇਆ,
ਮਨ ਮੰਦਰ ਤੇ ਸ਼ਬਦ-ਚੰਦੋਆ, ਠੰਢੀ ਮਿੱਠੜੀ ਛਾਂ ਦਾ ਨਾਂ ਹੈ।

1

੦

## ਹਰ ਥਾਂ ਹਾਜ਼ਰ ਨਾਜ਼ਰ ਤੂੰ ਹੀ

ਹਰ ਥਾਂ ਹਾਜ਼ਰ ਨਾਜ਼ਰ ਤੂੰ ਹੀ, ਫੁੱਲ ਕਲੀਆਂ ਖੁਸ਼ਬੋਈਆਂ ਅੰਦਰ।
ਲੱਭਦੇ ਲੱਭਦੇ ਹਾਰ ਗਏ ਹਾਂ, ਗੁਰ ਘਰ, ਮਸਜਿਦ ਮੰਦਰ ਅੰਦਰ।

ਬਿਨ ਬੋਲੇ ਤੂੰ ਜਾਨਣਹਾਰੀ, ਰੂਹ ਮੇਰੀ ਦੇ ਚਾਨਣ ਜਹੀਏ,
ਖ਼ੁਦ ਹੀ ਦੱਸ ਦੇ ਇਸ ਵੇਲੇ ਹੈ, ਕੀ ਕੁਝ ਤੁਰਦਾ ਦਿਲ ਦੇ ਅੰਦਰ।

ਨੈਣ ਤੇਰੇ ਦੋ ਜਗਦੇ ਦੀਵੇ, ਪਿੱਛੇ ਹੰਝੂ ਪਲਕੀਂ ਡੱਕੇ,
ਅੱਗ ਤੇ ਪਾਣੀ ਇੱਕੋ ਭਾਂਡੇ, ਰੱਬ ਕਿੰਜ ਪਾਇਆ ਤੇਰੇ ਅੰਦਰ।

ਤਪਦੀ ਧਰਤੀ ਉੱਤੇ ਵਰ੍ਹ ਜਾ, ਸਾਡੀ ਰੂਹ ਨੂੰ ਜਲਥਲ ਕਰ ਜਾ,
ਅੱਖੀਆਂ ਵਿਚਲਾ ਤਲਖ਼ ਸਮੁੰਦਰ, ਢੇਰੀ ਕਰ ਜਾਹ, ਮੇਰੇ ਅੰਦਰ।

ਤੂੰ ਹਿਰਨੀ ਦੀ ਨਾਭੀ ਅੰਦਰ, ਮਹਿਕ ਰਹੀ ਕਸਤੂਰੀ ਬਣਕੇ,
ਕਿੱਦਾਂ ਦੱਸਾਂ ਖੁਸ਼ਬੂ ਜੇਹੀਏ, ਕੀ ਕੁਝ ਛੁਪਿਆ ਤੇਰੇ ਅੰਦਰ।

ਹਰ ਹੀਰਾ ਹੀ ਪੱਥਰ ਹੁੰਦਾ, ਹਰ ਪੱਥਰ ਨਹੀਂ ਹੁੰਦਾ ਹੀਰਾ,
ਜੌਹਰੀ ਦੀ ਅੱਖ ਤੁਰਤ ਪਛਾਣੇ, ਫ਼ਰਕ ਭਲਾ ਕੀ ਦੋਹਾਂ ਅੰਦਰ।

ਮੋਤੀ ਚੁਗਣੇ ਮਾਨਸਰਾਂ ਦੇ, ਕਾਵਾਂ ਦੇ ਭਾਗਾਂ ਵਿੱਚ ਕਿੱਥੇ,
ਕਾਗੋਂ ਹੰਸ ਬਣਾ ਦੇ ਮੈਨੂੰ, ਇਹ ਸ਼ਕਤੀ ਹੈ ਤੇਰੇ ਅੰਦਰ।

1

੦

## ਪਿਆਰ ਦੇ ਪੁਜਾਰੀਆਂ ਦੀ ਵੱਖਰੀ

ਪਿਆਰ ਦੇ ਪੁਜਾਰੀਆਂ ਦੀ ਵੱਖਰੀ ਹੀ ਤੋਰ ਹੈ।
ਗ਼ਰਜ਼ਾਂ ਦੀ ਪੈਸੇ ਵਾਲੀ ਦੁਨੀਆਂ ਹੀ ਹੋਰ ਹੈ।

ਜ਼ਾਲਮਾਂ ਦੇ ਹੱਥ ਵਿਚ ਤੀਰ ਤੇ ਕਮਾਨ ਹੈ,
ਇਨ੍ਹਾਂ ਦਾ ਨਿਸ਼ਾਨਾ ਸਦਾ ਪੈਲ ਪਾਉਂਦਾ ਮੋਰ ਹੈ।

ਰੱਬ ਨੇ ਪਰੋਏ ਤਾਂ ਸੀ ਮਾਲਾ ਵਿਚ ਘੁੰਗਰੂ,
ਟੁੱਟ ਗਈ ਹੈ ਤੰਦ, ਰੁਲ਼ੇ ਕੱਲ੍ਹਾ ਕੱਲ੍ਹਾ ਬੋਰ ਹੈ।

ਕੂੜਾ ਧਨ ਮਾਲ ਸਾਨੂੰ ਧਰਮਾਂ ਨੇ ਦੱਸਿਆ,
ਏਸੇ ਨੂੰ ਫੜਾਈ ਅਸਾਂ ਜ਼ਿੰਦਗੀ ਦੀ ਡੋਰ ਹੈ।

ਬਹੁਤੀ ਵਾਰੀ ਟੁੱਟ ਜਾਈਏ, ਖ਼ੁਦ ਨਾਲੋਂ ਆਪ ਹੀ,
ਤਨ ਕਿਤੇ ਹੋਰ ਫਿਰੇ ਮਨ ਕਿਤੇ ਹੋਰ ਹੈ।

ਚੱਲ ਓ ਭਰਾਵਾ ਪਹਿਲਾਂ ਓਸ ਨੂੰ ਹੀ ਮਾਰੀਏ,
ਤੇਰੇ ਮੇਰੇ ਮਨ ਵਿਚ ਬੈਠਾ ਜਿਹੜਾ ਚੋਰ ਹੈ।

ਚੁੰਨੀ ਸੁਰਮਈ ਵੇਖ ਅੰਬਰਾਂ 'ਚ ਸੁੱਕਦੀ,
ਸੂਰਜੇ ਚੁਫ਼ੇਰ ਲਾਈ ਧੁੱਪ ਰੰਗੀ ਕੋਰ ਹੈ।

1

੦

## ਅਦਲੀ ਰਾਜੇ, ਧਰਮ ਕਚਹਿਰੀ

ਅਦਲੀ ਰਾਜੇ, ਧਰਮ ਕਚਹਿਰੀ, ਦੋਵੇਂ ਸਾਨੂੰ ਚਾਰ ਗਏ ਨੇ।
ਬਾਬਰ ਕੇ ਕਿਉਂ ਜਿੱਤ ਗਏ ਨੇ, ਬਾਬੇ ਕੇ ਕਿਉਂ ਹਾਰ ਗਏ ਨੇ।

ਇੱਕ ਦੂਜੇ ਵੱਲ ਝਾਕ ਰਹੇ ਨੇ, ਮਾਪੇ ਬਿਰਖ਼ ਬਰੋਟਿਆਂ ਵਰਗੇ,
ਘਰ ਨਾ ਪਰਤੇ ਸਾਡੇ ਜੰਮੇ, ਜੀਂਦੇ ਜੀਅ ਕਿਉਂ ਮਾਰ ਗਏ ਨੇ।

ਖੇਤਾਂ ਤੇ ਖ਼ੁਦਕੁਸ਼ੀਆਂ ਦੀ ਹੁਣ ਇੱਕੋ ਰਾਸ਼ੀ ਬਣ ਚੱਲੀ ਹੈ,
ਹਾਕਮ ਕੀਹ ਹਮਦਰਦੀ ਕਰਨੀ, ਗੱਲੀਂ ਬਾਤੀਂ ਸਾਰ ਗਏ ਨੇ।

ਵੇਖ ਲਵੋ ਜੀ ਮੋਈਆਂ ਮੱਛੀਆਂ, ਪਾਣੀ ਉੱਪਰ ਤੈਰਦੀਆਂ ਨੇ,
ਅਜਬ ਮਲਾਹ ਜੋ ਆਪਣੇ ਵੱਲੋਂ, ਸਾਨੂੰ ਪਾਰ ਉਤਾਰ ਗਏ ਨੇ।

ਭਰੀਆਂ ਬੰਨ੍ਹਣ ਵਾਲੇ ਖੱਭੜ, ਗਲ ਵਿਚ ਨਾਗ ਵਲੇਵੇਂ ਬਣ ਗਏ,
ਇਨਕਲਾਬ ਇਹ ਸਾਵੇ, ਸਾਨੂੰ ਖੇਤਾਂ ਸਣੇ ਡਕਾਰ ਗਏ ਨੇ।

ਇੱਛਿਆਧਾਰੀ ਨਾਗ ਵਾਂਗਰਾਂ, ਰੋਜ਼ ਸਿਆਸਤ ਨੇ ਰੰਗ ਬਦਲੇ,
ਜੋ ਭਗਵਾਨ ਬਣਾਏ ਹੱਥੀਂ, ਓਹੀ ਕਹਿਰ ਗੁਜ਼ਾਰ ਗਏ ਨੇ।

ਜੀਂਦੇ ਮਰਦੇ ਸਹਿਕ ਰਹੇ ਨੇ, ਆਲ੍ਹਣਿਆਂ ਵਿਚ ਅੱਜ ਵੀ ਹੌਕੇ,
ਪੁੱਛਣ, ਏਥੋਂ ਸਾਡੇ ਬੱਚੜੇ, ਕਿਉਂ ਰਾਵੀ ਤੋਂ ਪਾਰ ਗਏ ਨੇ।

1

ੴ

## ਹਿੰਮਤਾਂ ਦੇ ਰਾਹੀਓ

ਹਿੰਮਤਾਂ ਦੇ ਰਾਹੀਓ ਤੁਸੀਂ ਜ਼ਿੰਦਗੀ ਉਸਾਰਨਾ।
ਭਾਗਾਂ ਦੇ ਭੁਲੇਖਿਆਂ 'ਚ ਹੌਂਸਲਾ ਨਾ ਹਾਰਨਾ।

ਧਰਮਾਂ ਤੇ ਕਰਮਾਂ ਦੀ ਪੜ੍ਹਨੀ ਵਿਆਖਿਆ,
ਸੁਣੀਆਂ ਸੁਣਾਈਆਂ ਪਿੱਛੇ ਸਮਾਂ ਨਾ ਗੁਜ਼ਾਰਨਾ।

ਕੂੜ ਦਾ ਅਮਾਵਸੀ ਹਨ੍ਹੇਰ ਪਰਧਾਨ ਹੈ,
ਏਸ ਵਿਚੋਂ ਆਪ, ਹੱਕ ਸੱਚ ਨੂੰ ਨਿਤਾਰਨਾ।

ਨੀਹਾਂ 'ਚ ਮਾਸੂਮ ਜਿੰਦਾਂ ਚਿਣੀਆਂ ਸੀ ਕਾਸ ਨੂੰ,
ਕਦੇ ਕੱਲ੍ਹੇ ਬੈਠ ਏਸ ਗੱਲ ਨੂੰ ਵਿਚਾਰਨਾ।

ਸੁਣ ਲੈ ਮਲਾਹਾ, ਮੇਰੀ ਏਨੀ ਗੱਲ ਜਾਣ ਲੈ,
ਕੀਤਾ ਵਿਸ਼ਵਾਸ, ਹੁਣ ਪਾਰ ਵੀ ਉਤਾਰਨਾ।

ਬਾਜ਼ ਤੂੰ ਉਡਾਰ, ਉੱਡ, ਸੂਰਜੇ ਤੋਂ ਪਾਰ ਜਾਹ,
ਛੱਡ ਹੁਣ ਧਰਤੀ ਤੇ ਚਿੜੀਆਂ ਨੂੰ ਮਾਰਨਾ।

ਕਿਸੇ ਨਾ ਬਣਾਈ, ਇੱਕੋ ਦਿਨ ਬੈਠ ਕਾਇਨਾਤ,
ਤੁਰ ਪਉ, ਤੂੰ ਛੱਡ, ਇਹ ਤਾਂ ਵਿਹਲਿਆਂ ਦੀ ਧਾਰਨਾ।

1

o

## ਜੀਵੇ ਜਾਗੇ ਭਾਵੇਂ

ਜੀਵੇ ਜਾਗੇ ਭਾਵੇਂ ਸਭ ਪਰਿਵਾਰ ਮਿਰਾ।
ਮਾਂ ਬਿਨ ਕੌਣ ਉਤਾਰੇ, ਮਨ ਤੋਂ ਭਾਰ ਮਿਰਾ।

ਨਿੱਕੇ ਘਰ ਨੂੰ ਵੇਖੋ, ਧਰਤ ਬਣਾ ਗਈ ਉਹ,
ਕੁਲ ਦੁਨੀਆਂ ਵਿਚ ਫ਼ੈਲ ਗਿਆ ਪਰਿਵਾਰ ਮਿਰਾ।

ਮੇਰੀ ਧਰਤੀ ਅੰਬਰ ਵੀ ਸੀ ਓਹੀ ਉਹ,
ਤੁਰ ਗਈ ਹੈ ਤਾਂ ਸੁੰਗੜਿਆ ਸੰਸਾਰ ਮਿਰਾ।

ਗੁਣੇ, ਗੁਲਗੁਲੇ ਤਲਦੀ ਸਦਾ ਵਿਸਾਖੀ ਨੂੰ,
ਮਾਂ ਦੇ ਮਗਰੋਂ ਬਦਲ ਗਿਆ ਅਧਿਕਾਰ ਮਿਰਾ।

ਸ਼ਾਮ ਪਈ ਘਰ ਜਦੋਂ ਕੁਵੇਲੇ ਮੁੜਦਾ ਸਾਂ,
ਝੇੜਕਾਂ ਦੇ ਕੇ ਮਾਂ ਕਰਦੀ ਸਤਿਕਾਰ ਮਿਰਾ।

ਉਸ ਦੇ ਪੈਰਾਂ ਹੇਠਾਂ ਜਿਹੜੀ ਜੰਨਤ ਸੀ,
ਮਹਿਕ ਰਿਹਾ ਉਸ ਕਰਕੇ ਹੀ ਘਰ ਬਾਰ ਮਿਰਾ।

ਮਾਂ ਦੇ ਹੁੰਦਿਆਂ, ਇੱਟ-ਖੜਿੱਕਾ ਚੱਲਦਾ ਸੀ,
ਹੁਣ ਨਹੀਂ ਹੁੰਦਾ ਕਿਸੇ ਨਾਲ ਤਕਰਾਰ ਮਿਰਾ।

l

o

## ਬਹੁਤ ਸੋਹਣੀ

ਬਹੁਤ ਸੋਹਣੀ ਅੱਜ ਰਾਤੀਂ ਚਾਨਣੀ ਸੀ,
ਬਿਨ ਤੇਰੇ ਕੱਲ੍ਹੇ ਮੈਂ ਕਿੱਥੇ ਮਾਨਣੀ ਸੀ।

ਤਾਰਿਆਂ ਨੂੰ ਗਿਣਦਿਆਂ ਪਰਭਾਤ ਹੋਈ,
ਪੀੜ ਦਿਲ ਦੀ ਹੋਰ ਕਿਸ ਪਹਿਚਾਨਣੀ ਸੀ।

ਵਿੱਥਿਆ ਧਰਤੀ ਦੇ ਦਿਲ ਦੀ ਕੌਣ ਪੁੱਛੇ,
ਪੌਣ ਪਾਣੀ ਜ਼ਹਿਰ ਅੰਬਰ ਛਾਨਣੀ ਸੀ।

ਪੁੱਤ ਧੀਆਂ ਬਿਰਖ਼ ਬੂਟੇ ਚੀਰਦੇ ਸੀ,
ਕਿਸ ਹਰੀ ਛਤਰੀ ਸਿਰਾਂ ਤੇ ਤਾਨਣੀ ਸੀ।

ਤੂੰ ਬਰੂਹਾਂ ਤੇ ਖੜ੍ਹਾ ਕੀਹ ਸੋਚਦਾ ਹੈਂ,
ਇਹ ਤਾਂ ਵੇਦਨ ਤੂੰ ਹੀ ਆ ਕੇ ਜਾਨਣੀ ਸੀ।

ਅੱਗ ਦੇ ਦਰਿਆ 'ਚ ਜੇ ਤੂੰ ਤੈਰਨਾ ਸੀ,
ਦਿਲ ਦੇ ਅੰਦਰ ਬਹੁਤ ਪਹਿਲਾਂ ਠਾਨਣੀ ਸੀ।

l

o

## ਟੁੱਟਿਆ ਸੌ ਵਾਰ

ਟੁੱਟਿਆ ਸੌ ਵਾਰ ਫਿਰ ਵੀ ਟਾਹਣੀਆਂ ਤੇ ਜੁੜ ਗਿਆ।
ਜ਼ਰਦ ਪੱਤਾ ਕਿਰ ਗਿਆ ਫ਼ਿਰ ਸਬਜ਼ ਪੱਤਾ ਪੁੰਗਰਿਆ।

ਧਰਤ ਅੰਦਰ ਉਗਮਦਾ ਤੇ ਬਿਣਸਦਾ, ਵੇਖੋ ਕਮਾਲ,
ਤੁਰ ਰਿਹਾ ਹੈ ਜ਼ਿੰਦਗੀ, ਤੇਰਾ ਨਿਰੰਤਰ ਕਾਫ਼ਲਾ।

ਮੈਂ ਤੇਰੇ ਤੋਂ ਦੂਰ ਵੀ ਹਾਂ, ਨੇੜ ਵੀ ਧੜਕਣ ਦੇ ਵਾਂਗ,
ਮਨ-ਪਰਿੰਦਾ ਮੌਜ ਅੰਦਰ, ਇੱਕ ਥਾਂ ਨਹੀਂ ਠਹਿਰਦਾ।

ਸੜ ਗਿਆ ਜੰਗਲ ਤੇ ਉਸ ਵਿਚ ਰਾਖ਼ ਹੋਇਆ ਬਹੁਤ ਕੁਝ,
ਕਰਮ ਇਹ ਤੇਰਾ ਮੁਹੱਬਤ, ਫੇਰ ਹੈ ਜੰਗਲ ਹਰਾ।

ਅਜਬ ਹੈ ਰਿਸ਼ਤਾ ਸਨੇਹ ਦਾ, ਰੋਜ਼ ਤੁਰਨਾ ਤੇਗ ਤੇ,
'ਵਾ ਵਰ੍ਹੋਲੇ ਤੇਜ਼ ਤਿੱਖੇ, ਝੁਲਸਦੀ ਤਪਦੀ ਹਵਾ।

ਐ ਦਿਲਾ ਪੁੱਛੀਂ ਕਦੇ ਤੂੰ, ਇਸ਼ਕ ਨੂੰ ਵਿਸ਼ਵਾਸ ਨਾਲ,
ਚੋਰ ਵਾਂਗੂੰ ਤੂੰ ਕਦੋਂ ਸੈਂ ਐਥੇ ਆ ਕੇ ਬਹਿ ਗਿਆ।

ਖੁੱਲ੍ਹਦੀਆਂ ਸਨ ਖਿੜਕੀਆਂ ਹਰ ਰੋਜ਼ ਰੌਸ਼ਨਦਾਨ ਵੀ,
ਮਨ ਦਾ ਬੂਹਾ, ਤੇਰੇ ਮਗਰੋਂ, ਦਸਤਕਾਂ ਲਈ ਸਹਿਕਦਾ।

l

o

## ਤੇਰੇ ਨਾਲ ਗੁਜ਼ਾਰੀਆਂ ਰਾਤਾਂ

ਤੇਰੇ ਨਾਲ ਗੁਜ਼ਾਰੀਆਂ ਰਾਤਾਂ ਭੁੱਲਦੀਆਂ ਨਹੀਂ,
ਧੁੱਪਾਂ ਛਾਵਾਂ ਤੇ ਬਰਸਾਤਾਂ ਭੁੱਲਦੀਆਂ ਨਹੀਂ।

ਓਸ ਬਿਰਖ਼ ਦੀ ਛਾਂ ਵੀ ਮੈਨੂੰ ਚੇਤੇ ਹੈ,
ਪਹਿਲ ਪਲੇਠੀਆਂ ਉਹ ਮੁਲਾਕਾਤਾਂ ਭੁੱਲਦੀਆਂ ਨਹੀਂ।

ਘਾਹ ਦੀ ਤਿੜ ਦੇ ਛੱਲੇ, ਛਾਪਾਂ, ਮੁੰਦਰੀਆਂ,
ਵਡਮੁੱਲੀਆਂ ਉਹ ਅਜਬ ਸੁਗਾਤਾਂ ਭੁੱਲਦੀਆਂ ਨਹੀਂ।

ਸਾਨੂੰ ਸ਼ੱਕ ਸੀ ਤਾਰੇ ਗੱਲਾਂ ਸੁਣਦੇ ਨੇ,
ਅਣਕਹੀਆਂ ਅਣਸੁਣੀਆਂ ਬਾਤਾਂ ਭੁੱਲਦੀਆਂ ਨਹੀਂ।

ਚੇਤੇ ਕਰਦਾਂ, ਦਿਲ ਤਾਂ ਹੁਣ ਵੀ ਭਰਦਾ ਹੈ,
ਅੱਖੀਆਂ ਨੂੰ ਉਹ ਪਹਿਲੀਆਂ ਝਾਤਾਂ ਭੁੱਲਦੀਆਂ ਨਹੀਂ।

ਗੁੰਗੇ ਤੋਤੇ ਨੂੰ ਤੂੰ ਬੋਲਣ ਲਾਇਆ ਸੀ,
ਦਾਤਾ ਤੇਰੀਆਂ ਮਹਿੰਗੀਆਂ ਦਾਤਾਂ ਭੁੱਲਦੀਆਂ ਨਹੀਂ।

ਤਖ਼ਤੀ ਲਿਖਦੇ, ਡੋਬੇ ਲੈਣਾ, ਲੜ ਪੈਣਾ,
ਬਚਪਨ ਵਾਲੀਆਂ ਕਲਮ ਦਵਾਤਾਂ ਭੁੱਲਦੀਆਂ ਨਹੀਂ।

l

੦

## ਕਿੱਦਾਂ ਮਰਨ ਦਿਆਂ ਮੈਂ

ਕਿੱਦਾਂ ਮਰਨ ਦਿਆਂ ਮੈਂ, ਦੱਸੀਂ, ਆਸਾਂ ਸੁਰਖ਼ ਉਮੀਦਾਂ ਨੂੰ।
ਦਿਲ ਦਾ ਹਾਲ ਸੁਣੀਂ ਤੂੰ ਬਹਿ ਕੇ, ਢਾਰਸ ਮਿਲੂ ਮੁਰੀਦਾਂ ਨੂੰ।

ਦੇਸ਼ ਦੀ ਖ਼ਾਤਰ ਕੌਣ ਕਦੋਂ ਸੀ, ਫਾਂਸੀ ਤਖ਼ਤੇ ਲਟਕ ਗਿਆ,
ਏਨੀ ਜਲਦੀ ਕਿਉਂ ਭੁੱਲ ਬੈਠੇ, ਸਾਡੇ ਲੋਕ ਸ਼ਹੀਦਾਂ ਨੂੰ।

ਮਾਲ ਪਲਾਜ਼ੇ, ਬਦਲੇ ਖਾਜੇ, ਕਿੱਥੋਂ ਕਿੱਧਰ ਤੁਰ ਪਏ ਆਂ,
ਮੰਡੀ ਦੇ ਵਿਚ ਵਿਕ ਚੱਲੇ ਹਾਂ, ਕਰਦੇ ਰੋਜ਼ ਖ਼ਰੀਦਾਂ ਨੂੰ।

ਆਈਆਂ ਚੋਣਾਂ, ਘਰ ਘਰ ਰੋਣਾ, ਫਿਰ ਧੜਿਆਂ ਵਿਚ ਵੰਡਣਗੇ,
ਬੱਕਰੇ ਦੀ ਮਾਂ ਕਿੰਜ ਉਡੀਕੇ, ਦੱਸੋ ਜੀ, ਬਕਰੀਦਾਂ ਨੂੰ।

ਦੁੱਲਾ ਭੱਟੀ ਹਰ ਜਾਬਰ ਤੋਂ ਨਾਬਰ ਤਾਂ ਪੁਸ਼ਤੈਨੀ ਹੈ,
ਚਿੱਤ ਵਿਚ ਰੱਖਦੈ, ਸਦਾ ਜਿਉਂਦੇ, ਸ਼ਾਹਿਦ ਬਾਪ ਫ਼ਰੀਦਾਂ ਨੂੰ।

ਤੂੰ ਨਿਰਮੋਹੀਆ, ਇਨਕਲਾਬ ਦਾ ਲਾਰਾ ਲਾ ਕੇ ਮੁੜਿਆ ਨਹੀਂ,
ਨੈਣ ਬਰਸਦੇ, ਰਹਿਣ ਤਰਸਦੇ, ਚੰਨ ਮਾਹੀ ਦਿਆਂ ਦੀਦਾਂ ਨੂੰ।

ਨਾ ਧਰਤੀ ਨਾ ਅੰਬਰ ਆਪਣਾ, ਮਨ ਪਰਦੇਸੀ ਹੋ ਚੱਲਿਆ,
ਆਪਣਾ ਆਪ ਬੇਗਾਨਾ ਹੋਇਆ, ਕੀ ਕਰਨੈਂ ਮੈਂ ਈਦਾਂ ਨੂੰ।

1

੦

## ਅਨਪੜ੍ਹ ਪੱਥਰ ਵਾਂਗ ਪਿਆ ਸਾਂ

ਅਨਪੜ੍ਹ ਪੱਥਰ ਵਾਂਗ ਪਿਆ ਸਾਂ, ਮੈਂ ਵੀ ਹੀਰਾ ਬਣਨਾ ਚਾਹਿਆ।
ਖ਼ੁਦ ਨੂੰ ਆਪ ਤਰਾਸ਼ ਨਾ ਸਕਿਆ, ਕਲਾਕਾਰ ਨਾ ਛਿੱਲਿਆ ਲਾਹਿਆ।

ਹੀਰਾ ਜਨਮ ਗੁਆਚ ਗਿਆ ਹੈ, ਐਵੇਂ ਮਿੱਟੀ ਘੱਟਾ ਫੱਕਦੇ,
ਧਰਤ ਆਕਾਸ਼, ਪਾਤਾਲ ਬੜਾ ਕੁਝ, ਅੱਖ ਪਲਕਾਰੇ ਅੰਦਰ ਗਾਹਿਆ।

ਜੇ ਨਾ ਬੀਬੀ ਪੂਣੀਆਂ ਵੱਟਦੀ, ਰੂੰ ਦੇ ਗੋਹੜੇ ਉੱਡ ਪੁੱਡ ਜਾਂਦੇ,
ਇਹ ਜਿਹੜੀ ਸੁਣਦੀ ਏ ਘੂਕਰ, ਲੱਗਦੈ ਮਾਂ ਨੇ ਚਰਖ਼ਾ ਡਾਹਿਆ।

ਇਹ ਨਾ ਦੱਸਿਆ ਜਾਣ ਵਾਲਿਆਂ, ਦਿਲ ਦੀ ਨਰਮ ਸਲੇਟ ਦੇ ਉੱਤੇ,
ਪਹਿਲਾਂ ਹਰਫ਼ ਮੁਹੱਬਤ ਲਿਖ ਕੇ, ਇਕ ਦਮ ਉਸ ਨੂੰ ਕਿਉਂ ਤੂੰ ਢਾਹਿਆ।

ਹੇ ਜ਼ਿੰਦਗੀ ਤੂੰ ਕੈਸੀ ਦਾਤੀ, ਬਿਨ ਮੰਗਿਆਂ ਤੋਂ ਦੇਵੇਂ ਦਾਤਾਂ,
ਜੇ ਮੰਗੀਏ ਤਾਂ ਝੋਲੀ ਪਾਵੇਂ, ਕਿੰਨਾ ਤੂੰ ਵੱਖਰ ਅਣਚਾਹਿਆ।

ਧਰਤ ਬੇਰਹਿਮ ਤੇਜ਼ਾਬੀ ਅੰਦਰ, ਇੱਕ ਵੀ ਸੁਪਨਾ ਪੁੰਗਰਿਆ ਨਾ,
ਮੇਰੇ ਪਿਉ-ਦਾਦੇ ਨੇ ਮੁੜ੍ਹਕਾ, ਕਈ ਸਦੀਆਂ ਤੋਂ ਇਸ ਵਿਚ ਵਾਹਿਆ।

ਸ਼ਬਦ-ਪੋਟਲੀ ਦੇ ਵਿਚ ਬੰਨ੍ਹਿਆ, ਕੁਝ ਵੀ ਇਸ 'ਚੋਂ ਮੇਰਾ ਨਹੀਂ ਹੈ,
ਇਹ ਤਾਂ ਕਰਜ਼ ਖੜ੍ਹਾ ਸੀ ਸਿਰ 'ਤੇ, ਕਿਸ਼ਤਾਂ ਕਰਕੇ ਮਗਰੋਂ ਲਾਹਿਆ।

1

o

## ਅਕਲਾਂ ਵਾਲੇ ਕਿੱਧਰ ਤੁਰ ਪਏ

ਅਕਲਾਂ ਵਾਲੇ ਕਿੱਧਰ ਤੁਰ ਪਏ ਭਾਸ਼ਨ ਝਾੜੀ ਜਾਂਦੇ ਨੇ।
ਚਾਰ ਘਰਾਣੇ ਵਣਜਾਂ ਪਿੱਛੇ, ਵਤਨ ਉਜਾੜੀ ਜਾਂਦੇ ਨੇ।

ਪਰਮਾਰਥ ਦਾ ਦੇਂਦਾ ਹੋਕਾ, ਨਜ਼ਰਾਂ ਸਿਰਫ਼ ਪਦਾਰਥ ਤੇ,
ਅਕਲਾਂ ਦੀ ਪੋਥੀ 'ਚੋਂ ਬਾਂਦਰ ਵਰਕੇ ਪਾੜੀ ਜਾਂਦੇ ਨੇ।

ਘਰ ਵਿਚ ਰੌਸ਼ਨਦਾਨ ਖਿੜਕੀਆਂ, ਚਾਨਣ ਖ਼ਾਤਰ ਸ਼ੀਸ਼ੇ ਵੀ,
ਖ਼ੁਦ ਤੋਂ ਡਰਦੇ ਮਾਰੇ ਲੋਕੀਂ ਪਰਦੇ ਚਾੜ੍ਹੀ ਜਾਂਦੇ ਨੇ।

ਬਾਗਬਾਨ ਬੇਨਸਲੇ ਹੋ ਗਏ, ਧਰਮ ਕਰਮ ਦੇ ਨਾਂ ਥੱਲੇ,
ਨਫ਼ਰਤ ਦੀ ਅੱਗ ਅੰਦਰ ਫੁੱਲ ਤੇ ਕਲੀਆਂ ਸਾੜੀ ਜਾਂਦੇ ਨੇ।

ਗਿਆਨ ਅਤੇ ਵਿਗਿਆਨ ਦੇ ਨਾਂ ਤੇ ਅੰਬਰ ਕੀਤਾ ਛਾਨਣੀਆਂ,
ਚੰਦਰਮਾ ਤੇ ਮੰਗਲ ਖ਼ਾਤਰ, ਧਰਤ ਪਛਾੜੀ ਜਾਂਦੇ ਨੇ।

ਲੋਕਤੰਤਰੀ ਲੀਲ੍ਹਾ ਓਹਲੇ, ਵੇਖੋ ਕੀ ਕੁਝ ਵਾਪਰਦਾ,
ਰਖਵਾਲੇ ਹੀ ਚੋਰ ਲੁਟੇਰੇ, ਸੰਸਦ ਵਾੜੀ ਜਾਂਦੇ ਨੇ।

ਆਪਣੀ ਮਾਂ ਤੋਂ ਤੋੜ ਵਿਛੋੜਾ, ਹੇਜ ਪਰਾਈ ਬੋਲੀ ਦਾ,
ਬਾਲ ਬਚਪਨਾ ਸਾਂਭਣ ਵਾਲੇ, ਸ਼ਬਦ ਲਿਤਾੜੀ ਜਾਂਦੇ ਨੇ।

1

o

## ਭੀਲ ਬੱਚਾ ਫੇਰ ਹਾਜ਼ਰ

ਭੀਲ ਬੱਚਾ ਫੇਰ ਹਾਜ਼ਰ ਹੈ ਦਰੋਣਾਚਾਰੀਆ।
ਮੈਂ ਦਰਾਵੜ ਏਕਲਵਿਆ, ਤੂੰ ਬ੍ਰਾਹਮਣ ਆਰੀਆ।

ਫਿਰ ਅੰਗੂਠਾ ਮੰਗਦਾ ਹੈ, ਦਖਸ਼ਣਾ ਵਿਚ ਵੇਖ ਲੈ,
ਚੁੱਪ ਕਿਉਂ, ਤੂੰ ਬੋਲਦਾ ਨਹੀਂ, ਮੌਸਮੀ ਬਨਵਾਰੀਆ।

ਏਨੀਆਂ ਸਦੀਆਂ ਤੋਂ ਮਗਰੋਂ, ਫੇਰ ਓਥੇ ਹੀ ਖੜਾਂ,
ਘੂਰਦਾ ਮੈਨੂੰ ਅਜੇ ਵੀ ਧਰਮ-ਵੇਦਾਚਾਰੀਆ।

ਤੀਸਰਾ ਨੇਤਰ ਲਿਆਕਤ, ਤੇਰੇ ਮੱਥੇ ਦਾ ਸ਼ਿੰਗਾਰ,
ਖੜਗ-ਭੁਜ ਬਣਿਆ ਰਹੀਂ ਨਾ ਯੋਧਿਆ ਬਲਕਾਰੀਆ।

ਮੈਂ ਅਕਲ ਮੰਗਾਂ ਤਾਂ ਕਿਸ ਤੋਂ, ਨੇਰ੍ਹ ਘੁੰਮਣਘੇਰ ਵਿਚ,
ਚੋਰ, ਕੁੱਤੀ ਨਾਲ ਰਲ਼ਿਆ ਤੀਸਰਾ ਅਖ਼ਬਾਰੀਆ।

ਤੂੰ ਕਦੇ ਸੀ ਢਾਲ਼ ਬਣਿਆ, ਧਰਮ-ਧਰਤੀ ਪਾਲਕਾ,
ਬਾਜ਼ ਤੋਂ ਚਿੜੀਆਂ ਨੂੰ ਖ਼ਤਰਾ, ਫੇਰ ਕਲਗੀਧਾਰੀਆ।

ਲਿਖ ਰਿਹਾ ਸਿਹਰੇ ਕਸੀਦੇ, ਲੈ ਵਜ਼ੀਫ਼ੇ ਭੁਰ ਗਿਆ,
ਕਲਮਧਾਰੀ ਵੇਖ ਲਉ ਹੁਣ ਬਣ ਗਿਆ ਦਰਬਾਰੀਆ।

1

o

## ਦੀਵੇ ਨਾਲ ਤੂਫ਼ਾਨ ਲੜਾਈ

ਦੀਵੇ ਨਾਲ ਤੂਫ਼ਾਨ ਲੜਾਈ ਕਰਦਾ ਕਰਦਾ ਹਾਰ ਗਿਆ ਹੈ।
ਸੱਚ ਪੁੱਛੋ ਤਾਂ ਰੂੰ ਦਾ ਫੰਬਾ, ਹਸਤੀ-ਕੀਮਤ ਤਾਰ ਗਿਆ ਹੈ।

ਧੁੱਪ ਤੇ ਛਾਂ ਵੀ ਮੇਰੇ ਅੰਗ ਸੰਗ, ਦੁੱਖ ਤੇ ਸੁਖ ਵੀ ਮੇਰੀ ਸ਼ਕਤੀ,
ਮੈਂ ਕਿਉਂ ਡਰਾਂ ਹਨ੍ਹੇਰੇ ਕੋਲੋਂ, ਭਾਵੇਂ ਇਹ ਹੰਕਾਰ ਗਿਆ ਹੈ।

ਸ਼ਾਮ ਢਲ਼ੇ ਕਿਉਂ ਤੁਰ ਜਾਂਦਾ ਹੈਂ, ਸੂਰਜ ਵਾਂਗੂੰ ਮਾਰ ਕੇ ਬੁੱਕਲ,
ਤਾਰੇ ਰਾਤੀਂ ਪੁੱਛਦੇ ਤੇਰਾ ਕਿੱਧਰ ਮਹਿਰਮ ਯਾਰ ਗਿਆ ਹੈ।

ਇੱਕ ਦੂਜੇ ਨੂੰ ਜੋ ਦਿਲਬਰੀਆਂ ਦਿੱਤੀਆਂ ਸੀ ਉਹ ਲੀਰਾਂ ਹੋਈਆਂ,
ਰੂਹ ਦਾ ਕੋਰਾ ਵਸਤਰ, ਤੇਰਾ ਇੱਕੋ ਸ਼ਬਦ ਲੰਗਾਰ ਗਿਆ ਹੈ।

ਯਾਦਾਂ ਦੀ ਕੰਨੀ ਨੂੰ ਫੜ ਕੇ, ਨਕਸ਼ ਗੁਆਚੇ ਲੱਭਦਾ ਫਿਰਦਾਂ,
ਵੇਖ ਕਿਵੇਂ ਪਰ ਹੀਣਾ ਪੰਛੀ ਦੂਰ ਦੋਮੇਲੋਂ ਪਾਰ ਗਿਆ ਹੈ।

ਵੇਖ ਲਵੋ ਸੰਸਾਰ ਮੇਰੇ ਘਰ ਖੋਲ੍ਹ ਜਬਾੜੇ ਆ ਬੈਠਾ ਏ,
ਨਿੱਕੀਆਂ ਨਿੱਕੀਆਂ ਕਿੰਨੀਆਂ ਹੱਟੀਆਂ, ਵੱਟਿਆਂ ਸਣੇ ਡਕਾਰ ਗਿਆ ਹੈ।

ਆਸਾਂ ਦੀ ਤੰਦ ਟੁੱਟ ਗਈ ਜਾਪੇ, ਕੰਧਾਂ ਡੁਸਕਦੀਆਂ ਨੇ ਦੱਸਿਆ,
ਪੁੱਤ ਪਰਦੇਸੀ ਘਰ ਨੂੰ ਬਾਹਰੋਂ, ਕੁੰਡੇ ਜੰਦਰੇ ਮਾਰ ਗਿਆ ਹੈ।

l

o

## ਪਾਣੀ ਪਹਿਰੇਦਾਰ ਚੁਫ਼ੇਰੇ

ਪਾਣੀ ਪਹਿਰੇਦਾਰ ਚੁਫ਼ੇਰੇ, ਬਿਰਖ਼ ਇਕੱਲਾ ਨਹੀ. ਘਬਰਾਉਂਦਾ।
ਇਸ ਤੋਂ ਮੈਂ ਵੀ ਲਵਾਂ ਹੌਸਲਾ, ਦਰਦ ਜਦੋਂ ਹੱਲੇ ਕਰ ਆਉਂਦਾ।

ਸ਼ਾਮ ਸਵੇਰੇ ਨਵੀਂ ਕਰੂੰਬਲ, ਆਸ ਦੀ ਟਾਹਣੀ ਇੰਜ ਲਹਿਰਾਵੇ,
ਨਿੱਤਨੇਮੀ ਕਾਦਰ ਜਿਉਂ ਮੈਨੂੰ, ਲਾਗੇ ਬਹਿ ਕੇ ਗੀਤ ਸੁਣਾਉਂਦਾ।

ਜਿਸ ਧਰਤੀ ਨੂੰ ਮੈਂ ਨਹੀਂ ਤੱਕਿਆ, ਨਾ ਹੀ ਸ਼ਾਇਦ ਕਦੇ ਹੈ ਚਿਤਵੀ,
ਸਮਝ ਨਾ ਪੈਂਦੀ, ਕਿਉਂ ਹਰ ਵਾਰੀ, ਓਸੇ ਦਾ ਹੀ ਸੁਪਨ ਜਗਾਉਂਦਾ।

ਸ਼ਹਿਰ ਨਿਵਾਸੀ ਹੋ ਗਏ ਭਾਵੇ ਅੰਦਰੋਂ ਹਾਲੇ ਪਿੰਡ ਨਾ ਮਰਿਆ,
ਹੱਥ ਅਰਦਾਸ 'ਚ ਜੁੜ ਜਾਂਦੇ ਵੈਸਾਖ 'ਚ ਜਦ ਬੱਦਲ ਘਿਰ ਆਉਂਦਾ।

ਬਲਦੇ ਖੰਭਾਂ ਵਾਲਾ ਪੰਛੀ, ਉੱਡਦਾ ਉੱਡਦਾ ਇਹ ਕਹਿੰਦਾ ਹੈ,
ਬਿਰਖ਼ ਵਿਹੂਣੀ ਧਰਤੀ ਉੱਤੇ ਰੱਬ ਵੀ ਕਹਿੰਦੇ ਪੈਰ ਨਹੀਂ ਪਾਉਂਦਾ।

ਵੇਖ ਸ਼ਰੀਂਹ ਕਿੰਜ ਪੱਤਝੜ ਰੁੱਤੇ, ਵਜਦ 'ਚ ਆ ਫ਼ਲੀਆਂ ਛਣਕਾਵੇ,
ਐਸੇ ਗੀਤ ਇਲਾਹੀ ਦੀ ਰੱਬ, ਬਿਰਖ਼ੀ ਬਹਿ ਕੇ ਤਰਜ਼ ਬਣਾਉਂਦਾ।

ਹਰ ਹਾਲਤ ਵਿਚ ਖਿੜ ਕੇ ਰਹਿ ਤੇ ਰੱਖ ਹਯਾਤੀ ਘੁੰਮਦਾ ਪਹੀਆ,
ਕੰਧ ਤੇ ਟੰਗਿਆ ਟਾਈਮ ਪੀਸ ਵੀ ਟਿੱਕ ਟਿੱਕ ਮੈਨੂੰ ਇਹ ਸਮਝਾਉਂਦਾ।

l

o

## ਸੱਤ ਸਮੁੰਦਰ ਪਾਰ

ਸੱਤ ਸਮੁੰਦਰ ਪਾਰ ਗਵਾਚੇ ਫਿਰਦੇ ਹਾਂ।
ਖ਼ੁਦ ਨੂੰ ਲੱਭਦੇ ਫਿਰਦੇ ਕਿੰਨੇ ਚਿਰ ਦੇ ਹਾਂ।

ਮਾਂ ਹੀ ਚੇਤੇ ਆਵੇ ਜਾਂ ਫਿਰ ਧਰਤੀ ਮਾਂ,
ਵਿੱਚ ਮੁਸੀਬਤ ਜਦ ਵੀ ਆਪਾਂ ਘਿਰਦੇ ਹਾਂ।

ਚਿੱਤ ਬੇਚੈਨ ਉਦਾਸੀ, ਘੁੰਮਣ ਘੇਰੀ ਵਿੱਚ,
ਪਤਾ ਨਹੀਂ ਕਿਸ ਖ਼ਾਤਰ ਦੌੜੇ ਫਿਰਦੇ ਹਾਂ।

ਵਿੱਚ-ਵਿਚਾਲੇ ਹਾਂ ਨਾ ਗੋਰੇ ਨਾ ਕਾਲੇ,
ਕਿੱਦਾਂ ਦੱਸੀਏ ਆਪਾਂ ਕਿਹੜੀ ਧਿਰ ਦੇ ਹਾਂ।

ਜੜ੍ਹ ਤੋਂ ਹੀਣ ਬਿਰਖ਼ ਦੀ ਜੂਨੇ ਹਾਂ ਪੈ ਗਏ,
ਟਾਹਣੀ ਨਾਲੋਂ ਪੱਤਿਆਂ ਵਾਂਗੂੰ ਕਿਰਦੇ ਹਾਂ।

ਮਨ ਮਸਤਕ ਵਿਚ ਕਿੰਨਾ ਕੁਝ ਹੈ ਅਣਚਾਹਿਆ,
ਖ਼ੁਦ ਨੂੰ ਕਹੀਏ, ਆਪਾਂ ਕੋਮਲ ਹਿਰਦੇ ਹਾਂ।

ਹੱਸ ਕੇ ਵੇਖ ਮਨਾ ਲੈ, ਰੁੱਸਿਆ ਸੱਜਣਾਂ ਨੂੰ,
ਵੇਖੀ ਫਿਰ ਤੂੰ ਕਿੰਨੀ ਜਲਦੀ ਵਿਰਦੇ ਹਾਂ।

1

o

## ਰੰਗ ਕਿਉਂ ਬੁਝੇ ਮੁਸੱਵਰ ਮਿੱਤਰਾ

ਰੰਗ ਕਿਉਂ ਬੁਝੇ ਮੁਸੱਵਰ ਮਿੱਤਰਾ, ਮੱਥੇ ਲੀਕਾਂ ਵਾਹੀਆਂ ਲਈ।
ਬੇਪਰਵਾਹਾ ਕਿੰਜ ਬਲਿਹਾਰੇ ਜਾਵਾਂ, ਲਾਪਰਵਾਹੀਆਂ ਲਈ।

ਸਾਥੋਂ 'ਰੱਬ' ਕਹਾਵੇਂ ਤੇ 'ਯੱਬ' ਪਾਵੇਂ ਗਲਮੇ ਲਈ ਸਾਡੇ,
ਜ਼ਾਲਮ ਨੂੰ ਪਰਵਾਨਗੀਆਂ ਕਿਉਂ ਥਾਂ ਥਾਂ ਗੱਡੀਆਂ ਫਾਹੀਆਂ ਲਈ।

ਰਾਜ-ਘਰਾਨਿਆਂ ਖ਼ਾਤਰ ਤੇਰੇ ਸਭ ਦਰਵਾਜ਼ੇ ਖੁੱਲ੍ਹਦੇ ਨੇ,
ਬੰਦ ਕਿਉਂ ਹੋ ਜਾਂਦੇ ਨੇ ਇਹ, ਗੁਰ-ਮਾਰਗ ਦੇ ਰਾਹੀਆਂ ਲਈ।

ਦੌਲਤਮੰਦ ਨੂੰ ਹੋਰ ਮਸ਼ੀਨਾਂ ਵੰਡੀ ਜਾਵੇਂ ਦੌਲਤ ਲਈ,
ਖੁੰਢੀਆਂ ਕਿਉਂ ਨੇ ਰੰਬੀਆਂ ਹਾਲੇ, ਸਾਡੇ ਪਿੰਡ ਦੇ ਘਾਹੀਆਂ ਲਈ।

ਦਿਲ ਦੀ ਦੌਲਤ ਖਿੱਲਰ ਚੱਲੀ, ਰੂਹ ਨੂੰ ਗੁਰਬਤ ਘੇਰ ਲਿਆ,
ਤਨ ਮੇਰੇ ਨੂੰ ਝੋਰਾ ਲੱਗਾ, ਕੁਝ ਮਰਲੇ ਸਰਸਾਹੀਆਂ ਲਈ।

ਕਲਮ-ਦਵਾਤ ਡੁਸਕਦੀ ਵੇਖੀ ਕੱਚੇ ਘਰ ਦੇ ਵਿਹੜੇ ਵਿੱਚ,
ਦੇਸ਼ ਆਜ਼ਾਦ ਗੁਲਾਮ ਬਚਪਨਾ, ਤਰਸੇ ਕਲਮ ਸਿਆਹੀਆਂ ਲਈ।

ਟੁੱਟੀ ਮੰਜੀ ਵਾਣ ਪੁਰਾਣਾ, ਗਾਂਢੇ ਲਾ ਲਾ ਹੰਭ ਗਏ ਹਾਂ,
ਹੁਣ ਤੇ ਸਿਰਫ਼ ਸਹਾਰਾ ਇੱਟਾਂ ਰੱਖੀਆਂ ਦਾ ਹੀ, ਬਾਹੀਆਂ ਲਈ।

1

੦

## ਅੱਜ ਉੱਠਦੇ ਸਵੇਰੇ ਤੇਰਾ ਆਇਆ

ਅੱਜ ਉੱਠਦੇ ਸਵੇਰੇ ਤੇਰਾ ਆਇਆ ਸੀ ਖ਼ਿਆਲ।
ਝੋਲੀ ਭਰ ਗਈ ਹੈ ਮੇਰੀ ਵੇਖ ਸੂਹੇ ਫੁੱਲਾਂ ਨਾਲ।

ਹੋਰ ਸਾਰੇ ਹੀ ਸਵਾਲਾਂ ਦੇ ਜਵਾਬ ਮੇਰੇ ਕੋਲ,
ਕੱਲ੍ਹਾ ਹੱਲ ਹੀ ਨਾ ਹੋਵੇ, ਤੇਰੀ ਚੁੱਪ ਦਾ ਸਵਾਲ।

ਰਾਤੀਂ ਵੇਖਿਆ ਮੈਂ ਚੰਨ, ਟਿਕੀ ਰਾਤ ਸੀ ਚੁਫ਼ੇਰ,
ਜਾਪੇ ਅੰਬਰਾਂ 'ਚ ਲੈ ਕੇ ਫਿਰੇਂ ਮੋਤੀਆਂ ਦਾ ਥਾਲ।

ਓਸ ਖ਼ਤ ਨੂੰ ਵੀ ਕਦੇ ਪੜ੍ਹ ਲਿਆ ਕਰ ਜਾਨੇਂ,
ਜਿਹੜਾ ਲਿਖਿਆ ਮੈਂ ਕਿੰਨੀ ਵਾਰੀ ਹੰਝੂਆਂ ਦੇ ਨਾਲ।

ਤੈਨੂੰ ਪਹਿਲੀ ਵਾਰੀ ਸੁਪਨੇ 'ਚ ਵੇਖਿਆ ਸੀ ਜਦੋਂ,
ਲੱਗਾ ਕਿੰਨੀ ਸੋਹਣੀ ਵੇਲ ਭਰੀ ਮੋਤੀਏ ਦੇ ਨਾਲ।

ਆ ਜਾ ਜ਼ਿੰਦਗੀ ਨੂੰ ਹੌਕਿਆਂ ਦੇ ਕਹਿਰ ਤੋਂ ਬਚਾ,
ਇਹ ਤੇ ਮੰਗਦੀ ਹੁੰਗਾਰਾ ਤੈਥੋਂ ਹਾੜ੍ਹ ਤੇ ਸਿਆਲ।

ਪੱਤਝੜ ਤੋਂ ਫੁਟਾਰਾ ਤੇ ਫੁਟਾਰੇ ਪਿੱਛੋਂ ਫੁੱਲ,
ਫੁੱਲਾਂ ਪਿੱਛੋਂ ਫ਼ਲ ਪੈਣੈਂ, ਤੇਰੇ ਮੇਰੇ ਸੰਗ ਨਾਲ।

1

੦

## ਹਾਮੀ ਨਾ ਇਨਕਾਰ ਕਰੇਂ ਤੂੰ

ਹਾਮੀ ਨਾ ਇਨਕਾਰ ਕਰੇਂ ਤੂੰ ਕਿਉਂ ਏਦਾਂ ਸਰਕਾਰ ਵਾਂਗਰਾਂ।
ਇਸ ਰਿਸ਼ਤੇ ਨੂੰ ਚੁੱਕੀ ਫਿਰਦਾਂ ਮੈਂ ਸਦੀਆਂ ਤੋਂ ਭਾਰ ਵਾਂਗਰਾਂ।

ਕੰਮ ਦੀ ਖ਼ਬਰ ਕਦੇ ਨਾ ਕੋਈ, ਦੁਨੀਆਂ ਭਰ ਦਾ ਰੋਲ-ਘਚੋਲਾ,
ਕੀਹ ਦੱਸਾਂ ਮੈਂ ਮਨ ਦੀ ਹਾਲਤ, ਹੋ ਗਈ ਹੈ ਅਖ਼ਬਾਰ ਵਾਂਗਰਾਂ।

ਕੰਬਦੀ ਟਾਹਣੀ ਉੱਤੋਂ ਉੱਡ ਗਏ ਵੇਖ ਪਰਿੰਦੇ, ਡਰ ਕੇ ਸਾਰੇ,
ਦਿਲ ਦੀ ਬੁੱਕਲ ਦੇ ਵਿੱਚ ਜਿਹੜੇ, ਰਹਿੰਦੇ ਸੀ ਪਰਿਵਾਰ ਵਾਂਗਰਾਂ।

ਦਰਦ-ਦਿਲੇ ਦਾ ਸੁਣ ਲੈਂਦਾ ਜੇ ਮਹਿਰਮ ਮੇਰਾ ਕੋਲ ਬੈਠ ਕੇ,
ਮਹਿੰਗੇ ਮੋਤੀ ਕਿੰਜ ਪਰੋਂਦਾ, ਮੈਂ ਹੰਝੂਆਂ ਦੇ ਹਾਰ ਵਾਂਗਰਾਂ।

ਕਿੰਨਾ ਚਾਨਣ, ਅਗਨੀ, ਤਾਕਤ, ਅੰਦਰ ਤੇਰੇ ਕਿੰਨੇ ਸੂਰਜ,
ਅਪਣੇ ਅੰਦਰ ਕੀ ਕੁਝ ਰੱਖਿਆ, ਤੂੰ ਬਿਜਲੀ ਦੀ ਤਾਰ ਵਾਂਗਰਾਂ।

ਅੱਖਾਂ ਮੀਟ ਲਵਾਂ ਤੇ ਦਿਸਦੀ, ਤੇਰੀ ਸੂਰਤ ਜੁਗਨੂੰ ਜਗਦੇ,
ਨੰਗੀ ਅੱਖ ਨੂੰ ਖ਼ਬਰ ਨਹੀਂ ਹੈ, ਅਣਦਿਸਦੇ ਸੰਸਾਰ ਵਾਂਗਰਾਂ।

ਯਾਦ ਤੇਰੀ ਦਾ ਪੱਲੂ ਫੜ ਕੇ, ਹੁਣ ਵੀ ਭਟਕਣ ਤੋਂ ਬਚ ਜਾਨਾਂ,
ਜੀਵਨ ਦੀ ਰਣਭੂਮੀ ਅੰਦਰ, ਤੂੰ ਹੈਂ ਕ੍ਰਿਸ਼ਨ ਮੁਰਾਰ ਵਾਂਗਰਾਂ।

1

## ਅੱਗੇ ਅੱਗ ਸੀ ਪਿੱਛੇ ਪਾਣੀ

ਅੱਗੇ ਅੱਗ ਸੀ ਪਿੱਛੇ ਪਾਣੀ, ਜਾਨ ਦੀ ਖ਼ਾਤਰ ਦੱਸ ਕੀਹ ਕਰਦੇ।
ਦੋਹੀਂ ਪਾਸੀਂ ਮੌਤ ਖੜ੍ਹੀ ਸੀ, ਦੱਸ ਤੂੰ ਕਿਸਦੀ ਹਾਮੀ ਭਰਦੇ।

ਸੱਤ ਨਦੀਆਂ ਤੇ ਸੱਤ ਸਮੁੰਦਰ, ਇਸ ਤੋਂ ਡੂੰਘੇ ਨੈਣ ਬਲੌਰੀ,
ਦਿਲ ਦਰਿਆ ਤੋਂ ਅੱਗੇ ਜਾ ਕੇ, ਇਹ ਸਾਰਾ ਕੁਝ ਕਿੱਦਾਂ ਤਰਦੇ।

ਸ਼ਾਮ ਢਲੀ ਪਰਛਾਵੇਂ ਲੰਮੇ, ਰਾਤ ਪਈ ਤੇ ਜਗ ਪਏ ਦੀਵੇ,
ਪੌਣ ਵਗੀ ਤੇ ਲਾਟਾਂ ਡੋਲਣ, ਜੀਕਣ ਉਹ ਸੀ ਹੌਕੇ ਭਰਦੇ।

ਡਾਢਾ ਗੂੜ੍ਹਾ ਘੋਰ ਹਨੇਰਾ, ਮਨ ਦੇ ਅੰਦਰ ਸ਼ੋਰ ਬਥੇਰਾ,
ਚੁੱਪ ਦਾ ਚਾਰ ਚੁਫ਼ੇਰੇ ਜੰਗਲ, ਏਸੇ ਚੁੱਪ ਤੋਂ ਰਹੀਏ ਡਰਦੇ।

ਤੂੰ ਤੇ ਹੁਕਮ ਚੜ੍ਹਾ ਦਿੱਤਾ ਸੀ, ਸਿਖ਼ਰ ਚੁਬਾਰੇ ਪਹੁੰਚੋ ਸਾਰੇ,
ਬਿਨ ਪੌੜੀ ਤੋਂ ਆਪੇ ਦੱਸ ਤੂੰ, ਕਦਮ ਉਤਾਂਹ ਨੂੰ ਕਿੱਥੇ ਧਰਦੇ।

ਮੰਡੀ ਦੇ ਵਿਚ ਆਸ ਦੇ ਪੰਛੀ, ਪੈਲੀ ਵਿਚ ਉਮੀਦਾਂ ਮੋਈਆਂ,
ਰਾਤ ਹਨ੍ਹੇਰੀ ਅੰਦਰ ਜੁਗਨੂੰ, ਜੇ ਨਾ ਮੱਚਦੇ, ਦੱਸ ਕੀ ਕਰਦੇ।

ਗਿਲਤੀ ਬੰਨ੍ਹੀ, ਗ਼ਮ ਦੀ ਬੁੱਕਲ, ਬੈਠੇ ਬੀਬੇ ਬੱਚਿਆਂ ਵਾਂਗੂੰ,
ਹੌਕੇ, ਹਾਵੇ ਤੇ ਉਦਰੇਵੇਂ, ਮੇਰੇ ਸਾਰੇ ਹਾਣੀ ਠਰਦੇ।

## ਅੰਬਰਾਂ ਵਿਚ ਤਾਰੀ ਲੱਗਣੀ ਨਹੀਂ

ਅੰਬਰਾਂ ਵਿਚ ਤਾਰੀ ਲੱਗਣੀ ਨਹੀਂ, ਜੇ ਖੰਭਾਂ ਵਿਚ ਪਰਵਾਜ਼ ਨਹੀਂ।
ਕਬਰਾਂ ਜਿਹੀ ਚੁੱਪ ਕਿਉਂ ਚਿਹਰੇ ਤੇ, ਹੈ ਬੰਦ ਜ਼ਬਾਨ, ਆਵਾਜ਼ ਨਹੀਂ।

ਕਾਵਾਂ ਦੀ ਅਸਲ ਹਕੀਕਤ ਨੂੰ, ਤੂੰ ਜਾਣਦਿਆਂ ਵੀ ਚੁੱਪ ਰਹਿੰਦੈਂ,
ਸੱਚ ਬੋਲਣ ਤੋਂ ਘਬਰਾ ਜਾਣਾ, ਇਸ ਧਰਤੀ ਦਾ ਅੰਦਾਜ਼ ਨਹੀਂ।

ਚਿੜੀਆਂ ਵੀ ਜਿਸ ਤੋਂ ਸਹਿਮਦੀਆਂ, ਨਾ ਸੁਣੇਂ ਅਪੀਲਾਂ ਰਹਿਮ ਦੀਆਂ,
ਇਹ ਸ਼ਿਕਰਾ ਆਦਮਖ਼ੋਰ ਜਿਹਾ, ਚੋਟੀ ਤੇ ਬੈਠਾ ਬਾਜ਼ ਨਹੀਂ।

ਗਰਜ਼ਾਂ ਲਈ ਫ਼ਰਜ਼ ਭੁਲਾ ਬੈਠਾਂ, ਮੈਂ ਹੌਲੀ ਹੌਲੀ ਗਰਕ ਗਿਆਂ,
ਮੈਂ ਤਾਹੀਉਂ ਚੁੱਪ ਚੁੱਪ ਰਹਿੰਦਾ ਹਾਂ, ਉਂਝ ਤੇਰੇ ਨਾਲ ਨਾਰਾਜ਼ ਨਹੀਂ।

ਮੇਰੀ ਚੁੱਪ ਨੂੰ ਜੋ ਮਿਸਮਾਰ ਕਰੇ, ਤੇ ਰੂਹ ਮੇਰੀ ਸਰਸ਼ਾਰ ਕਰੇ,
ਸਾਹਾਂ ਵਿਚ ਸੰਦਲ ਘੋਲੇ ਜੋ, ਕਿਉਂ ਵੱਜਦਾ ਇੱਕ ਵੀ ਸਾਜ਼ ਨਹੀਂ।

ਇਹ ਸਾਰਾ ਖੇਲ ਰਚਾਇਆ ਹੈ, ਚੋਰਾਂ ਤੇ ਸਾਧਾਂ ਰਲ ਮਿਲ ਕੇ,
ਸਭ ਜਾਣਦਿਆਂ ਵੀ ਚੁੱਪ ਬੈਠੇ, ਹੁਣ ਇਹ ਗੱਲ ਲੁਕਵਾਂ ਰਾਜ਼ ਨਹੀਂ।

ਤੂੰ ਮਾਣ ਮਰਤਬੇ ਕੁਰਸੀ ਤੇ, ਕਲਗੀ ਦਾ ਕੈਦੀ ਬਣ ਬੈਠਾ,
ਜੋ ਸੱਚ ਦਾ ਮਾਰਗ ਛੱਡ ਜਾਵੇ, ਫਿਰ ਰਹਿੰਦਾ ਉਹ ਜਾਂਬਾਜ਼ ਨਹੀਂ।

## ਬੰਸਰੀ ਵਿਚ ਫੂਕ ਮਾਰੀਂ

ਬੰਸਰੀ ਵਿਚ ਫੂਕ ਮਾਰੀਂ, ਦੇ ਤੂੰ ਇਸ ਨੂੰ *ਨਗ਼ਮਗੀ।
ਇੱਕ ਲੱਤ ਦੇ ਭਾਰ ਬਾਂਸਾਂ ਬਹੁਤ ਕੀਤੀ ਬੰਦਗੀ।

ਰੁਮਕਦੀ ਵੇਖੀਂ, ਸੁਣੀਂ ਤੂੰ ਆਪ ਗਾਉਂਦੀ ਕਾਇਨਾਤ,
ਇੰਜ ਹੀ ਫੁੱਲਾਂ 'ਚ ਭਰਦੀ ਮਹਿਕ ਵੀ ਤੇ ਤਾਜ਼ਗੀ।

ਮੈਂ ਥਲਾਂ ਵਿਚ ਭਟਕਿਆ ਹਾਂ, ਅੱਜ ਤੀਕਰ ਥਾਂ ਕੁਥਾਂ,
ਨਾ ਕੋਈ ਮੰਜ਼ਿਲ ਮਿਲੀ ਨਾ ਖ਼ਤਮ ਹੋਈ ਤਿਸ਼ਨਗੀ**।

ਪੌਣ ਹੈ, ਇਹ ਕੌਣ ਹੈ ਜਾਂ ਮਨ ਮੇਰੇ ਦੀ ਭਟਕਣਾ,
ਮੁੱਕਦੀ ਨਹੀਂ ਅੰਤਹੀਣੀ, ਰੋਜ਼ ਦੀ ਆਵਾਰਗੀ।

ਤੇਜ਼ ਤਿੱਖੀ ਧਾਰ ਤੇ ਨਾ ਤੋਰ ਤੂੰ ਤਲਵਾਰ ਤੇ,
ਬਹੁਤ ਮਹਿੰਗੀ ਪੈਣ ਵਾਲੀ ਮੈਨੂੰ ਤੇਰੀ ਦਿਲਲਗੀ।

ਚੂਹੇ ਦੌੜਾਂ ਦਾ ਸਿਕੰਦਰ, ਜਿੱਤ ਕੇ ਚੂਹੇ ਸਮਾਨ,
ਅਸਲ ਸ਼ਕਤੀ ਸਹਿਜ ਤੁਰਦੀ ਆਦਮੀ ਦੀ ਸਾਦਗੀ।

ਮੈਂ ਕਿਸੇ ਮੰਡੀ ਵਿਕਾਊ ਮਾਲ ਵਰਗਾ ਕਿਉਂ ਬਣਾਂ,
ਇਸ ਨੇ ਮੇਰੇ ਤੋਂ ਹੈ ਖੋਹਣੀ, ਅਣਖ਼ ਤੇ ਮਰਦਾਨਗੀ।

1

## ਵੇਖ ਲਵੋ ਜੀ, ਸਾਡੇ ਹੁੰਦਿਆਂ

ਵੇਖ ਲਵੋ ਜੀ, ਸਾਡੇ ਹੁੰਦਿਆਂ, ਸੱਚ ਨੂੰ ਏਥੇ ਡੰਨ ਹੁੰਦੇ ਨੇ।
ਜ਼ੁਲਮ ਜ਼ਬਰ ਦੇ ਡੇਰੇ ਮੈਥੋਂ, ਕੱਲ੍ਹਿਆਂ ਕਿੱਥੇ ਭੰਨ ਹੁੰਦੇ ਨੇ।

ਕੰਧਾਂ ਕਰਨ ਚੁਗਲੀਆਂ ਅਕਸਰ, ਵਤਨ ਮੇਰੇ ਵਿਚ ਸੁਣਿਆ ਸੀ ਪਰ,
ਅਮਰੀਕਾ ਵਿਚ ਅੱਖੀਂ ਤੱਕਿਐ, ਪੌਣਾਂ ਨੂੰ ਵੀ ਕੰਨ ਹੁੰਦੇ ਨੇ।

ਚੰਦਰਬੰਸੀ, ਸੂਰਜ ਬੰਸੀ, ਮਾਵਾਂ ਹੀ ਤਾਂ ਹੈਣ ਜੰਮਦੀਆਂ,
ਧੀਆਂ ਦੀ ਥਾਂ ਪੁੱਤਰ ਹੀ ਕਿਉਂ, ਅੱਖ ਦੇ ਤਾਰੇ ਚੰਨ ਹੁੰਦੇ ਨੇ।

ਸੀਸ ਤਲੀ ਤੇ ਧਰਦੇ, ਮਰਦੇ, ਚੌਂਕ ਚੁਰਸਤੇ ਦੀਵੇ ਧਰਦੇ,
ਏਸ ਨਸਲ ਦੇ ਪੁੱਤਰ ਧੀਆਂ, ਸੱਚੀਂ ਮੁੱਚੀਂ ਧੰਨ ਹੁੰਦੇ ਨੇ।

ਤੂੰ ਮਿਲਿਆ, ਦਿਲ ਹੌਲਾ ਕੀਤਾ, ਹੁਣ ਮੈਂ ਵੇਖੀਂ ਤੇਜ਼ ਤੁਰਾਂਗਾ,
ਦਿਲ ਦਰਿਆਈ ਹੜ੍ਹ ਦੇ ਪਾਣੀ, ਕੱਲ੍ਹਿਆਂ ਕਿੱਥੇ ਬੰਨ੍ਹ ਹੁੰਦੇ ਨੇ।

ਭੁਰਦੇ ਜਾਈਏ ਚੁੱਪ ਚੁਪੀਤੇ, ਸਿਵਿਆਂ ਦੇ ਵੱਲ ਰੋਜ਼ ਦਿਹਾੜੀ,
ਛਲਕ ਰਹੇ ਨੈਣਾਂ ਦੇ ਕੁੱਜੇ, ਓਦਾਂ ਕਿੱਥੇ ਭੰਨ ਹੁੰਦੇ ਨੇ।

ਵਕਤ ਵਿਖਾਵੇ ਸ਼ੀਸ਼ਾ ਸਭ ਨੂੰ, ਵੇਖੋ ਜਾਂ ਨਾ ਵੇਖੋ ਮਰਜ਼ੀ,
ਰੂਹ ਦੇ ਦਾਗ ਤੇ ਮੈਲੇ ਚਿਹਰੇ, ਓਦਾਂ ਕਿੱਥੇ ਮੰਨ ਹੁੰਦੇ ਨੇ।

1

---

*ਸੰਗੀਤਕਤਾ
**ਪਿਆਸ

○

## ਇਨਕਲਾਬ ਦਾ ਨਾਅਰਾ ਲਾਇਆ

ਇਨਕਲਾਬ ਦਾ ਨਾਅਰਾ ਲਾਇਆ, ਸੀਸ ਤਲੀ ਤੇ ਧਰਿਆ ਨਹੀਂ।
ਏਸੇ ਕਰਕੇ ਹੁਕਮਰਾਨ ਵੀ, ਕਿਣਕਾ ਮਾਤਰ ਡਰਿਆ ਨਹੀਂ।

ਕੰਢੇ ਕੰਢੇ ਤੁਰਦੇ ਤੁਰਦੇ, ਮਾਰਗ ਦੱਸਦੈ ਹੋਰਾਂ ਨੂੰ,
ਆਪ ਕਦੇ ਸ਼ਹੁ ਸਾਗਰ ਵਿਚ ਜੋ ਇੱਕ ਵੀ ਤਾਰੀ ਤਰਿਆ ਨਹੀਂ।

ਸਾਡੇ ਸਭ ਦੇ ਅੰਦਰ ਕਿਧਰੇ ਹਾਕਮ ਛੁਪ ਕੇ ਬੈਠ ਗਿਆ,
ਬੰਦ ਕਮਰੇ ਤੋਂ ਬਾਹਰ ਕਦੇ ਇਸ ਪੈਰ ਅਗਾਂਹ ਨੂੰ ਧਰਿਆ ਨਹੀਂ।

ਬਹਿਸ ਕਰਦਿਆਂ ਉਮਰ ਗੁਜ਼ਾਰੀ, ਅਕਲਾਂ ਨੇ ਮੱਤ ਮਾਰ ਲਈ,
ਜਿਸ ਨੂੰ ਆਪਾਂ ਦੁਸ਼ਮਣ ਕਹੀਏ, ਤਾਹੀਉਂ ਸਾਥੋਂ ਮਰਿਆ ਨਹੀਂ।

ਸੁਣਿਆ ਸੀ ਕਿ ਪਾਪ ਦਾ ਭਾਂਡਾ ਭਰ ਜਾਵੇ ਤਾਂ ਡੁੱਬ ਜਾਂਦਾ,
ਅਜਬ ਸਰੋਵਰ ਡੋਬੇ ਨਾ ਜੋ, ਆਖੇ ਪੂਰਾ ਭਰਿਆ ਨਹੀਂ।

ਓਸ ਜੁਰਮ ਦੀ ਸਜ਼ਾ ਭੁਗਤਣਾ ਸਭ ਤੋਂ ਔਖਾ ਜਾਪ ਰਿਹੈ,
ਜਿਹੜਾ ਏਸ ਜਨਮ ਵਿਚ ਅੱਜ ਤੱਕ, ਸਹੁੰ ਮੇਰੀ ਮੈਂ ਕਰਿਆ ਨਹੀਂ।

ਤੋਰ ਮਟਕਣੀ ਤੁਰਦਾ ਹੋਵੇ, ਕਲਕਲ ਕਲਕਲ ਲਹਿਰ ਲਹਿਰ,
ਮੇਰੇ ਦੇਸ ਪੰਜਾਬ 'ਚ ਹੁਣ ਤਾਂ ਇੱਕ ਵੀ ਐਸਾ ਦਰਿਆ ਨਹੀਂ।

1

○

## ਤੂੰ ਮੈਨੂੰ ਜੀਣ ਜੋਗਾ ਛੱਡ

ਤੂੰ ਮੈਨੂੰ ਜੀਣ ਜੋਗਾ ਛੱਡ, ਰਹਿੰਦਾ ਮਾਰ ਦੇ ਮੈਨੂੰ।
ਮੇਰੇ 'ਚੋਂ ਮੈਂ ਮੁਕਾ ਦੇ, ਤੇ ਨਵਾਂ ਵਿਸਥਾਰ ਦੇ ਮੈਨੂੰ।

ਮੁਹੱਬਤ ਸਾਂਭ ਲੈ ਤੂੰ, ਜਿੱਤ ਦੇ ਤਮਗੇ ਮੈਂ ਕੀਹ ਕਰਨੇ,
ਮੇਰੇ ਨੇੜੇ ਰਹੀਂ ਤੂੰ, ਹਾਰ ਦੀ ਮਹਿਕਾਰ ਦੇ ਮੈਨੂੰ।

ਜਵਾਨੀ ਠਰ ਗਈ, ਬੇਹਰਕਤੀ ਹੈ, ਜਜ਼ਬਿਆਂ ਹੀਣੀ,
ਲਗਨ ਦੇ ਦੇ ਇਨ੍ਹਾਂ ਨੂੰ, ਅੱਗ ਤੇ ਅੰਗਿਆਰ ਦੇ ਮੈਨੂੰ।

ਤੂੰ ਮੈਨੂੰ ਸ਼ਾਸਤਰ ਤੋਂ ਤੋੜਿਆ ਤੇ ਜੋੜਿਆ ਕਿੱਥੇ,
ਨਿਰੰਤਰ ਜੀਣ ਖ਼ਾਤਰ 'ਸ਼ਬਦ' ਜਹੇ ਹਥਿਆਰ ਦੇ ਮੈਨੂੰ।

ਮੈਂ ਸਾਰੀ ਧਰਤ ਦੀ ਅਗਨੀ 'ਚ ਖ਼ੁਦ ਨੂੰ ਭਸਮ ਕੀਤਾ ਹੈ,
ਨਜ਼ਰ ਭਰ ਵੇਖ ਮੈਨੂੰ, ਧੁਖ਼ ਰਿਹਾਂ, ਹੁਣ ਠਾਰ ਦੇ ਮੈਨੂੰ।

ਮੈਂ ਟਾਹਣੀ ਨਾਲ ਜੁੜਿਆ ਰਹਿਣ ਦਾ ਇਕਰਾਰ ਕਰਦਾ ਹਾਂ,
ਤੂੰ ਮੈਥੋਂ ਫੁੱਲ ਲੈ ਜਾ, ਸਿਰਫ਼ ਤਿੱਖੇ ਖ਼ਾਰ ਦੇ ਮੈਨੂੰ।

ਮੇਰੇ ਬਿਰਖ਼ਾਂ ਦੇ ਪੱਤਰ, ਟਾਹਣ ਅੱਜ ਕੱਲ੍ਹ ਬਹੁਤ ਸੁੰਨੇ ਨੇ,
ਖੁਦਾਇਆ ਰਹਿਮਤਾਂ ਕਰ, ਪੰਛੀਆਂ ਦੀ ਡਾਰ ਦੇ ਮੈਨੂੰ।

1

੦

## ਮੰਜ਼ਿਲ ਵੱਲ ਨਾ ਜਾਵੇ

ਮੰਜ਼ਿਲ ਵੱਲ ਨਾ ਜਾਵੇ, ਮਿੱਤਰਾ ਰਾਹ ਨਹੀਂ ਹੁੰਦਾ।
ਤੀਜੇ ਨੇਤਰ ਵਾਲਾ ਤਾਂ ਗੁਮਰਾਹ ਨਹੀਂ ਹੁੰਦਾ।

ਗ਼ਫ਼ਲਤ ਮਾਰੇ ਬੰਦੇ ਅਕਸਰ ਕਹਿੰਦੇ ਸੁਣਿਆਂ,
ਤੂੰ ਹੀ ਕਰਦੇ, ਮੇਰੇ ਤੋਂ ਤੇ ਆਹ ਨਹੀਂ ਹੁੰਦਾ।

ਆਜ਼ਾਦੀ ਆਜ਼ਾਦੀ ਗਾਉਂਦੇ ਥੱਕ ਚੱਲੇ ਹਾਂ,
ਤੌਂਕ ਗੁਲਾਮੀ ਵਾਲਾ ਗਲ 'ਚੋਂ ਲਾਹ ਨਹੀਂ ਹੁੰਦਾ।

ਜ਼ਿੰਦਾਦਿਲ ਦੇ ਅੰਦਰ ਤੁਰਦਾ ਹੋਰ ਬੜਾ ਕੁਝ,
ਤੇਰੇ ਮੇਰੇ ਵਾਂਗੂੰ, ਕੱਲ੍ਹਾ ਸਾਹ ਨਹੀਂ ਹੁੰਦਾ।

ਆਪਣੀ ਜਿੰਦ ਨੂੰ ਆਪੇ ਕੱਤਣਾ ਸੌਖਾ ਨਹੀਂਓਂ,
ਸੱਚ ਪੁੱਛੋ ਤਾਂ ਐਸਾ ਚਰਖ਼ਾ ਡਾਹ ਨਹੀਂ ਹੁੰਦਾ।

ਦੂਜੇ ਦੇ ਮੂੰਹ ਪਾਉਣਾ, ਆਪਣਾ ਰੂਪ ਸਮਝ ਕੇ,
ਖ਼ੁਦ ਤੋਂ ਟੁੱਟਣ ਵਾਲਾ ਸਭ ਨੂੰ ਥਾਹ ਨਹੀਂ ਹੁੰਦਾ।

ਮੈਂ ਮੇਰੀ ਤੋਂ ਅਪਣੀ ਤੀਕਰ ਘੁੰਮੀ ਜਾਈਏ,
ਘੁੰਮਣਘੇਰੀ ਨਾਲੋਂ ਵੱਡਾ ਫਾਹ ਨਹੀਂ ਹੁੰਦਾ।

ਫ਼ਨਕਾਰਾਂ ਸੰਗ ਯਾਰੀ ਲਾ ਲੈ, ਜਾਣ ਲਏਂਗਾ,
ਗੱਦੀ ਉੱਤੇ ਬੈਠ ਕੇ ਬੰਦਾ ਸ਼ਾਹ ਨਹੀਂ ਹੁੰਦਾ।

1

੦

## ਗੈਰਾਂ ਤੋਂ ਖ਼ਬਰਾਂ ਮਿਲੀਆਂ ਨੇ

ਗੈਰਾਂ ਤੋਂ ਖ਼ਬਰਾਂ ਮਿਲੀਆਂ ਨੇ ਅਪਣੇ ਵੀ ਸ਼ਹਿਰ 'ਚ ਆਏ ਨੇ।
ਏਦਾਂ ਵੀ ਸੁਣਿਆ ਲੋਕਾਂ ਤੋਂ, ਖ਼ੁਸ਼ਬੋਈਆਂ ਨਾਲ ਲਿਆਏ ਨੇ।

ਲੱਭ ਲੈਣਾ ਰਿਜ਼ਕ ਸਮੁੰਦਰਾਂ 'ਚੋਂ ਜੋ ਮਾਣਕ ਮੋਤੀ ਮਹਿੰਗਾ ਹੈ,
ਅਰਸ਼ਾਂ ਤੇ ਧਰਤ ਪਤਾਲਾਂ ਵਿੱਚ ਤੁਸੀਂ ਹਰ ਥਾਂ ਪਹਿਰੇ ਲਾਏ ਨੇ।

ਕਿੱਦਾਂ ਦੱਸ ਛੁਪ ਕੇ ਰਹਿ ਸਕਦੇ, ਇਹ ਇਸ਼ਕ, ਮੁਸ਼ਕ ਤੇ ਚਾਨਣੀਆਂ,
ਇਹ ਮਹਿਕਾਂ ਨੂੰ ਤੂੰ ਦੱਸ ਭਲਿਆ, ਬਈ ਕਿਸ ਨੇ ਜੰਦਰੇ ਲਾਏ ਨੇ।

ਇਸ ਓਪਰਿਆਂ ਦੀ ਧਰਤੀ ਤੇ, ਕੋਈ ਅਪਣਾ ਮਰ ਕੇ ਮਿਲਦਾ ਹੈ,
ਜੇ ਦਮ ਵੀ ਆਉਂਦੇ ਇੰਜ ਲੱਗਦਾ ਇਹ ਆਪਣੇ ਨਹੀਂ, ਪਰਾਏ ਨੇ।

ਤੂੰ ਦਿਲ ਦਾ ਹਾਲ ਸੁਣਾ ਦੇਵੀਂ, ਝਿਜਕੀਂ ਨਾ ਸੰਗੀ ਮਹਿਰਮ ਤੋਂ,
ਵਤਨਾਂ ਤੋਂ ਤੇਰੇ ਮਗਰੇ ਹੀ, ਪੌਣਾਂ ਦੇ ਸੁਨੇਹੇ ਆਏ ਨੇ।

ਤੇਰੇ ਹੀ ਦਿਲ ਦਰਵਾਜ਼ੇ ਤੇ, ਅੱਜ ਤੱਕ ਮੈਂ ਜੰਦਰਾ ਤੱਕਿਆ ਨਹੀਂ,
ਤਾਂ ਹੀ ਤੇ ਅੰਦਰ ਆ ਵੜਿਆਂ, ਏਥੇ ਬਾਕੀ ਬਾਰ ਪਰਾਏ ਨੇ।

ਪਰਦੇਸਾਂ ਵਿਚ ਵੀ ਢੂੰਡ ਲਿਆ, ਅਸੀਂ ਰੂਹ ਦੇ ਸੱਜਣ ਬੇਲੀ ਨੂੰ,
ਸਿਰਨਾਵਾਂ ਵੀ ਨਾ ਦੱਸਿਆ ਜਿਸ ਤੇ ਸੌ ਸੌ ਭੇਸ ਵਟਾਏ ਨੇ।

1

o

## ਜੀ ਆਇਆਂ ਨੂੰ ਆਖਣ ਦੇ

ਜੀ ਆਇਆਂ ਨੂੰ ਆਖਣ ਦੇ ਲਈ ਹਰ ਵਾਰੀ ਮੁਸਕਾਨ ਨਹੀਂ ਹੁੰਦੀ।
ਹਰ ਵੰਗਾਰ, ਚੁਣੌਤੀ ਮਿੱਤਰੋ, ਹਰ ਮਨ ਵਿਚ ਮਹਿਮਾਨ ਨਹੀਂ ਹੁੰਦੀ।

ਤੋਪਾਂ ਤੇ ਬੰਦੂਕਾਂ ਭਾਵੇਂ ਅਜ਼ਲਾਂ ਤੋਂ ਹੀ ਚੱਲ ਰਹੀਆਂ ਨੇ,
ਵੇਖ ਲਵੋ ਜੀ ਹਾਕਮ ਕੋਲੋਂ, ਸੱਚ ਦੀ ਬੰਦ ਜ਼ਬਾਨ ਨਹੀਂ ਹੁੰਦੀ।

ਰੂਹ ਦੇ ਖੇਡ ਖਿਡੌਣੇ ਵੇਚੇ, ਬਿਨ ਪੈਸੇ ਤੋਂ ਨਗਦ-ਮ-ਨਕਦੀ,
ਦਿਲ-ਦਰਬਾਰ ਬਿਨਾ ਓ ਭੋਲੇ, ਸੱਚ ਦੀ ਕੋਈ ਦੁਕਾਨ ਨਹੀਂ ਹੁੰਦੀ।

ਤੂੰ ਦਾਰੂ ਦੇ ਲੋਰ 'ਚ ਆ ਕੇ, ਸੜਕਾਂ ਉੱਤੇ ਬੜ੍ਹਕਾਂ ਮਾਰੇਂ,
ਤੇਰੇ ਵਰਗੇ ਅੰਦਰ ਸ਼ੀਸ਼ਾ, ਖ਼ੁਦ ਵੇਖਣ ਲਈ ਜਾਨ ਨਹੀਂ ਹੁੰਦੀ।

ਸੰਗਮਰਮਰ ਤੇ ਸੋਨੇ ਵਾਲੇ ਮਹਿਲ ਮੁਨਾਰੇ ਹੋ ਸਕਦੇ ਨੇ,
ਗੁਰ ਦੇ ਸ਼ਬਦ ਬਿਨਾ ਓ ਭਲਿਓ, ਕੌਮਾਂ ਦੀ ਕੋਈ ਸ਼ਾਨ ਨਹੀਂ ਹੁੰਦੀ।

ਸ਼ਬਦ, ਵਿਚਾਰ ਲਿਆਕਤ ਹੀਣੀ ਅੱਜ ਵੀ ਮੋਈ, ਕੱਲ੍ਹ ਵੀ ਮੋਈ,
ਸਿਰਫ਼ ਭੁਲੇਖੇ ਪਾਲਣ ਵਾਲੀ ਕੌਮ ਕਦੇ ਬਲਵਾਨ ਨਹੀਂ ਹੁੰਦੀ।

ਵਿਰਸੇ ਦਾ ਸਵੈਮਾਣ ਜ਼ਰੂਰੀ, ਪਰ ਹਿੰਮਤ ਵੀ ਓਨੀ ਲਾਜ਼ਿਮ,
ਸਾਹਾਂ ਬਾਝੋਂ ਨਿਰਜਿੰਦ ਪੋਰੀ, ਵੰਝਲੀ ਵਿਚ ਵੀ ਤਾਨ ਨਹੀਂ ਹੁੰਦੀ।

l

o

## ਰੁੱਸ ਗਿਆ ਦਿਲ ਹੁਣ

ਰੁੱਸ ਗਿਆ ਦਿਲ ਹੁਣ ਕਦੋਂ ਤੂੰ ਮਨਾਵੇਂਗਾ।
ਕਰੀਂ ਇਕਰਾਰ, ਕਦੇ ਰੁੱਸ ਕੇ ਨਹੀਂ ਜਾਵੇਂਗਾ।

ਉਮਰਾ ਤੇ ਲੰਘ ਚੱਲੀ, ਗਿਣ ਗਿਣ ਤਾਰਿਆਂ,
ਮੁੱਕ ਚੱਲੀ ਜਿੰਦ ਹੋਰ ਕਿੰਨਾ ਤੜਫ਼ਾਵੇਂਗਾ।

ਬੇਪਰਵਾਹਾ ਦੱਸੀਂ ਬੇੜੀ ਦੇ ਮਲਾਹਾ ਮੇਰੀ,
ਭੰਵਰਾ 'ਚ ਜਾਨ ਫਸੀ ਪਾਰ ਕਦੋਂ ਲਾਵੇਂਗਾ।

ਨੇਤਰਾਂ ਦੇ ਖੂਹੇ ਖ਼ਾਲੀ, ਨਜ਼ਰਾਂ ਸਵਾਲੀ ਦੱਸ,
ਮਿਲਿਆ ਨੂੰ ਯੁਗ ਬੀਤੇ, ਫੇਰਾ ਕਦੋਂ ਪਾਵੇਂਗਾ।

ਔੜ ਮਾਰੀ ਧਰਤੀ ਦੇ ਵਾਂਗਰਾਂ ਤਰੇੜੀ ਜਿੰਦ,
ਦਿਲ ਦੀ ਬਗੀਚੜੀ ਨੂੰ ਪਾਣੀ ਕਦੋਂ ਲਾਵੇਂਗਾ।

ਮੇਰਿਆ ਤੂੰ ਪੂਰਨਾ ਵੇ, ਜਾਹ ਮੈਥੋਂ ਦੂਰ ਨਾ ਵੇ,
ਸੁੰਦਰਾਂ ਦੇ ਮਹਿਲੀਂ ਕਦੋਂ ਅਲਖ ਜਗਾਵੇਂਗਾ।

ਓਦਰੀ ਮਧੋਲੀ ਜਿੰਦ, ਕੱਖੋਂ ਹੌਲੀ ਹੋਈ ਪਿੰਜ,
ਮਰ ਮੁੱਕ ਚੱਲੀ ਹੋਰ ਕਿੰਨੀ ਕੁ ਮੁਕਾਵੇਂਗਾ।

ਕੱਸ ਕੇ ਉਮੀਦ ਵਾਲੀ ਕੰਨੀ ਮੈਂ ਵੀ ਫੜੀ ਹੋਈ,
ਕਦੋਂ ਮੇਰੀ ਸੁਣੇਂਗਾ ਤੇ ਆਪਣੀ ਸੁਣਾਵੇਂਗਾ।

l

੦

## ਸ਼ੀਸ਼ੇ ਅੰਦਰ ਕਿਸ ਦਾ ਚਿਹਰਾ

ਸ਼ੀਸ਼ੇ ਅੰਦਰ ਕਿਸ ਦਾ ਚਿਹਰਾ, ਮੇਰੇ ਤੇ ਕਿਉਂ ਹੱਸ ਰਿਹਾ ਹੈ।
ਜੋ ਕੁਝ ਮੈਂ ਅੱਜ ਤੀਕ ਲੁਕਾਇਆ, ਬੋਲ ਬੋਲ ਕੇ ਦੱਸ ਰਿਹਾ ਹੈ।

ਮਾਰੂਥਲ ਵਿਚ ਕਾਲੇ ਬੱਦਲ, ਅਜਬ ਕ੍ਰਿਸ਼ਮਾ, ਇਹ ਕੀ ਵਰ੍ਹਦਾ,
ਅਣਵਿੱਧ ਮੋਤੀ ਗਿਣਨੋਂ ਬਾਹਰੇ, ਨੈਣੋਂ ਸਾਵਣ ਵੱਸ ਰਿਹਾ ਹੈ।

ਵਰ੍ਹਿਆਂ ਬਾਦ ਮੁਹੱਬਤ ਚੇਤੇ ਆਈ, ਮੈਨੂੰ ਇਹ ਕੀ ਹੋਇਆ,
ਚਾਨਣ ਵੰਨੀ ਰੂਹ ਦਾ ਜਲਵਾ, ਗਲਵੱਕੜੀ ਵਿਚ ਕੱਸ ਰਿਹਾ ਹੈ।

ਅਜਬ ਕਹਿਰ, ਇਹ ਨੀਮ ਜ਼ਹਿਰ, ਕਿਉਂ ਅੰਗ ਅੰਗ ਤੇ ਜਾਵੇ ਚੜ੍ਹਦਾ,
ਅੱਗ ਦੀ ਉਮਰੇ ਸੱਪ ਲੜਿਆ ਸੀ, ਓਹੀ ਮੁੜ ਕੇ ਡੱਸ ਰਿਹਾ ਹੈ।

ਬੇਹੋਸ਼ੀ ਹੈ, ਕੁਝ ਨਹੀਂ ਚੇਤੇ, ਪਰ ਮੇਰੇ ਅੰਦਰ ਕੁਝ ਤੁਰਦਾ,
ਨਾਲ ਮੁਹੱਬਤ ਜੀਕੂੰ ਕੋਈ, ਮੇਰੀਆਂ ਤਲੀਆਂ ਝੱਸ ਰਿਹਾ ਹੈ।

ਮਟਕ ਚਾਨਣਾ, ਆਲ ਦੁਆਲੇ, ਰੂਹ ਵਿੱਚ ਇਹ ਕੀ, ਗੂੜ੍ਹ ਹਨੇਰੇ,
ਮੇਰਾ ਮਹਿਰਮ, ਏਦਾਂ ਕਰਕੇ, ਖੁਸ਼ੀਆਂ ਨੂੰ ਕਿਉਂ ਖੱਸ ਰਿਹਾ ਹੈ।

ਮੈਂ ਕਿੱਧਰ ਨੂੰ ਤੁਰਿਆ ਜਾਵਾਂ, ਜਲਥਲ, ਦਲਦਲ ਚਾਰ ਚੁਫ਼ੇਰੇ,
ਪਿਛਲਾ ਕਦਮ ਗਵਾਚ ਰਿਹਾ ਹੈ, ਅਗਲਾ ਹੇਠਾਂ ਧੱਸ ਰਿਹਾ ਹੈ।

1

੦

## ਰਾਤੀਂ ਬਿਰਖ਼ ਉਦਾਸ ਬੜੇ ਸੀ

ਰਾਤੀਂ ਬਿਰਖ਼ ਉਦਾਸ ਬੜੇ ਸੀ, ਲੱਭਦੇ ਫਿਰਦੇ ਛਾਵਾਂ ਨੂੰ।
ਰੋਗ ਵਿਯੋਗ ਦਾ ਖਾਵੇ ਜੀਕੂੰ, ਕੱਲ-ਮ-ਕੱਲ੍ਹੀਆਂ ਮਾਵਾਂ ਨੂੰ।

ਪਹਿਲੀ ਵਾਰ ਮਿਲੇ ਸੀ ਜਿੱਥੇ, ਅੱਜ ਵੀ ਨੁੱਕਰਾਂ ਮਹਿਕਦੀਆਂ,
ਆਪਾਂ ਭੁੱਲ ਭੁਲਾ ਗਏ ਭਾਵੇਂ, ਸੱਜਣਾਂ ਉਹਨਾਂ ਥਾਵਾਂ ਨੂੰ।

ਤਨ ਤੇ ਮਨ ਵਿਚਕਾਰ ਹਮੇਸ਼ਾਂ ਉਹ ਧਰਤੀ ਵੀ ਹੁੰਦੀ ਹੈ,
ਜਿਥੇ ਮਿਲਦੀ ਅਜਬ ਚਾਨਣੀ, ਪਾਲਣਹਾਰੇ ਚਾਵਾਂ ਨੂੰ।

ਏਸ ਸ਼ਹਿਰ ਵਿਚ ਪੱਕੀਆਂ ਸੜਕਾਂ, ਰਾਹ ਭੁੱਲ ਜਾਂਦਾ ਹਾਂ ਅਕਸਰ ਹੀ,
ਭੁੱਲਦਾ ਨਹੀਂ ਮੈਂ ਪੈਰੀਂ ਗਾਹੀਆਂ, ਪਗਡੰਡੀਆਂ ਤੇ ਰਾਹਵਾਂ ਨੂੰ।

ਰਿਸ਼ਤੇ ਨਾਤੇ ਅਸਲੀ ਤਾਕਤ, ਪੜ੍ਹ ਤੂੰ ਮੇਰੇ ਹੰਝੂਆਂ 'ਚੋਂ,
ਪੱਥਰ ਦੀ ਅੱਖ ਵੇਖ ਸਕੇ ਨਾ, ਦਿਲ ਦੇ ਹਾਵਾਂ ਭਾਵਾਂ ਨੂੰ।

ਵਲੀ ਕੰਧਾਰੀ ਵਾਲੀ ਬਿਰਤੀ, ਤੇਰੇ ਵਿੱਚ ਵੀ ਜਾਗ ਪਈ,
ਤਾਂਹੀਉਂ ਮੁੱਠੀ ਦੇ ਵਿੱਚ ਬੰਨ੍ਹਣਾ ਚਾਹਵੇਂ ਤੂੰ ਦਰਿਆਵਾਂ ਨੂੰ।

ਦਿਲ ਦੀਵਾਰ ਉਸਾਰ ਨਾ ਵੀਰਾ, ਇਸ ਨੇ ਪੱਕੀ ਹੋ ਜਾਣਾ,
ਕਿੱਦਾਂ ਛਾਤੀ ਨਾਲ ਲਗਾਵੇਂਗਾ ਤੂੰ ਭੱਜੀਆਂ ਬਾਹਵਾਂ ਨੂੰ।

ਚੱਲ ਬੱਚੇ ਬਣ ਜਾਈਏ ਮੁੜ ਕੇ, ਮੀਂਹ ਵਿੱਚ ਭਿੱਜੀਏ ਪਹਿਲਾਂ ਵਾਂਗ,
ਇੱਕ ਦੂਜੇ ਨੂੰ ਫੇਰ ਬੁਲਾਈਏ, ਲੈ ਲੈ ਕੱਚਿਆਂ ਨਾਵਾਂ ਨੂੰ।

1

o

## ਕੀਹ ਦੱਸਾਂ ਮਹਿਕੰਦੜੇ ਯਾਰੋ

ਕੀਹ ਦੱਸਾਂ ਮਹਿਕੰਦੜੇ ਯਾਰੋ, ਹੁਣ ਤਾਂ ਚੇਤਾ ਭੁਲ ਜਾਂਦਾ ਹੈ।
ਇਹ ਮਨ ਚੰਚਲ, ਕਿੰਨਾ ਸ਼ੋਹਦਾ, ਮੋਹ ਮਿਲਿਆ ਤੇ ਡੁਲ੍ਹ ਜਾਂਦਾ ਹੈ।

ਕਹਿਣ ਅਮੋਲਕ ਦਿਲ ਦਾ ਸੌਦਾ, ਇਸ ਦੀ ਕੀਮਤ ਕਿਹੜਾ ਪਾਵੇ,
ਤੂੰ ਵੇਖੇਂ ਤਾਂ ਢੇਰੀ ਹੋ ਕੇ, ਪਿਆਰ ਦੀ ਤੱਕੜੀ ਤੁਲ ਜਾਂਦਾ ਹੈ।

ਇੱਕ ਪੁੰਨੂੰ ਕੀਹ ਕਿੰਨੇ ਰਾਂਝੇ, ਯੂਸਫ਼ ਵਰਗੇ, ਮਿਰਜ਼ੇ ਮੋਏ,
ਇਸ਼ਕ ਸਮੁੰਦਰ ਵਿੱਚ ਬੁਲ-ਬੁਲਾ, ਛੱਲਾਂ ਦੇ ਵਿਚ ਰੁਲ ਜਾਂਦਾ ਹੈ।

ਓਹੀ ਹਰਕਤ, ਓਹੀ ਲਹਿਰਾਂ, ਕਾਲੀ ਚਿੱਟੀ ਚਮੜੀ ਥੱਲੇ,
ਨੈਣਾਂ ਤੋਂ ਨੈਣਾਂ ਤੱਕ ਹਰ ਥਾਂ, ਅਣਦਿਸਦਾ ਇੱਕ ਪੁਲ ਜਾਂਦਾ ਹੈ।

ਤੇਰੀ ਰੂਹ ਦਾ ਰੰਗ ਬਲੌਰੀ, ਨਿਰਮਲ ਜਿਉਂ ਭਰ ਵਗਦਾ ਚਸ਼ਮਾ,
ਜਿਸਮਾਂ ਨੂੰ ਛੱਡ, ਦਿਲ ਵਿਚ ਮੇਰੇ, ਧੁਰ ਅੰਦਰ ਤੱਕ ਘੁਲ਼ ਜਾਂਦਾ ਹੈ।

ਪੱਛੋਂ ਤੇ ਪੁਰਵੱਈਏ ਵਰਗਾ, ਕੁਝ ਨਹੀਂ ਦਿਸਦਾ, ਧੁੱਪੇ ਛਾਵੇਂ,
ਮਨ ਦੇ ਮਹਿਰਮ ਬਾਝੋਂ ਤਨ ਤੇ, ਇਹ ਵੀ ਝੱਖੜ ਝੁਲ ਜਾਂਦਾ ਹੈ।

ਮਿੱਟੀ ਦੇ ਦੀਵੇ ਵਿੱਚ ਬੱਤੀ, ਤੇਲ-ਮੁਹੱਬਤੀ ਮੰਗਦੀ ਤੈਥੋਂ,
ਭੁੱਲ ਨਾ ਜਾਵੀਂ, ਏਸ ਬਿਨਾਂ ਇਹ, ਪਲ ਅੰਦਰ ਹੋ ਗੁਲ ਜਾਂਦਾ ਹੈ।

l

o

## ਇਕ ਦੂਜੇ ਦੀ ਛਾਵੇਂ ਰਹੀਏ

ਇਕ ਦੂਜੇ ਦੀ ਛਾਵੇਂ ਰਹੀਏ, ਆ ਜਾ ਬੈਠ ਉਦਾਸੀ ਧੋਈਏ।
ਆਪੋ ਅਪਣੇ ਮਨ ਦੀ ਮਿੱਟੀ, ਕੁੱਟੀਏ, ਭੁੰਨੀਏ, ਮੁੜ ਕੇ ਗੋਈਏ।

ਸ਼ਬਦ ਵਿਚਾਰੇ ਰਾਹ ਵਿੱਚ ਰਹਿ ਗਏ, ਸੰਗਦੇ ਮਰਦੇ ਦੱਸ ਕੀ ਕਰਦੇ,
ਆ ਇਨ੍ਹਾਂ ਵਿਚ ਜਾਨ ਪਰੋਈਏ, ਹੁਣ ਹੀ ਤੁਰੀਏ, ਅੱਗੇ ਹੋਈਏ।

ਇਹ ਜੀਵਨ ਸ਼ਤਰੰਜ ਦੀ ਬਾਜ਼ੀ, ਬਿਨ ਖੇਡਣ ਤੋਂ ਆਪਾਂ ਹਾਰੇ,
ਆ ਹਾਰਨ ਦਾ ਜਸ਼ਨ ਮਨਾਈਏ, ਖੁੱਲ੍ਹ ਕੇ ਹੱਸੀਏ, ਕਾਹਨੂੰ ਰੋਈਏ।

ਕੀਹ ਕਰਨੇ ਦੁਨੀਆਂ ਦੇ ਮੇਲੇ, ਵੰਨ ਸੁਵੰਨੇ ਦਰਦ-ਝਮੇਲੇ,
ਯਾਦਾਂ ਦੀ ਕੰਨੀ ਨਾ ਛੱਡੀਏ, ਇੱਕ ਦੂਜੇ ਦੇ ਨੈਣੀਂ ਖੋਈਏ।

ਜਿਸ ਰਿਸ਼ਤੇ ਦਾ ਨਾਮ ਨਾ ਕੋਈ, ਚਿਤਵਦਿਆਂ ਮਨ ਖਿੜ ਪੁੜ ਜਾਵੇ,
ਆ ਐਸੇ ਮਹਿਬੂਬ ਦੀ ਖ਼ਾਤਰ, ਰਲ ਕੇ ਤੇਲ ਬਰੂਹੀਂ ਚੋਈਏ।

ਅਣਵਾਹੀ ਇੱਕ ਲੀਕ ਵਿਚਾਲੇ, ਲੰਘਣਾ ਚਾਹਿਆ, ਲੰਘ ਨਹੀਂ ਸਕਿਆ,
ਬਿਨ ਮਿਲਿਆ ਤੋਂ ਸਾਂਝੀ ਧੜਕਣ, ਆ ਜਾ ਦੋਵੇਂ ਇੱਕ ਸਾਹ ਹੋਈਏ।

ਲੰਘ ਗਈ ਰੇਲ ਮੁਸਾਫ਼ਿਰ ਬੈਠੇ, ਟੇਸ਼ਨ ਉੱਤੇ ਕੱਲ-ਮ-ਕੱਲ੍ਹੇ,
ਆ ਜਾ ਤੁਰੀਏ ਰਲ਼ ਕੇ ਦੋਵੇਂ, ਮੰਜ਼ਿਲ ਦੇ ਕੁਝ ਨੇੜੇ ਹੋਈਏ।

l

o

## ਝੀਲ ਦੇ ਪਾਣੀ 'ਚ ਚਿਹਰਾ

*ਝੀਲ ਦੇ ਪਾਣੀ 'ਚ ਚਿਹਰਾ ਆਪਣਾ ਕੀ ਤੱਕਿਆ।
ਆਦਮੀ ਹੈਂ, ਰੀਸ ਕਰ, ਬਿਨ ਬੋਲਿਆਂ ਉਸ ਆਖਿਆ।

ਰੌਸ਼ਨੀ ਤੋਂ ਵੀ ਕਿਤੇ ਸੀ ਪਾਰਦਰਸ਼ੀ ਨੀਰ ਸਾਫ਼,
ਵੇਖਿਆ ਇਕ ਵਾਰ ਤਾਂ ਬੱਸ, ਬੱਸ ਵੇਖਦਾ ਹੀ ਰਹਿ ਗਿਆ।

ਜੰਮ ਜਾਂਦੀ ਹਾਂ ਸਿਆਲਾਂ ਵਿੱਚ ਮੈਂ ਵੀ ਬਰਫ਼ ਬਣ,
ਤੂੰ ਜਦੋਂ ਆਉਂਦਾ ਨਹੀਂ, ਨਜ਼ਦੀਕ ਮੇਰੇ ਉਸ ਕਿਹਾ।

ਮੇਰੇ ਕੰਢੇ ਫੁੱਲ ਬੂਟੇ, ਵਗ ਰਹੀ ਨਿਰਮਲ ਸਮੀਰ,
ਮੇਰੀ ਰੂਹ ਦੇ ਗੀਤ ਨੂੰ ਬ੍ਰਹਿਮੰਡ ਸਾਰਾ ਗਾ ਰਿਹਾ।

ਹੋਰ ਲੋਕਾਂ ਵਾਸਤੇ ਮੈਂ ਸਿਰਫ਼ ਨਿੱਤਰੀ ਝੀਲ ਹਾਂ,
ਮੈਂ ਤੇਰੀ ਕਵਿਤਾ, ਗ਼ਜ਼ਲ ਜਾਂ ਗੀਤ ਲਿਖ ਲੈ ਭੋਲਿਆ।

ਤੂੰ ਤਾਂ ਮਨ ਦੀ ਲਹਿਰ ਵਾਂਗੂੰ ਅੰਗ ਸੰਗ ਮੇਰੇ ਸਦਾ,
ਲਿਖ ਸਕੇਂ ਤਾਂ ਉਹ ਸੁਖ਼ਨ ਲਿਖ, ਜੋ ਅਜੇ ਹੈ ਅਣਕਿਹਾ।

ਮੇਰੇ ਪਿੱਛੇ, ਬਹੁਤ ਪਿੱਛੇ, ਬਰਫ਼ ਦੇ ਅਣਮੁੱਕ ਪਹਾੜ,
ਦਰਦ ਉਨ੍ਹਾਂ ਦਾ ਮੇਰੇ ਸਾਹੀਂ ਨਿਰੰਤਰ ਘੁਲ਼ ਰਿਹਾ।

ਫੇਰ ਨੂਰੋ ਨੂਰ ਸੀ, ਮਖ਼ਮੂਰ ਸੀ, ਦਿਲ ਤੇ ਬਦਨ,
ਬੋਲਿਆਂ ਬਿਨ ਜਦ ਸੁਣਾਈ ਓਸ ਪੂਰੀ ਵਾਰਤਾ।

ਜਦ ਮੁਹੱਬਤ ਨਾਲ ਉਸ ਨੇ ਨਜ਼ਰ ਭਰ ਕੇ ਵੇਖਿਆ,
ਓਸ ਪਿੱਛੋਂ ਯਾਦ ਨਹੀਂ, ਮੈਨੂੰ ਕਿ ਉਸ ਨੇ ਕੀਹ ਕਿਹਾ?

1

o

## ਸਮੁੰਦਰ ਜਦ ਕਦੇ ਫੁੰਕਾਰਦਾ ਹੈ

ਸਮੁੰਦਰ ਜਦ ਕਦੇ ਫੁੰਕਾਰਦਾ ਹੈ।
ਉਹ ਬੇੜੇ ਡੋਬਦਾ ਹੈ, ਮਾਰਦਾ ਹੈ।

ਉਹੀ ਫਿਰ ਸ਼ਾਂਤ ਸਾਗਰ ਹੋਣ ਵੇਲੇ,
ਕਰੋੜਾਂ ਬੇੜਿਆਂ ਨੂੰ ਤਾਰਦਾ ਹੈ।

ਮੈਂ ਖ਼ੁਦ ਵੀ ਆਪ ਅੱਖੀਂ ਵੇਖਿਆ ਹੈ,
ਕਿ ਤਾਕਤਵਰ ਕਿਵੇਂ ਹੰਕਾਰਦਾ ਹੈ।

ਤੂੰ ਕਿਸਦੇ ਜਾਲ ਵਿਚ ਉਲਝੀ ਨੀ ਜਿੰਦੇ,
ਇਹ ਮਾਹੀਗੀਰ ਦੂਜੇ ਪਾਰ ਦਾ ਹੈ।

ਇਹ ਜਿਹੜਾ ਚੋਗ ਚੁਗਦੈ ਮੋਤੀਆਂ ਦੀ,
ਪਰਿੰਦਾ ਓਪਰੀ ਜਹੀ ਡਾਰ ਦਾ ਹੈ।

ਹਜ਼ਾਰਾਂ ਜ਼ਖ਼ਮ ਖਾਧੇ ਦਿਲ ਮਿਰੇ ਨੇ,
ਅਜੇ ਵੀ ਬਾਜ਼ ਨੂੰ ਲਲਕਾਰਦਾ ਹੈ।

ਮੈਂ ਦਿਲ ਦਰਿਆ ਨੂੰ ਜੇਕਰ ਪਾਰ ਕੀਤਾ,
ਇਹ ਸਾਰਾ ਕਰਮ ਉਸ ਇਕਰਾਰ ਦਾ ਹੈ।

1

---

*ਬਲਵਿੰਦਰ ਸਿੰਘ ਕਾਹਲੋਂ, ਸੰਗਰਾਮ ਸੰਧੂ, ਬਲਜੀਤ ਪੰਧੇਰ ਅਤੇ ਅਵਿਨਾਸ਼ ਸਿੰਘ ਖੰਘੂੜਾ ਦੇ ਸੰਗ ਲੇਕ ਲੂਈਸ ਕੈਲਗਰੀ ਦੇ ਕੰਢੇ ਬੈਠ ਕੇ

੦

## ਤੇਰਾ ਹੱਸਣਾ ਬਹਾਰ ਦੇਂਦਾ ਹੈ

ਤੇਰਾ ਹੱਸਣਾ ਬਹਾਰ ਦੇਂਦਾ ਹੈ।
ਚੁੱਪ ਰਹਿਣਾ ਤਾਂ ਮਾਰ ਦੇਂਦਾ ਹੈ।

ਬਿਰਖ਼ ਨਵੀਆਂ ਕਰੂੰਬਲਾਂ ਖ਼ਾਤਰ,
ਜ਼ਰਦ ਪੱਤੇ ਉਤਾਰ ਦੇਂਦਾ ਹੈ।

ਤੀਰ ਸੀਨੇ ਮੇਰੇ ਨੂੰ ਚੁੰਮਦੇ ਨੇ,
ਵੈਰੀ ਕਿੰਨਾ ਪਿਆਰ ਦੇਂਦਾ ਹੈ।

ਨਕਦ ਸੌਦਾ ਹੈ ਤੇਗ ਤੇ ਤੁਰਨਾ,
ਵਕਤ ਕਿਸ ਨੂੰ ਉਧਾਰ ਦੇਂਦਾ ਹੈ।

ਫੇਰ ਮੇਰੇ ਤੇ ਪਿਆਰ ਵਾਲੀ ਨਜ਼ਰ,
ਤੇਰਾ ਤੱਕਣਾ ਖ਼ੁਮਾਰ ਦੇਂਦਾ ਹੈ।

ਕਹੀਏ ਪੱਤਝੜ ਨੂੰ ਜੇਕਰ ਜੀ ਆਇਆਂ,
ਵਕਤ ਆਪੇ ਬਹਾਰ ਦੇਂਦਾ ਹੈ।

ਨੇਰ੍ਹ ਬੁੱਕਲ 'ਚ ਲੈਂਦਾ ਧਰਤੀ ਨੂੰ,
ਸੂਰਜ ਆ ਕੇ ਉਤਾਰ ਦੇਂਦਾ ਹੈ।

1

੦

## ਚਲੋ ਚਲੋ ਜੀ, ਧਰਤੀ ਪੈਰੀਂ ਝਾਂਜਰ ਪਾਈਏ

ਚਲੋ ਚਲੋ ਜੀ, ਧਰਤੀ ਪੈਰੀਂ ਝਾਂਜਰ ਪਾਈਏ, ਨੱਚੀਏ ਗਾਈਏ।
ਸੂਰਜ ਟਿੱਕਾ, ਚੰਨ ਦੀ ਦਾਉਣੀ, ਤਾਰਿਆਂ ਰਾਣੀ ਹਾਰ ਬਣਾਈਏ।

ਅੱਗੇ ਤੁਰੀਏ, ਤੇਜ਼ ਤਰਾਰੀ, ਜ਼ਿੰਦਗੀ ਨੂੰ ਉਪਰਾਮ ਨਾ ਕਰੀਏ,
ਪੌਣਾਂ ਤੇ ਅਸਵਾਰ ਮੁਸਾਫ਼ਰ ਵਾਂਗੂੰ ਰਹਿੰਦਾ ਸਫ਼ਰ ਮੁਕਾਈਏ।

ਫੁੱਲ ਕਲੀਆਂ ਵਿਚ ਘੁਲ ਮਿਲ ਜਾਈਏ, ਪਹਿਲੋਂ ਅਪਣੇ ਨਕਸ਼ ਮਿਟਾਈਏ,
ਸ਼ਾਮ ਸਵੇਰੇ ਖੁਸ਼ਬੂ ਚੁੰਮੀਏ, ਰੰਗਾਂ ਨੂੰ ਗਲਵੱਕੜੀ ਪਾਈਏ।

ਆ ਜਾ ਮੇਰੀ ਮਹਿਰਮ ਬਣ ਜਾ, ਪੌੜੀ ਪੌੜੀ ਦਿਲ ਵਿਚ ਲਹਿ ਜਾ,
ਕੂੰਜ ਲੈ ਮੇਰੇ ਖਿੱਲਰੇ ਫੰਬੇ, ਨੀ ਰਿਸ਼ਤੇ ਦੀ ਪੂਣ ਸਲਾਈਏ।

ਦਰ ਦੀਵਾਰ ਨਿਖੇੜਨਹਾਰੇ, ਤੈਨੂੰ ਮੈਨੂੰ, ਸਭਨਾਂ ਨੂੰ ਹੀ,
ਰੂਹ ਦਰਵਾਜ਼ੇ ਖੁੱਲ੍ਹੇ ਰੱਖੀਏ, ਜਦ ਚਿੱਤ ਚਾਹੇ ਆਈਏ ਜਾਈਏ।

ਸਾਹਾਂ ਨਾਲ ਕਰਿੰਘੜੀ ਪਾ ਲੈ, ਮੈਨੂੰ ਵੀ ਤੂੰ ਨਾਲ ਰਲਾ ਲੈ,
ਮੈਂ ਵੀ ਦਿਲ ਦਰਿਆ ਤਰਨਾ ਹੈ, ਤੇਰੇ ਅੰਗ ਸੰਗ ਨੀ ਮੁਰਗਾਈਏ।

ਜੇ ਨਾ ਮਨ ਪਰਦੇਸੀ ਹੋਵੇ, ਕੋਈ ਵੀ ਥਾਂ ਪਰਦੇਸ ਨਹੀਂ ਹੁੰਦਾ,
ਆਪ ਸਮਝੀਏ ਪਹਿਲਾਂ ਏਦਾਂ, ਮਗਰੋਂ ਦੁਨੀਆਂ ਨੂੰ ਸਮਝਾਈਏ।

1

ੲ

## ਮਨ ਵਿਚਾਲੇ ਤੂੰ ਭਲਾ ਕਿੱਦਾਂ

ਮਨ ਵਿਚਾਲੇ ਤੂੰ ਭਲਾ ਕਿੱਦਾਂ ਦੀ ਵਾਹੀ ਲੀਕ ਹੈ।
ਠੀਕ ਨੂੰ ਵੀ ਗਲਤ ਮੰਨੇਂ, ਗਲਤ ਆਖੇਂ ਠੀਕ ਹੈ।

ਤੇਰਿਆਂ ਹੋਠਾਂ ਦੀ ਥਿਰਕਣ, ਬੇਬਸੀ ਏਨੀ ਕਿ ਬੱਸ,
ਬਾਹਰ ਆਉਣੋਂ ਸਹਿਕਦੀ ਹੈ, ਦਿਲ 'ਚ ਗੁੰਗੀ ਚੀਕ ਹੈ।

ਜ਼ਿੰਦਗੀ ਜੇ ਬੇ-ਮਜ਼ਾ ਹੈ, ਜਾਣ ਲੈ ਤੂੰ ਇਸ ਤਰ੍ਹਾਂ,
ਖੌਲ ਵਿਚ ਬੰਦ ਹੋ ਰਿਹਾਂ ਇਹ ਓਸ ਦੀ ਤਸਦੀਕ ਹੈ।

ਮੇਰੀ ਰੂਹ ਦੀ ਵੇਦਨਾ ਤੇ ਜਜ਼ਬਿਆਂ ਦੀ ਸੁਰਖ਼ ਲਾਟ,
ਤੂੰ ਕਿਵੇਂ ਸਮਝੇਂਗਾ ਤੇਰੇ ਕੋਲ ਬੱਸ ਤਕਨੀਕ ਹੈ।

ਇਹ ਪੁਰਾਣੇ ਬੋਹਲ ਪਿੱਪਲ, ਵਰਕ ਨੇ ਇਤਿਹਾਸ ਦੇ,
ਜਾਣਦੇ ਕਿਹੜਾ ਪਰਿੰਦਾ, ਪਿੰਡ ਦਾ ਵਸਨੀਕ ਹੈ।

ਜਿਉਂ ਸਰੋਵਰ ਵਿਚ ਤਰ ਕੇ ਸੁੱਕੀਆਂ ਮੁਰਗਾਬੀਆਂ,
ਸ਼ਬਦ ਰੰਗਣ ਤੋਂ ਵਿਹੂਣਾ, ਕਿਉਂ ਭਲਾ ਭਜਨੀਕ ਹੈ?

ਜ਼ਹਿਰ ਦਾ ਕਚਕੌਲ ਖ਼ਾਲੀ ਕਰ ਦਿਆਂਗਾ ਠਹਿਰ ਜਾ,
ਵੇਖਦੀ ਰਹਿ ਐ ਹਯਾਤੀ ਹਾਲੇ ਪਹਿਲੀ ਡੀਕ ਹੈ।

1

ੲ

## ਜ਼ਿੰਦਗੀ ਕੀਤਾ ਤੂੰ ਮੈਨੂੰ

ਜ਼ਿੰਦਗੀ ਕੀਤਾ ਤੂੰ ਮੈਨੂੰ, ਸੱਚ ਦੇ ਅੱਜ ਰੂਬਰੂ।
ਹੱਕ ਤੇਰੇ ਤੇ ਗੁਆਚਾ, ਹੋ ਗਿਆ ਹਾਂ ਸੁਰਖ਼ਰੂ।

ਨਜ਼ਰ ਭਰ ਨਾ ਵੇਖਿਆ ਤੂੰ, ਨਾ ਮੁਹੱਬਤ ਨਾ ਖਲੂਸ,
ਇਸ ਤਰ੍ਹਾਂ ਹੋਇਆ ਨਹੀਂ ਸੀ, ਮੈਂ ਕਦੇ ਬੇਆਬਰੂ।

ਤੂੰ ਹਿਮਾਲਾ ਹੋਣ ਦਾ ਜੇ ਮਾਣ ਕਰਦੀ, ਫੇਰ ਸੁਣ,
ਮੈਂ ਤੇਰੀ ਟੀਸੀ ਤੋਂ ਹੇਠਾਂ, ਕਰ ਲਿਆ ਤੁਰਨਾ ਸ਼ੁਰੂ।

ਜਿਸ ਤਰ੍ਹਾਂ ਸਾਇਆ ਮੇਰਾ, ਅੱਜ ਕਹਿ ਗਿਆ ਏ ਅਲਵਿਦਾ,
ਨਾ ਵਿਖਾਈਂ ਖ਼ੂਨ ਦਾ ਰੰਗ, ਇਸ ਤਰ੍ਹਾਂ ਚਿੱਟਾ ਗੁਰੂ।

ਅੰਨ੍ਹੀਆਂ ਗਲੀਆਂ ਦੇ ਵਾਂਗੂੰ, ਅੰਤ ਨਾ ਕੋਈ ਪੜਾਅ,
ਏਸ ਮੰਜ਼ਿਲ ਵੱਲ ਦੱਸ ਤੂੰ, ਕਮਲਿਆ ਕਿਹੜਾ ਤੁਰੂ।

ਹਮਸਫ਼ਰ ਰਹਿਣਾ ਤੂੰ ਮੇਰੀ, ਆਸ ਦੀ ਕੰਨੀ ਦੇ ਵਾਂਗ,
ਜਿਸਮ ਤਾਂ ਮਿੱਟੀ ਹੈ ਆਖ਼ਰ, ਅੱਜ ਨਹੀਂ ਤਾਂ ਕੱਲ੍ਹ ਭੁਰੂ।

ਤੂੰ ਮੇਰੇ ਸਾਹਾਂ 'ਚ ਘੁਲ ਜਾ, ਮਹਿਕਦੀ ਜੀਕੂੰ ਰਵੇਲ,
ਹੌਕਿਆਂ ਦੇ ਨਾਲ ਜਿੰਦਾਂ, ਆਖ ਦੇਈਏ ਵਾਹਿਗੁਰੂ।

1

ੇ

## ਇਹ ਸਾਰੀ ਸ਼ਾਨ ਤਾਂ

ਇਹ ਸਾਰੀ ਸ਼ਾਨ ਤਾਂ ਦਸਤਾਰ ਦੀ ਹੈ।
ਜੋ ਬਖਸ਼ਿਸ਼ ਬੇਕਸਾਂ ਦੇ ਯਾਰ ਦੀ ਹੈ।

ਤੁਸੀਂ ਅਰਦਾਸ ਕਰਿਓ, ਸੰਭਲ ਜਾਵਾਂ,
ਖ਼ੁਦੀ ਦੀ ਨਾਗਣੀ ਫੁੰਕਾਰਦੀ ਹੈ।

ਤੁਹਾਡੇ ਆਸਰੇ ਜ਼ਿੰਦਾ ਹਾਂ, ਓਦਾਂ,
ਰੋਜ਼ਾਨਾ ਮੌਤ 'ਵਾਜ਼ਾਂ' ਮਾਰਦੀ ਹੈ।

ਜੇ ਮੇਰੀ ਗੱਲ ਨਹੀਂ ਸੁਣਦੀ ਤਾਂ ਸਮਝੋ,
ਰੁਕਾਵਟ ਰੂਹ ਦੇ ਉਤਲੇ ਭਾਰ ਦੀ ਹੈ।

ਇਹ ਚੋਗਾ ਚੁਗਦਿਆਂ ਵਿੱਛੜੀ ਹੈ ਡਾਰੋਂ,
ਵਿਚਾਰੀ ਕੂੰਜ ਪਰਬਤ ਪਾਰ ਦੀ ਹੈ।

ਨਵੇਂ ਸੂਰਜ ਮੁਹਿੰਮਾਂ ਰੋਜ਼ ਨਵੀਆਂ,
ਜਵਾਨੀ ਕੌਣ ਆਖੇ, ਹਾਰਦੀ ਹੈ।

ਤੁਸੀਂ ਵਿਸ਼ਵਾਸ ਕਰਿਉ ਮਿਹਰਬਾਨੋ,
ਮੁਹੱਬਤ ਡੁੱਬਦਿਆਂ ਨੂੰ ਤਾਰਦੀ ਹੈ।

।

ੇ

## ਦਹਿਸ਼ਤ ਦਾ ਕੋਈ ਧਰਮ ਨਾ ਹੁੰਦਾ

ਦਹਿਸ਼ਤ ਦਾ ਕੋਈ ਧਰਮ ਨਾ ਹੁੰਦਾ, ਇਹ ਤਾਂ ਨੇਰ੍ਹਾ ਗਰਦੀ।
ਗ਼ਾਜ਼ੀ ਬਣ ਕੇ ਲੋਕ ਕਰਨ ਜਾਂ ਕਰਦੀ ਸ਼ਾਹੀ ਵਰਦੀ।

ਬਾਬਰ ਵੇਲੇ ਤੋਂ ਅੱਜ ਤੀਕਰ, ਸਰਬ ਸਮੇਂ ਨੇ ਤੱਕਿਆ,
ਕੁਰਸੀ ਦੀ ਰਖਵਾਲੀ ਖ਼ਾਤਰ, ਕਲਗੀ ਕੀਹ ਕੁਝ ਕਰਦੀ।

ਹਾਲ਼ੀ ਬਲਦਾਂ ਦੇ ਮੂੰਹ ਛਿੱਕਲੀ, ਅਦਲ ਸਮੇਂ ਦਾ ਵੇਖੋ,
ਰਾਜੇ ਦੀ ਘੋੜੀ ਮੈਂ ਤੱਕਿਆ, ਸਦਾ ਅੰਗੂਰੀ ਚਰਦੀ।

ਖੁੱਸ ਗਏ ਧਰਤੀ ਅੰਬਰ ਦੋਵੇਂ, ਤੜਫ਼ ਰਹੀ ਲੋਕਾਈ,
ਚੌਂਕ ਚੁਰਸਤੇ ਵਿੱਚ ਆ ਬੈਠੀ, ਮਰਦੀ ਕੀਹ ਨਾ ਕਰਦੀ।

ਗੂੰਗਾ ਹੈ ਅਸਮਾਨ ਤੇ ਬੋਲ਼ੀ ਧਰਤੀ ਕਿੱਧਰ ਜਾਈਏ,
ਹਾੜ੍ਹ ਸਿਆਲ ਚਿਖ਼ਾ ਵਿਚ ਚਿਣਦੇ, ਕੀਹ ਗਰਮੀ ਕੀਹ ਸਰਦੀ।

ਕੁੱਟਿਆਂ ਤੇ ਇਹ ਭੁਰਦੀ ਨਹੀਂਓਂ, ਨਾ ਵਾਛੜ ਵਿਚ ਖ਼ੋਰਾ,
ਜਿਸ ਮਿੱਟੀ ਵਿਚ ਗੈਰਤ ਹੋਵੇ, ਕਿਣਕਾ ਵੀ ਨਹੀਂ ਮਰਦੀ।

ਹੋਵੀਂ ਨਾ ਉਪਰਾਮ ਕਦੇ ਵੀ, ਨੀ ਉਮਰਾ ਦੀ ਸੂਈਏ,
ਰੁਕ ਨਾ ਜਾਵੀਂ ਵੇਖ ਚੜ੍ਹਾਈਆਂ, ਰਹੀਂ ਤੂੰ ਟਿਕ ਟਿਕ ਕਰਦੀ।

।

੦

## ਰੂਹ ਦੀ ਤੂੰਬੀ ਖ਼ੁਦ ਟੁਣਕਾਉਣੀ

ਰੂਹ ਦੀ ਤੂੰਬੀ ਖ਼ੁਦ ਟੁਣਕਾਉਣੀ ਪੈਂਦੀ ਹੈ।
ਆਪਣੇ ਮਨ ਦੀ ਤਾਰ ਹਿਲਾਉਣੀ ਪੈਂਦੀ ਹੈ।

ਸਾਰਾ ਦਿਨ ਤਲਵਾਰ-ਧਾਰ ਤੇ ਤੁਰ ਤੁਰ ਕੇ,
ਰਾਤਾਂ ਵਾਲੀ ਨੀਂਦ ਕਮਾਉਣੀ ਪੈਂਦੀ ਹੈ।

ਦਿਲ ਤੋਂ ਭਾਰ ਉਤਾਰਨ ਖ਼ਾਤਰ ਹਮਸਫ਼ਰੋ,
ਕੰਧਾਂ ਨੂੰ ਵੀ ਬਾਤ ਸੁਣਾਉਣੀ ਪੈਂਦੀ ਹੈ।

ਚੰਦ ਸਿਤਾਰੇ ਤੋੜਨ ਖਾਤਰ ਅੰਬਰ 'ਤੋਂ,
ਸੁਪਨੇ ਵਰਗੀ ਪੌੜੀ ਲਾਉਣੀ ਪੈਂਦੀ ਹੈ।

ਕੱਲ-ਮ-ਕੱਲ੍ਹੇ ਸਿਖ਼ਰ ਸਵਾਰਾ ਭੁੱਲੀਂ ਨਾ,
ਆਪੇ ਆਪਣੀ ਘੋੜੀ ਗਾਉਣੀ ਪੈਂਦੀ ਹੈ।

ਅੰਦਰੋਂ ਕੂਚਣ ਖਾਤਰ ਕੂੜ-ਕਬਾੜੇ ਨੂੰ,
ਮਨ ਮੰਦਰ ਵਿਚ ਝਾਤੀ ਪਾਉਣੀ ਪੈਂਦੀ ਹੈ।

ਸਿਰਦਾਰੀ ਨੂੰ ਲੈਣ ਲਈ ਗੁਰਭਜਨ ਸਿਹਾਂ,
ਪਹਿਲਾਂ ਸਿਰ ਦੀ ਬਾਜ਼ੀ ਲਾਉਣੀ ਪੈਂਦੀ ਹੈ।

1

੦

## ਚਲੋ ਤੁਰੀਏ ਕਿ ਮੰਜ਼ਿਲ ਦੂਰ ਭਾਵੇਂ

ਚਲੋ ਤੁਰੀਏ ਕਿ ਮੰਜ਼ਿਲ ਦੂਰ ਭਾਵੇਂ।
ਬੜਾ ਚਿਰ ਬਹਿ ਲਿਆ ਰੁੱਖਾਂ ਦੀ ਛਾਵੇਂ।

ਚਲੋ ਕਿ ਸ਼ਬਦ ਜੁੜੀਏ, ਅਰਥ ਬਣੀਏ,
ਗੁਆਚੇ ਫਿਰਨ ਕਿਉਂ ਅੱਖਰ ਭੁਲਾਵੇਂ।

ਸਿਖਾਵੇ ਕੌਣ ਤੈਨੂੰ ਹੁਕਮਰਾਨੀ,
ਜਦੋਂ ਕੁਰਸੀ ਦੇ ਨੇੜੇ ਪਹੁੰਚ ਜਾਵੇਂ।

ਤੂੰ ਉੱਡਣਹਾਰਿਆ ਭੁੱਲੀਂ ਕਦੇ ਨਾਂਹ,
ਹਮੇਸ਼ਾਂ ਧਰਤ ਰੱਖੇ ਅਸਲ ਥਾਵੇਂ।

ਇਹ ਤੇਰਾ ਵਿੱਤ ਪਰਖ਼ਣ ਵਾਸਤੇ ਹੈ,
ਮਿਲੇ ਜੋ ਹੁਸਨ, ਤਾਕਤ, ਨਾਂ ਤੇ ਨਾਵੇਂ।

ਹਮੇਸ਼ਾਂ ਲੋਕ ਨੇ ਭਰਦੇ ਹੁੰਗਾਰਾ,
ਜਦੋਂ ਵੀ ਚੋਟ ਤੂੰ ਡੰਕੇ ਦੀ ਲਾਵੇਂ।

ਹਕੂਮਤ ਪਾਸ ਜੇ ਤੋਪਾਂ ਬੰਦੂਕਾਂ,
ਖਲੋਂਦੇ ਸੂਰਮੇ ਹੀ ਇਨ੍ਹਾਂ ਸਾਹਵੇਂ।

1

o

## ਇਹ ਨਾ ਸਮਝੀਂ ਮੈਂ ਤਾਂ ਸਿਰਫ਼ ਲਿਖਾਰੀ ਹਾਂ

ਇਹ ਨਾ ਸਮਝੀਂ ਮੈਂ ਤਾਂ ਸਿਰਫ਼ ਲਿਖਾਰੀ ਹਾਂ।
ਹਰ ਪਲ ਬਦੀਆਂ ਦੀ ਜੜ੍ਹ ਕੱਟਦੀ ਆਰੀ ਹਾਂ।

ਜ਼ਿੰਦਗੀ ਨੂੰ ਉਪਰਾਮ ਕਦੇ ਮੈਂ ਕਰਦਾ ਨਹੀਂ,
ਨਵੇਂ ਸਫ਼ਰ ਦੀ ਹਰ ਪਲ ਨਵੀਂ ਤਿਆਰੀ ਹਾਂ।

ਮੇਰੇ ਮਾਂ ਪਿਉ ਸ਼ਬਦ ਸਲਾਮਤ ਰਹਿਣ ਸਦਾ,
ਇਸ ਕਰਕੇ ਹੀ ਭਰਦਾ ਸਦਾ ਉਡਾਰੀ ਹਾਂ।

ਹੱਕ ਸੱਚ, ਇਨਸਾਫ ਰਮਾਇਆ ਸਾਹਾਂ ਵਿੱਚ,
ਤਾਂਹੀਓਂ ਕੱਲ੍ਹਾ ਲੱਖਾਂ ਉੱਤੇ ਭਾਰੀ ਹਾਂ।

ਗੀਤ, ਗ਼ਜ਼ਲ ਤੇ ਕਵਿਤਾ ਲਿਖਣਾ ਸ਼ੌਕ ਨਹੀਂ,
ਧਰਮ ਪਛਾਨਣ ਵਰਗੀ ਜ਼ੁੰਮੇਵਾਰੀ ਹਾਂ।

ਜੇ ਮੇਰਾ ਇੱਕ ਸ਼ਬਦ ਕਦੇ ਵੀ ਡੋਲੇ ਤਾਂ,
ਮੈਂ ਮੁਜਰਿਮ ਹਾਂ, ਲਾਅਣਤ ਦਾ ਅਧਿਕਾਰੀ ਹਾਂ।

ਤੂੰ ਮੇਰਾ ਵਿਸ਼ਵਾਸ ਹਮੇਸ਼ਾਂ ਪੁੱਛਦਾ ਏਂ,
ਮੈਂ ਤਾਂ ਵੀਰਾ ਨਾਨਕ ਦਾ ਦਰਬਾਰੀ ਹਾਂ।

1

o

## ਕਾਲੇ ਕਾਫ਼ਰ ਪਹਿਨ ਰਹੇ

ਕਾਲੇ ਕਾਫ਼ਰ ਪਹਿਨ ਰਹੇ ਨੇ ਧੋਬੀ ਧੋਤੇ ਚਿੱਟੇ ਬਾਣੇ।
ਅਕਲਾਂ ਤੇ ਵੀ ਕਾਬਜ਼ ਓਹੀ, ਜਿੰਨ੍ਹਾਂ ਦੀ ਕੋਠੀ ਵਿਚ ਦਾਣੇ।

ਬਾਬੇ ਨਾਨਕ ਠੀਕ ਕਿਹਾ ਸੀ, ਜ਼ੋਰੀਂ ਦਾਨ ਮੰਗਦਿਆਂ ਬਾਰੇ,
ਰਾਜੇ ਸ਼ੀਂਹ ਮੁਕੱਦਮ ਕੁੱਤੇ, ਕਦ ਸੁਧਰਨਗੇ ਜ਼ਰ-ਜਰਵਾਣੇ।

ਇੱਕ ਇੱਕ ਪਲ ਹੈ ਮੌਤ ਬਰਾਬਰ, ਲੀਰੋ ਲੀਰ ਦਿਵਸ ਤੇ ਰਾਤਾਂ,
ਤਕੜੇ ਹੋਰ ਵੀ ਤਾਕਤਵਰ ਤੇ ਲਿੱਸੇ ਹੋ ਗਏ ਹੋਰ ਨਿਤਾਣੇ।

ਮੰਦਿਰ ਮਸਜਿਦ ਗੁਰਘਰ ਸਾਰੇ, ਇਹ ਕੀ ਸੌਦਾ ਵੇਚ ਰਹੇ ਨੇ,
ਕੁਫ਼ਰ ਵੇਖ ਕੇ ਆਖੀ ਜਾਵਣ, ਉਸ ਦਾਤੇ ਦੀਆਂ ਓਹੀ ਜਾਣੇ।

ਸਾਡੀ ਧਰਤੀ ਡੋਲ ਗਈ ਹੈ, ਲਗਰਾਂ ਪੱਤ ਹਵਾ ਨੇ ਝੰਬੇ,
ਉੱਖੜੇ ਆਸ ਉਮੀਦ ਦੇ ਬੂਟੇ, ਫ਼ਿਕਰਾਂ ਅੰਬਰ ਤੰਬੂ ਤਾਣੇ।

ਜ਼ੋਰ ਜਬਰ ਨੂੰ ਸਹਿੰਦੇ ਸਹਿੰਦੇ, ਬਹੁਤ ਗੁਜ਼ਾਰੀ ਉਮਰਾ ਬਾਬਾ,
ਹੁਣ ਦੱਸ ਹੋਰ ਕਿਵੇਂ ਇਹ ਜਰੀਏ, ਤੇਰੀ ਆਸ ਤੇ ਰੱਬ ਦੇ ਭਾਣੇ।

ਕੁਰਸੀ ਵੱਲ ਨੂੰ ਅਹੁਲ ਰਿਹਾ ਏ, ਹਰ ਘੋੜੀ ਦੇ ਮਗਰ ਵਛੇਰਾ,
ਆਜ਼ਾਦੀ ਤੇ ਕਾਬਜ਼ ਹੁਣ ਵੀ, ਟੋਡੀ ਪੁੱਤਰ ਰਾਜੇ ਰਾਣੇ।

1

o

## ਜੋ ਹਾਲੇ ਚੁੱਪ ਨੇ

ਜੋ ਹਾਲੇ ਚੁੱਪ ਨੇ, ਇਹ ਵੀ ਜ਼ਬਾਨ ਰੱਖਦੇ ਨੇ।
ਇਕੱਲੇ ਤੀਰ ਨਹੀਂ, ਤਰਕਸ਼ ਕਮਾਨ ਰੱਖਦੇ ਨੇ।

ਉਦੋਂ ਸਰਹੰਦ ਨੂੰ ਵੀ ਕੁਝ ਕੁ ਪਲ ਤਹਿ-ਤੇਗ ਕਰਦੇ,
ਸਤਾਏ ਲੋਕ ਜਦ ਖਿੱਚ ਕੇ ਮਿਆਨ ਰੱਖਦੇ ਨੇ।

ਉਨ੍ਹਾਂ ਨੂੰ ਮਿਹਰਬਾਨਾਂ ਵਿਚ ਕਿਉਂ ਸ਼ੁਮਾਰ ਕਰਾਂ,
ਜੋ ਖ਼੍ਵਾਬ ਨੋਚਦੇ, ਮੁੱਠੀ 'ਚ ਜਾਨ ਰੱਖਦੇ ਨੇ।

ਜ਼ਮੀਰ ਆਪਣੀ ਰੱਖਦੇ ਨੇ ਰਹਿਣ ਕੁਰਸੀ ਲਈ,
ਪਤਾ ਨਹੀਂ ਜਿਸਮ ਕਿੰਝ ਫੋਕੀ ਇਹ ਸ਼ਾਨ ਰੱਖਦੇ ਨੇ।

ਨਾ ਹੇਠ ਧਰਤ ਸਾਡੇ, ਗਾਇਬ ਸਿਰ ਤੋਂ ਅੰਬਰ ਹੈ,
ਕਿ ਹਾਕਮ ਵੇਖ ਲਉ ਕਿੰਨਾ ਧਿਆਨ ਰੱਖਦੇ ਨੇ।

ਸ਼ਿਕਾਰੀ ਜਾਲ ਲਾ ਕੇ ਚੋਗ ਪਾ ਭਰਮਾ ਰਿਹਾ ਏ,
ਪਰਿੰਦੇ ਚਾਲ ਦਾ ਕਿੰਨਾ ਗਿਆਨ ਰੱਖਦੇ ਨੇ।

ਕਿਵੇਂ ਹੈ ਰੌਸ਼ਨੀ ਦਿਲਕਸ਼ ਤੇ ਜਗਮਗ ਮੈਖ਼ਾਨੇ,
ਸਜਾ ਕੇ ਜ਼ਹਿਰ ਦੀ ਕਿੱਦਾਂ ਦੁਕਾਨ ਰੱਖਦੇ ਨੇ।

1

o

## ਸੀਨਾ ਤਾਹੀਂਓ ਤਾਣ ਬਰਾਬਰ

ਸੀਨਾ ਤਾਹੀਂਓ ਤਾਣ ਬਰਾਬਰ ਰੱਖਦੇ ਹਾਂ।
ਮਰ ਮੁੱਕਣ ਦੀ ਬਾਣ ਬਰਾਬਰ ਰੱਖਦੇ ਹਾਂ।

ਗੰਦਲ ਵਾਂਗੂੰ ਕੱਚੀਆਂ ਤਾਂ ਨਹੀਂ ਦੋਸਤੀਆਂ,
ਦੁਸ਼ਮਣ ਦੀ ਪਹਿਚਾਣ ਬਰਾਬਰ ਰੱਖਦੇ ਹਾਂ।

ਅਕਲ ਛੁਰੀ ਨੂੰ ਤੇਜ਼ ਕਰਨ ਲਈ ਹਰ ਵੇਲੇ,
ਸ਼ਬਦ ਗੁਰੂ ਦੀ ਸਾਣ ਬਰਾਬਰ ਰੱਖਦੇ ਹਾਂ।

ਗਹਿਰ-ਗੰਭੀਰ ਨਾ ਰਹਿੰਦੇ ਸ਼ਾਮ ਸਵੇਰ ਕਦੇ,
ਚਾਵਾਂ ਨੂੰ ਵੀ ਹਾਣ ਬਰਾਬਰ ਰੱਖਦੇ ਹਾਂ।

ਲੋਹਾ ਢਲੇ ਕੁਠਾਲੀ, ਤਦ ਕਿਰਪਾਨ ਬਣੇ,
ਕਿਰਪਾ ਦੀ ਵੀ ਪਾਣ ਬਰਾਬਰ ਰੱਖਦੇ ਹਾਂ।

ਮੜ੍ਹਕ ਸਲਾਮਤ ਰੱਖਣ ਦੇ ਲਈ ਧਰਤੀ ਦੀ,
ਮਾਣ ਸਦਾ ਨਿਰਮਾਣ ਬਰਾਬਰ ਰੱਖਦੇ ਹਾਂ।

ਅਣਖ਼ ਬਚਾਉਣ ਦੀ ਖ਼ਾਤਰ ਢਾਲ ਜ਼ਰੂਰੀ ਹੈ,
ਭੱਥੇ ਵਿਚ ਵੀ ਬਾਣ ਬਰਾਬਰ ਰੱਖਦੇ ਹਾਂ।

1

ੴ

## ਸਾਡੇ ਹੋਠਾਂ ਨਾਲੋਂ

ਸਾਡੇ ਹੋਠਾਂ ਨਾਲੋਂ ਪਿੱਛੇ ਅਜੇ ਜ਼ਹਿਰ ਦਾ ਗਿਲਾਸ।
ਅਸੀਂ ਜਾਗਦੇ ਜਿਉਂਦੇ, ਹੈ ਹੁੰਗਾਰਿਆਂ ਦੀ ਆਸ।

ਰੱਬ ਜਾਣੇ ਕਦੋਂ ਮੁੱਕਣੀ ਖੜਾਵਾਂ ਦੀ ਉਡੀਕ,
ਇੱਕ ਮੁੱਕਦਾ ਤੇ ਸ਼ੁਰੂ ਹੁੰਦਾ ਦੂਜਾ ਬਨਵਾਸ।

ਇਹ ਤਾਂ ਉਮਰਾਂ ਦੇ ਸੌਦੇ, ਚੱਲ ਕਰੀਏ ਸੰਭਾਲ,
ਤੇਰੇ ਸਾਹਾਂ 'ਚ ਗੁਜ਼ਾਰਾਂ, ਮਿਲੇ ਜਿੰਨੇ ਵੀ ਸਵਾਸ।

ਅਸੀਂ ਆਪਣੇ ਹਿਸਾਬ ਕਦੇ ਰੋਂਦ ਨਹੀਓਂ ਮਾਰੇ,
ਖੇਡ ਸੁਥਰੀ ਤੋਂ ਡੋਲਿਆ ਨਾ ਅਜੇ ਵਿਸ਼ਵਾਸ।

ਮੇਰੀ ਧਰਤੀ ਹੈ ਮਾਤਾ, ਮੇਰਾ ਬਾਬਲ ਆਕਾਸ਼,
ਮੈਨੂੰ ਧੁੱਪੇ ਛਾਵੇਂ ਏਹੀ ਸਦਾ ਦੇਣ ਧਰਵਾਸ।

ਏਹ ਤਾਂ ਤੇਰੀ ਮੇਰੀ ਸੀਮਾ ਆਹ ਜੋ ਹੱਦਾਂ ਸਰਹੱਦਾਂ,
ਏਥੇ ਲੱਖਾਂ ਨੇ ਪਾਤਾਲ ਏਥੇ ਲੱਖਾਂ ਨੇ ਆਗਾਸ।

ਸੁਣ, ਆਖਿਆ ਫ਼ਰੀਦ ਕਾਗਾ ਚੁੰਝ ਨਾ ਤੂੰ ਮਾਰ,
ਇਹਨਾਂ ਨੈਣਾਂ ਵਿਚ ਜਿਉਂਦੀ, ਪਿਰ ਮਿਲਣੇ ਦੀ ਆਸ।

l

ੴ

## ਬੱਦਲ ਬਣ ਕੇ ਉੱਡਿਆ ਫਿਰਦੈਂ

ਬੱਦਲ ਬਣ ਕੇ ਉੱਡਿਆ ਫਿਰਦੈਂ, ਕਿਣਮਿਣ ਕਿਣਮਿਣ ਵਰ੍ਹਿਆ ਕਰ ਤੂੰ।
ਧਰਤੀ, ਜੰਤ, ਪਰਿੰਦੇ ਮੰਗਦੇ, ਜਲ ਥਲ ਮਹੀਅਲ ਕਰਿਆ ਕਰ ਤੂੰ।

ਇਹ ਧਰਤੀ, ਇਹ ਜੰਗਲ ਬੇਲੇ, ਅੰਬਰ ਚੰਨ ਸਿਤਾਰੇ ਸਾਰੇ,
ਤੇਰੀ ਖ਼ਾਤਰ ਬ੍ਰਹਿਮੰਡ ਸਾਰਾ, ਮਿਰਗਾ ਚੁੰਗੀਆਂ ਭਰਿਆ ਕਰ ਤੂੰ।

ਸੂਰਜ ਤੇਰੀ ਮੁੱਠੀ ਅੰਦਰ, ਧਰਤੀ ਤੇਰੇ ਪੈਰਾਂ ਥੱਲੇ,
ਚੌਰ ਝੁਲਾਵੇ ਸਗਲ ਬਨਸਪਤ, ਐਵੇਂ ਨਾ ਫਿਰ ਡਰਿਆ ਕਰ ਤੂੰ।

ਕਿੱਲੇ ਦੀ ਪਰਿਕਰਮਾ ਕਰਦੇ, ਉਮਰ ਗੁਜ਼ਾਰ ਲਈ ਕਿਉਂ ਸਾਰੀ,
ਮਿਥ ਲੈ ਮੰਜ਼ਿਲ ਸ਼ੇਰ ਜਵਾਨਾ, ਪੈਰ ਅਗਾਂਹ ਨੂੰ ਧਰਿਆ ਕਰ ਤੂੰ।

ਇਹ ਛਤਰੀ ਜੋ ਤੇਰੇ ਸਿਰ ਤੇ, ਸਮਝੀਂ ਨਾ ਇਹ ਸਾਥ ਸਦੀਵੀ,
ਵੇਖ ਬਿਰਖ਼ ਤੂੰ ਮਾਰੂਥਲ ਦੇ, ਹਰ ਮੌਸਮ ਨੂੰ ਜਰਿਆ ਕਰ ਤੂੰ।

ਦੋ ਚਿੱਤੀ ਵਿਚ ਹਰ ਪਲ ਰਹਿ ਕੇ, ਆਦਰਸ਼ਾਂ ਦੀ ਲੀਹੋਂ ਲਹਿ ਕੇ,
ਫ਼ਰਜ਼ ਵਿਸਾਰੇਂ ਗਰਜ਼ਾਂ ਪਿੱਛੇ, ਜੀਂਦੇ ਜੀਅ ਨਾ ਮਰਿਆ ਕਰ ਤੂੰ।

ਜਿੱਤ ਨਾ ਸਕਿਆ ਵਿਸ਼ਵ ਸਿਕੰਦਰ, ਪੋਰਸ ਉਸਦਾ ਘੋੜਾ ਫੜਿਆ,
ਲੋਕ-ਸਮੁੰਦਰ ਅੰਗ ਸੰਗ ਤੇਰੇ, ਇਸ ਅੰਦਰ ਵੀ ਤਰਿਆ ਕਰ ਤੂੰ।

l

੦

## ਇੱਕੋ ਵਿਹੜੇ ਚੋਗ ਚੁਗਦੀਆਂ

ਇੱਕੋ ਵਿਹੜੇ ਚੋਗ ਚੁਗਦੀਆਂ ਚਿੜੀਆਂ ਰੰਗ ਬਰੰਗੀਆਂ ਨੇ।
ਸੋਚਦੀਆਂ, ਇੱਕ ਸ਼ਿਕਰੇ ਨੇ ਕਿਉਂ, ਜਾਨਾਂ ਸੂਲੀ ਟੰਗੀਆਂ ਨੇ।

ਅਪਣੇ ਤਨ ਦੀ ਰਾਖੀ ਲਈ ਜੇ ਚੁੰਝਾਂ ਹੀ ਕੰਮ ਆਈਆਂ ਨਾ,
ਫਿਰ ਤਾਂ ਐਸ ਹਯਾਤੀ ਨਾਲੋਂ, ਸੱਜਣੋਂ ਮੌਤਾਂ ਚੰਗੀਆਂ ਨੇ।

ਅਪਣੇ ਅਸਲੀ ਰੰਗ ਸਲਾਮਤ ਰੱਖਣਾ ਧਰਮ ਬਰਾਬਰ ਹੈ,
ਏਸ ਲਈ ਹੀ ਦਸਮ ਗੁਰੂ ਨੇ ਕਸਮਾਂ ਸਾਥੋਂ ਮੰਗੀਆਂ ਨੇ।

ਸਾਡੇ ਪੁੱਤਰ ਧੀਆਂ ਬਣ ਗਏ ਵਰਮੀ ਦੇ ਰਖਵਾਲੇ ਕਿਉਂ,
ਏਥੇ ਵੱਸਦੀ ਨਾਗਣ ਨੇ ਹੀ ਸਾਡੀਆਂ ਪੁਸ਼ਤਾਂ ਡੰਗੀਆਂ ਨੇ।

ਚੰਦਰਮਾ ਜਾਂ ਮੰਗਲ ਉੱਤੇ, ਆਪਾਂ ਜਾ ਕੇ ਕੀਹ ਲੈਣਾ,
ਇਸ ਧਰਤੀ ਨਾ ਉੱਗੀਆਂ ਹਾਲੇ ਰੀਝਾਂ ਸੋਨੇ ਰੰਗੀਆਂ ਨੇ।

ਤੀਰਾਂ ਵਿੰਨਿਆ ਬਾਬਲ ਮੇਰਾ, ਖੇਤਾਂ ਅੰਦਰ ਫ਼ਿਕਰ ਖੜ੍ਹੇ,
ਪੈਰੀਂ ਧੌੜੀ ਜੁੱਤੀ ਭੀੜੀ, ਚਾਰ ਚੁਫ਼ੇਰੇ ਤੰਗੀਆਂ ਨੇ।

ਖ਼ਵਰੇ ਕਦ ਪੱਤਝੜ ਦੇ ਮਗਰੋਂ, ਲਗਰਾਂ ਫੁੱਟਣ, ਖ਼ਬਰ ਨਹੀਂ,
ਜਿਉਂ ਜੰਮੇ ਹਾਂ, ਹਾਲੇ ਤੱਕ ਤਾਂ, ਸਾਰੀਆਂ ਟਾਹਣਾਂ ਨੰਗੀਆਂ ਨੇ।

1

੦

## ਮਨ ਦਾ ਵਿਹੜਾ

ਮਨ ਦਾ ਵਿਹੜਾ ਮਹਿਕ ਗਿਆ ਹੈ।
ਹੁਣ ਹੀ ਤੇਰਾ ਖ਼ਤ ਮਿਲਿਆ ਹੈ।

ਵਗਦੀ ਪੌਣ ਮਗਰ ਨਹੀਂ ਜਾਣਾ,
ਮੈਂ ਸਧਰਾਂ ਨੂੰ ਵਰਜ ਲਿਆ ਹੈ।

ਰੰਗ ਤੇ ਖ਼ੁਸ਼ਬੂ ਕੌਣ ਨਿਖੇੜੇ,
ਇਹ ਤੂੰ ਬਿਲਕੁਲ ਠੀਕ ਕਿਹਾ ਹੈ।

ਦਰਦ ਉਧਾਰਾ ਕਿਹੜਾ ਮੰਗੇ,
ਹਰ ਮਨ ਹੀ ਭਰਿਆ ਭਰਿਆ ਹੈ।

ਲੰਮੀ ਚੁੱਪ ਤੇ ਐਡੇ ਜੰਦਰੇ,
ਦਿਲ ਦੇ ਅੰਦਰ ਕੀਹ ਧਰਿਆ ਹੈ?

ਜੀਅ ਕਰਦਾ ਏ ਪਾਰ ਕਰਨ ਨੂੰ,
ਇਹ ਜੋ ਅਗਨੀ ਦਾ ਦਰਿਆ ਹੈ।

ਕਈ ਵਾਰੀ ਸਮਝਾਇਐ ਰੂਹ ਨੂੰ,
ਦਰਦ-ਸਮੁੰਦਰ ਕਿਸ ਤਰਿਆ ਹੈ।

1

## ੦
## ਮੈਂ ਅਪਣੇ ਆਪ ਨੂੰ

ਮੈਂ ਅਪਣੇ ਆਪ ਨੂੰ ਆਖਾਂ ਮੁਕੰਮਲ ਹੋ ਨਹੀਂ ਸਕਣਾ।
ਕਿ ਸਭ ਕੁਝ ਵੇਖ ਕੇ, ਏਨਾ ਵੀ ਗਾਫ਼ਿਲ ਹੋ ਨਹੀਂ ਸਕਣਾ।

ਮੇਰੇ ਸਾਹਾਂ 'ਚ ਹੌਕੇ, ਪੀੜ ਮੱਥੇ, ਕਸਕ ਦਿਲ ਅੰਦਰ,
ਇਕੱਲਾ ਜਿਸਮ ਤਾਂ ਜਸ਼ਨਾਂ 'ਚ ਸ਼ਾਮਿਲ ਹੋ ਨਹੀਂ ਸਕਣਾ।

ਮੈਂ ਅਪਣੇ ਅਜ਼ਮ ਤੇ ਆਪੇ ਹੀ ਪਹਿਰੇਦਾਰ ਬਹਿਣਾ ਹੈ,
ਪਤੈ ਦਰਬਾਨੀਆਂ ਤੋਂ ਕੁਝ ਵੀ ਹਾਸਿਲ ਹੋ ਨਹੀਂ ਸਕਣਾ।

ਕਿਸੇ ਦੂਜੇ ਦੀ ਖ਼ਾਤਰ ਮੈਂ ਪਵਾਂ ਬਲਦੀ ਚਿਖ਼ਾ ਅੰਦਰ,
ਇਹ ਕਹਿਣਾ ਸਹਿਲ ਹੈ ਪਰ, ਕਰਨ ਮੁਸ਼ਕਿਲ ਹੋ ਨਹੀਂ ਸਕਣਾ।

ਚਲੋ ਇਖ਼ਲਾਕ ਨੂੰ ਤੇ ਧਰਮ ਨੂੰ ਕਹੀਏ ਕਿ ਮੁੜ ਆਓ,
ਇਹ ਜੋ ਤੂੰ ਆਖਦੈਂ ਏਹੀ ਤਾਂ ਫ਼ਾਜ਼ਿਲ ਹੋ ਨਹੀਂ ਸਕਣਾ।

ਮੈਂ ਕੱਸੀ ਤਾਰ ਤੇ ਤੁਰਿਆ ਵੀ ਜਾਵਾਂ ਨਾ ਕਦੇ ਡੋਲਾਂ,
ਅਸੰਭਵ ਹੈ ਤੁਰੇ ਰਹਿਣਾ, ਮੁਸਲਸਲ ਹੋ ਨਹੀਂ ਸਕਣਾ।

ਇਹ ਦਿਲ ਦਰਵੇਸ਼ ਵਰਗੈ, ਮੌਜ ਅੰਦਰ ਬਹੁਤ ਕੁਝ ਕਹਿੰਦੈ,
ਲੁਟਾਵੇ ਸਾਦਗੀ, ਏਨਾ ਵੀ, ਪਾਗ਼ਲ ਹੋ ਨਹੀਂ ਸਕਣਾ।

l

## ੦
## ਮੈਂ ਬਦਕਿਸਮਤ

ਮੈਂ ਬਦਕਿਸਮਤ ਉਹ ਪੁਸਤਕ ਹਾਂ ਜਿਸ ਨੂੰ ਤੂੰ ਤੇ ਪੜ੍ਹਿਆ ਨਹੀਂ।
ਸ਼ਬਦ ਨਗੀਨੇ ਅਣਵਰਤੇ ਨੂੰ ਦਿਲ ਮੁੰਦਰੀ ਵਿਚ ਮੜ੍ਹਿਆ ਨਹੀਂ।

ਕਲਮ ਕਟਾਰ ਬਣੀ ਮੈਂ ਵੇਖੀ, ਪੁੱਛ ਲਉ ਦੀਨੇ ਕਾਂਗੜ ਤੋਂ,
ਜਿਸ ਦੇ ਅੱਗੇ ਔਰੰਗਜ਼ੇਬ ਜਿਹਾ ਜ਼ਾਲਮ ਵੀ ਅੜਿਆ ਨਹੀਂ।

ਕੁੱਟ ਕੇ ਮਿੱਟੀ ਗੁੰਨਣ ਵੇਲੇ, ਖ਼ੂਨ ਪਸੀਨਾ ਵਿਚ ਪੈਂਦਾ,
ਚੱਕ ਤੇ ਧਰ ਘੁਮਿਆਰਾਂ ਆਵੇ, ਇੱਕ ਵੀ ਭਾਂਡਾ ਘੜਿਆ ਨਹੀਂ।

ਸੀਸ ਤਲੀ ਤੇ ਧਰਨ ਤੋਂ ਪਹਿਲਾਂ, ਦੀਪ ਸਿਹੁੰ ਬਲਕਾਰੀ ਨੇ,
ਸ਼ਾਸਤਰਾਂ ਦੀ ਕਰੀ ਸਿਰਜਣਾ, ਐਵੇਂ ਖੰਡਾ ਫੜਿਆ ਨਹੀਂ।

ਬੰਦ ਬੰਦ ਕਟਵਾਉਣਾ ਔਖਾ, ਕਹਿਣਾ ਬਹੁਤ ਸੁਖ਼ਾਲਾ ਹੈ,
ਮਨੀ ਸਿੰਘ ਨੂੰ ਵਕਤ ਨੇ ਐਵੇਂ, ਕਲਗੀ ਦੇ ਵਿਚ ਜੜਿਆ ਨਹੀਂ।

ਸੁੱਚੇ ਪੱਕੇ ਰੰਗ ਵਿੱਚ ਰੰਗਿਆ, ਮੈਨੂੰ ਧਰਮੀ ਬਾਬਲ ਨੇ,
ਏਸੇ ਕਰਕੇ ਰੰਗ ਬਾਜ਼ਾਰੀ, ਮੇਰੇ ਮਨ ਤੇ ਚੜ੍ਹਿਆ ਨਹੀਂ।

ਮੇਰੀ ਪਿੱਠ 'ਤੇ ਮੇਰੇ ਪੁਰਖੇ ਨਾਨਕ, ਬੁੱਲ੍ਹਾ, ਵਾਰਸ ਨੇ,
ਐਵੇਂ ਤਾਂ ਹਰ ਨ੍ਹੇਰੀ ਅੱਗੇ ਛਾਤੀ ਤਾਣ ਕੇ ਖੜ੍ਹਿਆ ਨਹੀਂ।

ਕਾੜ੍ਹਨੀਆਂ ਵਿਚ ਦੁੱਧ ਤੇ ਜਜ਼ਬੇ ਕਾੜ੍ਹ ਕਾੜ੍ਹ ਮਾਂ ਦਿੱਤੇ ਸੀ,
ਗ਼ਜ਼ਲ ਮੇਰੀ ਵਿਚ ਤਾਹੀਓਂ ਕੱਚਾ ਸ਼ਬਦ ਕਦੇ ਵੀ ਵੜਿਆ ਨਹੀਂ।

l

o

## ਲੋਕਤੰਤਰ ਬਣ ਗਿਆ

ਲੋਕਤੰਤਰ ਬਣ ਗਿਆ ਹੈ ਵੇਖ ਲਉ ਦਾਦਾਗਿਰੀ।
ਟੰਗਦੇ ਸੂਲੀ ਤੇ ਪਹਿਲਾਂ, ਫੇਰ ਦਿੰਦੇ ਦਿਲਬਰੀ।

ਸਾਜ਼ਿਸ਼ੀ ਮਾਹੌਲ ਅੰਦਰ ਹੋ ਰਿਹਾ ਵਿਸ਼ਵਾਸਘਾਤ,
ਧਰਮਸਾਲੀਂ ਬੈਠ ਧਰਮੀ ਕਰ ਰਹੇ ਨੇ ਚਾਕਰੀ।

ਜਾਬਰਾਂ ਦੇ ਹੱਥ ਚਾਬੀ ਅਮਨ ਤੇ ਕਾਨੂੰਨ ਦੀ,
ਰਾਹਜ਼ਨਾਂ ਨੂੰ ਸੌਂਪ ਦਿੱਤੀ ਆਪ ਆਪਾਂ ਰਾਹਬਰੀ।

ਵੇਖ ਲਉ ਕਲਜੁਗ ਦਾ ਪਹਿਰਾ, ਖੋਲ੍ਹ ਅੱਖਾਂ ਵੇਖ ਲਉ,
ਕਾਲੇ ਧਨ ਦੇ ਵਾਸਤੇ ਚਿੱਟੇ ਦੀ ਹੈ ਸੌਦਾਗਰੀ।

ਤੂੰ ਕਹੇਂ ਹਰ ਵਾਰ ਹੀ ਪੰਜਾਬ ਸੂਲੀ ਉੱਤੇ ਕਿਉਂ,
ਸਮਝਿਆ ਕਰ ਏਸ ਦੇ ਤਾਂ ਖ਼ੂਨ ਵਿਚ ਹੈ ਨਾਬਰੀ।

ਮਰਨ ਵਾਲੇ ਮਰ ਗਏ, ਫਿਰ ਟੋਡੀਆਂ ਦਾ ਰਾਜ ਭਾਗ,
ਭੋਲਿਆ ਓ ਪੰਛੀਆ, ਇਹ ਜਾਲ ਦੀ ਕਾਰਾਗਰੀ।

ਛਤਰ ਸਿਰ ਤੇ, ਚੌਰ ਝੁੱਲਣ, ਕਵਚ ਸੋਨੇ ਤਾਰ ਦਾ,
ਬਹੁਤ ਕੁਝ ਦੇਵੇ ਹਕੂਮਤ ਜੇ ਕਰੋਗੇ ਮੁਖ਼ਬਰੀ।

ਤੇਰੇ ਭਾਣੇ ਬੇਅਕਲ, ਪਰ ਫ਼ਰਜ਼ ਨੂੰ ਪਹਿਚਾਣਦਾਂ,
ਪੱਥਰਾਂ ਦੇ ਸ਼ਹਿਰ ਤਾਂ ਹੀ ਕਰ ਰਿਹਾਂ ਸ਼ੀਸ਼ਾਗਰੀ।

ਸਬਰ ਅੱਗੇ ਜਬਰ ਹਾਰੇ, ਪੁੱਛ ਲੈ ਇਤਿਹਾਸ ਤੋਂ,
ਹਾਰਿਆ ਸੀ ਮੀਰ ਮੰਨੂੰ ਟੁੱਟ ਗਈ ਸੀ ਦਾਤਰੀ।

l

o

## ਦਿਲ ਦੀ ਬਗੀਚੜੀ

ਦਿਲ ਦੀ ਬਗੀਚੜੀ 'ਚ ਅੱਜ ਮੇਰਾ ਯਾਰ ਆਇਆ।
ਸੱਜਰੀ ਸਵੇਰ ਜੇਹੀਏ, ਰੱਜ ਕੇ ਪਿਆਰ ਆਇਆ।

ਪੌਣ ਖੁਸ਼ਬੋਈ ਲੈ ਕੇ ਵੇਖ ਮੇਰੇ ਦਵਾਰ ਆਈ,
ਤੱਕ ਮੇਰੇ ਨੈਣਾਂ ਵਿਚ ਕਿੰਨਾ ਹੈ ਨਿਖ਼ਾਰ ਆਇਆ।

ਤੇਰਾ ਪੱਲੂ ਜਦੋਂ ਮੇਰੇ ਹੱਥ ਵਿਚੋਂ ਛੁੱਟਿਆ ਸੀ,
ਦਿਲ ਉੱਤੇ ਕਿੰਜ ਦੱਸਾਂ, ਮੇਰੇ ਕਿੰਨਾ ਭਾਰ ਆਇਆ।

ਹੱਸ ਕੇ ਤੂੰ ਦਿੱਤਾ ਬਿਨ ਬੋਲਿਆਂ ਹੁੰਗਾਰਾ ਜਦੋਂ,
ਆਪ ਹੀ ਤੂੰ ਜਾਣ ਕਿੰਨਾ ਚੈਨ ਤੇ ਕਰਾਰ ਆਇਆ।

ਤੇਰਾ ਇਹ ਸੁਨੇਹਾ ਕਿ ਮੈਂ ਅੰਗ ਸੰਗ ਸਾਥ ਤੇਰੇ,
ਸੋਚ ਸੋਚ ਸੋਚ ਕਿੰਨਾ ਜਿੰਦ ਨੂੰ ਖ਼ੁਮਾਰ ਆਇਆ।

ਮੈਂ ਤਾਂ ਸਰਕੰਡੇ ਵਾਂਗੂੰ ਦਰਿਆ ਦੇ ਕੰਢੇ ਖੜ੍ਹਾਂ,
ਚਲੋ ਜੀ, ਜਿਉਂਦਿਆਂ 'ਚ ਸਾਡਾ ਵੀ ਸ਼ੁਮਾਰ ਆਇਆ।

ਪਿੱਪਲੀ ਤੇ ਬੋਹੜੀ ਨੂੰ ਉਡੀਕ ਤੇਰੀ ਅੱਜ ਵੀ ਹੈ,
ਆਵੀਂ ਬੀਬਾ ਆਵੀਂ, ਜਦੋਂ ਤੀਆਂ ਦਾ ਤਿਹਾਰ ਆਇਆ।

l

o

## ਜ਼ੁਲਮ ਜਬਰ ਦਾ ਕਹਿਰੀ

ਜ਼ੁਲਮ ਜਬਰ ਦਾ ਕਹਿਰੀ ਚਿਹਰਾ ਜਰਿਆ ਜਾਂਦਾ ਨਹੀਂ।
ਰੋਜ਼ ਦਿਹਾੜੀ ਹੁਣ ਤਾਂ ਏਦਾਂ ਮਰਿਆ ਜਾਂਦਾ ਨਹੀਂ।

ਸੱਤ ਪੱਤਣਾਂ ਦੇ ਤਾਰੂ ਏਥੇ ਆ ਕੇ ਹਾਰ ਗਏ,
ਰੇਤ ਛਲਾਵੇ ਅੰਦਰ ਤਾਂ ਹੁਣ ਤਰਿਆ ਜਾਂਦਾ ਨਹੀਂ।

ਹੱਕ ਸੱਚ ਇਨਸਾਫ਼ ਦੀ ਖ਼ਾਤਰ ਕਿੰਜ ਮਨਸੂਰ ਬਣਾਂ,
ਜ਼ਹਿਰ ਪਿਆਲਾ ਹੋਠੀਂ ਹੈ, ਘੁੱਟ ਭਰਿਆ ਜਾਂਦਾ ਨਹੀਂ।

ਦਲਦਲ ਅੰਦਰ ਧਸਦੇ ਜਾਈਏ, ਪਲ ਪਲ ਹੇਠਾਂ ਨੂੰ,
ਇਕ ਵੀ ਕਦਮ ਅਗਾਂਹ ਨੂੰ ਤਾਹੀਓਂ ਧਰਿਆ ਜਾਂਦਾ ਨਹੀਂ।

ਧਰਤੀ ਪੁੱਤਰ ਬਣੀਏ, ਤਣੀਏ ਜ਼ਾਲਮ ਅੱਗੇ ਜੀ,
ਏਸ ਤਰ੍ਹਾਂ ਦਾ ਕਰਮ ਕਿਉਂ ਹੁਣ ਕਰਿਆ ਜਾਂਦਾ ਨਹੀਂ।

ਅਜਬ ਤਰ੍ਹਾਂ ਦੀ ਦਹਿਸ਼ਤ ਇਸ ਦੇ ਚਾਰ ਚੁਫ਼ੇਰੇ ਹੈ,
ਮਨ ਦਾ ਸੱਖਣਾ ਭਾਂਡਾ ਸਾਥੋਂ ਭਰਿਆ ਜਾਂਦਾ ਨਹੀਂ।

ਬੰਨ੍ਹ ਕਲੀਰੇ ਬੈਠੀ, ਕੰਜ ਕੁਆਰੀ ਧੜਕਣ ਨੂੰ,
ਤਖ਼ਤਾ ਤਖ਼ਤ ਬਣਾਏ ਤੋਂ ਬਿਨ ਵਰਿਆ ਜਾਂਦਾ ਨਹੀਂ।

1

o

## ਮੰਗਾਂ ਜੇ ਤੈਥੋਂ ਖ਼ੁਦ

ਮੰਗਾਂ ਜੇ ਤੈਥੋਂ ਖ਼ੁਦ ਕਦੇ ਜੀਵਨ ਉਧਾਰ ਦੇ।
ਮੰਨੀਂ ਨਾ, ਜਿੰਨਾ ਬਚ ਗਿਆ, ਰਹਿੰਦਾ ਵੀ ਮਾਰ ਦੇ।

ਜਿੰਨੇ ਸਵਾਸ ਬਚ ਗਏ, ਇਹ ਵੀ ਨਿਚੋੜ ਲੈ,
ਮੇਰੇ 'ਚੋਂ ਮੈਂ ਨੂੰ ਮਾਰ ਕੇ, ਡੁੱਬਿਆਂ ਨੂੰ ਤਾਰ ਦੇ।

ਈਮਾਨ ਧਰਮ ਵੇਚਿਆ, ਕਿਰਦਾਰ ਖ਼ੁਰ ਗਿਆ,
ਕਾਹਦੇ ਲਈ ਜਿਸਮ ਸਾਂਭਿਆ, ਇਹ ਵੀ ਲੰਗਾਰ ਦੇ।

ਦਸਤਾਰ ਤਾਂ ਯਕੀਨ ਸੀ, ਕਿਉਂ ਭਾਰ ਸਮਝਨੈਂ,
ਕਾਹਦੇ ਲਈ ਚੁੱਕੀ ਫਿਰ ਰਿਹੈਂ, ਇਸ ਨੂੰ ਉਤਾਰ ਦੇ।

ਤਿਤਲੀ ਦੇ ਖੰਭ ਨੋਚਦੈਂ, ਭੌਰੇ ਨੂੰ ਵਰਜਦੈਂ,
ਬਾਗਾਂ 'ਚ ਕਿੱਥੋਂ ਆ ਗਿਐਂ ਰਾਖ਼ੇ ਬਹਾਰ ਦੇ।

ਮੇਰੇ ਵਡੇਰੇ ਉੱਜੜੇ, ਛੱਡਿਆ ਸੀ ਨਾਰੋਵਾਲ,
ਖ਼ਵਾਬਾਂ 'ਚ ਦਰਦ ਕਾਇਮ ਹਾਲੇ ਓਸ ਪਾਰ ਦੇ।

ਹੈਰਾਨ, ਪਰੇਸ਼ਾਨ ਹੈ, ਉਪਰਾਮ ਜ਼ਿੰਦਗੀ,
ਉਲਝੇ ਨੇ ਵਾਲ ਏਸ ਦੇ, ਜ਼ੁਲਫ਼ਾਂ ਸੰਵਾਰ ਦੇ।

1

੦

## ਖ਼ੁਰ ਗਿਆ ਜੀ

ਖ਼ੁਰ ਗਿਆ ਜੀ, ਭੁਰ ਗਿਆ ਜੀ, ਕੌਮ ਦਾ ਕਿਰਦਾਰ ਹੈ।
ਪੁੱਛਦੇ ਮੈਨੂੰ ਅਜੇ ਵੀ, ਕੌਣ ਜ਼ਿੰਮੇਵਾਰ ਹੈ?

ਸਾਡਿਆਂ ਸਮਿਆਂ ਦੇ ਸਭ ਯੂਸਫ਼ ਵਿਕਾਊ ਹੋ ਗਏ,
ਹਰ ਗਲੀ ਹਰ ਮੋੜ ਬਣਿਆ ਮਿਸਰ ਦਾ ਬਾਜ਼ਾਰ ਹੈ।

ਪੁੱਛਦੇ ਨੇ ਯਾਰ ਬੇਲੀ ਅੱਜ ਕੱਲ੍ਹ ਕੀ ਕਰ ਰਿਹੈਂ,
ਸ਼ੀਸ਼ਾਗਰ ਸਾਂ, ਅੱਜ ਕੱਲ੍ਹ ਪੱਥਰ ਦਾ ਕਾਰੋਬਾਰ ਹੈ।

ਰਾਹ ਦਿਸੇਰਾ ਹੋਣ ਦਾ ਮੈਂ ਭਰਮ ਕੈਸਾ ਪਾਲਿਆ,
ਰਾਤ ਦਿਨ ਹੀ ਸੁਰਤ ਮੇਰੀ ਚੌਂਕ ਦੇ ਵਿਚਕਾਰ ਹੈ।

ਉਹ ਵਿਰਾਸਤ ਹੁਣ ਵੀ ਮੇਰੇ ਖ਼ੂਨ ਵਿਚ ਜਾਗੇ ਕਿਤੇ,
ਜਿਸਦੇ ਇਕ ਹੱਥ ਵਿਚ ਪਰਾਣੀ ਦੂਸਰੇ ਤਲਵਾਰ ਹੈ।

ਨਾ ਕਿਤੇ ਅਰਦਾਸ ਕੋਈ, ਨਾ ਦੁਆ ਨਾ ਕਾਮਨਾ,
ਸ਼ੁਕਰ ਲੋਕੀਂ ਕਰ ਰਹੇ ਨੇ, ਬਾਦਸ਼ਾਹ ਬੀਮਾਰ ਹੈ।

ਮੈਂ ਤੇਰੀ ਹਰ ਪੀੜ ਨੂੰ ਸ਼ਬਦੀਂ ਪਰੋਵਾਂਗਾ ਹਜ਼ੂਰ,
ਦੌਰ ਆਪਣੇ ਨਾਲ ਮੇਰਾ ਅਹਿਦ ਹੈ, ਇਕਰਾਰ ਹੈ।

1

੦

## ਤੂੰ ਛੇੜ ਨਾ ਦਿਲ ਦੀਆਂ

ਤੂੰ ਛੇੜ ਨਾ ਦਿਲ ਦੀਆਂ ਤਰਬਾਂ ਨੂੰ, ਇਹ ਸਾਜ਼ ਵਜਾਉਣ ਅਸਾਨ ਨਹੀਂ।
ਦਿਲ ਸਭ ਕੁਝ ਖ਼ੁਦ ਹੀ ਕਹਿੰਦਾ ਹੈ, ਬੱਸ ਲੱਗੀ ਸਿਰਫ਼ ਜ਼ਬਾਨ ਨਹੀਂ।

ਨਾ ਕੁਝ ਪਲ ਉੱਠਣਾ ਬਹਿਣਾ ਹੈ, ਮੈਂ ਪੱਕਾ ਏਥੇ ਰਹਿਣਾ ਹੈ,
ਤੂੰ ਚਿੱਤ ਵਿਚ ਮੈਨੂੰ ਥਾਂ ਤਾਂ ਦੇ, ਮੈਂ ਕੁਝ ਪਲ ਦਾ ਮਹਿਮਾਨ ਨਹੀਂ।

ਖੁਸ਼ਬੋਈ ਵਰਗੀ ਹਸਤੀ ਹਾਂ, ਤੇਰੇ ਨੈਣਾਂ ਵਿਚਲੀ ਮਸਤੀ ਹਾਂ,
ਨਾ ਮੰਗਾਂ ਧਰਤੀ ਰਹਿਣ ਲਈ, ਤੇ ਸਿਰ ਉੱਤੇ ਅਸਮਾਨ ਨਹੀਂ।

ਮੈਂ ਦਿਲ ਦਰਿਆ ਦੇ ਵਾਂਗ ਵਗਾਂ ਤੇ ਹਰ ਪਲ ਸੂਰਜ ਵਾਂਗ ਜਗਾਂ,
ਧਰਤੀ ਨੂੰ ਭਰਾਂ ਕਲਾਵੇ ਮੈਂ, ਇੱਕ ਬੰਦਾ ਹਾਂ, ਭਗਵਾਨ ਨਹੀਂ।

ਤੂੰ ਨਿੱਕੜੇ ਨਿੱਕੜੇ ਦੀਵਿਆਂ ਨੂੰ ਹੀ ਗੁੱਲ ਕਰਕੇ ਹੰਕਾਰ ਗਿਐਂ
ਸੂਰਜ ਦੀ ਲਾਟ ਬੁਝਾ ਦੇਵੇਂ, ਤੂੰ ਏਡਾ ਵੀ ਤੂਫ਼ਾਨ ਨਹੀਂ।

ਹਰ ਕੋਈ ਫਿਰਦਾ ਘਬਰਾਇਆ, ਪੁੱਛਦਾ ਹੈ ਕਿੱਥੋਂ ਕਿਉਂ ਆਇਆ,
ਫ਼ਿਕਰਾਂ ਦਾ ਤਾਣਾ ਤਣਿਆ ਹੈ, ਕਿਉਂ ਚਿਹਰੇ ਤੇ ਮੁਸਕਾਨ ਨਹੀਂ।

ਮੈਂ ਦਿਲ ਦੀ ਦੌਲਤ ਵੰਡ ਦਿਆਂ, ਤੇ ਖਾਲੀ ਚਾਦਰ ਛੰਡ ਦਿਆਂ,
ਕੁਝ ਮੋੜ ਦਿਆ ਕਰ ਵਾਪਸ ਵੀ, ਮੈਂ ਏਨਾ ਵੀ ਧਨਵਾਨ ਨਹੀਂ।

1

## ਜਿੰਦੇ ਮੇਰੀਏ ਨਾ

ਜਿੰਦੇ ਮੇਰੀਏ ਨਾ ਹੋਵੀਂ ਕਦੇ ਏਨੀ ਵੀ ਉਦਾਸ।
ਤੇਰੀ ਮਰ ਮੁੱਕ ਜਾਵੇ, ਸਾਰੀ ਭੁੱਖ ਤੇ ਪਿਆਸ।

ਸਾਨੂੰ ਸਾਰਿਆਂ ਨੂੰ ਘੇਰਦੀ ਹਮੇਸ਼ ਕਾਲੀ ਰਾਤ,
ਚੜ੍ਹੇ ਰਾਤ ਪਿੱਛੋਂ ਦਿਨ, ਸਦਾ ਰੱਖੀਂ ਵਿਸ਼ਵਾਸ।

ਏਸ ਜ਼ਿੰਦਗੀ ਨੂੰ ਤੇਰੇ ਹੀ ਪਿਆਰ ਦਾ ਸਹਾਰਾ,
ਤੰਦ ਜੁੜੀ ਰਹੇ ਸਦਾ, ਇਹੀ ਕਰੀਂ ਅਰਦਾਸ।

ਮਾਰੂਥਲ ਵਿਚ ਮਿਲੇ ਜੀਕੂੰ ਰੁੱਖ ਹੇਠ ਸਾਇਆ,
ਥੋੜ੍ਹਾ ਮਿਲਣਾ ਵੀ ਦੇਵੇ ਸਦਾ ਚੰਗਾ ਅਹਿਸਾਸ।

ਤੇਰੇ ਹਾਸਿਆਂ 'ਚੋਂ ਟੱਲੀਆਂ ਦਾ ਅਨਹਦ ਰਾਗ,
ਮੇਰੀ ਜਿੰਦ ਨਸ਼ਿਆਵੇ, ਮਿਲੇ ਰੂਹ ਨੂੰ ਵਿਗਾਸ।

ਜੀਕੂੰ ਬੇਲੇ ਵਿੱਚ ਰਾਂਝਣੇ ਦੀ ਮੁਰਲੀ ਚ ਹੀਰ,
ਕਦੇ ਮੰਦਰੀਂ ਸ਼ਿਆਮ ਜਾਪੇ ਰਾਧਾ ਜੀ ਦੇ ਪਾਸ।

ਮੇਰੀ ਮਾਂ ਨੇ ਮੈਨੂੰ ਆਉਣ ਵੇਲੇ ਇਹੀ ਸਮਝਾਇਆ,
ਪੁੱਤ ਪੀੜ ਨੂੰ ਨਾ ਪਾਵੀਂ ਕਦੇ ਚੁੱਪ ਦਾ ਲਿਬਾਸ।

1

## ਹੁਣ ਜ਼ਿੰਦਗੀ ਵਿਚ

ਹੁਣ ਜ਼ਿੰਦਗੀ ਵਿਚ ਕੋਈ ਥੋੜ ਨਹੀਂ, ਮਿਲਣੇ ਤੋਂ ਮਗਰੋਂ ਇਉਂ ਲਗਦਾ।
ਜੋ ਬਾਲ ਚਿਰਾਗ ਤੂੰ ਧਰ ਦਿੱਤਾ, ਉਹ ਵੇਖ ਨਿਰੰਤਰ ਹੈ ਜਗਦਾ।

ਉਹ ਬੋਲ ਤੇ ਇੱਕ ਵੀ ਯਾਦ ਨਹੀਂ, ਖ਼ੁਸ਼ਬੋਈ ਅੱਜ ਤੱਕ ਅੰਗ ਸੰਗ ਹੈ,
ਓਸੇ ਵਿੱਚ ਚੁੱਭੀਆਂ ਮਾਰ ਰਿਹਾਂ, ਜੋ ਇਤਰਾਂ ਦਾ ਦਰਿਆ ਵਗਦਾ।

ਉਸ ਰੁੱਖ ਦਾ ਨਾਂ ਤੇ ਯਾਦ ਨਹੀਂ, ਤੂੰ ਜਿਸ ਦੀ ਨਰਮ ਕਰੂੰਬਲ ਹੈਂ,
ਪਰ ਪੱਤਿਆਂ ਅੰਦਰ ਤੱਕਿਆ ਮੈਂ, ਇੱਕ ਨੂਰ ਇਲਾਹੀ ਹੈ ਜਗਦਾ।

ਤੁਰ ਜਾਣ ਤੋਂ ਮਗਰੋਂ ਇਉਂ ਲੱਗਾ, ਹੁਣ ਮੁੜ ਕੇ ਫੇਰ ਅਧੂਰਾ ਹਾਂ,
ਪਰ ਯਾਦ ਕਰਦਿਆਂ ਫਿਰ ਦਿਸਦਾ ਉਹ ਮੁਖੜਾ ਸੁਰਖ਼ ਜਿਹਾ ਦਗਦਾ।

ਇਹ ਮੋਤੀ ਮਾਲਾ ਗਲ਼ ਵਾਲੀ, ਪਲ ਪਲ ਦੀਆਂ ਖ਼ਬਰਾਂ ਦੇਵੇ ਪਈ,
ਸਾਹਾਂ ਤੋਂ ਚੋਰੀ ਚੋਰੀ ਇਹ ਸਭ ਲੇਖਾ ਰੱਖਦੀ ਹੈ ਸ਼ਾਹ ਰਗ ਦਾ।

ਮੁੱਖ ਮੈਦਾ ਰਲੇ ਸੰਧੂਰ ਜਿਹਾ, ਤੱਕ ਹੋਇਆ ਦਿਲ ਮਖ਼ਮੂਰ ਬੜਾ,
ਅੱਖਾਂ ਯਮੁਨਾ ਦੇ ਪਾਣੀ ਵਿੱਚ ਜਿਉਂ ਦੀਵਿਆਂ ਦਾ ਪ੍ਰਵਾਹ ਜਗਦਾ।

ਕੀਹ ਦੱਸਾਂ ਦਿਲ ਦੀ ਧੜਕਣ ਦਾ ਤੇ ਕਾਰਨ ਅੱਖੀਆਂ ਫ਼ਰਕਣ ਦਾ,
ਪਰ ਉਸ ਮਿਲਣੀ ਤੋਂ ਮਗਰੋਂ ਇਹ ਮੇਰਾ ਤਨ ਤੰਦੂਰ ਰਹੇ ਮਘਦਾ।

ਇਹ ਜਾਣਦਿਆਂ ਤੂੰ ਅੰਬਰ ਵਿੱਚ, ਮੈਂ ਧਰਤੀ ਉੱਪਰ ਰਹਿੰਦਾ ਹਾਂ,
ਤੇਰੇ ਹਾਸੇ ਦੀ ਛਣਕਾਰ ਜਿਹਾ, ਕੁੱਲ ਤਾਰਾ ਮੰਡਲ ਹੀ ਲਗਦਾ।

ਸੁਪਨਾ ਸੀ ਉਹ ਜਾਂ ਭਰਮ-ਨੂਰ, ਉਸ ਪਲ ਜੋ ਚਾਰ ਚੁਫ਼ੇਰੇ ਸੀ,
ਮੈਂ ਪੂੰਜੀ ਵਾਂਗ ਸੰਭਾਲ ਲਿਆ, ਸੱਚ ਦੱਸੀਂ ਤੈਨੂੰ ਕੀਹ ਲਗਦਾ।

1

## o
## ਜਰਦਾ ਜਰਦਾ ਮਰ ਨਾ ਜਾਵਾਂ

ਜਰਦਾ ਜਰਦਾ ਮਰ ਨਾ ਜਾਵਾਂ, ਸੁੱਤਾ ਦਰਦ ਜਗਾਉਂਦੇ ਰਹਿਣਾ।
ਮਿਲਣ ਮਿਲਾਉਣ ਜ਼ਰੂਰੀ ਤਾਂ ਨਹੀਂ ਪਰ ਸੁਪਨੇ ਵਿੱਚ ਆਉਂਦੇ ਰਹਿਣਾ।

ਵਿਹੜੇ ਵਿਚ ਰਵੇਲ ਦਾ ਬੂਟਾ, ਲਾ ਕੇ ਰੱਖਣਾ ਖੁਸ਼ਬੂ ਖ਼ਾਤਰ,
ਪਹਿਰਾ ਰੱਖਿਉ ਸੁੱਕ ਨਾ ਜਾਵੇ, ਪਿਆਰ ਦਾ ਪਾਣੀ ਪਾਉਂਦੇ ਰਹਿਣਾ।

ਤੇਰੀ ਮੇਰੀ ਤਾਰ ਜੁੜੀ ਹੈ, ਅਣਦਿਸਦੀ ਹੈ, ਕਾਇਮ ਦਾਇਮ,
ਪੋਟੇ ਸੁਰ ਤੇ ਲਾਈ ਜਾਣਾ, ਟੁਣਕ ਟੁਣਕ ਟੁਣਕਾਉਂਦੇ ਰਹਿਣਾ।

ਗੁਲਕੰਦ ਸੁਰਖ਼ ਗੁਲਾਬ ਦੀ ਮਿੱਠੀ, ਸੁੱਚੀ ਖੁਸ਼ਬੂ ਸਾਂਭ ਕੇ ਰੱਖਣਾ,
ਹਰ ਵਿਹੜੇ ਵਿਚ ਧਰਤੀ ਵਾਲਿਉ, ਦਾਬਾਂ ਕਲਮਾਂ ਲਾਉਂਦੇ ਰਹਿਣਾ।

ਭੁੱਲ ਨਾ ਜਾਵੇ ਪਿੰਡ ਦਾ ਚੇਤਾ, ਦੂਰ ਦੇਸ ਪਰਦੇਸ 'ਚ ਫਿਰਦੇ,
ਯਾਦਾਂ ਦੇ ਪੰਖੇਰੂ ਨੂੰ ਇਹ ਸਬਕ ਸਦਾ ਸਮਝਾਉਂਦੇ ਰਹਿਣਾ।

ਇਸ ਮੰਡੀ ਸਭ ਮਾਲ ਵਿਕਾਊ, ਬੰਦੇ, ਧੰਦੇ, ਬਚ ਕੇ ਵੀਰੋ,
ਰੀਝਾਂ ਦੀ ਫੁਲਕਾਰੀ ਉੱਤੇ ਮੋਰ ਬੂਟੀਆਂ ਪਾਉਂਦੇ ਰਹਿਣਾ।

ਦਰਦਾਂ ਦੇ ਦਰਿਆ ਵਿਚ ਡੁੱਬੀ, ਅੰਤਰ ਮਨ ਦੀ ਪੀੜ ਗ਼ਜ਼ਲ ਨੂੰ,
ਸੁਰ ਨਾ ਡੋਲੇ ਤੇ ਬਿਨ ਬੋਲੇ ਚੁੱਪ ਚੁਪੀਤੇ ਗਾਉਂਦੇ ਰਹਿਣਾ।

1

## o
## ਸ਼ਹਿਰ ਬਣ ਗਿਆ

ਸ਼ਹਿਰ ਬਣ ਗਿਆ ਲੱਕੜਮੰਡੀ ਥਾਂ ਥਾਂ ਵੇਖੋ ਲੱਗੇ ਆਰੇ।
ਸਾਬਤ ਬੰਦੇ ਕਿੱਧਰ ਤੁਰ ਗਏ, ਟੁਕੜੇ ਟੁਕੜੇ ਫਿਰਦੇ ਸਾਰੇ।

ਰੇਲ ਪਟੜੀਆਂ ਉੱਪਰ ਆ ਕੇ ਕਿਉਂ ਬੈਠੇ ਨੇ ਅੰਨ ਦੇ ਦਾਤੇ,
ਫ਼ਸਲ ਮਰੀ ਦੇ ਸੋਗ 'ਚ ਡੁੱਬੇ, ਅੱਖੀਂ ਅੱਥਰੂ ਮਣ ਮਣ ਭਾਰੇ।

ਸ਼ੀਸ਼ੇ ਉੱਪਰ ਕਾਲਖ਼ ਮਲ਼ਦੀ, ਕੈਸੀ ਹੈ ਇਹ ਬਾਂਦਰ ਸੈਨਾ,
ਚਿਹਰਾ ਵੇਖਣ ਤੋਂ ਇਨਕਾਰੀ, ਕੁੱਲ ਧਰਤੀ ਦੇ ਦਾਨਵ ਸਾਰੇ।

ਮੋਦੀ ਖ਼ਾਨੇ ਦੇ ਵਿਚ ਪੁੜੀਆਂ, ਜ਼ਹਿਰ ਦੀਆਂ ਟਕਸਾਲੀ ਮੋਹਰਾਂ,
ਹਰ ਮੰਡੀ ਵਿਚ ਫ਼ੈਲ ਗਏ ਨੇ, ਇਸ ਵਸਤੂ ਦੇ ਤੋਲਣਹਾਰੇ।

ਵਕਤ ਅਸਾਨੂੰ ਦੇ ਜਾਵੇਗਾ ਅਗਲੀ ਨਸਲ ਦੀ ਖ਼ਾਤਰ ਤੋਹਫ਼ੇ,
'ਵਾ ਜ਼ਹਿਰੀਲੀ ਜਰਜਰ ਮਿੱਟੀ, ਦਰਿਆਵਾਂ ਦੇ ਪਾਣੀ ਖ਼ਾਰੇ।

ਮੇਰੇ ਮੱਥੇ ਤਲਖ਼ ਸਮੁੰਦਰ, ਫਟ ਸਕਦਾ ਹੈ ਬਣ ਕੇ ਲਾਵਾ,
ਹੌਕੇ ਹੀ ਵੰਗਾਰ ਬਣਨਗੇ, ਕੱਠੇ ਜੇਕਰ ਹੋ ਗਏ ਸਾਰੇ।

ਧਰਮ ਈਮਾਨ ਵੀ ਲੁਕਿਆ ਫਿਰਦਾ, ਲਿਖ ਲਿਖ ਚਿੱਠੀਆਂ ਕਿੱਧਰ ਪਾਵਾਂ,
ਕਿਹੜਾ ਦਰ ਖੜਕਾਵਾਂ ਹੋ ਗਏ ਪਹਿਰੇਦਾਰ ਵੀ ਬੇਇਤਬਾਰੇ।

ਵੇਖੋ ਅੱਗ ਬੁਝਾਉਣ ਦੀ ਖ਼ਾਤਰ, ਚਿੜੀਆਂ ਖੰਭ ਭਿਉਂ ਕੇ ਛੰਡਣ,
ਵਕਤ ਹਿਸਾਬ ਕਰੇਗਾ ਜਿਸ ਦਿਨ, ਮੁਜਰਿਮ ਨਾ ਬਣ ਜਾਇਉ ਸਾਰੇ।

1

o

## ਮੰਨਿਆ ਦਰਦ ਦਿਲੇ ਦਾ

ਮੰਨਿਆ ਦਰਦ ਦਿਲੇ ਦਾ ਜੁੜ ਕੇ ਪਰਬਤ ਜੇਡਾ ਹੋ ਸਕਦਾ ਹੈ।
ਇਸ ਦੀ ਅੱਖ ਪਥਰੀਲੀ ਵਿਚੋਂ, ਇੱਕ ਅੱਧ ਅੱਥਰ ਚੋ ਸਕਦਾ ਹੈ।

ਤੂੰ ਕਹਿੰਦਾ ਏ, ਇਸ ਧਰਤੀ ਤੇ, ਹੁਣ ਤੇ ਕੁਝ ਵੀ ਹੋ ਨਹੀਂ ਸਕਦਾ,
ਮੈਂ ਕਹਿੰਦਾ ਹਾਂ, ਨਿਸ਼ਚਾ ਕਰਕੇ, ਜੋ ਚਾਹੀਏ ਉਹ ਹੋ ਸਕਦਾ ਹੈ।

ਉੱਡਦਾ ਉੱਡਦਾ ਪੰਛੀ ਜੇਕਰ, ਬੈਠ ਗਿਆ ਹੈ ਬਲਦੇ ਰੁੱਖ ਤੇ,
ਸੁਰਖ਼ ਅੰਗਾਰਾਂ ਨਾਲ ਖੇਡਣਾ, ਸ਼ੌਕ ਅਵੱਲਾ ਹੋ ਸਕਦਾ ਹੈ।

ਕਿਣਮਿਣ ਕਿਣਮਿਣ ਵਰ੍ਹਦਾ ਇਹ ਜਲ, ਕਿਰਨ ਦਿਆ ਕਰ ਅੱਖਾਂ ਵਿਚੋਂ,
ਮੇਰਾ ਮੈਲ ਕੁਚੈਲਾ ਮਨ ਹੈ, ਇੱਕ ਅੱਥਰੂ ਵੀ ਧੋ ਸਕਦਾ ਹੈ।

ਤਪਦੀ ਲੋਹ ਤੇ ਤੜਫ਼ਣ ਜਲਕਣ, ਲਿਖੀ ਇਬਾਰਤ ਪੜ੍ਹਿਆ ਕਰ ਤੂੰ,
ਤੇਰੀ ਮੇਰੀ ਰੂਹ ਅਣਲਿਖਿਆ, ਇਹ ਇਕਰਾਰ ਵੀ ਹੋ ਸਕਦਾ ਹੈ।

ਚਹੁੰ ਰੁੱਤਾਂ ਤੋਂ ਵੱਖਰਾ ਇਹ ਹੈ, ਮਨ ਦੀ ਬਸਤੀ ਵਿਚਲਾ ਮੌਸਮ,
ਕੱਲ੍ਹਾ ਬੰਦਾ ਹੱਸ ਸਕਦਾ ਹੈ, ਕੱਲ-ਮੁ-ਕੱਲ੍ਹਾ ਰੋ ਸਕਦਾ ਹੈ।

ਉਹ ਪਲ ਫੇਰ ਕਦੇ ਨਾ ਆਏ, ਮਨ ਪਰਦੇਸੀ ਹੁੰਦਾ ਜਿਸ ਪਲ,
ਜਿੱਥੇ ਆ ਕੇ ਆਸ ਦਾ ਪੰਛੀ, ਚਾਨਣ ਵਿਚ ਵੀ ਖੋ ਸਕਦਾ ਹੈ।

l

o

## ਆ ਜਾ ਤੈਨੂੰ ਬਾਤ ਸੁਣਾਵਾਂ

ਆ ਜਾ ਤੈਨੂੰ ਬਾਤ ਸੁਣਾਵਾਂ ਸੁਣ ਨੀ ਕੋਮਲ ਕਲੀਏ।
ਰੂਹ ਤੇ ਜਿਸਮ ਸੰਭਾਲ ਕੇ ਰੱਖੀਂ, ਫਿਰਦੇ ਏਥੇ ਛਲੀਏ।

ਤੂੰ ਧਰਤੀ ਦੀ ਜਾਈ, ਅਣਖ਼ ਖ਼ੁਰਾਕ ਤੇਰੀ ਦਾ ਹਿੱਸਾ,
ਤੂੰ ਸ਼ਕਤੀ ਤੇ ਅਣਮੁੱਕ ਜਵਾਲਾ, ਆ ਜਾ ਲਟ ਲਟ ਬਲੀਏ।

ਤੂੰ ਸਾਹਾਂ ਦੀ ਝਾਂਜਰ ਬਣ ਜਾ, ਲੌਂਗ ਬੁਰਜੀਆਂ ਵਾਲਾ,
ਪਿਆਰ ਦੇ ਪੱਤਰ, ਮਹਿੰਦੀ ਵਾਂਗੂੰ ਘੋਟ ਕੇ ਲਾ ਲੈ ਤਲੀਏ।

ਆ ਧਰਤੀ ਦੀ ਬੁੱਕਲ ਬਹਿ ਕੇ, ਲਈਏ ਧੁੱਪ ਦੀ ਚਾਦਰ,
ਨੀਮ ਗੁਲਾਬੀ ਮੁਖੜੇ ਉੱਤੇ ਸੂਰਜ ਕਿਰਨਾਂ ਮਲੀਏ।

ਇਕ ਦੂਜੇ ਬਿਨ ਅਸੀਂ ਅਧੂਰੇ, ਆ ਜਾ ਹੋਈਏ ਪੂਰੇ,
ਮਨ ਦੀ ਮਿੱਟੀ ਸੁਪਨ ਬੀਜ ਕੇ ਖਿੜੀਏ, ਫੁੱਲੀਏ ਫ਼ਲੀਏ।

ਦੱਸ ਦਿਆ ਕਰ ਖ਼ੁਸ਼ਬੂ ਜਹੀਏ, ਜਦ ਤੂੰ ਆਉਣਾ ਹੋਵੇ,
ਬਹੁਤ ਖਿਲਾਰਾ ਹੁੰਦੈ ਅਕਸਰ ਸੁੰਨੇ ਮਨ ਦੀ ਗਲੀਏ।

ਰਿਸ਼ਤੇ ਕਰੀਂ ਗੁਲਾਮ ਕਦੇ ਨਾ ਮਨ ਦੀ ਲਹਿਰ ਹਵਾਲੇ,
ਧਰਤ ਆਕਾਸ਼ ਨੇ ਮਿਲਦੇ ਜਿੱਥੇ ਆ ਜਾ ਓਥੇ ਚਲੀਏ।

l

o

## ਤੇਰੇ ਨੀਮ ਨਸ਼ੀਲੇ ਨੈਣਾਂ ਵਿਚ

ਤੇਰੇ ਨੀਮ ਨਸ਼ੀਲੇ ਨੈਣਾਂ ਵਿਚ ਮੈਂ ਡੁੱਬਿਆਂ ਹੋ ਮਖ਼ਮੂਰ ਜਿਹਾ।
ਤੂੰ ਕਿੱਥੇ ਸਾਂਭ ਕੇ ਰੱਖਿਆ ਸੀ ਇਹ ਅਜਬ ਨੂਰਾਨੀ ਨੂਰ ਜਿਹਾ।

ਦਿਲ ਕਰਦੈ ਉੱਡ ਕੇ ਆ ਜਾਵਾਂ, ਖੰਭ ਲਾ ਕੇ ਅੱਖ ਪਲਕਾਰੇ ਵਿਚ,
ਪਰ ਅਸਲ ਹਕੀਕਤ ਚੇਤੇ ਹੈ, ਇਹ ਪੈਂਡਾ ਕਾਫ਼ੀ ਦੂਰ ਜਿਹਾ।

ਤੂੰ ਤੱਕਿਆ ਪਹਿਲੀ ਵਾਰ ਜਦੋਂ, ਉਹ ਪਲ ਸਨ ਸੁੱਚੀ ਮਹਿਕ ਜਹੇ,
ਤੇ ਉਸ ਤੋਂ ਮਗਰੋਂ ਕੀਹ ਹੋਇਆ, ਬੱਸ ਜਲਵਾ ਸੀ ਕੋਹ ਤੂਰ ਜਿਹਾ।

ਮੈਂ ਹੋਂਠ ਫ਼ਰਕਦੇ ਵੇਖੇ ਸੀ, ਇੰਜ ਲੱਗਿਆ ਤੂੰ ਕੁਝ ਕਹਿਣਾ ਹੈ,
ਤੂੰ ਚੁੱਪ ਰਹੀਂ ਕੁਝ ਨਾ ਬੋਲੀ, ਫਿਰ ਝੜਿਆ ਆਸ ਦਾ ਬੂਰ ਜਿਹਾ।

ਮੈਂ ਚੰਨ ਦਾ ਮੁੱਖੜਾ ਤੱਕਿਆ ਹੈ, ਹੁਣ ਇਹ ਗੱਲ ਖੁੱਲ੍ਹ ਕੇ ਕਹਿ ਸਕਦਾਂ,
ਸਾਹਾਂ ਵਿਚ ਤੈਨੂੰ ਸਾਂਭ ਲਿਆ, ਦਿਲ ਤਾਂ ਹੀ ਕਰੇ ਗਰੂਰ ਜਿਹਾ।

ਬੇਨਾਮ ਮੁਹੱਬਤ ਹੋ ਸਕਦੀ ਇਹ ਨਾਵਾਂ ਦੀ ਮੁਹਤਾਜ ਨਹੀਂ,
ਯਾਦਾਂ 'ਚੋਂ ਅਕਸਰ ਦਿਸਦਾ ਹੈ, ਕਿਰਨਾਂ ਦਾ ਭਰਵਾਂ ਪੂਰ ਜਿਹਾ।

ਤਲਬਾਂ ਦੇ ਰਿਸ਼ਤੇ ਥੋੜ ਚਿਰੇ, ਇਹ ਮਰ ਜਾਵਣਗੇ ਵੇਖ ਲਵੀਂ,
ਕੁਝ ਕਦਮ ਤੁਰਾਂ ਤੇ ਬਹਿ ਜਾਵਾਂ, ਇਹ ਮੇਰਾ ਨਹੀਂ ਦਸਤੂਰ ਜਿਹਾ।

1

o

## ਹੋਠਾਂ ਉੱਤੋਂ ਚੁੱਪ ਦੇ ਜੰਦਰੇ

ਹੋਠਾਂ ਉੱਤੋਂ ਚੁੱਪ ਦੇ ਜੰਦਰੇ ਖੋਲ੍ਹ ਦਿਆ ਕਰ।
ਮਨ ਮਸਤਕ ਵਿਚ ਜੋ ਵੀ ਆਵੇ ਬੋਲ ਦਿਆ ਕਰ।

ਤੂੰ ਧਰਤੀ ਦੀ ਧੀ ਹੈਂ ਲੇਖਾ ਮਾਵਾਂ ਧੀਆਂ,
ਮਾਂ ਦੀ ਬੁੱਕਲ ਬਹਿ ਕੇ ਦੁਖ ਸੁਖ ਫ਼ੋਲ ਦਿਆ ਕਰ।

ਇਕ ਮੁਸਕਾਨ ਉਧਾਰੀ ਦੇ ਕੇ ਪੌਣਾਂ ਨੂੰ ਤੂੰ,
ਕੁਲ ਆਲਮ ਦੇ ਸਾਹੀਂ ਸੰਦਲ ਘੋਲ ਦਿਆ ਕਰ।

ਸੱਤ ਸਮੁੰਦਰ ਡੂੰਘੀਆਂ ਅੱਖਾਂ ਅੰਦਰ ਸੁਪਨੇ,
ਨਕਸ਼ ਗਵਾਚਣ ਤੋਂ ਪਹਿਲਾਂ ਤੂੰ ਟੋਲ ਦਿਆ ਕਰ।

ਸਾਰਾ ਅੰਬਰ ਤੇਰਾ, ਤੇਰੇ ਚੰਦ ਸਿਤਾਰੇ,
ਮਾਰ ਉਡਾਰੀ ਪੌਣਾਂ ਵਿਚ ਪਰ ਤੋਲ ਦਿਆ ਕਰ।

ਮਾਣਕ ਮੋਤੀ ਮਹਿੰਗੇ ਇਹ ਅਣਮੋਲ ਖ਼ਜ਼ਾਨਾ,
ਪਾਣੀ ਵਾਂਗੂੰ ਅੱਥਰੂ ਨਾ ਤੂੰ ਡੋਲ੍ਹ ਦਿਆ ਕਰ।

ਖ਼ਵਰੇ ਕਿੱਥੇ ਬਹਿ ਕੇ ਦਰਦ ਵੰਡਾਉਣਾ ਪੈ ਜੇ,
ਦਿਲ ਨੂੰ ਗੰਢਾਂ ਪੀਚਵੀਆਂ ਨਾ ਗੋਲ ਦਿਆ ਕਰ।

1

## ਹੁੱਬਿਆ ਨਾ ਫਿਰ

ਹੁੱਬਿਆ ਨਾ ਫਿਰ, ਤੇਰੀ ਮੁੱਠੀ ਅੰਦਰ ਕੁੱਲ ਸੰਸਾਰ ਨਹੀਂ ਹੈ।
ਇੱਕ ਦੂਜੇ ਦੀ ਅੱਜ ਕੱਲ੍ਹ ਸਾਨੂੰ, ਖ਼ਬਰ ਤਾਂ ਹੈ, ਪਰ ਸਾਰ ਨਹੀਂ ਹੈ।

ਇੱਕ ਛੱਤ ਹੇਠ ਇਕੱਠੇ ਰਹੀਏ, ਪਰ ਬਟਿਆਂ ਵਿੱਚ ਵੰਡੇ ਪਏ ਹਾਂ,
ਇੰਟਰਨੈੱਟ ਤੇ ਘੱਲਦਾਂ ਜੋ ਤੂੰ, ਫ਼ੋਟੋ ਹੈ, ਪਰਿਵਾਰ ਨਹੀਂ ਹੈ।

ਖਾ ਚੱਲਿਆ ਹੈ ਸਾਦਗੀਆਂ ਨੂੰ, ਚੂਹਾ ਸਾਈਂ ਬਣ ਕੇ ਬੈਠਾ,
ਆਪਣੇ ਪਿੱਛੇ ਲਾਈ ਫਿਰਦਾ, ਸ਼ੁਭ ਦਿਸਦਾ ਕਿਰਦਾਰ ਨਹੀਂ ਹੈ।

ਅੰਤਰ ਧਿਆਨ ਨੇ ਪੁੱਤਰ ਧੀਆਂ, ਕਹਿੰਦੇ ਨਹੀਂ ਪਰ ਏਦਾਂ ਮੰਨਦੇ,
ਜਾਣੀ ਜਾਣ ਹੈ ਗੂਗਲ ਬਾਬਾ, ਇਸ ਦਾ ਪਾਰਾਵਾਰ ਨਹੀਂ ਹੈ।

ਨਾਮ ਜਾਪ ਕਰਵਾਉਣ ਤੋਂ ਮਗਰੋਂ, ਨੰਗੇ ਨਾਚ ਵਿਖਾਈ ਜਾਂਦਾ,
ਸ਼ਰਮ ਘੋਲ ਕੇ ਟੀ ਵੀ ਪੀਤੀ, ਰੂਹ ਤੇ ਕਿਣਕਾ ਭਾਰ ਨਹੀਂ ਹੈ।

ਬੰਦ ਕਮਰੇ ਦੀ ਚਾਰ ਦੀਵਾਰੀ, ਬਾਹਰ ਨੂੰ ਖੁੱਲ੍ਹਦੀ ਖਿੜਕੀ ਇੱਕੋ,
ਇਸ ਥਾਣੀਂ ਜੋ ਵੇਖ ਰਿਹਾ ਏਂ, ਏਹੀ ਕੁੱਲ ਸੰਸਾਰ ਨਹੀਂ ਹੈ।

ਚੌਂਵੀ ਕੈਰਿਟ ਸੁੱਚਾ ਸੋਨਾ, ਸੱਚ ਵਾਂਗੂੰ ਲੈ ਤੁਰਿਆ ਫਿਰਦਾਂ,
ਖੋਟ ਬਿਨਾ ਜੋ ਘੜ ਦਏ ਗਹਿਣੇ, ਮਿਲਦਾ ਉਹ ਸੁਨਿਆਰ ਨਹੀਂ ਹੈ।

## ਦੂਰ ਦੇਸ ਪਰਦੇਸੋਂ ਹੁਣ ਤੂੰ

ਦੂਰ ਦੇਸ ਪਰਦੇਸੋਂ ਹੁਣ ਤੂੰ, ਸੱਜਰੀ ਜਹੀ ਮੁਸਕਾਨ ਭੇਜ ਦੇ।
ਦਿਲ ਦੀ ਧੜਕਣ ਖ਼ਾਤਰ ਹੁਣ ਤੂੰ, ਕੁਝ ਤੇ ਮੇਰੀ ਜਾਨ ਭੇਜ ਦੇ।

ਸੁੱਤਿਆਂ ਲੰਮੀ ਰਾਤ ਨਾ ਲੰਘਦੀ, ਨਾਗਣ ਵਾਂਗੂੰ ਰਹਿੰਦੀ ਡੰਗਦੀ,
ਸੂਰਜ ਵਰਗਾ ਸੂਹਾ ਸੁਪਨਾ, ਇੱਕ ਅੱਧ ਤੇ ਮਹਿਮਾਨ ਭੇਜ ਦੇ।

ਪਲਕਾਂ ਦੇ ਵਿਚ ਅਟਕੇ ਅੱਥਰੂ, ਘੜੀ ਮੁੜੀ ਇਹ ਡੁੱਲ੍ਹ ਡੁੱਲ੍ਹ ਪੈਂਦੇ,
ਦਿਲ ਦੇ ਬੂਹੇ ਪੀੜ ਪ੍ਰਾਹੁਣੀ, ਰੋਕਣ ਲਈ ਦਰਬਾਨ ਭੇਜ ਦੇ।

ਤੈਨੂੰ ਮਿਲੇ ਬਗੈਰ ਪਰਤਿਆਂ, ਦਿਲ ਦਾ ਕਾਸਾ ਸੱਖਮ ਸੱਖਣਾ,
ਮਹਿਕਾਂ ਦੇ ਸਰਵਰ 'ਚੋਂ ਭਰ ਕੇ, ਜੋ ਤੈਨੂੰ ਪਰਵਾਨ ਭੇਜ ਦੇ।

ਪੈਰਾਂ ਥੱਲੇ ਸਫ਼ਰ ਨਿਰੰਤਰ, ਸੂਰਜ ਚੰਦ ਸਿਤਾਰੇ ਸਾਰੇ,
ਪੌਣ ਸਵਾਰਾਂ ਖਾਤਰ ਬੀਬਾ ਧਰਤੀ ਤੇ ਅਸਮਾਨ ਭੇਜ ਦੇ।

ਫੁਲਕਾਰੀ ਦੇ ਫੁੱਲਾਂ ਵਰਗਾ, ਵੰਨ-ਸੁ-ਵੰਨਾ ਤਾਰਾ-ਮੰਡਲ,
ਸਪਤ ਸੁਰਾਂ ਸਾਜ਼ੀਨੇ ਅੰਦਰ, ਐਸਾ ਕੌਮੀ ਗਾਨ ਭੇਜ ਦੇ।

ਕ੍ਰਿਸ਼ਨ ਘਨੱਈਆ, ਵਜਦ ਵਜੱਈਆ, ਲੱਭਦੀ ਫਿਰਦੀ ਰੂਹ ਦੀ ਰਾਧਾ,
ਮੋੜ ਲਿਆਵੇ ਮਨ ਦਾ ਮਹਿਰਮ, ਬੰਸਰੀਆਂ ਦੀ ਤਾਨ ਭੇਜ ਦੇ।

## ਅੱਜ ਹੀ ਸੁਣ ਲੈ

ਅੱਜ ਹੀ ਸੁਣ ਲੈ, ਜੋ ਮੈਂ ਕਹਿਣਾ, ਕੱਲ੍ਹ ਦਾ ਕੋਈ ਇਤਬਾਰ ਨਹੀਂ।
ਦਿਲ ਦੀ ਦੌਲਤ ਮਹਿੰਗਾ ਸੌਦਾ, ਵਿਕਦਾ ਕਿਸੇ ਬਾਜ਼ਾਰ ਨਹੀਂ।

ਗੁਪਤ ਕੈਮਰਾ ਤੈਨੂੰ ਮੈਨੂੰ, ਵੇਖ ਰਿਹੈ, ਪਰ ਭੁੱਲੀਂ ਨਾ ਤੂੰ,
ਹਰਕਤ ਨੂੰ ਇਹ ਫੜ ਸਕਦਾ ਹੈ, ਮਨ ਵਿਚਲਾ ਸੰਸਾਰ ਨਹੀਂ।

ਸਾਈਬਰ ਦਾ ਸੰਸਾਰ ਛਲਾਵਾ ਫਾਈਬਰ ਰੁੱਖ ਦੇ ਪੱਤਿਆਂ ਵਾਂਗ,
ਇਧਰ ਉਧਰ ਕਾ ਮਾਲ ਉਧਾਰਾ, ਇਕ ਵੀ ਮੂਲ ਵਿਚਾਰ ਨਹੀਂ।

ਨਜ਼ਰ, ਨਜ਼ਰੀਆ ਧੁੰਦਲਾ ਕਰਦਾ, ਚੱਟਦਾ ਖ਼੍ਵਾਬ ਉਡਾਰੀ ਨੂੰ,
ਮੱਕੜੀ ਵਾਂਗੂੰ ਬੰਦਾ ਸਮਝੇ, ਮੈਂ ਤਾਂ ਅਸਲ ਸ਼ਿਕਾਰ ਨਹੀਂ।

ਵਟਸ ਐਪ ਹੈ ਦੱਸੀ ਜਾਂਦਾ, ਨਾਲੋ ਨਾਲ ਹੀ ਸਭ ਖ਼ਬਰਾਂ ਨੂੰ,
ਮੇਰੀ ਲੋੜ 'ਚ ਸ਼ਾਮਲ ਹੁਣ ਇਹ ਟੀ ਵੀ ਤੇ ਅਖ਼ਬਾਰ ਨਹੀਂ।

ਏ ਟੀ ਐਮ ਮਸ਼ੀਨ ਤੇ ਮਾਪੇ ਬਣ ਗਏ ਨੇ ਸਿਰਨਾਵੀਂਏ ਹੁਣ,
ਜੋ ਕੁਝ ਬੱਚੇ ਮੰਗਣ ਦੇਵੋ, ਬੋਲਣ ਦਾ ਅਧਿਕਾਰ ਨਹੀਂ।

ਅੱਥਰੇ ਘੋੜੇ ਉੱਪਰ ਚੜ੍ਹ ਕੇ, ਵੇਖੋ ਕਿੱਥੇ ਪਹੁੰਚ ਗਿਆਂ,
ਪੈਰਾਂ ਹੇਠ ਜ਼ਮੀਨ ਰਹੀ ਨਾ, ਸਿਰ ਉੱਤੇ ਦਸਤਾਰ ਨਹੀਂ।

ਹੋਰ ਕਿਸੇ ਨੂੰ ਕੀਹ ਆਖਾਂ ਮੈਂ, ਹੁਣ ਤੇ ਆਪ ਗਵਾਚ ਗਿਆਂ,
ਬੁੱਕਲ ਵਿਚ ਬ੍ਰਹਿਮੰਡ ਸਾਂਭਦਾ, ਹੋਇਆ ਕੌਣ ਬੀਮਾਰ ਨਹੀਂ।

1

## ਕਿਸ ਨੂੰ ਇਸ ਪਲ ਕੀਹ

ਕਿਸ ਨੂੰ ਇਸ ਪਲ ਕੀਹ ਪੁੱਗਦਾ ਹੈ ਸਮਝੋ ਏਸ ਕਹਾਣੀ ਨੂੰ।
ਰਿੜਕ ਰਹੇ ਕਿਉਂ ਚਾਟੀ ਅੰਦਰ, ਪਾਣੀ ਵਿੱਚ ਮਧਾਣੀ ਨੂੰ।

ਸਾਡੇ ਪੁੱਤਰ ਧੀਆਂ ਕਾਹਨੂੰ ਭੱਠੀਏਂ ਡਾਹੀ ਜਾਂਦੇ ਹੋ,
ਕਿਉਂ ਉਲਝਾਈ ਜਾਂਦੇ ਅੱਗੇ, ਪਹਿਲੋਂ ਉਲਝੀ ਤਾਣੀ ਨੂੰ।

ਅਮਨ ਅਮਾਨ ਧਰਤ ਤੇ ਹੋਵੇ, ਇਹ ਵੀ ਬਹੁਤ ਜ਼ਰੂਰੀ ਪਰ,
ਮਨ ਵਿਚਲੇ ਕੋਹਰਾਮ ਦੀ ਖ਼ਾਤਰ ਰੋਕ ਦਿਉ ਵੰਡ ਕਾਣੀ ਨੂੰ।

ਧਰਮ ਕਰਮ ਤੋਂ ਡਿਗਿਆ ਬੰਦਾ, ਮਾਲ ਵਿਕਾਊ ਵਰਗਾ ਹੈ,
ਮੈਂ ਇਹ ਗੱਲ ਕੋਲੋਂ ਨਹੀਂ ਕਹਿੰਦਾ, ਪੁੱਛ ਲਵੋ ਗੁਰਬਾਣੀ ਨੂੰ।

ਤੇਰਾ ਕੂੜਾ ਸੌਦਾ ਵਿਕਦਾ ਸੱਚੇ ਵਾਲੇ ਅਸਲੀ ਭਾਅ,
ਕਿੱਦਾਂ ਆਖਾਂ ਸ਼ਹਿਦ ਕਟੋਰੀ ਤੇਰੀ ਖੰਡ ਦੀ ਚਾਹਣੀ ਨੂੰ।

ਗ਼ਮੀ ਖੁਸ਼ੀ ਦੀ ਸਾਂਝੀ ਬੁੱਕਲ ਰਾਜਾ ਕਹੀਏ ਨਾਈ ਨੂੰ,
ਅਣਲੱਗ ਸੂਟ ਕਿਉਂ ਨਹੀਂ ਮਿਲਦਾ, ਉਸ ਰਾਜੇ ਦੀ ਰਾਣੀ ਨੂੰ।

ਸੀਸ ਕਟਾਵੇ ਕਲਮ ਕਰਾਵੇ, ਸਰਬ ਸਮੇਂ ਦੀ ਬਾਤ ਕਹੇ,
ਅਨਹਦ ਨਾਦ ਵਜਾਵੇ, ਸੁਣ ਲਓ ਮਨ ਦੇ ਰੁੱਖ ਦੀ ਟਾਹਣੀ ਨੂੰ।

1

ੴ

## ਤੈਨੂੰ ਇਸ ਦਾ ਇਲਮ ਪਤਾ ਨਹੀਂ

ਤੈਨੂੰ ਇਸ ਦਾ ਇਲਮ ਪਤਾ ਨਹੀਂ, ਹੈ ਕਿ ਨਹੀਂ, ਤੂੰ ਕਸਤੂਰੀ ਮਿਰਗਣੀਆਂ ਦੀ ਨਾਭੀ ਦੀ,
ਮੈਂ ਤੇਰੇ ਸਾਹਾਂ ਵਿਚ ਵਸਣਾ ਚਾਹੁੰਦਾ ਹਾਂ। ਗਲਵੱਕੜੀ ਵਿਚ ਘੁੱਟ ਕੇ ਕਸਣਾ ਚਾਹੁੰਦਾ ਹਾਂ।

ਅਣਬੋਲੇ 'ਚੋਂ ਖ਼ੁਦ ਤੂੰ ਆਪੇ ਜਾਣ ਲਵੀਂ, ਸੂਰਜ ਵੀ ਹਮਸਾਇਆ ਮਾਂ ਪਿਉ ਜਾਇਆ ਹੈ,
ਸ਼ਬਦਾਂ ਤੋਂ ਬਿਨ ਤੈਨੂੰ ਦਸਣਾ ਚਾਹੁੰਦਾ ਹਾਂ। ਚੰਦਰਮਾ ਵੀ ਅੰਗ ਸੰਗ ਮੇਰੇ ਰਹਿੰਦਾ ਏ,

ਸਿਖ਼ਰ ਪਹਾੜੀ ਚੋਟੀ ਪਈਆਂ ਬਰਫ਼ਾਂ ਜਿਉਂ, ਦੋਵੇਂ ਅਕਸਰ ਸੇਵਾ ਪੁੱਛਦੇ ਰਹਿੰਦੇ ਨੇ,
ਪਿਘਲਣ ਮਗਰੋਂ ਭਾਫ਼ ਬਣਨ ਤੇ ਉੱਡ ਜਾਵਣ, ਤੇਰੇ ਮੱਥੇ ਚਾਨਣ ਝਸਣਾ ਚਾਹੁੰਦਾ ਹਾਂ।

ਧਰਤ ਤਰੇੜੀ ਮੰਗੇਗੀ ਜਦ ਪਾਣੀ ਨੂੰ, ਤੂੰ ਬਣ ਜਾਵੇਂ ਧਰਤੀ ਦੇਸ ਦੋਆਬੇ ਦੀ,
ਵਾਂਗ ਮੇਘਲੇ ਖੁੱਲ੍ਹ ਕੇ ਵਸਣਾ ਚਾਹੁੰਦਾ ਹਾਂ। ਕੋਇਲ ਵਾਂਗੂੰ ਰੂਹ ਦੇ ਬਾਗੀਂ ਗਾਉਂਦੀ ਰਹੁ,

ਜਿਉਂ ਭੁੰਨਦੀ ਭਠਿਆਰੀ ਦਾਣੇ ਮੱਕੀ ਦੇ, ਪੈਣ ਛਰਾਟੇ ਸਾਉਣ 'ਚ ਜਦੋਂ ਮੁਹੱਬਤਾਂ ਦੇ,
ਖਿੜ ਜਾਂਦੇ ਨੇ ਸੇਕ ਮਿਲਣ ਤੇ ਸਾਰੇ ਹੀ, ਟਪਕੇ ਦੇ ਅੰਬ ਵਾਂਗੂੰ ਰਸਣਾ ਚਾਹੁੰਦਾ ਹਾਂ।

ਮਿਲ ਜਾਵੇ ਜੇ ਕਿਣਕਾ ਨਿੱਘ ਦਾ ਤੇਰੇ ਤੋਂ, ਤੇਰੇ ਮੇਰੇ ਰਾਹ ਵਿੱਚ ਦਰ ਦੀਵਾਰਾਂ ਜੋ,
ਬਾਕੀ ਉਮਰਾ ਖੁੱਲ੍ਹ ਕੇ ਹਸਣਾ ਚਾਹੁੰਦਾ ਹਾਂ। ਅੱਖ ਝਪਕਦੇ ਢਾਹ ਦੇਵਾਂਗਾ ਵੇਖੀ ਜਾਹ,

ਜਿਸਮ ਹਮੇਸ਼ਾਂ ਮੰਗਦੇ ਰਹਿੰਦੇ ਜਿਸਮਾਂ ਨੂੰ, ਤੇਰੇ ਹਾਸੇ ਨੂੰ ਜਿਹੜਾ ਵੀ ਜਰਦਾ ਨਹੀਂ,
ਮੇਰਾ ਨਹੀਂ ਦਸਤੂਰ ਕਿ ਚਾਹਵਾਂ ਮਿੱਟੀ ਨੂੰ, ਨਾਗ ਖੜੱਪਾ ਬਣ ਕੇ ਡਸਣਾ ਚਾਹੁੰਦਾ ਹਾਂ।

1

## ਰਹਿਣ ਦਿਆ ਕਰ

ਰਹਿਣ ਦਿਆ ਕਰ, ਕਿਉਂ ਪੁੱਛਦਾ ਹੈਂ, ਮੁੜ ਮੁੜ ਕੇ ਤੂੰ ਦਰਦ ਕਹਾਣੀ।
ਪੜ੍ਹਿਆ ਕਰ ਤੂੰ ਦਿਲ ਦੀ ਧੜਕਣ, ਕਤਰਾ ਕਤਰਾ ਅੱਖ ਦਾ ਪਾਣੀ।

ਤੂੰ ਵੀ ਸਮਝ ਨਹੀਂ ਇਹ ਸਕਣਾ, ਆਪ ਮਰੇ ਬਿਨ ਕਿੰਜ ਸਮਝਾਵਾਂ,
ਰੋਜ਼ ਦਿਹਾੜੀ ਲੰਘਣਾ ਪੈਂਦਾ ਮੈਨੂੰ ਸੜਦੇ ਜੰਗਲ ਥਾਣੀਂ।

ਧਰਤੀ ਪਾਲ ਉਸਾਰੇ ਇਸ ਨੂੰ ਖੁਸ਼ਬੂ ਖੁਸ਼ਬੂ ਚੰਦਨ ਗੇਲੀ,
ਪਰ ਬੇਕਦਰੇ ਲੱਕੜਹਾਰੇ, ਕਿੱਕਰ ਜਿੰਨੀ ਕਦਰ ਨਾ ਜਾਣੀ।

ਪਰਛਾਵੇਂ ਦੀ ਉਂਗਲੀ ਫੜ ਕੇ, ਨਾ ਫਿਰ ਬੰਦ ਗਲੀ ਦੇ ਅੰਦਰ,
ਏਸ ਹਨ੍ਹੇਰੇ ਚੋਂ ਨਹੀਂ ਲੱਭਣਾ, ਤੈਨੂੰ ਤੇਰੀ ਰੂਹ ਦਾ ਹਾਣੀ।

ਰਿਸ਼ਤਿਆਂ ਵਿਚ ਵੀ ਤਾਣਾ ਪੇਟਾ, ਸੰਭਲ ਸੰਭਲ ਕੇ ਤਣਨਾ ਪੈਂਦਾ,
ਸਗਲ ਹਯਾਤੀ ਰੋ ਰੋ ਲੰਘਦੀ, ਇੱਕ ਵਾਰੀ ਜੇ ਉਲਝੇ ਤਾਣੀ।

ਭਟਕਣ ਅੰਦਰ ਮਿਰਗ ਮਿਰਗਣੀ ਨੱਸਦੇ ਨੱਸਦੇ ਹਫ਼ ਜਾਂਦੇ ਨੇ,
ਨਾਭੀ ਵਿਚ ਕਸਤੂਰੀ ਦੀ ਵੀ ਸਦੀਆਂ ਲੰਮੀ ਪੀੜ ਪੁਰਾਣੀ।

ਇਹ ਜਾਦੂ ਨਾ ਟੂਣਾ ਕੋਈ ਵੇਖ ਮੁਹੱਬਤੀ ਅੱਖ ਦੀ ਸ਼ਕਤੀ,
ਪਰਬਤ ਜੇਰੇ ਵਾਲਾ ਬੰਦਾ, ਪਿਘਲ ਗਿਆ ਤੇ ਹੋਇਆ ਪਾਣੀ।

1

## ਸਰਹੱਦਾਂ ਜਾਂ ਚੌਂਕ ਚੁਰਸਤੇ

ਸਰਹੱਦਾਂ ਜਾਂ ਚੌਂਕ ਚੁਰਸਤੇ, ਵਰਦੀ ਵਿਚ ਜੋ ਦਿਸਦੇ ਨੇ।
ਸੱਚੋ ਸੱਚ ਸੁਣਾ ਵੇ ਜੋਗੀ, ਇਹ ਰਖਵਾਲੇ ਕਿਸ ਦੇ ਨੇ।

ਜਬਰ ਕਰੇ ਜੇ ਸੱਤ ਬੇਗਾਨਾ ਪੀੜ ਤੇ ਉਹ ਵੀ ਭੁੱਲਦੀ ਨਾ,
ਸੱਜਣਾਂ ਦੇ ਫੁੱਲ ਜ਼ਖ਼ਮੀ ਕਰਦੇ, ਫੱਟ ਸਦੀਆਂ ਤਕ ਰਿਸਦੇ ਨੇ।

ਮੈਂ ਸਮਿਆਂ ਦਾ ਮੁਣਸ਼ੀ, ਲੇਖਾ ਰੱਖਣਾ ਜ਼ੁੰਮੇਵਾਰੀ ਹੈ,
ਦੱਸਣਾ ਪੈਣਾ ਲੋਕ ਨਿਤਾਣੇ ਕਿਸ ਚੱਕੀ ਵਿਚ ਪਿਸਦੇ ਨੇ।

ਕੁਰਬਾਨੀ ਦਾ ਤੇਲ ਤੇ ਬੱਤੀ ਚੇਤਨਤਾ ਦੀ ਪਾ ਦੇਵੋ,
ਕਾਲੀ ਰਾਤ ਦਾ ਪਹਿਰ ਅਖ਼ੀਰੀ, ਦੀਵੇ ਜਾਂਦੇ ਹਿਸਦੇ ਨੇ।

ਅਗਨ-ਅਨਾਰ ਦਿਉ ਨਾ ਇਸ ਨੂੰ, ਬੱਚਾ ਹੈ ਮਾਸੂਮ ਜਿਹਾ,
ਨਾ ਖੋਹਵੋ ਜੀ ਬਚਪਨ ਇਸ ਦਾ ਖੇਡ ਖਿਡੌਣੇ ਜਿਸ ਦੇ ਨੇ।

ਸਰਬ ਸਮੇਂ ਦੀ ਤਖ਼ਤੀ ਉੱਤੇ ਸਾਬਰ ਜੋ ਵੀ ਨੇ ਲਿਖਦੇ,
ਵਕਤ ਹਮੇਸ਼ ਸੰਭਾਲੇ ਅੱਖਰ, ਜ਼ਾਲਮ ਤੋਂ ਨਾ ਮਿਸਦੇ ਨੇ।

ਏਥੇ ਸੀ ਗੁਰ ਗਿਆਨ ਦਾ ਪਹਿਰਾ, ਸਾਥੋਂ ਸ਼ਬਦ ਗੁਆਚ ਗਿਆ,
ਪੱਥਰ ਦੇ ਭਗਵਾਨ ਦੇ ਅੱਗੇ ਮੱਥੇ ਤਾਹੀਓਂ ਘਿਸਦੇ ਨੇ।

1

੦

## ਜੇ ਦੁੱਧ ਦੀ ਰਾਖੀ

ਜੇ ਦੁੱਧ ਦੀ ਰਾਖੀ ਬਿੱਲਿਆਂ ਨੂੰ ਹੀ ਪਹਿਰੇਦਾਰ ਬਿਠਾਉਗੇ।
ਪਛਤਾਉਗੇ ਪਛਤਾਉਗੇ, ਮੈਂ ਫਿਰ ਕਹਿੰਨਾਂ ਪਛਤਾਉਗੇ।

ਤਾਕਤ ਦਾ ਨਸ਼ਾ ਅਜੀਬ ਜਿਹਾ, ਬੰਦੇ ਨੂੰ ਕੀੜੀ ਦੱਸਦਾ ਹੈ,
ਜਦ ਵਕਤ ਨੇ ਉੱਤਰ ਮੰਗਿਆ ਤਾਂ, ਫਿਰ ਹੱਥ ਮਲਦੇ ਰਹਿ ਜਾਉਗੇ।

ਧਰਤੀ ਦੀ ਅਸਲ ਹਕੀਕਤ ਨੂੰ, ਵੇਖਣ ਤੋਂ ਹੋ ਇਨਕਾਰੀ ਕਿਉਂ,
ਕਿੰਨੀ ਕੁ ਦੇਰ ਮੁਸੀਬਤ ਤੋਂ, ਮੂੰਹ ਫੇਰ ਫੇਰ ਲੰਘ ਜਾਉਗੇ।

ਕਦ ਤੀਕਣ ਸੁੱਕਣੇ ਪਾਉਣਾ ਹੈ, ਮਾਸੂਮ ਗੁਟਾਰਾਂ ਘੁੱਗੀਆਂ ਨੂੰ,
ਹੁਣ ਉੱਡਣਹਾਰੇ ਪੰਛੀਆਂ ਨੂੰ, ਦੱਸ ਕਿਹੜਾ ਚੋਗਾ ਪਾਉਗੇ।

ਕੁਰਸੀ ਦੀ ਖਾਤਰ ਧਰਮਾਂ ਨੂੰ, ਟੰਗ ਦੇਵੋ ਛਿੱਕੇ ਸ਼ਰਮਾਂ ਨੂੰ,
ਅਸੀਂ ਭਰਮ ਜਾਲ ਨੂੰ ਸਮਝ ਲਿਆ, ਹੁਣ ਸਾਨੂੰ ਕੀਹ ਸਮਝਾਉਗੇ।

ਸ਼ੀਸ਼ੇ ਨੇ ਉਹ ਕੁਝ ਦੱਸ ਦੇਣਾ, ਜੋ ਵੇਖਣ ਤੋਂ ਇਨਕਾਰੀ ਹੋ,
ਜੇ ਤੋੜ ਦਿਉਗੇ ਇਸ ਨੂੰ ਤਾਂ, ਹਰ ਟੁਕੜੇ ਤੋਂ ਘਬਰਾਉਗੇ।

ਤੁਸੀਂ ਰੱਸੀਆਂ ਦੇ ਸੱਪ ਮਾਰਨ ਲਈ, ਲਾਠੀ ਤੇ ਗੋਲੀ ਵਰਤ ਲਏ,
ਜੇ ਅਸਲ ਪਟਾਰੀ ਖੁੱਲ੍ਹ ਗਈ ਤਾਂ, ਫਿਰ ਕਿੱਦਾਂ ਕੀਲ ਬਿਠਾਉਗੇ।

ਇਹ ਦਰਬਾਰੀ, ਅਖ਼ਬਾਰੀ ਜੋ, ਭਰਮਾਂ ਦਾ ਜਾਲ ਫ਼ੈਲਾਉਂਦੇ ਨੇ,
ਇਨ੍ਹਾਂ ਤੋਂ ਮੁਕਤੀ ਸੌਖੀ ਨਹੀਂ, ਕਦ ਤੀਕ ਭੁਲੇਖੇ ਖਾਉਗੇ।

ਆਪਾਂ ਤਾਂ ਸ਼ਬਦ ਲਿਖਾਰੀ ਹਾਂ, ਸਦੀਆਂ ਤੋਂ ਏਦਾਂ ਆਖ ਰਹੇ,
ਇਹ ਧਰਤੀ ਕੁਝ ਵੀ ਰੱਖਦੀ ਨਹੀਂ, ਜੋ ਬੀਜੋਗੇ ਸੋ ਪਾਉਗੇ।

1

੦

## ਪਿਆਰ ਮੁਹੱਬਤ ਖ਼ੁਸ਼ਬੂ

ਪਿਆਰ ਮੁਹੱਬਤ ਖ਼ੁਸ਼ਬੂ ਕਬਜ਼ਾ ਠੀਕ ਨਹੀਂ।
ਦੋ ਸਾਹਾਂ ਵਿਚ ਹੁੰਦੀ ਕੋਈ ਲੀਕ ਨਹੀਂ।

ਚੰਨ ਦਾ ਟੋਟਾ ਮੇਰੀ ਬੁੱਕਲ ਆਣ ਪਿਆ,
ਉਂਝ ਧਰਤੀ ਦੇ ਭਾਵੇਂ ਇਹ ਨਜ਼ਦੀਕ ਨਹੀਂ।

ਰੂਹ ਦਾ ਪਿਆਰ ਉਧਾਰਾ ਦੇ ਕੇ ਦਿਲਬਰ ਨੂੰ,
ਕੀ ਹੋਇਆ ਜੇ ਪਹੁੰਚੇ ਮੰਜ਼ਿਲ ਤੀਕ ਨਹੀਂ।

ਜਿਸਮਾਂ ਦੀ ਮੋਹਤਾਜ ਚਾਨਣੀ ਨਹੀਂ ਹੁੰਦੀ,
ਏਸੇ ਕਰਕੇ ਲੱਗਦੀ ਇਸ ਨੂੰ ਡੀਕ ਨਹੀਂ।

ਰੰਗਾਂ ਵਿਚ ਖੁਸ਼ਬੋਈ ਵੇਖੀ, ਮਾਣ ਲਈ,
ਤੁਧ ਬਿਨ ਕਰਨੀ ਹੋਰ ਕਿਸੇ ਤਸਦੀਕ ਨਹੀਂ।

ਦੂਰ ਦੇਸ ਪਰਦੇਸ ਬੇਗਾਨੀ ਧਰਤੀ ਤੇ,
ਸੱਜਣਾਂ ਨੂੰ ਕਿਉਂ ਸੁਣਦੀ ਮੇਰੀ ਚੀਕ ਨਹੀਂ।

ਦਿਲ ਤੋਂ ਦਿਲ ਤਲਵਾਰ ਧਾਰ ਦਾ ਪੈਂਡਾ ਹੈ,
ਇਸ ਤੋਂ ਵਧ ਕੇ ਕੋਈ ਸਫ਼ਰ ਬਰੀਕ ਨਹੀਂ।

ਮੈਂ ਤੇ ਵਗਦੀ ਪੌਣ ਹਵਾ ਦਾ ਬੁੱਲਾ ਹਾਂ,
ਬਦਨ ਮੇਰਾ ਤਾਂ ਮੇਰੇ ਨਾਲ ਸ਼ਰੀਕ ਨਹੀਂ।

ਤੂੰ ਮੇਰੇ ਵਿਚ ਸੁੱਤਾ ਨਾਗ ਜਗਾ ਦਿੱਤਾ,
ਕੀਲ ਪਟਾਰੀ ਪਾਉਣਾ ਵੀ ਹੁਣ ਠੀਕ ਨਹੀਂ।

1

੦

## ਨੈਣ ਜਦੋਂ ਬਰਸਣ ਲਈ ਤਰਸਣ

ਨੈਣ ਜਦੋਂ ਬਰਸਣ ਲਈ ਤਰਸਣ, ਉਹ ਪਲ ਕਦੇ ਨਾ ਆਵੇ ਰੱਬਾ।
ਹਾਉਕਾ ਬਾਹਰ ਨਿਕਲਣੋਂ ਸਹਿਮੇ, ਵਕਤ ਨਾ ਇੰਜ ਡਰਾਵੇ ਰੱਬਾ।

ਦਾਨਿਸ਼ ਨੂੰ ਬੇਅਦਬ ਕਰਨ ਦੀ, ਰੀਤ ਪੁਰਾਣੀ ਮਰ ਮੁੱਕ ਜਾਵੇ,
ਅਦਲੀ ਰਾਜਾ ਸੱਚ ਨੂੰ ਫਾਂਸੀ, ਹੁਣ ਨਾ ਫੇਰ ਸੁਣਾਵੇ ਰੱਬਾ।

ਪੌਣਾਂ ਵਿਚ ਜ਼ਹਿਰੀਲਾ ਧੂੰਆਂ, ਧਰਮ ਕਰਮ ਦੇ ਨਾਂ ਦੇ ਥੱਲੇ,
ਇਨਸਾਨਾਂ ਨੂੰ ਫੇਰ ਕੁਰਾਹੇ, ਪਾ ਨਾ ਬਲੀ ਚੜ੍ਹਾਵੇ ਰੱਬਾ।

ਪੁਸਤਕ ਸਾਲ, ਚਕਿਤਸਾ ਗੁੰਮੀ, ਪਾਠਸ਼ਾਲ ਦੀ ਥਾਂ ਵੀ ਉੱਜੜੀ,
ਗੁੰਮ ਗਵਾਚ ਗਏ ਨੇ ਚਾਰੋਂ, ਧਰਮਸਾਲ ਦੇ ਪਾਵੇ ਰੱਬਾ।

ਸ਼ਬਦ ਗੁਰੂ ਰਖਵਾਲਾ ਸਾਡਾ, ਪਰ ਕਿਉਂ ਆਗੂ ਅਕਲੋਂ ਪੈਦਲ,
ਪੰਜ ਸਦੀਆਂ ਵਿਚ ਜੋ ਨਾ ਆਈ, ਕਿਹੜਾ ਅਕਲ ਸਿਖਾਵੇ ਰੱਬਾ।

ਜ਼ਿੰਦਗੀ ਮੈਨੂੰ ਇਹ ਸਮਝਾਉਂਦੀ, ਮੁੜ ਮੁੜ ਨਾਅਰੇ ਮਾਰ ਡਰਾਉਂਦਾ,
ਜਿਸ ਨੇ ਬਚਪਨ ਸਣੇ ਜਵਾਨੀ, ਖਾਧੀ, ਮੁੜ ਨਾ ਆਵੇ ਰੱਬਾ।

ਰੱਤੇ ਰੰਗ ਹਲਵਾਨ ਦੇ ਉੱਤੇ, ਮੋਰ ਬੂਟੀਆਂ ਗੀਝਾਂ ਸਾਲਮ,
ਪੱਟ ਦਾ ਧਾਗਾ ਸੂਈ ਅੰਦਰ ਤੁਧ ਬਿਨ ਕਿਹੜਾ ਪਾਵੇ ਰੱਬਾ।

ਧਰਤੀ ਉੱਤੇ ਲੀਕ ਤਾਂ ਵਾਹੀਂ, ਰੂਹਾਂ ਵਿਚ ਨਾ ਵੰਡੀਆਂ ਪਾਵੀਂ,
ਯਮਲਾ ਸ਼ਹਿਰ ਲਾਹੌਰ ਤੇ ਆਲਮ ਅੰਬਰਸਰ ਵਿੱਚ ਗਾਵੇ ਰੱਬਾ।

1

੦

## ਸਹਿਮ ਦੀ ਬਗੀਚੜੀ

ਸਹਿਮ ਦੀ ਬਗੀਚੜੀ 'ਚ ਚਿੜੀ ਵੀ ਨਾ ਚੂਕਦੀ।
ਹਾਏ ਮੇਰੀ ਜਿੰਦ ਚੱਲੀ, ਜਿੰਦ ਚਲੀ ਕੂਕਦੀ।

ਚੱਲਿਆ ਪਟਾਕਾ ਭਾਵੇਂ ਬੱਚਿਆਂ ਲਈ ਖੇਡ ਹੈ,
ਕੰਬਿਆ ਵਜੂਦ, ਜਾਪੇ ਗੋਲੀ ਜਾਵੇ ਸ਼ੂਕਦੀ।

ਏਸ ਨੇ ਹਮੇਸ਼ ਲਾਈਆਂ ਸਿਵਿਆਂ 'ਚ ਰੌਣਕਾਂ,
ਕਲਮੂੰਹੀ ਬੂਥੀ ਸਦਾ, ਚੰਦਰੀ ਬੰਦੂਕ ਦੀ।

ਤੈਨੂੰ ਸੀ ਬਣਾਇਆ, ਭਗਵਾਨ ਰਾਖੀ ਵਾਸਤੇ,
ਤੇਰੇ ਤੋਂ ਉਮੀਦ ਨਾ ਸੀ, ਇਹੋ ਜਿਹੇ ਸਲੂਕ ਦੀ।

ਸਾਡਿਆਂ ਤੇ ਹਾਉਕਿਆਂ ਦੀ, ਜਾਣੀ ਨਾ ਤੂੰ ਵੇਦਨਾ,
ਅੰਬਰਾਂ ਨੂੰ ਚੀਰਦੀ, ਹਮੇਸ਼ ਪੀੜ ਹੂਕ ਦੀ।

ਰੂਹ ਮੇਰੀ ਉੱਤੇ ਏਸ ਵੇਲੇ ਜਿੰਨਾ ਭਾਰ ਹੈ,
ਜਿੰਦ ਚੁੱਕ ਸਕੇ, ਇਹ ਔਕਾਤ ਨਹੀਂ ਮਲੂਕ ਦੀ।

ਅੱਕ ਦੀ ਤੂੰ ਰਾਖੀ ਕਰੇਂ ਅੰਬ ਵੱਢੇਂ ਰਾਜਿਆ,
ਸਮਝ ਨਾ ਆਵੇ ਤੈਨੂੰ ਸਿੱਧੀ ਸਾਦੀ ਟੂਕ ਦੀ।

1

o

## ਇਸ ਵਾਰੀ ਨਾ ਦਿਲ ਦੇ

ਇਸ ਵਾਰੀ ਨਾ ਦਿਲ ਦੇ ਆਖੇ, ਦੀਵੇ ਬਾਲ਼ ਦੀਵਾਲ਼ੀ ਨੂੰ।
ਅੱਥਰੂ ਅੱਥਰੂ ਟੀਂਡੇ ਵੇਖੀਂ, ਖੇਤ 'ਚ ਰੁਲਦੇ ਹਾਲ਼ੀ ਨੂੰ।

ਦੋ ਡੰਗ ਦੀ ਜੋ ਰੋਟੀ ਖ਼ਾਤਰ, ਪੜ੍ਹਨ ਸਕੂਲੋਂ ਰਹਿ ਚੱਲਿਆ,
ਸਿਰ ਤੇ ਪੈਰੋਂ ਨੰਗ ਧੜੰਗੇ, ਭੁੱਲ ਨਾ ਜਾਇਓ ਪਾਲ਼ੀ ਨੂੰ।

ਚੋਰ ਚੋਰ ਦਾ ਰੌਲਾ ਹੁਣ ਤੇ ਚੋਰ ਵਧੇਰੇ ਪਾਉਂਦੇ ਨੇ,
ਬੁੱਕਲ ਵਿਚ ਲੁਕਾ ਕੇ ਬੈਠਾ ਅਲੀਆ ਬਾਬਾ ਚਾਲ਼ੀ ਨੂੰ।

ਅਣਖ਼ ਦੀ ਰੋਟੀ ਖਾਂਦੇ ਖਾਂਦੇ, ਆਹ ਹੁਣ ਸਾਨੂੰ ਕੀ ਹੋਇਆ,
ਪੀਜ਼ਾ ਬਰਗਰ ਖੋਹ ਕੇ ਲੈ ਗਏ, ਸਾਡੇ ਹੱਥ 'ਚੋਂ ਥਾਲ਼ੀ ਨੂੰ।

ਚਿੱਟੀ ਦਾਲ 'ਚ ਕਾਲਾ ਦਾਣਾ ਮੇਰੀ ਮਾਂ ਲਈ ਮਿਹਣਾ ਸੀ,
ਹੁਣ ਤੇ ਸਾਰੀ ਦਾਲ ਕਲੂਟੀ, ਕਹੀਏ ਕੀਹ ਹੁਣ ਕਾਲ਼ੀ ਨੂੰ।

ਸਿਰ ਤੋਂ ਲਹਿ ਕੇ ਸਾਡੀ ਪਗੜੀ, ਥਾਂ ਪਰ ਥਾਂ ਜੇ ਰੁਲਦੀ ਹੈ,
ਚਿਰ ਹੋਇਆ ਸੀ ਸਾਨੂੰ ਵੀ ਤਾਂ ਇੱਜ਼ਤ ਵਾਂਗ ਸੰਭਾਲ਼ੀ ਨੂੰ।

ਕੀਹ ਹੋਇਆ ਜੇ ਡਾਂਗ ਤੇ ਗੋਲੀ ਮਿਲਦੀ ਤੈਨੂੰ ਸ਼ੁਕਰ ਮਨਾ,
ਇਹ ਹੀ ਸਨਦ ਹਕੂਮਤ ਦੇਵੇ, ਹੱਕ ਸੱਚ ਦੀ ਰਖਵਾਲ਼ੀ ਨੂੰ।

1

o

## ਰਾਜਿਆਂ ਦੇ ਪੁੱਤ ਰਾਜੇ

ਰਾਜਿਆਂ ਦੇ ਪੁੱਤ ਰਾਜੇ ਬਣ ਗਏ, ਘਾਹੀਆਂ ਦੇ ਪੁੱਤ ਘਾਹੀ ਨੇ।
ਜ਼ਿੰਦਗੀ ਮੌਤ ਬਰਾਬਰ ਕੀਤੀ, ਦੀਨ ਈਮਾਨ ਦੀ ਫਾਹੀ ਨੇ।

ਆਦਮਖ਼ੋਰ ਆਵਾਜ਼ ਤੇ ਹੋਕਾ ਜਿਸਦੇ ਮੂੰਹੋਂ ਸੁਣਦੇ ਰਹੇ,
ਤਾਂਡਵ ਨਾਚ ਬੜਾ ਚਿਰ ਨੱਚਿਆ, ਵਰਦੀਧਾਰ ਸਿਪਾਹੀ ਨੇ।

ਜੋ ਕੁਝ ਵੀ ਹੈ ਮੰਗਿਆਂ ਮਿਲਦਾ, ਉਸ ਨੂੰ ਦੌਲਤ ਨਹੀਂ ਕਹਿੰਦੇ,
ਕੀਹ ਜ਼ਿੰਦਗੀ ਦੀ ਝੋਲੀ ਪਾਇਆ, ਅਸਲ ਸਵਾਲ ਤੇ ਆਹੀ ਨੇ।

ਕੀਮਤ ਤਾਰੇ ਬਿਨ ਜੋ ਮਿਲਦਾ, ਖਾਣਾ ਪੀਣਾ ਸੌਖਾ ਹੈ,
ਧਰਤੀ ਪੁੱਤਰਾ ਸਮਝ ਨਿਸ਼ਾਨੀ, ਇਹ ਹੀ ਅਸਲ ਤਬਾਹੀ ਨੇ।

ਜਿਸ ਗੱਡੀ ਅਸਵਾਰ ਮੁਸਾਫਿਰ, ਸਿਵਿਆਂ ਅੰਦਰ ਅੰਤ ਪੜਾਅ,
ਮੌਤ ਸਵਾਰੀ ਕਰਦੇ ਪੁੱਤਰ, ਕਿਸ ਮੰਜ਼ਿਲ ਦੇ ਰਾਹੀ ਨੇ।

ਨਾਅਰਾ ਧਰਮ ਈਮਾਨ ਦੀ ਰਾਖੀ ਅਸਲ ਨਿਸ਼ਾਨਾ ਹੋਰ ਕਿਤੇ,
ਅੰਨ੍ਹੀ ਰੱਯਤ ਗਿਆਨ ਦੇ ਬਾਝੋਂ, ਬਣ ਗਏ ਕਾਨੇ ਕਾਹੀ ਨੇ।

ਇਸ ਪਾਸੇ ਦੁਸ਼ਮਣ ਦੀਆਂ ਫ਼ੌਜਾਂ, ਦੂਜੇ ਬੰਨੇ ਕੌਣ ਭਲਾ,
ਸਾਡੇ ਜੋ ਹਮਦਰਦ ਕਹਾਉਂਦੇ, ਵੇਖੋ ਜੀ ਕਿਸ ਬਾਹੀ ਨੇ।

1

o

## ਅੱਜ ਪਾਪ ਵਾਲੀ ਜੰਞ

ਅੱਜ ਪਾਪ ਵਾਲੀ ਜੰਞ ਘਰੋਂ ਆਪਣੇ ਹੀ ਚੜ੍ਹੀ।
ਵੇਖ ਅੰਬਰਾਂ 'ਚ ਲਾਲਗੀ ਹਨ੍ਹੇਰ ਪਿੱਛੇ ਖੜ੍ਹੀ।

ਵੇਖ ਪੁਤਲੀ ਦਾ ਨਾਚ ਐਵੇਂ ਤਾੜੀਆਂ ਨਾ ਮਾਰ,
ਇਹ ਵੀ ਵੇਖ ਤੇ ਪਛਾਣ, ਪਿੱਛੇ ਡੋਰ ਕਿਸ ਫੜੀ।

ਹੁਣ ਫੇਰ ਤੁਰੀ ਲਹਿੰਦੀ ਗੁੱਠੋਂ ਬੱਦਲਾਂ ਦੀ ਧਾੜ,
ਅਜੇ ਮੁੱਕੀ ਨਾ ਸੀ ਪਹਿਲਾਂ ਵਾਲੀ ਹੰਝੂਆਂ ਦੀ ਝੜੀ।

ਭਾਵੇਂ ਤਖ਼ਤ ਲਾਹੌਰ, ਭਾਵੇਂ ਦਿੱਲੀ ਦਰਬਾਰ,
ਤਾਜ਼ਦਾਰਾਂ ਨੂੰ ਹਮੇਸ਼ ਹੁੰਦੀ ਲੱਥੀ ਨਾ ਹੀ ਚੜ੍ਹੀ।

ਰਾਤੀਂ ਸੁਪਨੇ 'ਚ ਕੰਬਿਆ ਵਜੂਦ ਮੇਰਾ ਸਾਰਾ,
ਜਿਸ ਖਾਧੀ ਸੀ ਜਵਾਨੀ, ਇਹ ਤੇ ਓਸ ਦੀ ਹੈ ਕੜੀ।

ਨਾ ਸਿਕੰਦਰਾ ਤੂੰ ਭੁੱਲੀਂ, ਹੋ ਕੇ ਘੋੜੇ ਤੇ ਸਵਾਰ,
ਸਦਾ ਧਰਤੀ ਦੇ ਪੁੱਤਰਾਂ ਨੇ ਵਾਗ ਤੇਰੀ ਫੜੀ।

ਸਾਨੂੰ ਕਹੇ ਇਤਿਹਾਸ ਤੇ ਆਨੰਦਪੁਰੀ ਖ਼ੂਨ,
ਅਸੀਂ ਜਾਬਰਾਂ ਦੀ ਮੰਨਣੀ ਨਾ ਕਦੇ ਵੀ ਜੀ ਤੜੀ।

ਸਾਡੇ ਵਿਚੋਂ ਹੀ ਔਰੰਗੇ ਤੇ ਫਰੰਗੀਆਂ ਦੇ ਪੁੱਤ,
ਜਿਹੜੇ ਮਨ ਦੇ ਸਰੋਵਰਾਂ 'ਚ ਘੋਲਦੇ ਨੇ ਕੜ੍ਹੀ।

ਦੱਸਾਂ ਭੇਤ ਵਾਲੀ ਗੱਲ, ਮੰਨੀਂ ਅੱਜ ਭਾਵੇਂ ਕੱਲ੍ਹ,
ਕਦੇ ਸੱਜਣਾ, ਭਰਾਵਾਂ ਨਾਲ ਕਰੀਏ ਨਾ ਅੜੀ।

1

o

## ਵਕਤ ਦੇ ਇਸ ਕਾਫ਼ਲੇ ਨੂੰ

ਵਕਤ ਦੇ ਇਸ ਕਾਫ਼ਲੇ ਨੂੰ ਵਾਚਣਾ ਨਾ ਸਰਸਰੀ।
ਇਹ ਤਾਂ ਦਰਿਆ ਦਰਦ ਭਰਿਆ ਤੇ ਸੁਭਾਅ ਹੈ ਨਾਬਰੀ।

ਖੇਤ ਜਦ ਵੀ ਜਾਗਦੇ ਨੇ, ਧਰਤ ਆਵੇ ਜ਼ਲਜ਼ਲਾ,
ਕੰਬਦੇ ਧੌਲਰ ਤੇ ਕੁਰਸੀ, ਨੱਕੋ ਨੱਕ ਜੋ ਆਫ਼ਰੀ।

ਲੋਕਤਾ ਦੇ ਹੜ੍ਹ ਦੇ ਅੱਗੇ, ਕੌਣ ਤੱਗ ਸਕਦਾ ਭਲਾ,
ਮਾਣਮੱਤੀ ਜ਼ਿੰਦਗੀ ਜਿੰਨ੍ਹਾਂ ਦੀ ਮੰਜ਼ਿਲ ਆਖ਼ਰੀ।

ਬਹੁਤ ਵਾਰੀ ਹੱਥ ਨੇੜੇ ਪਹੁੰਚਿਆ ਤੇ ਤਿਲਕਿਆ,
ਧਰਤ ਪੈਰਾਂ ਹੇਠ ਸਾਡੇ ਖਿਸਕਵੀਂ ਤੇ ਮਰਮਰੀ।

ਕਿਉਂ ਮੁਸੀਬਤ ਭੁੱਲ ਜਾਂਦੀ ਅੱਖ ਦੇ ਇੱਕ ਫੋਰ ਵਿਚ,
ਵਰਤਦਾ ਚਾਤਰ ਹਮੇਸ਼ਾਂ ਧਰਮ ਦੀ ਜਾਦੂਗਰੀ।

ਫੁੱਲ ਨੂੰ ਅੰਗਿਆਰ ਤੇ ਧਰਨਾ ਤੇ ਕਹਿਣਾ ਸਬਰ ਕਰ,
ਕਿਉਂ ਨਹੀਂ ਰੁਕਦੀ ਨਿਰੰਤਰ ਜਾਬਰਾਨਾ ਬਰਬਰੀ।

ਸ਼ਾਸਤਰ ਨੂੰ ਕੌਣ ਮਾਰੇ, ਅਗਨ ਸਾੜੇ, ਭਰਮ ਹੈ,
ਸਰਬ ਸਮਿਆਂ ਤੀਕ ਜਗਣੀ, ਜੋਤ ਇਹ ਆਸਾਵਰੀ।

1

ੲ

## ਅਜਬ ਹੈ ਇਹ ਗਜ਼ਬ

ਅਜਬ ਹੈ ਇਹ ਗਜ਼ਬ ਵੀ ਹੈ, ਧਰਮ ਦੀ ਸੌਦਾਗਰੀ।
ਕਰ ਰਹੇ ਧਰਮਾਤਮਾ ਵੀ ਕੁਰਸੀਆਂ ਦੀ ਚਾਕਰੀ।

ਹੁਕਮ ਦੀ ਕਰਨਾ ਅਦੂਲੀ, ਫ਼ਰਜ਼ ਵੀ ਤੇ ਸ਼ੌਕ ਵੀ,
ਪੱਥਰਾਂ ਦੇ ਸ਼ਹਿਰ ਅੰਦਰ ਕਰ ਰਿਹਾਂ ਸ਼ੀਸ਼ਾਗਰੀ।

ਭੁੱਲ ਗਏ ਨੇ ਫ਼ਰਕ ਲੋਕੀਂ ਜੀਣ ਦਾ ਤੇ ਮਰਨ ਦਾ,
ਮੰਨ ਗਏ ਉਸਤਾਦ ਤੇਰੀ ਅਜਬ ਹੈ ਜਲਵਾਗਰੀ।

ਇੱਕ ਹੀ ਉਂਕਾਰ ਸਾਡਾ, ਜਾਪਦਾ ਖ਼ਤਰੇ ਅਧੀਨ,
ਪਿੰਡ ਗੇੜਾ ਮਾਰਦੇ ਹੁਣ ਮੌਲਵੀ ਤੇ ਪਾਦਰੀ।

ਬਿਰਖ਼ ਬੂਟੇ ਗੈਰਹਾਜ਼ਰ, ਇੱਟ ਪੱਥਰ ਬੇਸ਼ੁਮਾਰ,
ਸ਼ਹਿਰ ਵਿਚ ਹੁੰਦੀ ਸੀ ਪਹਿਲਾਂ ਏਸ ਥਾਂ ਬਾਰਾਂਦਰੀ।

ਬਿਨ ਬੁਲਾਵੇ ਰੋਜ਼ ਆਵੇਂ, ਸੁਪਨਿਆਂ ਤੂੰ ਬਾਰ ਬਾਰ,
ਕਿਉਂ ਤੂੰ ਸਾਡੇ ਦਿਲ ਦੀ ਏਦਾਂ ਕਰ ਰਿਹਾ ਏਂ ਮੁਖ਼ਬਰੀ।

ਫ਼ਸਲ ਸੋਇਆਂ ਦੀ ਖੜ੍ਹੀ, ਭਰਪੂਰ ਮੁੜ ਕੇ ਦੇਖ ਲੈ,
ਮੀਰ ਮੰਨੂ ਮਰ ਗਿਆ ਹੈ, ਕਾਇਮ ਉਸ ਦੀ ਦਾਤਰੀ।

1

ੲ

## ਜਬਰ ਸਬਰ ਦਾ ਜ਼ਿਕਰ

ਜਬਰ ਸਬਰ ਦਾ ਜ਼ਿਕਰ ਹਮੇਸ਼ਾਂ ਤੁਰਦਾ ਨਾਲੋਂ ਨਾਲ ਸਦਾ।
ਫ਼ਾਸਲਿਆਂ ਦੇ ਬਾਵਜੂਦ ਜਿਉਂ ਪਾਣੀਪੱਤ ਕਰਨਾਲ ਸਦਾ।

ਅੰਬਰ ਦੇ ਵਿਚ ਤਾਰੇ ਰਾਤੀਂ ਜਗਦੇ ਏਦਾਂ ਲੱਗਦੇ ਨੇ,
ਨੇਰ੍ਹ ਮਿਟਾਵਣ ਖਾਤਰ ਤਣਿਆ, ਚਾਨਣੀਆਂ ਦਾ ਜਾਲ ਸਦਾ।

ਬੇਸੁਰਿਆਂ ਦੇ ਹੱਥ ਸਿਤਾਰਾਂ, ਚੀਕਦੀਆਂ ਨੇ ਤਾਰਾਂ ਸੁਣ,
ਜ਼ਿੰਦਗੀ ਵਾਲੀ ਝਾਂਜਰ ਤਾਹੀਉਂ, ਤਾਲੋਂ ਹੈ ਬੇਤਾਲ ਸਦਾ।

ਦਸਤਾਰਾਂ ਵੀ ਘੱਟੇ ਰੁਲੀਆਂ, ਚੁੰਨੀਆਂ ਬਣੀਆਂ ਫਾਹੀਆਂ ਨੇ,
ਇਕ ਵੀ ਉੱਤਰ ਮਿਲਦਾ ਨਹੀਓਂ, ਰੁਲਦੇ ਫਿਰਨ ਸਵਾਲ ਸਦਾ।

ਵੇਖ ਮਜ਼ਾਰੀਂ ਰੌਣਕ ਮੇਲੇ, ਕਬਰੀਂ ਦੀਵੇ ਜਗਦੇ ਨੇ,
ਪੌਣ ਮਰਸੀਏ ਗਾਉਂਦੀ ਰੋਂਦੀ, ਹਾਲੋਂ ਹੈ ਬੇਹਾਲ ਸਦਾ।

ਲੁੱਟਣ, ਕੁੱਟਣ, ਜੜ੍ਹ ਤੋਂ ਪੁੱਟਣ, ਧਰਤੀ ਦੀ ਮਰਯਾਦਾ ਨੂੰ,
ਧਰਮੀ ਪੁੱਤ ਯੁਧਿਸ਼ਟਰ ਚੱਲਣ, ਵੇਖੋ ਕੈਸੀ ਚਾਲ ਸਦਾ।

ਆਣ ਜਗਾਉਂਦੇ ਬੈਠੇ ਸੁੱਤੇ, ਬਾਬਾ ਓਹੀ ਸਾਰੇ ਫੇਰ,
ਰਲਦੇ ਵੇਖ, ਮੁਕੱਦਮ ਸਾਰੇ, ਰਾਜੇ ਸ਼ੀਂਹਾਂ ਨਾਲ ਸਦਾ।

1

## ੦
## ਮੇਰੇ ਵੀਰੋ, ਮਾਂ ਪਿਉ ਜਾਇਓ

ਮੇਰੇ ਵੀਰੋ, ਮਾਂ ਪਿਉ ਜਾਇਓ, ਅੱਗੇ ਲੱਗਿਆ ਜਾਲ ਬਈ।
ਹਾਲੇ ਤਾਂ ਰੋਹੀਆਂ ਵਿਚ, ਕੂਕਣ, ਪਿਛਲੇ ਹੀ ਕੰਕਾਲ ਬਈ।

ਕੈਸਾ ਮੌਸਮ ਆਇਆ ਸਾਨੂੰ ਸਿਵਿਆਂ ਦੇ ਰਾਹ ਲੈ ਤੁਰਿਆ,
ਮੌਲਾ ਖ਼ੈਰ ਕਰੇ ਹੁਣ ਸਿਰ ਤੇ ਚੜ੍ਹਿਆ ਆਣ ਸਿਆਲ ਬਈ।

ਇਹ ਵਿਗਿਆਨੀ ਮੰਨਣ ਜਾਂ ਨਾ ਮੰਨਣ ਮਰਜ਼ੀ ਉਨ੍ਹਾਂ ਦੀ,
ਜ਼ਾਲਮ ਦੇ ਹੱਥਾਂ ਵਿੱਚ ਧਰਤੀ, ਤਾਂ ਹੀ ਆਉਣ ਭੂਚਾਲ ਬਈ।

ਇਨਕਲਾਬ ਨੇ ਕੀਹ ਆਉਣਾ ਸੀ, ਦੋ ਅਮਲੀ ਨੇ ਮਾਰ ਲਿਆ,
ਸੱਜੇ ਖੱਬੇ ਪਹੀਏ ਚੱਲਦੇ, ਵੱਖੋ ਵੱਖਰੀ ਚਾਲ ਬਈ।

ਖਾਲਸਿਆਂ ਦੀ ਵਾਸੀ ਅੰਦਰ ਥਾਂ ਥਾਂ ਆਰੇ ਚਾਲੂ ਨੇ,
ਬਿਰਖ ਵਿਹੂਣਾ ਹੋ ਚੱਲਿਆ ਏ ਲੱਖੀ ਜੰਗਲ ਢਾਲ ਬਈ।

ਮਿਰਗਜਲੀ ਦੇ ਪਿੱਛੇ ਪਿੱਛੇ ਤੁਰਦੇ ਤੁਰਦੇ ਮਰ ਚੱਲੇ,
ਜਨਮ ਘੜੀ ਤੋਂ ਅੱਜ ਤੀਕਰ ਤਾਂ ਹਾਲੋਂ ਹਾਂ ਬੇਹਾਲ ਬਈ।

ਨਵੇਂ ਸਾਲ ਦਾ ਜਸ਼ਨ ਮਨਾ, ਹਰ ਵਾਰ ਭੁਲੇਖਾ ਖਾਂਦੇ ਹਾਂ,
ਵੇਖਿਓ ਸੂਹਾ ਫੁੱਲ ਖਿੜੇਗਾ, ਏਥੇ ਅਗਲੇ ਸਾਲ ਬਈ।

l

## ੦
## ਭੁੱਲ ਗਈ ਪਰਵਾਜ਼ ਮੈਨੂੰ

ਭੁੱਲ ਗਈ ਪਰਵਾਜ਼ ਮੈਨੂੰ ਜਾਮ ਕਿਉਂ ਪਰ ਹੋ ਗਏ।
ਉੱਡਣੇ ਪੰਛੀ ਦੇ ਕਿਉਂ, ਵਰਮੀ 'ਚ ਨੇ ਘਰ ਹੋ ਗਏ।

ਇਹ ਸਿਖਾਏ ਸਬਕ ਨਾਲੋਂ ਵੱਧ ਕਿੰਨਾ ਬੋਲਦੇ,
ਵੇਖ ਲੈ ਤੋਤੇ ਕਿਵੇਂ ਹੁਣ ਹੋਰ ਚਾਤਰ ਹੋ ਗਏ।

ਸਾਦਗੀ ਸਵਰੂਪ ਜਿਸ ਨੂੰ ਕਹਿ ਰਹੇ ਸੀ ਅੱਜ ਤੀਕ,
ਖੰਭ ਉੱਗਣ ਸਾਰ ਹੀ ਇਹ ਵੇਖ ਸ਼ਾਤਰ ਹੋ ਗਏ।

ਘੇਰ ਲਏ ਚਿੜੀਆਂ ਜਦੋਂ ਵੀ, ਬਾਜ਼ ਸ਼ਾਹੀ ਮਹਿਲ ਦੇ,
ਜ਼ੁਲਮ ਕਰਦੇ ਇਹ ਪਰਿੰਦੇ, ਤਰਸ ਪਾਤਰ ਹੋ ਗਏ।

ਹੁਣ ਤੇ ਮੇਰੇ ਪਿੰਡ ਵਾਲੇ, ਕੰਬਦੇ ਅਖ਼ਬਾਰ ਤੋਂ,
ਵਕਤ ਹੱਥੋਂ ਇਹ ਵਿਚਾਰੇ ਕਿੰਨੇ ਆਤੁਰ ਹੋ ਗਏ।

ਦਰੋਪਦੀ ਦੀ ਪੱਤ ਲੁੱਟੇ ਰੋਜ਼ ਹੀ ਕੌਰਵ ਸਭਾ,
ਸਿਤਮ ਤਾਂ ਇਹ ਹੈ ਕਿ ਹੁਣ ਖਾਮੋਸ਼ ਠਾਕੁਰ ਹੋ ਗਏ।

ਮਨ ਦੇ ਅੰਦਰ ਖਲਬਲੀ ਹੈ, ਕਦਮ ਪਿੱਛੇ ਖਿਸਕਦੇ,
ਤੁਰ ਰਿਹਾਂ ਪਰ ਦੂਰ ਮੈਥੋਂ ਕਿਉਂ ਤੇਰੇ ਦਰ ਹੋ ਗਏ।

ਔੜ ਮਾਰੀ ਧਰਤ ਵਾਂਗੂੰ ਖੁਸ਼ਕ ਅੱਖ ਦੇ ਖ੍ਵਾਬ ਸੀ,
ਦਿਲ ਅਚਾਨਕ ਪਿਘਲਿਆ ਤੇ ਨੈਣ ਵੀ ਤਰ ਹੋ ਗਏ।

l

## ਜਦ ਵੀ ਤੱਕਿਆ ਤੇ ਇੰਜ ਲੱਗਿਆ

ਜਦ ਵੀ ਤੱਕਿਆ ਤੇ ਇੰਜ ਲੱਗਿਆ ਮੇਰੇ ਚਾਰ ਚੁਫ਼ੇਰੇ ਖ਼ੁਸ਼ਬੂ।
ਜਾਗਦਿਆਂ ਤੇ ਸੁੱਤਿਆਂ ਖ਼ੁਸ਼ਬੂ, ਮਹਿਕੇ ਸ਼ਾਮ ਸਵੇਰੇ ਖ਼ੁਸ਼ਬੂ।

ਹੱਸੇਂ ਲੱਗਦਾ ਫੁੱਲ ਕਿਰਦੇ ਨੇ, ਸਾਰੀ ਧਰਤੀ ਭਰ ਚੱਲੀ ਹੈ,
ਕੋਸੀ ਧੁੱਪ ਸਿਆਲ ਦੀ ਜਿੱਸਰਾਂ, ਚੜ੍ਹ ਕੇ ਖੜ੍ਹੀ ਬਨੇਰੇ ਖ਼ੁਸ਼ਬੂ।

ਮੱਥੇ ਚਮਕੇ ਨੂਰ ਇਲਾਹੀ, ਜ਼ੱਰਾ ਜ਼ੱਰਾ ਚਾਨਣ ਚਾਨਣ,
ਮਨ ਮਸਤਕ ਨੂੰ ਰੌਸ਼ਨ ਰੌਸ਼ਨ, ਕਰਦੀ ਦੂਰ ਹਨ੍ਹੇਰੇ ਖ਼ੁਸ਼ਬੂ।

ਬਿਨ ਮਿਲਿਆਂ ਵੀ ਚੰਨ ਦੀ ਟਿੱਕੀ ਧੋ ਜਾਂਦੀ ਨਿੱਤ ਰਾਤ ਦੇ ਵਸਤਰ,
ਰੋਜ਼ ਸਵੇਰੇ ਮੁੜ ਜਾਂਦੀ ਹੈ, ਕਰਦੀ ਪੰਧ ਲੰਮੇਰੇ ਖ਼ੁਸ਼ਬੂ।

ਅਜ਼ਲਾਂ ਤੋਂ ਜੋ ਪਿਆਸ ਨਿਰੰਤਰ, ਮਿਟਦੀ ਨਹੀਂ ਇੱਕ ਵਾਰੀ ਤੱਕਿਆਂ,
ਤਪਦੀ ਲੋਹ ਤੇ ਕਿਣ ਮਿਣ ਕਣੀਆਂ, ਤਰੇਲ ਦੇ ਮੋਤੀ ਕੇਰੇ ਖ਼ੁਸ਼ਬੂ।

ਖ਼੍ਵਾਬ ਖ਼ਿਆਲ 'ਚ ਵੀ ਨਹੀਂ ਤੱਕਿਆ, ਏਦਾਂ ਕਿੱਸਰਾਂ ਹੋ ਸਕਦਾ ਹੈ,
ਪੋਲੇ ਕਦਮੀਂ ਪਿੱਛਿਉਂ ਆ ਕੇ ਨੇਤਰ ਘੁੱਟੇ ਮੇਰੇ ਖ਼ੁਸ਼ਬੂ।

ਮਨ ਦੇ ਬਾਗ ਬਗੀਚੇ ਅੰਦਰ, ਫੁੱਲ ਕਲੀਆਂ ਨੂੰ ਖਿੜਨ ਦਿਆ ਕਰ,
ਆਪੇ ਮਾਣ ਲਵੇਂਗਾ ਰਹਿੰਦੀ, ਸਾਹਾਂ ਅੰਦਰ ਤੇਰੇ ਖ਼ੁਸ਼ਬੂ।

ਅੰਬਰ ਵਿਚ ਟਿਮਕਦੇ ਤਾਰੇ, ਕੱਲ੍ਹੇ ਕੱਲ੍ਹੇ ਕਿੰਨੇ ਸਾਰੇ,
ਚੁੱਪ ਨੇ ਕਿਉਂ ਨਾ ਭਰਨ ਹੁੰਗਾਰੇ, ਪੁੱਛਦੀ ਸ਼ਾਮ ਸਵੇਰੇ ਖ਼ੁਸ਼ਬੂ।

ਨੀਮ ਗੁਲਾਬੀ ਚਿਹਰਾ ਤੱਕਿਆ, ਕਣ ਕਣ ਅੰਦਰ ਇਹ ਕੀ ਹੋਇਆ,
ਦਿਲ ਦੇ ਅੰਦਰ ਡੂੰਘਾ ਕਿਧਰੇ, ਲਾ ਕੇ ਬਹਿ ਗਈ ਡੇਰੇ ਖ਼ੁਸ਼ਬੂ।

1

## ਧਰਤੀ ਉੱਤੇ ਸਦਾ ਹਨ੍ਹੇਰਾ

ਧਰਤੀ ਉੱਤੇ ਸਦਾ ਹਨ੍ਹੇਰਾ ਰਹਿਣਾ ਨਹੀਂ।
ਵਕਤ ਨਿਰੰਤਰ ਤੁਰਦਾ ਇਸਨੇ ਬਹਿਣਾ ਨਹੀਂ।

ਘੁੱਟ ਗਲਵੱਕੜੀ ਪਾ ਲੈ ਇਸ ਜ਼ਿੰਦਗਾਨੀ ਨੂੰ,
ਇਸ ਤੋਂ ਮਹਿੰਗਾ ਹੋਰ ਕੋਈ ਵੀ ਗਹਿਣਾ ਨਹੀਂ।

ਠੋਕਰ ਮਾਰਨ ਵਾਲੇ ਹੀ ਬਦਕਿਸਮਤ ਸਨ,
ਦਾਗ ਉਨ੍ਹਾਂ ਦੇ ਮੱਥੇ ਤੋਂ ਇਹ ਲਹਿਣਾ ਨਹੀਂ।

ਨਾਲ ਮੁਹੱਬਤ ਜਿੰਦ ਵੀ ਮੰਗੇਂ ਦੇ ਦੇਵਾਂ,
ਜ਼ੋਰ ਜਬਰ ਮੈਂ ਹੋਰ ਕਿਸੇ ਦਾ ਸਹਿਣਾ ਨਹੀਂ।

ਪਿਛਲੇ ਜ਼ਾਲਮ ਕਿੱਥੇ ਨੇ ਹੁਣ ਲੱਭਦੇ ਨਹੀਂ,
ਇਨ੍ਹਾਂ ਦਾ ਵੀ ਵੇਖ ਲਵੀਂ ਕੱਖ ਰਹਿਣਾ ਨਹੀਂ।

ਚਾਨਣ ਨਾਲ ਹਨ੍ਹੇਰੇ ਦੀ ਵੀ ਕੁਸ਼ਤੀ ਹੈ,
ਸੂਰਜ ਜਿਸ ਦੀ ਸ਼ਕਤੀ ਉਸ ਨੇ ਢਹਿਣਾ ਨਹੀਂ।

ਸੂਰਜ ਮੈਨੂੰ ਆਪਣੀ ਗੱਦੀ ਸੌਂਪ ਗਿਐ,
ਮੈਂ ਉਸਦੀ ਥਾਂ ਜਗਦਾਂ, ਸਿਰਫ਼ ਟਟਹਿਣਾ ਨਹੀਂ।

1

o

## ਮਹਿਕਦਾ ਗੁਲਜ਼ਾਰ ਜਾਪੇ

ਮਹਿਕਦਾ ਗੁਲਜ਼ਾਰ ਜਾਪੇ ਮਰ ਗਿਆ।
ਕੌਣ ਸਾਡੇ ਪਿੰਡ ਟੂਣਾ ਕਰ ਗਿਆ।

ਜਾਪਿਆ ਹਰ ਕੰਧ ਹੀ ਬੇਚੈਨ ਹੈ,
ਕੰਬਿਆ ਬੂਹਾ ਜਦੋਂ ਮੈਂ ਘਰ ਗਿਆ।

ਬਾਹਰਲੀ ਬੱਤੀ ਜਗਾ ਕੇ ਰੱਖਦਾਂ,
ਕਾਲਜਾ ਹੀ ਅੰਦਰੋਂ ਹੈ ਡਰ ਗਿਆ।

ਘਰ 'ਚ ਹੀ ਲੱਭੋ, ਪਛਾਣੋਂ ਆਪ ਹੀ,
ਕੌਣ ਜੋ ਉੱਗਦੀ ਅੰਗੂਰੀ ਚਰ ਗਿਆ।

ਡੁੱਬਣਾ ਸ਼ੌਰੇ ਕਦੋਂ ਇਹ ਦੋਸਤੋ,
ਪਾਪ ਦਾ ਭਾਂਡਾ ਚਿਰੋਕਾ ਭਰ ਗਿਆ।

ਮੈਂ ਤਾਂ ਐਵੇਂ ਇੱਕ ਪਲ ਲਈ ਮੌਨ ਸੀ,
ਭਰਮ ਸੀ ਤੇਰਾ ਕਿ ਮੈਂ ਹਾਂ ਹਰ ਗਿਆ।

ਵੇਖ ਲੈ ਭਖਿਆ ਤੇ ਮੁੜ ਕੇ ਸੁਰਖ਼ ਹੈ,
ਵਹਿਮ ਸੀ ਤੇਰਾ ਕਿ ਲੋਹਾ ਠਰ ਗਿਆ।

1

o

## ਸੱਜਣਾ ਤੇਰਾ ਬੋਲ ਤਿਖੇਰਾ

ਸੱਜਣਾ ਤੇਰਾ ਬੋਲ ਤਿਖੇਰਾ, ਚੀਰ ਜਿਸਮ ਤੋਂ ਪਾਰ ਗਿਆ।
ਮੈਂ ਤਾਂ ਦੌੜ 'ਚ ਸ਼ਾਮਲ ਨਹੀਂ ਸਾਂ, ਕੌਣ ਕਹੇ ਮੈਂ ਹਾਰ ਗਿਆ।

ਕੀਤਾ ਸੀ ਵਿਸ਼ਵਾਸ ਬਥੇਰਾ, ਬੈਠੇ ਹੁਣ ਪਛਤਾਉਂਦੇ ਹਾਂ,
ਸਾਡੇ ਪੱਲੇ ਕੱਖ ਨਹੀਂ ਛੱਡਿਆ, ਜਾਹ ਤੇਰਾ ਇਤਬਾਰ ਗਿਆ।

ਸਾਬਤ ਕਦਮ, ਸਲਾਮਤ ਨਿਸ਼ਚਾ, ਨਾ ਡੋਲੇ ਨਾ ਥਿੜਕੇਗਾ,
ਜ਼ਹਿਰ ਪਰੁੱਚਾ ਭਾਵੇਂ ਤੇਰਾ, ਤੀਰ ਜਿਗਰ ਤੋਂ ਪਾਰ ਗਿਆ।

ਗਰਜਾਂ ਦਾ ਸੰਸਾਰ ਵਚਿੱਤਰ, ਸਾਬਤ ਬੰਦੇ ਖਾ ਜਾਂਦਾ,
ਬੜਾ ਬਹਾਦਰ ਸੁਣਦੇ ਸਾਂ ਜੋ ਅਣਖ਼ਾਂ ਸਣੇ ਡਕਾਰ ਗਿਆ।

ਤਲਖ਼ ਸਮੁੰਦਰ, ਚੜ੍ਹਿਆ, ਕੰਢਿਉਂ ਉੱਛਲਿਆ ਤੇ ਪਰਤ ਗਿਆ,
ਘੋਗੇ ਸਿੱਪੀਆਂ, ਮਾਣਕ ਮੋਤੀ, ਸਾਨੂੰ ਬਾਹਰ ਉਤਾਰ ਗਿਆ।

ਸੂਰਜ ਮੁਖੀਏ ਸਭ ਸੰਸਾਰੀ, ਘੁੰਮੀ ਜਾਂਦੇ ਫ਼ਿਰਕੀ ਵਾਂਗ,
ਓਧਰ ਪੂਛ ਘੁਮਾਉਂਦੇ ਪਿੱਛੇ, ਜਿੱਧਰ ਨੂੰ ਦਰਬਾਰ ਗਿਆ।

ਚਪਲ ਸਮੇਂ ਦੇ ਘੋੜੇ ਉੱਤੇ, ਮਾਰ ਪਲਾਕੀ ਬੈਠੇ ਸਾਂ,
ਸਫ਼ਰ ਮੁਕਾਉਣੋਂ ਪਹਿਲਾਂ ਸਾਨੂੰ, ਵਕਤ ਝਕਾਨੀ ਮਾਰ ਗਿਆ।

1

## ਬਿਰਖ਼ ਬਰੂਟੇ ਚੀਕ ਰਹੇ ਨੇ

ਬਿਰਖ਼ ਬਰੂਟੇ ਚੀਕ ਰਹੇ ਨੇ ਕਿਉਂ ਨਹੀਂ ਸੁਣਦਾ ਮਾਲੀ ਨੂੰ।
ਦੋਸ਼ ਕਿਉਂ ਇਹ ਦੇਈ ਜਾਵੇ, ਹਰ ਪੱਤੇ ਹਰ ਡਾਲੀ ਨੂੰ।

ਦਿਨ ਦੀਵੀਂ ਕੀ ਨੇਰ੍ਹ ਪਿਆ ਤੇ ਰਖਵਾਲੇ ਵੀ ਨਾਲ ਮਿਲੇ,
ਲੈ ਫਰਨਾਹੀ ਚੀਰੀ ਜਾਵਣ ਸ਼ਾਮਲਾਟ ਦੀ ਟਾਹਲੀ ਨੂੰ।

ਬਲਦ ਖਲੋਤੇ ਬਿਰਖ਼ਾਂ ਥੱਲੇ, ਮਾਲਕ ਦੇ ਗਲ ਫਾਹੀਆਂ ਨੇ,
ਬਿਨ ਬੋਲਣ ਤੋਂ ਕੇਰਨ ਅੱਥਰੂ ਵੇਖ ਵੇਖ ਕੇ ਹਾਲੀ ਨੂੰ।

ਬੀਜਣ ਤੋਂ ਪਹਿਲਾਂ ਦਿਨ ਦੀਵੀਂ, ਖੇਤ ਲੁਟੇਰੇ ਲੁੱਟ ਲੈਂਦੇ,
ਕਿੱਦਾਂ ਤੁਰੀਏ ਰਾਤ ਬਰਾਤੇ ਫ਼ਸਲਾਂ ਦੀ ਰਖਵਾਲੀ ਨੂੰ।

ਸਾਡੇ ਪਿੰਡ ਪੁਆੜੇ ਪਾ ਗਈ, ਮਰ ਮਰ ਲੋਕੀਂ ਮੁੱਕ ਚੱਲੇ,
ਮੋਮੋਠਗਣੀ ਚੁੱਪ ਕਿਉਂ ਹੈ, ਪੁੱਛਿਓ ਬਾਰਾਂ ਤਾਲੀ ਨੂੰ।

ਰੁੱਖੇ ਸੁੱਕੇ ਟੁੱਕਰ ਨੂੰ ਵੀ ਕੈਦੋ ਝਪਟੀ ਮਾਰਨ ਪਏ,
ਹੀਰੇ ਚੂਰੀ ਕਦ ਦੇਵੇਂਗੀ, ਤੂੰ ਮੱਝੀਆਂ ਦੇ ਪਾਲੀ ਨੂੰ।

ਰਾਵੀ ਦਰਿਆ ਅੱਜ ਵੀ ਤਪਦਾ ਤੇਰੇ ਭਾਣੇ ਵਗਦਾ ਹੈ,
ਅੱਥਰੂ ਅੱਥਰੂ ਤਨ ਮਨ ਹੋ ਜੇ, ਚੇਤੇ ਕਰ ਸੰਤਾਲੀ ਨੂੰ।

1

## ਕਿੱਥੇ ਵੱਸਦੇ ਭੇਤ ਨਾ ਦੱਸਦੇ

ਕਿੱਥੇ ਵੱਸਦੇ ਭੇਤ ਨਾ ਦੱਸਦੇ, ਏਦਾਂ ਜੀਣ ਆਸਾਨ ਨਹੀਂ।
ਨਾ ਬੋਲੋਗੇ ਤੁਰ ਜਾਵਾਂਗਾ ਮੈਂ ਐਸਾ ਮਹਿਮਾਨ ਨਹੀਂ।

ਦਸਤਕ ਦੇ ਦੇ ਮੁੜੇ ਮੁਸਾਫ਼ਿਰ, ਦੀਦ ਪਿਆਸੇ ਨੈਣ ਲਈ,
ਬੰਦ ਬੂਹੇ ਨੂੰ ਖੋਲ੍ਹ ਦਿਆ ਕਰ, ਘਟਦੀ ਫਿਰ ਵੀ ਸ਼ਾਨ ਨਹੀਂ।

ਸੁਰਮੇ ਵਾਂਗਰ ਪੀਸ ਕੇ ਪਾ ਲੈ, ਜਗਮਗ ਕਰਦੇ ਨੈਣਾਂ ਵਿੱਚ,
ਨੇਤਰ ਜੋਤ ਬਣਾਂ ਮੈਂ ਤੇਰੀ, ਇਸ ਤੋਂ ਵੱਧ ਸਨਮਾਨ ਨਹੀਂ।

ਗਰਦ ਗੁਬਾਰ ਹਨ੍ਹੇਰਾ ਮਨ ਦਾ, ਜਲ ਵੀ ਨਿਰਮਲ ਕਰਨਾ ਹੈ,
ਇਹ ਤਾਂ ਸਾਡੀ ਸਾਂਝੀ ਪੂੰਜੀ, ਦੂਜੇ ਤੇ ਅਹਿਸਾਨ ਨਹੀਂ।

ਰੂਹ ਦੀ ਮਿੱਟੀ ਤੜਫ਼ ਤੜਫ਼ ਕੇ ਦਰਸ ਦੀਦਾਰੇ ਮੰਗਦੀ ਹੈ,
ਰੱਬ ਦੇ ਵਾਂਗੂੰ ਲੁਕ ਛਿਪ ਬਹਿਣਾ, ਕੀਹ ਮੇਰਾ ਅਪਮਾਨ ਨਹੀਂ?

ਹਰ ਕਿਣਕੇ ਦੀ ਅਪਣੀ ਹਸਤੀ ਬਣਦੀ ਮਿਟਦੀ ਰਹਿੰਦੀ ਹੈ,
ਬਿਰਖ਼ ਬਰੂਟੇ ਦੱਸਣ ਹੁੰਦੀ ਕਿਸ ਮਿੱਟੀ ਵਿਚ ਜਾਨ ਨਹੀਂ।

ਬਿਨਾ ਆਵਾਜ਼ ਹੁੰਗਾਰੇ ਭਰਦੇ, ਫੁੱਲ ਪੱਤੇ, ਖੁਸ਼ਬੋਈਆਂ ਵੀ,
ਸਭ ਕੁਝ ਹੁੰਦਿਆਂ ਸੁੰਦਿਆਂ ਫਿਰ ਵੀ ਮਸਤੀ ਵਿਚ ਗਲਤਾਨ ਨਹੀਂ।

1

੦

## ਖ਼ੁਸ਼ਬੂ, ਚਾਰ ਚੁਫ਼ੇਰੇ ਖ਼ੁਸ਼ਬੂ

ਖ਼ੁਸ਼ਬੂ, ਚਾਰ ਚੁਫ਼ੇਰੇ ਖ਼ੁਸ਼ਬੂ, ਰੂਹ ਤੋਂ ਰੂਹ ਵਿਚਕਾਰ ਫ਼ਾਸਲਾ।
ਜਿਉਂ ਰਿਸ਼ਮਾਂ ਤੇ ਚੰਨ ਦੇ ਅੰਦਰ, ਹੁੰਦਾ ਨਹੀਂ ਵਿਚਕਾਰ ਫ਼ਾਸਲਾ।

ਯਾਦ ਕਰਾਂ ਤੂੰ ਸਨਮੁਖ ਹੋਵੇਂ, ਸਗਵੀਂ ਸਾਲਮ ਸਾਬਤ ਸੂਰਤ,
ਅੱਖੀਆਂ ਖੋਲਾਂ ਨਜ਼ਰ ਨਾ ਆਵੇਂ, ਦੋ ਸਾਹਾਂ ਵਿਚਕਾਰ ਫ਼ਾਸਲਾ।

ਪੋਲੇ ਪੋਲੇ ਪੋਲੇ ਕਦਮੀਂ, ਇਉਂ ਲੱਗਦਾ ਜਿਉਂ ਤੁਰੇ ਚਾਨਣੀ,
ਕਿਉਂ ਟੁੱਟ ਜਾਂਦਾ ਸੁਪਨੇ ਵਾਂਗੂੰ, ਇਹ ਰਾਹਾਂ ਵਿਚਕਾਰ ਫ਼ਾਸਲਾ।

ਕਿਉਂ ਮਿਲੀਏ ਜਿਉਂ ਧਰਤੀ ਅੰਬਰ, ਦੂਰ ਦੋਮੇਲ 'ਚ ਤਰਸ ਰਹੇ ਨੇ,
ਮਿਟਦਾ ਕਿਉਂ ਨਹੀਂ ਤੈਥੋਂ ਮੈਥੋਂ, ਦੋ ਬਾਹਾਂ ਵਿਚਕਾਰ ਫ਼ਾਸਲਾ।

ਆ ਜਾ ਰਲ ਕੇ ਖਿੜੀਏ, ਹੱਸੀਏ, ਦਿਲ ਦੀ ਸੁਣੀਏ, ਆਪਣੀ ਦੱਸੀਏ,
ਵੇਖੀਂ ਕਿੱਦਾਂ ਮਿਟ ਜਾਵੇਗਾ, ਦੋ ਨਾਵਾਂ ਵਿਚਕਾਰ ਫ਼ਾਸਲਾ।

ਖੜ੍ਹੇ ਅਜੇ ਹਾਂ ਆਪਣੀ ਥਾਵੇਂ, ਮੈਂ ਹਾਂ ਧੁੱਪੇ ਤੂੰ ਹੈਂ ਛਾਵੇਂ,
ਧੁੱਪ ਦੀ ਬੁੱਕਲ ਮਾਰ ਮਿਟਾ ਦੇ, ਦੋ ਛਾਵਾਂ ਵਿਚਕਾਰ ਫ਼ਾਸਲਾ।

ਸੱਤ ਸਮੁੰਦਰ ਡੂੰਘੀਆਂ ਅੱਖਾਂ, ਜਿਥੇ ਨੂਰ ਛੁਪਾ ਕੇ ਰੱਖਿਆ,
ਧੜਕਣ ਵਿਚ ਪਰੋ ਲੈ, ਮਿਟ ਜੇ, ਇਹ ਚਾਵਾਂ ਵਿਚਕਾਰ ਫ਼ਾਸਲਾ।

1

੦

## ਟੁਕੜੇ ਟੁਕੜੇ ਦਿਲ ਦੇ ਵਰਕੇ

ਟੁਕੜੇ ਟੁਕੜੇ ਦਿਲ ਦੇ ਵਰਕੇ ਜੋੜੋਗੇ ਤਾਂ ਜਾਣ ਲਵੋਗੇ।
ਅਸਲ ਇਬਾਰਤ ਕੀ ਕਹਿੰਦੀ ਹੈ, ਖ਼ੁਦ ਆਪੇ ਪਹਿਚਾਣ ਲਵੋਗੇ।

ਬੰਸਰੀਆਂ ਦੇ ਪੋਰ ਪੁਰਨੇ, ਛੱਡ ਦਿਉ ਇਹ ਸ਼ੌਕ ਅਵੱਲਾ,
ਇਨ੍ਹਾਂ ਅੰਦਰ ਦਰਦ ਸਦੀਵੀ, ਸਾਹ ਰੋਕੋਗੇ, ਮਾਣ ਲਵੋਗੇ।

ਸੂਰਜ ਦੀ ਧੁੱਪ ਤੇਜ਼ ਨਾ ਲੱਗਦੀ, ਜੇ ਬਿਰਖ਼ਾਂ ਦੀ ਛਤਰੀ ਹੋਵੇ,
ਇਸ ਧਰਤੀ ਨੂੰ ਘੋਨਾ ਕਰਕੇ, ਕਿਸ ਨੂੰ ਸਿਰ ਤੇ ਤਾਣ ਲਵੋਗੇ।

ਖੁੰਢੀ ਸੋਚ ਅਤੇ ਕਿਰਪਾਨਾਂ, ਤਿੱਖੀਆਂ ਕਰੋ ਤਰੀਕਾ ਦੱਸਦਾਂ,
ਕਲਮ, ਕਿਤਾਬ, ਰਬਾਬ ਦੀ ਸ਼ਕਤੀ, ਸਮਝੋਗੇ ਜਦ ਸਾਣ ਲਵੋਗੇ।

ਇੱਲ ਤੇ ਬਾਜ਼ ਸ਼ਕਲ ਤੋਂ ਇੱਕੋ, ਪਰ ਦੋਹਾਂ ਵਿਚ ਫ਼ਰਕ ਪਛਾਣੋ,
ਜਾਣ ਲਵੋਗੇ ਆਪੇ ਜਦ ਵੀ, ਤਾਰਿਆਂ ਤੀਕ ਉਡਾਣ ਲਵੋਗੇ ।

ਇਸ ਧਰਤੀ ਦੀ ਅਸਲ ਲਿਆਕਤ, ਛੱਡੀ ਫਿਰੀਏ, ਸਮਝੋਗੇ ਕਦ,
ਕਿੰਨੀ ਅਗਨ ਮੁਹਾਵਰਿਆਂ ਵਿਚ, ਸੁਣ ਫਿਰ ਜਦੋਂ ਅਖਾਣ ਲਵੋਗੇ।

ਸੂਰਮਿਆਂ ਦੀ ਮਿੱਟੀ ਵੱਖਰੀ, ਵਕਤ ਹਮੇਸ਼ ਸੰਭਾਲ ਕੇ ਰੱਖਦਾ,
ਦੁੱਲਾ, ਬੁੱਲ੍ਹਾ, ਭਗਤ, ਸਰਾਭਾ, ਮਿਲਦੇ ਹੀ ਇਹ ਜਾਣ ਲਵੋਗੇ।

1

o

## ਨਜ਼ਰ ਤੇਰੀ ਦੀ ਇਨਾਇਤ

ਨਜ਼ਰ ਤੇਰੀ ਦੀ ਇਨਾਇਤ, ਵੇਖ ਕੀ ਕੁਝ ਕਰ ਗਈ।
ਬਿਰਖ਼ ਸੁੱਕਾ ਫੁੱਟਿਆ, ਹਰ ਟਾਹਣ ਫੁੱਲੀਂ ਭਰ ਗਈ।

ਲੋਕ ਮਰਦੇ ਰੋਜ਼ ਏਥੇ ਧਰਤ ਅੰਬਰ ਵਾਸਤੇ,
ਮੁਸਕਣੀ ਤੇਰੀ ਕਿਵੇਂ ਮੈਨੂੰ ਸਿਕੰਦਰ ਕਰ ਗਈ।

ਐ ਹਵਾ ਤੈਨੂੰ ਭਲਾ ਕੀ ਇਲਮ ਮੇਰੇ ਤਾਣ ਦਾ,
ਲਿਫ਼ਣ ਦਾ ਇਹ ਅਰਥ ਨਾ ਲੈ, ਟਾਹਣ ਤੈਥੋਂ ਡਰ ਗਈ।

ਰਾਤ ਨੂੰ ਇਹ ਭਰਮ ਹੈ ਕਿ ਮੈਂ ਹਰਾਈ ਚਾਨਣੀ,
ਉਹ ਤਾਂ ਕੁਝ ਪਲ ਵਾਸਤੇ ਹੀ ਦੂਸਰੇ ਹੈ ਘਰ ਗਈ।

ਜੀਅ ਤੇ ਕਰਦੈ ਬਹੁਤ ਵਾਰੀ, ਕਹਿ ਦਿਆਂ ਦਿਲ ਖੋਲ੍ਹ ਕੇ,
ਅਸਲ ਦੱਸਾਂ, ਹੁਣ ਤੇ ਰਹਿੰਦੀ ਤਲਬ ਵੀ ਹੈ ਮਰ ਗਈ।

ਮੈਂ ਤੇ ਅਕਸਰ ਸੋਚਦਾਂ ਤੂੰ ਹਿੰਮਤੀ ਫ਼ੌਲਾਦ ਹੈਂ,
ਹਾਦਸੇ ਦਰ ਹਾਦਸੇ ਤੂੰ ਹੱਸ ਕੇ ਸਭ ਜਰ ਗਈ।

ਉਹ ਤਾਂ ਸੂਰਜ ਹੈ ਨਿਰੰਤਰ ਜਗ ਰਿਹਾ ਤੇ ਮਘ ਰਿਹਾ,
ਮੌਤ ਰਾਣੀ ਨੂੰ ਭੁਲੇਖਾ ਓਸ ਨੂੰ ਹੈ ਵਰ ਗਈ।

1

o

## ਵੇਖ ਲਉ ਤਾਰੀਖ਼ ਕੀਹ

ਵੇਖ ਲਉ ਤਾਰੀਖ਼ ਕੀਹ ਕੀਹ ਕਾਰਨਾਮੇ ਕਰ ਗਈ।
ਮਾਣ ਮੱਤੀ ਧਰਤ 'ਚੋਂ ਗੈਰਤ ਜਿਉਂਦੀ ਮਰ ਗਈ।

ਧਰਤੀਆਂ ਤੇ ਮਰਦ-ਬੱਚੇ ਸਿਰਜਦੇ ਇਤਿਹਾਸ ਨੂੰ,
ਜਿਸਮ ਤਾਂ ਮਿੱਟੀ ਨਿਰੀ ਜੇ ਅਣਖ਼ ਵਿਚੋਂ ਠਰ ਗਈ।

ਹੋਰ ਕਿੰਨੀ ਦੇਰ ਹਾਲੇ ਰਾਜ ਕਰਨਾ ਹੈ ਜਨਾਬ,
ਪਾਪ ਦੀ ਗਾਗਰ ਤੇ ਗਲਮੇ ਤੀਕਰਾਂ ਹੈ ਭਰ ਗਈ।

ਵੇਖ ਤੂੰ ਬਰਸਾਤ ਕਿੱਦਾਂ, ਰਾਤ ਭਰ ਵਰ੍ਹਦੀ ਰਹੀ,
ਦਿਨ ਚੜ੍ਹੇ ਟੋਏ ਤੇ ਟਿੱਬੇ, ਸਭ ਬਰਾਬਰ ਕਰ ਗਈ।

ਵੇਖਿਓ ਪੰਜਾਬ ਨਾ ਮੁੜ ਅਗਨ-ਭੇਟਾ ਕਰ ਦਿਓ,
ਸਾਜ਼ਿਸ਼ੀ ਬਦ-ਜ਼ਾਤ ਹੈ ਚੌਂਕਾਂ 'ਚ ਟੂਣੇ ਕਰ ਗਈ।

ਗਾਫ਼ਲੀ ਦਾ ਇਹ ਨਤੀਜਾ ਭੁਗਤਿਆ ਤੇ ਭੁਗਤਣਾ,
ਕੂਕਿਆਂ ਦੇ ਡੋਲ ਵਾਂਗੂੰ ਮਾਂਜ ਸਾਨੂੰ ਧਰ ਗਈ।

ਕੌਮ ਨੂੰ ਇਤਿਹਾਸ ਤੋਂ ਵਾਕਿਫ਼ ਕਰਾਉਣਾ ਧਰਮ ਹੈ,
ਫੇਰ ਨਾ ਕਹਿਣਾ ਸਿਆਸਤ ਸਾਨੂੰ ਗੁੰਮਰਾਹ ਕਰ ਗਈ।

1

੦

## ਤੇਰੇ ਨੈਣੀਂ ਸੁਪਨਾ ਬਣ ਜਾਂ

ਤੇਰੇ ਨੈਣੀਂ ਸੁਪਨਾ ਬਣ ਜਾਂ, ਡੁੱਬਦਾ ਤਰਦਾ।
ਸੱਜਣਾਂ ਪਾਸ ਰਹਿਣ ਲਈ ਬੰਦਾ ਕੀ ਨਹੀਂ ਕਰਦਾ।

ਮਿਸ਼ਰੀ ਵਾਂਗੂੰ ਘੁਲ ਗਈ ਮੇਰੇ ਸਾਹਾਂ ਅੰਦਰ,
ਕਿੰਜ ਰੱਖਾਂ ਨੀ ਜਿੰਦੜੀਏ, ਹੁਣ ਤੈਥੋਂ ਪਰਦਾ।

ਸੱਚ ਪੁੱਛੇਂ ਤਾਂ ਤਪਦਾ ਤਨ ਤੰਦੂਰ ਦੇ ਵਾਂਗੂੰ,
ਦੀਦ ਤੇਰੀ ਦੇ ਬਾਝੋਂ ਲੱਗਦੈ, ਇਹ ਨਹੀਂ ਠਰਦਾ।

ਬੋਲ ਪਿਆ ਕਰ ਫੁੱਲ, ਪੱਤੀਆਂ ਖੁਸ਼ਬੋਈਆਂ ਵਾਂਗੂੰ,
ਜਾਂ ਇੱਕ ਵਾਰੀ ਕਹਿ ਦੇ, ਮੇਰਾ ਜੀ ਨਹੀਂ ਕਰਦਾ।

ਚੱਲ ਜਿਸਮਾਂ ਤੋਂ ਪਾਰ ਦੇਸ ਦੇ ਵਾਸੀ ਬਣੀਏ,
ਮਹਿਕ ਜਿਹਾ ਲਟਬੌਰਾ ਰਿਸ਼ਤਾ ਕਦੇ ਨਾ ਮਰਦਾ।

ਦਿਲ ਦੀ ਬਾਤ ਸੁਣਨ ਦਾ ਤੇਰੇ ਕੋਲ ਸਮਾਂ ਨਹੀਂ,
ਭੁੱਲ ਨਾ ਜਾਵੀਂ, ਵਕਤ ਉਡੀਕ ਕਦੇ ਨਹੀਂ ਕਰਦਾ।

ਮੇਰੇ ਅੰਦਰ ਸ਼ੋਰ ਬੜਾ ਹੈ ਬੇ ਤਰਤੀਬਾ,
ਖ਼ਵਰੇ ਏਨਾ ਕਿਉਂ ਹੈ, ਤੇਰੀ ਚੁੱਪ ਤੋਂ ਡਰਦਾ।

1

੦

## ਮਨ ਵਿੱਚ ਆਵੇ ਜਾਂ ਫਿਰ ਆਵੇ

ਮਨ ਵਿੱਚ ਆਵੇ ਜਾਂ ਫਿਰ ਆਵੇ ਧਰਤੀ ਹੇਠ ਭੂਚਾਲ ਬਈ।
ਇੱਕੋ ਜਿੰਨਾ ਕਰ ਦੇਂਦਾ ਹੈ, ਜੀਅ ਤੇ ਜਾਨ ਹਲਾਲ ਬਈ।

ਸਦੀਆਂ ਤੋਂ ਹੀ ਮਾਨਵਤਾ ਤੇ ਦਾਨਵਤਾ ਦਾ ਰੌਲਾ ਹੈ,
ਇਸ ਦੀ ਅਸਲ ਗਵਾਹੀ ਤੱਕ ਤੂੰ, ਧਰਤੀ ਲਾਲੋ ਲਾਲ ਬਈ।

ਮੈਂ ਅੰਬਰ ਨੂੰ ਪੌੜੀ ਲਾਈ, ਤਾਰੇ ਤੋੜੇ, ਜੀਅ ਭਰ ਕੇ,
ਜਾਗੀ ਅੱਖ ਤੇ ਸਮਝ ਗਿਆ ਮੈਂ, ਇਹ ਸੀ ਖ਼੍ਵਾਬ ਖ਼ਿਆਲ ਬਈ।

ਮੇਰੇ ਪਿੰਡ ਦੀ ਕੱਚੀ ਫਿਰਨੀ, ਘਰ ਦੇ ਅੱਗੇ ਛੱਪੜ ਸੀ,
ਲੁਧਿਆਣੇ, ਅਮਰੀਕਾ ਵਿਚ ਉਹ ਤੁਰਦਾ ਨਾਲੋ ਨਾਲ ਬਈ।

ਦੋਸ਼ਵਾਨ ਨੇ ਛਤਰੀ ਥੱਲੇ, ਬੇਦੋਸ਼ੇ ਨੂੰ ਸਖ਼ਤ ਸਜ਼ਾ,
ਧਰਤੀ ਉੱਤੇ ਆ ਕੇ ਮੌਲਾ, ਵੇਖ ਹਮਾਰਾ ਹਾਲ ਬਈ।

ਬੇਸੁਰਿਆਂ ਦੇ ਹੱਥ ਵਿਚ ਆਈਆਂ ਬੀਨਾਂ ਨਾਲੇ ਬੰਸਰੀਆਂ,
ਜ਼ਿੰਦਗੀ ਉੱਖੜੀ ਉੱਖੜੀ ਤਾਂਹੀਓਂ, ਸੁਰ ਤੇ ਨਾ ਹੈ ਤਾਲ ਬਈ।

ਇਹ ਦੀਵੇ ਜੋ ਮਿੱਟੀ ਵਾਲੇ, ਲੈ ਲੈ ਕਰਦੈਂ ਆਰਤੀਆਂ,
ਵੇਖ ਲਿਆ ਕਰ ਅੰਬਰ ਉੱਤੇ, ਰੌਸ਼ਨੀਆਂ ਦਾ ਥਾਲ ਬਈ।

1

੦

## ਮਹਿੰਗੇ ਵਸਤਰ

ਮਹਿੰਗੇ ਵਸਤਰ, ਸੋਨਾ, ਗਹਿਣੇ, ਰੰਗ ਬਰੰਗਾ ਜਾਲ ਕੁੜੇ।
ਕਿੱਥੇ ਉਲਝੀ ਨਜ਼ਰ ਨੂਰਾਨੀ, ਭੁੱਲ ਗਈ ਅਸਲੀ ਚਾਲ ਕੁੜੇ ।

ਸੱਚ ਦੇ ਨਾਲ ਦੂਰ ਦਾ ਰਿਸ਼ਤਾ, ਤਨ ਦਾ ਵੀ ਤੇ ਮਨ ਦਾ ਵੀ,
ਸਿਰਫ਼ ਇਕੱਲੀ ਜੀਭ ਕਰੇ ਕਿੰਜ, ਨਦਰੀ ਨਦਰਿ ਨਿਹਾਲ ਕੁੜੇ।

ਨਰਮੇ ਪਿੱਛੋਂ ਬਾਸਮਤੀ ਤੇ ਉਸ ਤੋਂ ਮਗਰੋਂ ਘਰ ਦੇ ਜੀਅ,
ਮੰਡੀ ਦੇ ਵਿਚ ਰੁਲਦਾ ਫਿਰਦਾ ਸਾਡਾ ਮਹਿੰਗਾ ਮਾਲ ਕੁੜੇ।

ਨਾਗਣੀਆਂ ਤੇ ਸਰਪ ਖੜੱਪੇ, ਵੇਖ ਕਿਵੇਂ ਫ਼ੁੰਕਾਰ ਰਹੇ,
ਬੀਨਾਂ ਵਾਲੇ ਜੋਗੀ ਵੀ ਕਿਉਂ, ਰਲ ਗਏ ਇਨ੍ਹਾਂ ਨਾਲ ਕੁੜੇ।

ਮੰਡੀ ਦੇ ਵਿਚ ਧਰ ਕੇ ਵੇਚਣ ਧਰਮ ਸਿਆਸਤ ਇੱਕੋ ਭਾਅ,
ਸਾਨੂੰ ਆਖਣ ਪੈ ਚੱਲਿਆ ਏ ਸ਼ਰਮ ਸ਼ਰ੍ਹਾ ਦਾ ਕਾਲ ਕੁੜੇ।

ਬਾਗਬਾਨ ਬਦਨੀਤੇ ਹੋ ਗਏ, ਧਰਮੀ ਬਾਬਲ ਡੋਲ ਗਏ,
ਚੋਰ ਲੁਟੇਰੇ ਬੈਠ ਗਏ ਨੇ ਹਰ ਪੱਤੀ ਹਰ ਡਾਲ ਕੁੜੇ।

ਧੌਲ ਧਰਮ ਦੇ ਸਿਰ ਤੋਂ ਧਰਤੀ, ਡੋਲ ਰਹੀ ਮਹਿਸੂਸ ਕਰਾਂ,
ਬਾਬਰ ਵਾਣੀ ਫਿਰ ਗਈ ਤਾਹੀਓਂ ਗਲ਼ ਵਿਚ ਉਲਝੇ ਵਾਲ ਕੁੜੇ।

1

੦

## ਡੋਰ ਨਾ ਬੰਨ੍ਹੀਂ

ਡੋਰ ਨਾ ਬੰਨ੍ਹੀਂ ਕਦੇ ਮੇਰੇ ਪਰਾਂ ਨੂੰ।
ਜਾਣ ਦੇਹ ਮੈਂ ਪਾਰ ਕਰਨਾ ਸਾਗਰਾਂ ਨੂੰ।

ਪਾਲਤੂ ਤਾਰੀਖ਼ ਨਾ ਹੁੰਦੀ ਕਦੇ ਵੀ,
ਕੌਣ ਦੇਵੇ ਸਬਕ ਹੁਣ ਇਹ ਕਾਫ਼ਰਾਂ ਨੂੰ।

ਨਿਰਭਉ, ਨਿਰਵੈਰ, ਸਾਡਾ ਮੂਲ ਮੰਤਰ,
ਮਨ ਚੋਂ ਬਾਹਰ ਹੂੰਝ ਦੇ ਸਾਰੇ ਡਰਾਂ ਨੂੰ।

ਭਰ ਕਲ਼ਾਵੇ ਧਰਤ ਅੰਬਰ ਘੇਰ ਨਾ ਤੂੰ,
ਇੱਕ ਮੁੱਠੀ ਰਾਖ਼ ਬਚਣੀ ਆਖ਼ਰਾਂ ਨੂੰ।

ਮਾਰਿਆਂ ਮਰਦੇ ਕਦੇ ਨਾ ਸੂਰਮੇ ਜੀ,
ਸਮਝ ਕਿਉਂ ਆਉਂਦੀ ਨਹੀਂ ਇਹ ਜਾਬਰਾਂ ਨੂੰ।

ਧੁੱਪ, ਕਿਰਨਾਂ, ਸੇਕ ਤੇ ਆਹ ਪਹੁ-ਫੁਟਾਲਾ,
ਸਾਂਭ ਲੈ ਸੂਰਜ ਦੀਆਂ ਸਭ ਕਾਤਰਾਂ ਨੂੰ।

ਕਿਉਂ ਭਲਾ ਹੁਣ ਸਾਦਗੀ ਨੂੰ ਮੈਂ ਗੁਆਵਾਂ,
ਜਿੰਦ ਕਿਉਂ ਗਹਿਣੇ ਧਰਾਂ ਮੈਂ ਚਾਤਰਾਂ ਨੂੰ।

1

## ੦
## ਕਾਲੀ ਬੋਲੀ ਰਾਤ ਸਿਰਾਂ ਤੇ

ਕਾਲੀ ਬੋਲੀ ਰਾਤ ਸਿਰਾਂ ਤੇ, ਦੀਵਾ ਬਾਲ ਬਨੇਰੇ ਧਰੀਏ।
ਚੁੱਪ ਦੇ ਜੰਦਰੇ ਤੋੜਨ ਖ਼ਾਤਰ, ਆ ਜਾ ਰਲ ਕੇ ਕੁਝ ਤਾਂ ਕਰੀਏ।

ਸਾਡੇ ਸੁਪਨੇ ਚੁਗਣ ਮਸ਼ੀਨਾਂ, ਦਿਨ ਤੇ ਰਾਤ ਹੌਂਕਦੇ ਪਹੀਏ,
ਜਿਥੇ ਕਿਧਰੇ ਮਹਿਕ ਗੁਆਚੀ, ਆ ਜਾ ਖ਼ਾਲੀ ਥਾਵਾਂ ਭਰੀਏ।

ਕਰ ਨਾ ਮਾਨ ਸਰੋਵਰ ਸੱਖਣਾ, ਮਾਰ ਉਡਾਰੀ ਆ ਜਾ ਕਿਤਿਉਂ,
ਹੰਸਣੀਆਂ ਤੇ ਹੰਸਾਂ ਖਾਤਰ, ਚੋਗਾ ਸੁੱਚੇ ਮੋਤੀ ਧਰੀਏ।

ਸਾਥ ਦਏਂ ਤਾਂ ਪਾਰ ਕਰ ਦਿਆਂ, ਸੱਤੇ ਸਾਗਰ ਇੱਕੋ ਤਾਰੀ,
ਭਵ-ਸਾਗਰ ਤੋਂ ਡਰਦੇ ਲੋਕੀਂ, ਪੁੱਛੀ ਜਾਵਣ ਹੁਣ ਕੀ ਕਰੀਏ।

ਤੇਰੇ ਰੰਗਾਂ ਵਿਚੋਂ ਮੈਂ ਵੀ, ਇੱਕ ਅੱਧ ਰਿਸ਼ਮ ਉਧਾਰੀ ਚਾਹੁੰਨਾਂ,
ਨੀ ਸਤਰੰਗੀਏ ਅੰਬਰੀਂ ਪੀਂਘੇ, ਨੀ ਖ਼੍ਵਾਬਾਂ ਦੀ ਅੱਲ੍ਹੜ ਪਰੀਏ।

ਥੱਕ ਜਾਂਦੇ ਹਾਂ ਸੁਣਦੇ ਸੁਣਦੇ ਰਾਗ ਰਬਾਬ ਕਿਤਾਬ ਪੜ੍ਹਦਿਆਂ,
ਸ਼ਬਦ-ਬਗੀਚੀ ਦੇ ਫੁੱਲ ਮਹਿਕਣ, ਸੁੰਘਣ ਤੋਂ ਕਿਉਂ ਆਪਾਂ ਡਰੀਏ।

ਇਹ ਧਰਤੀ ਸੀ ਗਿਆਨ ਪੰਘੂੜਾ, ਮੱਥੇ ਉੜਾ ਸਿਰ ਤੇ ਜੂੜਾ,
ਦੇਸ ਦੁਆਬਾ, ਧਰਤ ਮਾਲਵਾ, ਸਮਝਣ ਕਿਉਂ ਨਾ ਅੰਬਰਸਰੀਏ।

1

## ੦
## ਜ਼ਿੰਦਗੀ ਦੇ ਸਾਜ਼ ਨੂੰ

ਜ਼ਿੰਦਗੀ ਦੇ ਸਾਜ਼ ਨੂੰ ਸੁਰ ਕਰਦਿਆਂ ਗੁਜ਼ਰੀ ਏ ਰਾਤ।
ਅੱਖ ਉਲਝੀ ਜ਼ੁਲਫ਼ ਉੱਤੇ ਧਰਦਿਆਂ ਗੁਜ਼ਰੀ ਏ ਰਾਤ।

ਮੁੱਦਤਾਂ ਪਹਿਲਾਂ ਮਿਲੇ ਸੀ ਪੱਤਣਾਂ ਤੇ ਜਿਸ ਤਰ੍ਹਾਂ,
ਮਹਿਕਦੇ ਓਸੇ ਸਰਾਂ ਵਿਚ ਤਰਦਿਆਂ ਗੁਜ਼ਰੀ ਏ ਰਾਤ।

ਅਗਨ ਦਾ ਬਿਸਤਰ ਵਿਛਾਉਣਾ ਬਣ ਗਿਆ ਤੂੰ ਵੇਖਦੀ,
ਪਰਤਦਾ ਪਾਸੇ ਰਿਹਾਂ ਇਉਂ ਮਰਦਿਆਂ ਗੁਜ਼ਰੀ ਏ ਰਾਤ।

ਹੋਠ ਤਾਂ ਸੁੱਚੇ ਸੀ ਮੇਰੇ ਤੇਰੀ ਰੂਹ ਦੀ ਪਿਆਸ ਵਾਂਗ,
ਫੇਰ ਕਿਸ ਤੋਂ ਇਹ ਭਲਾ ਕਿਉਂ ਡਰਦਿਆਂ ਗੁਜ਼ਰੀ ਏ ਰਾਤ।

ਧਰਮ ਤੇ ਇਖ਼ਲਾਕ ਦੇ ਸ਼ੀਸ਼ੇ 'ਚ ਕੋਈ ਹੋਰ ਕਿਉਂ,
ਆਪਣੇ ਹੱਥੋਂ ਹੀ ਚਾਬਕ ਜਰਦਿਆਂ ਗੁਜ਼ਰੀ ਏ ਰਾਤ।

ਭਰਮ ਸੀ ਮਿੱਠਾ ਜਿਹਾ ਜਾਂ ਸੀ ਹਕੀਕਤ ਕੀ ਪਤਾ,
ਚਾਨਣੀ ਦੀ ਰਿਸ਼ਮ ਨੂੰ ਹੀ ਵਰਦਿਆਂ ਗੁਜ਼ਰੀ ਏ ਰਾਤ।

ਮੈਂ ਤੇਰੇ ਵਾਲਾਂ 'ਚ ਗੁੰਦਾਂ ਤਾਰਿਆਂ ਦੀ ਕਹਿਕਸ਼ਾਂ,
ਇਸ ਤਰ੍ਹਾਂ ਦੇ ਖ਼੍ਵਾਬ ਪੂਰੇ ਕਰਦਿਆਂ ਗੁਜ਼ਰੀ ਏ ਰਾਤ।

1

o

## ਜ਼ਿੰਦਗੀ ਨੂੰ ਵਰਨ ਦਾ

ਜ਼ਿੰਦਗੀ ਨੂੰ ਵਰਨ ਦਾ ਇਲਜ਼ਾਮ ਮੇਰੇ ਨਾਂ ਕਰੋ।
ਮਾਂਗ ਸੁੰਨੀ ਭਰਨ ਦਾ ਇਲਜ਼ਾਮ ਮੇਰੇ ਨਾਂ ਕਰੋ।

ਉਹਦਿਆਂ ਨੈਣਾਂ 'ਚ ਗੁੰਮੇ ਸ਼ਾਇਦ ਮੇਰੇ ਖ਼੍ਵਾਬ ਹੋਣ,
ਇਹ ਸਮੁੰਦਰ ਤਰਨ ਦਾ ਇਲਜ਼ਾਮ ਮੇਰੇ ਨਾਂ ਕਰੋ।

ਝੀਲ ਹੈ ਨੀਲੀ ਬਲੌਰੀ, ਪਾਰਦਰਸ਼ੀ ਨੀਰ ਵੇਖ,
ਸਰਦ ਹੌਕੇ ਭਰਨ ਦਾ ਇਲਜ਼ਾਮ ਮੇਰੇ ਨਾਂ ਕਰੋ।

ਵੇਖ ਲੈ ਨਿਰਵਸਤਰੀ ਹੈ, ਜਾਗਦੀ ਮੇਰੀ ਜ਼ਮੀਰ,
ਏਸ ਖ਼ਾਤਰ ਮਰਨ ਦਾ ਇਲਜ਼ਾਮ ਮੇਰੇ ਨਾਂ ਕਰੋ।

ਮੈਂ ਭਲਾ ਕਰਦਾ ਕਿਉਂ ਸੌਦਾਗਰੀ ਜੀ ਅਣਖ਼ ਨਾਲ,
ਜਿੱਤੀ ਬਾਜ਼ੀ ਹਰਨ ਦਾ ਇਲਜ਼ਾਮ ਮੇਰੇ ਨਾਂ ਕਰੋ।

ਮੈਂ ਕਲਾਵੇ ਭਰ ਰਿਹਾਂ ਹਾਂ, ਬਿਨ ਮਿਲੇ ਤੋਂ ਵੇਖ ਲਉ,
ਇਹ ਗੁਨਾਹ ਵੀ ਕਰਨ ਦਾ ਇਲਜ਼ਾਮ ਮੇਰੇ ਨਾਂ ਕਰੋ।

ਕਸਕ ਉੱਠਦੀ ਹੈ ਕਲੇਜੇ, ਕਰਕ ਜਾਵੇ ਆਰ ਪਾਰ,
ਹੂਕ ਦਿਲ ਦੀ ਜਰਨ ਦਾ ਇਲਜ਼ਾਮ ਮੇਰੇ ਨਾਂ ਕਰ

।

o

## ਧਰਤੀ ਵੀ ਬਦ ਰੰਗ

ਧਰਤੀ ਵੀ ਬਦ ਰੰਗ ਹੈ, ਅੰਬਰ ਵੀ ਕਾਲਾ ਹੈ।
ਪੁੱਛੀਏ ਕੀਹ, ਸਾਫ਼ ਦਿਸੇ, ਸਭ ਘਾਲ਼ਾ ਮਾਲ਼ਾ ਹੈ।

ਤੂੰ ਜਿਸਮ ਨਹੀਂ ਕੇਵਲ, ਇੱਕ ਰੂਹ ਦਾ ਕ੍ਰਿਸ਼ਮਾ ਹੈਂ,
ਅੰਦਰ ਤੇ ਬਾਹਰ ਤਿਰੇ, ਤਾਂ ਹੀ ਤੇ ਉਜਾਲਾ ਹੈ।

ਉਹ ਅਸਲ ਹਕੀਕਤ ਨੂੰ, ਪਹਿਚਾਨਣ ਯੋਗ ਨਹੀਂ,
ਨੀਯਤ ਵੀ ਸਾਫ਼ ਨਹੀਂ, ਅੱਖੀਆਂ 'ਚ ਵੀ ਜਾਲਾ ਹੈ।

ਗੁੱਸੇ ਵਿਚ ਜਦ ਬੋਲਾਂ, ਕੁਝ ਹੋਰ ਹੀ ਬਣ ਜਾਵਾਂ,
ਧੀਰਜ ਵੀ ਧਰਦਾ ਨਹੀਂ, ਅਕਲਾਂ ਤੇ ਵੀ ਤਾਲਾ ਹੈ।

ਬਗਲੇ ਨੂੰ ਭਗਤ ਕਹੋ, ਪਛਤਾਉਗੇ ਆਪੇ ਹੀ,
ਬਗਲਾਂ ਵਿਚ ਛੁਰੀਆਂ ਨੇ, ਹੱਥਾਂ ਵਿਚ ਮਾਲ਼ਾ ਹੈ।

ਆਂਦਰ ਦੇ ਧਾਗੇ ਵਿਚ, ਮੋਤੀ ਨੇ ਅੱਖਰਾਂ ਦੇ,
ਇਹ ਅਜਬ ਸਵੰਬਰ ਹੈ, ਕੈਸੀ ਵਰ ਮਾਲ਼ਾ ਹੈ।

ਬਾਪੂ ਜੀ ਅਨਪੜ੍ਹ ਸੀ, ਪਰ ਅਕਸਰ ਕਹਿੰਦੇ ਸੀ,
ਹਥਿਆਰ ਦਾ ਹਰ ਧਰਤੀ, ਹਰ ਥਾਂ ਮੂੰਹ ਕਾਲਾ ਹੈ।

।

ੁ

## ਜੇ ਤੂੰ ਸਭ ਕੁਝ ਸੌਂਪਣਾ

ਜੇ ਤੂੰ ਸਭ ਕੁਝ ਸੌਂਪਣਾ ਤਕਦੀਰ ਨੂੰ।
ਪੂੰਝ ਦੇਹ ਦਿਲ 'ਚੋਂ ਮੇਰੀ ਤਸਵੀਰ ਨੂੰ।

ਤੇਰੇ ਹੁੰਦੇ ਲੁਟ ਗਿਆ ਈਮਾਨ ਕਿਉਂ,
ਪੁੱਛੀਏ ਚੱਲ ਕਾਫ਼ਲੇ ਦੇ ਮੀਰ ਨੂੰ।

ਰੂਹ ਬਿਨਾਂ ਕਲਬੂਤ ਕਿੱਦਾਂ ਜੀ ਰਿਹਾ,
ਜੇ ਮਿਲੀ, ਪੁੱਛਾਂਗੇ ਆਪਾਂ ਹੀਰ ਨੂੰ।

ਜਿਸਮ ਤੋਂ ਵੀ ਪਾਰ ਕਰਕੇ, ਮਾਰ ਦੇ,
ਖਿੱਚ ਕੇ ਤੰਦੀ ਚਲਾ ਦੇ ਤੀਰ ਤੂੰ।

ਮੈਂ ਅਜੇ ਵਿਕਿਆ ਨਹੀਂ ਬਾਜ਼ਾਰ ਵਿਚ,
ਦੱਸ ਦੇ ਤੂੰ ਅੱਖ ਵਿਚਲੇ ਟੀਰ ਨੂੰ।

ਜੇ ਖ਼ੁਦਾ ਆਵੇ ਤਾਂ ਆਖੇ ਯਾ ਖ਼ੁਦਾ,
ਵੇਖ ਕੇ ਸ਼ੀਸ਼ੇ 'ਚ ਟੇਢੇ ਚੀਰ ਨੂੰ।

ਦਰਦ ਵੀ, ਅਹਿਸਾਸ ਵੀ ਤੇ ਬਹੁਤ ਕੁਝ,
ਪੜ੍ਹ ਲਿਆ ਕਰ ਅੱਖ ਵਿਚਲੇ ਨੀਰ ਨੂੰ।

1

ੁ

## ਡੇਰਾ ਲਾ ਕੇ ਬਹਿ ਨਾ ਜਾਵੇ

ਡੇਰਾ ਲਾ ਕੇ ਬਹਿ ਨਾ ਜਾਵੇ, ਸਾਡੇ ਪਿੰਡ ਤਕਰਾਰ ਦਾ ਮੌਸਮ।
ਇਸ ਦੇ ਪਿੱਛੇ ਪਿੱਛੇ ਆਉਂਦੈ, ਅਕਸਰ ਹੀ ਤਲਵਾਰ ਦਾ ਮੌਸਮ।

ਪਿੱਪਲ ਥੱਲੇ ਬਹੀਏ, ਜਾਂ ਫਿਰ ਗੋਲ ਮੇਜ਼ ਤੇ ਕਰੀਏ ਗੱਲਾਂ,
ਸਦਾ ਲਿਆਕਤ ਜਿੱਤ ਜਾਂਦੀ ਤੇ ਹਰ ਜਾਂਦਾ ਹਥਿਆਰ ਦਾ ਮੌਸਮ।

ਮੱਖੀ ਮੱਛਰ ਵਾਂਗੂੰ ਘੇਰੇ, ਮਨ ਮਸਤਕ ਤੇ ਸੋਚ ਵਿਚਾਰਾਂ,
ਚਿਹਰਾ ਬਦਲ-ਬਦਲ ਕੇ ਡੰਗੇ, ਟੀ ਵੀ ਤੇ ਅਖ਼ਬਾਰ ਦਾ ਮੌਸਮ।

ਧਰਮ ਗਰੰਥੋਂ ਪੱਤਰੇ ਪਾੜੇ, ਗੀਤਾ ਅਤੇ ਕੁਰਾਨ ਨਾ ਬਖਸ਼ੇ,
ਕੀਹ ਕੀਹ ਰੰਗ ਦਿਖਾਏ ਸਾਨੂੰ, ਤਿੱਖੇ ਚੋਣ ਬੁਖ਼ਾਰ ਦਾ ਮੌਸਮ।

ਨਜ਼ਰੋਂ ਗਿਰਿਆ ਬੰਦਾ ਜੀਕੂੰ, ਉੱਠ ਨਹੀਂ ਸਕਦਾ ਜ਼ੋਰ ਲਗਾ ਕੇ,
ਸਭ ਤੋਂ ਮਾਰੂ ਹੁੰਦੈ ਅਕਸਰ ਮਨ ਦੇ ਉਤਲੇ ਭਾਰ ਦਾ ਮੌਸਮ।

ਹੱਥ ਵਿਚ ਫ਼ੋਨ, ਮੋਬਾਈਲ, ਧਰਤੀ ਮੁੱਠੀ ਦੇ ਵਿਚ ਲੈ ਲਏ ਭਾਵੇਂ,
ਫਿਰ ਵੀ ਚੰਗਾ ਚੰਗਾ ਲੱਗਦੈ, ਖ਼ਤ, ਚਿੱਠੀ ਤੇ ਤਾਰ ਦਾ ਮੌਸਮ।

ਚਹੁੰ ਰੁੱਤਾਂ ਵਿਚ ਜ਼ਿੰਦਗੀ ਬੀਤੇ, ਦਿਵਸ ਮਹੀਨੇ ਸਾਲਾਂ ਅੰਦਰ,
ਖੁਸ਼ਬੋਈ ਵਿਸਵਾਸ਼ 'ਚ ਰੰਗਿਆ, ਪੰਜਵਾਂ ਹੁੰਦੈ ਪਿਆਰ ਦਾ ਮੌਸਮ।

1

O

## ਇੱਕ ਚਸ਼ਮਾ ਫੁੱਟਿਆ

ਇੱਕ ਚਸ਼ਮਾ ਫੁੱਟਿਆ, ਦਿਲ ਦੇ ਬਰਾਬਰ ਹੋ ਗਿਆ।
ਵੇਖ ਲੈ ਗ਼ਮ ਕਿਸ ਤਰ੍ਹਾਂ ਖ਼ੁਰ ਕੇ ਸਮੁੰਦਰ ਹੋ ਗਿਆ।

ਬਹੁਤ ਕੋਸਿਸ਼ ਕਰ ਰਿਹਾਂ, ਇਸ ਨੂੰ ਨਿਖ਼ਾਰਨ ਵਾਸਤੇ,
ਜ਼ਿੰਦਗੀ, ਨਕਸ਼ਾ ਤੇਰਾ ਪਹਿਲਾਂ ਤੋਂ ਬਦਤਰ ਹੋ ਗਿਆ।

ਹੁਣ ਤੇ ਸ਼ੀਸ਼ੇ ਵਾਂਗ ਹਰ ਦੀਵਾਰ ਮੂੰਹੋਂ ਬੋਲਦੀ,
ਕਿਉਂ ਭਲਾ ਹਰ ਬਿਰਖ਼ ਬੂਟਾ ਤੈਥੋਂ ਨਾਬਰ ਹੋ ਗਿਆ।

ਧਰਮ ਦੀ ਬੇੜੀ 'ਚ ਵੱਟੇ ਪਾ ਰਿਹਾ ਧਰਮਾਤਮਾ,
ਕੀਹ ਕਰਾਂ, ਇਹ ਵੇਖ ਕੇ ਮਨ ਫੇਰ ਕਾਫ਼ਰ ਹੋ ਗਿਆ।

ਤੀਰ ਤੇ ਤਲਵਾਰਧਾਰੀ ਰੋਜ਼ ਬੂਹੇ ਭੰਨਦੇ,
ਸਹਿਮ ਗਏ ਬੋਟਾਂ ਦੇ ਵਾਂਗੂੰ, ਕਿਉਂ ਮੇਰਾ ਘਰ ਹੋ ਗਿਆ।

ਦੌੜਦਾ ਫਿਰਦੈ ਗਲੀ ਬਾਜ਼ਾਰ ਅੰਦਰ ਰਾਤ ਦਿਨ,
ਅਣ ਕਮਾਇਆ ਧਨ ਕਿਉਂ, ਦੁਨੀਆਂ ਦਾ ਰਾਹਬਰ ਹੋ ਗਿਆ।

ਕਿਸ ਤਰ੍ਹਾਂ ਦੌਲਤ ਦਾ ਕਾਲਾ, ਫ਼ੈਲਿਆ ਹੈ ਰਾਜ ਭਾਗ,
ਨੇਰ੍ਹ ਘੁੰਮਣ ਘੇਰ ਵਾਂਗੂੰ ਧਰਤ ਅੰਬਰ ਹੋ ਗਿਆ।

1

O

## ਕਿਸ ਧਰਤੀ ਨੂੰ ਅਪਣੀ ਆਖਾਂ

ਕਿਸ ਧਰਤੀ ਨੂੰ ਅਪਣੀ ਆਖਾਂ, ਕਿਸ ਨੂੰ ਦਿਲ ਦੀ ਬਾਤ ਕਹਾਂ।
ਤੂੰ ਤਾਂ ਮੈਨੂੰ ਇਹ ਕਹਿੰਦਾ ਏਂ, ਦਿਨ ਨੂੰ ਦਿਨ ਨਹੀਂ, ਰਾਤ ਕਹਾਂ।

ਤੂੰ ਤੇ ਮੈਨੂੰ ਓਸੇ ਪਲ ਹੀ ਬੇਦਖ਼ਲਾਂ ਵਿਚ ਲਿਖ ਲੈਂਦੈਂ,
ਜੇ ਮੈਂ ਕਦੇ ਕਦਾਈਂ ਤੈਨੂੰ ਦਿਲ ਵਾਲੇ ਜਜ਼ਬਾਤ ਕਹਾਂ।

ਜੋ ਨਾਟਕ ਵਿਚ ਜ਼ਹਿਰ ਪਿਆਲਾ ਅਕਸਰ ਨਕਲੀ ਨਿੱਤ ਪੀਂਦਾ,
ਜ਼ਿਦ ਕਰਦਾ ਹੈ, ਜ਼ਿੰਦਗੀ ਵਿਚ ਵੀ, ਉਸ ਨੂੰ ਮੈਂ ਸੁਕਰਾਤ ਕਹਾਂ।

ਦਿਲ ਨੂੰ ਜੀਭ ਲਗਾਉਂਦਾ ਜੇ ਰੱਬ, ਆਹ ਦਿਨ ਤੱਕਣੋਂ ਬਚ ਰਹਿੰਦੇ,
ਸੁਰਤੀ ਟਪਲਾ ਖਾ ਜਾਂਦੀ ਹੈ, ਕਿਉਂ ਦਿਲ ਦੇ ਹਾਲਾਤ ਕਹਾਂ।

ਅੱਥਰੂ ਅੱਥਰੂ ਮਨ ਦਾ ਵਿਹੜਾ, ਝੜ ਗਏ ਫੁੱਲ ਅਨਾਰਾਂ ਦੇ,
ਖ਼ੁਾਬ ਨਗਰ ਵਿਚ ਗੜ੍ਹੇਮਾਰ ਨੂੰ, ਕਿੱਦਾਂ ਰੱਬ ਦੀ ਦਾਤ ਕਹਾਂ।

ਮੈਂ ਤੇ ਟੁੱਟਿਆ ਤਾਰਾ ਅੰਬਰੋਂ, ਭਟਕਣ ਵਿਚ ਹਾਂ ਅਜ਼ਲਾਂ ਤੋਂ,
ਹੋਰ ਭਰਮ ਨਹੀਂ ਪਲਦਾ ਮੈਥੋਂ, ਖ਼ੁਦ ਨੂੰ ਰੱਬ ਦੀ ਜ਼ਾਤ ਕਹਾਂ।

ਤੂੰ ਕਹਿੰਦਾ ਏ ਵਕਤ ਕਰੋਪੀ, ਲੈ ਕੇ ਆਇਐ ਧਰਤੀ ਤੇ,
ਨੀਤੀ ਵਿਚ ਬਦਨੀਤੀ ਕਾਰਨ, ਵਿਗੜੇ ਮੈਂ ਹਾਲਾਤ ਕਹਾਂ।

1

o

## ਮੈਂ ਚਾਹਾਂ ਰਾਤ ਰਾਣੀ

ਮੈਂ ਚਾਹਾਂ ਰਾਤ ਰਾਣੀ ਬਣ ਕੇ ਆਵੇਂ।
ਤੂੰ ਮੈਨੂੰ ਮਿਲ ਕਦੇ ਧੁੱਪੇ ਨਾ ਛਾਵੇਂ।

ਕਿਆਰੀ ਵਿੱਚ ਜੀਕੂੰ ਲਾਜਵੰਤੀ,
ਹਮੇਸ਼ਾਂ ਸਹਿਮ ਨਾ ਜਦ ਕੋਲ ਆਵੇਂ।

ਤੂੰ ਚੰਦਨ ਬਿਰਖ਼ ਨੂੰ ਗਲਵੱਕੜੀ ਪਾ,
ਤੇ ਛੱਡੀਂ ਜਦ ਬਰਾਬਰ ਮਹਿਕ ਜਾਵੇਂ।

ਕਰਾਂ ਮਹਿਸੂਸ ਖੁਸ਼ਬੂ ਦਾ ਕਲਾਵਾ,
ਤੂੰ ਮੇਰਾ ਨਾਮ ਲੈ ਜਦ ਵੀ ਬੁਲਾਵੇਂ।

ਜਿਵੇਂ ਖਿੜਦੀ ਦੁਪਹਿਰੀ ਕੜਕ ਧੁੱਪੇ,
ਮੈਂ ਚਾਹਾਂ ਤੂੰ ਵੀ ਏਦਾਂ ਮੁਸਕਰਾਵੇਂ।

ਤੂੰ ਆਪਣੀ ਰੂਹ ਨੂੰ ਬੇਪਰਦ ਰੱਖੀਂ,
ਜੇ ਪਾਏਂ ਵੇਸ ਤਾਂ ਕਿਰਨਾਂ ਦੇ ਪਾਵੇਂ।

ਸਵੇਰੇ ਮਹਿਕ ਮੈਨੂੰ "ਝਾਤ" ਆਖੂ,
ਤੂੰ ਸੁੱਚੀ ਚਾਂਦਨੀ ਜੇ ਘਰ 'ਚ ਲਾਵੇਂ।

1

o

## ਦਰਦ ਸਮੁੰਦਰ ਭਾਫ਼ ਬਣੇ

ਦਰਦ ਸਮੁੰਦਰ ਭਾਫ਼ ਬਣੇ ਤੇ ਅੱਥਰੂ ਬਣ ਕੇ ਵਰ੍ਹ ਜਾਂਦਾ ਏ।
ਦਿਲ ਦੇ ਟੋਏ, ਵੱਟਾਂ ਬੰਨੇ, ਜਲ ਥਲ ਛਹਿਬਰ ਕਰ ਜਾਂਦਾ ਏ।

ਧੜਕਣ ਵਰਗੇ ਮਨ ਦੇ ਮਹਿਰਮ, ਨੇੜੇ ਰਹਿ ਕੇ ਜੇ ਨਾ ਬੋਲਣ,
ਦਿਲ ਦਰਿਆ ਵੀ ਹੌਕੇ ਲੈਂਦਾ, ਛਾਲੇ ਵਾਂਗੂੰ ਭਰ ਜਾਂਦਾ ਏ।

ਦੁਨੀਆਂ ਜਿੱਤਣ ਤੁਰਿਆ ਏਂ ਤਾਂ, ਬੀਬਾ ਇਹ ਗੱਲ ਚੇਤੇ ਰੱਖੀਂ,
ਬਹੁਤੀ ਵਾਰ ਸਿਕੰਦਰ ਵਰਗਾ ਮਨ ਦੀ ਬਾਜ਼ੀ ਹਰ ਜਾਂਦਾ ਏ।

ਏਨੀ ਚੁੱਪ ਦਾ ਪਰਬਤ ਭਾਰਾ, ਚੁੱਕ ਲੈ, ਚੁੱਕ ਲੈ ਮੇਰੀ ਹਿੱਕ ਤੋਂ,
ਏਸ ਤਰ੍ਹਾਂ ਤਾਂ ਪਿਆਰ ਦਾ ਬੂਟਾ ਮਰਦਾ ਮਰਦਾ ਮਰ ਜਾਂਦਾ ਏ।

ਸੁਪਨੇ ਵਾਲੀ ਕੱਚੀ ਮਿੱਟੀ ਗੁੰਨ ਪਕਾ ਲੈ ਆਵੇ ਅੰਦਰ,
ਜੇ ਆਕਾਰ ਸਾਕਾਰ ਨਾ ਕਰੀਏ, ਕਣੀਆਂ ਦੇ ਵਿਚ ਖਰ ਜਾਂਦਾ ਏ।

ਸੂਰਜ ਗੋਡੀ ਲਾਉਂਦਾ ਜਦ ਵੀ, ਰਾਵੀ ਕੰਢੇ ਤੱਕਿਆ ਹੈ ਮੈਂ,
ਹਰ ਵਾਰੀ ਕਿਉਂ ਲੱਗਦੈ ਰਾਵੀ ਪਾਰ ਇਹ ਸਾਡੇ ਘਰ ਜਾਂਦਾ ਏ।

ਬਿਨ ਗੈਰਤ ਤੋਂ ਤਨ ਦੀ ਗੋਲੀ, ਔਖੀ ਭਾਰੀ ਹੋ ਗਈ ਚੁੱਕਣੀ,
ਬਿਨ ਪਰਵਾਜ਼ ਪਰਿੰਦਾ ਜੀਕੂੰ, ਕੰਬਦਾ ਰਹਿੰਦਾ, ਡਰ ਜਾਂਦਾ ਏ।

1

o

## ਉਹ ਤਾਂ ਕੇਵਲ ਚੋਲ਼ਾ ਬਦਲੇ

ਉਹ ਤਾਂ ਕੇਵਲ ਚੋਲ਼ਾ ਬਦਲੇ, ਕੌਣ ਕਹੇ ਮਾਂ ਮਰ ਜਾਂਦੀ ਹੈ।
ਪੁੱਤਰ ਧੀਆਂ ਅੰਦਰ ਉਹ ਤਾਂ, ਆਪਣਾ ਸਭ ਕੁਝ ਧਰ ਜਾਂਦੀ ਹੈ।

ਮਹਿਕ ਸਦੀਵੀ, ਮੋਹ ਦੀਆਂ ਤੰਦਾਂ, ਮਮਤਾ ਮੂਰਤ ਰੂਪ ਬਦਲਦੀ,
ਕਿੰਨੇ ਮਹਿੰਗੇ ਅਸਲ ਖ਼ਜ਼ਾਨੇ, ਦੇ ਕੇ ਝੋਲੀ ਭਰ ਜਾਂਦੀ ਹੈ।

ਸਬਰ, ਸਿਦਕ, ਸੰਤੋਖ, ਸਮਰਪਣ, ਸੇਵਾ, ਸਿਮਰਨ, ਸੁਰਤੀ ਸੁੱਚੀ,
ਸਬਕ ਸਦੀਵੀ ਹੋਰ ਬੜਾ ਕੁਝ, ਆਪ ਹਵਾਲੇ ਕਰ ਜਾਂਦੀ ਹੈ।

ਘਰ ਦੀ ਥੁੜ ਨੂੰ ਕੱਜਦੀ ਕੱਜਦੀ, ਆਪ ਟਾਕੀਆਂ ਲਾਉਂਦੀ ਰਹਿੰਦੀ,
ਰਿਸ਼ਤੇ ਨਾਤੇ ਜੋੜ ਜੋੜ ਕੇ, ਨੀਂਹ ਨੂੰ ਪੱਕਿਆਂ ਕਰ ਜਾਂਦੀ ਹੈ।

ਮਿੱਟੀ ਦੇ ਸੰਗ ਮਿੱਟੀ ਹੋ ਕੇ, ਮਿੱਟੀ 'ਚੋਂ ਆਕਾਰ ਸਿਰਜਦੀ,
ਟੁੱਟ ਜਾਵੇ ਨਾ ਖੇਡ ਖਿਡਾਉਣਾ, ਸੋਚ ਸੋਚ ਮਾਂ ਡਰ ਜਾਂਦੀ ਹੈ।

ਧਰਤੀ ਮਾਂ ਤੇ ਅੰਬਰ ਬਾਬਲ, ਰੂਹ ਦਾ ਸੂਰਜ ਕੌਣੀ ਟਿੱਕਾ,
ਲੈ ਕੇ ਸੂਹੀ ਸਿਰ ਫੁਲਕਾਰੀ, ਚੰਨ ਨੂੰ ਚਾਨਣੀ ਵਰ ਜਾਂਦੀ ਹੈ।

ਧਰਤੀ ਮਾਂ ਦੀ ਧੀ ਸੁਚਿਆਰੀ, ਮੇਰੀ ਮਾਂ ਦੇ ਵਰਗੀ ਹਰ ਮਾਂ,
ਬਿਨ ਕੋਸ਼ਿਸ਼ ਤੋਂ ਮਾਂ ਬੋਲੀ ਦਾ ਸ਼ਬਦ-ਭੰਡਾਰਾ ਭਰ ਜਾਂਦੀ ਹੈ।

l

o

## ਦੀਨਾ ਕਾਂਗੜ ਵਿਚ ਬਹਿ ਲਿਖਿਆ

ਦੀਨਾ ਕਾਂਗੜ ਵਿਚ ਬਹਿ ਲਿਖਿਆ, ਕੀਹ ਐਸਾ ਪਰਵਾਨੇ ਤੇ।
ਔਰੰਗਜ਼ੇਬ ਤੜਫਿਆ ਪੜ੍ਹ ਕੇ, ਲੱਗਿਆ ਤੀਰ ਨਿਸ਼ਾਨੇ ਤੇ।

ਖਿਦਰਾਣੇ ਦੀ ਢਾਬ ਨੂੰ ਜਾਂਦਾ, ਮਾਰਗ ਅੱਜ ਕਿਉਂ ਖਾਲੀ ਹੈ,
ਪੁੱਤਰ ਧੀਆਂ ਪੜ੍ਹਦੇ ਕਿਉਂ ਨਹੀਂ, ਕੀਹ ਲਿਖਿਆ ਅਫ਼ਸਾਨੇ ਤੇ।

ਵੇਲ ਧਰਮ ਦੀ ਸੂਹੇ ਪੱਤੇ, ਸੁੱਕਦੇ ਜਾਂਦੇ ਬਿਰਖ਼ ਕਿਉਂ,
ਅਮਰ-ਵੇਲ ਕਿਉਂ ਚੜ੍ਹਦੀ ਜਾਂਦੀ, ਰੰਗ ਰੱਤੜੇ ਮਸਤਾਨੇ ਤੇ।

ਚਾਲੀ ਸਿੰਘ ਤੇ ਮੁਕਤੀ ਪਾ ਗਏ, ਬੇਦਾਵੇ ਤੇ ਲੀਕ ਫਿਰੀ,
ਰਣਭੂਮੀ ਵਿਚ ਜੋ ਨਾ ਪਹੁੰਚਾ, ਗੁਜ਼ਰੀ ਕੀਹ ਦੀਵਾਨੇ ਤੇ।

ਸ਼ਮ੍ਹਾਂਦਾਨ ਵਿਚ ਤੇਲ ਨਾ ਬੱਤੀ, ਚਾਰ ਚੁਫ਼ੇਰ ਹਨ੍ਹੇਰ ਜਿਹਾ,
ਲਾਟ ਗਵਾਚੀ ਵੇਖੀ ਜਦ ਉਸ ਬੀਤੀ ਕੀਹ ਪ੍ਰਵਾਨੇ ਤੇ।

ਆਪ ਅਜੇ ਜੋ ਕਦਮ ਨਾ ਤੁਰਿਆ, ਸਫ਼ਰ ਮੁਕਾਉਣਾ ਉਸ ਨੇ ਕੀਹ,
ਸ਼ੀਸ਼ ਵਿਚ ਨਾ ਚਿਹਰਾ ਵੇਖ, ਸ਼ਿਕਵਾ ਕਰ ਜ਼ਮਾਨੇ ਤੇ।

ਜ਼ੋਰਾਵਰ ਦਾ ਸੱਤੀਂ ਵੀਹੀਂ, ਸਿਰਫ਼ ਸੈਂਕੜਾ ਅੱਜ ਵੀ ਹੈ,
ਧਰਮ ਨਿਤਾਣਾ ਅੱਜ ਕਿਉਂ ਰੁਲਦਾ, ਵਿਕਦਾ ਆਨੇ ਆਨੇ ਤੇ।

l

o

## ਪਹਿਲਾ ਬੋਲ ਸਮਰਪਿਤ ਮੇਰਾ

ਪਹਿਲਾ ਬੋਲ ਸਮਰਪਿਤ ਮੇਰਾ, ਕੁੱਲ ਧਰਤੀ ਦੀਆਂ ਮਾਵਾਂ ਨੂੰ।
ਪਾਲ ਪੋਸ ਜਿਨ ਵੱਡਿਆਂ ਕੀਤਾ, ਨਿੱਕਿਆਂ ਨਿੱਕਿਆਂ ਚਾਵਾਂ ਨੂੰ।

ਧਰਮੀ ਬਾਬਲ ਜੁਗਤ ਸਿਖਾਈ, ਚੜ੍ਹਦੇ ਪਾਣੀ ਤਰਨ ਲਈ,
ਪਾਰ ਕਰਨ ਦੀ ਤਾਕਤ ਬਖ਼ਸ਼ੀ, ਭਰ ਵਗਦੇ ਦਰਿਆਵਾਂ ਨੂੰ।

ਰੂਪ ਮੇਰੇ ਵਿੱਚ ਤੂੰ ਵੀ ਸ਼ਾਮਿਲ, ਸੂਰਜ ਦੀ ਲਿਸ਼ਕੋਰ ਦੇ ਵਾਂਗ,
ਨਵਾਂ ਨਵੇਲਾ ਰੰਗ ਚੜ੍ਹਾਇਆ, ਆਉਂਦੇ ਜਾਂਦੇ ਸਾਹਵਾਂ ਨੂੰ।

ਘਾਹ ਦੀਆਂ ਪੱਤੀਆਂ, ਤਰੇਲ ਦੇ ਮੋਤੀ, ਕਰਨ ਗੁਫ਼ਤਗੂ ਸ਼ਾਮ ਸਵੇਰ,
ਵੇਖ ਲਿਆ ਕਰ ਤੜਕਸਾਰ ਤੂੰ, ਮਨ ਤੋਂ ਮਨ ਦੇ ਰਾਹਵਾਂ ਨੂੰ।

ਸੱਜਰੀ ਸੱਜਰੀ, ਕੋਸੀ ਕੋਸੀ, ਸਿਖ਼ਰ ਸਿਆਲੀ ਧੁੱਪ ਦੇ ਵਾਂਗ,
ਰਿਸ਼ਮ ਰੁਪਹਿਲੀ ਬਣ ਆਇਆ ਕਰ, ਸਾਡੇ ਵਤਨ ਗਿਰਾਵਾਂ ਨੂੰ।

ਬੱਚਿਆਂ ਹੱਥੋਂ ਟੁੱਕਰ ਖੋਂਹਦੇ, ਝਪਟ ਮਾਰ ਕੇ ਉੱਡ ਜਾਂਦੇ,
ਮਾਰ ਗੁਲੇਲਾਂ ਚੱਲ ਉਡਾਈਏ, ਮੱਕੀਆਂ ਡੁੰਗਦੇ ਕਾਵਾਂ ਨੂੰ।

ਉਂਗਲੀ ਪਕੜ ਸਿਖਾਇਆ ਤੁਰਨਾ, ਪਰ ਦਿੱਤੇ ਨੇ ਉੜਨ ਲਈ,
ਸਦਾ ਸਲਾਮਤ ਰੱਖੀਂ ਮੌਲਾ, ਮੇਰੇ ਭੈਣ ਭਰਾਵਾਂ ਨੂੰ।

1

o

## ਸਦੀਆਂ ਮਗਰੋਂ ਅੱਜ ਵੀ ਡਾਢੇ

ਸਦੀਆਂ ਮਗਰੋਂ ਅੱਜ ਵੀ ਡਾਢੇ, ਮਾਰਨ ਗਊ ਗਰੀਬ ਤੇ ਧਾੜਾ।
ਪਰਸੂ ਰਾਮ ਚਲਾਉ ਜੀ ਹੁਣ, ਜਾਬਰ ਉੱਤੇ ਤੇਜ਼ ਕੁਹਾੜਾ।

ਜ਼ਰ ਜਰਵਾਣੇ ਕਾਬਜ਼ ਹੋ ਗਏ, ਧਰਮ ਵਰਤ ਕੇ ਸ਼ਕਤੀ ਉੱਤੇ,
ਬਾਹੂਬਲੀ ਬਣੇ ਵਰਦਾਨੀ, ਗਿਆਨਵੰਤ ਮਾੜੇ ਦਾ ਮਾੜਾ।

ਅੰਧਲੀ ਅੰਧਲੇ ਮਾਪਿਆਂ ਵਾਂਗੂ, ਬੇਵੱਸ ਜਨਤਾ ਰਾਹੀਂ ਬੈਠੀ,
ਪਾਲ ਪੋਸ ਕੇ ਗੱਭਰੂ ਕੀਤਾ, ਸਰਵਣ ਪੁੱਤਰ ਮੰਗਦਾ ਭਾੜਾ।

ਕੁੱਲ ਦੁਨੀਆਂ ਦੇ ਧਰਮ ਗਰੰਥਾਂ, ਲਿਖਕੇ ਸਾਨੂੰ ਇਹ ਸਮਝਾਇਆ,
ਕੰਚਨ ਕਾਇਆ ਨੂੰ ਖਾ ਜਾਵੇ, ਮਨ ਮੰਦਰ ਦਾ ਕੀਨਾ ਸਾੜਾ।

ਮੁੱਠੀ ਦੇ ਵਿੱਚ ਦੁਨੀਆਂ ਕਰਦੇ, ਕਿੱਥੋਂ ਕਿੱਥੇ ਪਹੁੰਚ ਗਏ ਹਾਂ,
ਆਪਣੇ ਘਰ ਪਰਦੇਸੀ, ਵਧਿਆ, ਬੰਦੇ ਤੋਂ ਬੰਦੇ ਵਿੱਚ ਪਾੜਾ।

ਭਰਮ ਨਹੀਂ, ਵਿਸ਼ਵਾਸ ਪੁਰਾਣਾ, ਹੁਣ ਤੀਕਰ ਵੀ ਨਾਲ ਬਰਾਬਰ,
ਦੋ ਹੱਥਾਂ ਤੋਂ ਵੱਡਾ ਕਿਧਰੇ, ਦਿਸਿਆ ਹੀ ਨਹੀਂ ਕਿਸਮਤ ਘਾੜਾ।

ਅੰਧੀ ਰੱਯਤ ਗਿਆਨ ਵਿਹੂਣੀ, ਲਾਮਡੋਰ ਬੰਨ੍ਹ ਤੁਰਦੀ ਜਾਵੇ,
ਆਜੜੀਆਂ ਦੇ ਕਬਜ਼ੇ ਅੰਦਰ, ਹਾਲੇ ਵੀ ਭੇਡਾਂ ਦਾ ਵਾੜਾ।

1

੦

## ਮੇਰਾ ਵੀਰ ਜਤਿੰਦਰ ਪੰਨੂੰ

ਮੇਰਾ ਵੀਰ ਜਤਿੰਦਰ ਪੰਨੂੰ, ਤੇਜ਼ ਧਾਰ ਤਲਵਾਰ ਦੇ ਵਰਗਾ।
ਹਰ ਪਲ ਹਰ ਥਾਂ, ਨਜ਼ਰ ਟਿਕਾਏ, ਕੋਈ ਨਾ ਮੇਰੇ ਯਾਰ ਦੇ ਵਰਗਾ।

ਉਸ ਨੂੰ ਸੁਣ ਕੇ ਹਰ ਵਾਰੀ ਹੀ, ਜੀਅ ਕਰਦਾ ਹੈ ਸੁਣਦੇ ਰਹੀਏ,
ਦੁਸ਼ਮਣ ਖ਼ਾਤਰ ਸ਼ਬਦ ਹਮੇਸ਼ਾਂ, ਵਰਤੇ ਤੇਜ਼ ਕਟਾਰ ਦੇ ਵਰਗਾ।

ਤਰਨ ਤਾਰਨੀ ਪੌਣ ਤੇ ਪਾਣੀ ਸਾਹੀਂ ਬਾਣੀ ਗੁਰ ਅਰਜੁਨ ਦੀ,
ਦੁਸ਼ਟ ਦਮਨ ਦਾ ਆਗਿਆਕਾਰੀ, ਅਣਖ਼ੀਲੀ ਭਬਕਾਰ ਦੇ ਵਰਗਾ।

ਤਰਕ, ਦਲੀਲ ਤੇ ਸ਼ਬਦ ਮੁਹਾਰਤ, ਚਿਣ ਚਿਣ ਵਾਕ ਪੜ੍ਹਾਵੇ ਸਾਨੂੰ,
ਮੇਰੇ ਦੇਸ਼ ਪੰਜਾਬ ਦੀ ਪੂੰਜੀ, ਦਾਨਿਸ਼ਵਰ ਦਸਤਾਰ ਦੇ ਵਰਗਾ।

ਮੰਡੀ ਅੰਦਰ ਮਾਲ ਵਿਕਾਊ, ਸ਼ਰਮ ਧਰਮ ਸਭ ਲੁਕਦੇ ਫਿਰਦੇ,
ਦੇਸ ਅਤੇ ਪਰਦੇਸ 'ਚ ਬੜ੍ਹਕੇ, ਸਾਣ ਚੜ੍ਹੇ ਹਥਿਆਰ ਦੇ ਵਰਗਾ।

ਧਰਤੀ ਦੀ ਮਰਿਆਦਾ ਸਮਝੇ, ਬੀਤਿਆ, ਅੱਜ, ਤੇ ਜਾਣੇਂ ਕੱਲ੍ਹ ਨੂੰ,
ਸੂਰਜ ਤੋਂ ਪਰਵਾਜ਼ ਅਗੇਰੇ, ਰੂਹੋਂ ਬਾਜ਼ ਉਡਾਰ ਦੇ ਵਰਗਾ।

ਅਗਨ ਨਿਰੰਤਰ, ਲਗਨ ਅਥਾਹ ਤੇ, ਦਮ ਦਮ ਫ਼ਿਕਰ ਸਵਾਸੀਂ ਤੁਰਦੇ,
ਕਰੇ ਨਿਸ਼ਾਵਰ ਦਿਲ ਦੀ ਪੂੰਜੀ, ਦੌਲਤਮੰਦ ਦਿਲਦਾਰ ਦੇ ਵਰਗਾ।

1

੦

## ਰਾਮ ਦਾਸ ਗੁਰ ਮੋਹੜੀ ਗੱਡੀ

ਰਾਮ ਦਾਸ ਗੁਰ ਮੋਹੜੀ ਗੱਡੀ, ਜਿਹੜੀ ਥਾਂ ਸਿਫ਼ਤੀ ਦਾ ਘਰ ਹੈ।
ਸਰਬ ਕਲਾ ਸੰਪੂਰਨ ਨਗਰੀ, ਗੁਰ ਕੇ ਕਾਰਨ ਅੰਮ੍ਰਿਤਸਰ ਹੈ।

ਧਰਮ ਕਰਮ ਲਈ ਹਰਿਮੰਦਰ ਹੈ, ਗੁਰ ਅਰਜਨ ਦੀ ਦੂਰ ਦ੍ਰਿਸ਼ਟੀ,
ਮੀਆਂਮੀਰ ਬਰਾਬਰ ਬੈਠਾ, ਸਰਬ ਕਾਲ ਦਾ ਦੀਦਾਵਰ ਹੈ।

ਹਰਗੋਬਿੰਦ ਗੁਰੂ ਦੀ ਪੀਰੀ, ਨਾਲ ਖੜ੍ਹੀ ਕਿਰਪਾਲੂ ਪੀਰੀ,
ਤਖ਼ਤ ਅਕਾਲ ਉਸਾਰਨਹਾਰਾ, ਨਿਰਭਓ ਤੇ ਨਿਰਵੈਰੀ ਦਰ ਹੈ।

ਇੱਕ ਮਾਰਗ ਦੇ ਪਾਂਧੀ ਖ਼ਾਤਰ, ਚਾਰੇ ਬੂਹੇ ਹਰ ਪਲ ਖੁੱਲ੍ਹੇ,
ਸੁਰਤਿ ਇਕਾਗਰ ਜੇਕਰ ਹੋਵੇ, ਸੱਖਣੀ ਝੋਲੀ ਦੇਂਦਾ ਭਰ ਹੈ।

ਬਿਪਰਨਵਾਦੀਆਂ ਭੇਸ ਬਦਲਿਆ, ਰਾਖੇ ਬਣ ਗਏ ਸਾਡੇ ਘਰ ਦੇ,
ਅਮਰਵੇਲ ਮੁੜ ਬੇਰੀ ਚੜ੍ਹ ਗਈ, ਚੱਟ ਨਾ ਜਾਵੇ ਏਹੀ ਡਰ ਹੈ।

ਸ਼ਬਦ ਗੁਰੂ ਸੰਦੇਸ਼ ਸੁਹਾਵਾ, ਸਾਡੀ ਰੂਹ ਤੇ ਪਰਚਮ ਝੂਲੇ,
ਘਰ ਘਰ ਉੱਸਰੇ ਧਰਮਸਾਲ ਦਾ, ਗੁਰ ਮੇਰੇ ਨੇ ਦਿੱਤਾ ਵਰ ਹੈ।

ਧਰਤਿ ਗਗਨ ਤੇ ਕੁੱਲ ਸ੍ਰਿਸ਼ਟੀ, ਪੱਤੇ ਪੱਤੇ ਗੋਬਿੰਦ ਬੈਠਾ,
ਆਦਿ ਜੁਗਾਦੀ ਜੋਤ ਨਿਰੰਤਰ, ਨੂਰ ਨੂਰਾਨੀ ਦਾ ਸਰਵਰ ਹੈ।

1

## ਛਾਂਗੇ ਰੁੱਖ ਦੀ ਟੀਸੀ ਬਹਿ ਕੇ

ਛਾਂਗੇ ਰੁੱਖ ਦੀ ਟੀਸੀ ਬਹਿ ਕੇ, ਸੁਣ ਲਉ ਕੀ ਕੁਝ ਮੋਰ ਬੋਲਦਾ।
ਕੱਲ ਮੁ ਕੱਲ੍ਹਾ ਮੁੱਕ ਨਾ ਜਾਵਾਂ, ਆਪਣੇ ਵਰਗੇ ਹੋਰ ਟੋਲਦਾ।

ਸੱਤ ਰੰਗੀ ਅਸਮਾਨ ਦੀ ਲੀਲ੍ਹਾ, ਖੰਭਾਂ ਅੰਦਰ ਸਗਲ ਸਮੋਈ,
ਮੋਰਨੀਆਂ ਬਿਨ ਦੱਸੋ ਕਿੱਸਰਾਂ ਦਿਲ ਦੇ ਗੁੱਝੇ ਭੇਤ ਖੋਲ੍ਹਦਾ।

ਰੂਹ ਤੇ ਭਾਰ ਪਿਆਂ ਤੇ ਅੱਥਰੂ, ਵਹਿਣ ਪਏ ਦਰਿਆ ਦੇ ਵਾਂਗੂੰ,
ਦਿਲ ਦੇ ਵਰਕੇ ਪੀੜ ਪਰੁੱਚੇ, ਤੇਰੇ ਤੋਂ ਬਿਨ ਕੌਣ ਫ਼ੋਲਦਾ।

ਮਨ ਦੇ ਮਹਿਰਮਯਾਰ ਬਿਨਾ ਦੱਸ, ਕਿਹੜਾ ਵੈਦ ਨਿਵਾਰੇ ਮਰਜ਼ਾਂ,
ਸਾਹਾਂ ਦੀ ਮਾਲਾ ਦੇ ਮਣਕੇ, ਥਿੜਕ ਰਹੇ ਤੇ ਚਿੱਤ ਡੋਲਦਾ।

ਤੂੰ ਪੁੱਛਿਐ ਕਿ ਮੇਰੇ ਮਗਰੋਂ, ਮਨ ਤੇਰੇ ਦੀ ਹਾਲਤ ਕੈਸੀ,
ਦਰਦਾਂ ਵਾਲੀ ਗਠੜੀ ਨੂੰ ਮੈਂ, ਤੱਕੜੀ ਦੇ ਵਿੱਚ ਕਿਵੇਂ ਤੋਲਦਾ।

ਸਾਰੀ ਧਰਤ ਵੈਰਾਗਣ ਹੋ ਗਈ, ਪੂਰਨ ਪੁੱਤ ਬਰੋਟਿਆਂ ਮਗਰੋਂ,
ਛਾਵਾਂ ਲੱਭਣ ਮਾਵਾਂ ਇੱਛਰਾਂ, ਪਾਰੇ ਵਾਂਗੂੰ ਚਿੱਤ ਡੋਲਦਾ।

ਬਹੁਤਾ ਉੱਚੀ ਬੋਲ ਬੋਲ ਕੇ, ਜੋ ਕੰਨਾਂ ਦੇ ਦਰ ਖੜਕਾਵੇ,
ਅੰਦਰੋਂ ਬਾਹਰੋਂ ਖਾਲਮ ਖ਼ਾਲੀ, ਭੇਤੀ ਹਾਂ ਮੈਂ ਏਸ ਢੋਲ ਦਾ।

1

## ਜਿਸ ਨੂੰ ਲੋਕੀਂ ਕਹਿਣ ਆਜ਼ਾਦੀ

ਜਿਸ ਨੂੰ ਲੋਕੀਂ ਕਹਿਣ ਆਜ਼ਾਦੀ, ਇਸ ਦਾ ਲੈ ਨਾ ਨਾਂ ਵੇ ਬੱਚਿਆ।
ਸੇਕ ਰਹੇ ਸੰਤਾਲੀ ਤੋਂ ਹੀ, ਅਗਨ ਬਿਰਖ਼ ਦੀ ਛਾਂ ਵੇ ਬੱਚਿਆ।

ਮਰਦੇ ਦਮ ਤੱਕ ਬਾਬਲ ਤੇਰਾ, ਰਿਹਾ ਤੜਫ਼ਦਾ ਆਪਣੇ ਪਿੰਡ ਨੂੰ,
ਇਹ ਧਰਤੀ ਨਾ ਬਣੀ ਕਦੇ ਵੀ, ਉਸ ਦੀ ਖ਼ਾਤਰ ਮਾਂ ਵੇ ਬੱਚਿਆ।

ਕੇਰੇ ਬੀਜ ਸਿਆੜਾਂ ਅੰਦਰ, ਖ਼ੂਨ ਪਸੀਨਾ ਬੜਾ ਖ਼ਰਚਿਆ,
ਸਾਡੀ ਫ਼ਸਲ ਉਮੀਦਾਂ ਵਾਲੀ, ਚੂੰਡ ਗਏ ਸਭ ਕਾਂ ਵੇ ਬੱਚਿਆ।

ਭਰੇ ਭਕੁੰਨੇ ਘਰ ਨੂੰ ਛੱਡਿਆ, ਤਨ ਦੇ ਤਿੰਨੇ ਕੱਪੜੇ ਲੈ ਕੇ,
ਇਲਮ ਨਹੀਂ ਸੀ ਉੱਜੜਨ ਵੇਲੇ, ਮੁੜਨਾ ਨਹੀਂ ਇਸ ਥਾਂ ਵੇ ਬੱਚਿਆ।

ਦਸ ਲੱਖ ਤੋਂ ਵੱਧ ਚੰਨ ਸਿਤਾਰੇ, ਮਾਵਾਂ ਵਾਰੇ ਕਿਹੜੇ ਲੇਖੇ,
ਜਸ਼ਨ ਮਨਾਉਂਦਿਆਂ ਨੂੰ ਤੂੰ ਪੁੱਛੀਂ, ਜਦ ਹੋਵੇ ਚੁੱਪ ਚਾਂ ਵੇ ਬੱਚਿਆ।

ਇਹ ਰਾਜੇ ਇਹ ਰਾਜ ਘਰਾਣੇ, ਸਾਡੀ ਰੂਹ ਦੇ ਜ਼ਖ਼ਮ ਪੁਰਾਣੇ,
ਇੱਕੋ ਤਾਸ਼ ਬਵੰਜਾ ਪੱਤੇ, ਚਾਰਨ ਭੋਲ਼ੀ ਗਾਂ ਵੇ ਬੱਚਿਆ।

ਓਹੀ ਸਫ਼ਰ ਬਿਖੜਿਆ ਪੈਂਡਾ, ਰਾਤ ਦਿਵਸ ਦੇ ਸੰਸੇ ਝੋਰੇ,
ਸਿਰਫ਼ ਟਿਕਾਣਾ ਬਦਲ ਗਿਆ ਹੈ, ਇਹ ਕੁਝ ਦੱਸਿਐ ਤਾਂ ਵੇ ਬੱਚਿਆ।

1

੦

## ਵੇਖ ਲਵੋ ਇਹ ਮੋਮ ਤੇ ਬੱਤੀ

ਵੇਖ ਲਵੋ ਇਹ ਮੋਮ ਤੇ ਬੱਤੀ, ਜਦ ਕਿਧਰੇ ਵੀ ਰਲ਼ ਕੇ ਜਗਦੇ।
ਪਿਘਲੇ ਗੂੜ੍ਹ ਹਨੇਰਾ ਬਿਨਸੇ, ਚਾਨਣ ਦੇ ਦਰਿਆ ਨੇ ਵਗਦੇ।

ਸ਼ਬਦ ਗੁਆਚੇ ਅੱਖਰ ਅੱਖਰ, ਨੈਣੀਂ ਜੋਤ ਬਣਨ ਤੇ ਬੋਲਣ,
ਅਰਥਾਂ ਤੀਕ ਪੁਚਾਵੀਂ ਸਾਨੂੰ, ਰੱਖ ਸਦਾ ਜੀਵਨ ਵਿੱਚ ਦਗਦੇ।

ਜਿਨ੍ਹਾਂ ਕੋਲ ਤੁਰਨ ਦੀ ਇੱਛਿਆ, ਪਰਬਤ ਸਿਖ਼ਰ ਪਹੁੰਚਦੇ ਯਾਰੋ,
ਮੈਂ ਵੇਖੇ ਨੇ ਹਿੰਮਤੀਆਂ ਨੂੰ, ਹੌਂਸਲਿਆਂ ਦੇ ਪਰ ਵੀ ਲਗਦੇ।

ਬਹਿ ਜਾਵੋ ਤਾਂ ਇਹ ਤਨ ਗੋਹਾ, ਜੇ ਤੁਰ ਪਉ ਬਣ ਜਾਵੇ ਲੋਹਾ,
ਕਰਮ ਧਰਮ ਜੇ ਬਣ ਜਾਵੇ ਤਾਂ, ਮਨ ਤੰਦੂਰ ਨਿਰੰਤਰ ਮਘਦੇ।

ਬਹੁਤੀ ਵਾਰੀ ਗੱਲੀਂ ਬਾਤੀਂ, ਜੋ ਹੁੰਦੇ ਨੇ ਸ਼ਬਦ-ਸਿਕੰਦਰ,
ਇਮਤਿਹਾਨ ਵਿੱਚ ਪੈਣ ਸਾਰ ਹੀ, ਬਹਿ ਜਾਂਦੇ ਨੇ ਵਾਂਗੂੰ ਝਗ ਦੇ।

ਪੰਜ ਦਰਿਆ ਸੀ ਸਿਦਕ ਸਮਰਪਣ ਸੇਵਾ ਸਿਮਰਨ ਸੱਚ ਤੇ ਪਹਿਰਾ,
ਸਾਡੀ ਗ਼ਫ਼ਲਤ ਦੇ ਟਿੱਬਿਆਂ ਵਿੱਚ, ਜੀਰ ਗਏ ਕਿਉਂ ਪਾਣੀ ਵਗਦੇ।

ਤਾਰਨਹਾਰ ਵਿਚਾਰ ਦੀ ਸ਼ਕਤੀ, ਵਾਧੂ ਵਸਤੂ ਵਾਂਗ ਵਿਸਾਰੇਂ,
ਪੰਡਿਤ ਜੀ ਨੇ ਲਾ ਲਿਆ ਪਿੱਛੇ, ਤੈਨੂੰ ਕਿਉਂ ਮੁੰਦਰੀ ਦੇ ਨਗ ਦੇ।

1

੦

## ਧੋ ਦੇ ਰੂਹ ਤੋਂ ਨਕਸ਼ ਉਦਾਸੇ

ਧੋ ਦੇ ਰੂਹ ਤੋਂ ਨਕਸ਼ ਉਦਾਸੇ, ਹੱਸਿਆ ਕਰ ਮੁਸਕਾਇਆ ਕਰ ਤੂੰ।
ਜ਼ਿੰਦਗੀ ਤਾਂ ਇੱਕ ਅਮਰ ਗੀਤ ਹੈ, ਨਾ ਦਿਲ ਚਾਹੇ ਗਾਇਆ ਕਰ ਤੂੰ।

ਜਿਹੜੀ ਦਸਤਕ ਸੁਪਨੇ ਅੰਦਰ, ਵਾਰ ਵਾਰ ਖੜਕਾਵੇ ਬੂਹੇ,
ਖੋਲ੍ਹ ਦਿਆ ਕਰ ਮਨ ਦੇ ਜੰਦਰੇ, ਉਸ ਨੂੰ ਦਰਦ ਸੁਣਾਇਆ ਕਰ ਤੂੰ।

ਤੇਰੇ ਨਾਲੋਂ ਵਧ ਕੇ ਦੁਖੀਏ, ਹੋਰ ਬਥੇਰੇ ਉਹ ਵੀ ਲੋਕੀਂ,
ਜਿੰਨ੍ਹਾਂ ਕੋਲ ਸ਼ਬਦ ਵੀ ਹੈ ਨਹੀਂ, ਦਿਲ ਨੂੰ ਇਹ ਸਮਝਾਇਆ ਕਰ ਤੂੰ।

ਜਿੱਥੇ ਰੀਝਾਂ, ਸੁਪਨੇ ਸੂਹੇ, ਖ਼ੁਸ਼ਬੋਈਆਂ ਨੇ ਚੌਂਕ ਚੁਰਸਤੇ,
ਘੁੰਮਣਘੇਰਾ ਤੋੜਨ ਮਗਰੋਂ, ਓਸ ਨਗਰ ਵੀ ਜਾਇਆ ਕਰ ਤੂੰ।

ਤਰੇਲ ਦੇ ਮੋਤੀ ਫੁੱਲਾਂ ਉੱਤੇ, ਦਿਨ ਚੜ੍ਹਦੇ ਤਾਂ ਸਾਥ ਨਿਭਾਉਂਦੇ,
ਰੰਗ ਉਦਾਸ ਨਾ ਹੋਣ ਦਿਆ ਕਰ, ਖ਼ੁਸ਼ਬੋਈ ਬਣ ਜਾਇਆ ਕਰ ਤੂੰ।

ਦਰਦ ਪੋਟਲੀ ਦੇ ਜਾਂਦੇ ਨੇ, ਅਕਸਰ ਹੁਣ ਤਾਂ ਬਹੁਤੇ ਆਪਣੇ,
ਇਹ ਅਣਮਿਣਵੀਂ ਮਹਿੰਗੀ ਪੂੰਜੀ, ਹੱਸ ਕੇ ਝੋਲੀ ਪਾਇਆ ਕਰ ਤੂੰ।

ਵਿੰਗ ਤੜਿੰਗੇ ਰਾਹ ਤੇ ਪੈਂਡੇ, ਅਸਲ ਕਿਤਾਬ ਹਯਾਤੀ ਵਾਲੀ,
ਡੋਲਦਿਆਂ ਕਦਮਾਂ ਨੂੰ ਇਸ ਤੋਂ, ਪੜ੍ਹ ਕੇ ਸਬਕ ਪੜ੍ਹਾਇਆ ਕਰ ਤੂੰ।

1

o

## ਕਮਲ਼ੇ ਨੇ ਲੋਕ ਜਿਹੜੇ

ਕਮਲ਼ੇ ਨੇ ਲੋਕ ਜਿਹੜੇ, ਕਹਿਣ ਮਰ ਜਾਣੀਆਂ।
ਸੁਹਜ ਤੇ ਸਲੀਕਾ ਦੇਣ, ਸਾਨੂੰ ਧੀਆਂ ਰਾਣੀਆਂ।

ਰੰਗ ਤੇ ਸੁਗੰਧ ਇੱਕੋ, ਫੁੱਲ ਵਿੱਚ ਕਾਇਮ ਹੈ,
ਫ਼ਲ ਪੈਣ ਸਾਰ ਇਹ ਤਾਂ, ਭਰ ਦੇਣ ਟਾਹਣੀਆਂ।

ਏਸ ਦਾ ਇਲਾਜ ਕਰੋ, ਅੱਖ ਵਿੱਚ ਟੀਰ ਹੈ,
ਇਹੀ ਪੁੱਤਾਂ ਧੀਆਂ 'ਚ, ਕਰਾਵੇ ਵੰਡਾਂ ਕਾਣੀਆਂ।

ਗੁੱਡੀਆਂ ਪਟੋਲਿਆਂ 'ਚ, ਜਾਨ ਪੈਂਦੀ ਵੇਖ ਲਓ,
ਚੰਨ ਉੱਤੇ ਪੈੜ ਪਾਈ, ਧੀਆਂ ਦੋ ਧਿਆਣੀਆਂ*।

ਬਾਬਲੇ ਦੀ ਪੱਗ ਅਤੇ, ਮਾਵਾਂ ਦਾ ਦੁਪੱਟੜਾ,
ਕਦੇ ਨਾ ਵਿਸਾਰਦੀਆਂ, ਚੇਤੇ 'ਚੋਂ ਸਵਾਣੀਆਂ।

ਹੁਣ ਪਰਭਾਤ ਵੇਲਾ, ਚਹਿਕਦਾ ਨਾ ਟਹਿਕਦਾ,
ਟੁੱਟ ਭੱਜ ਗਈਆਂ, ਜਦੋਂ ਚਾਟੀਆਂ ਮਧਾਣੀਆਂ।

ਕੱਲ੍ਹੀ ਕੱਲ੍ਹੀ ਬਾਤ ਮੇਰੇ, ਅੰਗ ਸੰਗ ਤੁਰੀ ਹੈ,
ਜਿਹੜੀਆਂ ਸੁਣਾਈਆਂ, ਵੱਡੀ ਭੈਣ ਨੇ ਕਹਾਣੀਆਂ।

1

o

## ਬਹੁਤ ਹਾਲੇ ਅਣਕਿਹਾ

ਬਹੁਤ ਹਾਲੇ ਅਣਕਿਹਾ, ਲਿਖਿਆ ਨਹੀਂ ਪੜ੍ਹਿਆ ਨਹੀਂ।
ਕੰਢੇ ਕੰਢੇ ਫਿਰ ਰਿਹਾਂ, ਸਾਗਰ 'ਚ ਮੈਂ ਵੜਿਆ ਨਹੀਂ।

ਬੇ-ਸ਼ਨਾਸੇ, ਹੀਰੇ ਨੂੰ ਪੱਥਰ ਜਿਹਾ ਹੀ ਸਮਝਦੇ,
ਜੌਹਰੀਆਂ ਦੀ ਨਜ਼ਰ ਉੱਤੇ, ਮੈਂ ਅਜੇ ਚੜ੍ਹਿਆ ਨਹੀਂ।

ਜੇ ਅਜੇ ਮੈਂ ਰੜਕਦਾ ਹਾਂ, ਦੋਸ਼ ਇਹ ਵੀ ਵਕਤ ਦਾ,
ਚਾੜ੍ਹ ਕੇ ਚੱਕ ਓਸ ਮੈਨੂੰ, ਠੀਕ ਜੇ ਘੜਿਆ ਨਹੀਂ।

ਤੂੰ ਰਹੀਂ ਵਿਸ਼ਵਾਸ ਪਾਤਰ, ਰੂਪ ਬਣਕੇ ਸਿਦਕ ਦਾ,
ਮੈਂ ਕਦੇ ਪਰਬਤ ਉਚੇਰੇ, ਸਾਥ ਬਿਨ ਚੜ੍ਹਿਆ ਨਹੀਂ।

ਤੂੰ ਗੁਆਇਆ ਚੈਨ ਮੇਰਾ, ਖੋਹ ਲਿਆ ਸਾਰਾ ਸਕੂਨ,
ਦੋਸ਼ ਬੇ-ਬੁਨਿਆਦ ਐਵੇਂ, ਮੈਂ ਕਦੇ ਮੜ੍ਹਿਆ ਨਹੀਂ।

ਤੂੰ ਹਮੇਸ਼ਾਂ ਤਾਰਿਆ, ਨਾ ਮਾਰਿਆ, ਹੇ ਜ਼ਿੰਦਗੀ,
ਮੈਂ ਤੇਰੇ ਪੱਲੂ ਨੂੰ ਐਵੇਂ ਬੇ ਵਜ੍ਹਾ ਫੜਿਆ ਨਹੀਂ।

ਸ਼ਬਦ ਮੇਰੀ ਢਾਲ ਹੈ, ਕਿਰਪਾਨ ਵੀ ਤੇ ਧਰਮ ਵੀ,
ਮੈਂ ਨਿਗੁਣਾ ਜੰਗ, ਇਹਦੇ ਬਿਨ, ਕਦੇ ਲੜਿਆ ਨਹੀਂ।

1

---
*ਕਲਪਨਾ ਚਾਵਲਾ ਤੇ ਸੁਨੀਤਾ ਵਿਲੀਅਮਜ਼

o

## ਵਿਹੜੇ ਦੇ ਵਿੱਚ ਬੀਜੀਆਂ ਰੀਝਾਂ

ਵਿਹੜੇ ਦੇ ਵਿੱਚ ਬੀਜੀਆਂ ਰੀਝਾਂ, ਬਿਰਖ਼ ਮੁਹੱਬਤਾਂ ਵਾਲੇ।
ਪਰ ਇਨ੍ਹਾਂ ਨੂੰ ਫੁੱਲ ਕਿਉਂ ਪੈਂਦੇ, ਹਰ ਮੌਸਮ ਵਿੱਚ ਕਾਲੇ।

ਹੰਸਣੀਆਂ ਤਿਰਹਾਈਆਂ ਰੀਝਾਂ, ਕੂੰਜੜੀਆਂ ਦੀਆਂ ਡਾਰਾਂ,
ਬੇਕਦਰਾ ਤੂੰ ਵੇਖ ਨਜ਼ਰ ਭਰ, ਲਾਹ ਅੱਖੀਆਂ ਦੇ ਜਾਲੇ।

ਚੰਦਨ ਰੁੱਖ ਨੂੰ ਨਾਗ ਵਲੇਵਾਂ, ਬੇਵੱਸ ਨੇ ਖ਼ੁਸ਼ਬੋਈਆਂ,
ਜੇ ਤੂੰ ਜਾਨ ਸਲਾਮਤ ਚਾਹੇਂ, ਨੇੜ ਨਾ ਆਵੀਂ ਹਾਲੇ।

ਆਲ੍ਹਣਿਆਂ ਵਿੱਚ ਰਾਤ ਗੁਜ਼ਾਰਨ, ਪੰਛੀ ਤੇ ਪਰਦੇਸੀ,
ਏਸ ਨਗਰ ਤਾਂ ਕੋਇਲ ਪਪੀਹੇ, ਹੋਠੀਂ ਰੱਖਦੇ ਤਾਲੇ।

ਬੂਹੇ ਅੱਗੇ ਥੋਹਰ ਦਾ ਬੂਟਾ, ਕਿਉਂ ਲਾਇਆ ਨੀ ਜਿੰਦੇ,
ਇਹ ਕੰਡਿਆਰੀ ਮਾਰੂਥਲ ਦੀ, ਰੱਖ ਨਾ ਆਲ ਦੁਆਲੇ।

ਚਾਰ ਦੀਵਾਰਾਂ ਉੱਪਰ ਛੱਤਾਂ, ਬਾਰੀਆਂ ਤੇ ਕੁਝ ਬੂਹੇ,
ਏਸ ਮਕਾਨ 'ਚ ਡੁਸਕ ਰਹੇ, ਘਰ, ਖ਼ੁਸ਼ਬੂ ਕੌਣ ਸੰਭਾਲੇ।

ਦਿਲ ਦਰਿਆ ਦਾ ਤਾਰੂ ਬਣ ਕੇ, ਮਾਰ ਕਦੇ ਤੂੰ ਝਾਤੀ,
ਵੇਖ ਲਿਆ ਕਰ ਰੂਹ ਦੇ ਨੇੜੇ, ਵਹਿੰਦੇ ਨਦੀਆਂ ਨਾਲੇ।

1

o

## ਲੋਚੀ ਤੇ ਮਨਜਿੰਦਰ ਨਾਂ ਦੇ

ਲੋਚੀ ਤੇ ਮਨਜਿੰਦਰ ਨਾਂ ਦੇ, ਸ਼ਹਿਰ ਮੇਰੇ ਵੱਲ ਆਉਂਦੇ ਰਾਹ ਨੇ।
ਤੁਰਦੇ ਫਿਰਦੇ ਮਿਲਦੇ ਗਿਲਦੇ ਦੋਵੇਂ ਅਦਬ ਦੀ ਇੱਕ ਦਰਗਾਹ ਨੇ।

ਇੱਕ ਦੀ ਮਿੱਟੀ ਮੁਕਤਸਰਾਂ ਦੀ ਦੂਜਾ ਪਿੰਡ ਧਨੋਏ ਜਣਿਆ,
ਸ਼ਬਦ ਸਿਰਜਣਾ ਕਰਦੇ ਕਰਦੇ ਅੱਜ ਤਾਂ ਇਹ ਦੋਵੇਂ ਹਮਰਾਹ ਨੇ।

ਮਿਸ਼ਰੀ ਵਿਚ ਇਲਾਇਚੀ ਕੁੱਟ ਕੇ ਜੀਕੂੰ ਮਿੱਠਖ਼ੁਸ਼ਬੋਈ ਬੋਲੇ,
ਪੌਣ ਕੰਧੇੜੇ ਰਹਿੰਦੇ ਚੜ੍ਹਕੇ, ਧੜਕਣ ਇੱਕੋ ਪਰ ਦੋ ਸਾਹ ਨੇ।

ਮਾਣ ਮਰਤਬੇ ਕੁਰਸੀਆਂ ਨੇ ਰਫ਼ਤਾਰ ਕਦੇ ਨਾ ਮੱਠੀ ਕੀਤੀ,
ਮਨ ਮੌਜੀ ਇਹ ਸਿਰਜਣਹਾਰੇ ਲਾ ਪਰਵਾਹ ਨਹੀਂ, ਬੇ ਪਰਵਾਹ ਨੇ।

ਪਾਤਰ, ਗੁਰਇਕਬਾਲ, ਰਵਿੰਦਰ ਤੇ ਸੁਖਵਿੰਦਰ ਦੇਣ ਗਵਾਹੀ,
ਮਰੂੰ ਮਰੂੰ ਨਹੀਂ ਕਰਦੇ ਵੇਖੇ, ਦਿਲ ਦੀ ਦੌਲਤ ਕਰਕੇ ਸ਼ਾਹ ਨੇ।

ਸੁਰਮ ਸਲਾਈ, ਦਿਲ ਦਰਵਾਜ਼ੇ, ਗ਼ਜ਼ਲ ਪੁਸਤਕਾਂ ਪੜ੍ਹ ਕੇ ਵੇਖੋ,
ਸੱਤ ਸਮੁੰਦਰ ਪਾਰ ਵੀ ਮਹਿਮਾ ਦੋਹਾਂ ਦੇ ਹੀ ਸ਼ਬਦ ਮਲਾਹ ਨੇ।

ਇਹ ਦੋ ਹਰਫ਼ ਰਸੀਦੀ ਤਾਂਹੀਓਂ, ਰਾਹਦਾਰੀ ਲਈ ਲਿਖ ਦਿੱਤੇ ਨੇ,
ਹਰ ਥਾਂ ਤਾਂ ਮੈਂ ਨਾਲ ਨਹੀਂ ਜਾਣਾ, ਅੱਜ ਤੋਂ ਮੇਰੇ ਸ਼ਬਦ ਗਵਾਹ ਨੇ।

1

o

## ਹੁਣੇ ਹੁਣੇ ਤੂੰ ਯਾਦ ਸੀ ਕੀਤਾ

ਹੁਣੇ ਹੁਣੇ ਤੂੰ ਯਾਦ ਸੀ ਕੀਤਾ, ਪਹੁੰਚ ਗਿਆ ਹਾਂ।
ਵੇਖ ਜ਼ਰਾ ਮੈਂ ਤੇਰੇ ਦਿਲ ਵਿੱਚ, ਧੜਕ ਰਿਹਾ ਹਾਂ।

ਬਣ ਗਈ ਮੇਰੀ ਕਵਿਤਾ, ਹੁਣ ਤੂੰ ਰੂਪ ਬਦਲ ਕੇ,
ਚਿਤਵਦਿਆਂ ਮੈਂ ਧੁਰ ਅੰਦਰ ਤੱਕ, ਮਹਿਕ ਗਿਆ ਹਾਂ।

ਇੱਕ ਸ਼ਬਦ ਹੀ ਯਾਦ ਮੇਰੀ ਵਿੱਚ, ਰਿਹਾ ਸਲਾਮਤ,
ਵੇਖ ਅਜੇ ਵੀ ਪਾਰਾ ਬਣ ਕੇ, ਲਰਜ਼ ਰਿਹਾ ਹਾਂ।

ਮੇਰਾ ਨਾਮ ਜਿਵੇਂ ਤੂੰ, ਹੱਕ ਦੇ ਨਾਲ ਪੁਕਾਰਿਆ,
ਸੁਣ ਕੇ ਤੈਥੋਂ ਅੰਦਰੋਂ ਬਾਹਰੋਂ, ਮਹਿਕ ਗਿਆ ਹਾਂ।

ਕੋਰੇ ਵਰਕੇ ਤਿਲਕ ਰਹੇ ਨੇ, ਪੜ੍ਹਦੇ ਪੜ੍ਹਦੇ,
ਸ਼ਬਦਾਂ ਤੋਂ ਬਿਨ ਅਰਥਾਂ ਵਿੱਚ, ਗੁਆਚ ਗਿਆ ਹਾਂ।

ਸ਼ਬਦ-ਜਾਲ ਤੋਂ ਵੱਖਰੀ, ਹੁੰਦੀ ਚੁੱਪ ਦੀ ਭਾਸ਼ਾ,
ਏਸ ਇਬਾਰਤ ਨੂੰ ਵੀ, ਹੁਣ ਮੈਂ, ਸਮਝ ਗਿਆ ਹਾਂ।

ਪੱਥਰ ਦੇ ਭਗਵਾਨ ਅਗਾੜੀ ਨਤਮਸਤਕ ਹਾਂ,
ਸਰਕਦਿਆਂ ਮੈਂ ਕਿੰਨਾ ਥੱਲੇ ਗਰਕ ਗਿਆ ਹਾਂ।

1

o

## ਗੋਲੀ ਮਾਰਨ ਨਾਲ ਜਿਉਂਦੇ

ਗੋਲੀ ਮਾਰਨ ਨਾਲ ਜਿਉਂਦੇ*, ਸ਼ਬਦ ਕਦੇ ਵੀ ਠਰਦੇ ਨਹੀਂ।
ਪੌਣਾਂ ਅੰਦਰ ਇੱਕ ਦਮ ਘੁਲ਼ਦੇ, ਵਕਤ ਅਜਾਈਂ ਮਰਦੇ ਨਹੀਂ।

ਰਾਜੇ ਨੂੰ ਸ਼ੀਂਹ ਆਖਣ ਵਾਲੀ ਪਿਰਤ ਮੇਰੇ ਗੁਰੂ ਨਾਨਕ ਦੀ,
ਹਾਲੇ ਤੀਕ ਮੁਕੱਦਮ ਜ਼ਹਿਰੀ, ਸ਼ੀਸ਼ੇ ਨੂੰ ਵੀ ਜਰਦੇ ਨਹੀਂ।

ਅੰਬਰ ਦੇ ਵਿੱਚ ਕਿੰਨੇ ਤਾਰੇ, ਜਾਗ ਰਹੇ ਨੇ ਸਦੀਆਂ ਤੋਂ,
ਇੱਕ ਅੱਧ ਨੁੱਕਰ ਭੁਰ ਜਾਵੇ, ਤਾਂ ਠੰਢੇ ਹੌਕੇ ਭਰਦੇ ਨਹੀਂ।

ਧਰਤੀ ਦੀ ਮਰਯਾਦਾ ਏਹੀ, ਚੋਰਾਂ ਨੂੰ ਬੱਸ ਚੋਰ ਕਹੋ,
ਹੱਕ ਸੱਚ ਤੇ ਇਨਸਾਫ਼ ਦੇ ਪਹਿਰੂ ਇੰਜ ਆਖਣ ਤੋਂ ਡਰਦੇ ਨਹੀਂ।

ਅੰਨ੍ਹੇ ਕੁੱਤੇ 'ਵਾ ਨੂੰ ਭੌਂਕਣ, ਦੁਸ਼ਮਣ ਦੀ ਪਹਿਚਾਣ ਬਿਨਾ,
ਆਪਣੀ ਨਸਲ ਬਿਨਾ, ਬੇਨਸਲੇ, ਹੋਰ ਕਿਸੇ ਨੂੰ ਜਰਦੇ ਨਹੀਂ।

ਕਲਮਕਾਰ ਜੋ ਲਿਖੇ, ਮਿਟਾਵੇਂ, ਤੇਰੇ ਵੱਸ ਦੀ ਬਾਤ ਨਹੀਂ,
ਸ਼ਾਸਤਰਾਂ ਨੂੰ ਸ਼ਸਤਰ ਮਾਰੇਂ, ਸੂਰੇ ਏਦਾਂ ਕਰਦੇ ਨਹੀਂ।

ਇੱਕ ਦੀਵੇ ਦੀ ਲਾਟ ਬੁਝਾ ਕੇ ਤੇਜ਼ ਹਨ੍ਹੇਰੀ ਸਮਝੇ ਨਾ,
ਬੰਨ੍ਹ ਕਤਾਰਾਂ, ਜਗਦੇ ਜੁਗਨੂੰ, ਪੈਰ ਪਿਛਾਂਹ ਨੂੰ ਧਰਦੇ ਨਹੀਂ।

1

*ਗੌਰੀ ਲੰਕੇਸ਼ ਦੇ ਕਤਲ 'ਤੇ

੦

## ਸੁਣਿਆ ਸੀ ਮੈਂ ਜ਼ਖ਼ਮ ਦਿਲਾਂ ਦੇ

ਸੁਣਿਆ ਸੀ ਮੈਂ ਜ਼ਖ਼ਮ ਦਿਲਾਂ ਦੇ, ਨਾਲ ਮੁਹੱਬਤ ਭਰ ਜਾਂਦੇ ਨੇ।
ਇੱਕ ਮੁਸਕਾਨ ਮਿਲੇ ਤਾਂ, ਡੁੱਬਦੇ, ਪੱਥਰ-ਚਿੱਤ ਵੀ ਤਰ ਜਾਂਦੇ ਨੇ।

ਇੱਕ ਅੱਧ ਰਿਸ਼ਮ ਉਧਾਰੀ ਦੇ ਦੇ, ਇਸ ਨੂੰ ਮੈਂ ਹਥਿਆਰ ਬਣਾਵਾਂ,
ਕਾਲਖ਼ ਦੇ ਵਣਜਾਰੇ ਨ੍ਹੇਰੇ, ਜੁਗਨੂੰ ਤੋਂ ਵੀ ਡਰ ਜਾਂਦੇ ਨੇ।

ਕੁਝ ਸਾਹਵਾਂ ਦੀ ਸਾਂਝੀ ਧੜਕਣ, ਜ਼ਿੰਦਗੀ ਹੈ ਰੰਗਾਂ ਦਾ ਮੇਲਾ,
ਬੇਕਦਰੇ, ਕੁਝ ਲੋਕ ਪਤਾ ਨਹੀਂ, ਕਿਉਂ ਬਦਰੰਗੀ ਕਰ ਜਾਂਦੇ ਨੇ।

ਮਹਿੰਗੀ ਵਸਤ ਪਿਆਰ ਦੀ ਪੂੰਜੀ, ਮੁਫ਼ਤ ਮਿਲਣ ਤੇ ਜੋ ਨਾ ਮਾਨਣ,
ਜ਼ਿੰਦਗੀ ਦੀ ਰਣਭੂਮੀ ਵਿੱਚ ਉਹ, ਜਿੱਤੀ ਬਾਜ਼ੀ ਹਰ ਜਾਂਦੇ ਨੇ।

ਬਾਜ਼ ਭਰੇ ਪਰਵਾਜ਼ ਕਦੇ ਨਾ, ਦਾਣਾ ਦੁਣਕਾ ਖਾਣ ਦੀ ਖ਼ਾਤਿਰ,
ਅੰਬਰ ਪਾਰ ਕਰਨ ਲਈ ਉਸਨੂੰ, ਲੈ ਕੇ ਹਿੰਮਤੀ ਪਰ ਜਾਂਦੇ ਨੇ।

ਮੇਰੇ ਤੇਰੇ ਵਰਗੇ ਸਾਰੇ, ਅੰਨ ਦੇ ਕੀੜੇ ਜਾਣ ਨਾ ਸਕਦੇ,
ਬਾਬਾ ਦੀਪ ਸਿੰਘ ਦੇ ਹਾਣੀ, ਸੀਸ ਤਲੀ ਕਿੰਜ ਧਰ ਜਾਂਦੇ ਨੇ।

ਦੋ ਵਾਰੀ ਇੱਕ ਸਾਲ 'ਚ ਤੱਕੀਏ, ਆਜ਼ਾਦੀ ਦਾ ਨੂਰੀ ਮੁਖੜਾ,
ਬਾਕੀ ਤਿੰਨ ਸੌ ਤਰੇਠ ਦਿਹਾੜੇ, ਬੱਦਲ ਪਰਦਾ ਕਰ ਜਾਂਦੇ ਨੇ।

1

੦

## ਏਕਮ ਦੇ ਚੰਨ ਮੁੰਦਰੀ ਅੰਦਰ

ਏਕਮ ਦੇ ਚੰਨ ਮੁੰਦਰੀ ਅੰਦਰ, ਜੇ ਮੈਨੂੰ ਜੜ ਦਏ ਸੁਨਿਆਰਾ।
ਸੱਚ ਪੁੱਛੋ ਤਾਂ ਹੋਰ ਜਨਮ ਦੀ ਨਾ ਰਹੇ ਮੈਨੂੰ ਲੋੜ ਦੁਬਾਰਾ।

ਦਿਲ ਦੀ ਜੂਹੇ ਫਿਰੇ ਉਦਾਸੀ ਤੇ ਹਿਰਨੋਟੀਆਂ ਨੂਰੀ ਚਸ਼ਮਾਂ,
ਚੁੱਪ ਦਾ ਗੁੰਬਦ ਚਾਰ ਦੀਵਾਰੀ, ਅੰਦਰ ਦਰਦ ਸਮੁੰਦਰ ਖ਼ਾਰਾ।

ਪਹਿਲੀ ਤੱਕਣੀ ਦਾ ਉਹ ਜਲਵਾ, ਰੋਮ ਰੋਮ ਝਰਨਾਟਾਂ ਛਿੜੀਆਂ,
ਤੇਜ਼ ਤੇਰੀ ਤੱਕਣੀ ਦਾ ਤੋਬਾ, ਪਿਘਲ ਗਿਆਂ ਸਾਰੇ ਦਾ ਸਾਰਾ।

ਥਰਮਾਮੀਟਰ ਦੇ ਵਿੱਚ ਕੈਦੀ, ਇੱਕ ਅੱਧ ਬੂੰਦ ਭਟਕਦੀ ਜੀਕੂੰ,
ਮੈਨੂੰ ਜਾਪੇ ਤੜਪ ਮੇਰੀ ਹੈ, ਲੋਕੀਂ ਜਿਸਨੂੰ ਆਖਣ ਪਾਰਾ।

ਬਿਨ ਬੋਲੇ ਤੋਂ ਜਾਣ ਲਵਾਂ ਮੈਂ, ਧੁਰ ਅੰਦਰ ਕੁਝ ਠੀਕ ਜਿਹਾ ਨਾ,
ਰੂਹ ਤੋਂ ਰੂਹ ਵਿਚਕਾਰ ਤਾਰ ਦਾ, ਇਹ ਤੱਕ ਲੈ ਪ੍ਰਤਾਪ ਹੈ ਸਾਰਾ।

ਸ਼ੁਕਰ ਤੇਰਾ ਧੰਨਵਾਦ ਨੀ ਜਿੰਦੇ, ਜੇ ਨਾ ਲਾਉਂਦੀ ਫਿਰ ਕੀ ਹੁੰਦਾ,
ਸਾਰੀ ਜ਼ਿੰਦਗੀ ਦਾ ਇਹ ਹਾਸਿਲ, ਟੁੱਟਾ ਭੱਜਿਆ ਇੱਕ ਅੱਧ ਲਾਰਾ।

ਅੰਬਰ ਵਿੱਚ ਜਦ ਟਿਮਕ ਰਿਹਾ ਸਾਂ, ਰਾਤ ਹਨ੍ਹੇਰੀ ਅੰਦਰ ਮੈਂ ਵੀ,
ਤੇਰੀ 'ਵਾਜ਼ ਸੁਣੀ ਮੈਂ ਆਇਆ, ਲੋਕੀਂ ਆਖਣ ਟੁੱਟਿਆ ਤਾਰਾ।

1

੦

## ਮੈਂ ਸਾਹਾਂ ਵਿੱਚ ਸਾਂਭ ਲਵਾਂਗਾ

ਮੈਂ ਸਾਹਾਂ ਵਿੱਚ ਸਾਂਭ ਲਵਾਂਗਾ, ਇਹ ਮੁਸਕਾਨ ਉਧਾਰੀ ਦੇ ਦੇ।
ਅੱਧ ਅਧੂਰੀ ਮੈਂ ਕੀ ਕਰਨੀ, ਜੇ ਦੇਣੀ ਤਾਂ ਸਾਰੀ ਦੇ ਦੇ।

ਰੁੱਤ ਬਸੰਤੀ ਵਾਂਗੂੰ ਖਿੜੀਏ, ਧਰਤ ਸੁਹਾਗਣ ਰੂਪਵੰਤੀਏ,
ਘਰ ਘਰ ਵੰਡਿਆ ਸ਼ਗਨਾਂ ਵੇਲਾ, ਮੈਨੂੰ ਵੀ ਇੱਕ ਖਾਰੀ ਦੇ ਦੇ।

ਮਹਿਕਵੰਤੀਏ, ਕਲਾਵੰਤੀਏ, ਰੂਹ ਵੱਲੋਂ ਵੀ ਸੁਹਜਵੰਤੀਏ,
ਇਹ ਸਾਰਾ ਕੁਝ ਮੇਰੇ ਕੰਮ ਦਾ, ਭਰ ਕੇ ਇੱਕ ਪਟਾਰੀ ਦੇ ਦੇ।

ਬ੍ਰਹਿਮੰਡਲ ਸਭ ਅੰਬਰ, ਜਲ, ਥਲ, ਪੌਣਾਂ ਅੰਦਰ ਨੂਰ ਭਰਾਂਗਾ,
ਏਨਾ ਕਰਮ ਕਮਾ ਦੇ ਹੁਣ ਤੂੰ, ਸੂਰਜ ਪਾਰ ਉਡਾਰੀ ਦੇ ਦੇ।

ਹੇ ਕੁਦਰਤ ਤੂੰ ਜੋ ਜੋ ਵੰਡਦੀ, ਮਹਿਕਾਂ ਖੁਸ਼ੀਆਂ ਅਣਮੁੱਕ ਖੇੜੇ,
ਮੈਂ ਤੇਰੇ ਦਰ ਖੜ੍ਹਾ ਸਵਾਲੀ, ਮੈਨੂੰ ਜਲਵਾਕਾਰੀ ਦੇ ਦੇ।

ਬੰਦ ਕਮਰਾ ਸੰਸਾਰ ਵਚਿੱਤਰ ਕੰਕਰੀਟ ਦਾ ਨਿਕ ਸੁਕ ਮਾਰੂ,
ਹੋਰ ਕਿਤੇ ਪਥਰਾ ਨਾ ਜਾਵਾਂ, ਵਿੱਚ ਬਗੀਚੇ ਬਾਰੀ ਦੇ ਦੇ।

ਆਪਣੀ ਹਉਮੈਂ ਪਾਰ ਕਰਨ ਦੀ, ਸ਼ਕਤੀ ਦੇ ਤੂੰ ਦਾਨਵੰਤੀਏ,
ਮੇਰੀ ਬੁੱਕਲ ਵੱਡੀ ਕਰ ਦੇ, ਵਿੱਚੇ ਧਰਤ ਪਿਆਰੀ ਦੇ ਦੇ।

1

੦

## ਜਿਸ ਦਿਨ ਤੂੰ ਨਜ਼ਰੀਂ ਆ ਜਾਵੇਂ

ਜਿਸ ਦਿਨ ਤੂੰ ਨਜ਼ਰੀਂ ਆ ਜਾਵੇਂ, ਓਹੀ ਦਿਵਸ ਗੁਲਾਬ ਦੇ ਵਰਗਾ।
ਬਾਕੀ ਬਚਦਾ ਹਰ ਦਿਨ ਜੀਕੂੰ, ਰੁੱਸ ਗਏ ਦੇਸ ਪੰਜਾਬ ਦੇ ਵਰਗਾ।

ਨਜ਼ਰ ਤੇਰੀ ਵਿੱਚ ਸੂਰਜ ਰੌਸ਼ਨ, ਤੋਰ ਜਿਵੇਂ ਦਰਿਆਈ ਲਹਿਰਾਂ,
ਮੱਥਾ ਹੈ ਜਿਉਂ ਨੂਰ ਇਲਾਹੀ, ਗੋਲਮੋਲ ਮਾਹਤਾਬ ਦੇ ਵਰਗਾ।

ਜਿਹੜੀ ਰਾਤ ਆਕਾਸ਼ ਦੇ ਤਾਰੇ, ਤੱਕਦੇ ਤੈਨੂੰ ਬੋਲੇ ਸਾਰੇ,
ਆਪ ਸੁਣੇ ਮੈਂ ਚੰਦ ਨੂੰ ਕਹਿੰਦੇ, ਆਇਆ ਕੌਣ ਜਨਾਬ ਦੇ ਵਰਗਾ।

ਰੋਲ਼ ਦੇਈਂ ਨਾ ਬਿਨ ਪੜ੍ਹਿਆਂ ਤੋਂ, ਅੱਖਰ ਰਾਹ ਰੁਸ਼ਨਾਵਣਹਾਰੇ,
ਹਰ ਪੱਤਰਾ ਗੁਰਮੰਤਰ ਇਸਦਾ, ਪਾਕ ਪਵਿੱਤ ਕਿਤਾਬ ਦੇ ਵਰਗਾ।

ਮਰਦਾਨਾ ਬਾਣੀ ਦੇ ਅੰਗ ਸੰਗ, ਤੁਰਦਾ ਨਾ ਉਹ ਇਸ ਕਰਕੇ ਹੀ,
ਨਾਨਕ ਨਾਲ ਵਜਾਵਣਹਾਰਾ, ਕਿਹੜਾ ਸਾਜ਼ ਰਬਾਬ ਦੇ ਵਰਗਾ।

ਥਾਲ ਗਗਨ ਵਿੱਚ ਤਾਰਾ ਮੰਡਲ, ਮਹਿਕ ਰਹੀ ਪ੍ਰਕਿਰਤੀ ਪੰਡਿਤ,
ਬ੍ਰਹਿਮੰਡ ਨੇ ਵੀ ਸੁਣਿਆ ਨਾ ਸੀ, ਇਸ ਤੋਂ ਸਾਫ਼ ਜਵਾਬ ਦੇ ਵਰਗਾ।

ਓਸ ਗਿਰਾਂ ਨੂੰ ਰੱਬ ਵੀ ਚਾਹੇ, ਨਰਕੋਂ ਸੁਰਗ ਬਣਾ ਨਹੀਂ ਸਕਦਾ,
ਨਸਲਕੁਸ਼ੀ ਲਈ ਮੁੱਖ ਦਰਵਾਜ਼ਾ, ਜਿਸ ਥਾਂ ਜ਼ਹਿਰ ਸ਼ਰਾਬ ਦੇ ਵਰਗਾ।

1

o

## ਏਸ ਫ਼ਿਕਰ ਨੇ ਮਾਰ ਲਿਆ ਹੈ

ਏਸ ਫ਼ਿਕਰ ਨੇ ਮਾਰ ਲਿਆ ਹੈ, ਕਿਹੜਾ ਅੱਜ ਕੱਲ੍ਹ ਕੀ ਕਰਦਾ ਹੈ?
ਏਸੇ ਕਰਕੇ ਹਰ ਇੱਕ ਬੰਦਾ, ਜੀਂਦਾ ਘੱਟ ਤੇ ਵੱਧ ਮਰਦਾ ਹੈ।

ਇੱਕ ਦੂਜੇ ਤੋਂ ਏਨੀ ਚੋਰੀ, ਹੱਦੋਂ ਵਧ ਗਈ ਬੇਵਿਸ਼ਵਾਸੀ,
ਸੱਜੇ ਹੱਥ ਨੂੰ ਖ਼ਬਰ ਨਾ ਕੋਈ, ਖੱਬਾ ਅੱਜ ਕੱਲ੍ਹ ਕੀ ਕਰਦਾ ਹੈ?

ਦਿਲ ਅੰਦਰ ਕਈ ਨਦੀਆਂ ਨਾਲੇ, ਤਲਖ਼ ਸਮੁੰਦਰ ਸ਼ੌਰੂ ਪਾਵੇ,
ਗ਼ਮ ਦਾ ਕਿੰਨਾ ਡੂੰਘਾ ਟੋਇਆ, ਉੱਛਲਦਾ, ਪਰ ਨਿੱਤ ਭਰਦਾ ਹੈ।

ਮੰਜ਼ਿਲ ਵੱਲ ਨੂੰ ਪੈਰ ਨਿਰੰਤਰ, ਤੁਰਦੇ ਜਾਂਦੇ ਏਸੇ ਕਰਕੇ,
ਇੱਕ ਰਤਾ ਕੁ ਤੁਰਦਾ ਪਿੱਛੇ, ਦੂਜਾ ਕਦਮ ਅਗਾਂਹ ਧਰਦਾ ਹੈ।

ਸ਼ੀਸ਼ੇ ਅੰਦਰ ਹਰ ਬੰਦਾ ਹੀ, ਕਿਉਂ ਨਹੀਂ ਤੱਕਦਾ ਆਪਣਾ ਚਿਹਰਾ,
ਮੇਰਾ ਆਪਣਾ ਆਪਾ ਵੀ ਹੁਣ, ਇਸ ਦੇ ਕੋਲੋਂ ਕਿਉਂ ਡਰਦਾ ਹੈ?

ਜਾਨ ਤੋਂ ਪਿਆਰਾ ਆਖਣ ਵਾਲਾ, ਅੱਜ ਕੱਲ੍ਹ ਜੋ ਮੂੰਹ ਫੇਰ ਕੇ ਲੰਘਦੈ,
ਦਿਲ ਤਾਂ ਕਰਦੈ ਪੁੱਛ ਲਵਾਂ, ਕਿ ਬਿਨ ਸਾਹਾਂ ਤੋਂ ਕਿੰਜ ਸਰਦਾ ਹੈ?

ਵਿੱਚ ਹਨ੍ਹੇਰੇ ਤੀਰ ਚਲਾ ਕੇ, ਸਮਝ ਰਹੇ ਹਾਂ ਜਿੱਤ ਲਈ ਬਾਜ਼ੀ,
ਸੋਨੇ ਦੀ ਲੰਕਾ ਵਿੱਚ ਬੈਠਾ, ਰਾਵਣ ਏਦਾਂ ਕਿੰਜ ਮਰਦਾ ਹੈ?

l

o

## ਲੋਕ ਹੈਰਾਨ ਪਤਾ ਨਹੀਂ ਕਿਉਂ ਨੇ

ਲੋਕ ਹੈਰਾਨ ਪਤਾ ਨਹੀਂ ਕਿਉਂ ਨੇ, ਸਾਗਰ ਵਿੱਚ ਜੋ ਲਾਵਾ ਫੁੱਟਿਆ।
ਇਹ ਤਾਂ ਓਹੀ ਜਬਰ ਸਮੇਂ ਦਾ, ਦੰਦਾਂ ਹੇਠ ਸੀ ਧਰਤੀ ਘੁੱਟਿਆ।

ਅੱਖ ਦਾ ਤੇਜ਼, ਮੜਕ, ਮਰਯਾਦਾ, ਖੋਹ ਕੇ ਸਾਥੋਂ ਕਿਉਂ ਪੁੱਛਦੇ ਹੋ,
ਕਿਸ ਨੇ ਸਿਖ਼ਰ ਦੁਪਹਿਰੇ ਸਾਡੇ, ਦੀਨ ਈਮਾਨ ਧਰਮ ਨੂੰ ਲੁੱਟਿਆ।

ਦਿਨ ਚੜ੍ਹਦੇ ਓਸੇ ਵਿੱਚ ਆਪੇ, ਡਿੱਗ ਪਏ ਵੇਖੋ, ਬੜੇ ਸਿਆਣੇ,
ਦੂਸਰਿਆਂ ਦੇ ਬੂਹੇ ਅੱਗੇ, ਜਿਨ੍ਹਾਂ ਰਾਤ ਸੀ, ਟੋਆ ਪੁੱਟਿਆ।

ਅੱਤੋਂ ਅੱਗੇ ਅੰਤ ਪੜਾਅ ਹੈ, ਸਾਵਧਾਨ ਜੋ ਕਰਦਾ ਸੀ ਉਹ,
ਅੰਨ੍ਹੀ ਤਾਕਤ ਅੰਨ੍ਹੀ ਹੋ ਕੇ, ਸਭ ਤੋਂ ਬਹੁਤਾ ਉਸ ਨੂੰ ਕੁੱਟਿਆ।

ਸਫ਼ਰ ਨਿਰੰਤਰ ਸਾਹੀਂ ਮੇਰੇ, ਤੁਰਦੇ ਤੁਰਦੇ ਤੁਰਦੇ ਜਾਣਾ,
ਮੰਜ਼ਿਲ ਤੀਕ ਤੁਰਨ ਦਾ ਦਾਈਆ, ਥੱਕਿਆ ਹਾਂ ਪਰ, ਮੈਂ ਨਹੀਂ ਟੁੱਟਿਆ।

ਵਿਸ਼ਗੰਦਲਾ ਹਰ ਬੂਟਾ ਕਹਿੰਦੇ, ਪੈਲੀ ਵਿੱਚੋਂ ਮਾਰ ਮੁਕਾਉਣਾ,
ਕਮਰਾਂ ਕੱਸ ਕੇ ਵੇਖ ਲਵੋ ਪਿੰਡ, ਸਾਰਾ ਹੈ, ਸਿਰ ਜੋੜ ਕੇ ਜੁੱਟਿਆ।

ਅੱਧ ਵਰਿੱਤਾ ਜ਼ਖ਼ਮੀ ਕਰਕੇ, ਗਾਫ਼ਿਲ ਨਾ ਹੋ ਜਾਇਓ ਕਿਧਰੇ,
ਹੱਥਾਂ ਬਾਝ ਕਰਾਰਿਆਂ ਦੁਸ਼ਮਣ, ਆਪ ਕਦੇ ਹਥਿਆਰ ਨਾ ਸੁੱਟਿਆ।

l

o

## ਰੂਪ ਸਰੂਪ ਨਕਸ਼ਿਆਂ ਤੋਂ ਬਿਨ

ਰੂਪ ਸਰੂਪ ਨਕਸ਼ਿਆਂ ਤੋਂ ਬਿਨ, ਦਿਲ ਤੋਂ ਦਿਲ ਨੂੰ ਰਾਹ ਹੁੰਦੇ ਨੇ।
ਸੌਖਾ ਨਹੀਂ ਮਹਿਸੂਸ ਕਰਨ ਇਹ, ਇੱਕ ਧੜਕਣ ਦੋ ਸਾਹ ਹੁੰਦੇ ਨੇ।

ਫੁੱਲ ਪੱਤੀਆਂ ਵਿੱਚ ਜਿਉਂ, ਖ਼ੁਸ਼ਬੋਈ ਅਣਦਿਸਦੀ, ਪਰ ਹਾਜ਼ਰ ਹੋਵੇ,
ਪੌਣਾਂ ਦੇ ਮਦਮਸਤ ਫੁਹਾਰੇ, ਇਸਦੇ ਅਸਲ ਗਵਾਹ ਹੁੰਦੇ ਨੇ।

ਨੰਗੀ ਅੱਖ ਨੂੰ ਦਿਸਦਾ ਕੁਝ ਨਾ, ਕੀ ਹੈ ਮਨ ਦੇ ਅੰਦਰ ਤੁਰਦਾ,
ਮੇਰੇ ਵਰਗੇ ਪਾਂਧੀ ਤਾਂਹੀਂਉਂ, ਰਾਹਾਂ ਵਿੱਚ ਗੁਮਰਾਹ ਹੁੰਦੇ ਨੇ।

ਪਿਆਰ ਗੁਲਾਮ ਕਦੇ ਨਹੀਂ ਹੁੰਦਾ, ਘੜੀਆਂ ਪਹਿਰ ਦਿਵਸ ਦਾ ਭਲਿਓ,
ਇੱਕ ਫੁੱਲ ਸੁਰਖ਼ ਗੁਲਾਬ ਸੌਂਪ ਕੇ, ਕਰਜ਼ੇ ਕਿੱਥੇ ਲਾਹ ਹੁੰਦੇ ਨੇ।

ਇਹ ਤਾਂ ਸਾਡੇ ਅੰਦਰ ਤੁਰਦੀ, ਫਿਰਦੀ ਹੈ ਜੋ ਅਗਨ ਅਜੂਨੀ,
ਓਦਾਂ ਮੋਹ ਦੀਆਂ ਤੰਦਾਂ ਖ਼ਾਤਿਰ, ਕਿੱਥੇ ਚਰਖ਼ੇ ਡਾਹ ਹੁੰਦੇ ਨੇ।

ਆਪਸ ਵਿੱਚ ਵਿਸ਼ਵਾਸ ਦੇ ਪਾਤਰ, ਜੇਕਰ ਹੋਣ ਸਨੇਹ ਦੇ ਨਾਤੇ,
ਸੱਚ ਪੁੱਛੋ ਤਾਂ ਇਹ ਹੀ ਰਿਸ਼ਤੇ, ਦੀਨ ਦੁਨੀ ਦੇ ਸ਼ਾਹ ਹੁੰਦੇ ਨੇ।

ਧਰਤੀ ਅੰਬਰ ਪਾਰ ਸੂਰਜੋਂ, ਮਾਰ ਉਡਾਰੀ ਜਿਹੜੇ ਪਹੁੰਚਣ,
ਕਾਲ-ਮੁਕਤ ਹਿਰਨੋਟੇ ਮਨ ਹੀ, ਸੱਚੀਂ ਬੇਪਰਵਾਹ ਹੁੰਦੇ ਨੇ।

1

o

## ਗਲ ਗਲ ਤੀਕ ਗ਼ਮਾਂ ਦਾ ਪਹਿਰਾ

ਗਲ ਗਲ ਤੀਕ ਗ਼ਮਾਂ ਦਾ ਪਹਿਰਾ, ਬੇਗ਼ਮ ਪੁਰਾ ਸ਼ਹਿਰ ਨਹੀਂ ਵੱਸਿਆ।
ਹੇ ਰਵੀਦਾਸ! ਪਿਆਰੇ ਪੁਰਖ਼ੇ, ਸੱਚੋ ਸੱਚ ਮੈਂ ਤੈਨੂੰ ਦੱਸਿਆ।

ਸ਼ਬਦ-ਗੁਰੂ ਸਤਿਕਾਰਨ ਦੀ ਥਾਂ, ਪੂਜਣਹਾਰੇ ਹੋ ਗਏ ਕਾਬਜ਼,
ਤਾਂਹੀਂ ਸ਼ਬਦ ਮੁਕਤੀਆਂ ਦਾਤਾ ਸਾਡੇ ਮਨ ਮੰਦਰ ਨਹੀਂ ਵੱਸਿਆ।

ਆਪ ਕਬੀਰ ਨੂੰ ਮੈਂ ਖ਼ੁਦ ਪੁੱਛਿਆ, ਉਲਝੀ ਤਾਣੀ ਕਿੰਜ ਸੁਲਝੇਗੀ,
ਓਸ ਕਿਹਾ ਕਿ ਤੋੜ ਜ਼ੰਜੀਰਾਂ, ਭਰਮ-ਜਾਲ ਦੀ ਕਾਲ਼ੀ ਮੱਸਿਆ।

ਨਾਮਦੇਵ ਦੀ ਛਪਰੀ ਅੱਜ ਵੀ, ਘਿਰੀ ਪਈ ਹੈ ਫ਼ਿਕਰਾਂ ਅੰਦਰ,
ਕਿਣਮਿਣ ਕਣੀਆਂ ਅੱਥਰੂ ਕਿਰਦੇ, ਦਰਦ ਸਦੀਵੀ ਮੀਂਹ ਬਣ ਵੱਸਿਆ।

ਮਰਦਾਨੇ ਦੀ ਦਰਦ ਕਹਾਣੀ, ਪੁੱਛੋ ਨਾ ਬੱਸ ਰਹਿਣ ਦਿਓ ਜੀ,
ਸੁਰ ਤੇ ਰਾਗ ਰਬਾਬ ਦੋਹਾਂ ਨੂੰ, ਗੁਰਬਤ ਜ਼ਹਿਰੀ ਨਾਗਣ ਡੱਸਿਆ।

ਗਿਆਨ ਦੇ ਗਲ਼ ਵਿੱਚ ਰੱਸਾ ਪਾ ਕੇ, ਆਪਣੇ ਵੱਲ ਨੂੰ ਖਿੱਚੀ ਜਾਂਦੇ,
ਵੇਖ ਲਵੋ ਕਿੰਜ ਬੌਣਿਆਂ ਰਲ਼ ਕੇ, ਧੌਣ ਦੁਆਲੇ ਕਿੰਨਾ ਕੱਸਿਆ।

ਸਰਬਕਾਲ ਪਰਮੇਸ਼ਰ ਪੋਥੀ, ਸ਼ਬਦਗੁਰੂ, ਸਰਬੱਤ ਦੀ ਖ਼ਾਤਰ,
ਨਿਰਭਓ ਤੇ ਨਿਰਵੈਰ ਨੇ ਕੱਢਣਾ, ਜਿਹੜੀ ਮੈਂ ਦਲਦਲ ਵਿੱਚ ਧੱਸਿਆ।

1

o

## ਕੀ ਆਖਾਂ ਹੁਣ ਇਸ ਤੋਂ ਵੱਧ ਮੈਂ

ਕੀ ਆਖਾਂ ਹੁਣ ਇਸ ਤੋਂ ਵੱਧ ਮੈਂ, ਦਰਦ ਸੁਣਾ ਕੇ ਦਿਲ ਨਹੀਂ ਭਰਿਆ।
ਅਚਨਚੇਤ ਕਿਉਂ ਚੁੱਪ ਤੂੰ ਧਾਰੀ, ਦੱਸ ਕੀ ਅਜਬ ਸਿਤਮ ਹੈ ਕਰਿਆ।

ਤੁਰਦੇ ਤੁਰਦੇ ਤੁਰੇ ਜਾਂਦਿਆਂ ਅੱਗੇ, ਜਿਉਂ ਧਰਤੀ ਮੁੱਕ ਜਾਵੇ,
ਤੇਰੀ ਅੱਖ ਵਿੱਚ ਤੱਕਿਆ ਅੱਥਰੂ, ਲੱਗਦੈ ਖ਼ਾਰਾ ਸਾਗਰ ਭਰਿਆ।

ਅੰਬਰ ਵਿੱਚ ਉਡਾਰੀ ਭਰਦਾਂ, ਜਾਂ ਤਰਦਾ ਹਾਂ ਤਲਖ਼ ਸਮੁੰਦਰ,
ਮੇਰੇ ਵਿੱਚ ਨਿਰੰਤਰ ਵਹਿੰਦਾ, ਹਿੰਮਤ ਦਾ ਇੱਕ ਅੱਥਰਾ ਦਰਿਆ।

ਸੋਨੇ ਦੀ ਲੰਕਾ ਵਿੱਚ ਵੇਖੋ, ਅੱਜ ਵੀ ਹੁਕਮ ਹਕੂਮਤ ਕਰਦਾ,
ਹੇ ਭਗਵਾਨ! ਨਿਆਰੀ ਲੀਲ੍ਹਾ, ਸਾਥੋਂ ਕਿਉਂ ਰਾਵਣ ਨਹੀਂ ਮਰਿਆ।

ਕਈ ਵਾਰੀ ਤਾਂ ਏਦਾਂ ਲੱਗਦੈ, ਤੂੰ ਚੰਨ ਟੋਟਾ ਬੱਦਲਾਂ ਓਹਲੇ,
ਸੱਚ ਪੁੱਛੇਂ ਇਹ ਕਹਿਰ, ਹੁਸਨ ਦਾ ਮੇਰੇ ਤੋਂ ਨਾ ਜਾਵੇ ਜਰਿਆ।

ਤੇਰੇ ਦਮ ਤੇ ਜੀਣ ਜੋਗੀਏ, ਹੁਣ ਤੀਕਰ ਹਾਂ ਸਾਬਤ ਬਚਿਆ,
ਦੱਸ ਭਲਾ ਇਹ ਅਗਨ ਸਮੁੰਦਰ, ਕੱਲ੍ਹਿਆਂ ਅੱਜ ਤੱਕ ਕਿਸ ਨੇ ਤਰਿਆ।

ਮੇਰੀ ਕਵਿਤਾ, ਗੀਤ, ਗ਼ਜ਼ਲ ਹੈ, ਅਣ ਆਖੇ ਦੀ ਸਰਲ ਵਿਆਖਿਆ,
ਜੇ ਨਾ ਪਾਉਂਦਾ ਵਰਕਿਆਂ ਪੱਲੇ, ਮਨ ਰਹਿਣਾ ਸੀ ਭਰਿਆ ਭਰਿਆ।

1

o

## ਤੇਰੇ ਦੋ ਨੈਣਾਂ ਵਿੱਚ ਸੁਪਨਾ

ਤੇਰੇ ਦੋ ਨੈਣਾਂ ਵਿੱਚ ਸੁਪਨਾ, ਦਿਨ ਵੇਲੇ ਜਿਉਂ ਸੂਰਜ ਦਗਦਾ।
ਸ਼ਾਮ ਢਲੇ ਤੋਂ ਮਗਰੋਂ ਏਹੀ, ਪਤਾ ਨਹੀਂ ਕਿਉਂ ਚੰਨ ਹੈ ਲਗਦਾ।

ਮੈਨੂੰ ਮਿਲਦੇ ਛੂਈ ਮੂਈ, ਹੋ ਜਾਂਦੀ ਏਂ ਲਾਜਵੰਤੀਏ,
ਹੋਰਾਂ ਖਾਤਰ ਤੇਰੀ ਰੂਹ ਵਿੱਚ, ਇਤਰਾਂ ਦਾ ਦਰਿਆ ਹੈ ਵਗਦਾ।

ਤੂੰ ਤੇ ਹਰ ਥਾਂ ਹਾਜ਼ਰ ਨਾਜ਼ਰ, ਚਾਨਣ ਜਹੀਏ ਨੂਰਵੰਤੀਏ,
ਵੇਖ ਲਵਾਂ ਤੈਨੂੰ ਹਰ ਥਾਂ ਤੇ, ਜਿੱਥੇ ਕਿਧਰੇ ਦੀਵਾ ਜਗਦਾ।

ਤੇਰਾ ਧਿਆਨ ਧਰਾਂ ਤੇ ਮਨ ਵਿੱਚ, ਖ਼ੁਸ਼ਬੂਆਂ ਦਾ ਲੱਗਦਾ ਮੇਲਾ,
ਰੋਮ ਰੋਮ ਲਟਬੌਰੀ ਜਿੰਦ ਨੂੰ, ਦਿਨ ਤੇ ਰਾਤ ਫ਼ਰਕ ਨਾ ਲਗਦਾ।

ਇੱਕ ਵਾਰੀ ਮੁਸਕਾਉਂਦੀ ਤੱਕਿਆ, ਹਾਏ! ਉਹ ਨੂਰੀ ਝਲਕਾਰਾ,
ਹੁਣ ਤੀਕਰ ਵੀ ਚੇਤੇ ਆ ਕੇ, ਓਹੀ ਮੁੜ ਮੁੜ ਮੈਨੂੰ ਠਗਦਾ।

ਤੂੰ ਪੁੱਛਿਆ ਕਈ ਵਾਰੀ ਮੈਨੂੰ, ਤੇਰਾ ਮੇਰਾ ਕੀ ਹੈ ਨਾਤਾ,
ਸੌ ਦੀ ਇੱਕ ਸੁਣਾਵਾਂ ਤੈਨੂੰ, ਜੋ ਰਿਸ਼ਤਾ ਹੈ ਸਾਹ ਤੇ ਰਗ ਦਾ।

ਨਾਲ ਤੁਰਦਿਆਂ ਬੜਾ ਜ਼ਰੂਰੀ, ਦੋ ਤਨ ਇੱਕ ਮਨ ਰੂਪ ਧਾਰਨਾ,
ਸਾਂਭ ਲਿਆ ਲਿਸ਼ਕਾਰਾ ਮੈਂ ਤਾਂ, ਦਿਲ ਮੁੰਦਰੀ ਵਿੱਚ ਮੋਹ ਦੇ ਨਗ ਦਾ।

1

०

## ਕੱਸਿਆ ਕਮਾਨ ਵਿੱਚ ਜੇ ਕੋਈ

ਕੱਸਿਆ ਕਮਾਨ ਵਿੱਚ ਜੇ ਕੋਈ, ਤੀਰ ਨਹੀਂ ਹੈ।
ਸਮਝੀਂ ਨਾ ਮੇਰੀ ਕਲਮ ਇਹ, ਸ਼ਮਸ਼ੀਰ ਨਹੀਂ ਹੈ।

ਇਹ ਰਾਜ ਤਖ਼ਤ, ਕਲਗੀਆਂ, ਪੌਣਾਂ ਦੇ ਵਾਂਗ ਨੇ,
ਮਿਟਦੀ ਕਿਸੇ ਤੋਂ ਵਕਤ ਦੀ ਤਕਦੀਰ ਨਹੀਂ ਹੈ।

ਫਿਰਦਾ ਸੁਹਾਗੇ ਮਾਰਦਾ ਤੇ, ਕਹਿੰਦਾ ਧਰਮ ਹੈ,
ਸ਼ੈਤਾਨ ਦਾ ਸਰੂਪ ਇਹ, ਫ਼ਕੀਰ ਨਹੀਂ ਹੈ?

ਧਰਤੀ ਦਾ ਧਰਮ ਪਾਲਣਾ, ਸਭ ਵੇਲ ਬੂਟੀਆਂ,
ਆਰੀ ਚਲਾਉਣ ਵਾਲਾ ਹੁੰਦਾ, ਬੀਰ ਨਹੀਂ ਹੈ।

ਸਾਂਝਾਂ ਦੀਆਂ ਫੁਲਕਾਰੀਆਂ ਨੂੰ, ਰੋਜ਼ ਕੁਤਰਦੈਂ,
ਤੂੰ ਸਮਝਿਆ ਕਰ ਫੇਰ ਜੁੜਨੀ, ਲੀਰ ਨਹੀਂ ਹੈ।

ਦਿਲ ਤੇ ਲਕੀਰ ਵਾਹੁਣ ਦੀ, ਕੀਮਤ ਨੂੰ ਜਾਣ ਲੈ,
ਮਿਟਿਆ ਕਦੇ ਵੀ ਦਿਲ ਤੇ ਪਿਆ, ਚੀਰ ਨਹੀਂ ਹੈ।

ਤੇਰਾ ਕਾਰਿੰਦਾ ਕਹਿ ਰਿਹਾ ਜੋ ਮੁਲਕ ਛੋੜ ਦੋ,
ਇਹ ਦੇਸ਼ ਉਹਦੇ ਬਾਪ ਦੀ ਜਾਗੀਰ ਨਹੀਂ ਹੈ।

1

०

## ਮਾਰ ਉਡਾਰੀ ਚੱਲ ਹੁਣ ਚੱਲੀਏ

ਮਾਰ ਉਡਾਰੀ ਚੱਲ ਹੁਣ ਚੱਲੀਏ, ਅੰਬਰ ਤੋਂ ਵੀ ਪਾਰ ਬਾਬਲਾ।
ਧਰਤ ਕਲਾਵਾ ਭਰਿਆ ਮੈਂ ਤਾਂ, ਦੋ ਬਾਹਾਂ ਵਿਚਕਾਰ ਬਾਬਲਾ।

ਮੇਰੇ ਮੱਥੇ ਸੂਰਜ ਧਰ ਦੇ, ਕਰ ਦੇ ਰੌਸ਼ਨ ਮੇਰੀਆਂ ਰਾਹਵਾਂ,
ਸੋਚਾਂ ਵਿੱਚ ਗੁਲਤਾਨ ਕਿਉਂ ਹੈਂ, ਰੂਹ ਤੋਂ ਭਾਰ ਉਤਾਰ ਬਾਬਲਾ।

ਕਾਲ ਕਲੂਟੇ ਅੰਬਰ ਦੇ ਵਿੱਚ, ਲੰਮੀਆਂ ਲੰਮੀਆਂ ਚਿੱਟੀਆਂ ਲੀਕਾਂ,
ਪੰਖ ਪਸਾਰ ਉਡੇ ਸੈ ਕੋਸਾਂ, ਕੂੰਜੜੀਆਂ ਦੀ ਡਾਰ ਬਾਬਲਾ।

ਧਰਮ ਧਰਾਤਲ ਧਰਤੀ ਸਾਂਭੇ, ਮੇਰੀ ਦਾਦੀ ਮਾਂ ਦੇ ਵਾਂਗੂੰ,
ਮਾਂ ਬੋਲੀ ਹੈ ਸ਼ਕਤੀ ਤੀਜੀ, ਇਹ ਨੇ ਪਾਲਣਹਾਰ ਬਾਬਲਾ।

ਪੈਸਾ ਪੀਰ ਬਣਾ ਕੇ ਪੂਜਣ, ਅਕਲੋਂ ਹੀਣੇ ਬਹੁਤੇ ਲੋਕੀਂ,
ਏਸੇ ਕਰਕੇ ਹੋ ਚੱਲਿਆ ਏ, ਵਿਸ਼ ਗੰਦਲਾ ਸੰਸਾਰ ਬਾਬਲਾ।

ਤੇਰੇ ਰੁੱਖ ਦੀ ਨਰਮ ਕਰੂੰਬਲ, ਮੈਂ ਕੀਤਾ ਇਕਰਾਰ ਨਿਭਾਊਂ,
ਮਾਂ ਦੇ ਸਿਰ ਫੁਲਕਾਰੀ ਬਣਨਾ, ਤੇਰੀ ਵੀ ਦਸਤਾਰ ਬਾਬਲਾ।

ਰਸਮ ਰਿਵਾਜ ਬਣਾ ਕੇ ਬੰਧਨ, ਮਗਰੋਂ ਫਿਰਨ ਗੁਲਾਮੀ ਕਰਦੇ,
ਚੁੱਕੀ ਫਿਰਦੇ ਮਨ ਦੇ ਉੱਤੇ, ਧੀ ਤਿਤਲੀ ਦਾ ਭਾਰ ਬਾਬਲਾ।

1

o

## ਚਾਨਣ ਕਣੀਆਂ ਆਹ ਫੜ ਸੂਰਜ

ਚਾਨਣ ਕਣੀਆਂ ਆਹ ਫੜ ਸੂਰਜ, ਰੂਹ ਦੇ ਵਿੱਚ ਜਗਾ ਲੈ ਤਾਰੇ।
ਵੇਖੀਂ ਇਹ ਸਭ ਹੂੰਝ ਦੇਣਗੇ, ਤੇਰੇ ਮਨ ਦਾ 'ਨ੍ਹੇਰ ਪਿਆਰੇ।

ਇਹ ਜਗਦੇ ਜੋ ਦੀਵੇ ਤੇਰੇ, ਮੱਥੇ ਅੰਦਰ ਵਾਂਗ ਮਸ਼ਾਲਾਂ,
ਵੇਖੀਂ ਕਿਤੇ ਬੁਝਾ ਨਾ ਦੇਵਣ, ਨੈਣਾਂ ਵਿਚਲੇ ਹੰਝੂ ਖ਼ਾਰੇ।

ਕਿੰਨੇ ਅੰਬਰ, ਧਰਤ, ਸਮੁੰਦਰ, ਦਿਨ ਤੇ ਰਾਤ ਕਰਨ ਪਰਿਕਰਮਾ,
ਬੰਦਿਆ! ਤੇਰੀ ਸੇਵਾ ਖ਼ਾਤਰ, ਕਿੱਦਾਂ ਫ਼ਿਰਦੇ ਚੰਨ ਸਿਤਾਰੇ।

ਹਿੰਮਤ ਨਾਲ ਘੁਮਾ ਦੇ ਚਾਬੀ, ਹਰ ਜੰਦਰੇ ਨੂੰ ਖੋਲ੍ਹਣਹਾਰੀ,
ਉੱਡਣਗੇ ਫਿਰ ਵਾਂਗਰ ਬਾਜ਼ਾਂ, ਖ਼ੁਾਬ ਖ਼ਿਆਲ ਜੋ ਵਖ਼ਤਾਂ ਮਾਰੇ।

ਪੰਛੀਆਂ ਦੇ ਆਜ਼ਾਦ ਪਰਾਂ ਨੂੰ, ਬੰਧਨ ਲਾਉਂਦੇ ਸ਼ਾਤਰ ਭਾਵੇਂ,
ਨਾ ਭੁੱਲੀਂ, ਉੱਡ ਜਾਂਦੇ ਹਿੰਮਤੀ, ਡੋਰਾਂ ਲੈ ਕੇ ਉੱਡਣਹਾਰੇ।

ਪਿੰਜਰੇ ਅੰਦਰ ਚੂਰੀਆਂ ਖਾਂਦੇ, ਵਿੱਚ ਬਗੀਚੇ ਅੰਬੀਆਂ ਟੁੱਕਣ,
ਤੋਤਾ-ਚਸ਼ਮ ਨਸਲ ਦੇ ਪੰਛੀ, ਹਰ ਥਾਂ ਹੋ ਗਏ ਕਾਬਜ਼ ਸਾਰੇ।

ਮੈਂ ਸਮਿਆਂ ਦਾ ਰੋਜ਼ਨਾਮਚਾ ਮੁਣਸ਼ੀ ਵਾਂਗੂੰ ਲਿਖਦਾ ਰਹਿੰਦਾਂ,
ਕੀ ਕਰਦਾ ਜੇ ਕੋਲ ਨਾ ਹੁੰਦੇ, ਪੁਰਖਿਆਂ ਦਿੱਤੇ ਸ਼ਬਦ ਸਹਾਰੇ।

1

o

## ਤੇਰੇ ਲਈ ਦਰਿਆ ਹੈ ਰਾਵੀ

ਤੇਰੇ ਲਈ ਦਰਿਆ ਹੈ ਰਾਵੀ, ਮੇਰੇ ਲਈ ਇਹ ਦੇਸ ਵੀਰਿਆ।
ਧਰਮੀ ਬਾਬਲ, ਮਾਂ ਹੈ ਰਾਵੀ, ਇਸ ਓਹਲੇ ਪਰਦੇਸ ਵੀਰਿਆ।

ਤੂੰ ਕੀ ਜਾਣੇਂ ਡੇਹਰੇ[1] ਜਾ ਕੇ, ਕੀ ਕੁਝ ਟੁੱਟਦਾ ਮੇਰੇ ਅੰਦਰੋਂ,
ਪੂਰਾ ਪੱਥਰ ਹੋਇਆ ਨਹੀਂ ਮੈਂ, ਹਾਲੇ ਅੰਦਰ ਲੇਸ ਵੀਰਿਆ।

ਪੰਜ ਸਦੀਆਂ ਜੋ ਪਹਿਲਾਂ ਬੀਜਿਆ, ਗੁਰ ਮੇਰੇ ਰਾਵੀ ਦੇ ਕੰਢੇ,
ਫ਼ਸਲ ਨਿਖ਼ਸਮੀ ਵਾਂਗੂੰ ਹੁਣ ਤਾਂ, ਸੁੱਕ ਰਿਹਾ ਉਪਦੇਸ ਵੀਰਿਆ।

ਵਗਦਾ ਪਾਣੀ, ਅੱਖ ਦੇ ਅੱਥਰੂ, ਆਪੋ ਆਪਣੀ ਪੀੜ ਸੁਣਾਉਂਦੇ,
ਬਿਰਖ਼ ਉਦਾਸ, ਹਵਾਵਾਂ ਸੋਗੀ, ਦਿਲ ਤੇ ਡੂੰਘੀ ਠੇਸ ਵੀਰਿਆ।

ਕਿੰਜ ਵਿਸਾਰਾਂ ਗੁੜ੍ਹਤੀ ਵਾਂਗੂੰ, ਮਿਲੀਆਂ ਯਾਦਾਂ ਤੇ ਖ਼ੁਸ਼ਬੋਆਂ,
ਮੈਂ ਤਾਂ ਮਾਂ ਦਾ ਬੂੰਬਲਾਂ ਵਾਲਾ, ਸਾਂਭ ਕੇ ਰੱਖਿਆ ਖੇਸ ਵੀਰਿਆ।

ਏਨੇ ਸਾਲ ਖ਼ਰਚ ਕੇ ਹਾਲੇ, ਮਲ੍ਹਮ ਵਲਾਇਤੀ ਵਰਤ ਰਹੇ ਹਾਂ,
ਸੂਰਮਿਆਂ ਦੇ ਖ਼ੁਾਬ ਦੀ ਰਲ ਮਿਲ, ਕੀਤੀ ਪੱਟੀ ਮੇਸ ਵੀਰਿਆ।

ਰਾਵੀ ਕੰਢੇ ਹਾਲੇ ਤੱਕ ਵੀ ਆਲਮ[2] ਯਮਲਾ[3] ਮਿਲ ਕੇ ਬਣਦੇ,
ਬੇਵਤਨਾਂ, ਬੇਜਿਸਮਾਂ ਖ਼ਾਤਰ, ਸੁਰ ਦਾ ਰੰਗਲਾ ਵੇਸ ਵੀਰਿਆ।

1

---

1. ਡੇਰਾ ਬਾਬਾ ਨਾਨਕ
2. ਲੋਕ ਗਾਇਕ ਆਲਮ ਲੋਹਾਰ
3. ਲਾਲ ਚੰਦ ਯਮਲਾ ਜੱਟ

## ਦਿਨ ਚੜ੍ਹਿਆਂ ਤੇ ਵੇਖੀ ਜਦ ਮੈਂ

ਦਿਨ ਚੜ੍ਹਿਆਂ ਤੇ ਵੇਖੀ ਜਦ ਮੈਂ, ਚੰਨ ਦੇ ਟੁਕੜੇ ਸਿਰ ਫ਼ੁਲਕਾਰੀ।
ਇਉਂ ਲੱਗਿਆ ਰੱਬ ਵਿਹਲੇ ਬਹਿ ਕੇ, ਤੇਰੀ ਸੂਰਤ ਆਪ ਸ਼ਿੰਗਾਰੀ।

ਬਿਨ ਮੰਗੇ ਤੋਂ ਏਨੀ ਰਹਿਮਤ, ਮੇਰੀ ਨਿੱਕੀ ਝੋਲੀ ਅੰਦਰ,
ਮਹਿਕ ਗਿਆ ਹੈ ਤਨ ਮਨ ਮੇਰਾ, ਮਿਹਰ ਤੇਰੀ ਸਦਕੇ ਬਲਿਹਾਰੀ।

ਇੱਕੋ ਥਾਂ ਤੇ ਏਨੇ ਦੀਵੇ, ਜਗਮਗ ਨੂਰੋ ਨੂਰ ਚੁਫ਼ੇਰਾ,
ਰਾਤ ਗਈ ਕਰ ਗੋਲ ਬਿਸਤਰਾ, ਹੁਣ ਸੂਰਜ ਦੀ ਆ ਗਈ ਵਾਰੀ।

ਇੱਕ ਦੋ ਬੋਲ ਮਿਸ਼ਰੀਉਂ ਮਿੱਠੇ, ਜਿਉ ਮਿਲ ਗਈ ਹੈ ਦਾਤ-ਇਲਾਹੀ,
ਇਤਰ-ਸਮੁੰਦਰ ਦੇ ਵਿੱਚ ਲੱਗਦੈ, ਰੂਹ ਨਿਰਵਸਤਰ ਲਾਵੇ ਤਾਰੀ।

ਹਾਸਿਆਂ ਵਿੱਚ ਛਣਕਾਰ ਘੁੰਗਰੀਆਂ, ਛਣਕਦੀਆਂ ਨੇ ਪੌਣਾਂ ਅੰਦਰ,
ਤਪਦੀ ਰੂਹ ਤੇ ਪੈਣ ਫੁਹਾਰਾਂ, ਕਿਣਮਿਣ ਕਣੀਆਂ ਹਿੱਕੜੀ ਠਾਰੀ।

ਚੰਦਨ ਗੇਲੀ ਚੀਰਨ ਵਾਲੇ, ਇਸ ਗੱਲ ਤੋਂ ਅਣਜਾਣ ਜਾਪਦੇ,
ਸਮਝਣ ਲੱਕੜੀ ਲੱਕੜਹਾਰੇ, ਮਹਿਕਾਂ ਦੀ ਜੜ੍ਹ ਫੇਰਨ ਆਰੀ।

ਜਿੱਦਾਂ ਮਹਿਕੇ ਅੰਬ ਸੰਧੂਰੀ, ਜਾਂ ਮਰੂਏ ਦਾ ਬੂਟਾ ਕਿਧਰੇ,
ਰੂਹ ਦੇ ਬਾਗੀਂ, ਇਉਂ ਲੱਗਿਆ ਹੈ, ਮੈਨੂੰ ਤੂੰ ਆਵਾਜ਼ ਹੈ ਮਾਰੀ।

1

## ਸਿਰ ਤੇ ਲੈ ਬੱਦਲਾਂ ਦੀ ਚੁੰਨੀ

ਸਿਰ ਤੇ ਲੈ ਬੱਦਲਾਂ ਦੀ ਚੁੰਨੀ, ਆ ਅੰਬਰ ਵਿੱਚ ਪੀਂਘ ਚੜ੍ਹਾਈਏ।
ਅਨਹਦ ਨਾਦ ਵਜਾਈਏ ਰੂਹ ਦਾ, ਪੌਣਾਂ ਨੂੰ ਗਲਵੱਕੜੀ ਪਾਈਏ।

ਜੇ ਬਦਰੰਗਾ ਮੌਸਮ ਚੰਦਰਾ, ਸਾਹੀਂ ਬੇਵਿਸ਼ਵਾਸੀ ਘੋਲ਼ੇ,
ਆਪਣੇ ਰੰਗ ਦੀ ਡੱਬੀ ਵਿੱਚੋਂ ਇੱਕ ਦੋ ਬੁਰਸ਼ ਅਸੀਂ ਵੀ ਲਾਈਏ।

ਹਰ ਰਿਸ਼ਤੇ ਦੀ ਆਪਣੀ ਸੀਮਾ, ਪਰ ਖੁਸ਼ਬੋਈ ਅਨਹਦ ਹੋਵੇ,
ਕੋਸ਼ਿਸ਼ ਕਰੀਏ ਤਨ ਤੋਂ ਅੱਗੇ, ਮਨ ਮੰਦਰ ਵਿੱਚ ਧੂਫ਼ ਧੁਖ਼ਾਈਏ।

ਸ਼ਬਦ ਸਲਾਮਤ ਰਹਿਣ ਹਮੇਸ਼ਾਂ, ਜੇ ਸਾਹਾਂ ਵਿੱਚ ਬਰਕਤ ਹੋਵੇ,
ਸਾਹਾਂ ਦੀ ਬਰਕਤ ਦੀ ਖ਼ਾਤਰ, ਹਰਕਤ ਨੂੰ ਵੀ ਨਾਲ ਮਿਲਾਈਏ।

ਰੂਹ ਮੇਰੀ ਦੇ ਚਸ਼ਮੇ ਵਿੱਚੋਂ, ਲਾ ਲੈ ਡੀਕਾਂ ਪਿਆਸ ਬੁਝਾ ਲੈ,
ਨਿੱਤਰੇ ਪਾਣੀ ਭਰੇ ਸਰੋਵਰ, ਨਿਰਮਲ ਜਲ ਤੇ ਤਰ ਮੁਰਗਾਈਏ।

ਪਾਕ ਮੁਹੱਬਤ ਖ਼ਾਤਰ ਧਰਤੀ, ਹਾਲੇ ਤੀਕਰ ਬਹੁਤ ਛੋਟੇਰੀ,
ਆ ਕਿਰਨਾਂ ਦੀ ਪੀਂਘ ਚੜ੍ਹਾਈਏ, ਸੂਰਜ ਓਹਲੇ ਦੀ ਥਾਹ ਪਾਈਏ।

ਹੱਦ ਬੰਦੀਆਂ ਤਾਂ ਮਨ ਤੋਂ ਮਨ ਨੂੰ, ਦੂਰ ਕਰਦੀਆਂ ਵੇਖ ਲਿਆ ਏ,
ਚਾਰ ਦੀਵਾਰਾਂ ਵਿੱਚ ਨਾ ਘਿਰੀਏ, ਜਦ ਦਿਲ ਚਾਹੇ ਆਈਏ ਜਾਈਏ।

1

੦

## ਇੱਕ ਪਾਸੇ ਕੰਜਕਾਂ ਨੂੰ ਪੂਜੋ

ਇੱਕ ਪਾਸੇ ਕੰਜਕਾਂ ਨੂੰ ਪੂਜੋ, ਦੂਜੇ ਬੰਨੇ ਕੁਖ਼ ਵਿੱਚ ਮਾਰੋ।
ਨਸਲਘਾਤ ਕਰਵਾ ਬੈਠੋਗੇ, ਸਮਝੋ! ਸਮਝੋ! ਬਰਖ਼ੁਰਦਾਰੋ।

ਪੁੱਤਰ ਦਾਤ ਲਈ ਅਰਦਾਸਾਂ, ਜੋ ਜੰਮਹਿ ਰਾਜਾਨ ਵੀ ਗਾਉ,
ਇਹ ਦੋ-ਅਮਲੀ ਕਦ ਛੱਡੋਗੇ, ਓ ਧਰਮਾਂ ਦੇ ਪਹਿਰੇਦਾਰੋ।

ਮਨ ਤੇ ਮੁੱਖ ਦੇ ਅੰਤਰ ਨੂੰ ਤਾਂ, ਸ਼ੇਖ਼ ਫ਼ਰੀਦ ਵੀ ਲਾਨ੍ਹਤ ਪਾਈ,
ਮਨ ਦਾ ਸ਼ੀਸ਼ਾ ਸਾਫ਼ ਕਰਨ ਲਈ, ਆਪਣੇ ਅੰਦਰ ਝਾਤੀ ਮਾਰੋ।

ਸੋਨ-ਸੁਨਹਿਰੀ ਸੁਪਨੇ ਚੋਰੀ ਕਰਦੇ ਫਿਰਦੇ ਚੋਰ ਲੁਟੇਰੇ,
ਭਲਕ ਸੰਵਾਰਨ ਖ਼ਾਤਰ ਸੁੱਤੇ, ਜਾਗ ਪਵੋ ਸਿੰਘੋ ਸਰਦਾਰੋ।

ਇੱਕ ਵਾਰੀ ਜੈਕਾਰਾ ਲਾ ਕੇ, ਬਹਿ ਨਾ ਜਾਇਓ ਸ਼ੇਰ ਬਾਂਕਿਓ,
ਢਾਹ ਦੇਵੋ ਇਹ ਕੰਧ ਜਰਜਰੀ, ਹੋਰ ਜ਼ੋਰ ਦੀ ਹੱਲਾ ਮਾਰੋ।

ਕਿਉਂ ਐਸੇ ਹਾਲਾਤ ਬਣਨ ਜੀ, ਕਲੀਆਂ ਬਿਨਾ ਕਿਆਰੀ ਸੁੰਨੀ,
ਅਧਖਿੜੀਆਂ ਨੂੰ ਮਸਲੀ ਜਾਓ ਵੀਰੋ ਵੇ ਕਿਉਂ ਕਹਿਰ ਗੁਜ਼ਾਰੋ।

ਇਹ ਰਾਹ ਸਿਵਿਆਂ ਦੇ ਵੱਲ ਜਾਵੇ ਅਣਜੰਮੀ ਵੀ ਮੈਂ ਇਹ ਜਾਣਾਂ,
ਜਿੱਧਰ ਨੂੰ ਲੈ ਚੱਲੇ ਡੋਲੀ, ਆਪਣੀ ਧੀ ਦੀ ਆਪ ਕਹਾਰੋ।

1

੦

## ਸੁਰਖ਼ ਗੁਲਾਬਾਂ ਦੇ ਮੌਸਮ ਵਿੱਚ

ਸੁਰਖ਼ ਗੁਲਾਬਾਂ ਦੇ ਮੌਸਮ ਵਿੱਚ, ਫ਼ੁੱਲਾਂ ਦੇ ਰੰਗ ਕਾਲ਼ੇ ਕਿਉਂ ਨੇ।
ਵੇਖਣ ਵਾਲੀ ਅੱਖ ਦੇ ਅੰਦਰ, ਏਨੇ ਗੂੜ੍ਹੇ ਜਾਲ਼ੇ ਕਿਉਂ ਨੇ।

ਏਨੇ ਸਾਲ ਆਜ਼ਾਦੀ ਜਿਹੜੇ, ਘਰ ਪਰਿਵਾਰਾਂ ਰਲ਼ ਕੇ ਚੁੰਘੀ,
ਨੀਤਾਂ ਵਾਲੇ ਖ਼ਾਲਮ ਖ਼ਾਲੀ, ਅੱਜ ਤੀਕਰ ਵੀ ਆਲ਼ੇ ਕਿਉਂ ਨੇ।

ਭੋਗੀ ਯੋਗੀ ਰਲ ਗਏ ਵੇਖੋ, ਕਦ ਏਥੇ ਇਕਤਾਰਾ ਬੋਲੂ,
ਤੇਰੇ ਮੇਰੇ ਸਭ ਦੇ ਮੂੰਹ ਤੇ, ਅਣਦਿਸਦੇ ਜਹੇ ਤਾਲ਼ੇ ਕਿਉਂ ਨੇ।

ਕੱਲ੍ਹ ਜੰਮੇ ਅੱਜ ਗੱਭਰੂ ਹੋ ਗਏ, ਦੇਣ ਹਕਾਇਤਾਂ, ਆਪਾਂ ਸੁਣੀਏ,
ਬਿਨ ਕੁਰਬਾਨੀ ਕੁਰਸੀ ਬੈਠੇ, ਰਾਣੀ ਖਾਂ ਦੇ ਸਾਲ਼ੇ ਕਿਉਂ ਨੇ।

ਦਾਤਾ ਤੇਰੇ ਘਰ ਦੇ ਅੰਦਰ, ਡੱਠ ਨੇ ਗਈਆਂ ਮੰਜੀਆਂ ਬਾਈ,
ਧਰਮ ਗੁਆਚਾ ਧੜਿਆਂ ਪਿੱਛੇ, ਇਹ ਸਭ ਘਾਲ਼ੇ ਮਾਲ਼ੇ ਕਿਉਂ ਨੇ।

ਤੂੰ ਵੀ ਜੇਕਰ ਇੱਕੋ ਇੱਕ ਹੈਂ, ਸੂਰਜ ਵਾਂਗੂੰ ਸਭ ਦਾ ਸਾਂਝਾ,
ਏਸ ਤਰ੍ਹਾਂ ਵਿਸ਼ਵਾਸਾਂ ਦੇ ਵੀ, ਹੁੰਦੇ ਰੋਜ਼ ਉਧਾਲ਼ੇ ਕਿਉਂ ਨੇ।

ਤੂੰ ਸੀ ਸਾਡਾ ਰਾਹ ਰੁਸ਼ਨਾਉਣਾ, ਭੁੱਲੇ ਭਟਕੇ ਰਾਹੇ ਪਾਉਣਾ,
ਵੰਨ-ਸੁਵੰਨੇ ਰਾਹੂ, ਕੇਤੂ, ਤੇਰੇ ਆਲ਼ੇ ਦੁਆਲ਼ੇ ਕਿਉਂ ਨੇ।

1

੦

## ਸਭ ਕੁੜੀਆਂ ਨਹੀਂ ਚੰਨ ਤੇ ਜਾਂਦੀਆਂ

ਸਭ ਕੁੜੀਆਂ ਨਹੀਂ ਚੰਨ ਤੇ ਜਾਂਦੀਆਂ, ਨਾ ਹੀ ਲਾਉਣ ਉਡਾਰੀਆਂ ਜੀ।
ਬਹੁਤੀਆਂ ਨੇ ਸਿਰ ਅੱਜ ਵੀ ਚੁੱਕੀਆਂ, ਬੋਝਲ ਪੰਡਾਂ ਭਾਰੀਆਂ ਜੀ।

ਕੱਚੇ ਰਾਹ ਜਾਂ ਪੱਕੇ ਹੋਵਣ, ਤੁਰਨਾ ਪੈਣੈਂ ਸਾਨੂੰ ਪੈਦਲ,
ਸਾਡੇ ਅੱਖੀਂ ਘੱਟਾ ਪਾਉਂਦੀਆਂ, ਕਿਉਂ ਇਹ ਗੱਡੀਆਂ ਲਾਰੀਆਂ ਜੀ।

ਕੁਖ਼ ਵਿੱਚ ਮਾਰਨ ਜਾਂ ਫਿਰ ਸਾੜਨ, ਧੀਆਂ ਧਰਮ ਧਰੇਕਾਂ ਨੂੰ,
ਕਿਉਂ ਸਾਡੇ ਪੱਲੇ ਵਿੱਚ ਪੈਂਦੀਆਂ, ਵੱਡੀਆਂ ਬੇ ਇਤਬਾਰੀਆਂ ਜੀ।

ਨਾ ਕਹਿ ਸਾਨੂੰ ਘਰ ਦਾ ਗਹਿਣਾ, ਖ਼ਤਮ ਕਰੋ ਹੁਣ ਨਾਟਕ ਨੂੰ,
ਮਰਦ ਬਰਾਬਰ ਹੀ ਨਾ, ਵੱਧ ਨੇ, ਸਿਰ ਤੇ ਜ਼ਿੰਮੇਵਾਰੀਆਂ ਜੀ।

ਜਦ ਤੂੰ ਮੇਰਾ ਸਾਥ ਦਏਂ ਤਾਂ, ਅੰਬਰ ਚੀਰ ਵਿਖਾ ਦੇਵਾਂ,
ਬੁੱਕਲ ਦੇ ਵਿੱਚ ਲੈ ਕੇ ਧਰਤੀ, ਸਾਗਰ ਲਾਵਾਂ ਤਾਰੀਆਂ ਜੀ।

ਤੇਰੇ ਨਾਲ ਬਰਾਬਰ ਹਰ ਥਾਂ, ਤੁਰਦੀ ਹਾਂ ਪਰ ਦਿਸਦੀ ਨਾ,
ਗਿਣਦਾ ਗਿਣਦਾ ਥੱਕ ਜਾਂਦਾ ਏਂ, ਜੋ ਮੈਂ ਮੱਲਾਂ ਮਾਰੀਆਂ ਜੀ।

ਘਰ ਵਿੱਚ ਤੇਰੇ ਜ਼ਹਿਮਤ ਦੀ ਥਾਂ, ਰਹਿਮਤ ਜਿੱਥੇ ਵੱਸਦੀ ਹੈ,
ਇਹ ਤਾਂ ਬਹੁਕਰ* ਨਾਲ ਸੋਹਣਿਆ, ਮੈਂ ਹੀ ਜਗ੍ਹਾ ਬੁਹਾਰੀਆਂ ਜੀ।

1

੦

## ਜਿਸ ਦਮ ਤੈਨੂੰ ਚੇਤੇ ਕੀਤਾ

ਜਿਸ ਦਮ ਤੈਨੂੰ ਚੇਤੇ ਕੀਤਾ, ਉਸ ਪਲ ਬੂਹੇ ਦਸਤਕ ਹੋਈ।
ਰੂਹ ਦੀ ਤਰਬ ਜਗਾ ਕੇ ਮੇਰੇ, ਅੰਦਰ ਤੀਕ ਹਿਲਾ ਗਿਆ ਕੋਈ।

ਜਿਸਮ ਨਹੀਂ ਨਾ ਸੂਰਤ ਦੇਖੀ, ਰੂਪ ਨਹੀਂ ਨਾ ਰੰਗ ਸੀ ਉਸਦਾ,
ਯਾਦ ਕਰਾਂ ਜੇ ਹੁਣ ਵੀ ਉਹ ਪਲ, ਕਣ ਕਣ ਵਿੱਚ ਲਰਜ਼ੇ ਖ਼ੁਸ਼ਬੋਈ।

ਧਰਮ, ਜ਼ਾਤ ਨਾ ਇਸ ਦਾ ਹੋਵੇ, ਰਿਸ਼ਤਾ ਤਾਂ ਅਹਿਸਾਸ ਦਾ ਨਾਂ ਹੈ,
ਇਹ ਤਾਂ ਧੜਕੇ ਰੋਮ ਰੋਮ ਵਿੱਚ, ਸਾਹੀਂ ਜੀਕੂੰ ਨਬਜ਼ ਪਰੋਈ।

ਮੈਂ ਚਾਨਣ ਦਾ ਨੂਰ ਇਲਾਹੀ, ਤੇਰੇ ਨੈਣਾਂ ਦੇ ਵਿੱਚ ਤੱਕਿਐ,
ਪਲਕਾਂ ਅੰਦਰ ਕਿੱਦਾਂ ਰੱਖਦੀ, ਤੂੰ ਇਹ ਤਾਰੇ ਚੰਨ ਲੁਕੋਈ।

ਠਾਰੇ ਪੱਤ ਟਾਹਣੀਆਂ ਸਾਰੇ, ਵਣ ਤ੍ਰਿਣ ਪੋਹ ਪਾਲੇ ਨੇ ਮਾਰੇ,
ਵੇਖ ਫੁਟਾਰਾ ਚੜ੍ਹਦੇ ਚੇਤਰ, ਹਰ ਟਾਹਣੀ ਮੁੜ ਨਵੀਂ ਨਰੋਈ।

ਸੌ ਜਨਮਾਂ ਦੇ ਵਿੱਛੜੇ ਮਾਧੋ, ਕਿਸ ਵੇਲੇ ਤੂੰ ਮੇਲ ਮਿਲਾਇਆ,
ਵਗਦੇ ਦਰਿਆ ਠਹਿਰੇ ਜਾਪਣ, ਰਾਤ ਲਪੇਟੀ ਕਾਲ਼ੀ ਲੋਈ।

ਸੂਰਜ ਤੀਕਰ ਪੀਂਘ ਚੜ੍ਹਾ ਕੇ, ਆ ਅੰਬਰ ਵਿੱਚ ਤਾਰੀ ਲਾਈਏ,
ਕੁੱਲ ਸ੍ਰਿਸ਼ਟੀ ਨੂੰ ਇਹ ਦੱਸੀਏ, ਮੈਂ ਤੇਰਾ ਤੂੰ ਮੇਰੀ ਹੋਈ।

1

---

*ਝਾੜੂ, ਮਾਂਜਾ

o

## ਬਲ਼ਦੀ ਜਿਉਂ ਪਰਚੰਡ ਜਵਾਲਾ

ਬਲ਼ਦੀ ਜਿਉਂ ਪਰਚੰਡ ਜਵਾਲਾ, ਪਾਸ਼ ਕੋਈ ਅਵਤਾਰ ਨਹੀਂ ਸੀ।
ਜਿੰਨਾ ਵੀ ਸੀ ਲਟ ਲਟ ਬਲ਼ਿਆ, ਉਹ ਕੱਲ੍ਹਾ ਇਕਰਾਰ ਨਹੀਂ ਸੀ।

ਜਦ ਵੀ ਆਉਂਦਾ ਵਾਂਗ ਹਨ੍ਹੇਰੀ, ਝੱਖੜ ਵਾਂਗੂੰ ਝੁੱਲ ਜਾਂਦਾ ਉਹ,
ਤਿੱਖੀ ਤੇਜ਼ ਨਜ਼ਰ ਦਾ ਸਾਂਈਂ, ਉਹ ਧਰਤੀ ਤੇ ਭਾਰ ਨਹੀਂ ਸੀ।

ਅੱਥਰੂ ਨਹੀਂ ਸੀ, ਹੌਕਾ ਵੀ ਨਾ, ਉਹ ਸੀ ਬਿਖੜਾ ਸਫ਼ਰ ਨਿਰੰਤਰ,
ਉਸ ਦੇ ਸ਼ਬਦ ਕੋਸ਼ ਵਿੱਚ ਲਿਖਿਆ, ਇੱਕ ਵਾਰੀ ਵੀ ਹਾਰ ਨਹੀਂ ਸੀ।

ਵਿਧ ਮਾਤਾ ਤੋਂ ਮਰਨ ਦਿਹਾੜਾ, ਉਸ ਨੇ ਲਾਗੇ ਬਹਿ ਲਿਖਵਾਇਆ,
ਤੇਈ ਮਾਰਚ ਤੋਂ ਵੱਧ ਸੋਹਣਾ, ਹੋਰ ਕੋਈ ਥਿੱਤ ਵਾਰ ਨਹੀਂ ਸੀ।

ਉਸ ਦਾ ਜਾਣਾ ਏਦਾਂ ਲੱਗਿਆ ਜਿਉਂ ਕਲਬੂਤੋਂ ਰੂਹ ਉੱਡ ਜਾਵੇ,
ਜਿਸ ਦਿਨ ਮਾਰ ਉਡਾਰੀ ਉੱਡਿਆ, ਕੰਬੀ ਕਿਹੜੀ ਤਾਰ ਨਹੀਂ ਸੀ।

ਹੰਸ ਰਾਜ* ਚੱਲ ਨ੍ਹਾਵਣ ਚੱਲੀਏ, ਲੈ ਕੇ ਤੁਰਿਆ ਵਾਂਗ ਭਰਾਵਾਂ,
ਨਾਲ ਸਵਾਸਾਂ ਨਿਭਣੇਹਾਰਾ, ਉਸ ਤੋਂ ਪੱਕਾ ਯਾਰ ਨਹੀਂ ਸੀ।

ਸਾਲਮ ਸੂਰਾ ਸ਼ਬਦ ਬਾਣ ਸੀ, ਵੈਰੀ ਵਿੰਨ੍ਹਦਾ ਲਿਖ ਕਵਿਤਾਵਾਂ,
ਵੇਖਣ ਨੂੰ ਉਸ ਦੇ ਹੱਥ ਭਾਵੇਂ, ਤਿੱਖੀ ਤੇਜ਼ ਕਟਾਰ ਨਹੀਂ ਸੀ।

1

o

## ਹੁਣੇ ਹੁਣੇ ਬੱਸ ਚੇਤੇ ਕੀਤਾ

ਹੁਣੇ ਹੁਣੇ ਬੱਸ ਚੇਤੇ ਕੀਤਾ, ਓਸੇ ਪਲ ਆਹ ਸੂਰਜ ਚੜ੍ਹਿਆ।
ਕਿਰਨਾਂ ਚਾਰ ਚੁਫ਼ੇਰੇ ਝੁਰਮਟ, ਤੂੰ ਇਹ ਕਿਹੜਾ ਮੰਤਰ ਪੜ੍ਹਿਆ।

ਦਿਨ ਤੇ ਰਾਤ ਮਿਲਾ ਕੇ ਚੌਵੀ, ਘੰਟੇ ਹੁੰਦੇ ਰੋਜ਼ ਦਿਹਾੜੀ,
ਮੇਰੇ ਸਾਹਾਂ ਅੰਦਰ ਧੜਕੇਂ, ਲਾਵੇਂ ਅੱਖ, ਘੜੀ ਨਾ ਅੜਿਆ।

ਮਨ ਸਾਂਭਣ ਲਈ ਤਨ ਦੀਵਾਰਾਂ, ਮਨ ਤੇ ਪਹਿਰਾ ਇਸ ਦੀ ਖ਼ਾਤਰ,
ਮਹਿਕ ਤੇਰੀ ਦਾ ਮਾਣਕ ਮੋਤੀ, ਦਿਸਦਾ ਨਹੀਂ, ਇਹ ਮੁੰਦਰੀ ਜੜਿਆ।

ਅਜੇ ਝਨਾਂ ਚੋਂ ਆਉਣ ਆਵਾਜ਼ਾਂ, ਪਾਰ ਲੰਘਾ ਦੇ ਸੋਹਣੀ ਨੂੰ ਤੂੰ,
ਵੇ ਵੀਰਾ ਵੇ ਜੀਣ ਜੋਗਿਆ, ਖ਼ੁਰ ਨਾ ਜਾਵੀਂ ਸਿਦਕੀ ਘੜਿਆ।

ਪੀਂਘ ਹੁਲਾਰੇ ਮਾਰ ਭਰ ਦਿਆਂ, ਸੂਰਜ ਤੋਂ ਵੀ ਪਾਰ ਉਡਾਰੀ,
ਤੂੰ ਮਿਲਿਆ ਮਨ ਚੰਬਾ ਖਿੜਿਆ, ਜਾਪੇ ਜਿਉਂ ਹੈ ਚੇਤਰ ਚੜ੍ਹਿਆ।

ਤੇਰੇ ਮੋਹ ਦੀ ਰਿਸ਼ਮ ਸੁਨਹਿਰੀ, ਮਹਿਕ ਰਹੀ ਚੰਬੇਲੀ ਵਾਂਗਰ,
ਵੇਖ ਤੇਰੇ ਅਹਿਸਾਸ ਦੀ ਕੰਨੀ, ਨੂੰ ਮੈਂ, ਕਿੰਨਾ ਘੁੱਟ ਕੇ ਫੜਿਆ।

ਦਿਨ ਦੇ ਚਿੱਟੇ ਚਾਨਣ ਅੰਦਰ, ਤੇਰੇ ਨੈਣਾਂ ਕੀ ਨਹੀਂ ਕੀਤਾ,
ਫੇਰ ਪਤਾ ਨਹੀਂ ਕਿਉਂ ਤੂੰ ਸਾਰਾ, ਦੋਸ਼ ਹਨ੍ਹੇਰੇ ਦੇ ਸਿਰ ਮੜ੍ਹਿਆ।

1

---

*ਲੋਕ ਕਵੀ ਪਾਸ਼ ਦਾ ਬਾਲ ਸਖਾਈ ਮਿੱਤਰ ਹੰਸ ਰਾਜ ਜੋ ਉਹਦੇ ਨਾਲ ਤੇਈ ਮਾਰਚ ਨੂੰ ਕਤਲ ਹੋਇਆ ਸੀ।

o

## ਖ਼ਬਰੇ ਹੈ ਇਹ ਕਿਸ ਦਾ ਚਿਹਰਾ

ਖ਼ਬਰੇ ਹੈ ਇਹ ਕਿਸ ਦਾ ਚਿਹਰਾ, ਜਿਸ ਨੂੰ ਆਖਣ ਵਤਨ ਪਿਆਰਾ।
ਕਾਲੇ ਕਰਮੀਂ, ਮਾਰ ਨਹੁੰਦਰਾਂ, ਕੀਤਾ ਇਸ ਨੂੰ ਜ਼ਖ਼ਮੀ ਸਾਰਾ।

ਇਸ ਵਿਚ ਕਿੱਥੇ ਸੁਰਗ ਨਜ਼ਾਰੇ, ਕਸ਼ਮੀਰੀ ਸੇਬਾਂ ਜਹੇ ਬੱਚੇ,
ਕਿੱਥੇ ਮੇਰੇ ਦੇਸ ਪੰਜਾਬ ਦਾ, ਪਹਿਲ ਪਲੱਕੜਾ ਸੁਰਗ ਨਜ਼ਾਰਾ।

ਕਿਸ ਧਰਤੀ ਤੋਂ ਸੂਰਜ ਚੜ੍ਹਦਾ, ਡੁੱਬਦਾ ਦੱਸੋ ਕਿੱਥੇ ਜਾ ਕੇ,
ਕਿੱਥੇ ਉੱਗੇ ਸਬਜ਼ ਇਲਾਇਚੀ, ਕਿਸ ਥਾਂ ਤੇ ਹੈ ਲੌਂਗ ਕਿਆਰਾ?

ਗਿੱਧਾ ਚੁੱਪ, ਗਵਾਚਾ ਬੀਹੂ, ਗੁੰਮ ਸੁੰਮ ਝੂੰਮਰ, ਕਿੱਕਲੀ, ਲੁੱਡੀ,
ਨਿੰਮੋਝੂਣ ਧਮਾਲ ਪਈ ਹੈ, ਸੰਮੀ ਦਾ ਨਾ ਚਿੱਤ ਕਰਾਰਾ।

ਹੱਦਾਂ ਤੇ ਸਰਹੱਦ ਦੀ ਰਾਖੀ, ਕਰਨ ਬੰਦੂਕਾਂ ਦਿਨ ਤੇ ਰਾਤੀਂ,
ਦੱਸੋ ਕੌਣ ਲਗਾਉਂਦਾ ਏਦਾਂ, ਕੁੱਲੀਆਂ ਬੂਹੇ ਜੰਦਰਾ ਭਾਰਾ।

ਸੋਨ ਚਿੜੀ ਦੇ ਖੰਭਾਂ ਉੱਤੇ, ਨਜ਼ਰ ਟਿਕਾਈ ਬੈਠੇ ਤਾਜਰ,
ਕੌਣ ਬਚਾਵੇਗਾ ਦੱਸ ਤੈਨੂੰ, ਏਥੇ ਤੇਰਾ ਕੌਣ ਵਿਚਾਰਾ?

ਮੈਂ ਆਪਣਾ ਮਨ ਜੇਕਰ ਚਾਹਾਂ, ਖੋਲ੍ਹ ਦਿਆਂ ਪਰ ਕਿਸ ਥਾਂ ਖੋਲ੍ਹਾਂ,
ਗ਼ਜ਼ਲਾਂ ਤੇ ਕਵਿਤਾਵਾਂ ਤੋਂ ਬਿਨ, ਦੱਸੋ ਮੇਰਾ ਕੌਣ ਸਹਾਰਾ?

1

o

## ਤੜਪ ਰਿਹੈ ਸੌ ਸਾਲ ਤੋਂ ਮਗਰੋਂ

ਤੜਪ ਰਿਹੈ ਸੌ ਸਾਲ ਤੋਂ ਮਗਰੋਂ, ਜੱਲ੍ਹਿਆਂ ਵਾਲਾ ਬਾਗ ਅਜੇ ਵੀ।
ਡਾਇਰ ਤੇ ਓਡਵਾਇਰ ਰਲ ਕੇ, ਗਾਉਂਦੇ ਓਹੀ ਰਾਗ ਅਜੇ ਵੀ।

ਆਜ਼ਾਦੀ ਦਾ ਮੁਕਤੀ ਮਾਰਗ, ਹਾਲੇ ਕਿੰਨੀ ਦੂਰ ਸਵੇਰਾ,
ਥਾਲੀ ਵਿੱਚ ਅਣਚੋਪੜੀਆਂ ਤੇ, ਨਾਲ ਅਲੂਣਾ ਸਾਗ ਅਜੇ ਵੀ।

ਸਰਹੱਦਾਂ ਤੇ ਪਹਿਰੇਦਾਰੀ, ਕਰ ਕਰ ਹਾਰੇ ਕੁੱਲੀਆਂ ਢਾਰੇ,
ਸੋਗ-ਸੁਨੇਹੇ ਫਿਰਨ ਬਨੇਰੇ, ਕੁਰਲਾਉਂਦਾ ਹੈ ਕਾਗ ਅਜੇ ਵੀ।

ਸੁੱਤਿਆ ਲੋਕਾ ਤੇਰੀ ਗੱਠੜੀ, ਲੈ ਚੱਲੇ ਨੇ ਚੋਰ, ਮੁਸਾਫ਼ਿਰ,
ਘਰ ਨੂੰ ਸਾਂਭਣ ਖ਼ਾਤਿਰ ਤੈਨੂੰ, ਕਿਉਂ ਨਾ ਆਵੇ ਜਾਗ ਅਜੇ ਵੀ।

ਧਰਮ-ਖੇਤ ਦੇ ਅੰਦਰ ਦੱਬੀ, ਸਾਰੀ ਫ਼ਸਲ ਨਦੀਨਾਂ ਮਾਰੀ,
ਮਨ-ਮੰਦਰ ਵਿੱਚ ਕੁਫ਼ਰ ਪਸਾਰਾ, ਕਹੀਏ ਸੁੱਤੇ ਭਾਗ ਅਜੇ ਵੀ।

ਛੇ ਸਦੀਆਂ ਤੋਂ ਮਗਰੋਂ ਅੱਜ ਵੀ, ਮੇਰੀ ਕੁੱਲੀ ਓਸੇ ਥਾਂ ਤੇ,
ਜਿੱਥੇ ਛੱਡ ਕੇ ਗਿਆ ਕਬੀਰਾ, ਗਲ ਕਟੀਅਨ ਕੇ ਲਾਗ ਅਜੇ ਵੀ।

ਧਨਵੰਤੇ ਪਤਵੰਤੇ ਬਣ ਗਏ, ਰੋਲਣ ਪੱਤ ਜ਼ਮੀਰਾਂ ਬਦਲੇ,
ਗੁਣਵੰਤੇ ਛੱਡ, ਬੇਕਦਰਾਂ ਹੱਥ, ਸਮਿਆਂ ਵਾਲੀ ਵਾਗ ਅਜੇ ਵੀ।

1

o

## ਛੱਡ ਓਹ ਮਿੱਤਰਾਂ ਬੀਤੀਆਂ ਗੱਲਾਂ

ਛੱਡ ਓਹ ਮਿੱਤਰਾਂ ਬੀਤੀਆਂ ਗੱਲਾਂ, ਕੀ ਲੈਣਾ ਏਂ ਹੌਕੇ ਭਰ ਕੇ।
ਏਨੇ ਕਦਮ ਸਬੂਤੇ ਰਹਿ ਗਏ, ਸਫ਼ਰ ਸਹੀ, ਵਿਸ਼ਵਾਸ ਦੇ ਕਰਕੇ।

ਗਰਦਨ ਸਿੱਧੀ ਰੱਖਣਾ ਕਹਿ ਕੇ, ਪੈਂਦਾ ਹੈ ਤਲਵਾਰ ਤੇ ਤੁਰਨਾ,
ਜੇ ਤੁਰ ਪਉ ਇੱਕ ਵਾਰ ਫੇਰ ਤਾਂ, ਮੁੜਦੇ ਹੋ ਮੰਜ਼ਲ ਸਰ ਕਰਕੇ।

'ਕੱਲ੍ਹਿਆਂ ਤੁਰਨਾ ਔਖਾ ਹੈ ਪਰ, ਮੇਰੇ ਅੰਗ ਸੰਗ ਕਿੰਨੇ ਸਾਥੀ,
ਸਬਰ, ਸਿਦਕ, ਸੰਤੋਖ, ਸਮਰਪਣ, ਰੂਹ ਮੇਰੀ ਦੇ ਸੂਹੇ ਵਰਕੇ।

ਕਿੰਨੀ ਵਾਰੀ ਮੋੜਾਂ ਬੂਹਿਉਂ, ਆ ਜਾਂਦਾ ਬਾਜ਼ਾਰ ਖ਼ਰੀਦਣ,
ਵਿਕਿਆ ਨਹੀਂ ਮੈਂ, ਤਾਂ ਹੀ ਝਾਕੇ, ਅੱਖੀਆਂ ਅੰਦਰ ਹਸਰਤ ਭਰ ਕੇ।

ਕੋਲ਼ੇ ਵਾਲੀ ਖਾਣ 'ਚ ਦੋਧੇ, ਵਸਤਰ ਚਿੱਟੇ ਰੱਖਣ ਖਾਤਰ,
ਸੱਚ ਪੁੱਛੇਂ ਤਾਂ ਜੀਣਾ ਪੈਂਦਾ, ਪਲ ਅੰਦਰ ਸੌ ਵਾਰੀ ਮਰ ਕੇ।

ਕੌੜਾ ਤੁੰਮਾ ਸੌ ਰੋਗਾਂ ਦੀ, ਜੜ੍ਹ ਦਾ ਵੈਰੀ ਰੁਲ਼ਦਾ ਤਾਂਹੀਂਉਂ,
ਮਿੱਠਾ ਹੈ ਖਰਬੂਜ਼ਾ, ਵਿਕਦਾ ਮੰਡੀ ਦੇ ਵਿੱਚ ਏਸੇ ਕਰਕੇ।

ਹੇ ਗੁਰਸ਼ਬਦ! ਨਾ ਡੋਲਣ ਦੇਵੀਂ, ਇੱਕ ਸਤਰੀ ਅਰਦਾਸ ਕਰਾਂ ਮੈਂ,
ਭੁੱਲ ਜਾਂਦਾ ਹਾਂ ਕਿੰਨੀ ਵਾਰੀ, ਸਿਰ ਤੇਰੇ ਕਦਮਾਂ ਤੇ ਧਰ ਕੇ।

1

o

## ਦੇ ਗਿਆ ਵਿਸ਼ਵਾਸ, ਪਰਤਾਂਗਾ

ਦੇ ਗਿਆ ਵਿਸ਼ਵਾਸ, ਪਰਤਾਂਗਾ, ਜਵਾਨੀ, ਲੈ ਗਿਆ।
ਜਾਣ ਲੱਗਾ ਵਕਤ ਮੈਥੋਂ, ਕੀ ਨਿਸ਼ਾਨੀ, ਲੈ ਗਿਆ।

ਸ਼ਬਦ ਬੀੜਨ ਦੀ ਲਿਆਕਤ, ਦੇ ਗਿਆ ਕੁਝ ਪਲ ਕੁ ਸਾਥ,
ਸਾਂਭ ਕੇ ਰੱਖੀ ਮੇਰੀ, ਸਾਰੀ ਨਾਦਾਨੀ, ਲੈ ਗਿਆ।

ਵਕਤ ਮੇਰੇ ਨਾਲ ਕੈਸੀ, ਖੇਡ ਖੇਡੀ ਮਿਹਰਬਾਨ,
ਬੋਲਦੇ ਵਰਕੇ ਮੇਰੇ ਹੱਥਾਂ 'ਚੋਂ ਕਾਨੀ, ਲੈ ਗਿਆ।

ਤੋੜ ਕੇ ਤੰਦ, ਮਣਕਿਆਂ ਨੂੰ, ਰੁਲਣ ਜੋਗੇ ਕਰ ਗਿਆ,
ਬੇਕਦਰ ਜ਼ਾਲਮ, ਮੇਰੇ ਸਾਹਾਂ ਦੀ ਗਾਨੀ, ਲੈ ਗਿਆ।

ਆਦਮੀ ਫਿਰਦਾ ਗਵਾਚਾ, ਸ਼ਹਿਰ ਤੇ ਬਾਜ਼ਾਰ ਵਿੱਚ,
ਵੇਖ ਲਉ ਮਿੱਟੀ ਦਾ ਮੂਰਾ*, ਕਦਰਦਾਨੀ ਲੈ ਗਿਆ।

ਗਿਆਨ ਤੇ ਵਿਗਿਆਨ ਵੀ, ਮੰਡੀ 'ਚ ਵਿਕਦੈ ਵਸਤ ਵਾਂਗ,
ਹੋਰ ਛੱਡੋ ਧਨ ਕਿਵੇਂ, ਧਰਮੀ ਗਿਆਨੀ ਲੈ ਗਿਆ।

ਜਿਸ ਤਰ੍ਹਾਂ ਬਿੱਲੀਆਂ ਦੀ ਰੋਟੀ, ਲੈ ਗਿਆ ਬਾਂਦਰ ਚਲਾਕ,
ਲੜਦਿਆਂ ਉਹ ਸਾਡੇ ਹੱਥੋਂ, ਰਾਜਧਾਨੀ ਲੈ ਗਿਆ।

1

---

*ਨਕਲੀ ਬੁੱਤ

੦

## ਬੰਦ ਬੂਹਿਆਂ ਨੂੰ ਖੋਲ੍ਹਣ ਖ਼ਾਤਰ

ਬੰਦ ਬੂਹਿਆਂ ਨੂੰ ਖੋਲ੍ਹਣ ਖਾਤਰ, ਮਾਂ-ਧੀ ਕਰਨ ਦਿਹਾੜੀ ਚੱਲੀਆਂ।
ਮਨ ਰੇ ਗਾ ਦਾ ਗੀਤ ਗੁਆਚਾ, ਲੱਭਣ ਆਈਆਂ ਕੱਲ ਮੁ ਕੱਲ੍ਹੀਆਂ।

ਫੁੱਲਾਂ ਵਰਗੇ ਬੱਚੜੇ ਖਾਤਰ, ਇੱਕ ਲਵੇਰੀ ਖ਼ਾਲੀ ਖੁਰਲੀ,
ਖੇਤ ਬੇਗਾਨਾ ਮਾਲਕ ਵਰਜੇ, ਹਾਲੇ ਤੀਕ ਤਾਂ ਖ਼ਾਲੀ ਪੱਲੀਆਂ।

ਪਿੰਡੋਂ ਆਈਆਂ ਦੋਵੇਂ ਕੱਠੀਆਂ, ਵੇਖਣ ਨੂੰ ਵੀ ਕੋਲ ਬੈਠੀਆਂ,
ਜਿੰਦ ਫ਼ਿਕਰਾਂ ਦੇ ਪੇਂਜੇ ਪਿੰਜੀ, ਤੰਦਾਂ ਹੋਈਆਂ ਕੱਲ੍ਹੀਆਂ ਕੱਲ੍ਹੀਆਂ।

ਵਾਢੀ ਮਗਰੋਂ, ਨੰਗੇ ਪੈਰੀਂ, ਰੱਤ ਨੇ ਵਾਹੀਆਂ ਮੋਰ ਬੂਟੀਆਂ,
ਲਿੱਸੇ ਘਰ ਦੀਆਂ ਜਾਈਆਂ ਲੱਭਣ, ਵੱਢ ਵਿੱਚੋਂ ਕਣਕਾਂ ਦੀਆਂ ਬੱਲੀਆਂ।

ਘੁੱਗੀਆਂ ਵਾਲੇ ਆਲ੍ਹਣਿਆਂ ਤੇ, ਕਬਜ਼ਾ ਕਰ ਜਿਉਂ ਕਾਗ ਬੈਠਦੇ,
ਮਰਦ ਕਹਾਉਂਦੇ ਦਾਰੂਦਾਸੀਏ, ਕੂੰਜਾਂ ਕਿਰਤ ਕਮਾਵਣ ਘੱਲੀਆਂ।

ਦੂਖ ਹਰੋ ਬਨਵਾਰੀ ਮੇਰੇ, ਯਾ ਰੱਬ ’ਅੱਲ੍ਹਾ, ਕਸ਼ਟ ਨਿਵਾਰੋ,
ਕਿੰਨੇ ਹੀ ਕੰਮਚੋਰ ਆਵਾਰਾ, ਐਵੇਂ, ਫਿਰਨ ਵਜਾਉਂਦੇ ਟੱਲੀਆਂ।

ਰੱਜਿਆਂ ਪੁੱਜਿਆਂ ਨੂੰ ਅਫ਼ਰੇਵਾਂ, ਲਿੱਸਿਆਂ ਨੂੰ ਤਰਸੇਵਾਂ ਘੇਰੇ,
ਖ਼ੌਰੇ ਕਿਸਦੇ ਬੱਚਿਆਂ ਦੇ ਲਈ, ਵਿਕਣ ਬਾਜ਼ਾਰੀਂ ਕੇਲੇ ਛੱਲੀਆਂ।

1

੦

## ਸਿਖ਼ਰ ਪਹਾੜੋਂ ਆਇਆ ਰੁੱਕਾ

ਸਿਖ਼ਰ ਪਹਾੜੋਂ ਆਇਆ ਰੁੱਕਾ, ਪੜ੍ਹ ਲਓ, ਫਿਰ ਮਗਰੋਂ ਨਾ ਕਹਿਣਾ।
ਜਿੱਦਾਂ ਧਰਤੀ ਅੱਜ ਤਪਦੀ ਹੈ, ਚੋਟੀ ਦਾ ਜਲਵਾ ਨਹੀਂ ਰਹਿਣਾ।

ਦਸ ਵਰ੍ਹਿਆਂ ਤੱਕ ਤਪਸ਼ ਨੇ ਵਧ ਕੇ, ਚਾਰ ਡਿਗਰੀਆਂ ਹੋਰ ਹੈ ਤਪਣਾ,
ਮੇਰੀਆਂ ਸਭ ਬਰਫ਼ਾਨੀ ਟੀਸੀਆਂ, ਪਿਘਲ ਪਿਘਲ ਧਰਤੀ ਵੱਲ ਵਹਿਣਾ।

ਬਿਰਖ਼ਾਂ ਦੀ ਹਰਿਆਲੀ ਛਤਰੀ ਤਾਣ ਦਿਓ ਜੀ ਇਸ ਦੇ ਸਿਰ 'ਤੇ,
ਬੰਜਰ ਨਾ ਹੋ ਜਾਵੇ ਧਰਤੀ, ਆ ਨਾ ਜਾਵੇ ਵਕਤ ਕੁਲਹਿਣਾ।

ਅਗਨ ਭੇਟ ਕਿਉਂ ਕਰਦੇ ਬੀਬਾ, ਜ਼ਹਿਰੀ ਗੈਸਾਂ ਵਾਲਾ ਨਿਕ ਸੁਕ,
ਅੰਬਰ ਵਿੱਚ ਓਜ਼ੋਨ ਮਘੋਰਾ, ਹੋਰ ਜੇ ਵਧਿਆ, ਔਖਾ ਸਹਿਣਾ।

ਜੋ ਜੋ ਸ਼ਹਿਰ ਸਮੁੰਦਰ ਕੰਢੇ, ਡੁੱਬ ਜਾਵਣਗੇ ਪਰਲੋ ਆਊ,
ਪਿਘਲ ਗਲੇਸ਼ਰ ਭਰ ਭਰ ਨਦੀਆਂ, ਜਦ ਹੈ ਏਸ ਦਿਸ਼ਾ ਵੱਲ ਵਹਿਣਾ।

ਮਾਰ ਪਵੇਗੀ ਐਸੀ ਮਾੜੀ, ਝੰਬ ਸੁੱਟੇਗੀ ਕੁੱਲ ਹਰਿਆਵਲ,
ਤੂੰ ਤੇ ਮੈਂ ਕਿਸ ਬਾਗ ਦੀ ਮੂਲੀ, ਜੰਤ ਪਰਿੰਦਾ ਕੁਝ ਨਹੀਂ ਰਹਿਣਾ।

ਪਵਨ ਗੁਰੂ ਤੇ ਪਾਣੀ ਬਾਬਲ, ਧਰਤੀ ਸਾਡੀ ਮਾਂ ਵਰਗੀ ਹੈ,
ਜੇ ਬਚਣਾ ਤਾਂ ਪੱਲੇ ਬੰਨ੍ਹ ਲਓ, ਮੇਰੇ ਗੁਰ-ਬਾਬੇ ਦਾ ਗਹਿਣਾ।

1

## ਏਸੇ ਦਾ ਪਛਤਾਵਾ ਹੁਣ ਵੀ

ਏਸੇ ਦਾ ਪਛਤਾਵਾ ਹੁਣ ਵੀ, ਦਰਦ ਦਿਲੇ ਦਾ ਕਹਿ ਨਹੀਂ ਹੋਇਆ।
ਇਹ ਗੱਲ ਵੀ ਮੈਂ ਤਾਂ ਦੱਸੀ ਏ, ਮੇਰੇ ਕੋਲੋਂ ਰਹਿ ਨਹੀਂ ਹੋਇਆ।

ਤੁਰਿਆ ਰਹਿੰਦਾਂ ਸ਼ਾਮ ਸਵੇਰੇ, ਪੈਰੀਂ ਬੰਨ੍ਹ ਕੇ ਸਫ਼ਰ ਲੰਮੇਰੇ,
ਸੂਰਜ ਦੀ ਟਿੱਕੀ ਨੂੰ ਚੁੰਮਣੈਂ, ਏਸੇ ਕਰਕੇ ਬਹਿ ਨਹੀਂ ਹੋਇਆ।

ਮਾਣ-ਮਰਤਬੇ ਦੁਨੀਆ ਅੰਦਰ, ਕੀ ਔਖੇ ਸੀ ਹਾਸਿਲ ਕਰਨੇ,
ਸੱਚ ਪੁੱਛੋ ਤਾਂ ਗ਼ਰਜ਼ਾਂ ਖ਼ਾਤਰ, ਏਨਾ ਥੱਲੇ ਲਹਿ ਨਹੀਂ ਹੋਇਆ।

ਅੱਖੀਆਂ ਅੰਦਰ ਮੇਰੇ ਵੀ ਤਾਂ, ਗ਼ਮ ਦੇ ਕਿੰਨੇ ਤਲਖ਼ ਸਮੁੰਦਰ,
ਕੀ ਕਰਦਾ ਮੈਂ ਹੰਝੂਆਂ ਤੋਂ ਹੀ, ਪਿਘਲਣ ਮਗਰੋਂ ਵਹਿ ਨਹੀਂ ਹੋਇਆ।

ਜਾਣਕਾਰ ਸਾਂ, ਕੰਧਾਂ ਮੈਨੂੰ, ਕਦੇ ਹੁੰਗਾਰਾ ਭਰਨਾ ਨਹੀਂਉਂ,
ਮੇਰੇ ਤੋਂ ਹੀ ਚੁੱਪ ਦਾ ਪਰਬਤ, ਹਿੱਕੜੀ ਉੱਤੇ ਸਹਿ ਨਹੀਂ ਹੋਇਆ।

ਸਾਨੂੰ ਗਿਣਨ ਮਸ਼ਾਲਚੀਆਂ ਵਿੱਚ, ਫੇਰ ਹਨ੍ਹੇਰਾ ਇਹ ਕਿਉਂ ਵਧਿਆ,
ਅਸਲ ਨਿਸ਼ਾਨਾ ਤੈਥੋਂ ਮੈਥੋਂ, ਅੱਜ ਤੀਕਰ ਵੀ ਤਹਿ ਨਹੀਂ ਹੋਇਆ।

ਚਾਰ ਚੁਫ਼ੇਰ ਹਨ੍ਹੇਰਾ ਕਾਲਖ਼, ਰਾਜ ਭਾਗ ਤੇ ਕਾਬਜ਼ ਤਾਂਹੀਉਂ,
ਮਾਚਸ ਦੀ ਡੱਬੀ ਤੇ ਮੈਥੋਂ, ਤੀਲੀ ਬਣ ਕੇ ਖਹਿ ਨਹੀਂ ਹੋਇਆ।

1

## ਸਦੀਆਂ ਲੰਮਾ ਸਫ਼ਰ ਮੁਕਾ ਕੇ

ਸਦੀਆਂ ਲੰਮਾ ਸਫ਼ਰ ਮੁਕਾ ਕੇ, ਮੇਰੇ ਹੱਥ ਜੇ ਅੱਜ ਵੀ ਕੜੀਆਂ।
ਧਰਤੀ ਦੀ ਧੀ ਪੁੱਛਦੀ ਸਾਥੋਂ, ਕਿਹੜੇ ਕੰਮ ਕਿਤਾਬਾਂ ਪੜ੍ਹੀਆਂ।

ਮੇਰੀ ਇੱਕ ਤਸਵੀਰ ਤੁਹਾਡੇ ਹੱਥਾਂ ਦੇ ਵਿੱਚ ਆ ਗਈ ਕਿਤਿਓਂ,
ਮੇਰੇ ਜਹੀਆਂ ਸੰਗਲ ਬੱਧੀਆਂ ਹਰ ਧਰਤੀ ਤੇ ਧੀਆਂ ਬੜੀਆਂ।

ਮੈਂ ਅਰਧਾਂਗਣ, ਸਦੀਆਂ ਮਗਰੋਂ, ਹਾਲੇ ਤੱਕ ਸੰਪੂਰਨ ਨਹੀਂਓਂ,
ਅਗਨੀ ਪਰਖ਼, ਤਪੱਸਿਆ ਮੇਰੀਆਂ, ਨਿਰ ਫ਼ਲੀਆਂ ਨੇ ਤੋੜ ਨਾ ਚੜ੍ਹੀਆਂ।

ਕਹਿਰ ਖ਼ੁਦਾਇਆ, ਜ਼ੁਲਮ ਤੇਰੇ ਦੀ, ਹਾਲੇ ਤੀਕ ਅਖ਼ੀਰ ਨਾ ਹੋਈ,
ਆਦਮ ਨਸਲ ਦੀਆਂ ਜੋ ਸਿਰਜਕ, ਪਤੀ ਦੇਵ ਦੇ ਬੂਹੇ ਖੜ੍ਹੀਆਂ।

ਹਰ ਧਰਤੀ ਤੇ ਹਰ ਯੁਗ ਅੰਦਰ, ਮਾਂ ਮੰਗਦੀ ਨਾ ਧੀ ਦੇ ਜੋਟੇ,
ਮੰਗਦੀਆਂ ਨੇ ਜਦ ਵੀ ਮੰਗਣ, ਮੰਗਦੀਆਂ ਲਾਲਾਂ ਦੀਆਂ ਲੜੀਆਂ।

ਜੀਂਦੇ ਜਿਸ ਇਨਸਾਨ ਦੀ ਕੀਮਤ, ਫੁੱਟੀ ਕੌਡੀ ਵੀ ਨਾ ਮੰਨੀ,
ਕੀ ਕਰਦੇ ਬੇਹਿੰਮਤੇ ਮਗਰੋਂ, ਸਾਖੀਆਂ ਘੜ ਕੇ ਪੂਜਣ ਮੜ੍ਹੀਆਂ।

ਨਸਲਕੁਸ਼ੀ ਦੇ ਮਾਰਗਪੰਥੀ, ਬਣ ਗਏ ਹਾਂ, ਪਰ ਮੰਨਦੇ ਹੀ ਨਾ,
ਧਰਤੀ ਧਰਮ ਗੁਆ ਕੇ ਆਪਣਾ, ਹੁਣ ਇਹ ਫ਼ੌਜਾਂ ਹੁਣ ਕਿੱਧਰ ਚੜ੍ਹੀਆਂ।

1

## ਸਤਿਲੁਜ ਬਿਆਸ ਝਨਾਂ ਤੇ ਜਿਹਲਮ

ਸਤਿਲੁਜ ਬਿਆਸ ਝਨਾਂ ਤੇ ਜਿਹਲਮ ਪੰਜਵਾਂ ਦਰਿਆ ਮੇਰੀ ਮਾਂ ਹੈ।
ਪਾਲ ਪੋਸ ਜਿਸ ਵੱਡਿਆਂ ਕੀਤਾ, ਰਾਵੀ ਉਸ ਦਾ ਦੂਜਾ ਨਾਂ ਹੈ।

ਬਾਤ ਪਾਉਂਦਿਆਂ ਬਿਰਖ਼ਾਂ ਦੀ ਮੈਂ, ਸੀਸ ਝੁਕਾਵਾਂ ਪੁਰਖਿਆਂ ਨੂੰ ਵੀ,
ਕੁਝ ਆਰੀ, ਕੁਝ ਵਕਤ ਲੈ ਗਿਆ, ਫਿਰ ਵੀ ਸਿਰ ਵਿਰਸੇ ਦੀ ਛਾਂ ਹੈ।

ਪਹਿਲਾਂ ਗੋਬਰ ਧਨ ਦੇਂਦੀ ਸੀ, ਹਾਲ਼ੀ ਬਲਦ ਤੇ ਅੰਮ੍ਰਿਤ ਧਾਰਾਂ,
ਨੇਤਾ ਜੀ ਦੇ ਪੇੜੇ ਮਗਰੋਂ, ਅੱਜ ਕੱਲ੍ਹ ਵੋਟਾਂ ਦੇਂਦੀ ਗਾਂ ਹੈ।

ਬੋਹੜੀਂ ਪਿੱਪਲੀਂ ਪੀਂਘਾਂ ਮੋਈਆਂ, ਰੱਸੀਆਂ ਦੇ ਸੱਪ ਬਣ ਗਏ ਫਾਹੀਆਂ,
ਮਰਨ ਵਾਲਿਆਂ ਵਿੱਚ ਹਰ ਵਾਰੀ, ਮੇਰੇ ਬਾਬਲ ਦਾ ਕਿਉਂ ਨਾਂ ਹੈ।

ਦੋਮੂੰਹੀਆਂ ਡੰਗ ਮਾਰਨ ਜ਼ਹਿਰੀ, ਅੱਜ ਕੱਲ੍ਹ ਮੀਸਣੀਆਂ ਮੁਸਕਾਨਾਂ,
ਮੈਂ ਏਸੇ ਦਾ ਡੰਗਿਆ ਹੋਇਆਂ, ਤੈਨੂੰ ਇਹ ਮੈਂ, ਦੱਸਿਆ ਤਾਂ ਹੈ।

ਧਰਮਸਾਲ ਵਿੱਚ ਧੜਿਆਂ ਕਾਰਨ, ਵਣਜ ਵਪਾਰੀ ਕਾਬਜ਼ ਹੋ ਗਏ,
ਸ਼ੁਭ ਕਰਮਨ ਦੀ ਕਥਾ ਸੁਣਨ ਲਈ, ਧਰਮ ਕਰਮ ਦੀ ਕਿਹੜੀ ਥਾਂ ਹੈ।

ਮਾਨ ਸਰੋਵਰ ਝੀਲ ਦੇ ਕੰਢਿਓਂ, ਕਹਿ ਕੇ ਹੰਸ ਉਡਾਰੀ ਭਰ ਗਏ,
ਨਾਲ ਨਮੋਸ਼ੀ ਜੀਣਾ ਔਖਾ, ਜਿੱਥੋਂ ਦਾ ਹੁਣ ਮੁਖੀਆ ਕਾਂ ਹੈ।

1

## ਹਾਕਮ ਹੁਕਮ ਹਕੂਮਤ ਖ਼ਾਤਰ

ਹਾਕਮ ਹੁਕਮ ਹਕੂਮਤ ਖ਼ਾਤਰ, ਸ਼ਬਦਾਂ ਨੂੰ ਤਵੀਆਂ ਤੇ ਧਰਦੇ।
ਕੌਣ ਕਹੇ ਦੱਸ ਬੇਸਮਝਾਂ ਨੂੰ, ਅਰਥ ਕਦੇ ਏਦਾਂ ਨਹੀਂ ਮਰਦੇ।

ਸ਼ਬਦਕਾਰ ਦੀ ਉੱਚੀ ਹਸਤੀ, ਸ਼ਹਿਰ ਲਾਹੌਰ ਦੀ ਰਾਵੀਉਂ ਤੁਰ ਕੇ,
ਧਰਤ ਆਕਾਸ਼ ਪਤਾਲ 'ਚ ਘੁਲ ਗਈ, ਜਾ ਪਹੁੰਚੀ ਅੰਦਰ ਘਰ ਘਰ ਦੇ।

ਜਬਰ ਜ਼ੁਲਮ ਦੀ ਤੱਤੀ ਰੇਤਾ, ਚਹੁੰ ਸਦੀਆਂ ਤੋਂ ਬਾਦ ਨਿਰੰਤਰ,
ਸ਼ਬਦ-ਗੁਰੂ ਦੇ ਸੀਸ ਤੇ ਪੈਂਦੀ, ਅੱਜ ਵੀ ਜਾਬਰ ਘੱਟ ਨਹੀਂ ਕਰਦੇ।

ਸ਼ਬਦ-ਵਿਧਾਨ ਲਿਖਣ ਤੋਂ ਮਗਰੋਂ, ਅਸਥਾਪਣ ਦਾ ਗੱਡਿਆ ਪਰਚਮ,
ਚੁੱਪ ਰਹਿੰਦਾ ਕਿੰਜ ਤਖ਼ਤ ਲਾਹੌਰੀ, ਸੂਰਜ ਨੂੰ ਕਿੰਜ ਨ੍ਹੇਰੇ ਜਰਦੇ।

ਪੀਰੀ ਨਾਲ ਜੁੜੀ ਫਿਰ ਮੀਰੀ, ਕਲਮ ਨਾਲ ਕਿਰਪਾਨ ਦੀ ਜੋਟੀ,
ਤਖ਼ਤ ਅਕਾਲ ਸੁਣਾਇਆ ਜੱਗ ਨੂੰ ਨਿਰਭਉ ਤੇ ਨਿਰਵੈਰ ਨਾ ਡਰਦੇ।

ਰਾਮਦਾਸ ਗੁਰ ਚੌਥਿਓਂ ਅੱਗੇ, ਕਿੱਥੇ ਪਹੁੰਚਾ ਤੇਗ ਬਹਾਦਰ,
ਸੀਸ ਤਲੀ ਲਲਕਾਰੇ ਗੋਬਿੰਦ, ਮਾਰਨ ਵਾਲੇ ਜਾਂਦੇ ਖ਼ਰਦੇ।

ਏਸ ਗੁਲਾਬ ਦੀਆਂ ਸਭ ਕਲਮਾਂ ਸਰਹੰਦ ਤੇ ਚਮਕੌਰ 'ਚ ਖਿੜੀਆਂ,
ਪੂਰੀ ਧਰਤ ਗੁਲਾਬੀ ਹੁੰਦੀ, ਜੇ ਆਪਾਂ ਰਖਵਾਲੀ ਕਰਦੇ।

1

o

## ਵੇ ਵੀਰਾ ਵੇ ਜੀਣ ਜੋਗਿਆ

ਵੇ ਵੀਰਾ ਵੇ ਜੀਣ ਜੋਗਿਆ, ਤੂੰ ਕਿਉਂ ਸੁੱਤਾ ਦਰਦ ਜਗਾਇਆ।
ਕਾਲ਼ੇ ਦੌਰ ਦੀ ਕਾਲ਼ੀ ਮੂਰਤ, ਵੇਖਣ ਸਾਰ ਜ਼ਲਜ਼ਲਾ ਆਇਆ।

ਅੱਖੀਆਂ ਦੇ ਵਿੱਚ ਸਹਿਮ ਸੰਨਾਟਾ, ਵੱਖੀਆਂ ਅੰਦਰ ਭੁੱਖ ਦਾ ਤਾਂਡਵ,
ਬੰਨ੍ਹ ਕਾਫ਼ਲੇ ਨਾਰੋਵਾਲੋਂ, ਰੁਲ਼ਦਾ ਸਾਡਾ ਟੱਬਰ ਆਇਆ।

ਦਾਦੀ ਮਾਂ ਦੀ ਉਂਗਲੀ ਫੜ ਕੇ, ਬੈਠੀ ਭੂਆ ਸਗਵੀਂ ਜਾਪੇ,
ਬਾਪ-ਕੰਧੇੜੇ ਚੜ੍ਹ ਕੇ ਏਦਾਂ, ਦੱਸਦੇ ਮੇਰਾ ਵੀਰਨ ਆਇਆ।

ਚੁੱਲ੍ਹੇ ਅੰਦਰ ਬਲਦੀ ਅੱਗ ਤੇ, ਗੁੰਨਿਆ ਆਟਾ ਵਿੱਚ ਪਰਾਤੇ,
ਨਹੀਂ ਸੀ ਵਿੱਚ ਨਸੀਬਾਂ ਰੋਟੀ, ਛੱਡਿਆ ਪਿੰਡ ਤੰਦੂਰ ਤਪਾਇਆ।

ਅਲਫ਼ ਅੱਲ੍ਹਾ ਤੋਂ ਅਗਲਾ ਵਰਕਾ, ਪਾਟਿਆ ਜੋ ਸੰਤਾਲੀ ਵੇਲੇ,
ਉਸਨੂੰ ਲੱਭਦਾ ਗੁਜ਼ਰ ਗਿਆ ਹੈ, ਤੜਫ਼ ਤੜਫ਼ ਕੇ ਮੇਰਾ ਤਾਇਆ।

ਮਾਂ ਧਰਤੀ ਦਾ ਚੀਰ ਕੇ ਸੀਨਾ, ਅੱਧੀ ਰਾਤੀਂ ਕਿਹਾ ਆਜ਼ਾਦੀ,
ਕਿਉਂ ਘਰ ਬਾਰ ਗੁਆਚਾ ਸਾਡਾ, ਸਾਨੂੰ ਹੁਣ ਤੱਕ ਸਮਝ ਨਾ ਆਇਆ।

ਮੈਂ ਸੰਤਾਲੀ ਮਗਰੋਂ ਜੰਮਿਆਂ, ਪਰ ਨਹੀਂ ਛੱਡਦਾ ਖਹਿੜਾ ਮੇਰਾ,
ਮੇਰੀ ਰੂਹ ਤੋਂ ਲਹਿੰਦਾ ਹੀ ਨਾ, ਆਦਮਖ਼ੋਰ ਦਾ ਖ਼ੂਨੀ ਸਾਇਆ।

1

o

## ਬੱਲੀ ਵੀਰੇ, ਮੈਂ ਸੁਣਿਆ ਹੈ

ਬੱਲੀ* ਵੀਰੇ, ਮੈਂ ਸੁਣਿਆ ਹੈ ਤੇਰੇ ਵਿਹੜੇ ਕੋਇਲ ਬੋਲਦੀ।
ਕਹਿੰਦੇ ਉਹ ਤਾਂ ਰੂਹ ਦੇ ਜੰਦਰੇ, ਦਰਦ ਪੁਰਾਣੇ ਭੇਤ ਖੋਲ੍ਹਦੀ।

ਕੰਕਰੀਟ ਦੇ ਚੰਡੀਗੜ੍ਹ ਵਿੱਚ, ਸ਼ੁਕਰ ਅਜੇ ਵੀ ਬਿਰਖ਼ ਜੀਉਂਦੇ,
ਅੰਬਾਂ ਦੇ ਵਿੱਚ ਲੁਕ ਛਿਪ ਤਾਂਹੀਂਉਂ, ਦਿਲ ਦਾ ਜਾਨੀ ਫਿਰੇ ਟੋਲਦੀ।

ਇਹ ਤਾਂ ਸਿਰਫ਼ ਆਵਾਜ਼ ਨਾ ਦੇਵੇ, ਹੋਰ ਬੜਾ ਕੁਝ ਇਹਦੇ ਅੰਦਰ,
ਇਤਰਾਂ ਭਿੱਜੀ ਪੌਣ ਸਰਕਦੀ, ਜਿਉਂ ਸਾਹਾਂ ਦੇ ਕੋਲ ਕੋਲ ਦੀ।

ਕਿੰਜ ਕਲ਼ਾਵਾ ਭਰ ਕੇ ਸਾਂਭਾਂ, ਏਸ ਮਹਿਕ ਨੂੰ ਸਮਝ ਨਾ ਆਵੇ,
ਟਿਕੀ ਰਾਤ ਪ੍ਰਭਾਤ ਸਮੇਂ ਜੋ, ਮਨ-ਮੰਦਰ ਗੁਲਕੰਦ ਘੋਲ਼ਦੀ।

ਸ਼ਾਮ ਢਲੀ ਪਰਛਾਵੇਂ ਸੁੱਤੇ, ਸੂਰਜ ਨੇ ਵੀ ਲਿਆ ਬਿਸਤਰਾ,
ਅੰਬਰ ਵਿੱਚ ਟਟੀਹਰੀ ਬੋਲੇ, ਰਾਤ ਦੀ ਬੁੱਕਲ ਫਿਰੇ ਫ਼ੋਲਦੀ।

ਰੋਜ਼ ਦਵਾਖੇ ਅੰਦਰ ਦੀਵਾ, ਮਾਂ ਰੱਖਦੀ ਸੀ ਨੇਮ ਵਾਂਗਰਾਂ,
ਉਸ ਦੇ ਮਗਰੋਂ ਇੰਜ ਕਿਉਂ ਲੱਗਦੈ, ਲਾਟੂ ਦੀ ਵੀ ਲਾਟ ਡੋਲਦੀ।

ਮੈਂ ਛੇਕਾਂ ਦੀ ਵਿੰਨ੍ਹੀ ਵੰਝਲੀ, ਕੋਲੋਂ ਸਿਰਫ਼ ਸੁਭਾਵਕ ਪੁੱਛਿਆ,
ਮੈਂ ਨਾ ਜੇਕਰ ਹੋਠ ਛੁਹਾਉਂਦਾ, ਦੱਸ ਮੱਟੀਏ** ਤੂੰ ਕਿਵੇਂ ਬੋਲਦੀ?

1

*ਮੇਰਾ ਸੱਜਣ ਬਲਜੀਤ ਬੱਲੀ, **ਬਾਂਸ ਦੀ ਪੋਰੀ

o

## ਲਿੰਬਣ ਪੋਚਣ, ਢਹਿ ਨਾ ਜਾਵੇ

ਲਿੰਬਣ ਪੋਚਣ, ਢਹਿ ਨਾ ਜਾਵੇ, ਕੱਚੇ ਘਰ ਨੂੰ ਪੱਕੇ ਵਾਸੀ।
ਪਿਓ ਦਾਦੇ ਤੋਂ ਭੋਗ ਰਹੇ ਨੇ, ਇੱਕੋ ਰੰਗ ਦੀ ਜੂਨ ਚੌਰਾਸੀ।

ਮਿੱਟੀ ਰੰਗੇ ਸਫ਼ਿਆਂ ਉੱਤੇ, ਮਿੱਟੀ ਨਾਲ ਇਬਾਰਤ ਲਿਖ ਕੇ,
ਜਾਂਦੇ ਜਾਂਦੇ ਸੌਂਪ ਗਏ ਨੇ, ਪੁਰਖੇ ਸਾਨੂੰ ਸੁਰਗ-ਨਿਵਾਸੀ।

ਇੱਕ ਵੀ ਅੱਖਰ, ਹਿੰਦਸਾ ਕੋਈ, ਜੁੜਦਾ ਨਹੀਂਉਂ ਸਾਡੇ ਕੋਲੋਂ,
ਪੜ੍ਹਦੇ ਪੜ੍ਹਦੇ ਮਰ ਚੱਲੇ ਹਾਂ, ਅੱਸੀਆਂ ਤੋਂ ਨਾ ਹੋਣ ਇਕਾਸੀ।

ਟੁੱਟੀ ਮੰਜੀ ਵਾਣ ਪੁਰਾਣਾ, ਗੰਢਦੇ ਰਹੀਏ ਟੁੱਟਦੇ ਨਹੀਂਉਂ,
ਕੱਚੇ ਰਾਹ ਦੇ ਮਾਰਗਪੰਥੀ, ਪੱਕੇ ਪੈਰੀਂ ਪਾਉਂਦੇ ਘਾਸੀ।

ਸ਼ਿਕਵਾ ਕਦੇ ਸ਼ਿਕਾਇਤ ਕਰਨਾ, ਇਨ੍ਹਾਂ ਹਿੱਸੇ ਆਇਆ ਨਹੀਉਂ,
ਖ਼ੁਰਦੀ ਭੁਰਦੀ ਜੁੜਦੀ ਰਹਿੰਦੀ, ਧਰਤੀ ਪੀੜਾਂ ਦੀ ਅਭਿਆਸੀ।

ਸਣੇ ਪਰਾਤ ਤੇ ਬਲ਼ਦਾ ਚੁੱਲ੍ਹਾ, ਅਗਨ ਗਵਾਹੀ ਦੇਵੇ ਸਾਡੀ,
ਸੜਦੀ ਸੜਦੀ ਸੜ ਚੱਲੀ ਹੈ, ਤਵਿਆਂ ਤੇ ਰੋਟੀ ਇੱਕਵਾਸੀ।

ਹੇ ਜ਼ਿੰਦਗੀ! ਸ਼ੁਕਰਾਨਾ ਤੇਰਾ, ਟੁੱਟਿਆ, ਫਿਰ ਵੀ, ਜੋੜੀ ਰੱਖਿਆ,
ਤੇਰੇ ਸਿਰ ਤੇ ਕਹਿੰਦਾ ਹਾਂ ਮੈਂ, ਹੁਣ ਤੀਕਰ ਵੀ ਮੌਤ ਨੂੰ ਮਾਸੀ।

1

o

## ਵੱਸਦੇ ਪਿੰਡ ਉਜਾੜ ਕੇ

ਵੱਸਦੇ ਪਿੰਡ ਉਜਾੜ ਕੇ, ਪੱਥਰ ਸ਼ਹਿਰ ਉਸਾਰਿਆ।
ਚੰਡੀਗੜ੍ਹ ਹੁਣ ਆਖਦੇ ਤੈਨੂੰ ਲਮਕੇ ਲਾਰਿਆ।

ਮੰਗਿਆ ਤਾਂ ਸੀ ਮੇਘਲਾ, ਮਾਂ ਬੋਲੀ ਦੇ ਵਾਸਤੇ,
ਤੂੰ ਤੇ ਔੜਾਂ ਬਖ਼ਸ਼ੀਆਂ, ਹਾਕਮ ਬੇਇਤਬਾਰਿਆ।

ਸੂਹਾ ਫੁੱਲ ਗੁਲਾਬ ਦਾ, ਕਹਿ ਮਾਂ 'ਵਾਜ਼ਾਂ ਮਾਰਦੀ,
ਮੇਰੀ ਬੋਲੀ ਭੁੱਲਿਆ, ਕਿਉਂ ਤੂੰ ਅੱਖ ਦੇ ਤਾਰਿਆ।

ਪਿੱਠਾਂ ਕਰ ਕਿਉਂ ਬੈਠਦੇ, ਤੇਰੇ ਸ਼ਹਿਰ ਮਕਾਨ ਵੀ,
ਕਿਉਂ ਨਿਰਮੋਹਾ ਹੋ ਗਿਆ, ਤੂੰ ਸਾਰੇ ਦੇ ਸਾਰਿਆ।

ਦੋ ਗੱਦੀਆਂ ਦੀ ਮਾਲਕੀ, ਭਰਮ ਭੁਲੇਖੇ ਸ਼ਾਨ ਦੇ,
ਤੇਰੇ ਮਾਲਿਕ ਹੋਰ ਨੇ, ਓ ਕਰਮਾਂ ਦੇ ਮਾਰਿਆ।

ਬਿੱਲੀਆਂ ਲੜ ਕੀ ਖੱਟਿਆ, ਬਾਂਦਰ ਮੌਜਾਂ ਮਾਣਦਾ,
ਵੰਡਦਾ ਰੋਟੀ ਲੈ ਗਿਆ, ਫੁੱਟ ਕੀ ਸਾਨੂੰ ਤਾਰਿਆ?

ਕਿਸਦੀ ਹੋਰ ਮਜ਼ਾਲ ਸੀ, ਸਾਨੂੰ ਏਦਾਂ ਚੀਰਦੇ,
ਬੰਦਾ ਜਦ ਵੀ ਹਾਰਿਆ, ਅਕਲਾਂ ਬਾਝੋਂ ਹਾਰਿਆ।

1

੦

## ਦੂਰ ਦੇਸ ਪਰਦੇਸ ਪੰਜਾਬੀ

ਦੂਰ ਦੇਸ ਪਰਦੇਸ ਪੰਜਾਬੀ, ਹਰ ਮੈਦਾਨ 'ਚ ਬੱਲੇ ਬੱਲੇ।
ਖੁੱਲ੍ਹੇ ਡੁੱਲ੍ਹੇ ਘਰ ਤੇ ਕਾਰਾਂ, ਹੱਥਾਂ ਦੇ ਵਿੱਚ ਛਾਪਾਂ ਛੱਲੇ।

ਰਹਿਮਤ ਦਾ ਮੀਂਹ ਵੱਸਦਾ ਖੁੱਲ੍ਹਕੇ, ਕਰਦੇ ਕਿਰਤ ਕਮਾਈਆਂ ਵੇਖੋ,
ਅੰਬਰ ਨੂੰ ਮੁੱਠੀ ਵਿੱਚ ਰੱਖਦੇ, ਧਰਤੀ ਨੂੰ ਪੈਰਾਂ ਦੇ ਥੱਲੇ।

ਗੁਰ ਦੀ ਕੀਰਤ ਨਗਰ ਪਸਾਰਨ, ਗੁਰ ਪੁਰਬਾਂ ਦੇ ਵੇਲੇ ਰਲ਼ਕੇ,
ਇੱਕ ਮਾਲਕ ਦੇ ਸ਼ਰਧਾਵੰਤੇ, ਫਿਰ ਵੀ ਕਿਉਂ ਨੇ ਕੱਲ੍ਹੇ ਕੱਲ੍ਹੇ।

ਜਿਹੜੇ ਪਿੰਡੋਂ ਚੱਲ ਕੇ ਆਏ, ਕੱਚੇ ਰਾਹ ਤੇ ਤੁਰਦੇ ਤੁਰਦੇ,
ਹੁਣ ਵੀ ਯਾਦਾਂ ਦੇ ਪੰਖੇਰੂ, ਰੂਹ ਨੂੰ ਘੇਰਨ ਕਰ ਕਰ ਹੱਲੇ।

ਲਿੱਸੇ ਘਰ ਦੇ ਬਾਲ ਸਕੂਲੇ, ਜਾਣਾ ਚਾਹੁੰਦੇ ਲੈ ਕੇ ਬਸਤੇ,
ਖ਼ਾਲੀ ਖੀਸੇ ਵਾਲਾ ਬਾਬਲ, ਚਾਹੁੰਦਾ ਹੈ, ਪਰ ਕਿੱਦਾਂ ਘੱਲੇ।

ਹੇ ਮੇਰੇ ਹਮਵਤਨੀ ਵੀਰੋ, ਇਹ ਬੱਚੇ ਵੀ ਛਾਤੀ ਲਾਓ,
ਦਸਵਾਂ ਹਿੱਸਾ ਓਸੇ ਦਾ ਹੈ, ਜੋ ਗੁਰ ਪਾਇਆ ਸਾਡੇ ਪੱਲੇ।

ਰੀਝਾਂ ਚਾਅ ਤੇ ਖ਼ੁਸ਼ੀਆਂ ਖੇੜੇ, ਏਹੀ ਨੇ ਫੁੱਲ ਬਣ ਕੇ ਖਿੜਨੇ,
ਮੋਹ ਮਮਤਾ ਤੇ ਪਿਆਰ ਮੁਹੱਬਤ, ਜੇ ਜਿੰਦੜੀ ਦੇ ਸਾਹੀਂ ਚੱਲੇ।

1

੦

## ਬਲਿਹਾਰੀ ਤਾਂ ਆਪੇ ਕੁਦਰਤ

ਬਲਿਹਾਰੀ ਤਾਂ ਆਪੇ ਕੁਦਰਤ, ਤੂੰ ਲੱਭਦੈਂ ਸੰਗ ਮਰ ਮਰ ਅੰਦਰ।
ਪੜ੍ਹਿਆ ਕਰ ਤੂੰ ਸ਼ਬਦ ਗੁਰੂ ਨੂੰ, ਹਰਿ ਤਾਂ ਵੱਸਦਾ ਹਰ ਹਰ ਅੰਦਰ।

ਆਪਣੀ ਪੀੜ ਵਿਖਾ ਕੇ ਐਵੇਂ, ਹਮਦਰਦੀ ਨਾ ਮੰਗੀਂ ਸੱਜਣਾ,
ਮਲ੍ਹਮ ਵਿਰਲਿਆਂ ਪੱਲੇ ਏਥੇ, ਲੂਣਦਾਨੀਆਂ ਘਰ ਘਰ ਅੰਦਰ।

ਖੋਲ੍ਹ ਦਿਆ ਕਰ ਕੈਦਾਂ, ਕੜੀਆਂ, ਰੂਹ ਦੇ ਪੰਛੀ ਉੱਡਣਾ ਚਾਹੁੰਦੇ,
ਕਣ ਕਣ ਵਿੱਚ ਪਰਵਾਜ਼ ਭਰੀ ਤੇ, ਲਿਖੀ ਇਬਾਰਤ ਪਰ ਪਰ ਅੰਦਰ।

ਅੰਦਰੋਂ ਕੁੰਡੀ ਬਾਹਰ ਵੀ ਜੰਦਰੇ, ਬੈਠੇ ਰਹੀਏ ਘੁਰਨੇ ਅੰਦਰੇ,
ਹਾਏ! ਕੀ ਹੋ ਚੱਲਿਆ ਸਾਨੂੰ, ਮਰ ਚੱਲੇ ਹਾਂ ਡਰ ਡਰ ਅੰਦਰ।

ਰਾਵੀ ਦਰਿਆ 'ਵਾਜਾਂ ਮਾਰੇ, ਆ ਜਾ ਮੇਰੇ ਪਿਆਰ ਦੁਲਾਰੇ,
ਤੇਰੀ ਕਵਿਤਾ ਮੇਰੇ ਕੰਢੇ, ਸਰਕੜਿਆਂ ਦੀ ਸਰ ਸਰ ਅੰਦਰ।

ਅਜਬ ਸਰੂਰ ਖ਼ੁਮਾਰੀ ਤਾਰੀ, ਰੂਹ ਦੇ ਬਾਗੀਂ ਖਿੜਿਆ ਚੰਬਾ,
ਯਾਦਾਂ ਵਾਲੀ ਡਾਰ ਮੁੜੀ ਜਦ, ਤੂੰ ਵੀ ਸੀ ਉਸ ਫਰ ਫਰ ਅੰਦਰ।

ਬੰਦ ਬੂਹਿਆਂ ਦੇ ਅੰਦਰੋਂ ਕੱਢੋ, ਸੰਸੇ ਝੋਰੇ ਤੇ ਹਟਕੋਰੇ,
ਬਾਹਰ ਖਲੋਤੇ ਸੁਪਨ ਹਜ਼ਾਰਾਂ, ਲੰਘਣਾ ਚਾਹੁੰਦੇ ਦਰ ਦਰ ਅੰਦਰ।

1

## ਨੰਗੇ ਪੈਰ ਤਾਂ ਰੱਦੀ ਚੁਗਦੇ

ਨੰਗੇ ਪੈਰ ਤਾਂ ਰੱਦੀ ਚੁਗਦੇ, ਗੱਜਿਆਂ ਮੋਢੇ ਬਸਤੇ ਨੇ।
ਇੱਕ ਤਾਂ ਪੜ੍ਹਨ ਸਕੂਲੀਂ ਚੱਲੇ, ਲਿੱਸਿਆਂ ਦੇ ਵੱਖ ਰਸਤੇ ਨੇ।

ਮੇਰੇ ਦੇਸ਼ ਆਜ਼ਾਦ 'ਚ, ਇੱਕੋ ਵੇਲੇ, ਕਿੰਨੇ ਭਾਰਤ ਨੇ,
ਇਕਨਾਂ ਦੇ ਲਈ ਸਿੱਧੀਆਂ ਸੜਕਾਂ, ਸਾਡੇ ਕਿਉਂ ਬੰਦ ਰਸਤੇ ਨੇ।

ਹੁਕਮਰਾਨ ਦੀ ਕਾਲ਼ੀ ਐਨਕ ਵੇਖਣ ਤੋਂ ਇਨਕਾਰੀ ਹੈ,
ਕੁਰਸੀਧਾਰੀ ਅੰਨ੍ਹੇ ਬੋਲ਼ੇ, ਵੇਖ ਲਉ ਕਿੰਨੇ ਮਸਤੇ ਨੇ।

ਕਮਜ਼ੋਰਾਂ ਦੀ ਹਸਤੀ ਤੇ, ਖ਼ੁਦਪ੍ਰਸਤੀ ਦੋਵੇਂ ਆਟੇ ਭਾਅ,
ਕੱਚੇ ਘਰ ਦੇ ਕੜੀਆਂ ਬਾਲੇ, ਸੁਪਨੇ ਕਿੰਨੇ ਸਸਤੇ ਨੇ।

ਸਾਡੇ ਪਿੰਡ ਦੇ ਛੱਪੜ ਅੰਦਰ, ਡੁੱਬਦੇ ਤਰਦੇ ਕਿੰਨੇ ਚਾਅ,
ਗਿਣਨੋਂ ਬਾਹਰੇ ਰੀਝਾਂ ਸੁਪਨੇ, ਏਥੇ ਸੂਰਜ ਅਸਤੇ ਨੇ।

ਇਹ ਤਾਂ ਅਮਨ ਕਾਨੂੰਨ ਦੇ ਰਾਖੇ, ਸਾਡੇ ਕੁਝ ਵੀ ਲੱਗਦੇ ਨਾ,
ਵਰਦੀ ਪਹਿਨ ਬੰਦੂਕਾਂ ਵਾਲੇ, ਇਹ ਜੋ ਫਿਰਦੇ ਦਸਤੇ ਨੇ।

ਪੌਣੀ ਸਦੀ ਗੁਜ਼ਾਰਨ ਮਗਰੋਂ, ਮੁੜ ਕੇ ਕਿੱਥੇ ਫੇਰ ਖੜ੍ਹੇ,
ਆਜ਼ਾਦੀ ਦੇ ਬੂਹਿਆਂ ਵੱਲ ਨੂੰ, ਜਾਂਦੇ ਕਿਹੜੇ ਰਸਤੇ ਨੇ?

1

## ਧੀ ਪੁੱਤ ਪਾਲਣ, ਸਦਾ ਸੰਭਾਲਣ

ਧੀ ਪੁੱਤ ਪਾਲਣ, ਸਦਾ ਸੰਭਾਲਣ, ਜੇਕਰ ਉਸਦੀ ਆਸ ਦਾ ਬੂਟਾ।
ਧਰਤੀ ਮਾਂ ਵੀ ਸਦਾ ਸੰਭਾਲੇ, ਅਣਖ਼ੀਲੇ ਇਤਿਹਾਸ ਦਾ ਬੂਟਾ।

ਹੋਰ ਜਗ੍ਹਾ ਜ਼ਰਖੇਜ਼ ਨਾ ਕੋਈ, ਜਿੱਥੇ ਹੈ ਇਹ ਜੜ੍ਹ ਲਾ ਸਕਦਾ,
ਦਿਲ ਦੀ ਮਿੱਟੀ ਵੱਤਰ ਕਰ ਲਓ, ਜੇ ਲਾਉਣਾ ਵਿਸ਼ਵਾਸ ਦਾ ਬੂਟਾ।

ਮਾਂ ਦੀ ਬੁੱਕਲ, ਬਾਬਲ ਦਾ ਹੱਥ, ਠੰਢ ਵਰਤਾਵੇ ਤਨ ਮਨ ਮੌਲੇ,
ਹਰ ਥਾਂ ਹਰ ਪਲ ਨਾਲ ਤੁਰਦਿਆਂ, ਛਾਂ ਰੱਖਦਾ ਧਰਵਾਸ ਦਾ ਬੂਟਾ।

ਦੂਰ ਦੇਸ ਪਰਦੇਸ 'ਚ ਵੀ ਮੈਂ, ਬਿਰਖ਼ ਉਗਾਏ ਫ਼ਲ ਤੇ ਆਏ,
ਪੱਥਰਾਂ ਵਿੱਚ ਵੀ ਉੱਗਦਾ ਤੱਕਿਐ, ਚੰਗੇ ਬਚਨ ਬਿਲਾਸ ਦਾ ਬੂਟਾ।

ਹਰ ਪਲ ਤੁਰਨਾ, ਨਹੀਂਓਂ ਝੁਰਨਾ, ਘਰੋਂ ਤੁਰਦਿਆਂ ਮਾਂ ਸਮਝਾਇਆ,
ਮਰ ਜਾਂਦਾ ਏ ਏਦਾਂ ਪੁੱਤਰਾ, ਹੌਕਿਆਂ ਨਾਲ ਸਵਾਸ ਦਾ ਬੂਟਾ।

ਬੂਰ ਝੜ ਗਿਆ ਪੱਤਰ ਪੀਲੇ, ਹਾਏ! ਪੁੱਤਰ ਟਾਹਣੀਂ ਲਮਕਣ,
ਬਦਨੀਤਾਂ ਕਿਉਂ ਸਾਡੇ ਵਿਹੜੇ, ਲਾਇਆ ਇਹ ਸਲਫ਼ਾਸ* ਦਾ ਬੂਟਾ।

ਇਸ ਜੰਗਲ ਵਿੱਚ ਜੰਤ ਜਨੌਰਾਂ, ਭਾਵੇਂ ਜੀਣਾ ਨਰਕ ਬਣਾਇਐ,
ਜਦ ਵੀ ਉੱਗਦੈ, ਪੁੱਟ ਦੇਂਦਾ ਹਾਂ, ਮਨ ਅੰਦਰੋਂ ਪਰਵਾਸ ਦਾ ਬੂਟਾ।

1

*ਕੀੜੇਮਾਰ ਜ਼ਹਿਰੀ ਗੈਸ-ਗੋਲ਼ੀ

ੋ

## ਕਿੰਨੇ ਸੂਰਜ ਚੜ੍ਹ ਕੇ ਲਹਿ ਗਏ

ਕਿੰਨੇ ਸੂਰਜ ਚੜ੍ਹ ਕੇ ਲਹਿ ਗਏ, ਵਕਤ ਲਿਹਾਜ਼ ਕਦੇ ਨਹੀਂ ਕਰਦਾ।
ਸਿਖ਼ਰ ਪਹਾੜ ਦੀ ਟੀਸੀ ਉੱਤੋਂ, ਉੱਤਰੇ ਬਾਝੋਂ ਕਿਸ ਦਾ ਸਰਦਾ।

ਗੈਸ-ਗੁਬਾਰੇ ਚੜ੍ਹਦੇ ਅੰਬਰੀਂ, ਕਿੱਥੇ ਡਿੱਗਦੇ ਵੇਖ ਲਿਆ ਕਰ,
ਤੂੰ ਇਸ ਜੂਨੀ ਕਿਉਂ ਪੈਂਦਾ ਹੈਂ, ਜੇ ਮਨ ਰਹਿੰਦੈ ਅੰਦਰੋਂ ਡਰਦਾ।

ਚੁਗਲੀ ਦੀ ਖੱਟੀ ਦਾ ਖੱਟਿਆ, ਖਾਣਾ ਸੌਖਾ, ਹਜ਼ਮ ਨਾ ਹੋਵੇ,
ਬਿਨ ਆਈ ਤੋਂ ਤੇਰੇ ਵਰਗਾ, ਮੌਤੋਂ ਪਹਿਲਾਂ, ਤਾਂਹੀਂਉਂ ਮਰਦਾ।

ਚੰਮ ਦੀ ਜੀਭ ਘੁਮਾ ਕੇ ਸੱਚ ਥਾਂ, ਕੂੜ ਕਮਾਵੇਂ, ਦਵੇਂ ਦਲੀਲਾਂ,
ਮਨ ਦੀ ਏਸ ਅਦਾਲਤ ਅੰਦਰ, ਤਾਂਹੀਉਂ ਤੂੰ ਹਰਜਾਨੇ ਭਰਦਾ।

ਜੇ ਇਨਸਾਫ਼ ਦੀ ਤੱਕੜੀ ਤੇਰੀ, ਦਏ ਨਿਆਂ ਨਾ, ਕਰੇ ਫ਼ੈਸਲੇ,
ਦਿੱਤਾ ਪਾੜ ਵਕਾਲਤਨਾਮਾ, ਮੇਰਾ ਦਿਲ ਹਾਮੀ ਨਹੀਂ ਭਰਦਾ।

ਥੱਲਿਉਂ ਸਿਉਂ ਲੈ ਨੀਤ ਦੀ ਬੋਰੀ, ਉੱਪਰੋਂ ਪਾਈਏ ਹੇਠਾਂ ਗਰਕੇ,
ਬਦਨੀਤੀ 'ਚੋਂ ਬਦ ਨੂੰ ਲਾਹ ਦੇ, ਮਿੱਟੀ ਪਿੱਛੇ ਕਿਉਂ ਹੈਂ ਮਰਦਾ।

ਏਨਾ ਤਾਂ ਇਤਿਹਾਸ ਨੂੰ ਪੁੱਛ ਲੈ, ਬੰਦਾ ਕਿਹੜੀ ਜੰਗ ਹਾਰਦਾ,
ਆਲਮਗੀਰ ਸਿਕੰਦਰ ਜੇਤੂ, ਜਦ ਵੀ ਮਰਦਾ, ਨਿੱਜ ਤੋਂ ਮਰਦਾ।

1

ੋ

## ਇੱਟਾਂ ਵੱਟਿਆਂ ਹੁਣ ਕੀ ਦੱਸਣੀ

ਇੱਟਾਂ ਵੱਟਿਆਂ ਹੁਣ ਕੀ ਦੱਸਣੀ, ਰਾਤਾਂ ਵਾਲੀ ਦਰਦ ਕਹਾਣੀ।
ਛਮ ਛਮ ਵੱਸਦਾ ਅੱਖੀਆਂ ਵਿੱਚੋਂ ਹੰਝੂਆਂ-ਹਾਰ ਉਬਲਦਾ ਪਾਣੀ।

ਬਸਤਾ ਕਲਮ ਦਵਾਤ ਜੋ ਰਹਿ ਗਏ, ਬੰਦ ਬੂਹਿਆਂ ਦੇ ਮਗਰ ਵਿਚਾਰੇ,
ਕਿੱਦਾਂ ਲਿਖਦੇ, ਕਿਸਨੂੰ ਦੱਸਦੇ, ਰੂਹ ਦੀ ਕਸਕ ਕਿਸੇ ਨਾ ਜਾਣੀ।

ਮਾਂ ਦੀ ਮਮਤਾ ਕੀ ਕਰਦੀ ਤਦ, ਛਵ੍ਹੀਆਂ ਦੀ ਸਰਦਾਰੀ ਅੱਗੇ,
ਆਦਮਜ਼ਾਤ ਜ਼ੁਲਮ ਦੇ ਤਾਂਡਵ, ਮਾਰ ਮੁਕਾਏ ਰੂਹ ਦੇ ਹਾਣੀ।

ਦਰਦ ਪਹਾੜੋਂ ਭਾਰਾ ਜਦ ਵੀ, ਰੂਹ ਤੇ ਭਾਰ ਪਵੇ ਤੇ ਪਿਘਲੇ,
ਮਾਂ ਦੀ ਚੁੰਨੀ ਸਿੱਲ੍ਹੀ ਹੋ ਜੇ, ਵਹਿ ਜਾਵੇ ਦਿਲ ਅੱਖੀਆਂ ਥਾਣੀ।

ਕਰਕ-ਕਲੇਜੇ ਵਾਲੀ ਵੀਰੇ, ਵਸਤ ਨੁਮਾਇਸ਼ੀ ਹੁੰਦੀ ਨਹੀਂਉਂ,
ਅੱਥਰੂ ਦਾ ਪਰਦਰਸ਼ਨ ਕਰੀਏ, ਬਣ ਜਾਂਦੈ ਇਹ ਗੰਧਲਾ ਪਾਣੀ।

ਆਰ ਪਾਰ ਰੂਹ ਅੰਦਰ ਬਰਛੀ, ਹੁਣ ਵੀ ਰੜਕ ਪਵੇ ਜਦ ਬੋਲਾਂ,
ਛੇੜ ਨਾ ਕਿੱਸੇ ਜ਼ਖ਼ਮਾਂ ਵਾਲੇ, ਤੇਰੇ ਲਈ ਇਹ ਕਥਾ ਕਹਾਣੀ।

ਉੱਜੜ ਗਿਆ ਗੁਲਜ਼ਾਰ, ਬੁਲਬੁਲਾਂ, ਰੁਲ ਗਈਆਂ ਜੀ ਦੇਸ ਪਰਾਏ,
ਰੁਲ਼ੇ ਪਰਾਂਦੇ ਸ਼ਗਨਾਂ ਵਾਲੇ, ਸਿਰ ਤੇ ਚਾਦਰ ਅੱਧੋਰਾਣੀ।

1

o

## ਹਿੰਮਤ ਬਾਝੋਂ, ਭਲਿਆ ਲੋਕਾ

ਹਿੰਮਤ ਬਾਝੋਂ, ਭਲਿਆ ਲੋਕਾ, ਆਸ ਦੇ ਬੂਟੇ ਸੁੱਕ ਜਾਂਦੇ ਨੇ।
ਮਾਰ ਗੁਲੇਲਾਂ ਜੇ ਨਾ ਵਰਜੋ, ਤੋਤੇ ਅੰਬੀਆਂ ਟੁੱਕ ਜਾਂਦੇ ਨੇ।

ਖੂਹ ਦੀ ਮਾਲ੍ਹ ਜਿਹਾ ਤੂੰ ਹੋ ਜਾ, ਟਿੰਡਾਂ ਭਰ ਭਰ ਧਰਤੀ ਸਿੰਜ ਦੇ,
ਵਿਹਲਾ ਨਾ ਬਹਿ, ਏਸ ਤਰ੍ਹਾਂ ਤਾਂ, ਭਰੇ ਭੜੋਲੇ ਮੁੱਕ ਜਾਂਦੇ ਨੇ।

ਕਰ ਨਿਸ਼ਚਾ ਜੇ ਜਿੱਤਣਾ ਚਾਹੁੰਨੈਂ, ਜੀਵਨ ਬਾਜ਼ੀ, ਹਾਰ ਨਾ ਜਾਵੀਂ,
ਦੁਸ਼ਮਣ ਦੀ ਪਹਿਚਾਣ ਕਰੇ ਬਿਨ, ਅਸਲ ਨਿਸ਼ਾਨੇ ਉੱਕ ਜਾਂਦੇ ਨੇ।

ਅਸਲ ਸ਼ਿਕਾਰੀ ਖ਼ਾਲੀ ਹੱਥ, ਤੇ ਪੈਰਾਂ ਹੇਠ ਬਟੇਰ ਕਿਸੇ ਦੇ,
ਜ਼ਿੰਦਗੀ ਦੇ ਵਿੱਚ ਕਦੇ ਕਦਾਈਂ ਐਸੇ ਢੋਅ ਵੀ ਢੁੱਕ ਜਾਂਦੇ ਨੇ।

ਵੇਖੀਂ ਕਿਧਰੇ ਸੌਂ ਨਾ ਜਾਵੇ, ਹਰਕਤ ਤੇਰੀ ਵੀਣੀ ਅੰਦਰ,
ਜਬਰ ਜ਼ੁਲਮ ਨੂੰ ਵੇਖਦਿਆਂ ਹੀ, ਸ਼ੇਰ ਮੈਦਾਨੇ ਬੁੱਕ ਜਾਂਦੇ ਨੇ।

ਸੂਰਜ ਛਿਪਦੇ ਸਾਰ ਸਮੁੰਦਰ, ਕਿਹੜਾ ਆਖੇ, ਸੌਂ ਜਾਂਦਾ ਹੈ,
ਏਸ ਤਰ੍ਹਾਂ ਨਾ ਸੋਚ ਕਿ ਏਦਾਂ, ਵਗਦੇ ਦਰਿਆ ਰੁਕ ਜਾਂਦੇ ਨੇ।

ਦਿਲ ਦੇ ਦੂਲੇ, ਧਰਤੀ ਪੁੱਤਰ, ਮਰ ਜਾਂਦੇ ਪਰ ਮਿਟਦੇ ਨਹੀਂਉਂ,
ਫ਼ਰਜ਼ਾਂ ਖ਼ਾਤਰ ਗਰਜ਼ ਤਿਆਗਣ, ਤਖ਼ਤਾਂ ਉੱਤੇ ਥੁੱਕ ਜਾਂਦੇ ਨੇ।

1

o

## ਜੀਵਨ ਮੂਲ ਦਾ ਮਹਿੰਗਾ ਪੱਤਰਾ

ਜੀਵਨ ਮੂਲ ਦਾ ਮਹਿੰਗਾ ਪੱਤਰਾ, ਸ਼ਬਦ ਗੁਰੂ ਹੈ ਸਰਬ ਨਿਰੰਤਰ।
ਜੱਗ ਰੁਸ਼ਨਾਇਆ ਚਹੁਦਿਸ ਜਿਸਨੇ, ਜਾਗਤ ਜੋਤ ਨਾ ਰੱਖਦੀ ਅੰਤਰ।

ਦੇ ਦਿੱਤਾ ਉਪਦੇਸ਼ ਜਗਾਇਆ, ਚਹੁੰ ਵਰਣਾਂ ਨੂੰ ਗੂੜ੍ਹੀ ਨੀਂਦੋਂ,
ਸਰਬ ਧਰਮ ਸਨਮਾਨ ਤੇ ਆਦਰ, ਸਰਬਕਾਲ ਲਈ ਇੱਕੋ ਮੰਤਰ।

ਨਾ ਡਰਨਾ ਨਾ ਕਿਸੇ ਡਰਾਉਣਾ, ਹਉਮੈਂ ਵਾਲੇ ਰਾਹ ਨਹੀਂ ਜਾਣਾ,
ਕਦਮ ਅਡੋਲ ਕਰਮ ਸ਼ੁਭ ਕਰਿਓ, ਜੇ ਰੱਖਣੀ ਏਂ ਹੋਂਦ ਸੁਤੰਤਰ।

ਮਨ ਦੀ ਚਾਰ ਦੀਵਾਰੀ ਅੰਦਰ, ਨਿਰਭਓ ਤੇ ਨਿਰਵੈਰ ਬਸੇਰਾ,
ਸ਼ਬਦ ਗੁਰੂ ਪਰਕਾਸ਼ ਕਰਦਿਆਂ, ਕਾਲ਼ੇ ਬੱਦਲ ਹੋਣ ਉਡੰਤਰ।

ਮੋਹ ਮਮਤਾ ਦੀ ਅਮਰ ਵੇਲ ਤੇ ਕਾਮ ਕਰੋਧੀ ਹੈਂਕੜਬਾਜ਼ੀ,
ਪੰਜੇ ਵੈਰੀ ਨੇੜ ਨਾ ਆਵਣ, ਰੂਹ ਵਿੱਚ ਵੱਸਦਾ ਜੇ ਗੁਰਮੰਤਰ।

ਧਰਮ ਅਧੀਨ ਜੇ ਤਾਜ ਰਹੇ, ਤਾਂ ਲੋਕ ਸੁਖੀ ਪਰਲੋਕ ਸੁਹੇਲੇ,
ਜੇ ਤਾਕਤ ਸਿਰ ਚੜ੍ਹ ਜਾਵੇ ਫਿਰ, ਕਿਹੜੇ ਲੋਕ ਤੇ ਕਿਹੜਾ ਤੰਤਰ?

ਇੱਕ ਓਂਕਾਰ ਤੋਂ ਤੁਰਦਾ ਚਾਨਣ, ਸ਼ਬਦ ਅਨੰਤ ਚਿਰਾਗ ਸਫ਼ਰ ਤੇ,
ਦੁਖ ਸੁਖ ਦੇ ਜੰਦਰੇ ਦੀ ਚਾਬੀ, ਸਰਬ ਕਲਾ ਦਾ ਏਹੀ ਯੰਤਰ।

1

## ੦
## ਆ ਜਾਂਦੇ ਨੇ, ਤੁਰ ਜਾਂਦੇ ਨੇ

ਆ ਜਾਂਦੇ ਨੇ, ਤੁਰ ਜਾਂਦੇ ਨੇ, ਦੁੱਖ ਸੁਖ ਤਾਂ ਮਹਿਮਾਨ ਜਹੇ ਨੇ।
ਰੂਹ ਵਿੱਚ ਸੁਪਨੇ ਕਰਨ ਕਲੋਲਾਂ, ਉਹ ਤਾਂ ਮੇਰੀ ਜਾਨ ਜਹੇ ਨੇ।

ਸਿਰ ਤੇ ਨੀਲਾ ਅੰਬਰ ਫਿਰ ਵੀ, ਲਾਉਂਦੇ ਹੇਕਾਂ ਦਿਨ ਤੇ ਰਾਤਾਂ,
ਮੇਰੇ ਪਿੰਡ ਦੇ ਸਰਬ ਨਿਵਾਸੀ, ਨਿਰਧਨ ਵੀ ਧਨਵਾਨ ਜਹੇ ਨੇ।

ਉਹ ਪਲ ਮੇਰੀ ਰੂਹ ਦੀ ਸ਼ਕਤੀ, ਜੋ ਖ਼ੁਸ਼ਬੋਈਆਂ ਬਣ ਕੇ ਆਉਂਦੇ,
ਸੱਚ ਪੁੱਛੋਂ, ਜੇ ਫੇਰ ਦੁਬਾਰਾ, ਉਹ ਤੇਰੀ ਮੁਸਕਾਨ ਜਹੇ ਨੇ।

ਸਿਦਕ ਸਬੂਰੀ ਰੂਹ ਦਾ ਗਹਿਣਾ, ਸਦਾ ਜਗਾ ਕੇ ਰੱਖਦੇ ਮੈਨੂੰ,
ਵਿਚਲੀ ਗੱਲ ਤਾਂ ਕੇਵਲ ਏਨੀ, ਇਹ ਮਨ ਦੇ ਦਰਬਾਨ ਜਹੇ ਨੇ।

ਮਾਂ ਦੀ ਬੁੱਕਲ ਅੰਦਰ ਬੈਠੇ, ਬਾਲ ਅਲੂੰਏਂ ਨਿਰਛਲ ਹੱਸਦੇ,
ਰੂਹ ਦਾ ਚੰਬਾ ਖੇੜਨ ਖ਼ਾਤਰ, ਬਿਨ ਮੰਗੇ ਵਰਦਾਨ ਜਹੇ ਨੇ।

ਮਨ ਮਸਤਕ ਦੀ ਚਾਰਦੀਵਾਰੀ ਅੰਦਰ ਬਾਲਣ ਜੋਤ ਨਿਰੰਤਰ,
ਤੇਰੇ ਬੋਲ ਮੁਹੱਬਤ ਵਾਲੇ, ਮੇਰੇ ਲਈ ਭਗਵਾਨ ਜਹੇ ਨੇ।

ਪਿਆਰ ਵਿਹੂਣੇ ਅੰਦਰੋਂ ਸੱਖਣੇ, ਅਗਨ-ਅੰਗੀਠੀ ਬਾਲ਼ੀ ਰੱਖਣ,
ਕੀ ਪੁੱਛਦੇ ਹੋ ਇਨ੍ਹਾਂ ਬਾਰੇ, ਤਨ ਮਨ ਕਬਰਿਸਤਾਨ ਜਹੇ ਨੇ।

1

## ੦
## ਵੇਚੇਂ ਗੁਲਕੰਦ ਤੂੰ ਗੁਲਾਬ

ਵੇਚੇਂ ਗੁਲਕੰਦ ਤੂੰ ਗੁਲਾਬ ਨੂੰ ਮਧੋਲ ਕੇ।
ਪੁੱਛਿਆ ਵੀ ਕਰ ਕਦੇ, ਦੁਖ ਸੁਖ ਫ਼ੋਲ ਕੇ।

ਤੇਰੀਆਂ ਬੁਲੰਦੀਆਂ 'ਚ, ਮੇਰਾ ਵੀ ਸ਼ੁਮਾਰ ਹੈ,
ਹਸਤੀ ਨਾ ਮੇਟ ਸਾਡੀ, ਏਸ ਤਰ੍ਹਾਂ ਰੋਲ਼ ਕੇ।

ਤੇਰੀਆਂ ਕਚਹਿਰੀਆਂ 'ਚ, ਹੋਣ ਸਦਾ ਫ਼ੈਸਲੇ,
ਵਿਕੇ ਇਨਸਾਫ਼ ਕਾਹਤੋਂ, ਤੱਕੜੀ 'ਚ ਤੋਲ ਕੇ।

ਪਾਰੇ ਵਾਂਗੂੰ ਕੰਬਦਾ, ਈਮਾਨ ਬੀਬਾ ਸਾਂਭ ਲੈ,
ਮੁੱਕਦੇ ਨਾ ਪੈਂਡੇ ਕਦੇ, ਏਸ ਤਰ੍ਹਾਂ ਡੋਲ ਕੇ।

ਘੁੱਟ ਘੁੱਟ ਜੀਣ ਦੇ, ਸਲੀਕਿਆਂ ਨੂੰ ਭੁੱਲ ਜਾ,
ਦਿਲ ਦੀ ਜ਼ਬਾਨੋਂ ਬੋਲ, ਪੂਰਾ ਦਿਲ ਖੋਲ੍ਹ ਕੇ।

ਡੱਬਿਆਂ 'ਚ ਬੰਦ ਕਸਤੂਰੀ, ਕਿਸੇ ਕਾਰ ਨਾ,
ਮਾਣ ਕਦੇ ਸਾਹਾਂ 'ਚ, ਸੁਗੰਧੀਆਂ ਨੂੰ ਘੋਲ਼ ਕੇ।

ਰੱਖੀਂ ਕਿਰਦਾਰ ਨੂੰ, ਬਾਜ਼ਾਰ ਕੋਲੋਂ ਦੂਰ ਹੀ,
ਬੋਲੇ ਨਾ ਪਿਆਰ ਕਦੇ, ਆਪ ਮੂੰਹੋਂ ਬੋਲ ਕੇ।

1

o

## ਜੋ ਜੋ ਸਬਕ ਸਿਖਾਵੇ ਕੁਰਸੀ

ਜੋ ਜੋ ਸਬਕ ਸਿਖਾਵੇ ਕੁਰਸੀ, ਓਸੇ ਨੂੰ ਦੁਹਰਾਈ ਚੱਲੋ।
ਅੱਧੀ ਰਾਤੀਂ ਚੜ੍ਹਿਆ ਸੂਰਜ, ਅੱਖਾਂ ਮੀਟ ਵਿਖਾਈ ਚੱਲੋ।

ਦਿਨ ਪਰਤਣਗੇ ਸੋਹਣੇ ਸੋਹਣੇ, ਰੰਗ-ਬਰੰਗੇ ਤੇ ਮਨਮੋਹਣੇ,
ਜਾਦੂਗਰ ਜੀ! ਧਰਤੀ ਉੱਤੇ, ਅਰਸ਼ੀ ਕਿਲ੍ਹੇ ਬਣਾਈ ਚੱਲੋ।

ਬਚਪਨ ਦੇ ਵਿੱਚ ਸੁਣਿਆ ਸੀ ਮੈਂ, ਇੱਕ ਸਰਕਾਰੀ ਕੁੜਤੇ ਬਾਰੇ,
ਅੱਗਾ ਪਿੱਛਾ ਹੈ ਨਹੀਂ ਜਿਸਦਾ, ਬਾਹਾਂ ਆਪ ਲੁਆਈ ਚੱਲੋ।

ਕਮਜ਼ੋਰਾਂ ਨੂੰ ਘੁਰਕ ਦਿਓ ਤੇ, ਤਕੜੇ ਅੱਗੇ ਪੂਛ ਹਿਲਾਓ,
ਕੂੜ ਦੀ ਹਾਂਡੀ ਮੱਠੀ ਅੱਗ ਤੇ, ਸ਼ਾਮ ਸਵੇਰ ਪਕਾਈ ਚੱਲੋ।

ਲੋਕ ਨਾ ਕੁਸਕਣ ਨਾ ਹੀ ਡੁਸਕਣ, ਮੰਗਣ ਹੱਕ ਨਾ ਬੋਲਣ ਅੱਗੇ,
ਦੇਸ਼ ਧਰਮ ਨੂੰ ਖ਼ਤਰਾ ਕਹਿ ਕੇ, ਫਿਰਕੀ ਖ਼ੂਬ ਘੁੰਮਾਈ ਚੱਲੋ।

ਵਰਤਮਾਨ ਦਾ ਛੱਡੋ ਖਹਿੜਾ, ਬੀਤੇ ਨੂੰ ਵੀ ਗੋਲੀ ਮਾਰੋ,
ਧਰਮ ਕਰਮ ਦੀ ਮਿੱਠੀ ਗੋਲੀ, ਸੁਪਨਾ ਸੁਰਗ ਵਿਖਾਈ ਚੱਲੋ।

ਪਹਿਲਾਂ ਲੋਕ ਬਣਾਓ ਭੇਡਾਂ, ਉੱਨ ਉਤਾਰੋ ਕਰਕੇ ਝੇਡਾਂ,
ਪੰਜੀਂ ਸਾਲੀਂ ਲਾਰੇ ਨਾਅਰੇ, ਲੋਕਾਂ ਨੂੰ ਵਰਤਾਈ ਚੱਲੋ।

1

o

## ਪਿੰਡ ਵਿਚਾਰੇ ਲੁਕਦੇ ਫਿਰਦੇ

ਪਿੰਡ ਵਿਚਾਰੇ ਲੁਕਦੇ ਫਿਰਦੇ, ਆਣ ਚੜ੍ਹੇ ਨੇ ਸ਼ਹਿਰ, ਓ ਰੱਬਾ ਖ਼ੈਰ।
ਰੁੱਖਾਂ ਦੇ ਮੁੱਢ ਫਿਰ ਗਈ ਆਰੀ ਸਿਰ ਤੇ ਸਿਖ਼ਰ ਦੁਪਹਿਰ, ਓ ਰੱਬਾ ਖ਼ੈਰ।

ਕਿੱਧਰ ਤੁਰਿਆ, ਵਕਤ, ਜਵਾਨੀ, ਅਕਲਾਂ ਦਾ ਨਾ ਮੁੱਲ ਦਵਾਨੀ,
ਗਲੀ ਗਲੀ ਵਿੱਚ ਹੋਕਾ, ਲੈ ਲਓ, ਪੁੜੀਆਂ ਦੇ ਵਿੱਚ ਜ਼ਹਿਰ, ਓ ਰੱਬਾ ਖ਼ੈਰ।

ਅੱਖੀਆਂ ਵਿੱਚੋਂ ਅੱਥਰੂ ਮੁੱਕੇ, ਦਰਿਆਵਾਂ ਦੇ ਪਾਣੀ ਸੁੱਕੇ,
ਉੱਧੜੇ ਖ਼ੁਾਬ, ਤਰੰਗਾਂ ਤੋਂ ਬਿਨ, ਦਿਲ ਦਰਿਆ ਦੀ ਲਹਿਰ, ਓ ਰੱਬਾ ਖ਼ੈਰ।

ਕਦੇ ਕਦੇ ਇੱਕ ਸੁਪਨਾ ਆਵੇ, ਓਹੀ ਮੈਨੂੰ ਆਣ ਜਗਾਵੇ,
ਗਲੀਆਂ ਦੇ ਵਿੱਚ ਕੌਣ ਵਿਲਕਦਾ, ਰਾਤ ਦੇ ਪਿਛਲੇ ਪਹਿਰ ਓ ਰੱਬਾ ਖ਼ੈਰ।

ਥੱਲੇ ਧਰਤੀ ਉੱਤੇ ਅੰਬਰ, ਵਿੱਚ ਵਿਚਾਲੇ ਕੂੜ-ਆਡੰਬਰ,
ਅੱਥਰੇ ਘੋੜੇ, ਮਸਤੇ ਹਾਥੀ, ਢਾਹੀ ਜਾਂਦੇ ਕਹਿਰ, ਓ ਰੱਬਾ ਖ਼ੈਰ।

ਵਰ੍ਹ ਜਾ ਬੱਦਲਾ ਖੁੱਲ੍ਹ ਕੇ ਵਰ੍ਹ ਜਾ, ਟੋਏ ਟਿੱਬੇ ਸਮਤਲ ਕਰ ਜਾ,
ਕਿਉਂ ਅੱਖੀਆਂ ਵਿੱਚ ਲੈ ਕੇ ਫਿਰਦੈਂ, ਸੁਰਮੇ ਰੰਗੀ ਗਹਿਰ, ਓ ਰੱਬਾ ਖ਼ੈਰ।

ਬੜੇ ਉਦਾਸ ਨੇ ਚੌਂਕੇ ਚੁੱਲ੍ਹੇ, ਅਗਨ ਗਵਾਚੀ ਨੂੰ ਘਰ ਭੁੱਲੇ,
ਉੱਖੜੀ ਉੱਖੜੀ ਚਾਲ ਗ਼ਜ਼ਲ ਦੀ, ਔਖੀ ਨਿਭਣੀ ਬਹਿਰ, ਓ ਰੱਬਾ ਖ਼ੈਰ।

1

o

## ਆਰ ਸਮੁੰਦਰ ਪਾਰ ਸਮੁੰਦਰ

ਆਰ ਸਮੁੰਦਰ ਪਾਰ ਸਮੁੰਦਰ, ਮਨ ਤੋਂ ਮਨ ਵਿਚਕਾਰ ਸਮੁੰਦਰ।
ਇਹ ਸ਼ਕਤੀ ਵੀ ਬਣ ਸਕਦਾ ਹੈ, ਜਿਹੜਾ ਮਨ ਤੇ ਭਾਰ ਸਮੁੰਦਰ।

ਤੇਰੇ ਮੇਰੇ ਇੱਕੋ ਦੁਸ਼ਮਣ, ਕਿਉਂ ਫਿਰ ਵੱਖ ਲੜਾਈ ਲੜੀਏ,
ਪਹਿਲਾਂ ਆ ਜਾ 'ਕੱਠੇ ਹੋਈਏ, ਰਲ ਕੇ ਕਰੀਏ ਪਾਰ ਸਮੁੰਦਰ।

ਵੇਖਣ ਵਾਲੀ ਅੱਖ ਸਲਾਮਤ, ਰੱਖਣੀ ਵੀ ਹੈ ਬਹੁਤ ਜ਼ਰੂਰੀ,
ਇੱਕ ਅੱਧ ਤੁਪਕਾ ਅੱਥਰੂ ਹੁੰਦਾ, ਏਸੇ ਦਾ ਵਿਸਥਾਰ ਸਮੁੰਦਰ।

ਲੋਕ ਹਮੇਸ਼ਾਂ ਅਗਨ ਲਗਨ ਦੀ, ਤੋਰ ਪਛਾਨਣ ਭਰਨ ਹੁੰਗਾਰੇ,
ਪਲੋ ਪਲੀ ਵਿੱਚ ਬਣ ਜਾਂਦੇ ਨੇ, ਕਰਦਾ ਮਾਰੋ ਮਾਰ ਸਮੁੰਦਰ।

ਜਣਨਹਾਰੀਆਂ ਮਾਵਾਂ ਭੈਣਾਂ, ਹਰ ਰਿਸ਼ਤੇ ਦੀ ਤਾਕਤ ਵੀਰੋ,
ਰਣਭੂਮੀ ਵਿੱਚ ਮਾਈਆਂ ਭਾਗੋ, ਦੁਰਗਾ ਚੰਡੀ ਨਾਰ ਸਮੁੰਦਰ।

ਕੰਡਿਆਂ ਕੋਲੋਂ ਬਚ ਕੇ ਤੁਰਦੈਂ, ਇਹ ਗੱਲ ਬੀਬਾ ਰੱਖੀਂ ਚੇਤੇ,
ਫੁੱਲ ਵੀ ਅਕਸਰ ਬਣ ਜਾਂਦੇ ਨੇ, ਵਿਸ਼ਗੰਦਲਾ ਸੰਸਾਰ ਸਮੁੰਦਰ।

ਧਰਤ ਪਰਾਈ ਹੋ ਜਾਂਦੀ ਹੈ, ਜੇ ਨਾ ਮਨ ਦਾ ਚੰਬਾ ਟਹਿਕੇ,
ਰੀਝਾਂ ਬਣ ਕੇ ਕੂੰਜਾਂ ਉੱਡਣ, ਬਣ ਜਾਵਣ ਫਿਰ ਡਾਰ ਸਮੁੰਦਰ।

l

o

## ਟੁੱਟ ਜਾਵਣ ਤਾਂ ਭੁਰ ਜਾਂਦੇ ਨੇ

ਟੁੱਟ ਜਾਵਣ ਤਾਂ ਭੁਰ ਜਾਂਦੇ ਨੇ, ਕਿਣਕਾ ਕਿਣਕਾ ਮਰ ਜਾਂਦੇ ਨੇ।
ਕੇਸਰ ਤੁੱਰੀਆਂ ਜੀਂਦੇ ਰਿਸ਼ਤੇ, ਖ਼ੁਸ਼ਬੂ ਤੇ ਰੰਗ ਭਰ ਜਾਂਦੇ ਨੇ।

ਮੋਹ ਮਮਤਾ ਮਾਇਆ ਦਾ ਸਾਗਰ, ਤਰਦੇ ਤਰਦੇ ਬਹੁਤੇ ਲੋਕੀਂ,
ਡੁੱਬ ਜਾਂਦੇ ਨੇ ਏਨਾ ਡੂੰਘੇ, ਲਾਸ਼ ਦੇ ਵਾਂਗੂੰ ਤਰ ਜਾਂਦੇ ਨੇ।

ਜ਼ਿੰਦਗੀ ਦੀ ਰਣਭੂਮੀ ਅੰਦਰ, ਜ਼ਖ਼ਮ ਭਲਾ ਨਹੀਂ ਕਿਸਨੂੰ ਹੁੰਦੇ,
ਜੇ ਖ਼ੁਰਚੋ ਤਾਂ ਰਹਿਣ ਜਿਉਂਦੇ, ਭੁੱਲ ਜਾਉ ਤਾਂ ਭਰ ਜਾਂਦੇ ਨੇ।

ਭਵਸਾਗਰ ਤੋਂ ਪਾਰ ਉਤਾਰਾ, ਸਿਦਕ ਸਹਾਰੇ ਚੁਟਕੀ ਮਾਤਰ,
ਮੇਰੇ ਜਹੇ ਕਮਜ਼ੋਰ ਦਿਲੇ ਤਾਂ, ਕੰਢੇ ਬੈਠੇ ਡਰ ਜਾਂਦੇ ਨੇ।

ਇੱਕੋ ਅੰਬਰ ਭਰਨ ਉਡਾਰੀ, ਪੌਣ ਪਰਿੰਦੇ ਰਹਿਣ ਇਕੱਠੇ,
ਸ਼ਾਮ ਢਲੀ ਤੇ ਵੇਖੋ ਜੀ ਇਹ, ਆਪੋ ਆਪਣੇ ਘਰ ਜਾਂਦੇ ਨੇ।

ਫ਼ਸਲਾਂ ਵਾਲਿਓ! ਅਕਲ ਸਹਾਰੇ, ਆਪਣਾ ਆਪ ਸੰਭਾਲਣ ਸਿੱਖੋ,
ਗ਼ਫ਼ਲਤ ਵਿੱਚ ਹਰਿਆਲੀ ਪੈਲੀ, ਜੰਤ ਜਨੌਰੇ ਚਰ ਜਾਂਦੇ ਨੇ।

ਅਣਖ਼ ਲਈ ਜੀਣਾ ਮਰਨਾ ਸਿੱਖੋ, ਪੈਰ ਟਿਕਾ ਕੇ ਧਰਨਾ ਸਿੱਖੋ,
ਇਸ ਮੰਤਰ ਨੂੰ ਜਾਨਣ ਵਾਲੇ, ਹਰ ਮੰਜ਼ਿਲ ਨੂੰ ਵਰ ਜਾਂਦੇ ਨੇ।

l

੦

## ਇਨ੍ਹਾਂ ਦੀਆਂ ਅਜੇ ਤੀਕ ਆਸਾਂ

ਇਨ੍ਹਾਂ ਦੀਆਂ ਅਜੇ ਤੀਕ ਆਸਾਂ ਨਹੀਂਓ ਪੁੱਗੀਆਂ।
ਤਿੱਪ ਤਿੱਪ ਚੋਂਦੀਆਂ ਗਰੀਬਾਂ ਦੀਆਂ ਝੁੱਗੀਆਂ।

ਰੂੜੀ ਵਾਲੇ ਢੇਰ ਤੇ ਚੱਟਾਕ ਚਿੱਟੇ ਖਿੜ ਪਏ,
ਹੋਈ ਬਰਸਾਤ ਵੇਖੋ, ਖੁੰਭਾਂ ਕਿਵੇਂ ਉੱਗੀਆਂ।

ਮੋਤੀਆਂ ਦੀ ਚੋਗ ਦਾ ਭੁਲੇਖਾ ਖਾਧਾ ਹੰਸ ਨੇ,
ਕੰਙਣੀ ਤੇ ਰੀਝ ਗਈਆਂ ਭੋਲ਼ੀਆਂ ਨੇ ਘੁੱਗੀਆਂ।

ਤੋਤਿਆਂ ਦੀ ਡਾਰ ਨੂੰ ਉਡਾਓ ਬਾਗਾਂ ਵਾਲਿਓ,
ਅੰਬੀਆਂ ਨੂੰ ਟੁੱਕਦੇ, ਵਜਾਓ ਡੁਗ-ਡੁੱਗੀਆਂ।

ਮਮਤਾ ਬਗੀਚੀ ਵਿੱਚੋਂ ਛਾਵਾਂ ਕੌਣ ਲੈ ਗਿਆ,
ਧਰਤੀ 'ਚੋਂ ਧੀਆਂ ਤੇ ਧਰੇਕਾਂ ਕੀਹਨੇ ਖੁੱਗੀਆਂ।

ਅਜੇ ਵੀ ਹੈ ਵਿਹੜੇ 'ਚ ਅਲਾਣੀ ਮੰਜੀ ਸਹਿਕਦੀ,
ਘਰ ਦੀ ਸਵਾਣੀ ਦੀਆਂ ਬਾਹਾਂ ਅਜੇ ਲੁੱਗੀਆਂ।

ਕੂੜ ਵਾਲੀ ਕੰਧ ਨੂੰ ਮਿਟਾਓ, ਸੱਚ ਵਾਲਿਓ,
ਏਸ ਦੀਆਂ ਜਾਪਦੈ, ਮਿਆਦਾਂ ਹੁਣ ਪੁੱਗੀਆਂ।

l

੦

## ਡੁੱਬ ਚੱਲਿਆ ਹਾਂ ਵਾਹਵਾ ਡੂੰਘਾ

ਡੁੱਬ ਚੱਲਿਆ ਹਾਂ ਵਾਹਵਾ ਡੂੰਘਾ, ਦਿਲ ਦਰਿਆ ਵਿੱਚ ਤਰਦਾ ਤਰਦਾ।
ਹਾਏ! ਮੇਰੀ ਜਾਨ ਬਚਾ ਲੈ, ਮੁੜ ਕੇ ਇਹ ਗਲਤੀ ਨਹੀਂ ਕਰਦਾ।

ਮਾਨਸਰਾਂ ਦੇ ਮੋਤੀ ਚੁਗਣੇ, ਰੀਸ ਹੰਸ ਦੀ ਕਿਉਂ ਕਰ ਬੈਠਾ,
ਗਲ਼ ਦੇ ਅੰਦਰ ਬੁਰਕੀ ਫਸ ਗਈ, ਬਚਿਆ ਹਾਂ ਅੱਜ ਮਰਦਾ ਮਰਦਾ।

ਇੱਕ ਹੁੰਗਾਰਾ ਭਰ ਕੇ ਮਗਰੋਂ, ਮੂੰਹ ਤੇ ਲਾ ਲਏ ਚੁੱਪ ਦੇ ਜੰਦਰੇ,
ਤੇਰੀ ਇਸ ਮਗਰੂਰੀ ਸਦਕਾ, ਹੁਣ ਇਹ ਦਿਲ ਹਰਜਾਨੇ ਭਰਦਾ।

ਦਿਲ ਦਰਵੇਸ਼ਾਂ ਦਾ ਮੈਂ ਖ਼ਾਦਿਮ, ਹੰਕਾਰੀ ਦੀ ਛਾਂ ਨਹੀਂ ਬਹਿੰਦਾ,
ਤੂੰ ਤੇ ਬਾਲ ਸਖਾਈ ਸੱਜਣ, ਤੇਰੇ ਤੋਂ ਕਿਸ ਗੱਲ ਦਾ ਪਰਦਾ।

ਰਾਤ ਹਨ੍ਹੇਰੀ ਅੰਦਰ ਮੈਂ ਤਾਂ, ਬਣਿਆ ਭੰਬਟ ਲਾਟ ਦੇ ਉੱਤੇ,
ਜਾਨ ਨਿਛਾਵਰ ਜੇ ਨਾ ਕਰਦਾ, ਰੂਹ ਦੇ ਨਸ਼ਤਰ ਕਿੱਦਾਂ ਜਰਦਾ।

ਇੱਕ ਛੱਤ ਹੇਠਾਂ ਬਾਰਾਂ ਚੁੱਲ੍ਹੇ, ਆਪੋ ਆਪਣੀ ਅੱਗ ਦੇ ਰਾਖੇ,
ਏਸ ਤਰ੍ਹਾਂ ਦੀ ਭੰਨਘੜ ਕੋਲੋਂ, ਬਾਬਰ ਜਾਬਰ ਵੀ ਕਿਉਂ ਡਰਦਾ।

ਜੇ ਪੰਜਾਬ ਵਿਕਾਊ ਹੈ ਅੱਜ, ਇਸ ਵਿੱਚ ਤੂੰ ਤੇ ਮੈਂ ਵੀ ਦੋਸ਼ੀ,
ਚਾਰ ਚੁਫ਼ੇਰ ਹਜ਼ਾਰਾਂ ਦੁਸ਼ਮਣ, ਕੱਲ੍ਹਾ ਸੀ ਉਹ, ਦੱਸ ਕੀ ਕਰਦਾ?

l

## ੦
## ਮੈਂ ਏਥੇ ਰਹਿ ਰਿਹਾਂ

ਮੈਂ ਏਥੇ ਰਹਿ ਰਿਹਾਂ, ਪਰ ਸੱਚ ਪੁੱਛੋ, ਜੀਅ ਨਹੀਂ ਲੱਗਦਾ।
ਅਜਬ ਬੇਗਾਨਗੀ ਹੈ, ਵਤਨ ਮੇਰਾ ਹੀ ਨਹੀਂ ਲੱਗਦਾ।

ਕਦੇ ਵੀ ਰਿਸ਼ਤਿਆਂ ਨੂੰ, ਨਾਮ ਦੇ ਬੰਧਨ 'ਚ ਨਾ ਬੰਨ੍ਹੀਂ,
ਹਮੇਸ਼ਾਂ ਯਾਦ ਰੱਖੀਂ ਇਹ, ਤੂੰ ਮੇਰਾ ਕੀਹ ਨਹੀਂ ਲੱਗਦਾ।

ਯਕੀਨਨ ਏਸ ਰਾਹ ਤੂੰ, ਬਹੁਤ ਵਾਰੀ ਗੁਜ਼ਰਿਆ ਹੋਣੈਂ,
ਇਕੱਲੇ ਆਦਮੀ ਦਾ ਸਫ਼ਰ ਓਦਾਂ ਲੀਹ ਨਹੀਂ ਲੱਗਦਾ।

ਤੁਸੀਂ ਉੱਨੀ ਤੇ ਇੱਕੀ ਵਿੱਚ ਹੀ ਉਲਝਾ ਲਿਆ ਮੈਨੂੰ,
ਤੁਹਾਡੀ ਸੋਚ ਅੰਦਰ ਇੱਕ ਹਿੰਦਸਾ ਵੀਹ ਨਹੀਂ ਲੱਗਦਾ।

ਨਿਰੰਤਰ ਹੋ ਰਹੀ ਭਰਮਾਂ ਦੀ ਖੇਤੀ ਵੇਖ ਇਉਂ ਲੱਗੇ,
ਕਿਸੇ ਵੀ ਸਾਂਭਿਆ ਧਰਮਾਂ ਦਾ ਸੁੱਚਾ ਬੀਅ ਨਹੀਂ ਲੱਗਦਾ।

ਅਗਨ ਤਾਂ ਜ਼ਿੰਦਗੀ ਦੇ ਨਕਸ਼ ਡੌਲਣਹਾਰ ਸ਼ਕਤੀ ਹੈ,
ਨਿਰੰਤਰ ਮਘ ਰਹੇ ਸੂਰਜ ਦੇ ਪਿੱਛੇ ਸੀ ਨਹੀਂ ਲੱਗਦਾ।

ਤੁਸੀਂ ਪਾਣੀ ਤਾਂ ਪਾਓ, ਫੇਰ ਫ਼ਲ ਫੁੱਲ ਖ਼ੂਬ ਮਹਿਕਣਗੇ,
ਭਲਾ ਜੀ! ਆਸ ਦੇ ਬੂਟੇ ਨੂੰ, ਦੱਸੋ ਕੀਹ ਨਹੀਂ ਲੱਗਦਾ?

1

## ੦
## ਰਾਤ ਹਨ੍ਹੇਰੀ ਅੰਦਰ ਦਗਦੇ

ਰਾਤ ਹਨ੍ਹੇਰੀ ਅੰਦਰ ਦਗਦੇ, ਮਸਤੀ ਦੇ ਵਿੱਚ ਹੋ ਕੇ ਖੀਵੇ।
ਹੋਰ ਨਹੀਂ ਕੁਝ ਖ਼ੁਸ਼ਬੂ ਜਹੀਏ, ਇਹ ਤਾਂ ਦੋ ਨੈਣਾਂ ਦੇ ਦੀਵੇ।

ਅਜਬ ਜਹੀ ਕੁਝ ਮੇਰੇ ਸੰਗ ਹੈ, ਇਸ ਚਾਨਣ ਦੀ ਰਿਸ਼ਤੇਦਾਰੀ,
ਹੋਰ ਕਿਤੇ ਰੁਸ਼ਨਾਈ ਵੰਡੇ, ਮੇਰਾ ਖ਼ੂਨ ਜਿਗਰ ਦਾ ਪੀਵੇ।

ਕੈਂਚੀ ਵਾਲੇ ਰਾਜ ਕਰਨ, ਤੇ ਸੂਈਆਂ ਵਾਲੇ ਫਿਰਨ ਬਾਜ਼ਾਰੀਂ,
ਸਿਰ ਤੋਂ ਪੈਰ ਲੰਗਾਰੀ ਜ਼ਿੰਦਗੀ, ਲੀਰਾਂ ਟੁਕੜੇ ਨਾ ਕੋਈ ਸੀਵੇ।

ਬਾਗਬਾਨ ਜੀ, ਸੋਚ ਵਿਚਾਰੋ, ਜ਼ਿੰਦਗੀ ਨੂੰ ਉਪਰਾਮ ਕਰੋ ਨਾ,
ਬਾਗ ਬਗੀਚਾ ਆਸਾਂ ਵਾਲਾ, ਹਿੰਮਤ ਦੇ ਸਿਰ ਜੁਗ ਜੁਗ ਜੀਵੇ।

ਕੱਚੇ ਘਰ ਤੇ ਪੱਕੇ ਰਿਸ਼ਤੇ, ਲਾਉਂਦੇ ਦੁੱਖ ਦਰਿਆ ਵਿੱਚ ਤਾਰੀ,
ਪੱਕੇ ਘਰ ਨੇ ਕੱਲ੍ਹ ਮੁ ਕੱਲ੍ਹੇ, ਅੰਦਰੋਂ ਸੱਖਣੇ, ਬਾਹਰੋਂ ਖੀਵੇ।

ਹੁਣ ਸੁਕਰਾਤ ਸਿਆਣਾ ਹੋਵੇ, ਹੁਕਮਰਾਨ ਨੂੰ ਇਹ ਤਾਂ ਪੁੱਛੇ,
ਜੇ ਇਨਸਾਫ਼ ਗੁਲਾਮ ਹੀ ਰਹਿਣਾ, ਉਹ ਕਿਉਂ ਜ਼ਹਿਰ ਪਿਆਲਾ ਪੀਵੇ?

ਮਿੱਟੀ ਦੇ ਭਗਵਾਨ ਬਣਾ ਕੇ, ਵੇਚ ਰਿਹਾ ਘੁਮਿਆਰ ਚੀਨ ਦਾ,
ਸ਼ਹਿਰ ਬਨੇਰੇ ਲਿਸ਼ਕਣ ਲੜੀਆਂ, ਦਿਸਦੇ ਨਹੀਂ ਮਿੱਟੀ ਦੇ ਦੀਵੇ।

1

o

## ਰਾਤੀਂ ਤੈਨੂੰ ਰੱਜ ਕੇ ਤੱਕਿਆ

ਰਾਤੀਂ ਤੈਨੂੰ ਰੱਜ ਕੇ ਤੱਕਿਆ, ਪਰ ਤੱਕਿਆ ਸੀ ਖ਼੍ਵਾਬ ਦੇ ਅੰਦਰ।
ਮਹਿਕ ਜਿਵੇਂ ਅਣਦਿਸਦੀ ਹੋਵੇ, ਸੁੱਚੇ ਸੁਰਖ਼ ਗੁਲਾਬ ਦੇ ਅੰਦਰ।

ਚੰਦਨ-ਰੁੱਖੜੇ ਅੰਦਰ ਬੈਠੀ, ਰੰਗ-ਰੱਤੜੀ ਖ਼ੁਸ਼ਬੋਈ ਜੀਕੂੰ,
ਸਾਹਾਂ ਦੇ ਵਿੱਚ ਮਹਿਕ ਨਿਰੰਤਰ, ਧੁਖਦੀ ਧੂਫ਼ ਜਨਾਬ ਦੇ ਅੰਦਰ।

ਚਾਰ ਚੁਫ਼ੇਰ ਹਨ੍ਹੇਰ ਪਿਆ ਤੇ, ਨੈਣ ਮਿਰਗਣੇ ਟਿਮਕ ਰਹੇ ਨੇ,
ਸੁਪਨੇ ਸੁਪਨੇ ਸੁਪਨੇ ਡਲ੍ਹਕਣ, ਮੋਤੀ ਨੈਣ ਤਲਾਬ ਦੇ ਅੰਦਰ।

ਧਾਹ ਗਲਵੱਕੜੀ ਪਾਉਣ ਤੋਂ ਪਹਿਲਾਂ, ਪਤਾ ਨਹੀਂ ਕਿੰਜ ਨੀਂਦਰ ਖੁੱਲ੍ਹੀ,
ਹੁਣ ਤੀਕਰ ਵੀ ਤਨ ਮਨ ਕੰਬ ਕੰਬਣੀ, ਮੋਹਵੰਤੇ ਸੈਲਾਬ ਦੇ ਅੰਦਰ।

ਮਾਣ ਅਤੇ ਸਵੈਮਾਣ ਗੁਆ ਕੇ, ਅੱਥਰੇ ਦਰਿਆ ਕਿੱਥੇ ਵਹਿੰਦੇ,
ਪਰਛਾਵੇਂ ਤੇ ਪੈੜਾਂ ਗੁੰਮੀਆਂ, ਲੱਭਦਾ ਫਿਰਾਂ ਪੰਜਾਬ ਦੇ ਅੰਦਰ।

ਏਸ ਬੁਝਾਰਤ ਦਾ ਮੈਂ ਉੱਤਰ, ਦੇਵਾਂ ਤਾਂ ਹੁਣ ਕਿੱਦਾਂ ਦੇਵਾਂ,
ਸੱਚ ਪੁੱਛੋ ਮਰਦਾਨੇ ਬਾਝੋਂ, ਰਸ ਨਹੀਂ ਰਿਹਾ ਰਬਾਬ ਦੇ ਅੰਦਰ।

ਸੁਪਨ ਅਧੂਰੇ, ਹੌਕੇ ਹਾਵੇ, ਮੈਂ ਸੁਣਿਆ ਸੀ ਗੱਲਾਂ ਕਰਦੇ,
ਗਿਣਤੀ-ਮਿਣਤੀ ਖਾ ਗਈ ਕਿੰਨੇ, ਰਿਸ਼ਤੇ ਗਲਤ ਹਿਸਾਬ ਦੇ ਅੰਦਰ।

1

o

## ਚੱਲ ਪੱਤਣਾਂ ਤੇ ਰੋਂਦਿਆਂ ਨੂੰ

ਚੱਲ ਪੱਤਣਾਂ ਤੇ ਰੋਂਦਿਆਂ ਨੂੰ, ਚੁੱਪ ਤਾਂ ਕਰਾਈਏ।
ਜਿੰਨਾ ਸਾਡੇ ਹਿੱਸੇ ਆਇਆ, ਓਨਾ ਧਰਮ ਨਿਭਾਈਏ।

ਜਿਹੜੇ ਰਾਵੀ ਦਿਆਂ ਪੱਤਣਾਂ ਤੇ, ਮਾਰਦੇ ਆਵਾਜ਼ਾਂ,
ਮੋਏ ਮਿੱਤਰਾਂ ਦੇ ਨਾਲ ਆ ਜਾ ਅੱਖ ਤਾਂ ਮਿਲਾਈਏ।

ਭਾਵੇਂ ਆਰ ਅਤੇ ਪਾਰ, ਸਾਡਾ ਇੱਕੋ ਪਰਿਵਾਰ,
ਕੁਝ ਉਨ੍ਹਾਂ ਦੀ ਵੀ ਸੁਣੀਏ, ਤੇ ਆਪਣੀ ਸੁਣਾਈਏ।

ਵੇਖੀਂ ਸੁੱਕ ਜੇ ਨਾ ਆਸਾਂ, ਤੇ ਉਮੀਦਾਂ ਵਾਲਾ ਬਾਗ਼,
ਮਾਤਾ ਇੱਛਰਾਂ ਦੀ ਰੀਝ, ਆ ਜਾ ਪੂਰਨਾ ਪੁਗਾਈਏ।

ਸੁਣੇ ਦਿੱਲੀ ਤੇ ਲਾਹੌਰ, ਰੁੱਸੇ ਆਗਰਾ ਪਸ਼ੌਰ,
ਪੌਣੀ ਸਦੀ ਅੱਗ ਮੱਚੀ, ਹੁਣ ਏਸ ਨੂੰ ਬੁਝਾਈਏ।

ਸਾਡਾ ਅਣਖ਼ੀ ਹੈ ਦੁੱਲਾ, ਬੁੱਲ੍ਹਾ ਸੱਚ ਦਾ ਪੈਗ਼ਾਮ,
ਭੈਣ ਨਾਨਕੀ ਦੇ ਵੀਰ ਦਾ, ਸੁਨੇਹਾ ਵਰਤਾਈਏ।

ਅਸੀਂ ਹਾਥੀਆਂ ਦੇ ਪੈਰੀਂ ਬੱਝੇ, ਕਿਹੋ ਜਹੇ ਗੁਲਾਮ,
ਜਿਹੜੇ ਲਿੱਸਿਆਂ ਨੂੰ ਬਣ ਬਣ, ਸੂਰਮੇ ਵਿਖਾਈਏ।

1

## ਛੱਡ ਨਾ ਜਾਵੀਂ ਅੱਧ ਵਿਚਕਾਰੇ

ਛੱਡ ਨਾ ਜਾਵੀਂ ਅੱਧ ਵਿਚਕਾਰੇ, ਏਥੋਂ ਤੀਕ ਲਿਆਉਣ ਵਾਲਿਆ।
ਕਾਲਾ ਅੰਬਰ ਤੂੰ ਰੁਸ਼ਨਾਉਣਾ, ਚਾਨਣ ਲੀਕਾਂ ਵਾਹੁਣ ਵਾਲਿਆ।

ਇਹ ਧਰਤੀ ਤਾਂ ਸਦਾ ਉਡੀਕੇ, ਤੇਰੇ ਵਰਗੇ ਪੂਰਨ-ਪੁੱਤਰ,
ਤੁਰ ਨਾ ਜਾਵੀਂ, ਇੱਛਰਾਂ ਮਾਂ ਦੇ, ਨੈਣੀਂ ਜੋਤ ਜਗਾਉਣ ਵਾਲਿਆ।

ਚਾਰ ਚੁਫ਼ੇਰੇ ਆਪਾ ਧਾਪੀ, ਕਾਵਾਂ ਰੌਲੀ ਵੰਨ ਸੁਵੰਨੀ,
ਤੂੰ ਵੀ ਸਾਜ਼ ਸਮੇਟ ਲਵੀਂ ਨਾ, ਰੂਹ ਦੇ ਬੋਲ ਸੁਣਾਉਣ ਵਾਲਿਆ।

ਦਿਨ ਤੇ ਰਾਤ ਪਹਿਰ ਤੇ ਘੜੀਆਂ, ਰੁਕ ਨਾ ਜਾਵਣ ਤੇਰੇ ਹੁੰਦਿਆਂ,
ਮਿਲ ਜਾਇਆ ਕਰ ਦਿਨ ਵੇਲੇ ਵੀ, ਸੁਪਨੇ ਦੇ ਵਿੱਚ ਆਉਣ ਵਾਲਿਆ।

ਸੁੰਨੀ ਮਾਂਗ ਸੰਧੂਰੀ ਕਰ ਤੂੰ, ਨੈਣ ਉਡੀਕਣ ਸਿਹਰੇ ਵਾਲਾ,
ਧਰਤ ਉਡੀਕੇ ਤੈਨੂੰ ਚਿਰ ਤੋਂ, ਨਵੀਆਂ ਪੈੜਾਂ ਪਾਉਣ ਵਾਲਿਆ।

ਸੁਰ ਤੇ ਸ਼ਬਦ ਸਾਧਨਾ ਰਲ਼ ਕੇ, ਮਨ-ਮੰਦਰ ਵਿੱਚ ਕਰਨ ਉਜਾਲਾ,
ਤੂੰ ਕਿਉਂ ਦੀਪ ਬੁਝਾਈ ਜਾਵੇਂ, ਵੇ ਵੀਰਾ! ਵੇ ਗਾਉਣ ਵਾਲਿਆ।

ਤਰਕ ਦਲੀਲਾਂ ਦੀ ਇਹ ਧਰਤੀ, ਗੁਰੂ ਨਾਨਕ ਤੋਂ ਲੈ ਕੇ ਹੁਣ ਵੀ,
ਮਿਟ ਜਾਵੇਂਗਾ ਨਕਸ਼ੇ ਉੱਤੋਂ, ਸੱਚ ਦੀ ਲੀਕ ਮਿਟਾਉਣ ਵਾਲਿਆ।

1

## ਸ਼ਹਿਰ ਤੇਰੇ ਤਿਰਕਾਲਾਂ ਮਗਰੋਂ

ਸ਼ਹਿਰ ਤੇਰੇ ਤਿਰਕਾਲਾਂ ਮਗਰੋਂ, ਅੰਬਰ ਦੇ ਵਿੱਚ ਚਮਕੇ ਤਾਰੇ।
ਅੱਖੀਆਂ ਵਿੱਚੋਂ ਛਲਕਣ ਅੱਥਰੂ, ਮੋਤੀ ਜੀਕੂੰ ਮਣ ਮਣ ਭਾਰੇ।

ਮਸਜਿਦ ਵਿੱਚ ਅਜ਼ਾਨ ਤੇ ਮੰਦਰ ਅੰਦਰ ਟੱਲੀਆਂ ਟੁਣਕਦੀਆਂ ਸੀ,
ਸੰਖ ਪੂਰ ਰਹਿਰਾਸ ਤੋਂ ਮਗਰੋਂ, ਚੁੱਪ ਦਾ ਪਹਿਰਾ ਗੁਰੂ ਦਵਾਰੇ।

ਟਿਕੀ ਰਾਤ ਵਿੱਚ ਚੰਨ ਦਾ ਟੋਟਾ, ਚੋਰ ਝਾਤੀਆਂ ਮਾਰ ਰਿਹਾ ਸੀ,
ਘੂਕ ਪਏ ਸੀ ਨੀਂਦ ਵਿਗੁੱਤੇ, ਮੈਂ ਤੇ ਮੇਰੇ ਸੁਪਨੇ ਸਾਰੇ।

ਅਚਨਚੇਤ ਇੱਕ ਹੌਕਾ ਆਇਆ, ਮਗਰੋਂ ਮੇਰੀ ਨੀਂਦਰ ਟਲ਼ ਗਈ,
ਭਰਮ ਪਿਆ ਕਿ ਮੈਨੂੰ ਕੋਈ, ਦਿਸਦਾ ਨਾ ਪਰ 'ਵਾਜਾਂ ਮਾਰੇ।

ਬਿਨ ਮਿਲਿਆਂ ਤੋਂ ਹੋ ਗਏ ਮੇਲੇ, ਕਣ ਕਣ ਵਿੱਚ ਖ਼ੁਸ਼ਬੂ ਦਾ ਵਾਸਾ,
ਇਉਂ ਲੱਗਿਆ ਜਿਉਂ ਮੱਥਾ ਚੁੰਮਿਆ ਮੇਰਾ ਸੋਹਣੇ ਕ੍ਰਿਸ਼ਨ ਮੁਰਾਰੇ।

ਇਹ ਤੇਰੇ 'ਤੇ ਨਿਰਭਰ ਹੈ ਹੁਣ, ਇਸ ਤੋਂ ਅੱਗੇ ਤੂੰ ਕੀ ਕਰਨਾ,
ਰੂਹ ਮੇਰੀ ਨਿਰਵਸਤਰ ਫਿਰਦੀ, ਵੇਖ ਲਿਆ ਕਰ ਦਿਲ-ਦਰਬਾਰੇ।

ਨਿਮਖ ਨਾ ਵਿੱਛੜੀਂ ਧੜਕਣ ਜੇਹੀਏ, ਟਿਕ ਟਿਕ ਧੜਕ ਦਿਲੇ ਦੇ ਅੰਦਰ,
ਜੇ ਨਾ ਸਾਥ ਨਿਭਾਇਆ ਤੂੰ ਫਿਰ, ਸਾਹ ਹੋ ਜਾਣੇ ਬੇਇਤਬਾਰੇ।

1

o

## ਦਿਨ ਚੜ੍ਹਿਆ ਹੈ, ਸੂਰਜ ਵਿੱਚੋਂ

ਦਿਨ ਚੜ੍ਹਿਆ ਹੈ, ਸੂਰਜ ਵਿੱਚੋਂ ਤੇਰੇ ਨਕਸ਼ ਨਿਹਾਰ ਰਿਹਾ ਹਾਂ।
ਕਿਰਨਾਂ ਵਿੱਚੋਂ ਤੇਰਾ ਚਿਹਰਾ, ਧੜਕਣ ਵਿੱਚ ਉਤਾਰ ਰਿਹਾ ਹਾਂ।

ਤੇਰੀ ਨਾਭੀ ਵਿੱਚ ਕਸਤੂਰੀ, ਏਦਾਂ ਕੁਝ ਮਹਿਸੂਸ ਕਰਾਂ ਮੈਂ,
ਮਹਿਕ ਦੁਆਰੇ ਪਹੁੰਚਣ ਦੇ ਲਈ ਆਪਣੇ ਪੰਖ ਪਸਾਰ ਰਿਹਾ ਹਾਂ।

ਬਣ ਗਏ ਜੋ ਅੰਬਰ ਦੇ ਤਾਰੇ, ਜਿੰਨੇ ਮੇਰੇ ਯਾਰ ਪਿਆਰੇ,
ਹਰ ਸਾਹ ਗੇੜੇ ਯਾਦ ਕਰਾਂ ਮੈਂ, ਦਮ ਦਮ ਚੀਖ਼ ਪੁਕਾਰ ਰਿਹਾ ਹਾਂ।

ਇੱਕ ਅੱਧ ਕਿਰਨ ਉਧਾਰੀ ਦੇ ਦੇ, ਨੀ ਖ਼ੁਸ਼ਬੋਈਏ ਰੂਪਵੰਤੀਏ,
ਵਿੱਚ ਹਨ੍ਹੇਰੇ ਘਿਰਿਆ ਹਾਂ ਮੈਂ, ਤੈਨੂੰ 'ਵਾਜਾਂ ਮਾਰ ਰਿਹਾ ਹਾਂ।

ਲੂੰ ਲੂੰ ਕਣ ਕਣ ਵਿੱਚ ਖ਼ੁਸ਼ਬੋਈ, ਜਿਸ ਰਿਸ਼ਤੇ ਦਾ ਨਾਮ ਨਾ ਕੋਈ,
ਸੱਚ ਪੁੱਛੇਂ ਤਾਂ ਜੀਣ ਜੋਗੀਏ, ਓਹੀ ਕੁਝ ਵਿਸਥਾਰ ਰਿਹਾ ਹਾਂ।

ਸਮਝ ਪਵੇ ਨਾ ਏਸ ਅਗਨ ਦੀ, ਇਕ ਪਲ ਜੋਗੀ ਦੂਜੇ ਭੋਗੀ,
ਮਾਰ ਤਰੌਂਕਾ ਸ਼ਬਦ ਸਨੇਹ ਦਾ, ਏਹੀ ਅੰਦਰੋਂ ਮਾਰ ਰਿਹਾ ਹਾਂ।

ਮੈਨੂੰ ਭੇਤ ਜ਼ਰਾ ਨਹੀਂ ਲੱਗਿਆ, ਕੀਕਣ ਠੱਗਿਆ ਦਿਲ ਮੇਰਾ ਤੂੰ,
ਸਿਰਫ਼ ਤਸੱਲੀ ਏਨੀ, ਤੇਰੇ ਦਿਲ ਦੇ ਅੰਦਰਵਾਰ ਰਿਹਾ ਹਾਂ।

1

o

## ਅੱਜ ਰਾਤੀਂ ਮੈਂ ਸੁਪਨੇ ਅੰਦਰ

ਅੱਜ ਰਾਤੀਂ ਮੈਂ ਸੁਪਨੇ ਅੰਦਰ ਹੱਸਦਾ ਹੱਸਦਾ ਰੱਜ ਕੇ ਰੋਇਆ।
ਦਿਨ ਚੜ੍ਹਿਆ ਤੇ ਬੜਾ ਸੋਚਿਆ, ਸੁੱਤੇ ਸੁੱਤੇ ਇਹ ਕੀ ਹੋਇਆ।

ਇੰਜ ਲੱਗਦਾ ਸੀ ਜਿਸਮ ਜਿਉਂਦਾ, ਅੰਦਰ ਹੈ ਕੁਝ ਮਰਦਾ ਜਾਂਦਾ,
ਖੁੱਲ੍ਹੀ ਅੱਖ ਤੇ ਭਰਮ ਤਿੜਕਿਆ, ਸਾਲਮ ਸੀ ਮੈਂ ਨਵਾਂ ਨਰੋਇਆ।

ਵੰਨ ਸੁਵੰਨੇ ਉੱਡਣੇ ਪੰਛੀ ਬੰਨ੍ਹ ਕਤਾਰਾਂ ਕਿੱਥੋਂ ਆ ਗਏ,
ਚੋਗ ਚੁਗਣ ਦਾ ਇੱਛਿਆਧਾਰੀ, ਝੁਰਮਟ ਮੈਨੂੰ ਘੇਰ ਖਲੋਇਆ।

ਨੀਂਦਰ ਉੱਖੜੀ ਫੇਰ ਪਈ ਨਾ, ਸੋਚਾਂ ਵਿੱਚ ਸੀ ਤਲਖ਼ ਸਮੁੰਦਰ,
ਇਉਂ ਲੱਗਿਆ ਕਿ ਮੇਰਾ ਹੀ ਕੋਈ, ਦੂਰ ਦੁਰਾਡੇ ਹੁਬਕੀਂ ਰੋਇਆ।

ਅਜਬ ਵਤੀਰਾ ਤੱਕਿਆ ਹੈ ਮੈਂ, ਕੁਰਸੀ ਨਾਲ ਮਿਲੇ ਨੇ ਧਰਮੀ,
ਸੰਕਟ ਵੇਲੇ ਇਨ੍ਹਾਂ ਰਲ਼ ਕੇ, ਸਾਡਾ ਖ਼ੂਨ ਬਰੂਹੀਂ ਚੋਇਆ।

ਵਕਤ ਮਿਲੇ ਤਾਂ ਗਿਣਤੀ ਕਰਨਾ, ਧਰਮ ਕਰਮ ਇਖ਼ਲਾਕ ਸਣੇ ਹੀ,
ਜੋ ਕੁਝ ਮਰਦਾਂ ਅੰਦਰ ਚਾਹੀਏ, ਸਾਡੇ ਵਿੱਚੋਂ ਕੀ ਕੁਝ ਮੋਇਆ?

ਤੇਰੇ ਅੰਦਰ ਕਿੰਨਾ ਲਾਵਾ, ਦਿਲ ਵਿੱਚ ਤੜਪੇ, ਦਸਤਕ ਦੇਵੇ,
ਅੱਥਰੂ ਬਣ ਕਿਉਂ ਵਹਿ ਜਾਂਦਾ ਏ, ਦੱਸ ਤਾਂ ਸਹੀ ਅੱਖੀਆਂ ਦੇ ਕੋਇਆ।

1

੦

## ਬੇੜੀ ਅੰਦਰ ਚੋਰ ਮਘੋਰੇ

ਬੇੜੀ ਅੰਦਰ ਚੋਰ ਮਘੋਰੇ, ਨਾ ਚੱਪੂ ਨਾ ਦਿਸੇ ਖਵੱਈਆ।
ਚੜ੍ਹਿਆ ਦਰਿਆ ਸ਼ੂਕ ਰਿਹਾ ਹੈ, ਸਣੇ ਮੱਲਾਹ ਦੇ ਡੋਲੇ ਨੱਈਆ।

ਸੂਫ਼ੀ ਵੀ ਹੁਣ ਬੈਠ ਗਏ ਨੇ, ਝਾਂਜਰ ਪਾ ਕੇ ਸ਼ਹਿਰ ਬਾਜ਼ਾਰੀਂ,
ਟਿਕਟਾਂ ਲਾ ਕੇ ਵੇਚ ਰਹੇ ਨੇ, ਬੁੱਲ੍ਹੇ ਸ਼ਾਹ ਦਾ ਥੱਈਆ ਥੱਈਆ।

ਬੰਦੇ ਦਾ ਪੁੱਤ ਕਿੱਧਰ ਤੁਰਿਆ, ਵਿਕਿਆ ਹੈ ਜਾਂ ਵਿਕ ਜਾਵੇਗਾ,
ਇਸ ਮੰਡੀ ਹਰ ਵਸਤ ਵਿਕਾਊ, ਬਣਿਆ ਸਭ ਦਾ ਬਾਪ ਰੁਪੱਈਆ।

ਬਿੰਦਰਾਬਨ 'ਚੋਂ ਬਾਹਰ ਖਲੋ ਕੇ, ਲੋਕ ਮੁਕਤੀਆਂ ਦੀ ਗੱਲ ਤੋਰੇ,
ਕਿੱਥੋਂ ਤੁਰ ਕੇ ਕਿੱਥੇ ਪੁੱਜਾ, ਸਾਡੇ ਯੁਗ ਦਾ ਲਾਲ ਘਨੱਈਆ*।

ਵੇਖ ਲਵੋ ਮਿੱਟੀ ਦੀ ਤਾਕਤ, ਬਾਬਰ ਜਾਬਰ ਤੁਰਤ ਸਮੇਟੇ,
ਸੂਲੀ ਉੱਤੇ ਚੜ੍ਹਦੇ ਸੂਰੇ, ਯਾਦ ਕਰੇ ਮਗਰੋਂ ਮੁਲਖਈਆ।

ਜ਼ਾਤਪਾਤ ਦੇ ਸੰਗਲ ਪੱਕੇ, ਟੁੱਟਦੇ ਹੀ ਨਾ ਸਮਿਆਂ ਕੋਲੋਂ,
ਰੰਗ ਨਸਲ ਦੇ ਤੰਦੂਆ ਜਾਲੋਂ, ਕਦ ਛੁੱਟਣੀ ਇਹ ਧਰਤੀ ਮੱਈਆ।

ਨਾ ਮਿਰਦੰਗ, ਸਰੋਦ, ਸਿਤਾਰਾਂ, ਨਾ ਤੂੰਬੀ, ਅਲਗੋਜ਼ੇ ਦਿਸਦੇ,
ਕਿੱਧਰ ਗਿਆ ਸਾਜ਼ੀਨਾ ਏਥੇ, ਦਿਸਦਾ ਨਾ ਕੋਈ ਸਾਜ਼ ਵਜੱਈਆ।

੧

੦

## ਕਿੱਧਰ ਤੁਰ ਗਏ ਯਾਰ ਪੁਰਾਣੇ

ਕਿੱਧਰ ਤੁਰ ਗਏ ਯਾਰ ਪੁਰਾਣੇ ਲੱਭਦੇ ਨਹੀਂ।
ਨਾ ਸਾਲਮ ਨਾ ਅੱਧੋਰਾਣੇ ਲੱਭਦੇ ਨਹੀਂ।

ਨਾ ਧੁੱਪਾਂ ਨਾ ਛਾਵਾਂ ਕਿਧਰੇ ਲੱਭਦੀਆਂ ਨੇ,
ਸੱਜਣ ਬੇਲੀ ਦਰਦ ਰੰਞਾਣੇ ਲੱਭਦੇ ਨਹੀਂ।

ਅੰਬਰ-ਗੰਗਾ ਕੰਢੇ ਵੱਗ ਵੀ ਚੁਗਦੇ ਨਾ,
ਰਾਤ ਦਿਨੇ ਉਹ ਵਕਤ ਸੁਹਾਣੇ ਲੱਭਦੇ ਨਹੀਂ।

ਜ਼ਿੰਦਗੀ ਵਾਲੀ ਤਾਣੀ ਅੰਦਰ ਗੁੰਝਲਾਂ ਨੇ,
ਸਿੱਧੇ ਸਾਦੇ ਪੇਟੇ ਤਾਣੇ ਲੱਭਦੇ ਨਹੀਂ।

ਕੁੜੀਆਂ ਚਿੜੀਆਂ ਦੀ ਤਾਂ ਚਿੰਤਾ ਕਰਦੇ ਹਾਂ,
ਨਾ ਧਰਤੀ ਨਾ ਚੋਗਾ, ਦਾਣੇ ਲੱਭਦੇ ਨਹੀਂ।

ਆਪੋ ਆਪਣੇ ਪਿੰਡ ਦੇ ਨਕਸ਼ੇ, ਲੱਭਦੇ ਹਾਂ,
ਸ਼ਹਿਰ ਵਟਾਲੇ ਤੇ ਲੁਧਿਆਣੇ ਲੱਭਦੇ ਨਹੀਂ।

ਪਤਾ ਨਹੀਂ ਮੈਂ, ਕਿੱਥੇ ਗੁੰਮ ਗਵਾਚ ਗਿਆਂ,
ਹੁਣੇ ਹੁਣੇ ਜੋ ਪਲ ਸੀ ਮਾਣੇ, ਲੱਭਦੇ ਨਹੀਂ।

੧

---

*ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦਿੱਲੀ ਦਾ ਸੁਚੇਤ ਵਿਦਿਆਰਥੀ ਆਗੂ

o

## ਵਕਤ ਬਦਲਦਾ ਹੈ ਜਦ ਅੱਖੀਆਂ

ਵਕਤ ਬਦਲਦਾ ਹੈ ਜਦ ਅੱਖੀਆਂ, ਸੱਚਮੁੱਚ ਭੇਤ ਜ਼ਰਾ ਨਹੀਂ ਲੱਗਦਾ।
ਡੌਰ ਭੌਰਿਆ ਫਿਰਦਾ ਬੰਦਾ, ਹਾਸਾ ਬਣ ਜਾਂਦਾ ਹੈ ਜੱਗ ਦਾ।

ਕੁੱਲ ਦੁਨੀਆਂ ਲਈ ਅੰਨ ਦਾਤਾ ਸੀ, ਅੱਜ ਖ਼ੁਦ ਅਲਖ਼ ਜਗਾਉਂਦਾ ਫਿਰਦਾ,
ਸ਼ਮਲੇ ਵਾਲਾ ਕਮਲ਼ਾ ਹੋਇਆ, ਗਲ਼ ਵਿੱਚ ਫਾਹ ਹੈ ਆਪਣੀ ਪੱਗ ਦਾ।

ਹੁਕਮਰਾਨ ਕਿਉਂ ਹਾਲੇ ਤੱਕ ਵੀ, ਵੇਖ ਰਿਹਾ ਹੈ ਵਾਂਗ ਤਮਾਸ਼ੇ,
ਕਿਉਂ ਅੰਦਾਜ਼ਾ ਲਾਉਂਦਾ ਨਾ ਇਹ, ਲੱਕੜੀਆਂ ਵਿੱਚ ਬੈਠੀ ਅੱਗ ਦਾ।

ਕਿੰਨੇ ਜ਼ਹਿਰ ਪਿਆਲੇ ਪੀ ਲਏ, ਇਸ ਧਰਤੀ ਦੇ ਪਾਲਣਹਾਰੇ,
ਕਿਉਂ ਨਹੀਂ ਪੜ੍ਹਦੇ ਕੁਰਸੀਧਾਰੀ, ਵਰਕਾ ਵਰਕਾ ਮੂੰਹ ਦੀ ਝੱਗ ਦਾ।

ਮੇਰੇ ਬਾਬੇ ਆਖੇ ਲੱਗ ਕੇ, ਸੱਜਣ ਠੱਗ ਸੀ ਭਗਤ ਬਣ ਗਿਆ,
ਹੁਣ ਇਹ ਕੁੜਮ ਕਬੀਲਾ ਕਿਸਦਾ, ਦਿਨ ਦੀਵੀਂ ਜੋ ਲੁੱਟਦਾ ਠੱਗਦਾ।

ਕਈ ਵਾਰੀ ਤਾਂ ਇਉਂ ਲੱਗਦਾ ਹੈ, ਪਸ਼ੂਆਂ ਵਾਲੇ ਵਾੜੇ ਵਿੱਚ ਹਾਂ,
ਉਸ ਪਾਸੇ ਹੀ ਤੁਰ ਪੈਂਦੇ ਹਾਂ, ਜਿੱਧਰ ਹਿੱਕਦਾ ਵਾਗੀ ਵੱਗ ਦਾ।

ਸੁਣਿਆ ਸੀ ਕਿ ਕਾਠ ਦੀ ਹਾਂਡੀ, ਦੂਜੀ ਵਾਰ ਨਹੀਂ ਚੜ੍ਹਦੀ ਜੀ,
ਚਾਨਣ ਦੀ ਇੱਕ ਲੀਕ ਦੇ ਅੱਗੇ, ਗੂੜ੍ਹ ਹਨ੍ਹੇਰ ਕਦੇ ਨਹੀਂ ਤੱਗਦਾ।

1

o

## ਜ਼ਿੰਦਗੀ! ਕਿੰਨੇ ਕੁ ਰਹਿੰਦੇ

ਜ਼ਿੰਦਗੀ! ਕਿੰਨੇ ਕੁ ਰਹਿੰਦੇ ਹੋਰ ਹਾਲੇ ਇਮਤਿਹਾਨ।
ਤੰਦ ਢਿੱਲੀ ਕਰ ਦਿਆ ਕਰ, ਟੁੱਟ ਨਾ ਜਾਵੇ ਕਮਾਨ।

ਸੁਪਨ-ਨਗਰੀ ਵਿੱਚ ਰਹਿ ਕੇ, ਇਹ ਤੇ ਹੁਣ ਮੈਂ ਜਾਣਦਾਂ,
ਬਹੁਤ ਔਖੇ ਸਾਂਭਣੇ ਹਨ, ਖ਼੍ਵਾਬ ਨੇ ਕੱਚ ਦਾ ਸਮਾਨ।

ਲਹਿ ਗਿਆ ਹੈ ਸਾਲ ਇੱਕ, ਕਰਜ਼ਾ ਪੁਰਾਣਾ ਲਹਿ ਗਿਆ,
ਹੁਣ ਨਵਾਂ ਇਹ ਸਾਲ ਕਿਧਰੇ, ਟੰਗ ਦਏ ਨਾ ਫੇਰ ਜਾਨ।

ਧੁੰਦ ਵਿੱਚ ਗੁੰਮਿਆ ਹੈ ਸੂਰਜ, ਬਹੁਤ ਫਿੱਕੀ ਰੌਸ਼ਨੀ,
ਵਰਕਿਆਂ ਤੇ ਸ਼ਬਦ ਸੁੱਤੇ, ਜਿਉਂ ਨਹੀਂ ਇਨ੍ਹਾਂ ’ਚ ਜਾਨ।

ਫੇਰ ਹੋਕਾ ਦੇ ਰਿਹਾ ਹਾਂ, ਜਾਗਦੇ ਰਹੋ ਜਾਗਦੇ,
ਕਿਸ ਤਰ੍ਹਾਂ ਰੁਲ਼ਿਆ ਰੁਪੱਈਆ, ਨਾ ਰਿਹਾ ਖੀਸੇ 'ਚ ਭਾਨ।

ਪੱਤਿਆਂ ਦੇ ਵਾਂਗ ਟੰਗੇ, ਧਰਤੀ-ਪੁੱਤਰ ਪੁੱਛਦੇ,
ਖ਼ੁਦਕੁਸ਼ੀ ਮਾਰਗ ਤੇ ਤੋਰੋਗੇ, ਭਲਾ ਕਦ ਤੱਕ ਕਿਸਾਨ।

ਲੋਕ ਨਾ ਕਿਉਂ ਜਾਗਦੇ ਤੇ ਇੰਜ ਕਿਉਂ ਨਾ ਕੂਕਦੇ,
ਸਾਡਿਆਂ ਹੱਕਾਂ ਤੇ ਡਾਕਾ ਮਾਰਦਾ ਹੈ ਹੁਕਮਰਾਨ।

1

o

## ਗਿਰ ਗਿਆ ਬੰਦਾ ਗੁਆਚੀ ਸਾਖ

ਗਿਰ ਗਿਆ ਬੰਦਾ ਗੁਆਚੀ ਸਾਖ ਹੈ ਕਿਰਦਾਰ ਦੀ।
ਸੋਂਘਿਆਂ ਦੀ ਹੇੜ੍ਹ ਉੱਤੇ, ਟੇਕ ਹੈ ਸਰਕਾਰ ਦੀ।

ਇਹ ਨਹੀਂ ਕੋਲੋਂ ਬਣਾਈ, ਖ਼ਬਰ ਨਾ ਹੀ ਵਾਰਤਾ,
ਮੈਂ ਤਾਂ ਸੁਰਖ਼ੀ ਪੜ੍ਹ ਰਿਹਾ ਸਾਂ, ਅੱਜ ਦੇ ਅਖ਼ਬਾਰ ਦੀ।

ਰਾਜ-ਪਥ ਦੇ ਕਾਫ਼ਲੇ ਵਿੱਚ ਪੂਛਲਾਂ ਮੈਂ ਵੇਖੀਆਂ,
ਇੱਕ ਟੁਕੜੀ ਤੁਰ ਰਹੀ ਸੀ, ਸੁੰਘਦੀ, ਫੁੰਕਾਰਦੀ।

ਤੋਪ ਗੜ੍ਹਕੀ ਧਰਤ ਕੰਬੀ, ਹੋ ਗਿਆ ਲਾਗੂ ਵਿਧਾਨ,
ਲੀਕ ਅੰਬਰ ਪਾਰ ਕਰ ਗਈ, ਸੁਪਨਿਆਂ ਦੀ ਡਾਰ ਦੀ।

ਅਮਨ ਦੀ ਘੁੱਗੀ ਵਿਚਾਰੀ, ਤੋਪ ਅੰਦਰ ਆਲ੍ਹਣਾ,
ਹੋਰ ਨਾ ਹੁਣ ਲੋੜ ਰਹਿ ਗਈ, ਅਮਨ ਦੇ ਉਪਕਾਰ ਦੀ।

ਹੇ ਮਲਾਹੋ! ਇਹ ਤਾਂ ਦੱਸੋ, ਪਾਰ ਹੈ ਕਦ ਪਹੁੰਚਣਾ,
ਇਹ ਤਾਂ ਕਿਸ਼ਤੀ ਡੋਲਦੀ ਹੈ, ਲੱਗਦਾ ਨਹੀਂ ਤਾਰਦੀ।

ਪੰਜ ਸਾਲਾਂ ਬਾਅਦ ਹਾਕਮ, ਆਉਣਗੇ ਫਿਰ ਗਾਉਣਗੇ,
ਤਰਜ਼ ਬਦਲਣਗੇ ਗਵੱਈਏ, ਫਿਰ ਨਵੇਂ ਇਕਰਾਰ ਦੀ।

1

o

## ਮਾਂ ਦੇ ਪੈਰਾਂ ਥੱਲੇ ਜੰਨਤ

ਮਾਂ ਦੇ ਪੈਰਾਂ ਥੱਲੇ ਜੰਨਤ, ਸੁਣੀ ਨਹੀਂ ਮੈਂ, ਜਾਣ ਲਈ ਹੈ।
ਅਸਲ ਹਕੀਕਤ ਦੁਨੀਆਂ ਫਿਰ ਕੇ, ਆਖ਼ਰ ਨੂੰ ਪਹਿਚਾਨ ਲਈ ਹੈ।

ਸ਼ਬਦ-ਸਿਰਜਣਾ ਸੁਰ ਦੀ ਕੀਮਤ, ਲੋਰੀ ਅੱਗੇ ਕੁਝ ਵੀ ਨਹੀਉਂ,
ਮਾਂ ਦੀ ਗੋਦੀ ਅੰਦਰ ਬਹਿ ਕੇ, ਮੈਂ ਇਹ ਖ਼ੁਸ਼ਬੂ ਮਾਣ ਲਈ ਹੈ।

ਕੀਹ ਦੱਸਾਂ ਮੈਂ ਮਨ ਦੀ ਹਾਲਤ, ਉਸ ਵੇਲੇ ਤੋਂ ਤੜਪ ਰਿਹਾ ਹਾਂ,
ਜਿਹੜੇ ਦਿਨ ਤੋਂ ਮਾਂ ਮੇਰੀ ਨੇ ਚੁੱਪ ਦੀ ਚਾਦਰ ਤਾਣ ਲਈ ਹੈ।

ਲੱਭਦੇ ਨਹੀਉਂ ਲਾਲ ਗੁਆਚੇ, ਕਿਰ ਜਾਵਣ ਜਦ ਮਾਣਕ ਮੋਤੀ,
ਲੱਭਦੇ ਲੱਭਦੇ ਕੁੱਲ ਦੁਨੀਆਂ ਦੀ, ਮਿੱਟੀ ਵੀ ਮੈਂ ਛਾਣ ਲਈ ਹੈ।

ਤੂੰ ਜੋ ਸਬਕ ਸਿਖਾਇਆ ਮੈਨੂੰ, ਵਿੱਸਰਿਆ ਸੀ, ਤਾਂ ਹੀ ਦੁੱਖ ਸੀ,
ਹੁਣ ਮੈਂ ਗੰਢ ਸੰਭਾਲ ਕੇ ਰੱਖੂੰ, ਪੱਕੀ ਮਨ ਵਿੱਚ ਠਾਣ ਲਈ ਹੈ।

ਇਸਦੇ ਅਰਥ ਗੁਆਚ ਗਏ ਸੀ, ਮਾਂ ਮੇਰੀ ਨੇ ਲੱਭ ਕੇ ਦਿੱਤੇ,
ਸਮਝੀਂ ਨਾ ਤੂੰ ਸ਼ਬਦ ਨਿਗੂਣਾ, ਇਹ ਕੇਵਲ ਗੁਣਗਾਨ ਲਈ ਹੈ।

ਮਾਂ ਤੇਰੇ ਚਰਨਾਂ ਵਿੱਚ ਭੇਟਾ, ਇਹ ਸਤਰਾਂ ਪਰਵਾਨ ਕਰੀਂ ਤੂੰ,
ਧਰਤੀ ਧਰਮ ਬਰਾਬਰ ਹੈਂ ਤੂੰ, ਇਹ ਗੱਲ ਕਰ ਪਰਵਾਨ ਲਈ ਹੈ।

1

o

## ਲੋਕਤੰਤਰ ਝਾਕਦਾ ਹੈ

ਲੋਕਤੰਤਰ ਝਾਕਦਾ ਹੈ, ਲੰਘ ਚੱਲੀ ਜਨਵਰੀ।
ਏਸ ਦੇ ਵੱਲ ਵੇਖਿਆ ਨਾ, ਓਸ ਨੇ ਤਾਂ ਸਰਸਰੀ।

ਘਰ ਦੀਆਂ ਲੋੜਾਂ ਤੇ ਥੋੜਾਂ, ਕੌਣ ਵਿਰਲਾਂ ਪੂਰਦਾ,
ਜੂਨ ਕਾਂਬਾ ਛੇੜਦੀ ਹੈ, ਸੇਕ ਮਾਰੇ ਜਨਵਰੀ।

ਪਿੰਡ ਦੇ ਕੱਚੇ ਘਰਾਂ ਨੂੰ ਨੇਤਾ ਨਾ ਹੁਣ ਗੌਲ਼ਦਾ,
ਸਿਰ ਤੇ ਦਿੱਲੀ ਚੌਰ ਝੁੱਲੇ, ਫ਼ਰਸ਼ ਪੈਰੀਂ ਮਰਮਰੀ।

ਇਹ ਵਤੀਰਾ ਬਹੁਤ ਵਾਰੀ ਯਾਦ ਕਰਕੇ ਸੋਚਦਾਂ,
ਕਿਉਂ ਭਲਾ ਜੀ ਤਖ਼ਤ ਕਰਦੇ, ਹਰ ਸਮੇਂ ਹੀ ਬਰਬਰੀ*।

ਬਾਬਰਾਂ ਤੋਂ ਅੱਜ ਤੀਕਰ ਸਾਰੇ ਹਾਕਮ ਕਿਉਂ ਭਲਾ,
ਧਰਮ ਨੂੰ ਹੀ ਵਰਤਦੇ ਨੇ ਕਹਿ ਕੇ ਆਈਨੇ ਅਕਬਰੀ।**

ਜਦ ਮਿਲੇ ਸ਼ਕਤੀ ਨਿਰੰਕੁਸ਼ ਰਾਜ ਨੂੰ ਜਾਂ ਧਰਮ ਨੂੰ,
ਆਖਦੇ ਨੇ ਜੋ ਕਿਹਾ ਮੈਂ, ਇਹ ਹੈ ਫਤਵਾ ਆਖ਼ਰੀ।

ਵੇਖ ਲਉ ਸਾਡੀ ਸਿਆਣਪ, ਸੱਚ ਲੁਕਦਾ ਫਿਰ ਰਿਹਾ,
ਨਾ ਰਿਹਾ, ਹੇ ਰਾਮ ਜੀ! ਘਰ, ਨਾ ਹੀ ਮਸਜਿਦ ਬਾਬਰੀ।

l

o

## ਸੁਰਖ਼ ਗੁਲਾਬਾਂ ਦੇ ਬਾਗ਼ਾਂ ਵਿੱਚ

ਸੁਰਖ਼ ਗੁਲਾਬਾਂ ਦੇ ਬਾਗ਼ਾਂ ਵਿੱਚ, ਪੀਲ਼ੀ ਰੁੱਤ ਵੀ ਆ ਜਾਂਦੀ ਹੈ।
ਗੁਰਬਤ ਜੀਕੂੰ ਖੜ੍ਹੇ ਖਲੋਤੇ, ਸਾਬਤ ਬੰਦੇ ਖਾ ਜਾਂਦੀ ਹੈ।

ਤਨ ਦੀ ਮਿੱਟੀ ਪਾਲਣ ਖ਼ਾਤਰ, ਮਨ ਦੇ ਮੌਸਮ ਗਿਰਵੀ ਕਰਨੇ,
ਵੇਖ ਲਵੋ ਇੱਕ ਬੁਰਕੀ ਸਾਨੂੰ, ਕਿੰਨੇ ਸਬਕ ਸਿਖਾ ਜਾਂਦੀ ਹੈ।

ਰੂਹ ਦੀ ਸ਼ਕਤੀ, ਯਾਰ ਗੁਆਚੇ, ਵਕਤ ਵਿਹਾ ਕੇ ਚੇਤੇ ਆਉਂਦੇ,
ਪਾਰ ਸਮੁੰਦਰ ਜਾ ਕੇ ਹੀ ਕਿਉਂ, ਯਾਦ ਚਿਤਵਣੀ ਲਾ ਜਾਂਦੀ ਹੈ।

ਵਿਰਸਾ, ਮਾਣ ਮੁਹੱਬਤ ਯਾਰਾ, ਮਹਿੰਗੀ ਪੂੰਜੀ ਥੋੜੇ ਸਾਂਭਣ,
ਬਹੁਤਿਆਂ ਨੂੰ ਤਾਂ ਕਣਕ ਦੀ ਰੋਟੀ ਭੋਰ ਭੋਰ ਕੇ ਖਾ ਜਾਂਦੀ ਹੈ।

ਬਹੁਤੀ ਚਿੰਤਾ ਕਰਿਆ ਨਾ ਕਰ, ਜੇ ਮੰਡੀ ਵਿੱਚ ਆ ਬੈਠਾ ਏਂ,
ਏਥੇ ਤਾਂ ਬਈ ਨਮਦਾ ਬੁੱਧੀ, ਅਕਲ ਦੀ ਕੀਮਤ ਲਾ ਜਾਂਦੀ ਹੈ।

ਉੱਡਣਾ ਪੁੱਡਣਾ ਮਨ ਦਾ ਪੰਛੀ, ਟਾਹਣੀ ਟਾਹਣੀ ਬਹਿੰਦਾ ਫਿਰਦੈ,
ਬਿਰਤੀ ਜਦੋਂ ਵਿਕਾਊ ਹੋ ਜੇ, ਸਭ ਨੂੰ ਪਿੰਜਰੇ ਪਾ ਜਾਂਦੀ ਹੈ।

ਇੱਕ ਮਾਰਗ ਦੇ ਪਾਂਧੀ ਆਪਾਂ, ਭਾਵੇਂ ਵੱਖਰੇ ਤੌਰ ਤਰੀਕੇ,
ਝੁਰੀਏ ਨਾ ਜੇ ਤੁਰਦੇ ਰਹੀਏ, ਮੰਜ਼ਿਲ ਨੇੜੇ ਆ ਜਾਂਦੀ ਹੈ।

l

*ਜ਼ੁਲਮ, ** ਅਕਬਰ ਵੇਲੇ ਦਾ ਇਨਸਾਫ਼ ਵਿਧਾਨ

o

## ਉਮਰ ਗਵਾਚ ਰਹੀ ਕਿਉਂ ਸਾਡੀ

ਉਮਰ ਗਵਾਚ ਰਹੀ ਕਿਉਂ ਸਾਡੀ, ਸਾੜਾ ਕੀਨਾ ਸੂਲੀ ਟੰਗਦੇ।
ਸ਼ੁਭ ਕਰਮਨ ਦੀ ਦਾਤ ਬਖ਼ਸ਼ ਦੇ, ਦਰਦ-ਮਜੀਠੀ ਦੇ ਵਿੱਚ ਰੰਗ ਦੇ।

ਇੱਕ ਦੂਜੇ ਨੂੰ ਦਿਲ ਦੀ ਕਹਿਣਾ, ਜ਼ਿੰਦਗੀ ਵਿੱਚੋਂ ਖ਼ਾਰਜ ਹੋਇਆ,
ਆਪਣਾ ਆਪ ਗੁਆਚ ਰਿਹਾ ਹੈ, ਆਪਣਿਆਂ ਤੋਂ ਸੰਗਦੇ ਸੰਗਦੇ।

ਆਪਣੀ ਸੰਗਤ ਦੇ ਵਿੱਚ ਸ਼ਾਮਿਲ, ਮੈਂ ਤਾਂ ਖ਼ੁਦ ਹੀ ਆਪ ਨਹੀਂ ਹਾਂ,
ਕੰਚਨ-ਦੇਹੀ ਮਨ ਤੋਂ ਬਾਗੀ, ਗਰਜ਼ ਖੜੱਪੇ ਰਹਿੰਦੇ ਡੰਗਦੇ।

ਸਾਡੇ ਹੁੰਦਿਆਂ ਸੁੰਦਿਆਂ ਏਥੇ, ਜ਼ੋਰ ਜਵਾਨੀ ਗੁੰਮਰਾਹ ਹੋਏ,
ਸੋਨਾ ਰੇਤ ਰੁਲ ਗਿਆ ਸਾਡਾ, ਵਿਕ ਚੱਲਿਆ ਹੈ ਭਾਣੇ ਭੰਗ ਦੇ।

ਸ਼ਬਦ ਨਿਰੰਤਰ ਕੂਕ ਰਹੇ ਨੇ, ਵਕਤ ਬੜਾ ਬੇਰਹਿਮ ਲਿਖਾਰੀ,
ਮੈਥੋਂ ਰਹਿੰਦੇ ਸ਼ਾਮ ਸਵੇਰੇ, ਵੰਨ-ਸੁਵੰਨੇ ਉੱਤਰ ਮੰਗਦੇ।

ਉਂਗਲਾਂ ਗਿਣ ਲਉ, ਹੱਥ ਮਿਲਾ ਕੇ, ਕੁਰਸੀ ਵਾਲਿਆਂ ਕੋਲੋਂ ਅਕਸਰ,
ਰਿਸ਼ਤੇ ਨਾਤੇ ਬਣ ਚੱਲੇ ਨੇ, ਵੇਖ ਲਵੋ ਹੁਣ ਕਿਹੜੇ ਢੰਗ ਦੇ।

ਰੂਹ ਦੀ ਬਾਤ ਸੁਣਾਉਣਾ, ਸੁਣਨਾ, ਬੋਲੇ ਬਿਨਾ ਹੁੰਗਾਰਾ ਭਰਨਾ,
ਕੁਝ ਹਥਿਆਰ ਨੇ ਇਹ ਵੀ ਯਾਰੋ, ਅਸਲ ਮੁਹੱਬਤ ਵਾਲੀ ਜੰਗ ਦੇ।

1

o

## ਕਿੱਧਰ ਤੁਰਿਉਂ, ਕਿੱਥੇ ਪਹੁੰਚੋਂ

ਕਿੱਧਰ ਤੁਰਿਉਂ, ਕਿੱਥੇ ਪਹੁੰਚੋਂ, ਧਰਤੀ ਧਰਮ ਨਿਭੌਣ ਵਾਲਿਆ।
ਭਟਕਣ ਚਾਰ ਚੁਫ਼ੇਰਿਉਂ ਘੇਰੇ, ਸਾਬਤ ਸਿਦਕ ਪੜੌਣ ਵਾਲਿਆ।

ਦਿਨ ਤੇ ਰਾਤ ਹਨ੍ਹੇਰਾ ਗੂੜ੍ਹਾ, ਗ਼ਰਜ਼ਾਂ ਅੱਗੇ ਫ਼ਰਜ਼ ਗਵਾਚੇ,
ਪੁੱਤਰ ਧੀਆਂ ਸਬਕ ਭੁਲਾਇਆ, ਸਾਡੇ ਰਾਹ ਰੁਸ਼ਨੌਣ ਵਾਲਿਆ।

ਨਰਮ ਗਦੇਲੇ ਉੱਪਰ ਨੀਂਦਰ, ਗੋਲੀ ਖਾ ਕੇ ਵੀ ਨਾ ਆਵੇ,
ਮਨ ਦੇ ਅੰਦਰ ਮਾਛੀਵਾੜਾ, ਕੰਡਿਆਂ ਉੱਤੇ ਸੌਣ ਵਾਲਿਆ।

ਕੁੱਲ ਦੁਨੀਆਂ ਦੀ ਸਾਂਝੀ ਬੁੱਕਲ, ਹੋ ਚੱਲੀ ਏ ਤੰਦਾ ਤੀਰੀ*,
ਖਿੱਲਰ ਚੱਲੀ ਰੂਹ ਦੀ ਦੌਲਤ, ਟੁੱਟੀ ਨੂੰ ਗੰਢ ਲੌਣ ਵਾਲਿਆ।

ਮਾਂ ਭਾਗੋ ਦੇ ਧੀਆਂ ਪੁੱਤਰ, ਤੁਰਦੇ ਨਾ ਰਣਭੂਮੀ ਵੱਲ ਨੂੰ,
ਧਰਮ ਧੁਰੇ ਤੋਂ ਨਿੱਖੜ ਚੱਲੇ, ਮੁਕਤੀ ਮਾਰਗ ਪੌਣ ਵਾਲਿਆ।

ਤੇਜ਼ ਧਾਰ ਤਲਵਾਰੋਂ ਤਿੱਖੇ, ਸ਼ਬਦ-ਬਾਣ ਫਿਰ ਕੱਸ ਕੇ ਮਾਰੋ,
ਔਰੰਗਜ਼ੇਬ ਅਜੇ ਨਹੀਂ ਮਰਿਆ, ਮੁੜ ਮੁੜ ਕੇ ਸਮਝੌਣ ਵਾਲਿਆ।

ਚਿੜੀਆਂ ਫੇਰ ਨਿਸ਼ਾਨੇ ਉੱਤੇ, ਬਾਜ਼ ਬਣੇ ਜਰਵਾਣੇ ਮੁੜ ਕੇ,
ਜ਼ਾਲਮ ਸਾਨੂੰ ਫੇਰ ਵੰਗਾਰੇ, ਗਿੱਚੀ ਨੂੰ ਹੱਥ ਪੌਣ ਵਾਲਿਆ।

1

*ਤਾਰੋ ਤਾਰ

ੋ

## ਨਜ਼ਰ ਭਰ ਤੂੰ ਵੇਖਿਆ

ਨਜ਼ਰ ਭਰ ਤੂੰ ਵੇਖਿਆ, ਮੁੜ ਦਿਲ ਦੀਵਾਨਾ ਹੋ ਗਿਆ।
ਵਿੱਛੜਿਆਂ ਤੇਰੇ ਤੋਂ ਭਾਵੇਂ, ਇੱਕ ਜ਼ਮਾਨਾ ਹੋ ਗਿਆ।

ਵੇਖ ਲੈ ਬਿਨ ਬੋਲਿਆਂ ਤੋਂ, ਇਹ ਮੁਹੱਬਤ ਦਾ ਕਮਾਲ,
ਫ਼ਰਸ਼ ਬਣ ਗਈ ਧਰਤ, ਅੰਬਰ ਸ਼ਾਮਿਆਨਾ ਹੋ ਗਿਆ।

ਜ਼ਿੰਦਗੀ ਦੁਸ਼ਵਾਰ ਰਾਹੀਂ, ਤੋਰਦੀ ਹੈ ਜਦ ਕਦੇ,
ਜਾਪਦੈ ਇਹ ਜਿਸਮ ਵੀ, ਮਨ ਤੋਂ ਬੇਗਾਨਾ ਹੋ ਗਿਆ।

ਸੱਖਣੀ ਦੀਵਾਰ ਉੱਤੇ, ਮੋਰ ਨਾ ਹੁਣ ਬੂਟੀਆਂ,
ਘਰ ਰਹੇ ਨਾ ਘਰ, ਇਹ ਜਾਪਣ ਕੈਦ ਖ਼ਾਨਾ ਹੋ ਗਿਆ।

ਫ਼ਿਰਕਿਆਂ ਵਿੱਚ ਚੀਰਿਆ ਹੈ, ਇਸ ਤਰ੍ਹਾਂ ਕਿਉਂ ਰਾਹਬਰੋ,
ਓਪਰਾ ਕਿਉਂ ਇਸ ਤਰ੍ਹਾਂ, ਕੌਮੀ ਤਰਾਨਾ ਹੋ ਗਿਆ।

ਐਟਮੀ ਬਾਰੂਦ ਚੁੱਕੀ ਫਿਰ ਰਹੇ ਨੇ, ਤਾਜ਼ਦਾਰ,
ਅਮਨ ਦੀ ਰਾਖੀ ਦੀ ਖ਼ਾਤਰ, ਕੀ ਬਹਾਨਾ ਹੋ ਗਿਆ।

ਮੇਰੇ ਮਗਰੋਂ ਸ਼ਬਦ ਮੇਰੇ, ਬਾਤ ਸਾਰੀ ਕਹਿਣਗੇ,
ਜਿਸ ਘੜੀ ਇਸ ਜਿਸਮ 'ਚੋਂ, ਮੇਰਾ ਪਿਆਨਾ* ਹੋ ਗਿਆ।

1

ੋ

## ਜਾਣ ਵਾਲਿਆ! ਤੁਰ ਤਾਂ ਚੱਲਿਐਂ

ਜਾਣ ਵਾਲਿਆ! ਤੁਰ ਤਾਂ ਚੱਲਿਐਂ, ਇਹ ਨਾ ਕਹਿਰ ਗੁਜ਼ਾਰ ਵੇ ਬੀਬਾ।
ਕੱਲ੍ਹਿਆਂ ਤੋਂ ਨਹੀਂ ਚੁੱਕਿਆ ਜਾਣਾ, ਇੱਕ ਅੱਥਰੂ ਦਾ ਭਾਰ ਵੇ ਬੀਬਾ।

ਤੂੰ ਮੋਹ ਤੋੜ ਕੇ ਜਿੱਧਰ ਚੱਲਿਐਂ, ਇਹ ਗੱਲ ਮੇਰੀ ਚੇਤੇ ਰੱਖੀਂ,
ਫ਼ਰਜ਼ਾਂ ਦੀ ਥਾਂ ਗ਼ਰਜ਼ਾਂ ਵਾਲਾ, ਵਿਸ਼ਗੰਦਲਾ ਸੰਸਾਰ ਵੇ ਬੀਬਾ।

ਮੈਂ ਤੇਰੇ ਸਾਹਾਂ ਵਿੱਚ ਹਾਜ਼ਰ, 'ਵਾਜ਼ ਦਏਂ ਤਾਂ ਹੋ ਜਾਂ ਨਾਜ਼ਰ,
ਟੁੱਟਣੀ ਨਹੀਂਓਂ ਦਿਲ ਤੋਂ ਦਿਲ ਦੀ, ਇਹ ਅਣਦਿਸਦੀ ਤਾਰ ਵੇ ਬੀਬਾ।

ਹੁਣ ਵੀ ਬੈਠਣ ਮਨ ਦੀ ਮਮਟੀ, ਕੂੰਜਾਂ ਦੇਸ ਦਸੌਰੋਂ ਆ ਕੇ,
ਰੂਹ ਨੂੰ ਸੂਲੀ ਟੰਗ ਜਾਂਦੀ ਏ, ਇਹ ਕਿਰਨਾਂ ਦੀ ਡਾਰ ਵੇ ਬੀਬਾ।

ਚਾਰ ਚੁਫ਼ੇਰੇ ਘੇਰਾ ਘਿਰਿਆ, 'ਕੱਲ੍ਹੀ ਜਾਨ ਫਸੀ ਵਿੱਚ ਸੋਚਾਂ,
ਇੱਕੋ ਤੰਦ ਮੁਹੱਬਤ ਵਾਲੀ, ਲਾ ਸਕਦੀ ਏ ਪਾਰ ਵੇ ਬੀਬਾ।

ਆਪਣੇ ਮਿਲਣ ਮਸਾਂ ਮਰ ਮਰ ਕੇ, ਪੱਕਦੀ ਵੇਲੇ ਯਾਰ ਅਨੇਕਾਂ,
ਸੌ ਹੱਥ ਰੱਸਾ ਗੰਢ ਸਿਰੇ ਤੇ, ਜੀਵਨ ਦਾ ਇਹ ਸਾਰ ਵੇ ਬੀਬਾ।

ਸਾਲ ਛਿਮਾਹੀ ਕਦੇ ਕਦਾਈਂ, ਇਹ ਵੀ ਪੇਸ਼ੀ ਭੁਗਤ ਲਿਆ ਕਰ,
ਰੂਹ ਦੇ ਅਦਲੀ ਰਾਜੇ ਦਾ ਜੋ, ਲੱਗਦਾ ਹੈ ਦਰਬਾਰ ਵੇ ਬੀਬਾ।

1

---
*ਚਲਾਣਾ

੦

## ਤੂੰ ਪੁੱਛਿਆ ਗਣਤੰਤਰ ਕੀ ਹੈ

ਤੂੰ ਪੁੱਛਿਆ ਗਣਤੰਤਰ ਕੀ ਹੈ, ਕਿਹੜਾ ਗਣ ਤੇ ਕਿਹੜਾ ਤੰਤਰ।
ਇਹ ਤਾਂ ਭੇਡਾਂ ਚਾਰਨ ਵਾਲੇ, ਆਜੜੀਆਂ ਹੱਥ ਆਇਆ ਮੰਤਰ।

ਸੀਸ ਵਾਰ ਕੇ ਤੁਰ ਗਏ ਜਿਹੜੇ, ਜੇ ਪੁੱਛਣ ਤਾਂ ਕੀ ਆਖਾਂਗੇ,
ਚੋਣਾਂ ਦੇ ਨਾਂ ਥੱਲੇ ਏਥੇ, ਹੁੰਦਾ ਫਿਰਦਾ ਕੀਹ ਛੜਯੰਤਰ।

ਨਬਜ਼ ਸਮੇਂ ਦੀ ਦੱਸਣ ਵਾਲਾ, ਦਿੱਲੀ ਵਿੱਚ ਉਦਾਸ ਬੜਾ ਹੈ,
ਧਰਨੇ ਰੋਸ ਮੁਜ਼ਾਹਰੇ ਮਗਰੋਂ, ਚੁੱਪ ਬੈਠਾ ਹੈ ਜੰਤਰ ਮੰਤਰ।

ਲੁੱਟਣ ਕੁੱਟਣ ਵਾਲੇ ਦੇ ਹੱਥ, ਤੂੰ ਤੇ ਡੋਰਾਂ ਆਪ ਫੜਾਈਆਂ,
ਚੱਲ ਜਮੂਰੇ ਕਹੇ ਮਦਾਰੀ, ਤੇਰਾ ਮੇਰਾ ਏਹੀ ਅੰਤਰ।

ਬੈਠਾ ਰਹਿ ਤੂੰ ਦਾਰੂ ਪੀਂਦਾ, ਭੁੱਕੀ ਮਲਦਾ ਖ਼ੁਦ ਨੂੰ ਛਲਦਾ,
ਤੇਰੇ ਖੰਭ ਕੁਤਰ ਕੇ ਹੋ ਗਏ, ਦੁਸ਼ਮਣ ਤੇਰੇ ਬਹੁਤ ਉਡੰਤਰ।

ਤੇਰੇ ਮੁਕਤੀਦਾਤਾ ਬਹਿ ਗਏ, ਬਾਈ ਮੰਜੇ ਤੱਕ ਲੈ ਡਹਿ ਗਏ,
ਖ਼ੁਦ.ਗਰਜ਼ੀ ਦੀ ਚਾਰ ਦੀਵਾਰੀ, ਕਰਨ ਗੁਲਾਮੀ ਕਹਿਣ ਸੁਤੰਤਰ।

ਕਰਮਭੂਮ ਨੂੰ ਧਰਮ ਬਣਾ ਲੈ, ਜੇ ਚਾਹੇਂ ਤੂੰ ਸੱਤੇ ਖ਼ੈਰਾਂ,
ਆਪਣਾ ਮੂਲ ਪਛਾਨਣ ਵਾਲਾ, ਦਿੱਤਾ ਤੈਨੂੰ ਜੋ ਗੁਰਮੰਤਰ।

1

੦

## ਕੀ ਦੱਸਾਂ ਜੀ ਸਮਝ ਪਵੇ ਨਾ

ਕੀ ਦੱਸਾਂ ਜੀ ਸਮਝ ਪਵੇ ਨਾ, ਅੱਜ ਤੜਕੇ ਦੀ ਅੱਖ ਪਈ ਫਰਕੇ।
ਜਾਂ ਤਾਂ ਖੜ੍ਹੀ ਮੁਸੀਬਤ ਸਿਰ ਤੇ, ਜਾਂ ਫਿਰ ਯਾਦ ਤੇਰੀ ਦੇ ਕਰਕੇ।

ਦਰਦ ਕਥਾਵਾਂ ਉਮਰੋਂ ਲੰਮੀਆਂ, ਸਾਂਭ ਜ਼ਬਾਨੀ ਰੱਖ ਨਹੀਂ ਸਕਣਾ,
ਲਿਖ ਛੱਡਿਆ ਕਰ ਏਥੇ ਆ ਕੇ, ਦਿਲ ਮੇਰੇ ਦੇ ਕੋਰੇ ਵਰਕੇ।

ਸਮਝ ਪਵੇ ਨਾ ਇਸ ਦੇ ਹੇਠੋਂ, ਕਿੰਜ ਨਿਕਲੇਗਾ ਜਿਸਮ ਸਬੂਤਾ,
ਰੂਹ ਤੇ ਪਰਬਤ ਆਣ ਪਿਆ ਹੈ, ਤੇਰੀ ਲੰਮੀ ਚੁੱਪ ਦੇ ਕਰਕੇ।

ਮੇਰੀ ਬੁੱਕਲ ਦੇ ਵਿੱਚ ਖ਼ਬਰੇ, ਕੀ ਕੁਝ ਸੱਜਣ ਛੱਡ ਜਾਂਦੇ ਨੇ,
ਬਹੁਤੀ ਵਾਰੀ ਦਰਦ ਕੰਵਾਰੇ, ਭੁੱਲ ਜਾਂਦੇ ਨੇ ਏਥੇ ਧਰ ਕੇ।

ਨਰਕ ਸੁਰਗ ਦੀ ਅਸਲ ਹਕੀਕਤ, ਮੈਨੂੰ ਜਿੰਨੀ ਸਮਝ ਪਈ ਹੈ,
ਤਨ ਦਾ ਤਪਣਾ ਨਰਕ ਬਰਾਬਰ, ਸੁਰਗ ਸਬੂਤੀ ਰੂਹ ਨੂੰ ਵਰ ਕੇ।

ਤੂੰ ਮੇਰਾ ਖ਼ਾਕਾ ਤਾਂ ਬੁਣਿਆ, ਪਰ ਹੁਣ ਇਹ ਵੀ ਕਰਮ ਕਮਾ ਦੇ,
ਨਕਸ਼ ਨੁਹਾਰ ਨਿਖ਼ਾਰ ਮੁਸੱਵਰ, ਰੂਹ ਵਾਲੇ ਰੰਗਾਂ ਨੂੰ ਭਰ ਕੇ।

ਜ਼ਿੰਦਗੀ ਹੈ ਰੰਗਾਂ ਦਾ ਮੇਲਾ, ਗੂੜ੍ਹੀ ਫਿੱਕੀ ਜਿਉਂ ਸਤਰੰਗੀ,
ਆ ਜਾ ਰਲ਼ ਕੇ ਪੀਂਘ ਚੜ੍ਹਾਈਏ, ਲੰਘ ਚੱਲੀ ਹੈ ਉਮਰਾ ਡਰ ਕੇ।

1

੦

## ਥੋਹਰਾਂ ਦੇ ਫੁੱਲ ਕਿੰਨੇ ਸੋਹਣੇ

ਥੋਹਰਾਂ ਦੇ ਫੁੱਲ ਕਿੰਨੇ ਸੋਹਣੇ ਕੰਡਿਆਂ ਵਾਲੀ ਟਾਹਣੀ ਬਹਿੰਦੇ।
ਤੂੰ ਇਨ੍ਹਾਂ ਤੋਂ ਕੁਝ ਤਾਂ ਸਿੱਖ ਲੈ, ਚੁੱਪ ਕੀਤੇ ਇਹ ਕੀ ਕੁਝ ਕਹਿੰਦੇ।

ਸੱਜਣਾਂ ਵਾਲੇ ਭੇਸ 'ਚ ਬੰਦਾ, ਦੁਸ਼ਮਣੀਆਂ ਦੀ ਫ਼ਸਲ ਉਗਾਵੇ,
ਵੇਖ ਲਵੋ ਕਲਜੁਗ ਦਾ ਪਹਿਰਾ, ਅੱਗ ਤੇ ਪਾਣੀ ਇੱਕ ਥਾਂ ਰਹਿੰਦੇ।

ਰੰਗ ਮੁਹੱਬਤ ਵਾਲੇ ਪੱਕੇ, ਨਾ ਖ਼ੁਰਦੇ ਨਾ ਭੁਰਦੇ ਸਦੀਆਂ,
ਸੂਰਜ ਵਰਗੇ ਵੀ ਧਰਤੀ ਦੇ, ਚਾਰ ਚੁਫ਼ੇਰੇ ਚੜ੍ਹਦੇ ਲਹਿੰਦੇ।

ਮੇਰਾ ਦਿਲ ਦਰਿਆ ਨਿੱਤ ਵਗਦਾ, ਸਿੰਜਦਾ ਰੂਹ ਦੇ ਵੱਟਾਂ ਬੰਨੇ,
ਓਧਰ ਓਧਰ ਤਪਣ ਧਰਤੀਆਂ, ਜਿੱਧਰ ਨੂੰ ਇਹ ਨੀਰ ਨਾ ਵਹਿੰਦੇ।

ਇੱਕ ਲੈਂਦਾ ਏ ਜਾਨ ਤੇ ਦੂਜਾ, ਸੀਸ ਤਲੀ ਤੇ ਧਰ ਕੇ ਆਵੇ,
ਤਖ਼ਤ ਅਤੇ ਤਖ਼ਤਾ ਵੀ ਯਾਰੋ, ਦੋਵੇਂ ਇੱਕੋ ਥਾਂ ਨਹੀਂ ਡਹਿੰਦੇ।

ਦੋਸ਼ ਕਿਸੇ ਨੂੰ ਕੀ ਦੇਣਾ ਏਂ, ਦੋਚਿੱਤੀ ਹੀ ਵੈਰ ਪਈ ਹੈ,
ਮੇਰੇ ਵਰਗੇ ਮਨ ਦੇ ਕੋਹੜੀ, ਆਪਣੇ ਹੱਥੋਂ ਆਪੇ ਢਹਿੰਦੇ।

ਆ ਜਾ ਰਲ ਕੇ ਇੱਕ ਥਾਂ ਬਹੀਏ, ਦਿਲ ਦੀ ਸੁਣੀਏ ਆਪਣੀ ਕਹੀਏ,
ਸੁਰ ਤੇ ਸ਼ਬਦ ਮਿਲਾ ਕੇ ਗਾਈਏ, ਫੁੱਲ ਖੁਸ਼ਬੋਈ ਜੀਕੂੰ ਰਹਿੰਦੇ।

1

੦

## ਤੂੰ ਮੈਂ ਜੋ ਅੱਜ ਤੀਕ ਨਾ ਕੀਤਾ

ਤੂੰ ਮੈਂ ਜੋ ਅੱਜ ਤੀਕ ਨਾ ਕੀਤਾ, ਚੱਲ ਦੋਵੇਂ ਰਲ਼ ਉਹ ਕੰਮ ਕਰੀਏ।
ਰੂਹ ਦੇ ਅੰਦਰੋਂ ਸਭ ਰੰਗ ਲੈ ਕੇ, ਸਾਹਾਂ ਦੀ ਪਿਚਕਾਰੀ ਭਰੀਏ।

ਮੈਂ ਬਣ ਜਾਨਾਂ ਕ੍ਰਿਸ਼ਨ ਘਨੱਈਆ ਤੇ ਤੂੰ ਬਣ ਜਾ ਲੋਕ-ਰਾਧਿਕਾ,
ਹਰ ਪਲ ਹਰ ਸਾਹ ਕਣ ਕਣ ਹੋਲੀ, ਰੰਗਾਂ ਦੇ ਸਾਗਰ ਵਿੱਚ ਤਰੀਏ।

ਚੁੱਪ ਬੈਠੇ ਨੇ ਲੋਕ ਚਿਰਾਂ ਤੋਂ, ਦਰਦ ਸਮੁੰਦਰ ਗਲ਼ ਗਲ਼ ਭਰਿਆ,
ਲਾਵਾ ਨਾ ਬਣ ਜਾਵੇ ਕਿਧਰੇ, ਆ ਇਹ ਅਗਨੀਂ ਥਾਂ ਸਿਰ ਕਰੀਏ।

ਤੇਰੇ ਖੰਭ ਕਤਰਨ ਦੀ ਖ਼ਾਤਰ, ਤਿੱਖੀ ਕੈਂਚੀ ਸੋਨ-ਸੁਨਹਿਰੀ,
ਵੇਖੀਂ ਐਵੇਂ ਘਿਰ ਨਾ ਜਾਵੀਂ, ਨੀ ਖ਼੍ਵਾਬਾਂ ਦੀ ਅੱਲੜ੍ਹ ਪਰੀਏ।

ਤਰਨ-ਤਲਾਬ ਦੇ ਤਾਰੂ ਡੁੱਬਦੇ, ਦਰਿਆ ਦੇ ਹੜ੍ਹ ਅੱਗੇ ਵੇਖੀਂ,
ਦਿਲ ਦਰਿਆਵਾ ਤਕੜਾ ਹੋ ਜਾ, ਅਗਨ ਸਮੁੰਦਰ ਰਲ ਕੇ ਤਰੀਏ।

ਸੋਨ-ਪਰੀ ਤੇ ਸਬਜ਼ ਕਬੂਤਰ, ਮਰਤਬਾਨ ਤੇ ਪਿੰਜਰੇ ਵਿੱਚੋਂ,
ਆ ਜਾ ਰਲ਼ ਕੇ ਮੁਕਤ ਕਰਾਈਏ, ਐਵੇਂ ਨਾ ਹੌਕੇ ਭਰ ਮਰੀਏ।

ਚੁੱਪ ਰਹਿਣਾ ਵੀ ਮੌਤ ਬਰਾਬਰ, ਮਨ ਦੀ ਰੋਜ਼ ਕਚਹਿਰੀ ਲੱਗੇ,
ਧਰਮ ਸਲਾਮਤ ਰੱਖਣ ਖ਼ਾਤਰ, ਹੱਕ ਦਾ ਪਰਚਮ ਉੱਚਾ ਕਰੀਏ।

1

## ਬੇਕਦਰੇ! ਤੂੰ ਅੱਖ ਵਿੱਚ ਅੱਥਰੂ

ਬੇਕਦਰੇ! ਤੂੰ ਅੱਖ ਵਿੱਚ ਅੱਥਰੂ, ਵੇਖ ਲਿਆ ਕਰ।
ਛਲਕ ਰਹੇ ਨੇ ਕਿੰਨੇ ਚਿਰ ਤੋਂ, ਵੇਖ ਲਿਆ ਕਰ।

ਦਿਲ ਦੀ ਧੜਕਣ ਤੇਜ਼ ਧੜਕਦੀ ਘੜੀਆਂ ਨਾਲੋਂ,
ਟਿਕ ਟਿਕ ਟਿਕ ਟਿਕ, ਰੁਕ ਨਾ ਜਾਵੇ, ਵੇਖ ਲਿਆ ਕਰ।

ਮੈਂ ਤੇਰੇ ਸੁਪਨੇ ਵਿੱਚ ਆ ਕੇ, ਬੈਠ ਗਿਆ ਹਾਂ,
ਘਰ ਆਏ ਮਹਿਮਾਨ ਕਦੇ ਤਾਂ, ਵੇਖ ਲਿਆ ਕਰ।

ਰੰਗਾਂ ਤੇ ਖ਼ੁਸ਼ਬੋਈਆਂ ਦੀ ਮੈਂ, ਜੂਨ ਪਿਆ ਹਾਂ,
ਵਿੱਚ ਕਿਆਰੀ ਖਿੜਿਆਂ ਨੂੰ ਵੀ, ਵੇਖ ਲਿਆ ਕਰ।

ਤੇਰੇ ਚਿਹਰੇ ਅੰਦਰ ਹਾਂ ਮੈਂ, ਹਾਜ਼ਰ ਨਾਜ਼ਰ,
ਸ਼ੀਸ਼ੇ ਅੰਦਰ ਆਪ ਕਦੇ ਤਾਂ, ਵੇਖ ਲਿਆ ਕਰ।

ਮਿਹਰ ਨਜ਼ਰ ਦੀ ਭਿੱਖਿਆ ਪਾ ਦੇ, ਕਰਮ ਕਮਾ ਦੇ,
ਦਿਲ ਦਰਵਾਜ਼ੇ ਜੋਗੀ ਆਏ, ਵੇਖ ਲਿਆ ਕਰ।

ਚੱਲ ਰੂਹੇ ਨੀ ਪਾਰ ਜਿਸਮ ਤੋਂ, ਇੱਕਲਵਾਂਝੇ,
ਦਿਲ ਜੇ ਚੁੱਪ ਹੈ, ਆਪ ਕਦੇ ਤਾਂ ਵੇਖ ਲਿਆ ਕਰ।

1

## ਮੰਜ਼ਿਲ ਨੇੜੇ ਹੋ ਜਾਵੇ ਜਦ

ਮੰਜ਼ਿਲ ਨੇੜੇ ਹੋ ਜਾਵੇ ਜਦ ਜਗਣ ਚਿਰਾਗ ਬਨੇਰੇ ਤੇ।
ਤੁਰਨਾ ਹੈ ਜਾਂ ਬਹਿ ਕੇ ਝੁਰਨਾ ਬਾਕੀ ਨਿਰਭਰ ਤੇਰੇ ਤੇ।

ਸੂਰਜ ਹੁੰਦਿਆਂ ਸੁੰਦਿਆਂ ਸੁੱਤੇ ਰਹਿਣ ਵਾਲਿਓ ਜਾਗ ਪਵੋ,
ਪਿੱਛੇ ਰਹਿ ਗਏ ਦੋਸ਼ ਧਰੋਗੇ, ਮਗਰੋਂ ਸਿਰਫ਼ ਹਨ੍ਹੇਰੇ ਤੇ।

ਸਿਰ ਤੇ ਤਾਰਾ-ਮੰਡਲ ਤਣਿਆ, ਚਾਨਣ ਦੀ ਫੁਲਕਾਰੀ ਵਾਂਗ,
ਤੂੰ ਕਿਉਂ ਡਰੇਂ ਹਨ੍ਹੇਰੇ ਕੋਲੋਂ, ਗਗਨ ਚੰਦੋਆ ਤੇਰੇ ਤੇ।

ਰਾਤ ਦੀ ਬੁੱਕਲ ਅੰਦਰ ਕੀ ਕੁਝ, ਲੱਭ ਲੈ ਕੋਸ਼ਿਸ਼ ਕਰਕੇ ਤੂੰ,
ਬੇਹਿੰਮਤਾ ਕਿਉਂ ਸ਼ਿਕਵਾ ਕਰਦੈਂ, ਆਪਣੇ ਚਾਰ ਚੁਫ਼ੇਰੇ ਤੇ।

ਜਿਵੇਂ ਪਤੰਗ ਤੇ ਡੋਰ ਦਾ ਰਿਸ਼ਤਾ, ਟੁੱਟ ਜਾਵੇ ਤਾਂ ਜੁੜਦਾ ਨਾ,
ਤਨ ਤਾਂ ਰੁਲ਼ਦਾ, ਰੁੱਸ ਜਾਵੇ ਜੇ, ਰੂਹ ਸੱਜਣਾਂ ਦੇ ਡੇਰੇ ਤੇ।

ਤੇਰੇ ਰਾਹਾਂ ਅੰਦਰ ਚਾਨਣ, ਖ਼ੁਸ਼ਬੋਈਆਂ ਦਾ ਰੂਪ ਬਣਾਂ,
ਅਣਲਿਖਿਆ ਇਕਰਾਰ ਨਿਭਾਊਂ, ਕਰ ਵਿਸ਼ਵਾਸ ਤੂੰ ਮੇਰੇ ਤੇ।

ਆਸ ਉਮੀਦਾਂ ਵਾਲੀ ਕੰਨੀ, ਘੁੱਟ ਕੇ ਫੜ ਲੈ, ਛੱਡੀਂ ਨਾ,
ਚਾਂਦੀ ਰੰਗੀ ਕੋਰ ਲਿਸ਼ਕਦੀ, ਤੱਕ ਬੱਦਲਾਂ ਦੇ ਘੇਰੇ ਤੇ।

1

o

## ਵੇਖ ਲੈ ਹੋਇਆ ਕੀ ਮੇਰਾ

ਵੇਖ ਲੈ ਹੋਇਆ ਕੀ ਮੇਰਾ ਹਾਲ ਹੈ।
ਭੀੜ ਹੈ, ਪਰ ਦੋਸਤੀ ਦਾ ਕਾਲ਼ ਹੈ।

ਵੇਖਿਆ ਅੰਬਰ 'ਚੋਂ ਰਾਤੀਂ ਸ਼ਹਿਰ ਨੂੰ,
ਜਾਪਿਆ ਇਹ ਮੋਤੀਆਂ ਦਾ ਥਾਲ ਹੈ।

ਧਰਤ ਉੱਤੇ ਤੂੰ ਖੜ੍ਹੀ ਨੇ ਇਹ ਕਿਹਾ,
ਭਰਮ ਹੈ, ਇਹ ਰੌਸ਼ਨੀ ਦਾ ਜਾਲ਼ ਹੈ।

ਛਣਕੀਆਂ ਫ਼ਲੀਆਂ ਸ਼ਰੀਂਹ ਤੇ, ਮੈਂ ਕਿਹਾ,
ਸੁਣ ਜ਼ਰਾ ਇਹ ਬਿਰਖ਼ ਦਾ ਜੋ ਤਾਲ ਹੈ।

ਤੂੰ ਕਿਹਾ, ਪੱਤਰ ਹਰੇ ਸੀ ਝੜ ਗਏ,
ਇਹ ਤਾਂ ਓਸੇ ਦਰਦ ਦਾ ਇਕਬਾਲ ਹੈ।

ਪੋਹ ਮਹੀਨੇ ਝੰਬ ਸੁੱਟੀ ਕਾਇਨਾਤ,
ਜਜ਼ਬਿਆਂ ਨੂੰ ਨਿੱਘ ਦੀ ਹੁਣ ਭਾਲ ਹੈ।

ਤੁਰ ਗਏ ਕਿੱਧਰ ਸਾਜ਼ਿੰਦੇ ਤੁਰ ਗਏ,
ਜ਼ਿੰਦਗੀ ਬੇ-ਬਹਿਰ ਬੇ-ਸੁਰਤਾਲ ਹੈ।

1

o

## ਇੱਕ ਦੀਵੇ ਤੋਂ ਦੂਜਾ ਜਗਦਾ

ਇੱਕ ਦੀਵੇ ਤੋਂ ਦੂਜਾ ਜਗਦਾ, ਕੁਝ ਨਹੀਂ ਘਟਦਾ ਚਾਨਣ ਦਾ।
ਵੰਡਿਆ ਕਰ ਤੂੰ ਰੌਸ਼ਨੀਆਂ ਨੂੰ, ਵਕਤ ਹੈ ਰਲ਼ ਕੇ ਮਾਨਣ ਦਾ।

ਰਾਹਗੀਰਾਂ ਨੂੰ ਰੁੱਖ ਹਰਿਆਲੇ, ਸਿਰਨਾਵਾਂ ਤਾਂ ਪੁੱਛਦੇ ਨਹੀਂ,
ਵਕਤ ਖੁੰਝਾਉਂਦੇ ਨਾ ਉਹ ਇੱਕ ਪਲ, ਸਿਰ ਤੇ ਛਤਰੀ ਤਾਨਣ ਦਾ।

ਬਹੁਤੀ ਵਾਰੀ ਸ਼ੀਸ਼ੇ ਕੋਲੋਂ, ਡਰ ਜਾਂਦੇ ਹਾਂ, ਖ਼ੌਰੇ ਕਿਉਂ,
ਇਹ ਹੀ ਨੁਕਤਾ ਦੱਸਦੈ ਸਾਨੂੰ, ਖ਼ੁਦ 'ਚੋਂ ਖ਼ੁਦ ਨੂੰ ਜਾਨਣ ਦਾ।

ਏਨੀ ਗੂੜ੍ਹੀ ਰਾਤ ਹਨ੍ਹੇਰੀ, ਵੇਖੋ ਜੁਗਨੂੰ ਕੀਹ ਕਹਿੰਦਾ,
ਉੱਡਣੇ ਪੁੱਡਣੇ ਵੀਰੋ ਆਉ, ਇਹ ਹੀ ਵਕਤ ਸੰਭਾਲ਼ਣ ਦਾ।

ਅੱਖੀਆਂ ਮੀਟ ਕਦੇ ਨਾ ਬੈਠੋ, ਜੇ ਜੀਂਦੇ ਪਰਮਾਣ ਦਿਓ,
ਦਰਦ ਉਡੀਕੇ ਸੂਰਮਿਆਂ ਨੂੰ, ਵਕਤ ਨਹੀਂ ਇਹ ਟਾਲ਼ਣ ਦਾ।

'ਵਾਜਾਂ ਮਾਰ ਬੁਲਾਵੇ ਪੁੱਤਰਾ, ਮਰਯਾਦਾ ਇਸ ਮਿੱਟੀ ਦੀ,
ਇਸ ਦਾ ਨੇਮ ਪੁਰਾਣਾ ਸਦੀਆਂ, ਲੱਗੀਆਂ ਦੀ ਲੱਜ ਪਾਲ਼ਣ ਦਾ।

ਟਾਵਾਂ ਟਾਵਾਂ ਤਾਰਾ ਟਿਮਕੇ, ਤੜਕਸਾਰ ਜਹੇ ਰਾਤ ਢਲ਼ੇ,
ਏਸੇ ਦੀ ਬੁੱਕਲ ਵਿੱਚ ਸਰਘੀ, ਜਿਗਰਾ ਕਰ ਤੂੰ ਭਾਲ਼ਣ ਦਾ।

1

## ਪਤਾ ਨਹੀਂ, ਜ਼ਿੰਦਗੀ, ਤੂੰ ਕੀ

ਪਤਾ ਨਹੀਂ, ਜ਼ਿੰਦਗੀ, ਤੂੰ ਕੀ ਪੜ੍ਹਾਇਆ, ਹਾਦਸੇ ਵਰਗਾ।
ਕਿ ਉਸ ਤੋਂ ਬਾਦ ਕੁਝ ਵੀ ਰਹਿ ਗਿਆ ਨਾ, ਜ਼ਿੰਦਗੀ ਵਰਗਾ।

ਮੈਂ ਅਕਸਰ ਸੋਚਦਾ ਹਾਂ, ਕਦ ਮਿਲੇਗਾ ਇਸ਼ਟ ਇਨ੍ਹਾਂ ਨੂੰ,
ਜਿੰਨ੍ਹਾਂ ਨੂੰ ਰਾਤ ਦਿਨ ਹੀ ਭਰਮ ਰਹਿੰਦਾ ਬੰਦਗੀ ਵਰਗਾ।

ਤੁਸੀਂ ਮਿਥਿਹਾਸ ਨੂੰ ਇਤਿਹਾਸ ਦੇ ਭਾਅ, ਵੇਚਣਾ ਚਾਹੋ,
ਖ਼ੁਦਾਇਆ ਕਿਉਂ ਵਿਖਾਇਆ ਵਕਤ ਇਹ, ਬੇਹੂਦਗੀ ਵਰਗਾ।

ਕਦੇ ਬਾਜ਼ਾਰ ਵਿੱਚ ਵਿਕਦੇ ਸੀ ਸੌਦੇ, ਸਿਰਫ਼ ਜਿਸਮਾਂ ਦੇ,
ਇਹ ਰੂਹ ਕੀ ਮੰਗਦੀ ਹੈ, ਵਣਜ ਕਰਕੇ ਦਿਲਲਗੀ ਵਰਗਾ।

ਮੈਂ ਜੋ ਵੀ ਸੋਚਦਾ ਹਾਂ, ਕਹਿਣ ਵੇਲੇ ਜਰਕ ਜਾਂਦਾ ਹਾਂ,
ਮੇਰੇ ਵਿੱਚ ਕੌਣ ਆ ਬੈਠਾ ਹੈ, ਬਿਲਕੁਲ ਅਜਨਬੀ ਵਰਗਾ।

ਹਜ਼ਾਰਾਂ ਪੁਸਤਕਾਂ ਪੜ੍ਹੀਆਂ ਪੜ੍ਹਾਈਆਂ ਕੰਮ ਨਾ ਆਈਆਂ,
ਕਿਤੋਂ ਵੀ ਹਰਫ਼ ਨਾ ਮਿਲਿਆ, ਨਿਰੰਤਰ ਤਾਜ਼ਗੀ ਵਰਗਾ।

ਲਬਾਂ ਤੇ ਜਾਨ ਹੈ, ਈਮਾਨ ਮੇਰਾ ਲੜਖੜਾਉਂਦਾ ਹੈ,
ਭਲਾ ਦਿੱਤਾ ਕਿਉਂ ਤੂੰ ਇਹ ਇਸ਼ਾਰਾ ਬੇਰੁਖ਼ੀ ਵਰਗਾ।

## ਸਾਡੀ ਵੀ ਇਹ ਮਾਂ ਧਰਤੀ ਹੈ

ਸਾਡੀ ਵੀ ਇਹ ਮਾਂ ਧਰਤੀ ਹੈ, ਤੈਥੋਂ ਡਰ ਕੇ ਜੈ ਕਿਉਂ ਕਹੀਏ?
ਚਾਰੇ-ਚੱਕ ਜਾਗੀਰ ਅਸਾਡੀ, ਜਿੱਥੇ ਜਿੱਦਾਂ ਮਰਜ਼ੀ ਰਹੀਏ।

ਸੀਸ ਤਲੀ ਤੇ ਆਪਾਂ ਧਰੀਏ, ਦੇਸ਼ ਆਜ਼ਾਦ ਕਰਾਵਣ ਵੇਲੇ,
ਹੁਣ ਤੂੰ ਭਾਗ ਵਿਧਾਤਾ ਬਣਦੈਂ, ਦੱਸਦੈਂ ਕਿੱਥੇ ਉੱਠੀਏ ਬਹੀਏ।

ਸਾਡੀ ਧਰਤੀ ਵੇਦ ਵਿਆਸੀ, ਵਾਲਮੀਕਿ, ਨਾਨਕ ਦੀ ਵਾਸੀ,
ਸ਼ਬਦ-ਗੁਰੂ ਨੇ ਸਾਵੇਂ ਰੱਖੇ, ਇਸ ਜ਼ਿੰਦਗੀ ਦੇ ਚਾਰੇ ਪਹੀਏ।

ਤੇਰੀ ਲਿਖੀ ਇਬਾਰਤ ਅੰਦਰ, ਇੱਕੋ ਰੰਗ ਦੀ ਮੂਰਤ ਦਿਸਦੀ,
ਏਸੇ ਬੇਵਿਸ਼ਵਾਸੀ ਕਰਕੇ, ਇੱਕ ਦੂਜੇ ਦੀ ਨਜ਼ਰੋਂ ਲਹੀਏ।

ਵਤਨ ਮੇਰਾ ਫੁਲਕਾਰੀ ਵਰਗਾ, ਖੱਦਰ ਸ਼ਕਤੀ ਰੇਸ਼ਮ ਡੋਰਾਂ,
ਸਭ ਰੰਗਾਂ ਦਾ ਮੇਲਾ ਧਰਤੀ, ਸਭ ਦੀ ਸੁਣੀਏ, ਸਭ ਨੂੰ ਕਹੀਏ।

ਰਾਜ ਭਾਗ ਤਾਂ ਆਉਣੇ ਜਾਣੇ, ਬੱਦਲਾਂ ਦੇ ਪਰਛਾਵੇਂ ਵਾਂਗੂੰ,
ਫੁੱਲਾਂ ਵਿੱਚ ਖੁਸ਼ਬੋਈ ਜੀਕੂੰ, ਰੰਗਾਂ ਅੰਦਰ ਵੱਸਦੇ ਰਹੀਏ।

ਮਨ ਤੋਂ ਮਨ ਵਿਚਕਾਰ ਪਸਰਿਆ, ਸਹਿਮ ਜਿਹਾ ਤੇ ਚੁੱਪ ਦਾ ਪਹਿਰਾ,
ਰੁੱਖ ਘਣਛਾਵੇਂ ਦੀ ਜੜ੍ਹ ਇੱਕੋ, ਟਾਹਣਾਂ ਵਾਂਗੂੰ ਕਾਹਨੂੰ ਖਹੀਏ।

੦

## ਰਾਵੀ ਪਾਰੋਂ ਅਸਦ ਅਮਾਨਤ

ਰਾਵੀ ਪਾਰੋਂ ਅਸਦ ਅਮਾਨਤ*, ਲਾਹਵੇ ਰੂਹ ਤੋਂ ਜਾਲ਼ੇ।
ਸੁਰਖ਼ ਗੁਲਾਬਾਂ ਦੇ ਮੌਸਮ ਕਿਉਂ, ਫੁੱਲਾਂ ਦੇ ਰੰਗ ਕਾਲ਼ੇ।

ਕਿਰਤੀ ਦੇ ਹੱਥਾਂ ਨੂੰ ਕੜੀਆਂ, ਹੋਰ ਮੁਸੀਬਤਾਂ ਬੜੀਆਂ,
ਜੇ ਬੋਲੇ ਤਾਂ ਤੁਰਤ ਲਗਾਉਂਦੇ, ਜੀਭਾਂ ਉੱਪਰ ਤਾਲੇ।

ਸ਼ਹਿਰ ਸ਼ਿਕਾਗੋ ਵਰਗਾ ਨਕਸ਼ਾ, ਹਰ ਜ਼ਾਲਮ ਦੇ ਮੱਥੇ,
ਓਹੀ ਲਾਠੀ ਓਹੀ ਗੋਲ਼ੀ, ਕੀ ਗੋਰੇ ਕੀ ਕਾਲ਼ੇ।

ਹਾਕਮ ਹੁਕਮ ਚਲਾਉਣ ਦੀ ਖ਼ਾਤਰ, ਕੀ ਕੀ ਰੰਗ ਵਟਾਉਂਦੇ,
ਭੇਸ ਵਟਾਉਂਦੇ ਵਾਰੀ-ਵਾਰੀ, ਰਾਣੀ ਖਾਂ ਦੇ ਸਾਲੇ।

ਜ਼ਿੰਦਗੀ ਵਾਲਾ ਘੁੰਮਦਾ ਪਹੀਆ, ਲੀਹ ਤੋਂ ਲੱਥਿਆ ਸਾਡਾ,
ਕਿਸ ਜੰਗਲ ਨੂੰ ਤੁਰ ਪਏ ਸਾਰੇ ਜੋਗੀ ਅਕਲਾਂ ਵਾਲੇ।

ਬੱਤੀ ਦੰਦਾਂ ਅੰਦਰ ਜੀਭਾ, ਜੀਕੂੰ, ਜਾਨ ਬਚਾਉਂਦੀ,
ਇੰਜ ਕਿਉਂ ਲੱਗਦੈ, ਲੁਕਦੇ ਫਿਰਦੇ, ਹੱਕ ਸੱਚ ਦੇ ਰਖਵਾਲੇ।

ਹੁਣ ਤਾਂ ਕੁਰਸੀ ਮੇਜ਼ ਨਿਬੇੜੇ, ਰਣ-ਭੂਮੀ ਦੇ ਰੌਲ਼ੇ,
ਮੈਂ ਕਿਉਂ ਹਾਲੇ ਚੁੱਕੀ ਫਿਰਦਾਂ, ਨੇਜ਼ੇ, ਛਵ੍ਹੀਆਂ, ਭਾਲ਼ੇ।

1

੦

## ਅਜਬ ਸਰੂਰ ਜਿਹਾ ਇੱਕ ਮਿਲਦੈ

ਅਜਬ ਸਰੂਰ ਜਿਹਾ ਇੱਕ ਮਿਲਦੈ, ਸ਼ਹਿਰ ਤੇਰੇ 'ਚੋਂ ਲੰਘਦਿਆਂ ਵੀ।
ਰਹਿ ਨਹੀਂ ਹੋਇਆ, ਕਹਿ ਦਿੱਤਾ ਹੈ, ਤੈਨੂੰ ਇਹ ਮੈਂ ਸੰਗਦਿਆਂ ਵੀ।

ਨੀਮ-ਜ਼ਹਿਰ ਵਿੱਚ ਘੁਕ ਪਿਆ ਹਾਂ, ਕੈਸਾ ਡੰਗ ਚਲਾਇਆ ਹੈ ਤੂੰ,
ਸ਼ੁਕਰ ਤੇਰਾ ਤੂੰ ਚੇਤੇ ਰੱਖੀ, ਰਿਸ਼ਤੇਦਾਰੀ ਡੰਗਦਿਆਂ ਵੀ।

ਇਹ ਤਾਂ ਤੈਨੂੰ ਐਵੇਂ ਲੱਗਦੈ, ਅੱਜ ਮੁਹੱਬਤ ਖ਼ਤਰੇ ਵਿੱਚ ਹੈ,
ਕਸਰ ਨਹੀਂ ਸੀ ਛੱਡੀ ਹੀਰੇ, ਚਾਚੇ ਤਾਇਆਂ ਝੰਗ ਦਿਆਂ ਵੀ।

ਰਾਤ ਦੀ ਰਾਣੀ ਬਣ ਚੰਬੇਲੀ, ਸਾਹੀਂ ਵੱਸ ਜਾ ਲਾਜਵੰਤੀਏ,
ਸੱਚ ਪੁੱਛੇਂ ਤਾਂ ਡਰ ਜਾਂਦਾ ਹਾਂ, ਖ਼ੁਸ਼ਬੂ ਤੈਥੋਂ ਮੰਗਦਿਆਂ ਵੀ।

ਸੱਚ ਤੇ ਹੱਕ ਜਤਾਉਣ ਦੀ ਕੀਮਤ, ਸੀਸ ਵਾਰ ਕੇ ਤਾਰ ਨੀ ਜਿੰਦੇ,
ਜ਼ਾਲਮ ਨੇ ਨਹੀਂ ਪੁੱਛਣਾ ਪਹਿਲਾਂ, ਤੈਨੂੰ ਸੂਲੀ ਟੰਗਦਿਆਂ ਵੀ।

ਥਿੰਦੇ ਕਾਗ਼ਜ਼ ਉੱਤੇ ਮੇਰੇ, ਸ਼ਬਦ ਇਬਾਰਤ ਤਾਂ ਨਹੀਂ ਬਣਨੇ,
ਮੈਂ ਕਿਉਂ ਹਾਰਾਂ ਹਿੰਮਤ, ਤੇਰੀ ਰੂਹ ਵਿੱਚ, ਰੂਹ ਨੂੰ ਰੰਗਦਿਆਂ ਵੀ।

ਮੈਂ ਤਾਂ ਤੇਰੀ ਅਰਦਲ ਅੰਦਰ, ਹੋ ਬੈਠਾ ਹਾਂ ਬੇ-ਹਥਿਆਰਾ,
ਤੂੰ ਕਿਉਂ ਭਰਮ ਭੁਲੇਖੇ ਪਾਲੇ, ਮੇਰੀ ਤਾਕਤ ਅੰਗਦਿਆਂ ਵੀ।

1

*ਪਾਕਿਸਤਾਨ ਦਾ ਲੋਕ ਗਾਇਕ ਅਸਦ ਅਮਾਨਤ ਅਲੀ

o

## ਕੀ ਦੱਸਾਂ ਕੀ ਦੱਸਾਂ ਯਾਰਾ

ਕੀ ਦੱਸਾਂ ਕੀ ਦੱਸਾਂ ਯਾਰਾ, ਰਾਵੀ ਮੈਨੂੰ ਦੇਸ ਵਾਂਗ ਹੈ।
ਜਿੱਥੇ ਆਹ ਮੈਂ ਰਹਿੰਦਾ ਮਰਦਾਂ, ਇਹ ਤਾਂ ਸਭ ਪਰਦੇਸ ਵਾਂਗ ਹੈ।

ਬੇਦਖ਼ਲਾਂ ਵਿੱਚ ਮੇਰਾ ਨਾਵਾਂ, ਲਿਖਣਾ ਚਾਹੋ ਲਿਖ ਸਕਦੇ ਹੋ,
ਇਹ ਧਰਤੀ ਤਾਂ ਸਾਡੀ ਖ਼ਾਤਰ, ਬਿਲਕੁਲ ਪਾਟੇ ਖੇਸ ਵਾਂਗ ਹੈ।

ਸ਼ਿਵ ਤੇ ਫ਼ੈਜ਼ ਸੀ ਪੁਰਖ਼ੇ ਮੇਰੇ, ਕਾਦਰਯਾਰ ਸਵਾਸੀਂ ਰਮਿਆ,
ਆਹ ਜੋ ਸ਼ਬਦ ਸੁਣਾਂ, ਮੈਂ ਲਿਖਦਾਂ, ਰੂਹ ਤੇ ਨਕਲੀ ਵੇਸ ਵਾਂਗ ਹੈ।

ਬਾਬਰ ਵਾਲੀ ਜਾਬਰ ਚੱਕੀ, ਗੇੜ ਰਿਹਾਂ ਪਰ ਝੁਕਿਆ ਨਾ ਮੈਂ,
ਹੱਕ ਸੱਚ ਤੇ ਇਨਸਾਫ਼ ਦੀ ਖ਼ਾਤਰ, ਪੈ ਗਏ ਝੂਠੇ ਕੇਸ ਵਾਂਗ ਹੈ।

ਆਜ਼ਾਦੀ ਦੇ ਪਰਚਮ ਨੂੰ ਮੈਂ, ਇੱਕ ਦਿਨ ਪੁੱਛਿਆ, ਕਿੱਦਾਂ ਲੱਗਦੈ,
ਓਸ ਕਿਹਾ ਬੱਸ ਲਟਕ ਰਿਹਾਂ, ਪਰ, ਦਿਲ ਤਾਂ ਲੱਗੀ ਠੇਸ ਵਾਂਗ ਹੈ।

ਹਰ ਮੌਸਮ ਵਿੱਚ ਧੁੱਪੇ ਛਾਵੇਂ, ਮੀਂਹ ਕਣੀਆਂ ਬਰਫ਼ਾਨੀ ਰੁੱਤੇ,
ਵਣ ਹਰਿਆਲੇ ਨੂੰ ਜਿਉਂ ਕੱਜਣ, ਸ਼ਬਦ-ਬਗੀਚਾ ਭੇਸ ਵਾਂਗ ਹੈ।

ਇਹ ਮਨ ਚੰਚਲ ਕੁੱਜੇ ਅੰਦਰ, ਸਗਲ ਸ੍ਰਿਸ਼ਟੀ ਪਾਉਣਾ ਚਾਹੇ,
ਸੱਚ ਪੁੱਛੋ ਤਾਂ ਮੇਰੀ ਹਾਲਤ, ਬਿਲਕੁਲ ਬਾਲ-ਵਰੇਸ ਵਾਂਗ ਹੈ।

1

o

## ਮਿਲਣ ਆਇਆ ਧਰਤ ਨੂੰ

ਮਿਲਣ ਆਇਆ ਧਰਤ ਨੂੰ, ਮਿਲ ਕੇ ਬਰਾਬਰ ਹੋ ਗਿਆ।
ਇਸ ਤਰ੍ਹਾਂ ਕਿਉਂ ਜਾਪਦਾ, ਨੀਵਾਂ ਹੈ ਅੰਬਰ ਹੋ ਗਿਆ।

ਮਾਰ ਕੇ ਆਵਾਜ਼ ਮਗਰੋਂ, ਤੂੰ ਸੀ ਮੈਨੂੰ ਕੀ ਕਿਹਾ,
ਯਾਦ ਨਾ, ਪਰ ਵੇਖ ਮੇਰਾ, ਦਿਲ ਤਾਂ ਕਾਫ਼ਰ ਹੋ ਗਿਆ।

ਝੜ ਗਏ ਪੱਤਰ ਪੁਰਾਣੇ, ਫਿਰ ਪੁੰਗਾਰਾ ਪੁੰਗਰਿਆ,
ਕੋਂਪਲਾਂ ਦਾ ਬਦਨ ਹੀ, ਰੱਬ ਦਾ ਪੈਗੰਬਰ ਹੋ ਗਿਆ।

ਅੱਥਰੂ ਜਦ ਅੱਖ ਅੰਦਰ ਸੀ ਤਾਂ, ਤੁਪਕੇ ਵਾਂਗ ਸੀ,
ਵਹਿ ਗਿਆ ਤਾਂ ਵੇਖ ਲੈ, ਪਲ ਵਿੱਚ ਸਮੁੰਦਰ ਹੋ ਗਿਆ।

ਫੇਰ ਧੋਖਾ ਖਾਣ ਮਗਰੋਂ, ਕਿਉਂ ਭਲਾ ਖਾਂਦਾ ਵਿਸਾਹ,
ਹੁਣ ਤਾਂ ਇਹ ਦਿਲ ਜਾਪਦੈ, ਮੇਰੇ ਤੋਂ ਨਾਬਰ ਹੋ ਗਿਆ।

ਜਾਪਦੈ ਬਾਜ਼ਾਰ ਦੀ, ਲੱਗੀ ਹੈ ਇਸ ਨੂੰ ਇਹ ਹਵਾ,
ਰਿਸ਼ਤਿਆਂ ਦਾ ਚਿਹਨ ਚੱਕਰ ਵੀ ਆਡੰਬਰ ਹੋ ਗਿਆ।

ਕੱਢ ਕੇ ਸ਼ੀਸ਼ਾ ਵਿਖਾਇਆ, ਮੈਂ ਕਿਹਾ, ਕਿ ਵੇਖ ਲਓ,
ਬਦ-ਗੁਮਾਨਾਂ ਸਮਝਿਆ, ਸਾਡਾ ਨਿਰਾਦਰ ਹੋ ਗਿਆ।

1

੦

## ਕਿਵੇਂ ਲਿਖੇਂ ਤੂੰ ਮੁਹੱਬਤੀ

ਕਿਵੇਂ ਲਿਖੇਂ ਤੂੰ ਮੁਹੱਬਤੀ ਇਹ ਗ਼ਜ਼ਲ ਅਤੇ ਗੀਤ।
ਕਿੱਦਾਂ ਸ਼ਬਦੀਂ ਪਰੋਨੈਂ, ਵਿੱਚ ਰਾਵੀ ਦਾ ਸੰਗੀਤ।

ਸੁਣੋ ਇੱਕ ਵਾਰ ਸੁਣੋ, ਮੇਰਾ ਪਿੱਛਾ ਨਾਰੋਵਾਲ,
ਅਸੀਂ ਉੱਜੜੇ ਆਜ਼ਾਦੀ ਹੱਥੋਂ, ਸੁਣੋ ਮੇਰੇ ਮੀਤ।

ਕਿੱਥੇ ਸੁੱਟਿਆ ਲਿਆ ਕੇ ਸਾਨੂੰ, ਵੰਡ ਤੇ ਵੰਡਾਰੇ,
ਜੜ੍ਹਾਂ ਅੱਜ ਤੀਕ ਭੁੱਲੀਆਂ, ਨਾ ਪਿਛਲੀ ਪ੍ਰੀਤ।

ਜਿਸ ਪਿੰਡ ਵਿੱਚ ਜੰਮਿਆ ਤੇ, ਪਾਇਆ ਪਹਿਲਾ ਊੜਾ,
ਓਸ ਪਾਠਸ਼ਾਲ ਥਾਵੇਂ ਪਹਿਲਾਂ ਹੁੰਦੀ ਸੀ ਮਸੀਤ।

ਸਾਨੂੰ ਦਰਦਾਂ ਪੜ੍ਹਾਇਆ ਹੈ ਮੁਹੱਬਤਾਂ ਦਾ ਕਾਇਦਾ,
ਤਾਂ ਹੀ ਪੈਰ ਪੈਰ ਉੱਤੇ ਪਿੱਛਾ ਛੱਡੇ ਨਾ ਅਤੀਤ।

ਭਾਵੇਂ ਯਮਲਾ ਜੀ ਗਾਉਣ ਭਾਵੇਂ ਆਲਮ ਲੋਹਾਰ,
ਸਦਾ ਲੱਗੇ ਮੈਨੂੰ ਗਾਉਣ ਸਾਡੇ ਪਿੰਡ ਦਾ ਸੰਗੀਤ।

ਏਸ ਧਰਤੀ ਦੇ ਵੇਦ, ਸਾਰੇ ਗਰੰਥ ਤੇ ਕੁਰਾਨ,
ਦੱਸੋ ਕਿਹੜਾ ਕਹੇ ਪੁੱਤ, ਕਰੋ ਜ਼ਿੰਦਗੀ ਪਲੀਤ।

1

੦

## ਖ਼ੂਨ ਜਿਗਰ ਦਾ ਪਾਉਣਾ ਪੈਂਦਾ

ਖ਼ੂਨ ਜਿਗਰ ਦਾ ਪਾਉਣਾ ਪੈਂਦਾ, ਸ਼ਬਦ ਸਦਾ ਕੁਰਬਾਨੀ ਮੰਗਦੇ।
ਜੇ ਬੋਲੋ ਤਾਂ ਜਾਨ ਨੂੰ ਖ਼ਤਰਾ, ਨਾ ਬੋਲੋ ਤਾਂ ਸੂਲੀ ਟੰਗਦੇ।

ਹਰ ਪਲ ਜੀਕੂੰ ਇਮਤਿਹਾਨ ਹੈ, ਰਹਿਣਾ ਪੈਂਦੈ ਲੱਤ ਇੱਕੋ ਤੇ,
ਚੌਂਕੀਦਾਰ ਤੋਂ ਸਖ਼ਤ ਨੌਕਰੀ, ਫ਼ਿਕਰ ਚੁਫ਼ੇਰਿਓਂ ਰਹਿੰਦੇ ਡੰਗਦੇ।

ਖਿੱਲਰੇ ਪੁੱਲਰੇ ਸੁਪਨ ਹਜ਼ਾਰਾਂ, ਸ਼ਬਦਾਂ ਨੂੰ ਮੈਂ ਰਹਾਂ ਸੌਂਪਦਾ,
ਦਿਨ ਤੇ ਰਾਤ ਮੈਂ ਚੁਗਦਾ ਰਹਿੰਦਾ, ਖਿੱਲਰੇ ਟੋਟੇ ਰੰਗਲੀ ਵੰਗ ਦੇ।

ਮਸ਼ਕ ਘਨੱਈਏ ਵਾਲੀ ਮੇਰੇ, ਸ਼ਬਦ ਉਸੇ ਪਲ ਬਣ ਜਾਂਦੇ ਨੇ,
ਵਤਨਾਂ ਦੀ ਰਖਵਾਲੀ ਕਹਿ ਕੇ, ਬਣਨ ਆਸਾਰ ਜਦੋਂ ਵੀ ਜੰਗ ਦੇ।

ਇਹ ਵੈਰੀ ਨੇ ਮਾਨਵਤਾ ਦੇ, ਤਾਰ ਤਾਰ ਫੁਲਕਾਰੀਆਂ ਕਰਦੇ,
ਜੋ ਕਹਿੰਦੇ ਨੇ ਵਤਨ ਹਮਾਰਾ, ਹੋ ਜਾਓ ਸਭ ਇੱਕੋ ਰੰਗ ਦੇ।

ਸੱਚ ਪੁੱਛੋ ਤਾਂ ਤੋਰੀ ਫਿਰਦੀ, ਮਿਰਗ ਨੂੰ ਜੀਕਣ ਗੰਧ ਕਥੂਰੀ,
ਸ਼ਬਦ ਬਿਨਾ ਮੈਂ ਰੁਲ ਜਾਣਾ ਸੀ, ਜ਼ਿੰਦਗੀ ਜਾਂਦੀ ਭਾੜੇ ਭੰਗ ਦੇ।

ਦੇਸ਼ ਆਜ਼ਾਦ ਭਲਾ ਕੀ ਹੋਇਆ, ਮੇਰੀ ਰਾਵੀ ਹੋ ਗਈ ਟੁਕੜੇ,
ਪਹਿਲੀ ਵਾਰੀ ਤੱਕਿਆ ਜੱਗ ਨੇ, ਏਨੇ ਟੋਟੇ ਇੱਕੋ ਅੰਗ ਦੇ।

1

o

## ਤਨ ਕੱਜਣ ਲਈ ਵਸਤਰ ਚੁਣੀਏ

ਤਨ ਕੱਜਣ ਲਈ ਵਸਤਰ ਚੁਣੀਏ, ਉੱਠਦਿਆਂ ਹੀ ਰੋਜ਼ ਸਵੇਰੇ।
ਸ਼ਬਦ ਵਿਚਾਰ ਕਿਉਂ ਨਾ ਧਰੀਏ, ਮਨ ਮੰਦਰ ਦੇ ਸਿਖ਼ਰ ਬਨੇਰੇ।

ਸ਼ੁਭ ਕਰਮਨ ਦੀ ਬਾਤ ਕਰਦਿਆਂ, ਘਸ ਚੱਲੀ ਹੈ ਜੀਭ ਨਿਮਾਣੀ,
ਅਮਲਾਂ ਦੇ ਬਿਨ ਵਧ ਚੱਲੇ ਨੇ, ਜ਼ਿੰਦਗੀ ਦੇ ਵਿੱਚ ਗੂੜ੍ਹ ਹਨੇਰੇ।

ਗਲਵੱਕੜੀ ਵਿੱਚ ਸੂਰਜ ਭਰ ਕੇ ਠਰਦੀ ਧਰਤੀ ਆ ਗਰਮਾਈਏ,
ਇਹ ਕਿਉਂ ਕਹਿੰਦੈਂ, ਮੁਸ਼ਕਿਲ ਵੀਰੇ, ਨਾ ਵੱਸ ਤੇਰੇ ਨਾ ਵੱਸ ਮੇਰੇ।

ਸਾਵਧਾਨ ਹੋ ਜਾ ਮਨ ਮੇਰੇ, ਧਰਮਸਾਲ ਵਿੱਚ ਧਾੜੇ ਪੈ ਗਏ,
ਧਰਮ ਕਰਮ ਦਾ ਬੇੜਾ ਬਹਿ ਗਿਆ, ਕੰਮਚੋਰਾਂ ਨੇ ਲਾਏ ਡੇਰੇ।

ਮਨ ਦਾ ਸਰਵਰ ਭਰ ਚੱਲਿਆ ਹੈ, ਤਰਨਾ ਹੋਇਆ ਬੜਾ ਦੁਹੇਲਾ,
ਨੈਣ ਬਣੇ ਦਰਦਾਂ ਦੇ ਬੱਦਲ, ਕਿਣ ਮਿਣ ਕਣੀਆਂ ਅੱਥਰੂ ਕੇਰੇ।

ਕੱਚੀ ਮਿੱਟੀ ਗੋ ਕੇ ਮੇਰੇ, ਬਾਬਲ ਇਹ ਦੀਵਾਰ ਬਣਾਈ,
ਸਬਰ ਸਿਦਕ ਸੰਤੋਖ ਸਮਰਪਣ ਮੇਰੇ ਮਨ ਦੇ ਚਾਰ ਚੁਫ਼ੇਰੇ।

ਕੂੜ ਕੁਫ਼ਰ ਦੀ ਬੁੱਕਲ ਦੇ ਵਿੱਚ, ਬੈਠ ਗਏ ਜੇ ਧਰਮੀ ਪੁੱਤਰ,
ਰਾਜ ਭਾਗ 'ਨ੍ਹੇਰੇ ਦਾ ਤਾਂ ਹੀ, ਰਾਤ ਪਿਆਂ ਧਰਤੀ ਨੂੰ ਘੇਰੇ।

1

o

## ਰੂਹ ਦਾ ਸਾਜ਼ ਤਾਂ ਆਪਣੇ ਅੰਦਰੋਂ

ਰੂਹ ਦਾ ਸਾਜ਼ ਤਾਂ ਆਪਣੇ ਅੰਦਰੋਂ, ਆਪੇ ਹੀ ਟੁਣਕਾਉਣਾ ਪੈਂਦੈ।
ਮਨ ਦਾ ਅੱਥਰਾ ਘੋੜਾ ਆਪੇ, ਵਾਗਾਂ ਖਿੱਚ ਸਮਝਾਉਣਾ ਪੈਂਦੈ।

ਜੇ ਇਕ ਵਾਰੀ ਨੱਕਾ ਟੁੱਟ ਜੇ, ਵਹਿਣ ਨੀਵਾਣਾਂ ਵੱਲ ਨੂੰ ਜਾਵੇ,
ਬੰਨ੍ਹ ਮਜ਼ਬੂਤ ਬਣਾ ਕੇ, ਪਾਣੀ ਪੈਣ ਵੱਲ ਪਰਤਾਉਣਾ ਪੈਂਦੈ।

ਮਰ ਜਾਵੇ ਨਾ ਸੁਖ ਦੀ ਛਾਵੇਂ, ਮੇਰੇ ਵਿਚਲਾ ਧਰਤੀ- ਪੁੱਤਰ,
ਸਿੱਧੀ ਗਰਦਨ ਰੱਖਣ ਖਾਤਰ, ਖ਼ੁਦ ਚੋਂ ਮਰਦ ਜਗਾਉਣਾ ਪੈਂਦੈ।

ਸਦੀਆਂ ਦਾ ਇਤਿਹਾਸ ਫ਼ੋਲ ਕੇ, ਗ਼ੈਰਤ ਟਿੱਕਾ ਮੱਥੇ ਧਰ ਕੇ,
ਹਰ ਪੁਸਤਕ 'ਚੋਂ ਅਣਖ਼ੀ ਵਰਕਾ, ਖ਼ੁਦ ਨੂੰ ਆਪ ਸੁਣਾਉਣਾ ਪੈਂਦੈ।

ਧਰਤੀ ਉਤੇ ਵੱਸਦੇ ਰਸਦੇ, ਖੰਭਾਂ ਵਿਚ ਪਰਵਾਜ਼ ਭਰਦਿਆਂ,
ਪੰਛੀ ਨੂੰ ਵੀ ਜੀਣ ਦੀ ਖ਼ਾਤਰ, ਤਨ ਤੰਦੂਰ ਤਪਾਉਣਾ ਪੈਂਦੈ।

ਅੰਤਰਨਾਦ ਸੁਣਨ ਲਈ ਮਿੱਤਰੋ, ਇੱਕੋ ਇੱਕ ਹੈ ਸ਼ਰਤ ਜ਼ਰੂਰੀ,
ਆਪੇ ਤਰਜ਼ ਬਣਾ ਕੇ ਉਸਨੂੰ, 'ਕੱਲੇ ਬਹਿ ਕੇ ਗਾਉਣਾ ਪੈਂਦੈ।

ਸਭ ਤੋ ਡੂੰਘੀ ਚੁੱਪ ਦੀ ਭਾਸ਼ਾ, ਪੜ੍ਹਨ-ਪੜ੍ਹਾਵਣਹਾਰ ਨੇ ਵਿਰਲੇ,
ਰੱਖਣ ਲਈ ਸੁਰਤਾਲ 'ਚ ਧੜਕਣ, ਮਨ ਦਾ ਸਾਜ਼ ਵਜਾਉਣਾ ਪੈਂਦੈ।

1

## ਚੇਤੇ ਰੱਖਿਓ ਇਹ ਦੋ ਬੋਲ ਫ਼ਕੀਰਾਂ ਦੇ

ਚੇਤੇ ਰੱਖਿਓ ਇਹ ਦੋ ਬੋਲ ਫ਼ਕੀਰਾਂ ਦੇ।
ਮਾਣ ਕਰੋ ਨਾ ਐਵੇਂ ਤੇਗਾਂ ਤੀਰਾਂ ਦੇ।

ਸੁਰਖ਼ ਗੁਲਾਬ ਵੀ ਉੱਗ ਸਕਦਾ ਹੈ ਬੰਜਰ ਵਿਚ,
ਤਕਦੀਰਾਂ ਵੀ ਵੱਸ ਵਿਚ ਨੇ ਤਦਬੀਰਾਂ ਦੇ।

ਸਾਬਤ ਕੱਪੜਾ ਵਸਤਰ ਬਣਦਾ ਕਿਸੇ ਲਈ,
ਕਿਸੇ ਲਈ ਨੇ ਕੱਜਣ ਟੋਟੇ ਲੀਰਾਂ ਦੇ।

ਪਾਰਦਰਸ਼ਨੀ ਰਿਸ਼ਤੇ ਨਿਭਦੇ ਉਮਰਾਂ ਤੀਕ,
ਓਹਲਾ ਚੋਰੀ ਵਾਧੂ ਭਾਰ ਜ਼ਮੀਰਾਂ ਦੇ।

ਗੁੜ ਦੇ ਚੌਲ ਨਿਆਜ਼ ਖਾਣ ਨੂੰ ਤਰਸੇ ਹਾਂ,
ਸਾਡੇ ਪਿੰਡ ਚੋਂ ਢਹਿ ਗਏ ਤਕੀਏ ਪੀਰਾਂ ਦੇ।

ਮੱਝੀਆਂ ਦੀ ਥਾਂ ਮਾਪਿਆਂ ਨੂੰ ਅੱਜ ਚਾਰ ਰਹੇ,
ਫਿਰਦੇ ਵੱਗ ਆਵਾਰਾ ਰਾਂਝੇ ਹੀਰਾਂ ਦੇ।

ਔੜਾਂ ਵਿਚ ਵੀ ਸੂਹੇ ਫੁੱਲ ਮੁਸਕਾਉਂਦੇ ਨੇ,
ਮੈਂ ਬਲਿਹਾਰੇ ਜਾਵਾਂ ਜੰਡ ਕਰੀਰਾਂ ਦੇ।

1

## ਲਾਹ ਦੇ ਰੂਹ ਤੋਂ ਭਾਰ ਵੀਰਨਾ

ਲਾਹ ਦੇ ਰੂਹ ਤੋਂ ਭਾਰ ਵੀਰਨਾ, ਏਦਾਂ ਤਾਂ ਨਾ ਮਾਰ ਵੀਰਨਾ।
ਤੇਰੀ ਧੜਕਣ ਏਥੇ ਧੜਕੇ, ਤੂੰ ਰਾਵੀ ਤੋਂ ਪਾਰ ਵੀਰਨਾ।

ਤੂੰ ਤੇ ਮੈਂ ਇੱਕ ਮਾਂ ਦੇ ਜਾਏ, ਤੀਜਾ ਕਰੇ ਖ਼ਵਾਰ ਵੀਰਨਾ।
ਹੱਥਾਂ ਵਿਚ ਹਥਿਆਰ ਫੜਾਵੇ, ਇਹ ਕਿੱਦਾਂ ਦਾ ਯਾਰ ਵੀਰਨਾ।

ਇਕ ਦੂਜੇ ਦੀ ਛਾਂ ਤੋਂ ਡਰਕੇ, ਡਿੱਗੇ ਮੂੰਹ ਦੇ ਭਾਰ ਵੀਰਨਾ।
ਦਿਲ ਤੋਂ ਦਿਲ ਨੂੰ ਸੜਕ ਸਲੇਟੀ, ਰੋਕੇ ਕਿਉਂ ਸਰਕਾਰ ਵੀਰਨਾ।

ਹਾਸ਼ਮ ਦੀ ਧਰਤੀ ਦਾ ਜਾਇਆਂ, ਹਾਫ਼ਿਜ਼ ਬਰਖ਼ੁਰਦਾਰ ਵੀਰਨਾ।
ਬੁੱਲ੍ਹੇ ਸ਼ਾਹ ਦਾ ਵਾਰਿਸ ਹਾਂ ਮੈਂ, ਕਾਦਰ ਮੇਰਾ ਯਾਰ ਵੀਰਨਾ।

ਪੀਲੂ ਦੀ ਸੱਦ ਬਣ ਚੱਲੀ ਏ, ਦੁੱਲੇ ਦੀ ਵੰਗਾਰ ਵੀਰਨਾ।
ਮੇਰਾ ਤਾਂ ਸੁਲਤਾਨ ਹੈ ਬਾਹੂ, ਦਿਲ ਤੇ ਰਹੇ ਸਵਾਰ ਵੀਰਨਾ।

ਮੈਂ ਦਾਮਨ ਦੀ ਕਵਿਤਾ ਵਿਚਲੀ, ਹਾਕਮ ਨੂੰ ਫਿਟਕਾਰ ਵੀਰਨਾ।
ਆਖ ਦਮੋਦਰ ਅੱਖੀਂ ਡਿੱਠਾ, ਰੱਖ ਨਾ ਰੂਹ 'ਤੇ ਭਾਰ ਵੀਰਨਾ।

1

o

## ਤੁਰਦੇ ਫਿਰਦੇ ਸਾਰੇ ਪਰ ਨਾ ਹਲਚਲ ਹੈ

ਤੁਰਦੇ ਫਿਰਦੇ ਸਾਰੇ ਪਰ ਨਾ ਹਲਚਲ ਹੈ।
ਏਸ ਨਗਰ ਵਿਚ ਹਰ ਬੰਦਾ ਕਿਉਂ ਨਿੱਸਲ ਹੈ।

ਰੁੱਖ ਦੀ ਟਾਹਣੀ ਦਸਤਾ ਬਣੇ ਕੁਹਾੜੀ ਦਾ,
ਮੇਰਾ ਆਪਣਾ ਆਪਾ ਬਣਿਆ ਕਾਤਲ ਹੈ।

ਚੋਰਾਂ ਨੇ ਤਦ ਤੀਕਣ ਆਉਣਾ ਬਾਜ਼ ਨਹੀਂ,
ਜਦ ਤੱਕ ਘਰ ਦਾ ਮਾਲਿਕ ਹੀ ਖ਼ੁਦ ਗਾਫ਼ਿਲ ਹੈ।

ਭਰਮ-ਭੁਲੇਖੇ ਕਮਅਕਲੀ ਦੇ ਕੋਟ ਕਿਲ੍ਹੇ,
ਫਿਰ ਵੀ ਲੋਕੀਂ ਮੈਨੂੰ ਆਖਣ ਆਕਿਲ ਹੈ।

ਆਪਣੇ ਹੀ ਪਰਛਾਵੇਂ ਕੋਲੋਂ ਡਰ ਜਾਨਾਂ,
ਮੇਰੇ ਨਾਲੋਂ ਵਧ ਕੇ ਕਿਹੜਾ ਬੁਜ਼ਦਿਲ ਹੈ।

ਤਲਖ਼-ਸਮੁੰਦਰ ਧਰਤੀ ਨੂੰ ਨਾ ਪੀ ਜਾਵੇ,
ਜ਼ਾਲਮ ਲਹਿਰਾਂ ਦੱਸਿਆ ਇਹ ਤਾਂ ਪਾਗਲ ਹੈ।

ਵੱਡੇ ਸੁਪਨੇ ਲੈ ਕੇ ਫਿਰ ਘਬਰਾ ਜਾਨਾਂ,
ਸਾਥ ਤੇਰੇ ਬਿਨ ਤੁਰਨਾ ਡਾਢਾ ਮੁਸ਼ਕਿਲ ਹੈ।

1

o

## ਪਾਣੀ ਭਰੇ ਗਿਲਾਸ 'ਚ ਇਹ ਜੋ

ਪਾਣੀ ਭਰੇ ਗਿਲਾਸ 'ਚ ਇਹ ਜੋ ਡੋਲ ਰਿਹਾ ਪਰਛਾਵਾਂ।
ਮਾਏ ਨੀ, ਪਰਦੇਸੀ ਪੁੱਤ ਦਾ ਬੱਸ ਏਹੀ ਸਿਰਨਾਵਾਂ।

ਪਤਾ ਨਹੀਂ ਕਦ ਮੀਂਹ ਨੇ ਵਰ੍ਹਨੈਂ, ਜਾਂ ਧੁੱਪਾਂ ਨੇ ਚੜ੍ਹਨੈਂ,
ਬੇ-ਵਿਸ਼ਵਾਸੀ ਚਾਰ ਚੁਫ਼ੇਰੇ, ਕਾਲੀਆਂ ਘੋਰ ਘਟਾਵਾਂ।

ਘਰੋਂ ਤਾਂ ਆਏ ਕਰਨ ਕਮਾਈ, ਧਰਤ ਪਰਾਈ ਉੱਤੇ,
ਕੈਸਾ ਹੈ ਬਨਵਾਸ ਜੋ ਕੁਤਰੇ ਨਿੱਕੇ ਨਿੱਕੇ ਚਾਵਾਂ।

ਇਸ ਧਰਤੀ ਤੇ ਆਸ ਦਾ ਬੂਟਾ ਨਾ ਸੁੱਕਾ ਨਾ ਹਰਿਆ,
ਸਮਝ ਨਾ ਆਵੇ, ਇਹਦੀ ਜੜ੍ਹ ਨੂੰ ਕਿਹੜਾ ਪਾਣੀ ਪਾਵਾਂ।

ਏਥੇ ਭਾਵੇਂ ਚੰਦਰਮਾ ਵੀ, ਆਪਣੇ ਚੰਨ ਤੋਂ ਵੱਡਾ,
ਪਰ ਨਾ ਵਿੱਚੋਂ ਦਿਸਦਾ ਮੈਨੂੰ ਨਾਨੀ ਦਾ ਪਰਛਾਵਾਂ।

ਏਸ ਮਸ਼ੀਨੀ ਧਰਤੀ ਉੱਤੇ ਪੁੱਤ ਗੁਆਚਾ ਤੇਰਾ,
ਐਵੇਂ ਕਾਹਨੂੰ ਪਾਈ ਜਾਵੇਂ ਕੁੱਟ ਕੁੱਟ ਚੂਰੀ ਕਾਵਾਂ।

ਸੱਤ ਸਮੁੰਦਰ ਪਾਰ ਬੇਗਾਨੀ ਧਰਤੀ ਚੋਗਾ ਚੁਗੀਏ,
ਉਡਣ-ਖਟੋਲੇ ਵਾਲੀ ਕਿਸਮਤ ਨਾ ਪੈੜਾਂ ਨਾ ਰਾਹਵਾਂ।

1

੦

## ਮਰਨ ਮਾਰਨ ਦਾ ਜੋ ਚਲਦਾ ਸਿਲਸਿਲਾ

ਮਰਨ ਮਾਰਨ ਦਾ ਜੋ ਚਲਦਾ ਸਿਲਸਿਲਾ।
ਮੁੱਕ ਜਾਵਾਂਗੇ ਇਹ ਖਾਵੇ ਤੌਖ਼ਲਾ।

ਪਰਤ ਕੇ ਪਿੱਛੇ ਤਾਂ ਵੇਖੋ ਰਾਹਬਰੋ,
ਬਹੁਤ ਪਿੱਛੇ ਰਹਿ ਗਿਆ ਹੈ ਕਾਫ਼ਲਾ।

ਤੇਰੇ ਪਿੱਛੋਂ ਕੀ ਬਣੇਗਾ ਏਸ ਦਾ,
ਜਾਣ ਵੇਲੇ ਏਨੀ ਗੱਲ ਤਾਂ ਸੋਚਦਾ।

ਹੁਣ ਸਾਧਾਰਨ ਆਦਮੀ ਬੇਚੈਨ ਹੈ,
ਓਸ ਦੇ ਹਰ ਕਦਮ ਅੱਗੇ ਕਰਬਲਾ।

ਧਰਤ ਨੂੰ ਵੇਖੋ ਸਮੁੰਦਰ ਪੀ ਗਿਆ,
ਏਸ ਤੋਂ ਵੱਡਾ ਕੀ ਹੋਊ ਹਾਦਿਸਾ।

ਪੁੱਤ ਵੀ ਦੇਵੇ ਹੁੰਗਾਰਾ ਫ਼ੋਨ 'ਤੇ,
ਵਧ ਰਿਹਾ ਵੇਖੋ ਨਿਰੰਤਰ ਫ਼ਾਸਲਾ।

ਫ਼ਿਕਰ ਦਾ ਤਾਣਾ ਤੇ ਪੇਟਾ ਸਹਿਮ ਦਾ,
ਆਦਮੀ ਏ ਤੁਰਦਾ ਫਿਰਦਾ ਮਕਬਰਾ

1

੦

## ਇਹ ਜੋ ਦਿਸਦੈ ਚਿਹਰਾ

ਇਹ ਜੋ ਦਿਸਦੈ ਚਿਹਰਾ ਇਹ ਵੀ ਮੇਰਾ ਨਹੀਂ।
ਸੂਰਜ ਦੀ ਪਿੱਠ ਪਿਛਲਾ ਨੇਰ੍ਹਾ, ਮੇਰਾ ਨਹੀਂ।

ਮੈਂ ਜੋ ਏਥੇ ਆਇਆਂ ਪੈੜਾਂ ਪਾਵਾਂਗਾ,
ਮੇਰਾ ਏਥੇ ਜੋਗੀ ਵਾਲਾ, ਫੇਰਾ ਨਹੀਂ।

ਸਾਹਾਂ ਦੀ ਸਰਗਮ 'ਚੋਂ ਤੇਰੀ 'ਵਾਜ਼ ਸੁਣੇ,
ਧੜਕ ਰਿਹਾ ਦਿਲ ਜਿਹੜਾ, ਇਹ ਵੀ ਮੇਰਾ ਨਹੀਂ।

ਬਿੰਦੂ ਵਾਂਗੂੰ ਮੈਂ ਤਾਂ ਸਿਰਫ਼ ਨਿਸ਼ਾਨੀ ਹਾਂ,
ਮੇਰੇ ਆਲੇ-ਦੁਆਲੇ, ਘੇਰਾ ਮੇਰਾ ਨਹੀਂ।

ਤਲਖ਼ ਸਮੁੰਦਰ, ਧਰਤੀ, ਅੰਬਰ, ਚਾਰ ਚੁਫ਼ੇਰ,
ਇਨ੍ਹਾਂ ਵਿਚੋਂ ਇਕ ਵੀ, ਅੱਥਰੂ ਮੇਰਾ ਨਹੀਂ।

ਮੈਂ ਤਾਂ ਬਾਲ ਚਿਰਾਗ਼ ਧਰਾਂ ਦਰਵਾਜ਼ੇ 'ਤੇ,
ਕਮਰੇ ਵਿਚਲਾ ਨੇਰ੍ਹਾ, ਇਹ ਵੀ ਮੇਰਾ ਨਹੀਂ।

ਪੈਰੀਂ ਝਾਂਜਰ ਛਣਕ ਛਣਕ ਕੇ ਆਖ ਰਹੀ,
ਸੁਰ ਤੇ ਤਾਲ ਬੇਗਾਨਾ, ਕੁਝ ਵੀ ਮੇਰਾ ਨਹੀਂ।

ਆਦਰ, ਮਾਣ, ਮਰਤਬੇ, ਕੁਰਸੀ, ਲੱਕੜੀਆਂ,
ਜੋ ਕੁਝ ਸਮਝੋਂ ਮੇਰਾ, ਇਹ ਵੀ ਮੇਰਾ ਨਹੀਂ।

1

o

## ਜਿੱਥੇ ਤੂੰ ਨਹੀਂ ਓਸੇ ਥਾਂ ਹੀ ਨੇਰ੍ਹਾ ਹੈ

ਜਿੱਥੇ ਤੂੰ ਨਹੀਂ ਓਸੇ ਥਾਂ ਹੀ ਨੇਰ੍ਹਾ ਹੈ।
ਜਿੱਥੇ ਤੂੰ ਹੈਂ, ਓਥੇ ਸੋਨ-ਸਵੇਰਾ ਹੈ।

ਸੂਰਜ ਕਹਿ ਕਹਿ ਤੈਨੂੰ ਉਮਰ ਗੁਜ਼ਾਰ ਲਈ,
ਤੇਰਾ ਤਾਂ ਪਿਛਵਾੜਾ ਬਿਲਕੁਲ 'ਨੇਰ੍ਹਾ ਹੈ।

ਤੇਰੇ ਨਾਂ ਨੂੰ ਲਿਖਿਆ, ਕਟਿਆ, ਮੁੜ ਲਿਖਿਆ,
ਦੋਚਿੱਤੀ ਵਿਚ ਪਾਟਾ ਵਰਕਾ ਮੇਰਾ ਹੈ।

ਰੁੱਖ ਤੇ ਬੰਦੇ ਦੇਖੋ ਸਿਰਫ਼ ਦੁਪਹਿਰਾਂ ਨੂੰ,
ਸ਼ਾਮ ਸਵੇਰੇ ਸਭ ਦਾ ਕੱਦ ਲੰਮੇਰਾ ਹੈ।

ਪੱਥਰਾਂ ਦੀ ਬਰਸਾਤ ਨਿਰੰਤਰ ਵਰ੍ਹਦੀ ਰਹੀ,
ਤਿੜਕੇ ਸ਼ੀਸ਼ੇ ਵਾਲਾ ਚਿਹਰਾ ਮੇਰਾ ਹੈ।

ਮੈਂ ਕਾਗਜ਼ 'ਤੇ ਲੀਕਾਂ ਵਾਹੁੰਦਾ ਹਾਰ ਗਿਆਂ,
ਸੁਪਨੇ ਦਾ ਕੱਦ ਮੈਥੋਂ ਬਹੁਤ ਲੰਮੇਰਾ ਹੈ।

ਮੈਂ ਤੇਰੇ ਸਾਹਾਂ 'ਚੋਂ ਤੁਰ ਜਾਂ ਹੋਰ ਕਿਤੇ,
ਮੇਰੇ ਅੰਦਰ ਏਨਾ ਕਿੱਥੇ ਜੇਰਾ ਹੈ।

।

o

## ਵੇਖਾ ਵੇਖੀ ਐਵੇਂ ਨਾ ਭਗਵਾਨ ਬਣ

ਵੇਖਾ ਵੇਖੀ ਐਵੇਂ ਨਾ ਭਗਵਾਨ ਬਣ।
ਬਣ ਸਕੇਂ ਤਾਂ ਦੋਸਤਾ ਇਨਸਾਨ ਬਣ।

ਤਿੜਕ ਜਾਵੇਗਾ ਰਿਹਾ ਜੇ ਕਹਿਰਵਾਨ,
ਬਣ ਸਕੇਂ ਤਾਂ ਤੋਤਲੀ ਮੁਸਕਾਨ ਬਣ।

ਧਰਤ ਅੰਬਰ ਭਟਕ ਨਾ ਤੂੰ, ਐ ਹਵਾ,
ਬਾਂਸ ਦੀ ਪੋਰੀ 'ਚ ਵੜ ਕੇ ਤਾਨ ਬਣ।

ਵੰਡਦਾ ਫਿਰਦਾ ਏ ਜਿਹੜਾ ਮੌਤ ਨੂੰ,
ਆਖ ਉਸਨੂੰ ਜ਼ਿੰਦਗੀ ਦੀ ਸ਼ਾਨ ਬਣ॥

ਜਿਸਮ ਦੀ ਮਿੱਟੀ ਨੂੰ ਫੋਲਣ ਵਾਲਿਆ,
ਮੇਰੇ ਦਿਲ ਨੂੰ ਜਾਣ ਤੂੰ ਸੁਲਤਾਨ ਬਣ।

ਮੰਦਰੀਂ ਫੁੱਲਾਂ ਨੂੰ ਅਰਪਣ ਵਾਲਿਆ,
ਦੇਵਤਾ ਪੱਥਰ ਹੈ ਇਸਦੀ ਜਾਨ ਬਣ।

ਹਰ ਮੁਸੀਬਤ ਆਏ ਪਰਖ਼ਣ ਵਾਸਤੇ,
ਮੁਸ਼ਕਿਲਾਂ ਨੂੰ ਵੇਖ ਕੇ ਬਲਵਾਨ ਬਣ।

।

## ਕਿੱਥੋਂ ਤੁਰ ਕੇ ਪਹੁੰਚੀ ਵੇਖੋ

ਕਿੱਥੋਂ ਤੁਰ ਕੇ ਪਹੁੰਚੀ ਵੇਖੋ ਕਿੱਥੇ ਆਣ ਕਹਾਣੀ।
ਪੰਜ ਦਰਿਆਵਾਂ ਦੀ ਧਰਤੀ 'ਤੇ, ਅੱਜ ਮੁੱਲ ਵਿਕਦਾ ਪਾਣੀ।

ਪੰਜ ਸਦੀਆਂ ਦੇ ਪੈਂਡੇ ਮਗਰੋਂ ਕਿੱਥੇ ਪਹੁੰਚ ਗਏ ਆਂ,
ਸਿਰਫ਼ ਜਨੇਊ ਗਾ ਸਕਦੇ ਨੇ, ਗੁਰੂ ਨਾਨਕ ਦੀ ਬਾਣੀ।

ਇਹ ਜ਼ਿੰਦਗਾਨੀ ਸਫ਼ਰ ਨਿਰੰਤਰ ਤੁਰਿਆ ਜਾਹ, ਬਣ ਦਰਿਆ,
ਰੁਕਿਆ ਪਾਣੀ ਬਦਬੂ ਮਾਰੇ, ਸੌਂ ਨਾ ਲੰਮੀਆਂ ਤਾਣੀ।

ਇਸ ਨਗਰੀ ਵਿਚ ਉਮਰ ਗੁਆ ਕੇ ਲੱਭਦੇ ਫਿਰਦੇ ਸਾਰੇ,
ਇੱਕ ਦੂਜੇ ਤੋਂ ਚੋਰੀ ਚੋਰੀ, ਮੈਂ ਤੇ ਮੇਰੇ ਹਾਣੀ।

ਜ਼ਿੰਦਗੀ ਦੇ ਉਪਰਾਮ ਪਲਾਂ ਵਿਚ ਤੂੰ ਹੀ ਬਣੇਂ ਸਹਾਰਾ,
ਖ਼ੁਸ਼ਬੂ ਜਿੰਦ ਨਸ਼ਿਆ ਜਾਂਦੀ ਹੈ, ਵੜਕੇ ਸਾਹਾਂ ਥਾਣੀ।

ਤਨ ਦੇ ਨਾਲੋਂ ਤੋੜ ਵਿਛੋੜੀ ਜਾਬਰ ਸਮਿਆਂ ਵੇਖੋ,
ਇਕ ਦੂਜੇ ਨੂੰ ਘੂਰ ਰਹੇ ਨੇ, ਛਾਂ ਤੇ ਰੁੱਖ ਦੀ ਟਾਹਣੀ।

ਜ਼ਿੰਦਗੀ, ਧਰਮ, ਧਰਾਤਲ ਤਿੰਨੇ ਵਕਤ ਲਿਤਾੜੇ ਪੈਰੀਂ,
ਆਦਮ ਦੀ ਸੰਤਾਨ ਵੇਖ ਲਓ, ਹੋ ਗਈ ਆਦਮਖਾਣੀ।

ਧੜਕਣ ਤੇਜ਼, ਤੜਪਣੀ ਤਨ ਦੀ, ਮਨ ਨੂੰ ਭਟਕਣ ਲਾਵੇ,
ਮਹਿਕ ਪਰੁੱਚੇ ਫੁੱਲਾਂ ਦੀ ਰੁੱਤ, ਲੰਘ ਚੱਲੀ ਅਣਮਾਣੀ।

1

## ਕਿਸ ਘੁੰਮਣ ਘੇਰ 'ਚ ਫਸ ਗਏ ਹਾਂ

ਕਿਸ ਘੁੰਮਣ ਘੇਰ 'ਚ ਫਸ ਗਏ ਹਾਂ, ਨਾ ਜੀਅ ਹੋਵੇ ਨਾ ਮਰ ਹੋਏ।
ਹਰ ਤਰਫ਼ ਤਪਦੀਆਂ ਲੋਹਾਂ ਨੇ, ਇਕ ਪੈਰ ਅਗਾਂਹ ਨਾ ਧਰ ਹੋਏ।

ਮੈਂ ਦੇ ਦੇ ਦਸਤਕ ਹਾਰ ਗਿਆਂ, ਹਰ ਪਾਸੇ ਹੀ ਦੀਵਾਰਾਂ ਨੇ,
ਮੈਂ ਕਿੱਥੇ ਬੈਠ ਆਰਾਮ ਕਰਾਂ, ਕੋਈ ਤਾਂ ਖੁੱਲ੍ਹਾ ਦਰ ਹੋਏ।

ਰੋਣਾ ਕੁਰਲਾਉਣਾ ਸੁਣ ਸੁਣ ਕੇ ਇਹ ਤਨ ਮਨ ਪੱਥਰ ਹੋ ਚੱਲਿਆ,
ਕੜ ਪਾਟ ਜਾਣ 'ਤੇ ਗੱਲ ਪਹੁੰਚੀ, ਹੁਣ ਹੋਰ ਸਿਤਮ ਨਾ ਜਰ ਹੋਏ।

ਰਾਹਾਂ ਦੀ ਧੂੜ ਪਿਆਸੀ ਬੜੀ, ਨਾ ਬਹਿ ਸਕੀਏ ਨਾ ਤੁਰ ਸਕੀਏ,
ਹੁਣ ਸ਼ਹਿਰ ਸਮੁੰਦਰ ਖ਼ਾਰੇ 'ਚੋਂ, ਘੁੱਟ ਪਾਣੀ ਦੀ ਨਾ ਭਰ ਹੋਏ।

ਇਸ ਯੁਗ ਦਾ ਨਾਇਕ ਗੁਆਚ ਗਿਆ, ਖ਼ਲਨਾਇਕਾਂ ਨੇ ਸਿਰ ਤਾਜ ਧਰੇ,
ਇਸ ਰੀਂਘਣਹਾਰੀ ਬਸਤੀ ਵਿਚ, ਕਿਉਂ ਵਰਮੀ ਵਰਗੇ ਘਰ ਹੋਏ?

ਸਾਹਾਂ ਨੂੰ ਸੂਤ ਨਿਢਾਲ ਕਰਨ, ਤੇ ਚੱਟ ਜਾਂਦੇ ਨੇ ਰੂਹਾਂ ਨੂੰ,
ਸੱਜਣਾਂ ਦੇ ਭੇਖ 'ਚ ਵੇਖ ਲਵੋ, ਕਿੱਦਾਂ ਦੇ ਚਾਰਾਗਰ ਹੋਏ।

ਮੈਂ ਜਦ ਤੱਕ ਚੋਗਾ ਚੁਗਦਾ ਸੀ, ਕੋਈ ਤੋਟ ਨਹੀਂ ਸੀ ਚੂਰੀ ਦੀ,
ਪਰਵਾਜ਼ ਭਰੀ ਤਾਂ ਵੇਖ ਲਵੋ, ਅੱਜ ਵੈਰੀ ਮੇਰੇ ਪਰ ਹੋਏ।

ਗ਼ਰਜ਼ਾਂ ਤੋਂ ਫ਼ਰਜ਼ਾਂ ਤੀਕ ਸਫ਼ਰ, ਮੀਲਾਂ ਵਿਚ ਮਿਣਨਾ ਸਹਿਲ ਨਹੀਂ,
ਤਲੀਆਂ ਤੇ ਸੀਸ ਨਹੀਂ ਟਿਕਦਾ, ਜੇ ਖੱਲੜੀ ਦੇ ਵਿਚ ਡਰ ਹੋਏ।

ਇਕ ਆਮ ਸਧਾਰਣ ਬੰਦੇ ਦੀ, ਆਵਾਜ਼ ਜਦੋਂ ਪਰਵਾਜ਼ ਭਰੇ,
ਧਰਤੀ ਵੀ ਸੌੜੀ ਲੱਗਦੀ ਹੈ ਫਿਰ ਅੰਬਰਾਂ ਦੇ ਵਿਚ ਘਰ ਹੋਏ।

ਮੈਂ ਘਿਰ ਜਾਨਾਂ, ਘਬਰਾ ਜਾਨਾਂ, ਆਪਣੇ ਤੋਂ ਦੂਰ ਚਲਾ ਜਾਨਾਂ,
ਫਿਰ ਮੁੜ ਆਉਨਾਂ, ਜਦ ਸਮਝ ਲਵਾਂ, ਕਿਤੇ ਮਨ ਦਾ ਹੀ ਨਾ ਡਰ ਹੋਏ।

1

o

## ਲੱਤਾਂ ਤੇਰੀਆਂ ਨੇ ਚੁੱਕਣੈਂ

ਲੱਤਾਂ ਤੇਰੀਆਂ ਨੇ ਚੁੱਕਣੈਂ ਅਖ਼ੀਰ ਤੇਰਾ ਭਾਰ।
ਤੇਰਾ ਕੋਈ ਨਹੀਉਂ ਬੇਲੀ, ਤੇਰਾ ਕੋਈ ਨਹੀਉਂ ਯਾਰ।

ਬਿਨਾਂ ਗੋਡੀਆਂ ਤੋਂ ਡੋਡੀਆਂ ਨਾ ਫੁੱਲ ਪੱਤੀਆਂ,
ਏਦਾਂ ਬੈਠੇ ਬੈਠੇ ਆਉਣੀ ਨਹੀਓਂ ਵਿਹੜੇ 'ਚ ਬਹਾਰ।

ਪੱਤਝੜਾਂ ਪਿੱਛੋਂ ਫੁੱਟਦਾ ਹੁੰਗਾਰਾ ਰੋਜ਼ ਮਾਣ,
ਸੂਹੇ ਸੁਪਨੇ ਦੇ ਵਾਂਗ ਵੇਖ ਖਿੜਿਆ ਅਨਾਰ।

ਵੇਖ ਅੰਬਾਂ ਉੱਤੇ ਬੂਰ, ਚੜ੍ਹੇ ਚਿੱਤ ਨੂੰ ਸਰੂਰ,
ਸਾਂਭ ਅੰਬੀਆਂ ਨੂੰ ਟੁੱਕ ਦਏ ਨਾ ਤੋਤਿਆਂ ਦੀ ਡਾਰ।

ਤੇਰੇ ਮੁੱਕ ਚੱਲੇ ਪਾਣੀ, ਰੁੱਸੀ ਚਾਟੀ ਤੋਂ ਮਧਾਣੀ,
ਤੇਰੇ ਪੰਜ ਦਰਿਆਵਾਂ ਨੂੰ ਕੀ ਵਗ ਚੱਲੀ ਮਾਰ।

ਤੇਰੇ ਪੁੱਤਰਾਂ ਦੇ ਹੱਥੀਂ ਨਸ਼ੇ ਵੈਰੀਆਂ ਫੜਾਏ,
ਕੁਲ ਨਾਸ਼ ਦੇ ਵਸੀਲੇ, ਨਿੱਤ ਨਵੇਂ ਹਥਿਆਰ।

ਮੋੜ ਵੈਰੀਆਂ ਦੇ ਹੱਲੇ, ਚੁੱਪ ਬੈਠਾ ਕਿਹੜੀ ਗੱਲੇ,
ਰਣ ਭੂਮੀ ਵਿਚ ਜਾ ਕੇ ਤੂੰ ਵੀ ਵੈਰੀ ਲਲਕਾਰ।

ਤੇਰੇ ਦੁਸ਼ਮਣਾਂ ਕੀਤਾ, ਭਾਵੇਂ ਆਪੋ ਵਿਚ ਏਕਾ,
ਇੱਕ ਵਾਰ ਤਾਂ ਵੰਗਾਰ, ਹੋਵੇ ਜਿੱਤ ਭਾਵੇਂ ਹਾਰ।

1

o

## ਵਰਜ ਨਾ, ਕਿਓਂ ਆਖਦੈਂ

ਵਰਜ ਨਾ, ਕਿਓਂ ਆਖਦੈਂ, ਬੱਚੇ, ਖਿਡੌਣੇ ਤੋੜ ਨਾ।
ਇਸ ਤਰ੍ਹਾਂ ਹੀ ਸਿੱਖਣੈਂ, ਇਨ੍ਹਾਂ ਨੇ ਸਭ ਕੁਝ ਜੋੜਨਾ।

ਬੁਝ ਗਈ ਏ ਲਾਟ ਤਾਂ ਤੂੰ ਤੇਲ ਬੱਤੀ ਸੀਖ ਫੇਰ,
ਦੀਵਿਆਂ ਤੇ ਕਿਉਂ ਖ਼ਫ਼ਾ ਏਂ, ਮਾਰ ਭੁੰਜੇ ਫੋੜ ਨਾ।

ਸ਼ਿਕਾਰੀ ਜਾਲ ਪਾਵੇਂ, ਵਿਚ ਪਿੰਜਰੇ ਚੋਗ ਵੀ,
ਮੈਂ ਪਰਿੰਦੇ ਨੂੰ ਸਿਖਾਵਾਂ, ਜਾਲ ਕਿੱਦਾਂ ਤੋੜਨਾ।

ਤੂੰ ਸਦਾ ਬਿਫ਼ਰੇ ਸਮੁੰਦਰ ਨਾਲ ਆਉਨੈਂ, ਮੌਤ ਵਾਂਗ,
ਜ਼ਿੰਦਗੀ ਮੈਨੂੰ ਸਿਖਾਇਐ, ਤੇਰੀ ਭਾਜੀ ਮੋੜਨਾ।

ਬਲ਼ ਰਹੀ ਚੁੱਲ੍ਹੇ 'ਚ ਭਾਵੇਂ, ਜਾਂ ਬਲੇ ਸ਼ਮਸ਼ਾਨ ਵਿਚ,
ਅਗਨ ਹੈ ਸੁੱਚੀ ਹਮੇਸ਼ਾਂ, ਅਰਥ ਇਸ ਦੇ ਤੋੜ ਨਾ।

ਜਕੜਿਆ ਕੁਰਸੀ 'ਚ ਬੰਦਾ, ਤਰਸਦੈ ਅੰਬਰ ਲਈ,
ਉੱਡਣੇ ਪੰਛੀ ਨੂੰ ਪੈਂਦੀ, ਪੌੜੀਆਂ ਦੀ ਲੋੜ ਨਾ।

ਸੱਚ ਦੀ ਹੱਟੀ ਤੋਂ ਸੌਦਾ ਲੈਣ ਵਾਲੇ ਤੁਰ ਗਏ,
ਕੱਚ ਦੀ ਮੰਡੀ 'ਚ ਰੌਣਕ, ਗਾਹਕਾਂ ਦੀ ਥੋੜ ਨਾ।

ਠੀਕ ਹੈ ਗਹਿਰਾ ਗੰਭੀਰਾ ਜੀਣ ਦਾ ਅੰਦਾਜ਼, ਪਰ,
ਮੁਸਕਣੀ ਨੂੰ ਹੋਠਾਂ ਉੱਤੇ, ਆਉਣ ਤੋਂ ਤੂੰ ਹੋੜ ਨਾ।

1

o

## ਮੇਰਾ ਸੂਰਜ ਹਨ੍ਹੇਰਾ ਖਾ ਰਿਹਾ ਹੈ

ਮੇਰਾ ਸੂਰਜ ਹਨ੍ਹੇਰਾ ਖਾ ਰਿਹਾ ਹੈ।
ਫ਼ਿਜ਼ਾ 'ਚੋਂ ਨਿੱਘ ਖੁਰਦਾ ਜਾ ਰਿਹਾ ਹੈ।

ਸ਼ਹਿਰ ਵਿਚ ਲੱਗ ਰਿਹਾ ਆਰੇ ਤੇ ਆਰਾ,
ਅਜੇ ਵੀ ਪਿੰਡ ਨਿੰਮਾਂ ਲਾ ਰਿਹਾ ਹੈ।

ਨਦੀ ਦੇ ਨੀਰ ਨੂੰ ਮੁੱਠੀ 'ਚ ਕਰਕੇ,
ਕੋਈ ਫ਼ਸਲਾਂ ਨੂੰ ਸੁੱਕਣੇ ਪਾ ਰਿਹਾ ਹੈ।

ਤੇਰੀ ਸ਼ਹਿਰੀ ਹਵਾ ਦਾ ਜ਼ਹਿਰਾ ਕੈਸਾ,
ਮੇਰੇ 'ਚੋਂ ਪਿੰਡ ਮਰਦਾ ਜਾ ਰਿਹਾ ਹੈ।

ਇਸੇ ਨੇ ਚੱਬ ਜਾਣੀ 'ਧਰਤ' ਸਾਡੀ,
ਇਹ ਜੋ 'ਸੰਸਾਰ' ਤੁਰਿਆ ਆ ਰਿਹਾ ਹੈ।

ਇਹ ਬਲਦੀ ਅੱਗ ਨਾ ਬੁੱਝੇ, ਸੰਭਾਲੋ,
ਕੋਈ ਭੱਠੀ ਤੇ ਪਾਣੀ ਪਾ ਰਿਹਾ ਹੈ।

ਮਲਾਹੋ! ਵਰਤਿਓ ਹੁਣ ਸਾਵਧਾਨੀ,
ਸਮੁੰਦਰ ਫੇਰ ਘੌਰੂ ਪਾ ਰਿਹਾ ਹੈ।

ਗੁਆਚੇ ਮਾਣ ਨਾ ਧਰਤੀ ਦਾ ਪੁੱਤਰੋ,
ਸੁਣੋ! ਦਰਵੇਸ਼ ਇਹ ਕੀ ਗਾ ਰਿਹਾ ਹੈ?

l

o

## ਤੇਰੇ ਹੱਥ ਮੇਰੀ ਡੋਰ

ਤੇਰੇ ਹੱਥ ਮੇਰੀ ਡੋਰ, ਰੱਖੀਂ ਖਿੱਚ ਕੇ ਤਣਾਵਾਂ।
ਮਤਾਂ ਅੰਬਰਾਂ 'ਚ ਉੱਡਦਾ ਜ਼ਮੀਨ ਭੁੱਲ ਜਾਵਾਂ।

ਤੇਰੇ ਸੰਗ ਸਾਥ ਉੱਡੂੰ -ਉੱਡੂੰ ਕਰੇ ਮੇਰਾ ਚਿੱਤ,
ਜੀਕੂੰ ਗੋਦੀ 'ਚ ਬਿਠਾ ਕੇ ਦੇਣ ਲੋਰੀਆਂ ਹਵਾਵਾਂ।

ਰਹੇ ਅੱਖਾਂ 'ਚ ਖੁਮਾਰ, ਤੇਰੇ ਸਾਥ ਦਾ ਸਰੂਰ,
ਮੈਨੂੰ ਇਸੇ ਗੱਲੋਂ ਜਾਪਦੈ ਜਵਾਨ ਹੁੰਦਾ ਜਾਵਾਂ।

ਜਦੋਂ ਅੱਧੀ-ਅੱਧੀ ਰਾਤੀਂ ਕਿਤੇ ਬੋਲਦੀ ਚਕੋਰ,
ਚਿੱਤ ਕਰੇ ਮੈਂ ਵੀ ਸੁੱਤੀ ਪਈ ਚਾਨਣੀ ਜਗਾਵਾਂ।

ਉਦੋਂ ਹੋ ਜੇ ਮੇਰੀ ਬੱਸ, ਹੋਵਾਂ ਵੱਸ ਤੋਂ ਬੇਵੱਸ,
ਜਦੋਂ ਫੜਿਆ ਨਾ ਜਾਵੇ ਮੈਥੋਂ ਤੇਰਾ ਪਰਛਾਵਾਂ।

ਦੇ ਦੇ ਇਕੋ ਧਰਵਾਸ, ਰੱਖੀਂ ਸਾਹਾਂ 'ਚ ਨਿਵਾਸ,
ਤੇਰੀ ਖੁਸ਼ਬੂ ਨੂੰ ਬਹੁਤ ਕਿਤੇ ਅੰਦਰ ਵਸਾਵਾਂ।

ਇਸ ਮੰਡੀ ਵਿਚ ਬਣਿਆ ਜੇ ਪਿਆਰ ਹੈ ਵਪਾਰ,
ਤੂੰ ਹੀ ਪੜ੍ਹਿਆ ਏ ਪਹਿਲੀ ਵਾਰੀ ਰੂਹ ਦਾ ਸਿਰਨਾਵਾਂ।

l

੦

## ਵਗਦੇ ਪਾਣੀ ਨਾਲ ਅਜ਼ਲ ਤੋਂ

ਵਗਦੇ ਪਾਣੀ ਨਾਲ ਅਜ਼ਲ ਤੋਂ ਮੇਰੀ ਗੂੜ੍ਹੀ ਯਾਰੀ ਹੈ।
ਸਾਨੂੰ ਤੁਰਨ ਸਿਖਾਇਆ ਇਸ ਨੇ, ਦੱਸਿਆ ਲਾਉਣਾ ਤਾਰੀ ਹੈ।

ਮਰ ਚੁੱਕੇ ਦਰਿਆਵਾਂ ਨੂੰ ਬਸ ਆਪਣੀ ਕਥਾ ਸੁਣਾਉਣੀ ਸੀ,
ਮੈਂ ਤਾਂ ਸਿਰਫ਼ ਸਮੁੰਦਰ ਅੰਦਰ ਛਾਲ ਏਸ ਲਈ ਮਾਰੀ ਹੈ।

ਗਰਮੀ ਖਾਂਦਾ, ਰੂਪ ਬਦਲਦਾ, ਅੰਬਰ ਨੂੰ ਤੁਰ ਜਾਂਦਾ ਹੈ,
ਬੱਦਲ ਬਣ ਕੇ ਵਰ੍ਹੇ ਸਮੁੰਦਰ, ਫਿਰ ਵੀ ਧਰਤੀ ਪਿਆਰੀ ਹੈ।

ਇਸ ਦੀ ਬੁੱਕਲ ਦੇ ਵਿਚ ਰੀਝਾਂ, ਸੁਪਨ ਪਰਿੰਦੇ ਦਫ਼ਨ ਪਏ,
ਘੋਗੇ ਸਿੱਪੀਆਂ ਅੰਦਰ ਜ਼ਿੰਦਗੀ, ਕੈਸਾ ਅਜਬ ਸ਼ਿਕਾਰੀ ਹੈ।

ਖੁੱਲ੍ਹੀਆਂ ਅੱਖਾਂ ਨਾਲ ਨਿਰੰਤਰ, ਵੇਖੀਂ ਜ਼ਰਾ ਸਮੁੰਦਰ ਨੂੰ,
ਸਮਝ ਲਵੇਂਗਾ ਲਹਿਰਾਂ ਅੰਦਰ, ਹੁੰਦੀ ਅਜਬ ਉਡਾਰੀ ਹੈ।

ਆਦਮ ਬੋ, ਆਦਮ ਬੋ ਕਰਦਾ, ਚੀਰੀ ਜਾਵੇ ਰੋਜ਼ ਗਲੋਬ,
ਨਵੀਂ ਸਦੀ ਦਾ ਅਜਬ ਕੋਲੰਬਸ, ਜਿਸਦੇ ਹੱਥ ਵਿਚ ਆਰੀ ਹੈ।

ਤਲਖ਼ ਸਮੁੰਦਰ ਕਰੇ ਤਬਾਹੀ, ਸਮਝ ਰਤਾ ਗੁਰਭਜਨ ਸਿਹਾਂ,
ਅਸਲਾ ਚੁੱਕ ਕੇ ਤੁਰਿਆ ਫਿਰਨਾ, ਕਿੱਧਰਲੀ ਸਰਦਾਰੀ ਹੈ।

1

੦

## ਅੱਖ ਤੇ ਅੱਥਰੂ ਜੀਕਣ 'ਕੱਠੇ

ਅੱਖ ਤੇ ਅੱਥਰੂ ਜੀਕਣ 'ਕੱਠੇ, ਵੱਖਰੇ ਨਹੀਉਂ ਕਰ ਹੁੰਦੇ ਨੇ।
ਟਾਹਣੀ ਨਾਲੋਂ ਟੁੱਟੇ ਫੁੱਲ ਤੋਂ, ਸਦਮੇ ਵੀ ਨਾ ਜਰ ਹੁੰਦੇ ਨੇ।

ਤੂੰ ਮੇਰੀ ਉਂਗਲੀ ਨਾ ਛੱਡੀਂ, ਸਦਾ ਹੁੰਗਾਰਾ ਦੇਂਦਾ ਰਹੁ ਤੂੰ,
ਨੈਣਾਂ ਵਿਚਲੇ ਤਲਖ਼ ਸਮੁੰਦਰ, ਕੱਲਿਆਂ ਕਿੱਥੇ ਤਰ ਹੁੰਦੇ ਨੇ।

ਛੱਡ ਜਿਸਮਾਂ ਦੀ ਮਿੱਟੀ, ਆ ਕੇ ਰੂਹ ਦੇ ਨੇੜੇ ਬੈਠ ਜ਼ਰਾ ਤੂੰ,
ਕਿਲ੍ਹੇ ਮੁਹੱਬਤ ਵਾਲੇ ਸੱਜਣਾ, ਏਸ ਤਰ੍ਹਾਂ ਹੀ ਸਰ ਹੁੰਦੇ ਨੇ।

ਉੱਛਲ ਕੇ ਬਰਬਾਦ ਕਰੇਂ, ਦਰਿਆਵਾ! ਰੋੜ੍ਹੇਂ ਫ਼ਸਲਾਂ ਨੂੰ ਵੀ,
ਕੌਣ ਭਲਾ ਸਮਝਾਵੇ ਤੈਨੂੰ, ਮਿੱਟੀ ਦੇ ਵੀ ਘਰ ਹੁੰਦੇ ਨੇ।

ਬੜ੍ਹਕਾਂ ਮਾਰਨ ਵਾਲੇ ਬੰਦੇ, ਹੁੰਦੇ ਨਹੀਂ ਦਲੇਰ ਕਦੇ ਵੀ,
ਏਹੋ ਜਹੇ ਮਨ ਅੰਦਰ ਬੈਠੇ, ਵੰਨ ਸੁਵੰਨੇ ਡਰ ਹੁੰਦੇ ਨੇ।

ਹੱਕ ਸੱਚ ਤੇ ਇਨਸਾਫ਼ ਦੀ ਪਹਿਰੇਦਾਰੀ ਕਰਨਾ ਸਹਿਲ ਨਹੀਂ ਹੈ,
ਲੱਖ ਲੋਕਾਂ ਦੀ ਭੀੜ ਦੇ ਅੰਦਰ, ਵਿਰਲੇ ਬੰਦੇ ਨਰ ਹੁੰਦੇ ਨੇ।

ਤਨ ਦੀ ਸ਼ਕਤੀ, ਮਨ ਦਾ ਨਿਸ਼ਚਾ, ਤਰਦੈ ਸੱਤ ਸਮੁੰਦਰਾਂ ਨੂੰ ਵੀ,
ਪੈਰਾਂ ਥੱਲੇ ਧਰਤੀ ਹੋਵੇ, ਤਾਂ ਹੀ ਪੈਂਡੇ ਕਰ ਹੁੰਦੇ ਨੇ।

ਤੂੰ ਮੇਰੇ ਖੰਭਾਂ ਨੂੰ ਨੋਚੇਂ, ਸਮਝ ਲਵੇਂ ਮੈਂ ਹਾਰ ਗਿਆ ਹਾਂ,
ਅੰਬਰ ਤੀਕ ਉਡਾਰੀ ਭਰਦੇ, ਖ਼ਾਬਾਂ ਦੇ ਵੀ ਪਰ ਹੁੰਦੇ ਨੇ।

ਹੁਣ ਦੇ ਪਲ ਨੂੰ ਮਿੱਟੀ ਕਰਦੈਂ, ਕਾਹਲ਼ੀ ਨਾ ਕਰ ਬੈਠ ਜ਼ਰਾ ਤੂੰ,
ਏਸ ਤਰ੍ਹਾਂ ਦੇ ਘਾਟੇ ਬੀਬਾ, ਮਗਰੋਂ ਕਿੱਥੇ ਭਰ ਹੁੰਦੇ ਨੇ।

1

o

## ਯਤਨ ਕਰਾਂਗਾ, ਵਕਤ ਸਮਾਵੇ

ਯਤਨ ਕਰਾਂਗਾ, ਵਕਤ ਸਮਾਵੇ ਆਉਂਦੇ ਜਾਂਦੇ ਸਾਹਾਂ ਅੰਦਰ।
ਇਹ ਨਾ ਸਬਕ ਸੁਣਾਵੀਂ ਮੈਨੂੰ, ਮਰ ਖਪ ਜਾਵਾਂ ਰਾਹਾਂ ਅੰਦਰ।

ਰੇਗਿਸਤਾਨ 'ਚ ਲੁਕੀਆਂ ਨਦੀਆਂ, ਝੀਲਾਂ ਪਰਬਤ ਨਦੀਆਂ ਨਾਲੇ,
ਮੇਰਾ ਤਾਂ ਵਿਸ਼ਵਾਸ ਅਟਲ ਹੈ, ਸਭ ਕੁਝ ਲੁਕਿਆ ਧਰਤੀਆਂ ਅੰਦਰ।

ਚੰਨ ਤੇ ਤਾਰੇ, ਸੂਰਜ ਮਿਲਕੇ ਅੰਬਰੀਂ ਖੇਡਣ ਲੁਕਣ ਮਚਾਈਆਂ,
ਰੀਝਾਂ ਦੀ ਸਤਰੰਗੀ ਝੂਲੇ, ਨੀਲ-ਬਲੌਰੀ ਅੰਬਰਾਂ ਅੰਦਰ।

ਕਾਲ ਕਲੂਟੀ ਰਾਤੋਂ ਡਰ ਕੇ, ਕਿਉਂ ਬਹਿ ਜਾਈਏ ਚੁੱਪ ਚੁਪੀਤੇ,
ਯਤਨ ਕਰਾਂਗੇ, ਇਹ ਨਾ ਬਹਿ ਕੇ, ਹੱਡ ਮਾਸ ਦੇ ਪੁਤਲਿਆਂ ਅੰਦਰ।

ਤੂੰ ਵੀ ਘਰ ਦੀ ਖਿੜਕੀ ਖੋਲ੍ਹੀਂ, ਮੈਂ ਵੀ ਤੋੜੂੰ ਦਰ-ਦੀਵਾਰਾਂ,
ਮੁੱਕ ਜਾਵੇ ਨਾ ਸਾਂਝੀ ਧੜਕਣ, ਖ਼ੁਦ ਵਣਜੇ ਬਣਵਾਸਾਂ ਅੰਦਰ।

ਥੱਕਿਆ ਤਨ ਤੇ ਮਨ ਬੁਝਿਆ ਹੈ, ਬਿਨ ਸਿਰਨਾਵੇਂ ਭਟਕ ਰਿਹਾਂ ਮੈਂ,
ਗੁੰਮ ਗਵਾਚ ਗਿਆ ਹਾਂ ਏਥੇ, ਝਿਲਮਿਲ ਕਰਦੇ ਸ਼ਹਿਰਾਂ ਅੰਦਰ।

ਨਦੀਏ ਦੱਸ ਤੂੰ ਕਿਉਂ ਡਰਦੀ ਏਂ, ਜੇ ਸਾਗਰ ਦਾ ਅਸਗਾਹ ਪੈਂਡਾ,
ਫ਼ਿਕਰਾਂ ਅੰਦਰ ਕਿਉਂ ਡੁੱਬਦੀ ਏਂ, ਜ਼ਿੰਦਗੀ ਧੜਕੇ ਲਹਿਰਾਂ ਅੰਦਰ।

1

o

## ਜਿਹੜੇ ਬੰਦੇ ਜਿੰਨਾ ਮਗਰੂਰ ਹੁੰਦੇ ਨੇ

ਜਿਹੜੇ ਬੰਦੇ ਜਿੰਨਾ ਮਗਰੂਰ ਹੁੰਦੇ ਨੇ।
ਜ਼ਿੰਦਗੀ ਤੋਂ ਓਹੀ ਓਨਾ ਦੂਰ ਹੁੰਦੇ ਨੇ।

ਹਉਮੈਂ ਦੇ ਚੁਫ਼ੇਰ ਤੁਰੇ ਰਹਿਣ ਦਿਨ ਰਾਤ,
ਓਹੀ ਲੋਕੀਂ ਥੱਕ ਥੱਕ ਚੂਰ ਹੁੰਦੇ ਨੇ।

ਨੀਤੀ ਤੇ ਨਿਸ਼ਾਨਾ ਜੀਹਦਾ ਸ਼ੀਸ਼ੇ ਵਾਂਗ ਸਾਫ਼,
ਮੰਜ਼ਲਾਂ ਤੇ ਪਹੁੰਚਦੇ ਜ਼ਰੂਰ ਹੁੰਦੇ ਨੇ।

ਸੁਪਨੇ ਨੂੰ ਐਵੇਂ ਹੀ ਨਾ ਸਮਝੋ ਜਨਾਬ,
ਫ਼ਲੋਂ ਪਹਿਲਾਂ ਟਾਹਣੀਆਂ ਤੇ ਬੂਰ ਹੁੰਦੇ ਨੇ।

ਮਾਘ ਦੇ ਮਹੀਨੇ ਸੁੱਕੀ ਵੇਲ ਨਾ ਗਿਣੋ,
ਇਹਦੀ ਗੋਦੀ ਚੇਤਰੀਂ ਅੰਗੂਰ ਹੁੰਦੇ ਨੇ।

ਨੇਰ੍ਹੀਆਂ ਤੂਫ਼ਾਨਾਂ 'ਚ ਵੀ ਰਹਿੰਦੇ ਨੇ ਅਡੋਲ,
ਜਿਹੜੇ ਲੋਕੀਂ ਚਿੱਤੋਂ ਭਰਪੂਰ ਹੁੰਦੇ ਨੇ।

ਜਾਨ ਤੋਂ ਪਿਆਰੇ ਜਦੋਂ ਜਾਂਦੇ ਅੱਖਾਂ ਫੇਰ,
ਐਸੇ ਘਾਟੇ ਫੇਰ ਕਿੱਥੋਂ ਪੂਰ ਹੁੰਦੇ ਨੇ।

1

o

## ਲੜਨਾ ਹੁੰਦੈ ਸੌਖਾ ਯਾਰੋ

ਲੜਨਾ ਹੁੰਦੈ ਸੌਖਾ ਯਾਰੋ, ਜੰਗਲ ਚਾਰ ਚੁਫ਼ੇਰੇ ਨਾਲ਼।
ਸਭ ਤੋਂ ਔਖਾ ਲੜਨਾ ਹੁੰਦੈ, ਆਪਣੇ ਮਨ ਦੇ ਨੇੜ੍ਹੇ ਨਾਲ਼।

ਆਪਣੇ ਨਾਲ ਵਿਚਾਰ ਕਦੇ ਮੈਂ, ਇੱਕ ਪਲ ਸਾਂਝਾ ਕੀਤਾ ਨਹੀਂ,
ਚੌਵੀ ਘੰਟੇ ਚੱਲਦਾ ਰਹਿੰਦਾ, ਸਾਰੀਆਂ ਚਾਲਾਂ ਤੇਰੇ ਨਾਲ਼।

ਆਪੇ ਚਾਰ ਦੀਵਾਰੀ ਘੜਦਾਂ, ਡਰ ਦਾ ਮਾਰਾ ਕੀ ਕਰਦਾਂ,
ਮਨ ਦਾ ਮਣਕਾ ਫਿਰਦਾ ਹੀ ਨਹੀਂ, ਲੱਖਾਂ ਮਾਲ਼ਾਂ ਫੇਰੇ ਨਾਲ਼।

ਸੁਪਨਾ ਦੁਨੀਆਂ ਜਿੱਤਣ ਦਾ ਪਰ ਇਕ ਨੁਕਤੇ ਤੇ ਸਿਮਟ ਗਿਆਂ,
ਲੜਨਾ ਭੁੱਲ ਗਿਆ ਸਾਂ ਪਹਿਲਾਂ ਅਣਦਿਸਦੇ ਜਹੇ ਘੇਰੇ ਨਾਲ਼!

ਆਰੀ ਤੇਜ਼, ਕੁਹਾੜਾ ਤਿੱਖਾ, ਸਭ ਨੀਅਤਾਂ ਬਦਨੀਤ ਕਿਓਂ,
ਸਭ ਰੁੱਖਾਂ ਨੇ ਕੱਠਿਆਂ ਹੋ ਕੇ, ਸ਼ਿਕਵਾ ਕੀਤਾ ਮੇਰੇ ਨਾਲ਼!

ਧਰਤੀ ਦੀ ਹਰਿਔਲ ਉਦਾਸੀ, ਸੁੱਕ ਰਹੇ ਬਿਰਖ਼ ਬਰੂਟੇ ਵੀ,
ਇਨ੍ਹਾਂ ਵਿਚ ਨਹੀਂ ਜਿੰਦ ਧੜਕਣੀ, ਫੋਕੇ ਹੰਝੂ ਕੇਰੇ ਨਾਲ਼।

ਉੱਠੋ! ਜਾਗੋ! ਨੀਂਦ ਤਿਆਗੋ, ਧਰਤੀ-ਪੁੱਤਰੋ ਕਰਮ ਕਰੋ,
ਮੰਜ਼ਿਲ ਤੇ ਵਿਸ਼ਵਾਸ ਪੁਚਾਵੇ, ਪਰ ਜੇ ਕਰੀਏ ਜੇਰੇ ਨਾਲ਼।

l

o

## ਜ਼ਿੰਦਗੀ ਨਾ ਰੰਗਾਂ ਦੀ ਗ਼ੁਲਾਮ

ਜ਼ਿੰਦਗੀ ਨਾ ਰੰਗਾਂ ਦੀ ਗ਼ੁਲਾਮ ਮੇਰੇ ਮਿੱਤਰਾ ਓ, ਜ਼ਿੰਦਗੀ ਨਾ ਰੰਗਾਂ ਦੀ ਗ਼ੁਲਾਮ।
ਕਿਸੇ ਨੂੰ ਸਵੇਰ ਪਹਿਰ ਨੇਰ੍ਹ ਚੰਗਾ ਲੱਗਦਾ ਏ, ਕਿਸੇ ਨੂੰ ਸੰਧੂਰੀ ਹੋਈ ਸ਼ਾਮ।

ਕੱਚਿਆਂ ਬਨੇਰਿਆਂ ਨੂੰ ਪੋਚ ਪੋਚ ਰੱਖਦੇ ਹਾਂ, ਜਿਥੇ ਬਹਿੰਦੇ ਘੁੱਗੀਆਂ ਤੇ ਮੋਰ,
ਪੱਕਿਆਂ ਮਕਾਨਾਂ ਵਾਲੇ ਕੱਚ ਟੋਟੇ ਗੱਡਦੇ ਨੇ, ਪੰਛੀ ਨਾ ਕਰਨ ਆਰਾਮ।

ਚਿਹਰੇ ਨੂੰ ਸ਼ਿੰਗਾਰਦੇ ਹਾਂ, ਸ਼ੀਸ਼ੇ ਨੂੰ ਨਿਹਾਰਦੇ ਹਾਂ, ਦਿਨ ਵਿਚ ਕਈ-ਕਈ ਵਾਰ,
ਇਹਦੇ ਵਿਚੋਂ ਲੱਭਦੇ ਹਾਂ, ਗੁੰਮੇ ਹੋਏ ਮੁਹਾਂਦਰੇ ਨੂੰ, ਲੈ ਕੇ ਸਦਾ ਵੱਖ-ਵੱਖ ਨਾਮ।

ਜਿੰਨ੍ਹਾਂ ਕਦੇ ਜ਼ਿੰਦਗੀ 'ਚ ਨੇਰ੍ਹ ਕਦੇ ਵੇਖਿਆ ਨਾ, ਚੰਨ ਦੀ ਕੀ ਉਨ੍ਹਾਂ ਨੂੰ ਪਛਾਣ,
ਨੇਰ੍ਹੇ ਦੀ ਕਿਤਾਬ ਹੀ ਸਿਖਾਵੇ ਤੇ ਪੜ੍ਹਾਵੇ ਸਾਨੂੰ ਰਾਵਣਾਂ ਨੂੰ ਮਾਰੇ ਕਿਵੇਂ ਰਾਮ।

ਜ਼ਿੰਦਗੀ ਦੇ ਰਣ ਵਿਚ ਜੂਝਦੇ ਜੁਝਾਰ ਸਦਾ, ਸਦੀਆਂ ਦੀ ਗੀਤ ਨੂੰ ਤੂੰ ਜਾਣ,
ਮਨ ਵਾਲੀ ਨਗਰੀ 'ਚ ਚਾਨਣੇ ਦਾ ਵਾਸ ਰੱਖ, ਦੂਰੋਂ ਹੀ ਹਨ੍ਹੇਰ ਨੂੰ ਸਲਾਮ।

ਜਾਮਨੀ, ਗੁਲਾਬੀ, ਨੀਲੇ, ਪੀਲ਼ੇ ਤੇ ਬਲੰਭਰੀ ਜੋ, ਲਾਲੀ ਦਾ ਪਸਾਰ ਬੇਸ਼ੁਮਾਰ,
ਰੰਗਾਂ ਦੀ ਸਲਾਮਤੀ ਲਈ ਜਾਗੀਏ ਜਗਾਈਏ ਲੋਕ, ਹੋਏ ਪ੍ਰਮਾਣੂ ਬੇਲਗਾਮ।

l

o

## ਤਾਰੇ ਵੀ ਤਾਂ ਮਰਦੇ ਨੇ

ਤਾਰੇ ਵੀ ਤਾਂ ਮਰਦੇ ਨੇ।
ਅੰਬਰ ਖ਼ਾਲੀ ਕਰਦੇ ਨੇ।

ਇਹ ਜੋ ਫੁੱਲ ਕਿਆਰੀ ਵਿਚ,
ਇਹ ਤਾਂ ਮੇਰੇ ਘਰ ਦੇ ਨੇ।

ਮਿੱਟੀ ਦਾ ਭਗਵਾਨ ਬਣਾ,
ਆਪੇ ਲੋਕੀਂ ਡਰਦੇ ਨੇ।

ਅੰਦਰਲੀ ਚੁੱਪ ਮਾਰਨ ਲਈ,
ਠੰਢੇ ਹੌਕੇ ਭਰਦੇ ਨੇ।

ਰੇਤੇ ਦੀ ਆਵਾਜ਼ ਸੁਣੋ,
ਪੱਥਰ ਵੀ ਤਾਂ ਖ਼ਰਦੇ ਨੇ।

ਜਿਹੜੇ ਲੋਕੀਂ ਜੰਮਦੇ ਨੇ,
ਉਹੀ ਆਖ਼ਰ ਮਰਦੇ ਨੇ।

ਕਰਾਮਾਤ ਵਿਗਿਆਨਾਂ ਦੀ,
ਡੁੱਬਦੇ ਪੱਥਰ ਤਰਦੇ ਨੇ।

1

o

## ਕੁਖ਼ ਵਿਚ ਨਾ ਤੂੰ ਮਾਰ ਬਾਬਲਾ

ਕੁਖ਼ ਵਿਚ ਨਾ ਤੂੰ ਮਾਰ ਬਾਬਲਾ।
ਕਰ ਨਾ ਅੱਤਿਆਚਾਰ ਬਾਬਲਾ।

ਮਾਂ ਦੇ ਸਿਰ ਦੀ ਚੁੰਨੀ ਹਾਂ ਮੈਂ,
ਤੇਰੀ ਵੀ ਦਸਤਾਰ ਬਾਬਲਾ।

ਦੱਸ ਬਗੀਚੇ ਵਿਚ ਕੀ ਹੁੰਦੈ,
ਇਕ ਤਿਤਲੀ ਦਾ ਭਾਰ ਬਾਬਲਾ।

ਨਾ ਤੋੜੀਂ ਨਾ ਤੋੜੀਂ, ਵੇਖੀਂ,
ਮੈਂ ਜ਼ਿੰਦਗੀ ਦੀ ਤਾਰ ਬਾਬਲਾ।

ਤੇਰੀਆਂ ਸੱਤੇ ਖੈਰਾਂ ਮੰਗਦੀ,
ਸਭ ਕੂੰਜਾਂ ਦੀ ਡਾਰ ਬਾਬਲਾ।

ਖ਼ੁਸ਼ਬੋਈ ਬਿਨ ਫੁੱਲ ਵੀ ਮੰਨਦੇ,
ਰੰਗਾਂ ਦਾ ਵੀ ਭਾਰ ਬਾਬਲਾ।

ਮੈਂ ਵੀ ਤੇਰੀ ਕੁਲ ਦਾ ਚਾਨਣ,
ਕਿਉਂ ਸਮਝੇਂ ਤੂੰ ਭਾਰ ਬਾਬਲਾ।

ਮੈਂ ਤੇਰੇ ਤੋਂ ਹੋਰ ਨਾ ਮੰਗਾਂ,
ਲੈ ਬਾਹਾਂ ਵਿਚਕਾਰ ਬਾਬਲਾ।

1

੦

## ਚਿਰ ਹੋਇਆ ਏ ਬਾਪੂ ਜੀ ਤਾਂ ਤੁਰ ਗਏ

ਚਿਰ ਹੋਇਆ ਏ ਬਾਪੂ ਜੀ ਤਾਂ ਤੁਰ ਗਏ ਲੰਮੀ ਵਾਟੇ।
ਚੇਤੇ ਆ ਗਏ ਅੱਜ ਉਨ੍ਹਾਂ ਦੇ, ਪੈਰ ਬਿਆਈਆਂ ਪਾਟੇ।

ਤੁਰਦੇ-ਤੁਰਦੇ ਤੁਰਦੇ ਭਾਵੇਂ, ਜਾਂਦੇ ਅੱਖੀਂ ਵੇਖੇ,
ਪਰ ਤੇਰੇ ਵਿਚ ਹਾਜ਼ਰ ਨਾਜ਼ਰ ਅੱਜ ਵੀ ਸੂਹੀ ਲਾਟੇ।

ਘਰ ਤੋਂ ਮੰਜ਼ਿਲ ਤੀਕ ਪਹੁੰਚਦੇ, ਮਿਥਦੇ ਪਹਿਲਾਂ ਦਾਈਆ,
ਸੁਪਨੇ ਵਿਚ ਵੀ ਮੈਂ ਨਹੀਂ ਵੇਖੇ, ਖੜ੍ਹੇ ਕਿਤੇ ਅਧਵਾਟੇ।

ਰਿਸ਼ਤੇ ਦੀ ਪਾਕੀਜ਼ ਡੋਰ ਨੂੰ, ਧਰਮ ਦੇ ਵਾਂਗੂੰ ਫੜਦੇ,
ਮਰਦੇ ਦਮ ਤੱਕ ਡਿੱਠੇ ਹੀ ਨਹੀਂ, ਗਿਣਦੇ ਵਾਧੇ ਘਾਟੇ।

ਅਨਪੜ੍ਹ ਸੀ, ਪਰ ਸਦਾ ਆਖਦੇ ਤੇ ਸਮਝਾਉਂਦੇ ਸਾਨੂੰ,
ਢਿੱਡੋਂ ਇਕ ਨੇ, ਕੁਰਸੀਆਂ ਵਾਲੇ, ਟਾਟੇ ਬਿਰਲੇ ਬਾਟੇ।

ਨਿਰਭਉ ਤੇ ਨਿਰਵੈਰ ਜਿਸਮ ਵਿਚ ਰਹਿੰਦਾ ਰੱਬ ਸੀ ਓਹੀ,
ਕਾਲ ਮੁਕਤ ਸਮਕਾਲੀ ਬਾਬਲ, ਅੱਜ ਵੀ ਬੰਧਨ ਕਾਟੇ।

ਅਸਲ ਨਸ਼ਾ ਤਾਂ ਕਿਰਤ ਕਮਾਈ, ਜਾਗਿਓ, ਰਾਖੀ ਕਰਿਉ,
ਚਾਤਰ ਸ਼ਾਤਰ ਬੜਾ ਚਾਹੁਣਗੇ, ਲਾਉਣਾ ਪੁੱਠੀ ਚਾਟੇ।

ਧਰਤੀ-ਧਰਮ ਨਿਭਾਉਣਾ ਦੱਸਿਆ ਤੇ ਏਦਾਂ ਸਮਝਾਇਆ,
ਮਰਿਆਦਾ ਦੀ ਸ਼ਕਤੀ ਸਾਂਭੋ, ਰੱਖ ਕੇ ਸਿੱਧੇ ਗਾਟੇ।

ਅਣਖ਼ ਦੀ ਰੋਟੀ ਸਦਾ ਕਮਾਇਓ, ਮੇਰੇ ਬਰਖੁਰਦਾਰੋ,
ਪੈਸੇ ਦੇ ਪੁੱਤ ਕਰਨ ਹਕੂਮਤ, ਖੇਡਣ ਝੂਟੇ ਮਾਟੇ।

1

੦

## ਹਿੰਮਤ ਕਰੋ, ਜੀਵਨ ਨਿਭੇ ਕਿਰਦਾਰ ਵਾਂਗਰਾਂ

ਹਿੰਮਤ ਕਰੋ, ਜੀਵਨ ਨਿਭੇ ਕਿਰਦਾਰ ਵਾਂਗਰਾਂ।
ਬੈਠੋ ਨਾ ਢਾਹ ਕੇ ਢੇਰੀਆਂ, ਮੁਰਦਾਰ ਵਾਂਗਰਾਂ।

ਹੌਕੇ ਤੇ ਪੀੜਾਂ ਮਨ ਦੀਆਂ, ਹੰਝੂ ਵੀ ਨੇਤਰੀਂ,
ਫਿਰਦੇ ਨੇ ਭੇਸ ਬਦਲ ਕੇ, ਦਿਲਦਾਰ ਵਾਂਗਰਾਂ।

ਸੁਪਨੇ, ਆਦਰਸ਼, ਵਲਵਲੇ, ਨਵੀਆਂ ਚੁਣੌਤੀਆਂ,
ਵੱਸਣ ਇਹ ਮੇਰੇ ਨਾਲ ਹੀ ਪਰਿਵਾਰ ਵਾਂਗਰਾਂ।

ਇਸ ਨੂੰ ਤੂੰ ਵਾਚ, ਪੜ੍ਹ ਕਦੇ, ਸਾਹਾਂ 'ਚ ਸਾਂਭ ਲੈ,
ਵੇਦਨ ਨਹੀਂ ਹੁੰਦੀ ਕਦੇ ਵੀ ਅਖ਼ਬਾਰ ਵਾਂਗਰਾਂ।

ਬਾਬਰ ਦੀ ਨਸਲ ਫੈਲ ਗਈ ਸਾਰੇ ਗਲੋਬ ਤੇ,
ਕਰਦੇ ਨੇ ਜਬਰ ਜੁਲਮ ਜੋ, ਅਧਿਕਾਰ ਵਾਂਗਰਾਂ।

ਠੋਕਰ ਹਰੇਕ ਕਦਮ 'ਤੇ ਲੱਗਦੀ ਹੈ ਇਸ ਲਈ,
ਨੀਤੀ ਨਾ ਨੀਅਤ ਸਾਫ਼ ਹੈ, ਸਰਕਾਰ ਵਾਂਗਰਾਂ।

ਏਨਾ ਵੀ ਕੁਰਸੀ ਨਾਲ ਨਾ ਜੁੜ ਕੇ ਰਿਹਾ ਕਰੋ,
ਬੈਠੇ ਹੋ ਅਪਣੇ ਘਰ 'ਚ ਵੀ ਦਰਬਾਰ ਵਾਂਗਰਾਂ.

ਫ਼ਰਜ਼ਾਂ ਨੂੰ ਗਰਜ਼ ਵਾਸਤੇ ਕੁਰਬਾਨ ਨਾ ਕਰੋ,
ਜੀਵਨ ਤੁਰੇਗਾ ਆਪ ਹੀ ਖ਼ੁਦਦਾਰ ਵਾਂਗਰਾਂ।

ਸਾਹਾਂ ਦੀ ਪੂੰਜੀ ਖ਼ਰਚ ਲਓ ਦੂਜੇ ਲਈ ਜਨਾਬ,
ਜਾਪੂ ਕਦੇ ਨਾ ਜ਼ਿੰਦਗੀ ਇਹ ਭਾਰ ਵਾਂਗਰਾਂ।

1

## ਮਨ ਦੇ ਅੰਦਰ ਖ਼ਲਬਲੀ ਹੈ

ਮਨ ਦੇ ਅੰਦਰ ਖ਼ਲਬਲੀ ਹੈ, ਬੋਲਦਾ ਕੋਈ ਨਹੀਂ।
ਸਭ ਗੁਆਚੇ ਫਿਰ ਰਹੇ ਨੇ, ਟੋਲਦਾ ਕੋਈ ਨਹੀਂ।

ਕਾਫ਼ਲੇ ਦੇ ਲੋਕ ਸਾਰੇ, ਦੂਰ ਮੈਥੋਂ ਦੂਰ ਨੇ,
ਹੈ ਅਜਬ ਬੇਗਾਨਗੀ ਰੂਹ ਕੋਲ ਦਾ ਕੋਈ ਨਹੀਂ।

ਗੁੰਝਲਾਂ ਮਾਹੌਲ ਅੰਦਰ, ਪਿਲਚੀਆਂ ਨੇ ਆਂਦਰਾਂ,
ਪੀੜ ਦਿਲ ਦੀ ਕੋਲ ਬਹਿ ਕੇ ਫ਼ੋਲਦਾ ਕੋਈ ਨਹੀਂ।

ਰੰਗ ਨੇ ਡੱਬੀਆਂ 'ਚ ਕੈਦੀ, ਹੋਲੀਆਂ ਖ਼ਾਮੋਸ਼ ਨੇ,
ਸਹਿਮੀਆਂ ਪੌਣਾਂ 'ਚ ਮਹਿਕਾਂ ਘੋਲਦਾ ਕੋਈ ਨਹੀਂ।

ਮੋਰ ਦੇ ਪੈਰਾਂ 'ਚ ਡੋਰਾਂ, ਖੰਭ ਵੀ ਕਤਰੇ ਪਏ,
ਡਸਕਦੇ ਹਮਦਰਦ, ਐਪਰ ਖੋਲ੍ਹਦਾ ਕੋਈ ਨਹੀਂ।

ਦੇਸ਼ ਮੇਰੇ ਨੂੰ ਲਿਆਕਤ ਦੀ ਕਦਰਦਾਨੀ ਨਹੀਂ,
ਏਸ ਵਾਂਗੂੰ ਅਕਲ ਨੂੰ ਤਾਂ ਰੋਲ਼ਦਾ ਕੋਈ ਨਹੀਂ।

ਜਗ ਰਹੇ ਵਿਸ਼ਵਾਸ ਦੇ ਦੀਵੇ, ਹਨ੍ਹੇਰੀ ਤੇਜ਼ ਹੈ,
ਵੇਖ ਤੂੰ ਸਾਡੇ ਵੀ ਜ਼ੇਰੇ, ਡੋਲਦਾ ਕੋਈ ਨਹੀਂ।

1

## ਚੱਲ ਅੰਬਰਾਂ ਨੂੰ ਚੁੰਮੀਏ

ਚੱਲ ਅੰਬਰਾਂ ਨੂੰ ਚੁੰਮੀਏ ਹੁਲਾਰਿਆਂ ਦੇ ਨਾਲ।
ਕੋਈ ਗੱਲਬਾਤ ਤੋਰੀਏ, ਸਿਤਾਰਿਆਂ ਦੇ ਨਾਲ।

ਮੇਰੇ ਅੰਦਰ ਖਾਮੋਸ਼ੀ, ਬਾਹਰ ਚੁੱਪ ਦੇ ਪਹਾੜ,
ਮੈਨੂੰ ਜੀਣ ਜੋਗਾ ਕਰ ਦੇ ਹੁੰਗਾਰਿਆਂ ਦੇ ਨਾਲ।

ਭਾਵੇਂ ਉਮਰਾਂ ਦੀ ਪੌੜੀ ਵਾਲੇ ਡੰਡੇ ਮੁੱਕ ਚੱਲੇ,
ਦਿਲ ਖੇਡੀ ਜਾਵੇ ਅਜੇ ਵੀ ਗੁਬਾਰਿਆਂ ਦੇ ਨਾਲ।

ਇਹ ਜੋ ਰਾਂਗਲੀ ਸੁਰਾਂਗਲੀ ਹੈ, ਫੁੱਲਾਂ ਭਰੀ ਵੇਲ,
ਵੰਡੇ ਖੁਸ਼ਬੂ ਇਹ ਤੇਰੇ ਹੀ ਇਸ਼ਾਰਿਆਂ ਦੇ ਨਾਲ।

ਆ ਜਾ ਇੱਕ ਦੂਜੇ ਵਿਚ ਦੋਵੇਂ ਡੁੱਬ ਜਾਈਏ ਪੂਰੇ,
ਮੈਂ ਤਾਂ ਥੱਕ ਗਿਆਂ ਤਰਦਾ ਕਿਨਾਰਿਆਂ ਦੇ ਨਾਲ।

ਤੂੰ ਤਾਂ ਰਾਜ ਗੱਦੀ ਓਹਲੇ ਨਿੱਤ ਲੁਕ ਛਿਪ ਜਾਵੇਂ,
ਖੇਡਾਂ ਲੁਕਣ-ਮਚਾਈਆਂ, ਬੇਸਹਾਰਿਆਂ ਦੇ ਨਾਲ।

ਸਾਡੀ ਕੱਖਾਂ ਵਾਲੀ ਕੁੱਲੀ ਤੇ ਹਨ੍ਹੇਰੀ ਜਦੋਂ ਝੁੱਲੀ,
ਸਾਰੇ ਕਹਿਣ ਨੇੜ ਕੀਤਾ ਕਿਉਂ ਚੁਬਾਰਿਆਂ ਦੇ ਨਾਲ।

1

੦

## ਜਦੋਂ ਵਿਧੀ ਤੇ ਵਿਧਾਨ ਜਾਣ ਬੰਦੇ ਪਿੱਛੇ ਲੱਗ

ਜਦੋਂ ਵਿਧੀ ਤੇ ਵਿਧਾਨ ਜਾਣ ਬੰਦੇ ਪਿੱਛੇ ਲੱਗ।
ਉਦੋਂ ਚੰਗਾ ਭਲਾ ਦੇਸ਼ ਬਣੇ ਪਸ਼ੂਆਂ ਦਾ ਵੱਗ।

ਜਿਹੜੇ ਸਿੱਧਾਂ ਨੇ ਸੁਧਾਰਨੀ ਸੀ ਜ਼ਿੰਦਗੀ ਦੀ ਤੋਰ,
ਉਨ੍ਹਾਂ ਲਾ ਲਈ ਏ ਸਮਾਧੀ, ਦੀਨ ਦੁਨੀ ਤੋਂ ਅਲੱਗ।

ਮੇਰੀ ਅੱਖ ਵਿਚ ਅੱਥਰੂ, ਸਮੁੰਦਰਾਂ ਦੇ ਬੱਚੇ,
ਵੇਖ ਕਿੰਨੇ ਨੇ ਅਸੀਲ, ਕਦੇ ਛੱਡਦੇ ਨਾ ਝੱਗ।

ਜਦੋਂ ਚੜ੍ਹਦੀ ਜਵਾਨੀ ਜਾਣ ਲਵੇ ਸਹੀ ਰਾਹ,
ਉਦੋਂ ਧੀਆਂ ਪੁੱਤ ਸਾਂਭ ਲੈਂਦੇ ਬਾਬਲੇ ਦੀ ਪੱਗ।

ਜਿਹੜੀ ਹਿੱਕ ਵਿਚ ਬਲੇ, ਓਹੀ ਬਣਦੀ ਜਵਾਲਾ,
ਨਾ ਇਹ ਸਿਵਿਆਂ 'ਚ ਬਲ਼ੇ, ਨਾ ਹੀ ਚੁੱਲ੍ਹੇ ਵਾਲੀ ਅੱਗ।

ਸਾਨੂੰ ਹੁਕਮਾਂ ਹਕੂਮਤਾਂ ਨੇ ਇਹੀ ਸਮਝਾਇਆ,
ਅੰਨ੍ਹੇ ਗੂੰਗੇ ਬੋਲੇ ਲੋਕ ਹੁੰਦੇ ਬੜੇ ਹੀ ਸੁਲੱਗ।

ਜਿੰਨ੍ਹਾਂ ਮੱਥਿਆਂ 'ਚ ਜਾਗ ਪਵੇ "ਬਾਬੇ" ਵਾਲੀ ਅੱਖ,
ਉਹ ਤਾਂ ਲੈਂਦੇ ਨੇ ਪਛਾਣ, ਝੂਠੇ ਸੱਜਣਾਂ 'ਚੋਂ ਠੱਗ।

1

੦

## ਅੰਬਰਾਂ ਨੂੰ ਉਡਾਰੀ ਭਰਨ ਲਈ

ਅੰਬਰਾਂ ਨੂੰ ਉਡਾਰੀ ਭਰਨ ਲਈ, ਅੱਖੀਆਂ 'ਚੋਂ ਨੀਂਦਰ ਟਾਲ਼ ਦਿਉ।
ਪੌਣਾਂ ਦੇ ਪੈਰੀਂ ਝਾਂਜਰ ਪਾ, ਧੜਕਣ ਨੂੰ ਸੁਰ ਤੇ ਤਾਲ ਦਿਉ।

ਜੇ ਮਨ ਮੰਦਿਰ ਦੀ ਬਸਤੀ ਵਿਚ ਨੇਰ੍ਹੇ ਦਾ ਵਾਸ ਰਿਹਾ ਏਦਾਂ,
ਰੂਹ ਵਾਲਾ ਚੰਬਾ ਖਿੜਨਾ ਨਹੀਂ, ਕਿਰਨਾਂ ਲਈ ਸੂਰਜ ਬਾਲ਼ ਦਿਉ।

ਅਣਦਿਸਦੀ ਚਾਰ ਦੀਵਾਰੀ ਵਿਚ, ਮੈਂ ਆਪੇ ਘਿਰਿਆ ਕੈਦੀ ਹਾਂ,
ਮੇਰੇ ਤੋਂ ਮੈਨੂੰ ਮੁਕਤ ਕਰੋ, ਉਇ ਸੱਜਣੋ ਮਿੱਤਰੋ ਨਾਲ ਦਿਉ।

ਜੇ ਚਾਹੋ ਬਰਕਤ ਘਰ ਆਵੇ, ਹਰਕਤ ਵੀ ਹਿੰਮਤ ਨਾਲ ਕਰੋ,
ਮੱਥੇ ਵਿੱਚ ਜੋਤ ਜਗਾਉ ਫਿਰ, ਪੈਰਾਂ ਨੂੰ ਸੁਜਾਖ਼ੀ ਚਾਲ ਦਿਉ।

ਇਹ ਜ਼ੋਰ ਜਵਾਨੀ ਮੁੜ ਮੁੜ ਕੇ, ਬੂਹੇ ਤੇ ਦਸਤਕ ਨਹੀਂ ਦੇਂਦੇ,
ਹੁਣ ਤੇਲ ਬਰੂਹੀਂ ਸ਼ਗਨਾਂ ਦਾ, ਖ਼ੁਦ ਅਪਣੇ ਹੱਥੀਂ ਢਾਲ ਦਿਉ।

ਬੰਦੇ 'ਚੋਂ ਬੰਦਾ ਦਿਸਦਾ ਨਹੀਂ, ਇਹ ਸ਼ਿਕਵਾ ਬਹੁਤ ਪੁਰਾਣਾ ਹੈ,
ਆਪੇ 'ਚੋਂ ਖ਼ੁਦ ਨੂੰ ਢੂੰਡ ਲਵੋ, ਰੱਬ ਪੱਥਰਾਂ ਅੰਦਰੋਂ ਭਾਲ਼ਦਿਉ।

ਵੱਡਿਆਂ ਦੀਆਂ ਪੈੜਾਂ ਨਾਪਦਿਆਂ, ਮੈਂ ਏਥੋਂ ਤੀਕਰ ਆਇਆ ਹਾਂ,
ਤੁਰਦੇ ਰਹੋ ਸਫ਼ਰ ਨਿਰੰਤਰ ਤੇ, ਓਇ ਰਾਹੀਓ ਪਿਛਲੀ ਪਾਲ਼ ਦਿਉ।

1

○

## ਦਰਦ ਸੁੱਤਾ ਜਦ ਕਦੇ ਵੀ ਜਾਗਦਾ ਹੈ

ਦਰਦ ਸੁੱਤਾ ਜਦ ਕਦੇ ਵੀ ਜਾਗਦਾ ਹੈ।
ਚੁੱਪ ਰਹਿ ਕੇ ਵੀ ਬੜਾ ਕੁਝ ਆਖਦਾ ਹੈ।

ਧਰਤੀਆਂ ਆਕਾਸ਼ ਸਾਗਰ ਬੋਲ ਰਹੇ ਨੇ,
ਫੇਰ ਵੀ ਹਾਲੇ ਬੜਾ ਕੁਝ ਅਣ-ਕਿਹਾ ਹੈ।

ਮੇਘਲਾ ਬਰਸਾਤ ਮੰਗਣ ਧਰਤ ਵਾਲੇ,
ਬੱਦਲੀਆਂ ਦੇ ਦਰਦ ਨੂੰ ਕਿਸ ਗੌਲ਼ਿਆ ਹੈ।

ਜਿਸਮ ਦੀ ਕਰਤੂਤ ਵੇਖੋ, ਆਪ ਜਿਸਨੇ,
ਅੱਜ ਤੀਕਰ ਰੂਹ 'ਚ ਨਾ ਮੁੜ ਝਾਕਿਆ ਹੈ।

ਤੂੰ ਮੇਰੇ ਸਾਹਾਂ 'ਚ ਬਰਸੀਂ ਪਿਆਸ ਬਣ ਕੇ,
ਰੂਹ 'ਚ ਕਿਣਮਿਣ ਕਰਨ ਤੋਂ ਕਿਸ ਵਰਜਿਆ ਹੈ।

ਮੈਂ ਵੀ ਓਸੇ ਮਿਰਗ ਦੀ ਜੂਨੇ ਪਿਆ ਹਾਂ,
ਜਿਸ ਦੀ ਖੁਸ਼ਬੂ, ਜ਼ਿੰਦਗੀ ਚੋਂ ਲਾਪਤਾ ਹੈ।

ਪਰਤਣਾ ਪੈਂਦਾ ਹੈ ਆਖ਼ਰ ਧਰਤ ਉੱਤੇ,
ਬਹੁਤ ਉੱਚਾ ਉੱਡ ਕੇ ਵੀ ਵੇਖਿਆ ਹੈ।

ਤੂੰ ਮੇਰੇ ਵਿਸ਼ਵਾਸ ਨੂੰ ਠੋਕਰ ਜੇ ਮਾਰੀ,
ਸਮਝ ਲਈਂ ਮੇਰੀ ਸਦੀਵੀ ਅਲਵਿਦਾ ਹੈ।

ਦਰਦ ਕੱਲ੍ਹੇ ਹੋਣ ਦਾ, ਮੈਂ ਕੀਹ ਸੁਣਾਵਾਂ,
ਸਿਖ਼ਰਲੀ ਟੀਸੀ ਤੇ ਉੱਗ ਦੇ ਵੇਖਿਆ ਹੈ।

1

○

## ਤੂੰ ਮਿਲੀ ਤਾਂ ਉਸ ਵੇਲੇ ਸਿਰ ਤੇ

ਤੂੰ ਮਿਲੀ ਤਾਂ ਉਸ ਵੇਲੇ ਸਿਰ ਤੇ ਕਾਲੀ ਰਾਤ ਸੀ।
ਚਾਰੇ ਪਾਸੇ ਉਸਤਰੇ ਸਨ, ਵਿੱਚ ਮੇਰੀ ਜ਼ਾਤ ਸੀ।

ਮੈਂ ਹੁੰਗਾਰਾ ਭਰਨ ਤੋਂ ਪਹਿਲਾਂ ਤਾਂ ਨਾਬਰ ਸੀ ਜ਼ਰੂਰ,
ਗੁਫ਼ਤਗੂ ਹੋਈ ਸ਼ੁਰੂ ਤਾਂ ਸਾਹਮਣੇ ਪ੍ਰਭਾਤ ਸੀ।

ਪਿਆਰ ਦਾ ਇਜ਼ਹਾਰ ਤੂੰ ਕੀਤਾ, ਮੈਂ ਅੰਬਰ ਹੋ ਗਿਆ,
ਚੰਨ ਤੇ ਸੂਰਜ ਵੀ ਰਲ ਕੇ ਸਾਡੇ ਅੱਗੇ ਮਾਤ ਸੀ।

ਮੈਂ ਵੀ ਪਿਆਲਾ ਜ਼ਹਿਰ ਦਾ ਪੀਂਦਾ ਕਿਵੇਂ ਨਾ ਦੋਸਤੋ,
ਮਾਪਿਆਂ ਨੇ ਮੇਰਾ ਨਾਂ ਜਦ ਰੱਖਿਆ ਸੁਕਰਾਤ ਸੀ।

ਨੇਤਰਾਂ 'ਚੋਂ ਨੀਰ ਕਿਣ ਮਿਣ ਵਰ੍ਹ ਰਿਹੈ ਅੰਦਰ ਨੂੰ ਵੇਖ,
ਫੇਰ ਨਾ ਆਖੀਂ ਤੂੰ ਇਹ ਬੇਮੌਸਮੀ ਬਰਸਾਤ ਸੀ।

ਵਾਵਰੋਲਾ ਮਹਿਕ ਦਾ ਆਇਆ ਤੇ ਆ ਕੇ ਤੁਰ ਗਿਆ,
ਰੋਕ ਲੈਂਦਾ ਓਸ ਨੂੰ, ਕਿੱਥੇ ਮੇਰੀ ਔਕਾਤ ਸੀ।

ਖੰਭ ਟੁੱਟਣ ਬਾਦ ਜੀਕੂੰ, ਸਹਿਕਦੇ ਪੰਛੀ ਉਦਾਸ,
ਤੇਰੇ ਪਿੱਛੋਂ ਹੋ ਗਏ ਕੁਝ, ਇਸ ਤਰ੍ਹਾਂ ਹਾਲਾਤ ਸੀ।

1

## ਵਗ ਰਹੇ ਦਰਿਆ 'ਚ ਸੂਰਜ

ਵਗ ਰਹੇ ਦਰਿਆ 'ਚ ਸੂਰਜ ਸ਼ਾਮ ਵੇਲੇ ਲਹਿ ਗਿਆ।
ਲਾਲਗੀ ਕੁਝ ਚਿਰ ਦਿਸੀ, ਫਿਰ ਉਹ ਵੀ ਮੰਜ਼ਰ ਵਹਿ ਗਿਆ।

ਮੈਂ ਖਲੋਤਾ ਰਾਤ ਸਾਰੀ, ਰਹਿ ਗਿਆ ਇਸ ਬੋਲ ਤੇ,
ਮੈਂ ਮੁੜਾਂਗਾ, ਕੱਲ੍ਹ ਸਵੇਰੇ, ਜਾਣ ਵਾਲਾ ਕਹਿ ਗਿਆ।

ਨਾ ਕਿਤੇ ਅਸਮਾਨ ਤੰਬੂ ਵਾਂਗ ਹੇਠਾਂ ਆ ਪਵੇ,
ਮੇਰੀ ਰੂਹ ਅੰਦਰ ਕਿਤੇ, ਡੂੰਘਾ ਜਿਹਾ ਡਰ ਛਹਿ ਗਿਆ।

ਮਹਿਕ ਭਿੱਜੀ ਪੌਣ ਸੀ ਜਾਂ ਰੱਬ ਜਾਣੇ ਕੌਣ ਸੀ,
ਸੁੰਘਿਆ, ਮਹਿਸੂਸਿਆ ਮੈਂ ਉਸ ਜਗ੍ਹਾ ਹੀ ਬਹਿ ਗਿਆ।

ਰਾਤ ਭਰ ਸੁਪਨੇ 'ਚ ਵੱਸਿਆ, ਦਿਨ ਚੜ੍ਹੇ ਤੇ ਤੁਰ ਗਿਆ,
ਇਤਰ ਦਾ ਤੂੰਬਾ ਜਿਵੇਂ ਧੜਕਣ ਮਿਰੀ ਨੂੰ ਖਹਿ ਗਿਆ।

ਠੋਕਰਾਂ ਦਰ ਠੋਕਰਾਂ ਖਾ ਕੇ ਵੀ ਸਾਬਤ ਹੈ ਅਜੇ,
ਭਰਮ-ਭਾਂਡਾ ਕਾਇਮ ਤੇਰੇ ਕਰਮ ਕਰਕੇ ਰਹਿ ਗਿਆ।

ਧਰਮ ਨੂੰ ਬਾਜ਼ਾਰ ਵਿਚ ਵਿਕਦਾ ਮੈਂ ਅੱਖੀਂ ਵੇਖਿਐ,
ਤੂੰ ਭੁਲੇਖਾ ਪਾਲ ਭਾਵੇਂ, ਮੇਰੇ ਮਨ ਤੋਂ ਲਹਿ ਗਿਆ।

## ਹੌਕੇ ਜਦ ਵੀ ਰੋ ਰੋ ਪੱਥਰ ਹੋ ਜਾਂਦੇ

ਹੌਕੇ ਜਦ ਵੀ ਰੋ ਰੋ ਪੱਥਰ ਹੋ ਜਾਂਦੇ।
ਅੱਥਰੂ ਆ ਕੇ ਜੰਮੀ ਰੱਤ ਨੂੰ ਧੋ ਜਾਂਦੇ।

ਕੁਝ ਕੌਡਾਂ ਲਈ ਬੰਦੇ ਵਿਕਦੇ ਵੇਖੇ ਨੇ,
ਲਾਲਚ ਖ਼ਾਤਰ ਅੰਨ੍ਹੇ ਬੋਲੇ ਹੋ ਜਾਂਦੇ।

ਦੋਧੇ ਵਸਤਰ, ਬਗਲੇ ਇੱਕ ਲੱਤ ਭਾਰ ਖੜ੍ਹੇ,
ਚਤੁਰ ਸ਼ਿਕਾਰੀ, ਬਹੁਤ ਨਿਮਾਣੇ ਹੋ ਜਾਂਦੇ।

ਜਿਹੜੇ ਲੋਕੀਂ ਧਰਤੀ ਮਾਂ ਨੂੰ ਮਾਂ ਸਮਝਣ,
ਅਪਣੀ ਰੱਤ ਵਿੱਚ ਤਨ ਦੀ ਮਿੱਟੀ ਗੋ ਜਾਂਦੇ।

ਮੇਰੀ ਜ਼ਾਤ ਔਕਾਤ ਨਹੀਂ ਸੀ ਲਿਖ ਸਕਦਾ,
ਕਈ ਵਾਰੀ ਬੱਸ 'ਸ਼ਬਦ' ਸਿਆਣੇ ਹੋ ਜਾਂਦੇ।

ਬੰਦੇ ਦੀ ਵਲਦੀਅਤ ਪੈਸਾ ਜਦ ਬਦਲੇ,
ਧਰਮ ਅਤੇ ਇਖ਼ਲਾਕ ਵੀ ਕਾਣੇ ਹੋ ਜਾਂਦੇ।

## ਤੈਨੂੰ ਜੇ ਦਸਤਾਰ ਵੀ ਸਿਰ ਤੇ ਭਾਰੀ ਹੈ

ਤੈਨੂੰ ਜੇ ਦਸਤਾਰ ਵੀ ਸਿਰ ਤੇ ਭਾਰੀ ਹੈ।
ਸਮਝ, ਪ੍ਰਾਹਣੀ ਫਿਰ ਤੇਰੀ ਸਰਦਾਰੀ ਹੈ।

ਜੇ ਤੇਰਾ ਮੂੰਹ ਦੁਖੇ ਪੰਜਾਬੀ ਬੋਲਦਿਆਂ,
ਸਮਝੀਂ ਤੇਰੀ ਜੜ੍ਹ ਤੇ ਫਿਰਦੀ ਆਰੀ ਹੈ।

ਧਰਤੀ ਦੀ ਮਰਿਆਦਾ ਕੌਣ ਸੰਭਾਲੇਗਾ,
ਧੀਆਂ ਪੁੱਤਰਾਂ ਦੀ ਇਹ ਜ਼ਿੰਮੇਵਾਰੀ ਹੈ।

ਬੋਲ ਸਲਾਮਤ ਰੱਖੀਂ, ਜੇ ਤੂੰ ਜੀਣਾ ਏਂ,
ਨਿਰਸ਼ਬਦਾਂ ਦਾ ਜੀਵਨ ਵੀ ਕਿਸ ਕਾਰੀ ਹੈ।

ਨਾਨਕ, ਬੁੱਲ੍ਹਾ, ਵਾਰਿਸ, ਬਾਹੂ ਜਾਂ ਫਿਰ ਕੌਣ?
ਮੈਨੂੰ ਪਿੱਛੋਂ, 'ਵਾਜ਼ ਕਿਸੇ ਨੇ ਮਾਰੀ ਹੈ।

ਗਰਦਨ ਸਿੱਧੀ ਰੱਖਣਾ ਕੋਈ ਸਹਿਲ ਨਹੀਂ,
ਤੂੰ ਕੀਹ ਜਾਣੇ, ਕਿੰਨੀ ਕੀਮਤ ਤਾਰੀ ਹੈ।

ਸੀਸ ਤਲੀ ਤੇ, ਧਰਦੇ ਲੋਕੀਂ ਮੁੱਕੇ ਨਹੀਂ,
ਸਫ਼ਰ ਨਿਰੰਤਰ ਹਾਲੇ ਤੱਕ ਵੀ ਜਾਰੀ ਹੈ।

'ਉੜਾ ਐੜਾ' ਦੁਨੀਆਂ ਅੰਦਰ ਰੁਲ ਚੱਲਿਆ,
ਏ ਬੀ ਸੀ ਦੀ ਹੁਕਮਰਾਨ ਸੰਗ ਯਾਰੀ ਹੈ।

ਸੰਗਲੀ ਬੱਧਾ ਸ਼ੇਰ, ਕਤੂਰਾ ਬਣ ਬੈਠਾ,
ਸੱਚ ਪੁੱਛੋ ਤਾਂ ਲਾਅਣਤ ਦਾ ਅਧਿਕਾਰੀ ਹੈ।

1

## ਜ਼ਿੰਦਗੀ ਦਾ ਹੱਕ ਖੋਹਣ ਵਾਲੇ

ਜ਼ਿੰਦਗੀ ਦਾ ਹੱਕ ਖੋਹਣ ਵਾਲੇ, ਬੋਲਣ ਦਾ ਹੱਕ ਮੰਗ ਰਹੇ ਨੇ।
ਜਦ ਜੀਅ ਚਾਹੇ, ਜਿਉਂ ਜੀਅ ਚਾਹੇ, ਵਕਤ ਨੂੰ ਸੂਲੀ ਟੰਗ ਰਹੇ ਨੇ।

ਸੱਥਰ ਵਿਛਦੇ ਵੇਖ, ਬਾਘੀਆਂ ਪਾਉਂਦੇ ਪਾਉਂਦੇ, ਇਹ ਕੀ ਹੋਇਆ,
ਆਪਣੀ ਵਾਰੀ ਮਿੱਟੀ ਹੋ ਗਏ, ਹੁਣ ਕਿਉਂ ਮਰਨੋਂ ਸੰਗ ਰਹੇ ਨੇ।

ਸ਼ਬਦਾਂ ਓਹਲੇ ਲੁਕਣ ਮਚਾਈਆਂ, ਖੇਡਣ ਵਾਲੇ ਖੇਖਣਹਾਰੇ,
ਥੋੜ੍ਹੇ ਬਹੁਤੇ ਫ਼ਰਕ ਨਾਲ ਸਭ ਹਥਿਆਰਾਂ ਦਾ ਅੰਗ ਰਹੇ ਨੇ।

ਸ਼ਾਸਤਰਾਂ ਨੂੰ ਪਿੱਛੇ ਕਰਕੇ, ਸੀਸ ਵਿਹੂਣਾ ਕਰਦੇ ਸਾਨੂੰ,
ਸ਼ਸਤਰ ਨੂੰ ਹੀ ਪੂਜੋ, ਲੁਕਵੇਂ ਹਰ ਵੈਰੀ ਦੇ ਢੰਗ ਰਹੇ ਨੇ।

ਸੱਜੇ ਹੱਥ ਤੋਂ ਚੋਰੀ ਚੋਰੀ, ਖੱਬਾ ਹੱਥ ਭਲਾ ਕੀਹ ਕਰਦਾ?
ਵਕਤ ਗੁਆ ਕੇ ਅਕਲਾਂ ਵਾਲੇ, ਹੁਣ ਕਿਉਂ ਏਨੇ ਦੰਗ ਰਹੇ ਨੇ।

ਚਿੱਟਾ ਪਰਚਮ ਹੱਥੀਂ ਲੈ ਕੇ, ਅਮਨ ਕੂਕਦੇ ਫਿਰਦੇ ਟੋਲੇ,
ਸਾਡਾ ਖ਼ੂਨ ਕਸ਼ੀਦ ਕੇ ਸਾਨੂੰ, ਆਪਣੇ ਰੰਗ ਵਿਚ ਰੰਗ ਰਹੇ ਨੇ।

ਨਾ ਬਾਬਰ ਹੁਣ ਕਾਬਲੋਂ ਆਵੇ, ਨਾ ਹੀ ਲਸ਼ਕਰ ਯੁੱਧ ਮਚਾਵੇ,
ਰੂਹਾਂ ਉੱਪਰ ਕਬਜ਼ਾ ਕਰਕੇ, ਹੁਣ ਤਾਂ ਜਾਬਰ ਡੰਗ ਰਹੇ ਨੇ।

1

o

## ਪੂਰਨ ਪੁੱਤ ਪਰਦੇਸੀਂ ਜਦ ਵੀ

ਪੂਰਨ ਪੁੱਤ ਪਰਦੇਸੀਂ ਜਦ ਵੀ ਕਰਨ ਕਮਾਈਆਂ ਤੁਰ ਜਾਂਦੇ ਨੇ।
ਕੱਚੇ ਕੋਠੇ ਸਣੇ ਬਨੇਰੇ, ਭੁਰਦੇ ਭੁਰਦੇ ਭੁਰ ਜਾਂਦੇ ਨੇ।

ਘਰ ਦਾ ਨਾਂ ਤਾਂ 'ਰੈਣ ਬਸੇਰਾ' ਰੱਖ ਲਿਆ ਸੀ ਵੇਖਾ ਵੇਖੀ,
ਯਾਦ ਨਹੀਂ ਸੀ ਸਗਲ ਮੁਸਾਫ਼ਿਰ, ਰਾਤਾਂ ਕੱਟ ਕੇ ਤੁਰ ਜਾਂਦੇ ਨੇ।

ਰਾਤੀਂ ਅੰਬਰ ਤੇ ਚੰਨ ਚੜ੍ਹਿਆ, ਤਾਰੇ ਲਿਸ਼ਕੇ, ਚਲੇ ਗਏ ਨੇ,
ਠੋਸ ਹਕੀਕਤ ਪੱਲੇ ਪਾ ਕੇ, ਕੱਚੇ ਸੁਪਨੇ ਖ਼ੁਰ ਜਾਂਦੇ ਨੇ।

ਧਰਤ ਸਮੁੰਦਰ, ਅੰਬਰ ਗਾਵੇ, ਜਿੰਦ ਸਾਹਵਾਂ ਵਿਚ ਘੁਲਦੀ ਜਾਵੇ,
ਕਣ ਕਣ ਵਿਚ ਖ਼ੁਸ਼ਬੋਈ ਦੇ ਸੰਗ, ਸ਼ਬਦ ਸਰੂਰੇ ਸੁਰ ਜਾਂਦੇ ਨੇ।

ਧਰਤ ਤਪੰਦੜੀ ਕਣੀਆਂ ਲੋੜੇ, ਸ਼ਾਇਰ ਹੈਂ ਤੂੰ ਖੁੱਲ੍ਹ ਕੇ ਵਰ੍ਹ ਜਾ,
ਬੋਲ-ਇਲਾਹੀ ਵੇਖੀਂ ਕਿੱਦਾਂ, ਰੂਹ ਦੇ ਅੰਦਰ ਧੁਰ ਜਾਂਦੇ ਨੇ।

ਵਕਤ ਬੜਾ ਹੀ ਜ਼ਾਲਮ ਸਾਈਂ, ਸਭ ਪਹਿਚਾਣੇ ਅਸਲੀ ਨਕਲੀ,
ਬਿਰਖ਼ ਸਲਾਮਤ ਰਹਿੰਦਾ, ਸਾਏ, ਨੇਰ੍ਹੇ ਦੇ ਵਿਚ ਖੁਰ ਜਾਂਦੇ ਨੇ।

ਜੇ ਧਰਤੀ ਦੇ ਨੇੜੇ ਰਹੀਏ, ਵਣ ਤ੍ਰਿਣ ਨਾਲ ਦੋਸਤੀ ਰੱਖੀਏ,
ਤੁਰਦੇ ਫਿਰਦੇ, ਗ਼ਜ਼ਲਾਂ ਵਰਗੇ, ਕਿੰਨੇ ਫੁਰਨੇ ਫੁਰ ਜਾਂਦੇ ਨੇ।

1

o

## ਕੱਚੇ ਵਿਹੜਿਆਂ ਨੇ ਜਿਹੜਾ ਸਾਨੂੰ

ਕੱਚੇ ਵਿਹੜਿਆਂ ਨੇ ਜਿਹੜਾ ਸਾਨੂੰ ਸਬਕ ਪੜ੍ਹਾਇਆ।
ਸੱਚੀਂ ਅੜੇ ਥੁੜੇ ਵੇਲੇ ਸਾਨੂੰ ਬੜਾ ਕੰਮ ਆਇਆ।

ਆਡਾਂ ਬੰਨ੍ਹਿਆਂ ਤੇ ਦੌੜਦੇ ਨਾ ਕਦੇ ਅਸੀਂ ਡਿੱਗੇ,
ਸੰਗਮਰਮਰ ਉੱਤੇ ਸਾਨੂੰ ਤੁਰਨਾ ਨਾ ਆਇਆ।

ਤੈਨੂੰ ਘੇਰਨੈਂ ਮੁਸੀਬਤਾਂ ਨੇ ਹੋਵੀਂ ਨਾ ਉਦਾਸ,
ਮੈਨੂੰ ਤਲਖ਼ ਹਕੀਕਤਾਂ ਨੇ ਇਹੀ ਏ ਸਿਖਾਇਆ।

ਖੁਦ ਬਣਨਾ ਪਿਆ ਤਾਂ ਪੁੱਤ ਬਣੀਂ ਸਦਾ ਰੁੱਖ,
ਮੇਰੇ ਮਾਪਿਆਂ ਨੇ ਮੈਨੂੰ ਸਦਾ ਏਹੀ ਸਮਝਾਇਆ।

ਮੇਰੀ ਰੂਹ ਵਿਚ ਜੀਣ ਸਦਾ ਧੀਆਂ ਤੇ ਧਰੇਕਾਂ,
ਏਸੇ ਕਰਕੇ ਮੈਂ ਚਿੜੀਆਂ ਨੂੰ ਕਦੇ ਨਹੀਂ ਉਡਾਇਆ।

ਜਦੋਂ ਮੁੱਕ ਜਾਵੇ ਜ਼ਿੰਦਗੀ ਦੇ ਦੀਵੇ ਵਿਚੋਂ ਤੇਲ,
ਬੱਤੀ ਆਂਦਰਾਂ ਦੀ ਬਾਲ, ਸਾਡੀ ਰੱਤ ਨੇ ਜਗਾਇਆ।

ਮੇਰੇ ਮੋਢਿਆਂ 'ਤੇ ਚੜ੍ਹ ਕੇ ਜੇ ਬੌਣੇ ਖੁਸ਼ ਹੋਏ,
ਮੇਰਾ ਮਿੱਟੀ ਦਾ ਵਜੂਦ, ਚਲੋ! ਕਿਸੇ ਕੰਮ ਆਇਆ।

1

○

## ਮਨ ਦਾ ਬਗੀਚਾ ਭਰਪੂਰ ਜਿਹਾ ਰਹਿੰਦਾ ਏ

ਮਨ ਦਾ ਬਗੀਚਾ ਭਰਪੂਰ ਜਿਹਾ ਰਹਿੰਦਾ ਏ।
ਅੱਖੀਆਂ 'ਚ ਤਾਹੀਓਂ ਹੀ ਸਰੂਰ ਜਿਹਾ ਰਹਿੰਦਾ ਏ।

ਮੈਂ ਵੀ ਕਿਤੇ ਬੈਠਿਆ ਹਾਂ, ਧੁਰ ਤੇਰੇ ਦਿਲ ਵਿਚ,
ਏਸੇ ਲਈ ਹੀ ਅੱਖੀਆਂ 'ਚ ਨੂਰ ਜਿਹਾ ਰਹਿੰਦਾ ਏ।

ਤਾਰਿਆਂ ਨੂੰ ਝੋਰਾ ਖਾਵੇ, ਕੱਲ੍ਹੇ ਕੱਲ੍ਹੇ ਹੋਣ ਵਾਲਾ,
ਕਾਹਦਾ ਫਿਰ ਚੰਨ ਨੂੰ ਗਰੂਰ ਜਿਹਾ ਰਹਿੰਦਾ ਏ।

ਬੇਲਿਆਂ 'ਚ ਵੰਝਲੀ ਉਦਾਸ ਜਦੋਂ ਬੋਲਦੀ,
ਦਿਲ ਦਾ ਪਰਿੰਦਾ, ਮੈਥੋਂ ਦੂਰ ਜਿਹਾ ਰਹਿੰਦਾ ਏ।

ਇਕ ਪਾਸੇ ਵਾਢੀਆਂ ਤੇ ਦੂਜੇ ਪਾਸੇ ਫੁੱਲ ਵੀ ਨੇ,
ਏਸ ਰੁੱਤੇ ਅੰਬਾਂ ਨੂੰ ਵੀ ਬੂਰ ਜਿਹਾ ਰਹਿੰਦਾ ਏ।

ਜਦੋਂ ਕਦੇ ਕਰੇ ਕੋਸੇ ਸਾਹਾਂ ਦੀ ਟਕੋਰ ਮੈਨੂੰ,
ਓਸ ਪਿੱਛੋਂ ਦਿਲ ਮਖ਼ਮੂਰ ਜਿਹਾ ਰਹਿੰਦਾ ਏ।

ਜਦੋਂ ਵੀ ਸਵੇਰ ਸਾਰ ਬੋਲ ਤੇਰੇ ਪੈਣ ਕੰਨੀਂ,
ਓਸ ਦਿਨ ਦਿਲ ਪੁਰਨੂਰ ਜਿਹਾ ਰਹਿੰਦਾ ਏ।

l

○

## ਸ਼ਹਿਰ ਆ ਕੇ ਦਿਲ ਮਗਰੂਰ ਜਿਹਾ ਹੋ ਗਿਆ

ਸ਼ਹਿਰ ਆ ਕੇ ਦਿਲ ਮਗਰੂਰ ਜਿਹਾ ਹੋ ਗਿਆ।
ਖੁਸ਼ੀਆਂ ਦਾ ਡੇਰਾ ਤਾਹੀਓਂ ਦੂਰ ਜਿਹਾ ਹੋ ਗਿਆ।

ਫੁੱਲਾਂ ਵਿਚ ਰੰਗ, ਖੁਸ਼ਬੋਈ ਮੇਰੇ ਅੰਗ ਸੰਗ,
ਕਣ ਕਣ ਮਹਿਕ ਭਰਪੂਰ ਜਿਹਾ ਹੋ ਗਿਆ।

ਜਿਸਮਾਂ ਨੂੰ ਛੱਡ ਇਹ ਤਾਂ ਮਿੱਟੀ ਦੀਆਂ ਢੇਰੀਆਂ,
ਦਿਲ ਵੀ ਤਾਂ ਪਹਿਲਾਂ ਨਾਲੋਂ ਦੂਰ ਜਿਹਾ ਹੋ ਗਿਆ।

ਜਾਬਰਾਂ ਦੇ ਵੱਸ ਵੇਖ ਨਾਬਰਾਂ ਦੀ ਜ਼ਿੰਦਗੀ,
ਸਾਬਰਾਂ ਦਾ ਦਿਲ ਕਿਉਂ ਮਨੂਰ ਜਿਹਾ ਹੋ ਗਿਆ।

ਲਾਲ-ਪੀਲਾ ਹੋਈ ਜਾਵੇਂ, ਚਿੱਟੇ ਖ਼ੂਨ ਵਾਲਿਆ,
ਜਾਪੇ ਤੂੰ ਵੀ ਧਰਤੀ ਤੋਂ ਦੂਰ ਜਿਹਾ ਹੋ ਗਿਆ।

ਆਈ ਏ ਆਵਾਜ਼ ਮੈਨੂੰ ਦੁੱਲੇ ਵਾਲੀ ਬਾਰ 'ਚੋਂ,
ਰਾਵੀ ਦਿਆਂ ਪੱਤਣਾਂ ਤੇ ਨੂਰ ਜਿਹਾ ਹੋ ਗਿਆ।

ਗ਼ਜ਼ਲਾਂ 'ਚੋਂ ਲੱਭ ਲਵੀਂ, ਦੱਸੀਂ ਤੂੰ ਪਛਾਣ ਕੇ,
ਮੈਥੋਂ ਮੇਰਾ ਪਿੰਡ ਕਿਵੇਂ ਦੂਰ ਜਿਹਾ ਹੋ ਗਿਆ।

l

o

## ਭੋਲਿਆਂ ਪਰਿੰਦਿਆਂ ਨੂੰ ਜਦੋਂ ਕੋਈ ਠੱਗਦਾ

ਭੋਲਿਆਂ ਪਰਿੰਦਿਆਂ ਨੂੰ ਜਦੋਂ ਕੋਈ ਠੱਗਦਾ।
ਮੈਨੂੰ ਸਦਾ ਆਪਣਾ ਕਸੂਰ ਜਿਹਾ ਲੱਗਦਾ।

ਧਰਤੀ ਦਾ ਪੁੱਤ ਬਣ, ਏਨੀ ਗੱਲ ਜਾਣ ਲੈ,
ਫ਼ਲ ਨਾਲੋਂ ਪਹਿਲਾਂ ਸਦਾ ਬੂਰ ਜਿਹਾ ਲੱਗਦਾ।

ਨੇਰ੍ਹ ਤੇ ਸਵੇਰ ਦਾ ਵਿਰੋਧ ਨਹੀਓ ਮੁੱਕਣਾ,
ਰਾਤਾਂ ਨੂੰ ਤਾਂ ਐਵੇਂ ਹੀ ਫਤੂਰ ਜਿਹਾ ਲੱਗਦਾ।

ਪੀਣ ਵਾਲੀ ਇਨ੍ਹਾਂ ਕੋਲ ਇਕ ਸੁੱਚੀ ਤਿੱਪ ਨਹੀਂ,
ਸਾਗਰਾਂ ਨੂੰ ਫ਼ੋਕਾ ਕਿਉਂ ਗਰੂਰ ਜਿਹਾ ਲੱਗਦਾ।

ਵਿੱਚੋਂ ਤਪੀ ਮਿੱਟੀ ਤੇ ਪਕਾਵੇ ਬੀਬੀ ਰੋਟੀਆਂ,
ਬਾਹਰੋਂ ਠੰਢਾ ਠਾਰ ਕਿਉਂ ਤੰਦੂਰ ਜਿਹਾ ਲੱਗਦਾ।

ਚੁੰਮਦਾ ਦਲ਼ੀਜ਼ ਇਹਦੀ ਸੂਰਜਾ ਸਵੇਰ ਸ਼ਾਮ,
ਧਰਤੀ ਨੂੰ ਐਵੇਂ ਮਗਰੂਰ ਜਿਹਾ ਲੱਗਦਾ।

ਜਿੰਨ੍ਹਾ ਸਾਡਾ ਗੁਰੂ ਦੇ ਸੰਦੇਸ਼ੜੇ ਤੋਂ ਫ਼ਾਸਲਾ,
ਓਨਾ ਨਨਕਾਣਾ ਸਾਨੂੰ ਦੂਰ ਜਿਹਾ ਲੱਗਦਾ।

1

o

## ਡਰਦੇ ਹਾਂ ਧੁੱਪਾਂ ਕੋਲੋਂ ਛਾਵਾਂ ਦੇ ਗ਼ੁਲਾਮ ਹਾਂ

ਡਰਦੇ ਹਾਂ ਧੁੱਪਾਂ ਕੋਲੋਂ ਛਾਵਾਂ ਦੇ ਗ਼ੁਲਾਮ ਹਾਂ।
ਘੁੱਗੀਆਂ ਦੇ ਬੱਚੇ ਵਾਂਗੂ ਕਾਵਾਂ ਦੇ ਗ਼ੁਲਾਮ ਹਾਂ।

ਆਲ੍ਹਣੇ ਨਾ ਪੈਂਦੇ ਸਾਡੇ, ਪੱਕਿਆਂ ਮਹੱਲਾਂ ਵਿੱਚ,
ਰੁੱਖਾਂ ਦੀਆਂ ਟਾਹਣੀਆਂ ਜਹੇ ਥਾਵਾਂ ਦੇ ਗ਼ੁਲਾਮ ਹਾਂ।

ਤਰਨਾ ਜੇ ਜਾਣਦੇ ਤਾਂ ਪਾਰ ਲੰਘ ਜਾਂਦੇ ਅਸੀਂ,
ਹੁਣ ਤਾਂ ਸ਼ੈਤਾਨ ਜਹੇ ਮਲਾਹਵਾਂ ਦੇ ਗ਼ੁਲਾਮ ਹਾਂ।

ਕੱਢਿਆ ਫਰੰਗੀ ਨੂੰ ਸੀ ਗੈਰ ਖ਼ੂਨ ਜਾਣ ਕੇ ਹੀ,
ਹੁਣ ਕੀਹਨੂੰ ਦੱਸੀਏ ਭਰਾਵਾਂ ਦੇ ਗ਼ੁਲਾਮ ਹਾਂ।

ਫ਼ਸਲਾਂ ਦੇ ਸਾਂਈਂ ਅਸੀਂ ਅੰਨ-ਦਾਤੇ ਦੁਨੀਆਂ ਦੇ,
ਸਾਰਾ ਕੁਝ ਹੁੰਦੇ ਸੁੰਦੇ ਸ਼ਾਹਵਾਂ ਦੇ ਗ਼ੁਲਾਮ ਹਾਂ।

ਸੜਕਾਂ, ਹਵਾਈ ਅੱਡੇ, ਰੇਲ-ਗੱਡੀ, ਸਾਡਾ ਕੀਹ ਏ?
ਪੈਰੋਂ ਨੰਗੇ ਅਸੀਂ ਕੱਚੇ ਰਾਹਵਾਂ ਦੇ ਗ਼ੁਲਾਮ ਹਾਂ।

ਜ਼ਾਤਾਂ, ਗੋਤਾਂ, ਧਰਮਾਂ ਨੇ ਬਟਿਆਂ 'ਚ ਵੰਡਿਆ ਹੈ,
ਰੁਲ਼ ਕੇ ਵੀ ਅਸੀਂ ਹਾਲੇ ਨਾਵਾਂ ਦੇ ਗ਼ੁਲਾਮ ਹਾਂ।

ਆਪਣੀ ਔਕਾਤ, ਜ਼ਾਤ ਕਦੇ ਵੀ ਪਛਾਣੀਏ ਨਾ,
ਮੰਡੀ ਵਿਚ ਟੰਗੇ ਹੋਏ ਭਾਵਾਂ ਦੇ ਗ਼ੁਲਾਮ ਹਾਂ।

ਜੰਮਿਆ ਤੇ ਪਾਲ਼ਿਆ, ਸੰਭਾਲ਼ਿਆ ਹੈ ਤਿੰਨਾਂ ਨੇ ਹੀ,
ਮਾਤ-ਭੂਮ, ਬੋਲੀ ਅਤੇ ਮਾਵਾਂ ਦੇ ਗ਼ੁਲਾਮ ਹਾਂ।

1

o

## ਹਨ੍ਹੇਰੇ ਦੀ ਰਿਆਸਤ ਵੇਖ ਕੇ ਜੇ ਡਰ ਗਏ ਹੁੰਦੇ

ਹਨ੍ਹੇਰੇ ਦੀ ਰਿਆਸਤ ਵੇਖ ਕੇ ਜੇ ਡਰ ਗਏ ਹੁੰਦੇ।
ਅਸੀਂ ਵੀ ਸ਼ਾਮ ਢਲਣੋਂ ਬਹੁਤ ਪਹਿਲਾਂ ਘਰ ਗਏ ਹੁੰਦੇ।

ਜੇ ਚੂਰੀ ਖਾਣ ਦੀ ਆਦਤ ਪਕਾ ਲੈਂਦੇ ਤਾਂ ਕੀਹ ਹੁੰਦਾ,
ਅਸੀਂ ਜਿਸਮਾਂ ਦੀ ਮੌਤੋਂ, ਬਹੁਤ ਪਹਿਲਾਂ ਮਰ ਗਏ ਹੁੰਦੇ।

ਮੈਂ ਦਾਤਾ ਬਣਨ ਵਾਲੀ ਰੀਝ ਦਾ ਧੰਨਵਾਦ ਕਰਦਾ ਹਾਂ,
ਜੇ ਰਲ਼ਦੇ ਮੰਗਤਿਆਂ ਵਿਚ, ਧੁਰ ਜ਼ਮੀਰੋਂ ਠਰ ਗਏ ਹੁੰਦੇ।

ਨਿਰੰਤਰ ਜੀਣ ਦੀ ਇੱਛਾ ਨੂੰ ਆਪਾਂ ਮਰਨ ਨਾ ਦਿੱਤਾ,
ਇਹੀ ਜੇ ਡੁੱਬ ਜਾਂਦੀ, ਲਾਸ਼ ਵਾਂਗੂੰ ਤਰ ਗਏ ਹੁੰਦੇ।

ਨਹੀਂ ਜੇਤੂ ਅਸੀਂ ਪਰ ਵੇਖ ਲਉ ਸਿੱਧੇ ਖਲੋਤੇ ਹਾਂ,
ਅਸੀਂ ਵੀ ਰੀਂਘਦੇ ਹੋਣਾ ਸੀ, ਜੇਕਰ ਹਰ ਗਏ ਹੁੰਦੇ।

ਕਿਵੇਂ ਦੁੱਲੇ ਤੋਂ ਬੁੱਲ੍ਹੇ ਤੀਕ ਆਪਾਂ ਪਹੁੰਚਦੇ ਯਾਰੋ,
ਅਸੀਂ ਤਲਵਾਰ ਤੋਂ ਜਾਂ ਤੀਰ ਤੋਂ ਜੇ ਡਰ ਗਏ ਹੁੰਦੇ।

ਅਸੀਂ ਰਾਹਵਾਂ 'ਚ ਗੁੰਮ ਜਾਵਣ ਤੋਂ ਕਿੰਜ ਬਚਣਾ ਸੀ ਹਮਸਫ਼ਰੋ,
ਵਡੇਰੇ ਮਮਟੀਆਂ ਤੇ ਜੇ ਨਾ ਦੀਵੇ ਧਰ ਗਏ ਹੁੰਦੇ।

1

o

## ਲਾਵੀਂ ਨਾ ਗਮਲੇ ਵਿਚ

ਲਾਵੀਂ ਨਾ ਗਮਲੇ ਵਿਚ, ਧਰਤੀ 'ਚ ਉਗਾ ਮੈਨੂੰ।
ਜੜ੍ਹ ਡੂੰਘੀ ਫ਼ੈਲਰ ਕੇ, ਮਹਿਕਣ ਦਾ ਚਾਅ ਮੈਨੂੰ।

ਖ਼ੁਸ਼ਬੂ ਮਹਿਸੂਸ ਕਰੀਂ, ਚਾਵਾਂ ਵਿਚ, ਸਾਹਵਾਂ ਵਿਚ,
ਮੰਡੀ ਵਿਚ ਵੇਚੀਂ ਨਾ, ਮਿੱਟੀ ਦੇ ਭਾਅ ਮੈਨੂੰ।

ਦਮ ਮੇਰਾ ਘੁਟਦਾ ਹੈ, ਪਥਰੀਲੇ ਘਰ ਅੰਦਰ,
ਮੈਂ ਜੀਣਾ ਚਾਹੁੰਦੀ ਹਾਂ, ਲੈ ਲੈਣ ਦੇ ਸਾਹ ਮੈਨੂੰ।

ਜੰਗਲ ਦੀ ਛੋਹਰੀ ਹੈਂ, ਤੂੰ ਮੇਰੀ ਪੋਰੀ ਹੈਂ,
ਮੈਂ ਆਖਿਆ ਵੰਝਲੀ ਨੂੰ, ਕੋਈ ਤਾਨ ਸੁਣਾ ਮੈਨੂੰ।

ਪਹਿਚਾਣ ਜ਼ਰਾ ਮੈਨੂੰ, ਮੈਂ ਤੇਰੀ ਸ਼ਕਤੀ ਹਾਂ,
ਟਾਹਣਾਂ ਨੂੰ ਛੇੜ ਜ਼ਰਾ ਤੇ ਪੌਣ ਝੁਲਾ ਮੈਨੂੰ।

ਤੂੰ ਦੂਰ ਖਲੋਵੀਂ ਨਾ, ਮਗਰੂਰ ਨਾ ਹੋ ਜਾਵੀਂ,
ਜੇ ਆਪ ਨਹੀਂ ਆਉਣਾ ਤਾਂ ਕੋਲ ਬੁਲਾ ਮੈਨੂੰ।

ਵੇਦਨ ਹਾਂ ਭਟਕ ਰਹੀ, ਬਿਨ ਦੇਹੀ ਅਜ਼ਲਾਂ ਤੋਂ,
ਸੁਰਤਾਲ ਚ ਬੰਨ੍ਹ ਮੈਨੂੰ ਤੇ ਗ਼ਜ਼ਲ ਬਣਾ ਮੈਨੂੰ।

1

੦

## ਆਪਸ ਦੇ ਵਿਚ ਕਿਉਂ ਲੜਦੇ ਹਾਂ

ਆਪਸ ਦੇ ਵਿਚ ਕਿਉਂ ਲੜਦੇ ਹਾਂ, ਦੁਸ਼ਮਣ ਤਾਂ ਕੋਈ ਹੋਰ ਹੈ।
ਪੁਤਲੀਗਰ ਨੂੰ ਕਿਉਂ ਨਹੀਂ ਫੜਦੇ, ਜਿਸਦੇ ਹੱਥ ਵਿਚ ਡੋਰ ਹੈ।

ਚੋਰ ਚੋਰ ਦਾ ਰੌਲਾ ਪਾਉਂਦੇ, ਚੋਰ ਗੁਆ ਕੇ ਬਹਿ ਗਏ ਹਾਂ,
ਉਹ ਤਾਂ ਚੁੱਪ ਚੁਪੀਤਾ ਬੈਠਾ, ਜਿਸਦੇ ਮਨ ਵਿਚ ਚੋਰ ਹੈ।

ਉੱਚੀ 'ਵਾਜ਼ ਵਜਾ ਕੇ ਵਾਜੇ, ਦਰ-ਦਰਵਾਜ਼ੇ ਤੋੜ ਰਿਹੈ,
ਚੌਂਕ ਚੁਰਸਤੇ ਫਿਰੇ ਭਟਕਦਾ, ਇਹ ਤਾਂ ਮਨ ਦਾ ਸ਼ੋਰ ਹੈ।

ਬਿਰਖ਼ਾਂ ਦੇ ਰਖਵਾਲੇ ਬਹਿ ਗਏ ਆਰੇ ਲਾ ਕੇ ਜੰਗਲ ਵਿਚ,
ਹਿੱਸੇ ਆਉਂਦਾ ਚੀਰੀ ਜਾਂਦੇ, ਜਿੰਨਾ ਜਿੰਨਾ ਜ਼ੋਰ ਹੈ।

ਸਾਲਮ ਸਾਬਤ ਚਿਹਰੇ ਵਾਲਾ ਕਦ ਤੱਕ ਭਰਮ ਸੰਭਾਲੇਂਗਾ,
ਜਿਹੜਾ ਅੰਦਰੋਂ ਤਿੜਕ ਗਿਆ ਏ, ਉਹ ਸ਼ੀਸ਼ਾ ਤਾਂ ਹੋਰ ਹੈ।

ਮੂੰਹ ਵਿਚ ਰਾਮ, ਬਗਲ ਵਿਚ ਛੁਰੀਆਂ ਰੱਖਣ ਵਾਲੇ ਦੱਸਦੇ ਨੇ,
ਧਰਮ ਅਤੇ ਇਨਸਾਫ਼ ਦਾ ਰਾਖਾ ਖ਼ੁਦ ਵੀ ਆਦਮਖੋਰ ਹੈ।

ਉੱਚੇ ਬਿਰਖ਼ ਮੁਹੱਬਤਾਂ ਵਾਲੇ, ਸਿਰ ਤੇ ਛਾਵਾਂ ਤਣਦੇ ਨੇ,
ਤਾਂਹੀ ਪੈਲਾਂ ਪਾਉਂਦਾ, ਗਾਉਂਦਾ, ਮਨ ਮੰਦਰ ਦਾ ਮੋਰ ਹੈ।

1

੦

## ਡਾਲਰਾਂ ਦੇ ਅੱਗੇ ਮੁੱਲ ਘਟਿਆ

ਡਾਲਰਾਂ ਦੇ ਅੱਗੇ ਮੁੱਲ ਘਟਿਆ ਰੁਪਈਆਂ ਦਾ।
ਪੈ ਗਿਆ ਪਟਾਕਾ ਸਾਡੇ ਭਰਮਾਂ ਦੇ ਪਹੀਆਂ ਦਾ।

ਚੱਬ ਜਾਊ ਸਾਨੂੰ ਮੰਡੀ ਆਲਮੀ ਦਾ ਦਿਓ-ਦੈਂਤ,
ਪਿੱਛੋਂ ਪਤਾ ਲੱਗਦੈ ਸਿਆਣੇ ਦੀਆਂ ਕਹੀਆਂ ਦਾ।

ਸੱਜਰੀ ਪਕਾ ਕੇ ਦੇਣ ਵਾਲੀ ਬੇਬੇ ਮਰ ਗਈ,
ਢੇਰ ਹੈ ਫਰਿੱਜ ਵਿਚ ਬੇਹੀਆਂ ਤਰ ਬੇਹੀਆਂ ਦਾ।

ਘੜ ਨਾ ਬਹਾਨੇ, ਤੁਰ ਕਾਫ਼ਲੇ ਦੇ ਨਾਲ-ਨਾਲ,
ਬਣੀ ਨਾ ਮਜੌਰ ਵੀਰਾ, ਪਿੱਛੇ ਪੈੜਾਂ ਰਹੀਆਂ ਦਾ।

ਮੁੱਲ ਕਦੇ ਮੰਗਿਆ, ਸ਼ਹੀਦਾਂ ਨਾ ਮੁਰੀਦਾਂ ਨੇ,
ਕੀਤਾ ਨਾ ਵਿਖਾਵਾ, ਸੱਟਾਂ ਮੌਰਾਂ ਉੱਤੇ ਸਹੀਆਂ ਦਾ।

ਸੁਰਗਾਂ ਨੂੰ ਵੇਚ ਨਾ ਤੂੰ ਨਰਕਾਂ ਦਾ ਡਰ ਦੇ ਕੇ,
ਪਾਂਧਿਆ ਤੂੰ ਛੱਡ ਖਹਿੜਾ, ਪੱਤਰੀਆਂ ਵਹੀਆਂ ਦਾ।

ਅਕਲੇ ਨੀ ਅਕਲੇ, ਤੂੰ ਰੋਕ ਨਾ ਦੀਵਾਨਗੀ ਤੋਂ,
ਕਤਲਗਾਹ 'ਚ ਮੁੱਲ ਕੀਹ ਏ ਦੱਸ ਤੇਰੇ ਜਹੀਆਂ ਦਾ।

1

੦

## ਜ਼ਿੰਦਗੀ ਖ਼ਾਤਰ ਹੁਣ ਕਿਉਂ ਆਪਾਂ

ਜ਼ਿੰਦਗੀ ਖ਼ਾਤਰ ਹੁਣ ਕਿਉਂ ਆਪਾਂ ਮਰਦੇ ਨਹੀਂ।
ਜੋ ਚਾਹੀਦੈ, ਉਹ ਕਿਉਂ ਆਪਾਂ ਕਰਦੇ ਨਹੀਂ।

ਪੌਣੀ ਸਦੀ ਗੁਜ਼ਾਰ ਲਈ ਹੈ ਹੰਝੂਆਂ ਨੇ,
ਸੰਤਾਲੀ ਦੇ ਜ਼ਖ਼ਮ ਅਜੇ ਵੀ ਭਰਦੇ ਨਹੀ।

ਰਾਵੀ ਦੇ ਉਰਵਾਰ ਪਾਰ ਰੁੱਖ ਇੱਕੋ ਜਹੇ,
ਮੈਨੂੰ, ਤੈਨੂੰ ਇਹ ਕਿਉਂ ਛਾਵਾਂ ਕਰਦੇ ਨਹੀਂ।

ਸਿਖ਼ਰ ਦੁਪਹਿਰੇ ਡਾਕੂ ਤੱਕੀਏ, ਲੁਕ ਜਾਈਏ,
ਓਦਾਂ ਕਹੀਏ, ਅਸੀਂ ਕਿਸੇ ਤੋਂ ਡਰਦੇ ਨਹੀ।

ਹੌਕੇ ਭਰਦੀ, ਮਰਦੀ ਜ਼ਖ਼ਮੀ ਰੂਹ ਖ਼ਾਤਰ,
ਹਮਦਰਦੀ ਦੇ ਬੋਲ ਵੀ ਸਾਥੋਂ ਸਰਦੇ ਨਹੀਂ।

ਦੇਣ ਦਿਲਬਰੀ ਆਏ ਪਾਰ ਸਮੁੰਦਰਾਂ ਤੋਂ,
ਭੁੱਲੀਂ ਨਾ, ਇਹ ਬੰਦੇ ਆਪਣੇ ਘਰ ਦੇ ਨਹੀਂ।

ਲੀਕਾਂ ਦੀ ਰਖਵਾਲੀ ਕਰਦੇ ਰਹਿ ਗਏ ਆਂ,
ਚੋਰ ਲੁਟੇਰੇ ਤਾਹੀਓਂ ਸਾਥੋਂ ਡਰਦੇ ਨਹੀ।

1

੦

## ਏਸ ਆਜ਼ਾਦੀ ਅੱਥਰੂ ਦਿੱਤੇ

ਏਸ ਆਜ਼ਾਦੀ ਅੱਥਰੂ ਦਿੱਤੇ, ਜਸ਼ਨ ਮਨਾ ਨਹੀਂ ਹੋਇਆ।
ਅੱਖੀਆਂ ਦੀ ਮਜ਼ਬੂਰੀ ਮੈਥੋਂ, ਹੰਝ ਲੁਕਾ ਨਹੀਂ ਹੋਇਆ।

ਖਾ ਗਏ ਲੱਖ ਕਰੋੜਾਂ ਰੀਝਾਂ, ਤਖ਼ਤਾਂ ਤਾਜਾਂ ਵਾਲੇ,
ਸਾਥੋਂ ਇਕ ਵੀ ਹੌਕਾ ਦਿਲ ਵਿਚ, ਦਰਦ ਪਚਾ ਨਹੀਂ ਹੋਇਆ।

ਆਈ ਆਜ਼ਾਦੀ ਢੋਲ ਵਜਾਵੇਂ, ਚਾਹਵੇਂ ਰਲ ਕੇ ਨੱਚੀਏ
ਤੇਰੇ ਨਾਲ ਕਦੇ ਵੀ ਮਨ ਦਾ ਮੋਰ ਨਚਾ ਨਹੀਂ ਹੋਇਆ।

ਤੇਰੇ ਤੋਂ ਇਨਸਾਫ਼ ਮਿਲੇਗਾ, ਮੇਰੀ ਰੂਹ ਨਾ ਮੰਨੇ,
ਧੱਕੇ ਜਰਦੇ ਜਰਦੇ ਮੈਥੋਂ, ਮਨ ਸਮਝਾ ਨਹੀਂ ਹੋਇਆ।

ਤੇਰੇ ਝੂਠੇ ਲਾਰੇ ਤੇ ਵਿਸ਼ਵਾਸ ਕਰੇ ਹੁਣ ਕਿਹੜਾ,
ਜਦ ਕਿ ਤੈਥੋਂ ਅੱਜ ਤੱਕ ਇਕ ਵੀ ਬੋਲ ਪੁਗਾ ਨਹੀਂ ਹੋਇਆ।

ਚਾਰ-ਚੁਫ਼ੇਰੇ ਦੁਸ਼ਮਣ ਫ਼ੌਜਾਂ, ਜੇ ਤੂੰ ਅੱਜ ਹੈਂ ਕੱਲ੍ਹਾ,
ਤੈਥੋਂ ਵੀ ਤਾਂ ਆਪਣਾ ਟੱਬਰ, ਗਲ਼ ਨੂੰ ਲਾ ਨਹੀਂ ਹੋਇਆ।

ਦੇਸ਼ ਦੀ ਖ਼ਾਤਰ ਸੂਲੀ ਚੜ੍ਹ ਗਏ, ਅੰਬਰ ਤਾਰੇ ਬਣ ਗਏ,
ਸੂਰਮਿਆਂ ਦਾ ਅੱਜ ਤੱਕ ਸਾਥੋਂ, ਕਰਜ਼ ਚੁਕਾ ਨਹੀਂ ਹੋਇਆ।

ਰਾਵੀ ਦੇ ਉਰਵਾਰ ਪਾਰ ਹੜ੍ਹ ਚੜ੍ਹਿਆਂ ਲੋਕੀਂ ਡੁੱਬੇ,
ਆਜ਼ਾਦੀ ਦਾ ਤੋਹਫ਼ਾ ਸਾਥੋਂ ਕਦੇ ਭੁਲਾ ਨਹੀਂ ਹੋਇਆ।

ਮੱਥੇ ਤੇ ਕਾਲਖ ਦਾ ਟਿੱਕਾ, ਲਾ ਗਿਆ ਸੰਨ ਸੰਤਾਲੀ,
ਪੌਣੀ ਸਦੀ ਗੁਜ਼ਾਰਨ ਮਗਰੋਂ, ਇਹ ਵੀ ਲਾਹ ਨਹੀਂ ਹੋਇਆ।

1

## ਤਪਿਆ ਖਪਿਆ ਸੂਰਜ ਸ਼ਾਮੀਂ

ਤਪਿਆ ਖਪਿਆ ਸੂਰਜ ਸ਼ਾਮੀਂ 'ਨੇਰ੍ਹੇ ਦੇ ਘਰ ਢਲ਼ ਜਾਂਦਾ ਹੈ।
ਸਾਡੇ ਪਿੰਡ ਦਾ ਕਹਿਣਾ ਇਹ ਤਾਂ ਚੋਰਾਂ ਦੇ ਸੰਗ ਰਲ਼ ਜਾਂਦਾ ਹੈ।

ਮਿੱਟੀ ਦਾ ਕਲਬੂਤ ਵਿਚਾਰਾ, ਸਿਰ ਤੇ ਚੁੱਕ ਹੰਕਾਰ ਦੀ ਗੱਠੜੀ,
ਚਹੁੰ ਕਣੀਆਂ ਦੀ ਮਾਰ ਨਾ ਝੱਲੇ, ਖੜ੍ਹਾ ਖਲੋਤਾ ਗਲ਼ ਜਾਂਦਾ ਹੈ।

ਸਤਿਜੁਗ ਤੋਂ ਅੱਜ ਤੀਕ ਫ਼ਰੋਲੋ, ਸਦੀਆਂ ਦਾ ਇਤਿਹਾਸ ਪਛਾਣੋ,
ਸੋਨ-ਮਿਰਗ ਕਿਉਂ ਹਰ ਵਾਰੀ ਹੀ ਸੀਤਾ ਮਈਆ ਛਲ ਜਾਂਦਾ ਹੈ।

ਦੁਸ਼ਮਣ ਦੀ ਨਾਭੀ ਵਿਚ ਸਿੱਧਾ ਤੀਰ ਨਿਸ਼ਾਨੇ ਤੇ ਨਹੀਂ ਲੱਗਦਾ,
ਏਸੇ ਕਰਕੇ ਬਿਰਖ਼ ਬਦੀ ਦਾ ਹੋਰ ਵਧੇਰੇ ਫ਼ਲ ਜਾਂਦਾ ਹੈ।

ਬਦਰੂਹਾਂ ਤੋਂ ਮੁਕਤੀ ਖ਼ਾਤਰ, ਨਾਟਕ ਦੀ ਥਾਂ ਹਿੰਮਤ ਕਰੀਏ,
ਸਦੀਆਂ ਤੋਂ ਕਾਗਜ਼ ਦਾ ਰਾਵਣ ਆਏ ਵਰ੍ਹੇ ਹੀ ਜਲ਼ ਜਾਂਦਾ ਹੈ।

ਸਾਡੇ ਵਿਚੋਂ ਬਹੁਤੇ ਲੋਕੀਂ ਚੁੱਪ ਰਹਿੰਦੇ ਨੇ, ਕੁਝ ਨਹੀਂ ਕਹਿੰਦੇ,
ਜਿਉਂ ਬਿੱਲੀ ਨੂੰ ਭਰਮ ਕਿ ਏਦਾਂ ਆਇਆ ਖ਼ਤਰਾ ਟਲ ਜਾਂਦਾ ਹੈ।

ਸੱਚ ਬੋਲਣ ਤੋਂ ਡਰ ਜਾਂਦੇ ਹਾਂ, ਕੁਰਸੀ ਖ਼ਾਤਰ ਮਰ ਜਾਂਦੇ ਹਾਂ,
ਤਾਹੀਓਂ ਵਕਤ ਹਮੇਸ਼ਾਂ ਸਾਡੇ ਮੂੰਹ ਤੇ ਕਾਲਖ਼ ਮਲ਼ ਜਾਂਦਾ ਹੈ।

1

## ਚਾਤਰ ਸ਼ਾਤਰ ਸਾਨੂੰ ਪੁੱਠੇ ਸਬਕ

ਚਾਤਰ ਸ਼ਾਤਰ ਸਾਨੂੰ ਪੁੱਠੇ ਸਬਕ ਪੜ੍ਹਾਈ ਜਾਂਦੇ ਨੇ।
ਬੋਹੜ ਦਾ ਬੂਟਾ ਛਾਂਗ ਛਾਂਗ ਗਮਲੇ ਵਿਚ ਲਾਈ ਜਾਂਦੇ ਨੇ।

ਤੋਤੇ ਵਾਂਗ ਰਟਾਉਂਦੇ ਬੋਲੀ, ਜੋ ਕੁਝ ਉਨ੍ਹਾਂ ਨੂੰ ਏ ਪੁੱਗਦਾ
ਚੂਰੀ ਬਦਲੇ ਕੀਹ ਕੁਝ ਸਾਡੇ ਮੂੰਹ ਵਿਚ ਪਾਈ ਜਾਂਦੇ ਨੇ।

ਕੁਝ ਲੋਕੀਂ ਤਾਂ ਕੀਮਖਾਬ ਤੇ ਰੇਸ਼ਮ ਪਾਉਂਦੇ ਵੀ ਔਖੇ,
ਉਹ ਵੀ ਤਾਂ ਇਨਸਾਨ ਜੋ ਤਨ ਦਾ ਮਾਸ ਹੰਢਾਈ ਜਾਂਦੇ ਨੇ।

ਕੁੱਲ ਦੁਨੀਆਂ ਦੀ ਇੱਕੋ ਮੰਡੀ ਸਿਰਜਣ ਵਾਲੇ ਵੇਖ ਲਵੋ,
ਬੰਦੇ ਦੀ ਰੂਹ ਅੰਦਰ ਡੂੰਘੀਆਂ ਲੀਕਾਂ ਪਾਈ ਜਾਂਦੇ ਨੇ।

ਪੁਤਲੀਗਰ ਪਏ ਨਾਚ ਨਚਾਉਂਦੇ, ਕਿੱਥੇ ਬੈਠੇ ਦਿਸਦੇ ਨਹੀਂ,
ਫ਼ਰਜ਼ਾਂ ਦੀ ਥਾਂ ਗ਼ਰਜ਼ਾਂ ਵਾਲੀ ਤਾਰ ਹਿਲਾਈ ਜਾਂਦੇ ਨੇ।

ਲਹਿ ਗਏ ਪਾਣੀ, ਮਾਲ੍ਹ ਤਰੀ ਹੈ, ਉੱਜੜ ਗਏ ਖ਼ੂਹ ਗੀੜਾਂ ਦੇ,
ਖ਼ਾਲੀ ਟਿੰਡਾਂ ਵਰਗੇ ਸੁਪਨੇ ਹੁਣ ਵੀ ਆਈ ਜਾਂਦੇ ਨੇ।

ਪਾਥੀਆਂ ਦੀ ਅੱਗ ਬਾਲ, ਤਪਾ ਕੇ, ਧਰਤੀ ਮਾਂ ਦੇ ਸੀਨੇ ਨੂੰ,
ਮੀਂਹ ਮੰਗਦੇ ਸ਼ਰਧਾਲੂ ਅੱਜ ਵੀ ਰੋਟ ਪਕਾਈ ਜਾਂਦੇ ਨੇ।

ਕੰਕਰੀਟ ਦੇ ਜੰਗਲ ਵਾਸੀ, ਪੱਥਰ ਹੋ ਗਏ ਅੰਦਰੋਂ ਵੀ,
ਬਿਰਧ-ਘਰਾਂ ਦੀ ਕਰਨ ਉਸਾਰੀ, ਬਿਰਖ਼ ਮੁਕਾਈ ਜਾਂਦੇ ਨੇ।

ਤਨ ਦੇਸੀ ਪਰ ਮਨ ਪਰਦੇਸੀ ਹੌਲੀ ਹੌਲੀ ਹੋ ਜਾਂਦੇ,
ਪਿੰਡਾਂ ਵਾਲੇ ਜਦ ਸ਼ਹਿਰਾਂ ਵਿਚ ਕਰਨ ਕਮਾਈ ਜਾਂਦੇ ਨੇ।

1

o

## ਰੋ ਰੋ ਮੈਥੋਂ ਗੀਤ ਬਣਾਇਆ

ਰੋ ਰੋ ਮੈਥੋਂ ਗੀਤ ਬਣਾਇਆ ਜਾਣਾ ਨਹੀਂ।
ਹੌਕੇ ਭਰ ਕੇ ਜਸ਼ਨ ਮਨਾਇਆ ਜਾਣਾ ਨਹੀਂ।

ਨੇਤਰਦਾਨ ਕਰਨ ਦੀ ਸਿੱਖਿਆ ਦੇਂਦੇ ਹੋ,
ਆਪ ਤੁਸਾਂ ਨੇ ਕਿਸਨੂੰ ਕੀਤਾ ਕਾਣਾ ਨਹੀਂ।

ਨਸ਼ਿਆਂ ਦੀ ਭੱਠੀ ਨੂੰ ਚਾੜ੍ਹੀ ਬੈਠੇ ਹੋ,
ਦਾਰੂ ਪੀ ਕੇ ਮਰਨਾ, ਰੱਬ ਦਾ ਭਾਣਾ ਨਹੀਂ।

ਨਾਗ-ਵਰਮੀਆਂ ਦੀ ਹੀ ਪੂਜਾ ਹੁੰਦੀ ਹੈ,
ਐਸੀ ਥਾਂ ਤੇ ਮੇਰਾ ਆਉਣਾ ਜਾਣਾ ਨਹੀਂ।

ਅਸਲੀ, ਨਕਲੀ ਅੱਥਰੂ ਤੁਰੰਤ ਪਛਾਣ ਲਵੇ,
ਕਮਲਾ ਵੀ ਨਹੀਂ, ਦਿਲ ਜੋ ਬਹੁਤ ਸਿਆਣਾ ਨਹੀਂ।

ਸੱਜਰੇ ਧੋਖੇ ਖਾਧੇ ਤਾਹੀਂਓ ਡਰਦਾ ਹਾਂ,
ਮੇਰਾ ਬੇ-ਵਿਸ਼ਵਾਸੀ ਰੋਗ ਪੁਰਾਣਾ ਨਹੀਂ।

ਵਰਜ ਦਈਂ ਤੂੰ, ਜੇ ਵਿਸ਼ਵਾਸੋਂ ਡੋਲਾਂ ਮੈਂ,
ਮੇਰਾ ਕੁਝ ਨਹੀਂ ਰਹਿਣਾ, ਤੇਰਾ ਜਾਣਾ ਨਹੀਂ।

1

o

## ਸਰਦ ਪਹਾੜੋਂ ਮਹਿਕਾਂ ਭਿੱਜੀ ਪੌਣ

ਸਰਦ ਪਹਾੜੋਂ ਮਹਿਕਾਂ ਭਿੱਜੀ ਪੌਣ ਜਦੋਂ ਵੀ ਆਉਂਦੀ ਹੈ।
ਟਾਹਣੀ, ਟਾਹਣੀ ਪੱਤੇ, ਪੱਤੇ, ਰੁੱਖ ਨੂੰ ਗੀਤ ਸੁਣਾਉਂਦੀ ਹੈ।

ਤਪਦੀ ਧਰਤੀ ਉਤੇ ਪਹਿਲੀਆਂ ਕਣੀਆਂ ਜੀਕੂੰ
ਮਹਿਕਦੀਆਂ, ਅਣਦਿਸਦੀ ਖੁਸ਼ਬੋਈ ਮੈਨੂੰ ਏਦਾਂ ਕੋਲ ਬੁਲਾਉਂਦੀ ਹੈ।

ਰੋਮ ਰੋਮ ਵਿਚ ਕੀਹ ਤੁਰਦਾ ਹੈ, ਸੱਚ ਜਾਣੀਂ, ਇਹ ਸਮਝ ਨਹੀਂ,
ਧਰਤ ਸੁਹਾਵੀ ਪਤਾ ਨਹੀਂ ਕੀਹ, ਅਨਹਦ-ਰਾਗ ਅਲਾਉਂਦੀ ਹੈ।

ਮੈਂ ਕਿਉਂ ਜੰਗਲ ਜੰਗਲ ਭਟਕਾਂ, ਤਨ ਦੀ ਪਿਆਸ ਮਿਟਾਵਣ ਲਈ,
ਅੰਦਰੋਂ ਫੁੱਟਦੀ ਆਬਸ਼ਾਰ ਵਿਚ, ਰੂਹ ਤਾਂ ਰੋਜ਼ ਨਹਾਉਂਦੀ ਹੈ।

ਸੀਸ ਕਟਾਵੇ, ਕਲਮ ਕਹਾਵੇ, ਸ਼ਬਦ ਜਗਾਵੇ ਕਾਲਖ਼ 'ਚੋਂ,
ਕੋਰੇ ਕਾਗ਼ਜ਼ ਉੱਤੇ ਤਾਹੀਓਂ, ਲਿਖ ਲਿਖ ਹੁਕਮ ਚਲਾਉਂਦੀ ਹੈ।

ਯਾਦਾਂ ਦੀ ਦੋਮੂੰਹੀਂ ਨਾਗਣ, ਮੇਰਾ ਖਹਿੜਾ ਛੱਡਦੀ ਨਹੀਂ,
ਰੋਜ਼ ਰਾਤ ਨੂੰ ਸੁਪਨੇ ਅੰਦਰ ਮੈਨੂੰ ਆਣ ਜਗਾਉਂਦੀ ਹੈ।

ਵਣ-ਹਰਿਆਲੇ ਸੁੱਕ ਚੱਲੇ ਨੇ, ਸਰਵਰ ਸੱਖਣੇ ਪਾਣੀ ਤੋਂ,
ਖੜ੍ਹੀ ਖ਼ਜੂਰ ਸੜਕ ਦੇ ਕੰਢੇ, ਮੈਨੂੰ ਬਹੁਤ ਡਰਾਉਂਦੀ ਹੈ।

1

o

## ਖੇਤਾਂ ਦੀ ਲਾਲੀ ਹਰਿਆਲੀ

ਖੇਤਾਂ ਦੀ ਲਾਲੀ ਹਰਿਆਲੀ ਢੋਰ ਉਜਾੜੀ ਜਾਂਦੇ ਨੇ।
ਫ਼ਿਕਰ ਫ਼ਾਕਿਆਂ ਵਾਲੀਆਂ ਫ਼ੌਜਾਂ, ਸਿਰ 'ਤੇ ਚਾੜ੍ਹੀ ਜਾਂਦੇ ਨੇ।

ਵੱਡੀਆਂ ਵੱਡੀਆਂ ਕਾਰਾਂ ਵਾਲੇ ਕਾਬਜ਼ ਹੋ ਗਏ ਸੜਕਾਂ ਤੇ,
ਰਿਕਸ਼ੇ ਵਾਲੇ ਨੂੰ ਕਿਉਂ ਵਰਦੀਧਾਰੀ ਤਾੜੀ ਜਾਂਦੇ ਨੇ।

ਬਹੁਬਲ ਤੇ ਕਾਲੇ ਧਨ ਦਾ ਗੰਢ-ਚਿਤਰਾਵਾ ਕੁਰਸੀ ਨਾਲ,
ਅਪਣੇ ਟਿੱਬਿਆਂ ਉੱਤੇ ਰਲ਼ ਕੇ ਪਾਣੀ ਚਾੜ੍ਹੀ ਜਾਂਦੇ ਨੇ।

ਅਪਣੇ ਦੇਸ਼ ਪੰਜਾਬ 'ਚ ਅੱਜ ਕੱਲ੍ਹ ਲਾਉਣ ਖ਼ਜੂਰਾਂ ਵੇਖ ਲਵੋ,
ਸੋਹਣੇ ਵਰਕੇ ਫੁੱਲਾਂ ਵਾਲੇ, ਮਾਲੀ ਪਾੜੀ ਜਾਂਦੇ ਨੇ।

ਧਰਤੀ-ਪੁੱਤਰੋ ਵਿਕ ਨਾ ਜਾਇਉ, ਏਨੀ ਗੱਲ ਨੂੰ ਜਾਣ ਲਵੋ,
ਮਿੱਠਾ ਮਹੁਰਾ ਦੇ ਧਨਵੰਤੇ ਪਿੰਡ ਉਜਾੜੀ ਜਾਂਦੇ ਨੇ।

ਸਾਨੂੰ ਧੱਕੇ ਮਾਰ ਮਾਰ ਕੇ ਨੂੰ ਕਰੇ ਲਾਉਂਦੇ ਹਰ ਵੇਲੇ,
ਰਾਜ-ਘਰਾਣੇ ਪੁੱਤ-ਭਤੀਜੇ ਸੰਸਦ ਵਾੜੀ ਜਾਂਦੇ ਨੇ।

ਨੇਰ੍ਹੀ ਵੀ ਮੂੰਹ ਜ਼ੋਰ ਚੜ੍ਹੀ ਹੈ, ਖਿੱਲਰਿਆ ਘਰ ਵੇਖ ਲਵੋ,
ਤਖ਼ਤਾਂ ਵਾਲੇ, ਮਹਿਲਾਂ ਖ਼ਾਤਰ, ਕੁੱਲੀਆਂ ਸਾੜੀ ਜਾਂਦੇ ਨੇ।

1

o

## ਅੰਦਰੋਂ ਕੁੰਡੀ ਮਾਰਨ ਵਾਲੇ

ਅੰਦਰੋਂ ਕੁੰਡੀ ਮਾਰਨ ਵਾਲੇ ਏਸ ਤਰ੍ਹਾਂ ਕਿਉਂ ਡਰਦੇ ਨੇ।
ਦੌਲਤ 'ਕੱਠੀ ਕਰਦੇ ਪਹਿਲਾਂ, ਮਗਰੋਂ ਰਾਖੀ ਕਰਦੇ ਨੇ।

ਭਰਮ-ਭੁਲੇਖਾ ਦੀਵੜਿਆਂ ਨੂੰ ਆਪੋ ਅਪਣੀ ਅਗਨੀ ਦਾ,
ਲਾਟਾਂ ਨਾਲ ਰੋਜ਼ਾਨਾ ਖੇਡਣ, ਜੁਗਨੂੰ ਕਿੱਥੇ ਮਰਦੇ ਨੇ?

ਰੂਹ ਦੀ ਤਲਬ, ਮੁਹੱਬਤ ਕਹਿ ਲੈ, ਦੇ ਲੈ ਨਾਮ ਹਜ਼ਾਰਾਂ ਤੂੰ,
ਏਸ ਵਣਜ ਵਿਚ ਘੱਟੀ ਏਹੋ, ਦਿਲ ਹਰਜਾਨੇ ਭਰਦੇ ਨੇ।

ਪਹਿਲਾਂ ਬੀਜ ਗੁਆਵੇ ਹਸਤੀ, ਬਿਰਖ਼ ਬਣੇ ਤੇ ਤਣ ਜਾਵੇ,
ਜਿਉਂਦੇ ਬੰਦੇ ਏਸ ਤਰ੍ਹਾਂ ਹੀ ਧੁੱਪਾਂ ਛਾਵਾਂ ਜਰਦੇ ਨੇ।

ਜਿੰਨ੍ਹਾਂ ਤੋਂ ਤੂੰ ਲੁਕਦਾ ਫਿਰਦੈਂ ਸ਼ਾਮ ਸਵੇਰੇ ਰਾਤਾਂ ਨੂੰ,
ਏਹੀ ਕਸ਼ਟ ਉਸਾਰਨ ਬੰਦਾ, ਇਹ ਤਾਂ ਸਾਡੇ ਘਰ ਦੇ ਨੇ।

ਅੱਗ ਦੇ ਗੋਲੇ ਵਰਗਾ ਸੂਰਜ, ਤਪੀਆ ਹੈ, ਤਪ ਕਰਦਾ ਹੈ,
ਏਸ ਤਪੱਸਿਆ ਕਾਰਨ ਹੀ ਤਾਂ ਫੁੱਲਾਂ ਵਿਚ ਰੰਗ ਭਰਦੇ ਨੇ।

ਵਾਹੋਦਾਹੀ ਤੁਰਦੇ ਬੰਦੇ, ਗਿਣਦੇ ਨਹੀਉਂ ਮੀਲਾਂ ਨੂੰ,
ਕਦਮ ਕਦਮ ਦਰ, ਕਦਮ ਕਦਮ ਦਰ, ਪੈਰ ਅਗਾਂਹ ਨੂੰ ਧਰਦੇ ਨੇ।

1

੦

## ਦਿਸਦਾ ਵੀ ਨਹੀਂ, 'ਵਾਜ਼ ਨਾ ਆਵੇ

ਦਿਸਦਾ ਵੀ ਨਹੀਂ, 'ਵਾਜ਼ ਨਾ ਆਵੇ, ਕੌਣ ਸੁਨੇਹੇ ਘੱਲਦਾ ਹੈ?
ਕਿਹੜਾ ਮੈਨੂੰ ਏਨਾ ਚਾਹਵੇ, ਰੌਲਾ ਏਸੇ ਗੱਲ ਦਾ ਹੈ?

ਖ਼ੁਸ਼ਬੂ ਖ਼ੁਸ਼ਬੂ ਚਾਨਣ ਚਾਨਣ, ਲੂੰ ਲੂੰ, ਕਣ ਕਣ ਲਰਜ਼ਾਵੇ,
ਬੰਦ ਬੂਹਿਆਂ ਨੂੰ ਚੀਰ ਕੇ ਕਿਹੜਾ ਤਖ਼ਤ ਦਿਲਾਂ ਦਾ ਮੱਲਦਾ ਹੈ?

ਨਾ ਡਾਚੀ ਦੀ ਪੈੜ ਨਾ ਟੱਲੀਆਂ ਟੁਣਕਦੀਆਂ ਦੀ 'ਵਾਜ਼ ਸੁਣੇ,
ਅੱਖਾਂ ਨੂਟ ਲਵਾਂ ਤਾਂ ਨਕਸ਼ਾ ਦਿਸਦਾ ਮਾਰੂ-ਥੱਲ ਦਾ ਹੈ।

ਨੀਂਦਰ ਆਵੇ ਸੌਂ ਜਾਂਦਾ ਹਾਂ, ਬਿੜਕਾਂ ਸੁਣਦਾ ਰਹਿੰਦਾ ਹਾਂ,
ਜਾਗਾਂ ਨਾ ਮੈਂ, ਸੁਪਨਾ ਟੁੱਟ ਜੂ, ਧੁੜਕੂ ਏਹੀ ਸੱਲਦਾ ਦਾ ਹੈ।

ਬੀਤੇ ਦਾ ਪਛਤਾਵਾ ਹੈ ਨਹੀਂ, ਅੱਜ ਨੂੰ ਰੱਜ ਕੇ ਮਾਣ ਰਿਹਾਂ,
ਇਕਲਾਪੇ ਦਾ ਕੀਹ ਕਰਨਾ ਹੈ, ਇਹ ਤਾਂ ਮਸਲਾ ਕੱਲ੍ਹ ਦਾ ਹੈ।

ਅਗਨ ਲਗਨ ਦੀ ਮਘਨ ਅੰਗੀਠੀ, ਹੁਣ ਤੀਕਰ ਤਾਂ ਬੁਝ ਜਾਂਦੀ,
ਜ਼ਿੰਦਗੀ ਦਾ ਹੀ ਇਸ਼ਕ ਨਿਰੰਤਰ ਇਸ ਨੂੰ ਪੱਖੀਆਂ ਝੱਲਦਾ ਹੈ।

ਚੋਰ, ਸਿਪਾਹੀ ਲੁਕਣ ਮਚਾਈ ਖੇਡ ਖੇਡ ਕੇ ਥੱਕਦੇ ਨਹੀਂ,
ਵੇਖ ਰਹੇ ਨੇ ਲੋਕ, ਤਮਾਸ਼ਾ, ਕਿਹੜਾ ਕਿਸਦੇ ਵੱਲ ਦਾ ਹੈ।

1

੦

## ਸੁਣੋ ਸੁਣਾਵਾਂ ਬੋਲ ਜੋ ਪੁਰਖੇ

ਸੁਣੋ ਸੁਣਾਵਾਂ ਬੋਲ ਜੋ ਪੁਰਖ਼ੇ ਕਹਿ ਗਏ ਨੇ।
ਗ਼ਰਜ਼ਾਂ ਲਈ ਕਿਉਂ ਬੰਦੇ ਨਿੱਕੇ ਰਹਿ ਗਏ ਨੇ।

ਸਖ਼ਤ ਵਿਗੋਚਾ ਅੰਬਰ ਨੂੰ ਇਸ ਗੱਲ ਦਾ ਹੈ,
ਉੱਡਦੇ ਉੱਡਦੇ ਪੰਛੀ ਹੁਣ ਕਿਉਂ ਬਹਿ ਗਏ ਨੇ।

ਤੇਰੇ ਇਕ ਵਿਸ਼ਵਾਸ ਸਹਾਰੇ ਤੁਰਿਆ ਹਾਂ,
ਦੋਚਿੱਤੀ ਦੇ ਪੈਂਖੜ ਪੈਰੋਂ ਲਹਿ ਗਏ ਨੇ।

ਕੰਪਿਊਟਰ ਦੀ ਹੁਕਮ ਅਦੂਲੀ ਕਿਸ ਕੀਤੀ,
ਘੁੰਮਦੇ ਪਹੀਏ ਚੱਲਦੇ ਲੀਹੋਂ ਲਹਿ ਗਏ ਨੇ।

ਲੋਕ-ਰਾਜ ਦੀ ਲਾੜੀ ਲੈ ਗਏ ਥੈਲੀ ਸ਼ਾਹ,
ਸੀਸ-ਕਟਾਵੇ ਹੌਕੇ ਭਰਦੇ ਰਹਿ ਗਏ ਨੇ।

ਅੱਧ-ਅਸਮਾਨੇ ਸਾਡੀ ਗੁੱਡੀ ਬੋਅ ਹੋਈ,
ਡੋਰ, ਚਰਖ਼ੜੀ ਜ਼ਖ਼ਮੀ ਹੱਥ ਵਿਚ ਰਹਿ ਗਏ ਨੇ।

ਸੜਕਾਂ ਕੰਢੇ ਰੁੱਖ ਹਰਿਆਲੇ ਕਿੱਧਰ ਗਏ,
ਮੁੱਢ ਵਿਚਾਰੇ ਏਥੋਂ ਜੋਗੇ ਰਹਿ ਗਏ ਨੇ।

1

੦

## ਹਿੰਮਤ ਦੀ ਥਾਂ ਰਹਿੰਦੇ ਹੌਕੇ ਭਰਦੇ ਜੀ

ਹਿੰਮਤ ਦੀ ਥਾਂ ਰਹਿੰਦੇ ਹੌਕੇ ਭਰਦੇ ਜੀ।
ਓਹੀ ਲੋਕੀਂ ਮੌਤੋਂ ਪਹਿਲਾਂ ਮਰਦੇ ਜੀ।

ਬਦ-ਇਖ਼ਲਾਕੇ ਨਾਲ ਯਾਰਾਨਾ ਕਿਉਂ ਰੱਖੀਏ,
ਮੈਂ ਸੁਣਿਆ ਪਰਛਾਵੇਂ ਗੱਲਾਂ ਕਰਦੇ ਜੀ।

ਕੱਚੇ ਘਰ ਦੀ ਥੰਮ੍ਹੀ ਕਿਹੜਾ ਬਣਦਾ ਹੈ,
ਮਹਿਲਾਂ ਦੀ ਰਖਵਾਲੀ ਸਾਰੇ ਕਰਦੇ ਜੀ।

ਜਕੜੀ ਬੈਠਾ ਤੰਦੂਆ ਜਿਉਂਦੇ ਲੋਕਾਂ ਨੂੰ,
ਚੋਰਾਂ ਨੂੰ ਵੀ ਚੋਰ ਕਹਿਣ ਤੋਂ ਡਰਦੇ ਜੀ।

ਨੱਕ ਰਗੜਦੈਂ, ਦਾਨੀ ਬਣਦੈਂ, ਭੁੱਲੀ ਨਾਂਹ,
ਚੋਰ ਮਨਾਂ ਦੇ ਏਦਾਂ ਕਿੱਥੇ ਮਰਦੇ ਜੀ।

ਘਰ ਪਹੁੰਚਣ ਤੱਕ ਇਕ ਵੀ ਚੇਤੇ ਨਹੀਂ ਰਹਿੰਦੀ,
ਸਿਵਿਆਂ ਅੰਦਰ ਲੋਕ ਜੋ ਗੱਲਾਂ ਕਰਦੇ ਜੀ।

ਰੂਹ ਨੂੰ ਕਰਨ ਹਲਾਲ, ਜੀਭ ਦੀ ਨਸ਼ਤਰ ਸੰਗ,
ਪਤਾ ਨਹੀਂ ਕਿਉਂ ਲੋਕੀਂ ਏਦਾਂ ਕਰਦੇ ਜੀ?

l

੦

## ਜਿਵੇਂ ਗੁਲਾਬ ਖਿੜੇ ਤੇ ਟਹਿਕੇ

ਜਿਵੇਂ ਗੁਲਾਬ ਖਿੜੇ ਤੇ ਟਹਿਕੇ ਏਸ ਤਰ੍ਹਾਂ ਮੁਸਕਾਇਆ ਕਰ ਤੂੰ।
ਦਿਲ-ਦਰਵਾਜ਼ੇ ਖੁੱਲ੍ਹੇ ਥਾਈਂ, ਜਦ ਰੂਹ ਮੰਨੇ ਆਇਆ ਕਰ ਤੂੰ।

ਲੰਮ ਸਲੰਮੀ ਕਾਲ਼ੀ ਨਾਗਣ, ਗ਼ਮ ਦੀ ਰਾਤ ਕਦੇ ਨਾ ਮੁੱਕੇ,
ਅੰਨ੍ਹੀ ਸੁਰੰਗ, ਉਦਾਸ ਬੜੀ ਹੈ, ਇਸ ਅੰਦਰ ਨਾ ਜਾਇਆ ਕਰ ਤੂੰ।

ਸੁੱਤਿਆਂ ਨੂੰ ਤਾਂ ਸਗਲ-ਸਬੂਤੇ, ਖਾ ਜਾਂਦੀ ਹੈ ਰਾਤ ਹਨ੍ਹੇਰੀ,
ਸ਼ਾਮ ਢਲਦਿਆਂ, ਮਨ ਦੀ ਮਮਟੀ ਦੀਵੇ ਚਾਰ ਜਗਾਇਆ ਕਰ ਤੂੰ।

ਕੰਕਰੀਟ ਦੇ ਜੰਗਲ ਅੰਦਰ, ਬਣ ਨਾ ਜਾਵੀਂ ਸਿਲ ਤੇ ਪੱਥਰ,
ਕੱਚਾ ਵਿਹੜਾ ਰੱਖ ਲੈ ਕੁਝ ਤਾਂ, ਵੇਲਾਂ ਬੂਟੇ ਲਾਇਆ ਕਰ ਤੂੰ।

ਲੰਮੀ ਚੁੱਪ ਦੇ ਪੱਕੇ ਜੰਦਰੇ, ਮਾਰਨ ਲੱਗਿਆਂ ਚੇਤੇ ਰੱਖੀਂ,
ਨਿਰਸ਼ਬਦੇ, ਬਿਨ ਸਾਜ਼ ਸੁਰੀਲੇ ਖ਼ੁਦ ਨੂੰ ਗੀਤ ਸੁਣਾਇਆ ਕਰ ਤੂੰ।

ਮੇਰਾ ਕੀ ਹੈ, ਮੈਂ ਤਾਂ ਧੜਕਣ, ਹਰ ਸਾਹ ਰਹਿਣਾ ਰੰਗ ਸੰਗ ਤੇਰੇ,
ਫੁੱਲ ਖ਼ੁਸ਼ਬੋਈ ਟਾਹਣੀ ਉੱਤੇ, ਲਰਜ਼ ਲਰਜ਼ ਲਹਿਰਾਇਆ ਕਰ ਤੂੰ।

ਕਈ ਜਨਮਾਂ ਦੇ ਵਿੱਛੜੇ ਭਾਵੇਂ, ਹੁਣ ਵੀ ਨੇੜ ਨਹੀਂ ਜੇ ਕੋਈ,
ਨਾਲ ਸਵਾਸਾਂ ਆਸਾਂ ਮੌਲਣ, ਬਹੁਤਾ ਨਾ ਪਛਤਾਇਆ ਕਰ ਤੂੰ।

l

੦

## ਦਿਲ ਨਾ ਛੱਡੀਂ, ਏਦਾਂ ਸੁਪਨੇ ਮਰ ਜਾਂਦੇ ਨੇ

ਦਿਲ ਨਾ ਛੱਡੀਂ, ਏਦਾਂ ਸੁਪਨੇ ਮਰ ਜਾਂਦੇ ਨੇ।
ਹੌਕਾ ਨਾ ਭਰ, ਜਗਦੇ ਦੀਵੇ ਡਰ ਜਾਂਦੇ ਨੇ।

ਵਿੱਛੜਨ ਵੇਲੇ ਲੱਗਦੈ, ਜ਼ਿੰਦਗੀ ਮੁੱਕ ਚੱਲੀ ਹੈ,
ਜ਼ਖ਼ਮ ਪੁਰਾਣੇ ਆਪੇ ਮਗਰੋਂ ਭਰ ਜਾਂਦੇ ਨੇ।

ਅਪਣੀ ਮੰਜ਼ਿਲ ਲੱਭ ਲੈਂਦੇ ਨੇ ਰਾਤ-ਬ-ਰਾਤੇ,
ਮਮਟੀ 'ਤੇ ਜੋ ਜਗਦਾ ਦੀਵਾ ਧਰ ਜਾਂਦੇ ਨੇ।

ਰਾਹਬਰ ਖ਼ੁਦ ਗੁੰਮਰਾਹ ਕਰਦੇ ਨੇ ਕਾਫ਼ਲਿਆਂ ਨੂੰ,
ਪਤਾ ਨਹੀਂ ਕਿਉਂ ਏਸ ਤਰ੍ਹਾਂ ਉਹ ਕਰ ਜਾਂਦੇ ਨੇ।

ਬਣਨ ਚਿਰਾਗ਼ ਜਗਣ ਲਈ ਤਪ ਕੇ ਆਵੇ ਅੰਦਰ,
ਕੱਚੇ ਦੀਵੇ ਕਣੀਆਂ ਦੇ ਵਿਚ ਖ਼ਰ ਜਾਂਦੇ ਨੇ।

ਅੰਬਰ ਦੇ ਵਿਚ ਤਾਰੇ, ਪੁੱਠੇ ਲਮਕਣ ਸਾਰੇ,
ਖ਼ਬਰ ਨਹੀਂ, ਇਹ ਕਿਹੜੇ ਵੇਲੇ ਘਰ ਜਾਂਦੇ ਨੇ।

ਮਘਦਾ ਰੱਖੀ ਜ਼ਿੰਦਗੀ ਦਾ ਤੰਦੂਰ ਹਮੇਸ਼ਾਂ,
ਰੀਝਾਂ ਦੇ ਬਾਲਣ ਬਿਨ ਇਹ ਵੀ ਠਰ ਜਾਂਦੇ ਨੇ।

1

੦

## ਹਉਮੈਂ ਦੇ ਪਰਬਤ ਨੂੰ ਏਹੀ ਸੱਚ ਸਮਝਾ

ਹਉਮੈਂ ਦੇ ਪਰਬਤ ਨੂੰ ਏਹੀ ਸੱਚ ਸਮਝਾ ਨਹੀਂ ਹੋਇਆ।
ਸਾਗਰ ਦੀ ਤਹਿ ਹੇਠ ਬੜਾ ਕੁਝ, ਸਾਥੋਂ ਗਾਹ ਨਹੀਂ ਹੋਇਆ।

ਬੇ-ਤਰਤੀਬੇ ਸਾਜ਼ ਨਾਲ ਮੈਂ ਕਿਵੇਂ ਆਵਾਜ਼ ਮਿਲਾਉਂਦਾ,
ਅਪਣੇ ਗੀਤ ਦੀ ਅਜ਼ਮਤ ਖ਼ਾਤਰ ਮੈਥੋਂ ਗਾ ਨਹੀਂ ਹੋਇਆ।

ਗੋਲ-ਗਲੋਬ 'ਤੇ ਕੀੜੀ ਵਾਂਗੂੰ ਮੈਂ ਵੀ ਸੀ ਫਿਰ ਸਕਦਾ,
ਮੈਥੋਂ ਤਾਂ ਬਸ ਤੇਰੀ ਰੂਹ 'ਚੋਂ ਬਾਹਰ ਹੀ ਜਾ ਨਹੀਂ ਹੋਇਆ।

ਦੁਸ਼ਮਣ ਨਾਲ ਲੜਨ ਨੂੰ, ਜੀਅ ਤਾਂ ਕਰਦਾ ਸੀ ਸੌ ਵਾਰੀ,
ਸਬਰ, ਸ਼ੁਕਰ, ਸੰਤੋਖ ਵਰਜਿਆ, ਮੱਥਾ ਲਾ ਨਹੀਂ ਹੋਇਆ।

ਹੋ ਸਕਦਾ ਸੀ ਮੈਂ ਵੀ ਤੈਥੋਂ ਉਤਲੀ ਟੀਸੀ ਬਹਿੰਦਾ,
ਧਰਤੀ-ਧਰਮ ਗੁਆ ਕੇ ਮੈਥੋਂ ਅੰਬਰੀਂ ਜਾ ਨਹੀਂ ਹੋਇਆ।

ਲੁਕਣ-ਮੀਚੀਆਂ ਖੇਡੇ ਜੀਕੂੰ ਦਿਲਦਾਰਾਂ ਸੰਗ ਦਿੱਲੀ,
ਤੇਰੇ ਦਿਲ ਦਾ ਭੇਤ ਅਜੇ ਤੱਕ ਮੈਥੋਂ ਪਾ ਨਹੀਂ ਹੋਇਆ।

ਆ ਗਏ ਆਂ ਲੁਧਿਆਣੇ ਭਾਵੇਂ, ਪਿੰਡ ਸਾਹਾਂ ਵਿੱਚ ਰਹਿੰਦਾ,
ਬਾਰ ਪਰਾਏ ਤਾਹੀਓਂ ਸਾਥੋਂ, ਯਾਰੋ ਜਾ ਨਹੀਂ ਹੋਇਆ।

1

## ਬਹੁਤੇ ਲੋਕੀਂ ਬੋਲ ਰਹੇ

ਬਹੁਤੇ ਲੋਕੀਂ ਬੋਲ ਰਹੇ, ਕੁਝ ਕਰਦੇ ਕਿਉਂ ਨਹੀਂ।
ਹੱਕ ਅਤੇ ਇਨਸਾਫ਼ ਦੀ ਹਾਮੀ, ਭਰਦੇ ਕਿਉਂ ਨਹੀਂ।

ਕੂੜ ਫਿਰੇ ਪ੍ਰਧਾਨ, ਮਧੋਲੇ ਜ਼ਿੰਦਗੀ ਨੂੰ ਵੀ,
ਸੱਚ ਦੀ ਅਰਥੀ ਵੇਖ ਕੇ ਹੌਕੇ ਭਰਦੇ ਕਿਉਂ ਨਹੀਂ।

ਭਵ-ਸਾਗਰ ਤੋਂ ਪਾਰ ਕਰਨ ਦੇ ਲਾਰੇ ਵੇਚਣ,
ਮਿੱਟੀ ਦੇ ਭਗਵਾਨ ਕਦੇ ਵੀ ਤਰਦੇ ਕਿਉਂ ਨਹੀਂ।

ਵੇਖ ਟਟਹਿਣੇ ਜਗਦੇ ਬੁਝਦੇ ਅੰਬਰ ਗਾਹੁੰਦੇ,
ਕੁੱਲ ਧਰਤੀ ਦੇ ਨੇਰ੍ਹੇ ਕੋਲੋਂ ਮਰਦੇ ਕਿਉਂ ਨਹੀਂ।

ਜਿਸ ਦੇ ਅੰਦਰ ਚਾਨਣ ਓਸੇ ਨੇ ਹੀ ਜਗਣੈ,
ਚੌਂਕ-ਚੁਰਸਤੇ ਮੁਰਦੇ ਦੀਵੇ ਧਰਦੇ ਕਿਉਂ ਨਹੀਂ।

ਮੰਡੀ ਅੰਦਰ ਮਾਲ ਵਿਕਾਊ ਵੇਚ ਰਹੇ ਨੇ,
ਹੱਟੀਆਂ ਵਾਲੇ ਦਿਲ ਦੇ ਸੌਦੇ ਕਰਦੇ ਕਿਉਂ ਨਹੀਂ।

ਮਿੱਟੀ, ਮਿੱਟੀ, ਮਿੱਟੀ, ਮਿੱਟੀ ਸਾਂਭ ਰਹੇ ਆਂ ਆਪਾਂ,
ਮਹਿਕ ਗੁਆਚਣ ਤੇ ਵੀ ਹੌਕੇ ਭਰਦੇ ਕਿਉਂ ਨਹੀਂ।

1

## ਤੋਰਨੀ ਜੇ ਗੱਲ ਅੱਗੇ

ਤੋਰਨੀ ਜੇ ਗੱਲ ਅੱਗੇ, ਖ਼ਤਾਂ ਦਾ ਜੁਆਬ ਲਿਖੋ।
ਦਿਲ ਚ ਤਰੰਗਾਂ ਤੇ ਉਮੰਗਾਂ ਦਾ ਹਿਸਾਬ ਲਿਖੋ।

ਫ਼ਰਜ਼ਾਂ ਦੀ ਪੂਰਤੀ ਲਈ ਗ਼ਰਜ਼ਾਂ ਨੂੰ ਛੱਡ ਪਿੱਛੇ,
ਕੰਡਿਆਂ ਨੂੰ ਕੰਡੇ ਤੇ ਗੁਲਾਬ ਨੂੰ ਗੁਲਾਬ ਲਿਖੋ।

ਜੀਹਨੂੰ ਤੁਸੀਂ ਮਿਲੇ ਵੀ ਨਹੀਂ, ਉਸ ਨੂੰ ਵੀ ਮਿਲ ਸਕੋ,
ਘੁਲ਼ ਜਾਵੋ ਸ਼ਬਦਾਂ 'ਚ, ਮਹਿਕਦੀ ਕਿਤਾਬ ਲਿਖੋ।

ਝੁੱਗੀਆਂ 'ਚ ਟੁਣਕੇ ਜੋ, ਦੀਵਿਆਂ ਦੀ ਲੋਏ ਕਿਤੇ,
ਬਾਣੀ ਤੋਂ ਵਿਛੋੜੀ ਏਸ ਤਾਨ ਨੂੰ ਰਬਾਬ ਲਿਖੋ।

ਹੱਦਾਂ, ਸਰਹੱਦਾਂ, ਰਾਵੀ ਪਾਰ ਜਾਂ ਉਰਾਰ ਕਿਤੇ,
ਦੁੱਲਿਆਂ ਤੇ ਬੁੱਲ੍ਹਿਆਂ ਨੂੰ ਨਾਨਕਾਂ ਦਾ ਖ਼੍ਵਾਬ ਲਿਖੋ।

ਪਾਉਣ ਜੋ ਘਚੋਲਾ ਸਾਡੇ ਸੁੱਚਿਆਂ ਸਰੋਵਰਾਂ 'ਚ,
ਭੁੱਲ ਕੇ ਵੀ ਇਹੋ ਜਿਹੇ ਬੋਲ ਨਾ, ਜਨਾਬ ਲਿਖੋ।

ਘਿਰਿਆ ਮੁਸੀਬਤਾਂ 'ਚ ਦਿਸੇ ਜੇ ਉਦਾਸ ਕੋਈ,
ਨਾਮ ਪਤਾ ਓਸ ਦਾ ਨਿਸ਼ੰਗ ਹੋ, ਪੰਜਾਬ ਲਿਖੋ।

1

## ਪਿੰਡੋਂ ਤੁਰਦਿਆਂ ਅੱਖੀਓਂ ਜੋ ਅੱਥਰੂ ਸੀ ਡੁੱਲ੍ਹੇ

ਪਿੰਡੋਂ ਤੁਰਦਿਆਂ ਅੱਖੀਓਂ ਜੋ ਅੱਥਰੂ ਸੀ ਡੁੱਲ੍ਹੇ।
ਮੈਨੂੰ ਝੱਗੇ ਉੱਤੇ ਪਏ, ਅਜੇ ਦਾਗ਼ ਨਹੀਓਂ ਭੁੱਲੇ।

ਮਾਈ ਸੰਤੀ ਦੀ ਭੱਠੀ ਕਦੇ ਹੋਲਾਂ ਕਦੇ ਆਭੂ,
ਕਦੇ ਤਪਦੀ ਕੜਾਹੀ ਵਿਚ ਖਿੜਦੇ ਸੀ ਫੁੱਲੇ।

ਸਾਂਝੀ ਪਾਥੀਆਂ ਦੀ ਅੱਗ ਪਿੰਡਾਂ ਬੁਝਦੀ ਕਦੇ ਨਾ,
ਸਭ ਘਰਾਂ ਵਿਚ ਓਹੀ ਨਿੱਤ ਬਾਲਦੀ ਸੀ ਚੁੱਲ੍ਹੇ।

ਗਿੱਲਾ ਪਰਨਾ ਲਪੇਟ ਸੌਣਾ ਕੋਠੇ ਮੰਜਾ ਡਾਹ ਕੇ,
ਬਾਤਾਂ ਸੁਣਦੇ ਉਡੀਕੀ ਜਾਣਾ ਪੁਰੇ ਵਾਲੇ ਬੁੱਲੇ।

ਮਿੱਠੇ ਖ਼ਾਨਗਾਹ ਦੇ ਚੌਲ, ਰੋਟ ਪੱਕਣਾ ਕਮਾਲ,
ਚਾਚੇ ਧੰਨਾ ਸਿੰਘ ਵਾਲੇ ਮੈਨੂੰ ਮੇਸੂ ਨਹੀਉਂ ਭੁੱਲੇ।

ਕੱਚੇ ਵਿਹੜੇ ਵਿਚ ਸ਼ਾਮ ਨੂੰ ਤਰੌਂਕ ਦੇਣਾ ਪਾਣੀ,
ਪੈਂਦ ਮੰਜਿਆ ਦੀ ਕੱਸਣੀ ਤੇ ਸੌਣਾ ਹੋ ਕੇ ਖੁੱਲ੍ਹੇ।

ਜਦੋਂ ਮੁੜਨਾ ਸਕੂਲੋਂ ਰਾਹ ਚ ਤਾਏ ਘੇਰ ਲੈਣਾ,
ਉਹਦੇ ਟੋਕਵੇਂ ਪਹਾੜੇ ਪੁੱਛੇ, ਅੱਜ ਵੀ ਨਹੀਂ ਭੁੱਲੇ।

ਹੱਟੀ ਸ਼ਾਹਵਾਂ ਦੀ ਤੋਂ ਲੈ ਕੇ ਖਾਣਾ ਜਦੋਂ ਵੀ ਮਰੂੰਡਾ,
ਕਿੰਜ ਦੱਸੀਏ ਸਵਾਦ, ਨਿਰੇ ਲੁੱਟੇ ਅਸਾਂ ਬੁੱਲੇ।

ਪੱਕੇ ਪੇਪਰਾਂ ਦੇ ਨੇੜੇ ਜਾ ਕੇ ਚੜ੍ਹਨਾ ਬੁਖ਼ਾਰ,
ਕੱਚੇ ਪੇਪਰਾਂ 'ਚ ਹੋਈਦਾ ਸੀ ਪਾਸ ਲਾ ਕੇ ਫੁੱਲੇ।

ਏਸ ਸ਼ਹਿਰ 'ਚ ਮੈਂ ਅੱਧੀ ਸਦੀ ਰੱਜ ਕੇ ਹੰਢਾਈ,
ਤੁਰੇ ਨਾਲ ਮੇਰੇ ਪਿੰਡ ਦੇ ਸਵਾਸ ਅਨਮੁੱਲੇ।

## ਕੌਣ ਕਹਿੰਦਾ ਹੈ ਗ਼ਜ਼ਾਲਾ ਮਰ ਗਈ ਹੈ

ਕੌਣ ਕਹਿੰਦਾ ਹੈ ਗ਼ਜ਼ਾਲਾ* ਮਰ ਗਈ ਹੈ।
ਮਹਿਕ ਸੀ, ਤਾਹੀਓਂ ਖੁਦਾ ਦੇ ਘਰ ਗਈ ਹੈ।

ਜਿਸਮ ਤਾਂ ਮਿੱਟੀ ਸੀ, ਕਬਰੀਂ ਸੌਂ ਗਿਆ ਹੈ,
ਰੰਗ ਸਭ ਫੁੱਲਾਂ ਵਿੱਚ ਆਪਣੇ ਭਰ ਗਈ ਹੈ।

ਪਾਣੀਆਂ ਵਿਚ ਕਲਵਲਾਂ ਓਸੇ ਦੀਆਂ ਨੇ,
ਵੇਖ ਲਉ, ਕਿੱਦਾਂ ਸਮੁੰਦਰ ਤਰ ਗਈ ਹੈ।

ਬੁਲਬੁਲਾਂ ਤੇ ਕਿਉਂ ਨਿਸ਼ਾਨੇ ਮਾਰਦੇ ਹੋ,
ਦਰਦ-ਭਿੰਨੀ 'ਵਾਜ਼ ਤਾਂ ਦਰ ਦਰ ਗਈ ਹੈ।

ਕਾਤਲਾਂ ਨੂੰ ਭਰਮ ਹਰ ਧਰਤੀ ਤੇ ਏਹੀ,
ਜ਼ਿੰਦਗੀ ਹਥਿਆਰ ਕੋਲੋਂ ਡਰ ਗਈ ਹੈ।

ਫੰਡ ਕੇ ਸ਼ੀਸ਼ੀ ਇਤਰ ਦੀ ਢੂੰਡਦੇ ਹੋ,
ਲੱਭਣੀ ਨਹੀਂ, ਮਹਿਕ ਹਿਜਰਤ ਕਰ ਗਈ ਹੈ।

ਜਾਣ ਤੋਂ ਪਹਿਲਾਂ ਗ਼ਜ਼ਲਾ ਮਿਰਗ-ਬੱਚੀ,
ਵੰਡਕੇ ਕਸਤੂਰੀਆਂ ਘਰ ਘਰ ਗਈ ਹੈ।

1

*ਸਵਾਤ ਘਾਟੀ (ਪਾਕਿਸਤਾਨ) ਵਿੱਚ ਕੁਝ ਵਰ੍ਹੇ ਪਹਿਲਾਂ ਗੁਜ਼ਾਲਾ ਜਾਵੇਦ ਨਾਂ ਦੀ ਸੁਰੀਲੀ ਤੇ ਖ਼ੂਬਸੂਰਤ ਗਾਇਕਾ ਨੂੰ ਉਸਦੇ ਪਿਤਾ ਸਮੇਤ ਹਥਿਆਰ ਪੂਜਕਾਂ ਵੱਲੋਂ ਗੋਲੀਆਂ ਨਾਲ ਭੁੰਨ ਦਿੱਤਾ ਗਿਆ ਸੀ, ਇਸ ਦੋਸ਼ ਬਦਲੇ ਕਿ ਉਹ ਗਾਉਂਦੀ ਕਿਉਂ ਹੈ?

ੇ

## ਹਰ ਯੁਗ ਅੰਦਰ ਧਰਤੀ ਉੱਤੇ

**ਰਘਬੀਰ ਸਿੰਘ ਘੁੰਨ ਦੇ ਨਾਮ**

ਹਰ ਯੁਗ ਅੰਦਰ ਧਰਤੀ ਉੱਤੇ, ਐਸੇ ਜਨ ਵੀ ਆਉਂਦੇ ਨੇ।
ਹਰ ਮੌਸਮ ਵਿਚ ਕੰਡਿਆਂ ਅੰਦਰ, ਫੁੱਲਾਂ ਜਿਉਂ ਮੁਸਕਾਉਂਦੇ ਨੇ।

ਧਰਤੀ-ਧਰਮ ਨਿਭਾਵਣਹਾਰੇ ਡਰਨ ਨਾ ਧੁੱਪਾਂ ਛਾਵਾਂ ਤੋਂ,
ਮੰਜ਼ਿਲ ਦੇ ਸਿਰਨਾਵੇਂ ਖ਼ਾਤਰ ਅਗਨ-ਨਦੀ ਵਿਚ ਨ੍ਹਾਉਂਦੇ ਨੇ।

ਨਾਨਕ, ਈਸਾ, ਬੁੱਧ ਦੇ ਚੇਲੇ, ਨਸਲੋਂ ਭਾਈ ਘਨੱਈਆ ਜਹੇ,
ਜ਼ਖ਼ਮੀ ਖ਼ਾਤਰ ਮਲ੍ਹਮ ਬਣਨ ਤੇ ਮੂੰਹ ਨੂੰ ਪਾਣੀ ਲਾਉਂਦੇ ਨੇ।

ਕਹਿਣ ਕੁਰਾਹੀਆਂ ਸੂਲੀ ਟੰਗਣ, ਲੱਬ ਲਾਲਚ ਦੇ ਪਾਂਧੀ ਜੋ,
ਬੋਧ ਬਿਰਖ਼ ਜਹੇ ਬੁੱਲ੍ਹੇ, "ਮੂੰਹ ਵਿਚ ਆਈ ਬਾਤ" ਸੁਣਾਉਂਦੇ ਨੇ।

ਚਾਨਣ ਵਾਲੀ ਲੀਕ ਮਿਟਾਉਂਦੇ, ਹੰਭ ਗਏ ਨੇਰ੍ਹੇ ਸਦੀਆਂ ਤੋਂ,
ਕਾਲਖ਼ ਦੇ ਆਲ਼ੇ ਵਿੱਚ ਜਗ ਕੇ ਤਾਰੇ ਰਾਹ ਰੁਸ਼ਨਾਉਂਦੇ ਨੇ।

ਹਰ ਮੰਜ਼ਿਲ ਤੇ ਨਵੇਂ ਸੁਨੇਹੇ, ਗੁੰਝਲਦਾਰ ਬੁਝਾਰਤ ਵਾਂਗ,
ਜ਼ਾਤ ਔਕਾਤ ਵੇਖ ਕੇ ਸੁਪਨੇ ਮਨ-ਮਸਤਕ ਵਿਚ ਆਉਂਦੇ ਨੇ।

ਤਨ ਦੇ ਚੋਰ ਮਨਾਂ ਦੇ ਖੋਟੇ, ਤੀਰਥ ਮੈਲ਼ੇ ਕਰ ਦੇਵਣ,
ਮੈਂ ਨਹੀਂ ਕਹਿੰਦਾ, ਬਾਣੀ ਅੰਦਰ, ਬਾਬਾ ਜੀ ਫ਼ੁਰਮਾਉਂਦੇ ਨੇ।

1

ੇ

## ਵਕਤ ਸਾਡੇ ਨਾਲ ਕੀ ਕਾਰਾ ਸ਼ੈਤਾਨੀ ਕਰ ਗਿਆ

ਵਕਤ ਸਾਡੇ ਨਾਲ ਕੀਹ ਕਾਰਾ-ਸ਼ੈਤਾਨੀ ਕਰ ਗਿਆ।
ਸਿਖ਼ਰ-ਡੋਡੀ ਤੋੜ ਕੇ ਅੰਗਿਆਰ ਉੱਤੇ ਕਰ ਗਿਆ।

ਮੈਂ ਤਾਂ ਜਿਸਨੂੰ ਜਲ ਤਰੌਂਕੇ, ਸਮਝ ਕੇ ਸੁੱਚਾ ਗੁਲਾਬ,
ਉਹ ਜਵਾਨੀ ਚੜ੍ਹਦਿਆਂ ਹੀ ਨਾਲ ਸੂਲਾਂ ਭਰ ਗਿਆ।

ਮੈਂ ਤਾਂ ਬਾਤਾਂ ਬਹੁਤ ਪਾਈਆਂ ਪਰ ਤੁਰੀ ਨਾ ਵਾਰਤਾ,
ਏਨੀ ਡੂੰਘੀ ਚੁੱਪ ਦੇ ਜੰਗਲ 'ਚ ਮੈਂ ਵੀ ਡਰ ਗਿਆ।

ਕੌਡੀਆਂ ਦੀ ਖੇਡ ਵਿੱਚ ਜੇਤੂ ਸਾਂ ਦੋਵੇਂ ਬੇਮਿਸਾਲ,
ਸਾਕ ਜੋ ਦੋਹਾਂ ਵਿਚਾਲੇ ਬਿਨ ਮੁਹੱਬਤ ਮਰ ਗਿਆ।

ਸੇਕ ਤੂੰ ਦਿੱਤਾ, ਫਲੂਹਾ ਬਣ ਕੇ ਹੁਣ ਵੀ ਟਸਕਦਾ,
ਵੇਖ ਆ ਕੇ, ਓਸ ਅੰਦਰ ਜ਼ਹਿਰ ਜੋ ਸੈਂ ਧਰ ਗਿਆ।

ਦਰਦ ਜਿਹੜੇ ਦੇ ਗਿਆ ਸੈਂ ਜਾਣ ਵੇਲੇ ਤੂੰ ਸੌਗਾਤ,
ਓਸ ਪੂੰਜੀ ਦੇ ਸਹਾਰੇ, ਮੋਹ ਬਿਨਾ ਵੀ ਸਰ ਗਿਆ।

ਏਸ ਦੀ ਬੁੱਕਲ ਚ ਮੈਂ ਤਾਂ, ਅੱਜ ਵੀ ਮਹਿਫ਼ੂਜ਼ ਹਾਂ,
ਥਿੜਕਦੇ ਨੂੰ ਬੋਚਦੈ ਇਹ, ਡੋਲਦਾ ਜਦ ਘਰ ਗਿਆ।

1

## ਵੇਲ ਬੂਟੇ ਬਣ ਧਰਤੀ ਸ਼ਿੰਗਾਰਦੇ ਰਹੋ

ਵੇਲ ਬੂਟੇ ਬਣ ਧਰਤੀ ਸ਼ਿੰਗਾਰਦੇ ਰਹੋ।
ਤੁਸੀਂ ਮਹਿਕ ਭਰੀ ਜ਼ਿੰਦਗੀ ਗੁਜ਼ਾਰਦੇ ਰਹੋ।

ਤੁਸੀਂ ਰੱਖਣਾ ਸੰਭਾਲ਼ ਸਦਾ ਬੁੱਧੀ ਤੇ ਵਿਵੇਕ,
ਜਿਹਦੇ ਆਸਰੇ ਇਹ ਜ਼ਿੰਦਗੀ ਉਸਾਰਦੇ ਰਹੋ।

ਕਿਤੇ ਜਿੰਦ ਵਾਲੀ ਡੋਰ, ਪੈ ਨਾ ਜਾਵੇ ਕਮਜ਼ੋਰ,
ਤੁਸੀਂ ਸਾਹਾਂ ਵਿਚ ਕਵਿਤਾ ਉਤਾਰਦੇ ਰਹੋ।

ਜਿਵੇਂ ਪੈਂਦੀ ਏ ਤਰੇਲ਼ ਘਾਹ ਦੀ ਹਰੀ ਦਰੀ ਉੱਤੇ,
ਤੁਸੀਂ ਰਹਿਮਤਾਂ ਨੂੰ ਇੰਜ ਹੀ ਫ਼ੁਹਾਰਦੇ ਰਹੋ।

ਏਸ ਧਰਤੀ ਦੇ ਜੀਆਂ ਨੂੰ ਮੁਹੱਬਤਾਂ ਦੀ ਲੋੜ,
ਖੇੜੇ ਖੁਸ਼ੀਆਂ ਸਿਆੜਾਂ 'ਚ ਖਿਲਾਰਦੇ ਰਹੋ।

ਇਹ ਵੀ ਧੀਆਂ ਅਤੇ ਪੁੱਤਰਾਂ ਦੀ ਸਾਂਝੀ ਜ਼ੁੰਮੇਵਾਰੀ,
ਤੁਸੀਂ ਜ਼ਿੰਦਗੀ ਦੀ ਲਿਟ ਨੂੰ ਸੰਵਾਰਦੇ ਰਹੋ।

ਆਵੇ ਰੂਹਾਂ ਦੇ ਬਗੀਚੇ ਪੱਤਝੜ ਜਾਂ ਬਹਾਰ,
ਹਰ ਹਾਲ ਤੁਸੀਂ ਰੀਝਾਂ ਨੂੰ ਦੁਲਾਰਦੇ ਰਹੋ।

1

## ਪਿੱਛੋਂ ਤੋੜਨੇ ਨਾ ਪੈਣ, ਪਹਿਲਾਂ ਬੁੱਤ ਨਾ ਬਣਾਉ

ਪਿੱਛੋਂ ਤੋੜਨੇ ਨਾ ਪੈਣ, ਪਹਿਲਾਂ ਬੁੱਤ ਨਾ ਬਣਾਉ।
ਕਦੇ ਮਿੱਟੀ ਦੇ ਦਿਓਤਿਆਂ ਨੂੰ ਫੁੱਲ ਨਾ ਚੜ੍ਹਾਉ।

ਕਰੋ ਮੰਜ਼ਿਲਾਂ ਦੁਰਾਡੀਆਂ ਦੇ ਰਾਹੀਆਂ ਦੀ ਪਛਾਣ,
ਚਿੱਤੋਂ-ਹਾਰਿਆਂ ਦੇ ਨਾਲ ਕਦੇ ਅੱਖ ਨਾ ਮਿਲਾਉ।

ਤੁਰੇ ਜਿੰਨ੍ਹਾ ਚਿਰ ਨਾਲ, ਮੰਨੋ ਓਸ ਨੂੰ ਕਮਾਲ,
ਓਸ ਮਹਿਕ ਨੂੰ ਸੰਭਾਲ਼, ਅੱਗੇ ਕਦਮ ਵਧਾਉ।

ਅੱਖਾਂ ਮੀਟ ਪਹਿਲਾਂ ਕਰੋ ਨਾ ਜੀ ਅੰਧ-ਵਿਸ਼ਵਾਸ,
ਪਿੱਛੋਂ ਤੁਸੀਂ ਇਨਸਾਨ ਨੂੰ ਸ਼ੈਤਾਨ ਨਾ ਬਣਾਉ।

ਕੋਈ ਰਿਸ਼ਤਾ ਜਦੋਂ ਵੀ ਬਣੇ ਰੂਹਾਂ ਉੱਤੇ ਬੋਝ,
ਦੇ ਕੇ ਸੋਹਣਾ ਜਿਹਾ ਮੋੜ, ਬਾਤ ਅੱਗੇ ਨੂੰ ਵਧਾਉ।

ਬਹੁਤਾ ਬੋਲਣਾ ਹੀ ਬਹੁਤੀ ਵਾਰੀ ਕਰਦੈ ਖੁਆਰ,
ਮੈਨੂੰ ਚੁੱਪ ਰਹਿਣ ਦੇਵੋ, ਮੈਨੂੰ ਹੋਰ ਨਾ ਬੁਲਾਉ।

ਮੇਰਾ ਚਿੱਕੜੀ 'ਚ ਭਾਵੇਂ ਕੌਲ-ਫੁੱਲ ਵਾਂਗੂੰ ਵਾਸ,
ਉੱਚੇ ਮਹਿਲਾਂ ਨਾਲ ਤਾਹੀਓਂ ਮੇਰਾ ਲਾਗ ਨਾ ਲਗਾਉ।

ਹੋਣ ਦੋਸਤੀ ਦੇ ਬੂਟੇ, ਜੀਕੂੰ ਗਮਲੇ ਦੀ ਵੇਲ਼,
ਫੁੱਲ ਆਉਣਗੇ ਜ਼ਰੂਰ, ਜੇ ਰੋਜ਼ਾਨਾ ਪਾਣੀ ਪਾਉ।

ਸਦਾ ਨੀਤੀਆਂ ਤੇ ਨੀਤਾਂ ਬਦਨੀਤ ਹੋਣ ਜਿੱਥੇ,
ਫਿਰ ਹੋਣੈਂ ਕੀਹ ਨਤੀਜਾ, ਮੇਰਾ ਮੂੰਹ ਨਾ ਖੁੱਲ੍ਹਾਉ।

1

ੋ

## ਸੁਰਖ਼ ਅੰਗਾਰਾਂ ਉੱਤੇ ਵੇਖਾਂ ਜਦ ਵੀ

ਸੁਰਖ਼ ਅੰਗਾਰਾਂ ਉੱਤੇ ਵੇਖਾਂ ਜਦ ਵੀ ਭੁੱਜਦੀ ਛੱਲੀ।
ਤਿੜ ਤਿੜ ਕਰਦੀ, ਕਹਿੰਦੀ ਜਾਪੇ, ਹਾਏ! ਜਿੰਦ ਨਿਕਲ ਚੱਲੀ।

ਪਾਲ਼ੋ-ਪਾਲ਼ ਕਤਾਰ 'ਚ ਬੈਠੇ, ਕਿਰ ਗਏ ਵਾਰੋ ਵਾਰੀ,
ਪਰਦੇ ਹੇਠ ਭਰਮ ਸੀ ਹਸਤੀ, ਹਰ ਦਾਣੇ ਦੀ ਕੱਲ੍ਹੀ।

ਚੱਕੀ ਦੇ ਪੁੜ ਪੀਸ ਰਹੇ ਨੇ, ਦਿਨ ਤੇ ਰਾਤ ਗਰੀਬੀ,
ਕਸਕ ਕਿਤੇ ਨਾ ਪੱਥਰ ਦਿਲ ਵਿਚ ਮੱਚਦੀ ਨਾ ਤਰਥੱਲੀ।

ਤੇਰੇ ਹੁੰਦਿਆਂ ਸੁੰਦਿਆਂ ਏਥੇ, ਡਾਕੇ ਸਿਖ਼ਰ ਦੁਪਹਿਰੇ,
ਪਹਿਰੇਦਾਰ ਭਲਾ ਤੂੰ ਕਾਹਦਾ, ਦੱਸ ਵੇ ਕਾਕਾ ਬੱਲੀ।

ਅਕਲ ਵਿਕਾਊ ਸਣੇ ਜ਼ਮੀਰਾਂ ਨਕਦ ਮ ਨਕਦੀ ਸੌਦੇ,
ਰਾਤੋ-ਰਾਤ ਗਲੋਬ ਦੀ ਸਾਰੀ ਧਰਤ ਦਲਾਲਾਂ ਮੱਲੀ।

ਦਰ-ਦਰਵਾਜ਼ੇ ਬੰਦ ਪਏ ਨੇ, ਧੀਆਂ ਪੁੱਤ ਪਰਦੇਸੀ,
ਕਿਸਨੂੰ ਪੀੜ ਸੁਣਾਵੇ ਧਰਤੀ, ਰੋ ਰੋ ਹੋ ਗਈ ਝੱਲੀ।

ਮਨ ਦਾ ਮੋਰ ਨਚਾਈਏ ਕਿੱਦਾਂ, ਸੰਗਮਰਮਰ ਦੇ ਉੱਤੇ,
ਬਾਗ ਬਗੀਚਿਆਂ ਤੋਂ ਬਿਨ ਇਸਦੀ ਪਾਵੇ ਰੂਹ ਨਾ ਚੱਲੀ।

1

ੋ

## ਸੂਰਜ ਜਾਣ ਤੋਂ ਮਗਰੋਂ ਤਾਂ ਬਸ

ਸੂਰਜ ਜਾਣ ਤੋਂ ਮਗਰੋਂ ਤਾਂ ਬਸ ਕੁਝ ਪਲ ਲੱਗਦੇ ਰਾਤ ਬਣਨ ਲਈ।
ਚੀਰ ਹਨ੍ਹੇਰਾ ਚਾਨਣ ਆਵੇ, ਸਾਡੀ ਸ਼ੁਭ ਪਰਭਾਤ ਬਣਨ ਲਈ।

ਵਕਤ ਦੀਆਂ ਅੱਖਾਂ ਵਿੱਚ ਤੱਕਣਾ, ਸੱਚ 'ਤੇ ਪਹਿਰਾ ਦੇਣਾ ਪੈਣਾ,
ਜ਼ਹਿਰ-ਪਿਆਲਾ ਸ਼ਰਤ ਜ਼ਰੂਰੀ ਬੰਦੇ ਤੋਂ ਸੁਕਰਾਤ ਬਣਨ ਲਈ।

ਧਰਤੀ-ਧਰਮ ਅਜ਼ਲ ਤੋਂ ਏਹੀ, ਨਿਰਭਉ ਤੇ ਨਿਰਵੈਰ ਸਲੀਕਾ,
ਸੀਸ ਤਲੀ 'ਤੇ ਧਰਨਾ ਲਾਜ਼ਿਮ, ਸੂਰਮਿਆਂ ਦੀ ਜ਼ਾਤ ਬਣਨ ਲਈ।

ਜ਼ਿੰਦਗੀ ਤੇਰੇ ਤੀਕ ਰਸਾਈ, ਸੱਚ ਮੰਨੀਂ ਤੂੰ, ਸਹਿਲ ਨਹੀਂ ਸੀ,
ਵਿੰਗ ਤੜਿੰਗੇ ਮੋੜ ਬੜੇ ਸੀ, ਇਹ ਮੇਰੀ ਔਕਾਤ ਬਣਨ ਲਈ।

ਕਲਮਾਂ ਨੂੰ ਵੀ ਸੀਸ ਕਟਾ ਕੇ ਸ਼ਬਦ-ਸਵਾਰੀ ਦਾ ਹੱਕ ਮਿਲਦੈ,
ਤੇਜ਼ ਧਾਰ 'ਤੇ ਤੁਰਨਾ ਪੈਂਦਾ, ਲੋਕ ਮਨਾਂ ਦੀ ਬਾਤ ਬਣਨ ਲਈ।

ਸਾਰਾ ਕੁਝ ਹੀ ਵੈਰੀਆਂ ਨੇ ਤਾਂ ਸਾਡੇ ਮੱਥੇ ਤੇ ਨਹੀਂ ਲਿਖਿਆ,
ਸਾਡੀ ਗਫ਼ਲਤ ਵੀ ਕੁਝ ਸ਼ਾਮਿਲ, ਏਦਾਂ ਦੇ ਹਾਲਾਤ ਬਣਨ ਲਈ।

ਪੱਥਰ ਮਨ ਜਜ਼ਬਾਤ ਵਿਹੂਣਾ ਕਿੰਜ ਪਿਘਲੇਗਾ ਖ਼ੁਦ ਸਮਝਾਓ,
ਦਰਦ-ਸਮੁੰਦਰ ਜਲ ਕਣ ਦੇਵੇ, ਹੰਝੂਆਂ ਨੂੰ ਬਰਸਾਤ ਬਣਨ ਲਈ।

1

o

## ਕਦੇ ਵੀ ਆਸ ਦੇ ਦੀਵੇ

ਕਦੇ ਵੀ ਆਸ ਦੇ ਦੀਵੇ, ਹਵਾ ਤੋਂ ਡਰਨ ਨਾ ਦੇਣਾ।
ਉਮੀਦਾਂ ਵਕਤ ਜੋ ਕਰਦੈ, ਕਦੇ ਵੀ ਮਰਨ ਨਾ ਦੇਣਾ।

ਹਨ੍ਹੇਰੀ ਰਾਤ ਹੈ, ਤੂਫ਼ਾਨ, ਝੱਖੜ, ਡੋਲਦੇ ਸਾਏ,
ਜਿਉਂਦੀ ਲਾਸ਼ ਵਾਂਗੂੰ ਦੋਸਤੀ ਨੂੰ ਤਰਨ ਨਾ ਦੇਣਾ।

ਸਿਰਾਂ ਤੇ ਸ਼ਾਮ ਹੈ, ਸੂਰਜ ਸਮੁੰਦਰ ਮਿਲਣ ਲੱਗੇ ਨੇ,
ਦਿਲਾਂ ਨੂੰ ਸਾਂਭਣਾ ਤੇ ਸਰਦ ਹੌਕਾ ਭਰਨ ਨਾ ਦੇਣਾ।

ਕਦੇ ਵੀ ਰਾਤ ਦੇ ਸਾਏ ਤੋਂ ਡਰ ਕੇ ਸਹਿਮ ਨਾ ਜਾਣਾ,
ਜਿਉਂਦੇ ਖ਼੍ਵਾਬ ਨੂੰ ਅਗਨੀ ਹਵਾਲੇ ਕਰਨ ਨਾ ਦੇਣਾ।

ਬੜੇ ਤੂਫ਼ਾਨ ਆਏ, ਆਉਣਗੇ ਵੀ ਹੋਰ ਚੜ੍ਹ ਚੜ੍ਹ ਕੇ,
ਦਿਲਾ ਤੂੰ ਹੌਸਲਾ ਰੱਖੀਂ, ਉਮੀਦਾਂ ਠਰਨ ਨਾ ਦੇਣਾ।

ਨਿਖਸਮੀ ਜੂਹ ਦੇ ਅੰਦਰ ਫਿਰਨ ਟੋਲੇ ਬੇਲਗਾਮੇ ਜੋ,
ਤੂੰ ਆਪਣੀ ਫ਼ਸਲ ਅੰਦਰ ਵਰਜ, ਏਥੇ ਚਰਨ ਨਾ ਦੇਣਾ।

ਕਦੇ ਜੇ ਆਉਣ ਉਹ ਪਲ, ਕਹਿਣ ਜੋ ਦੜ ਵੱਟ ਕੇ ਬਹਿ ਜਾ,
ਬਰੂੰਹੀਂ ਚੜ੍ਹਨ ਨਾ ਦੇਣਾ, ਕਦੇ ਵੀ ਸ਼ਰਨ ਨਾ ਦੇਣਾ।

l

o

## ਦਰਦ-ਸਿਆਹੀ ਨਾਲ ਤੂੰ ਲੀਕਾਂ

ਦਰਦ-ਸਿਆਹੀ ਨਾਲ ਤੂੰ ਲੀਕਾਂ ਵਾਹੀਆਂ ਨੇ।
ਦਿਲ ਤੇ ਅੱਖੀਆਂ ਦੋਵੇਂ ਹੀ ਭਰ ਆਈਆਂ ਨੇ।

ਮੱਥਾ ਟਸ ਟਸ ਕਰਦੈ ਕਹਿ ਕੁਝ ਸਕਦਾ ਨਾ,
ਰੂਹ ਦੇ ਬਾਗੀਂ ਕੋਇਲਾਂ ਵੀ ਕੁਰਲਾਈਆਂ ਨੇ।

ਬਿਨ ਬੂਹੇ ਤੇ ਦਸਤਕ, ਪੋਲੇ ਪੈਰੀਂ ਇਹ,
ਪੀੜਾਂ ਮਨ ਵਿੱਚ ਕਦੋਂ ਪ੍ਰਾਹੁਣੀਆਂ ਆਈਆਂ ਨੇ।

ਮੈਂ ਇਨ੍ਹਾਂ ਨੂੰ ਕਿਵੇਂ ਕਹਿ ਦਿਆਂ, ਤੁਰ ਜਾਵੋ,
ਪੀੜਾਂ ਮੇਰੀ ਮਾਂ-ਜਾਈਆਂ ਹਮਸਾਈਆਂ ਨੇ।

ਸੱਜਰੀ ਪੌਣ ਦਾ ਬੁੱਲਾ ਤੇਰੀ ਹਸਤੀ ਹੈ,
ਸੁਰਖ਼ ਗੁਲਾਬਾਂ ਇਹ ਬਾਤਾਂ ਸਮਝਾਈਆਂ ਨੇ।

ਤੇਰੇ ਹੌਕੇ ਅੰਦਰ ਮੈਂ ਹੀ ਹਾਜ਼ਰ ਸੀ,
ਇਹ ਰਮਜ਼ਾਂ ਸਭ ਅੱਖੀਆਂ ਨੇ ਉਲਥਾਈਆਂ ਨੇ।

ਦਿਲ-ਦਰਵਾਜ਼ੇ ਖੁੱਲ੍ਹੇ ਨੇ ਤੂੰ ਲੰਘ ਵੀ ਆ,
ਤੇਰੀ ਖ਼ਾਤਰ ਨਜ਼ਰਾਂ ਵੇਖ ਵਿਛਾਈਆਂ ਨੇ।

l

o

## ਮਰ ਚੱਲੇ ਹਾਂ ਆਪਾਂ ਯਾਰੋ

ਮਰ ਚੱਲੇ ਹਾਂ ਆਪਾਂ ਯਾਰੋ, ਚੁੱਪ ਰਹਿ ਕੇ ਨਾ ਬੋਲਣ ਕਰਕੇ।
ਮਨ-ਪਰਦੇਸੀ ਹੋ ਚੱਲਿਆ ਹੈ ਦਿਲ ਬੂਹਾ ਨਾ ਖੋਲ੍ਹਣ ਕਰਕੇ।

ਸ਼ੱਕੀ ਹੋ ਗਏ ਦੋਵੇਂ ਪੱਲੜੇ, ਦਰ ਦਰ ਪੈਂਦੀ ਹਰ ਦੋ ਲਾਅਣਤ,
ਤੱਕੜੀ ਬੇਵਿਸ਼ਵਾਸੀ ਹੋ ਗਈ ਉੱਚਾ ਨੀਵਾਂ ਤੋਲਣ ਕਰਕੇ।

ਕੂੜਾ ਹੂੰਝਣ ਖਾਤਰ ਬੰਨ੍ਹੀ, ਤੀਲ੍ਹਾ ਤੀਲ੍ਹਾ ਖਿੱਲਰੀ ਬਹੁਕਰ,
ਕੌਡੀ ਮੁੱਲ ਰਿਹਾ ਨਾ ਤਾਂਹੀਂਉਂ ਇੱਕ ਦੂਜੇ ਨੂੰ ਰੋਲ਼ਣ ਕਰਕੇ।

ਪੰਜੇ ਦੀ ਅਜ਼ਮਤ ਸੀ ਕਿੰਨੀ, ਜਦ ਤੱਕ ਸੀ ਸ਼ੁਭਕਰਮਨ ਕਰਦਾ,
ਹੁਣ ਤਾਂ ਵਾਂਗ ਚਪੇੜ ਦੇ ਲੱਗੇ, ਨੀਤ ਮੁਰਾਦੋਂ ਡੋਲਣ ਕਰਕੇ।

ਸਣੇ ਦਾਤਰੀ ਸਿੱਟੇ ਵਾਲੇ, ਪਤਾ ਨਹੀਂ ਜੀ ਕਿੱਥੇ ਤੁਰ ਗਏ,
ਵਾਂਗ ਹਥੌੜੇ ਵੱਜਣ ਵਾਲੇ, ਹੱਕ ਸੱਚ ਦੇ ਲਈ ਬੋਲਣ ਵਾਲੇ।

ਲੱਭਦੇ ਨਹੀਂ ਸੁਪਨੀਲੇ ਘੋੜੇ, ਨਸਲ ਖ਼ਤਮ ਹੀ ਹੋ ਗਈ ਜਾਪੇ,
ਚਿੱਟੇ ਹਾਥੀ, ਹੂਟਰ, ਹੰਟਰ ਚਾਰ ਚੁਫ਼ੇਰ ਮਧੋਲਣ ਵਾਲੇ।

ਤੂੰ ਵੀ ਉਨ੍ਹਾਂ 'ਚੋਂ ਨਹੀਂ ਲੱਗਦਾ, ਜੋ ਕਰਦੇ ਸੀ ਪਹਿਰੇਦਾਰੀ,
ਕਵੀਆ! ਕਲਮ ਚਲਾ ਕੇ ਜਿਹੜੇ, ਲੀਰਾਂ ਖਿੱਦੋ ਫ਼ੋਲਣ ਵਾਲੇ।

1

o

## ਇਸ ਧਰਤੀ ਤੇ ਵਿਰਲੇ ਵਿਰਲੇ

ਇਸ ਧਰਤੀ ਤੇ ਵਿਰਲੇ ਵਿਰਲੇ ਸੰਕਟ ਸਮੇਂ ਸਹਾਰੇ ਬਣਦੇ।
ਓਹੀ ਸੁਣਿਐ, ਅੰਬਰੀਂ ਜਾ ਕੇ ਸੂਰਜ, ਚੰਨ ਜਾਂ ਤਾਰੇ ਬਣਦੇ।

ਆਪਣੀ ਅੱਗ ਵਿੱਚ ਆਪੇ ਸੜ ਕੇ, ਵਕਤ ਗੁਆਇਆ, ਹੱਥ ਕੀ ਆਇਆ,
ਓਹੀ ਪਲ ਤਾਂ ਵੀਰ ਮੇਰਿਆ, ਹੱਡੀਆਂ ਦੇ ਵਿੱਚ ਪਾਰੇ ਬਣਦੇ।

ਚੀਰੀ ਜਾਵੇ ਤਨ ਦੀ ਗੋਲੀ, ਦੂਜੇ ਕੰਨ ਆਵਾਜ਼ ਨਾ ਪਹੁੰਚੇ,
ਬਾਗ-ਬਗੀਚੇ ਢੇਰ ਕਰਨ ਲਈ, ਸ਼ਿਕਵੇ ਰੋਸੇ ਆਰੇ ਬਣਦੇ।

ਨਿੱਕੀਆਂ ਨਿੱਕੀਆਂ ਗੰਢਾਂ ਬੰਨ੍ਹ ਕੇ, ਮਨ-ਮੰਦਰ ਵਿੱਚ ਰੱਖਿਆ ਨਾ ਕਰ,
ਸਫ਼ਰ ਸਮੇਂ ਇਹ ਬਹੁਤੇ ਨਗ ਵੀ ਬੰਦੇ ਖਾਤਰ ਭਾਰੇ ਬਣਦੇ।

ਤੇਰੀ ਛਤਰੀ ਸਬਜ਼-ਕਬੂਤਰ, ਚੋਗ ਚੁਗਣ ਲਈ ਬੈਠੇ ਜਿਹੜੇ,
ਉੱਡ ਜਾਣੇ ਨੇ, ਦਾਣੇ ਚੁਗ ਕੇ ਜਿਹੜੇ ਬਹੁਤ ਦੁਲਾਰੇ ਬਣਦੇ।

ਧਨਵੰਤੇ ਪਤਵੰਤੇ ਜਿੱਥੇ, ਕਲਾਵੰਤ ਗੁਣਵੰਤੇ ਰੁਲ਼ਦੇ,
ਘਰ ਤੇ ਵਤਨ ਉਜਾੜਨ ਖ਼ਾਤਰ, ਏਹੀ ਪਲ ਅੰਗਿਆਰੇ ਬਣਦੇ।

ਕੂੜ ਕੁਫ਼ਰ ਦੇ 'ਨ੍ਹੇਰੇ ਅੰਦਰ, ਤੂੰ ਜੋ ਬੋਲੇਂ ਤਖ਼ਤ-ਨਸ਼ੀਨਾ,
ਵਕਤ-ਕਚਹਿਰੀ ਦੇ ਵਿੱਚ ਬੀਬਾ, ਅਸਲ ਗਵਾਹ ਤਾਂ ਕਾਰੇ ਬਣਦੇ।

1

o

## ਅੱਗ ਨਾਲ ਖੇਡੀਏ ਅੰਗਾਰਾਂ ਨਾਲ ਖੇਡੀਏ

ਅੱਗ ਨਾਲ ਖੇਡੀਏ ਅੰਗਾਰਾਂ ਨਾਲ ਖੇਡੀਏ।
ਆ ਜਾ ਕਦੇ ਸੋਹਣਿਆ, ਵਿਚਾਰਾਂ ਨਾਲ ਖੇਡੀਏ।

ਤੈਨੂੰ ਮੈਨੂੰ ਰੋਕਦੀਆਂ, ਨਜ਼ਰਾਂ ਮਿਲਾਉਣ ਤੋਂ,
ਕਾਹਨੂੰ ਸੜ ਜਾਣੀਆਂ ਦੀਵਾਰਾਂ ਨਾਲ ਖੇਡੀਏ।

ਸ਼ਿਕਰੇ ਤੇ ਬਾਜ਼ ਦੋਵੇਂ ਮਹਿਲਾਂ ਪੱਲੇ ਰਹਿਣ ਦੇ,
ਆ ਜਾ ਦੋਵੇਂ ਘੁੱਗੀਆਂ, ਗੁਟਾਰਾਂ ਨਾਲ ਖੇਡੀਏ।

ਜੋੜਦੇ ਨਾ, ਤੋੜਦੇ ਨੇ, ਕਹਿਰਵਾਨ ਬਾਗਬਾਨ,
ਖਿੜੇ ਹੋਏ ਫੁੱਲਾਂ ਗੁਲਜ਼ਾਰਾਂ ਨਾਲ ਖੇਡੀਏ।

ਅੱਥਰੀ ਬੰਦੂਕ ਦਿਆਂ ਘੋੜਿਆਂ ਨੂੰ ਛੱਡ ਦੇ,
ਪੋਟਿਆਂ ਨੂੰ ਆਖ ਦੇ, ਸਿਤਾਰਾਂ ਨਾਲ ਖੇਡੀਏ।

ਹੀਲੇ ਤੇ ਵਸੀਲੇ ਜਦੋਂ ਮਰ ਮੁੱਕ ਜਾਣ ਸਾਰੇ,
ਗੁਰੂ ਫੁਰਮਾਨ ਹੈ ਕਟਾਰਾਂ ਨਾਲ ਖੇਡੀਏ।

ਜਿੱਤ ਹਾਰ ਹੁੰਦੀ ਕਾਹਦੀ ਦੱਸੋ ਪਰਿਵਾਰ ਵਿੱਚ,
ਜਿੰਨੀ ਦੇਰ ਖੇਡਣਾ, ਪਿਆਰਾਂ ਨਾਲ ਖੇਡੀਏ।

1

o

## ਟਾਹਲੀ ਤੂਤ ਫੁਟਾਰਾ ਫੁੱਟਿਆ

ਟਾਹਲੀ ਤੂਤ ਫੁਟਾਰਾ ਫੁੱਟਿਆ ਵੇਖ ਮਹੀਨਾ ਚੇਤਰ ਚੜ੍ਹਿਆ।
ਪੱਤਝੜ ਮਗਰੋਂ ਰੂਹ ਦੇ ਸਾਈਆਂ ਤੂੰ ਵੀ ਤਾਂ ਮਿਲ ਜਾ ਵੇ ਅੜਿਆ।

ਚੁੱਪ ਦੇ ਜੰਗਲ ਦਿਨ ਤੇ ਰਾਤਾਂ ਸ਼ਾਮ ਸਵੇਰਾਂ, ਕੀ ਤੂੰ ਕਰਦੈਂ,
ਰੂਹ ਤੇ ਦਸਤਕ ਦੇ ਦੇ ਪਰ ਤੂੰ ਇਹ ਵਰਕਾ ਦੱਸ ਕਿੱਥੋਂ ਪੜ੍ਹਿਆ।

ਲੱਸੀ ਨੂੰ ਵੀ ਮਾਰੇ ਫੂਕਾਂ ਏਨਾ ਵੀ ਦੱਸ ਡਰ ਕੀ ਹੋਇਆ,
ਹੋਠ ਛੁਹਾ ਕੇ ਰੂਹ ਨੂੰ ਸਿੰਜ ਲੈ, ਝਿਜਕ ਰਿਹੈਂ ਕਿਉਂ, ਦੁੱਧ ਦਾ ਸੜਿਆ।

ਕਣਕਾਂ ਹੋਈਆਂ ਸੋਨ-ਸੁਨਹਿਰੀ ਸਿੱਟਿਆਂ ਦੇ ਮੂੰਹ ਦਾਣੇ-ਮੋਤੀ,
ਬੱਲੀਆਂ ਦੇ ਵਿੱਚ ਜੜ ਕੇ ਮਾਣਕ ਇਸ ਨੂੰ ਕਿੰਜ ਸੁਨਿਆਰੇ ਘੜਿਆ।

ਉੱਖਲੀ ਦੇ ਵਿੱਚ ਸਿਰ ਸੀ ਮੇਰਾ ਸਖ਼ਤ ਮੇਰੀ ਹਸਤੀ ਦੇ ਕਰਕੇ,
ਵਕਤ ਲਿਹਾਜ਼ ਨਾ ਕੀਤਾ ਮੇਰਾ, ਮੋਹਲੇ ਮਾਰ ਮਾਰ ਕੇ ਛੜਿਆ।

ਤੋੜ ਰਹੇ ਨੇ ਫੁੱਲ ਤੇ ਕਲੀਆਂ ਵਣਜਾਂ ਖ਼ਾਤਰ ਚੁਸਤ ਫੁਲੇਰੇ,
ਟਾਹਣੀ ਟਾਹਣੀ ਖ਼ੁਸ਼ਬੂ ਪੁੱਛਦੀ, ਕਿਰਨ ਮਕਿਰਨੀ ਕਿਹੜਾ ਝੜਿਆ।

ਮੈਂ ਉਹ ਯੁੱਧ ਲੜਨ ਦੀ ਖਾਤਰ, ਰਣ ਭੂਮੀ ਵਿੱਚ ਪਹੁੰਚ ਗਿਆ ਹਾਂ,
ਆਪਣੇ ਉਲਟ ਲੜਾਈ ਹੈ ਇਹ, ਜੋ ਸੀ ਮੈਂ ਅੱਜ ਤੀਕ ਨਾ ਲੜਿਆ।

ਮੋਹ ਤੇਰੇ ਦੀ ਸੁਰਮ-ਸਲਾਈ ਪਾ ਨੈਣਾਂ ਵਿੱਚ ਹੋਇਆ ਚਾਨਣ,
ਦਿਲ-ਦਰਵਾਜ਼ੇ ਅੰਦਰ ਤੱਕ ਤੂੰ, ਮੁੰਦਰੀ ਵਿੱਚ ਨਗੀਨਾ ਜੜਿਆ।

ਵੇਖੀ ਰਾਹ ਵਿਚਕਾਰ ਨਾ ਛੱਡੀ ਕੱਲ੍ਹਿਆਂ ਮੈਂ ਰਾਹ ਭੁੱਲ ਜਾਵਾਂਗਾ,
ਰੱਬ ਤੋਂ ਵੱਧ ਵਿਸ਼ਵਾਸ ਸਹਾਰੇ, ਯਾਦ ਤੇਰੀ ਦਾ ਪੱਲੂ ਫੜਿਆ।

1

○

## ਇੱਕ ਅੱਧ ਬੋਲ ਸੁਣਾ ਦੇ ਮੈਨੂੰ

ਇੱਕ ਅੱਧ ਬੋਲ ਸੁਣਾ ਦੇ ਮੈਨੂੰ ਹਾਲੇ ਦਿਲ ਨਹੀਂ ਭਰਿਆ ਯਾਰ।
ਇਕਲਾਪੇ ਦਾ ਬੋਝ ਉਠਾ ਕੇ, ਹੋਰ ਨਾ ਜਾਵੇ ਮਰਿਆ ਯਾਰ।

ਜਿਵੇਂ ਸ਼ਰੀਂਹ ਦੀਆਂ ਫ਼ਲੀਆਂ ਛਣਕਣ ਪੌਣ ਵਗੇ ਘੁੰਗਰਾਲਾਂ ਵਾਂਗ,
ਹਾਸੇ ਦੀ ਛਣਕਾਰ 'ਚ ਕੀ ਤੂੰ, ਜਾਦੂ ਦੱਸ ਦੇ, ਭਰਿਆ ਯਾਰ।

ਚੂਸ ਲਵਾਂ ਸਭ ਤਲਖੀਆਂ ਤੇਰੇ ਮੱਥੇ ਅੰਦਰੋਂ ਦਿਲ ਕਰਦੈ,
ਏਸ ਜਗ੍ਹਾ ਨਾ ਸ਼ਿਕਨ ਮੇਰੇ ਤੋਂ, ਹੁਣ ਨਾ ਜਾਵੇ ਜਰਿਆ ਯਾਰ।

ਹਰ ਵਾਰੀ, ਹਰ ਥਾਂ ਨਾ ਦਰਦ ਸੁਣਾਇਆ ਜਾਵੇ ਸਭਨਾਂ ਨੂੰ,
ਅੱਜ ਅਚਾਨਕ ਉੱਛਲਿਆ ਹੈ, ਜੋ ਮਨ ਰਹਿੰਦਾ ਭਰਿਆ ਯਾਰ।

ਚਾਰ-ਚੁਫ਼ੇਰੇ ਮੇਰੇ ਕਿਉਂ ਨੇ, ਸਹਿਮੇ ਹੋਏ ਧਰਤ, ਆਕਾਸ਼,
ਹਰ ਚਿਹਰਾ ਹੀ ਜ਼ਰਦ ਭੂਕ ਹੈ, ਹੋਵੇ ਜੀਕੂ ਡਰਿਆ ਯਾਰ।

ਤੂੰ ਹੋਵੇਂ ਤਾਂ ਅਗਨੀ ਵੀ ਹਮਰਾਜ਼ ਵਾਂਗਰਾਂ ਲੱਗਦੀ ਮੈਨੂੰ
ਕੱਲ੍ਹਿਆਂ ਬਹੁਤ ਮੁਹਾਲ ਅਗਨ ਦਾ ਮੈਂ ਦਰਿਆ ਜੋ ਤਰਿਆ ਯਾਰ।

ਗਲਵੱਕੜੀ ਵਿੱਚ ਉਹ ਪਲ ਸਾਰੇ, ਕੱਸਣੇ ਚਾਹਾਂ ਮੁੜ ਕੇ ਫੇਰ,
ਇਤਰ ਸਰੋਵਰ ਨੂੰ ਜਦ ਆਪਾਂ, ਸਾਹਾਂ ਵਿੱਚ ਸੀ ਧਰਿਆ ਯਾਰ!

1

○

## ਝੜ ਗਏ ਪੱਤ ਪੁਰਾਣੇ ਭਾਵੇਂ

ਝੜ ਗਏ ਪੱਤ ਪੁਰਾਣੇ ਭਾਵੇਂ, ਰੁੱਤ ਨਵਿਆਂ ਦੀ ਆਈ ਨਹੀਂ।
ਤਾਂਹੀਂਉਂ ਰਸਮ ਨਿਭਾਉਣ ਲਈ ਮੈਂ, ਦਿੱਤੀ ਅੱਜ ਵਧਾਈ ਨਹੀਂ।

ਮੋਦੀਖ਼ਾਨੇ ਅੰਦਰ ਸੌਦਾ ਜਿੰਨਾ ਵੀ ਸੀ ਵਿਕ ਚੁੱਕਿਆ,
ਕੀਹਦਾ ਹੋਕਾ ਹੁਣ ਦੇਵੋਗੇ, ਨਵੀਂ ਰਸਦ ਜੇ ਪਾਈ ਨਹੀਂ।

ਤਨ ਜ਼ਖ਼ਮੀ ਹੈ, ਰੂਹ 'ਤੇ ਛਾਲੇ, ਲੱਗਦੈ ਮਨ ਪਰਦੇਸੀ ਹੈ,
ਖ਼ੁਦ ਨੂੰ ਪੁੱਛ ਕੇ ਦੱਸਿਓ ਆਪੇ, ਕਿਸ ਦੀ ਸ਼ਾਮਤ ਆਈ ਨਹੀਂ।

ਮੈਂ ਜੇ ਚੁੱਪ ਹਾਂ, ਇਹ ਨਾ ਸਮਝੋ, ਚੋਰ, ਸਾਧ ਪਹਿਚਾਣਾਂ ਨਾ,
ਵੇਖਣ ਨੂੰ ਹੀ ਸਿੱਧਰਾ ਲੱਗਦਾਂ, ਏਨਾ ਵੀ ਸ਼ੈਦਾਈ ਨਹੀਂ।

ਵਤਨ ਮੇਰਾ ਬਰਬਾਦ ਕਰਦਿਓ, ਇਹ ਗੱਲ ਚੇਤੇ ਰੱਖ ਲੈਣਾ,
ਮਨ ਦੀ ਖੋਟ ਸਮਝ ਲਈ ਲੋਕਾਂ, ਹੁਣ ਚੱਲਣੀ ਚਤੁਰਾਈ ਨਹੀਂ।

ਚੋਰਾਂ ਦੇ ਹੱਥ, ਡਾਂਗਾਂ ਦੇ ਗ਼ਜ਼, ਸੁਣਦੇ ਸਾਂ, ਅੱਜ ਵੇਖ ਲਏ,
ਪਹਿਰੇਦਾਰ ਬਰਾਬਰ ਦੋਸ਼ੀ, ਜਿਸ ਨੇ 'ਵਿਸਲ' ਵਜਾਈ ਨਹੀਂ।

ਪੌਣੀ ਸਦੀ ਗੁਜ਼ਾਰਨ ਮਗਰੋਂ ਕੱਚੇ ਵਿਹੜੇ ਪੁੱਛਦੇ ਨੇ,
ਹੁਕਮਰਾਨ ਜੀ, ਉਹ ਆਜ਼ਾਦੀ ਸਾਡੇ ਘਰ ਕਿਉਂ ਆਈ ਨਹੀਂ?

1

o

## ਮਿਲਦਿਆਂ ਤੈਨੂੰ ਮੇਰਾ ਕੈਸਾ

ਮਿਲਦਿਆਂ ਤੈਨੂੰ ਮੇਰਾ ਕੈਸਾ ਮੁਕੱਦਰ ਹੋ ਗਿਆ।
ਪਿਆਰ-ਕਤਰਾ ਮਿਲ ਗਿਆ, ਮੈਂ ਵੀ ਸਮੁੰਦਰ ਹੋ ਗਿਆ।

ਮੇਰਿਆਂ ਖ਼ਵਾਬਾਂ 'ਚ ਤੂੰ ਜਾਂ ਰਾਤ ਰਾਣੀ ਮਹਿਕਦੀ,
ਮੇਰੇ ਚਾਅ ਦਾ ਕੱਦ ਵੀ ਤੇਰੇ ਬਰਾਬਰ ਹੋ ਗਿਆ।

ਮੇਰੀ ਰੂਹ ਦਾ ਸਿਦਕ ਵੀ ਅੱਜ ਮੌਲਿਆ ਬਣ ਕੇ ਬਹਾਰ,
ਸੋਨ-ਰੰਗੀ ਧਰਤ ਦਾ, ਜੀਕੂੰ ਸਵੰਬਰ ਹੋ ਗਿਆ।

ਮਿਲ ਗਈ ਪਰਵਾਜ਼ ਮੈਨੂੰ, ਖੰਭ ਲਾਉਂਦੇ ਤਾਰੀਆਂ,
ਮਿਲ ਗਿਆ ਏ ਸਾਥ ਤੇਰਾ, ਮੈਂ ਵੀ ਅੰਬਰ ਹੋ ਗਿਆ।

ਮੇਰਿਆਂ ਨੈਣਾਂ ਚੋਂ ਹੰਝੂ, ਖੁਸ਼ਕ ਹੋਣੋਂ ਬਚ ਗਏ,
ਮਿਲਣ ਦਾ ਇਕਰਾਰ ਹੀ ਅਸਲੀ ਪੈਗੰਬਰ ਹੋ ਗਿਆ।

ਤੂੰ ਖਲੋਤੇ ਪਾਣੀਆਂ 'ਤੇ ਨਜ਼ਰ ਕੀਤੀ, ਬਾ-ਕਮਾਲ,
ਬਹੁਤ ਗੰਧਲੀ ਝੀਲ ਦਾ ਪਾਣੀ ਵੀ ਸਰਵਰ ਹੋ ਗਿਆ।

ਸੁਰ ਮਿਲੇ ਸ਼ਬਦਾਂ ਨੂੰ ਸੰਗੀ, ਤਾਲ ਵੀ ਨੇ ਆ ਜੁੜੇ,
ਖ਼ੌਲਦਾ ਮਨ ਭਟਕਦਾ ਸੀ, ਸ਼ਾਂਤ ਸਾਗਰ ਹੋ ਗਿਆ।

1

o

## ਜਾਣ ਵਾਲਿਆ ਜਾਹ ਨਾ ਬੀਬਾ

ਜਾਣ ਵਾਲਿਆ ਜਾਹ ਨਾ ਬੀਬਾ, ਇੱਕ ਵਾਰੀ ਫਿਰ ਮੇਰਾ ਹੋ ਜਾ।
ਦਿਲ ਡੁੱਬ ਚੱਲਿਐ ਵਿੱਚ ਹਨ੍ਹੇਰੇ, ਮੁੜ ਕੇ ਸੁਰਖ਼ ਸਵੇਰਾ ਹੋ ਜਾ।

ਜੋ ਕੁਝ ਹੋਇਆ ਬੀਤਿਆ ਛੱਡਦੇ ਲੀਕਾਂ ਪਿੱਟਣ ਦਾ ਕੀ ਫ਼ਾਇਦਾ,
ਮੈਂ ਵੀ ਮਨ ਨੂੰ ਇਹ ਸਮਝਾਇਐ ਸਿਰ ਪੈਰੋਂ ਸਭ ਤੇਰਾ ਹੋ ਜਾ।

ਮਾਣਕ ਜਨਮ ਅਮੋਲਕ ਹੀਰਾ, ਰੁੱਸਿਆਂ ਰੁੱਸਿਆਂ ਬੀਤ ਨਾ ਜਾਵੇ,
ਦਿਲ-ਦਰਵਾਜ਼ੇ ਖੋਲ੍ਹ ਪਿਆਰੇ, ਮੁੜ ਸੱਜਣਾਂ ਦਾ ਡੇਰਾ ਹੋ ਜਾ।

ਪਹਿਲਾਂ ਕਿਲ੍ਹੇ ਉਸਾਰ ਹਵਾਈ, ਫਿਰ ਉਹਦੀ ਰਖਵਾਲੀ ਕਰਦੈਂ,
ਮੇਰੀ ਮੰਨ ਲੈ, ਦੀਵੇ ਖ਼ਾਤਰ, ਕੱਚੇ ਘਰੀਂ ਬਨੇਰਾ ਹੋ ਜਾ।

ਅਗਨੀ ਦਾ ਵਣਜਾਰਾ ਬਣ ਕੇ, ਫਿਰੇਂ ਭਟਕਦਾ ਆਲਮਗੀਰਾ,
ਬਾਗ-ਬਗੀਚੇ ਸਾੜਨ ਦੀ ਥਾਂ, ਧਰਤੀ-ਪੁੱਤ ਫੁਲੇਰਾ ਹੋ ਜਾ।

ਦਹਿਸ਼ਤ ਖ਼ੌਫ਼ ਸਹਿਮ ਦੇ ਇੱਕੋ ਨੁਕਤੇ ਅੰਦਰ ਸਿਮਟ ਗਿਆ ਏਂ,
ਫ਼ੈਲ ਗੁਲਾਬੀ ਮਹਿਕ ਵਾਂਗਰਾਂ, ਬਿੰਦੂ ਦੀ ਥਾਂ ਘੇਰਾ ਹੋ ਜਾ।

ਹਰ ਮੁਸ਼ਕਿਲ ਦਾ ਹੱਲ ਹੁੰਦਾ ਹੈ, ਜੇ ਵਿਸ਼ਵਾਸ ਪਕੇਰਾ ਹੋਵੇ,
ਸਰਬ-ਸ਼ਕਤੀਆਂ ਤੇਰੇ ਅੰਦਰ, ਬੇਹਿੰਮਤੀ ਛੱਡ, ਜੇਰਾ ਹੋ ਜਾ।

1

o

## ਸ਼ਾਮਾਂ ਨੂੰ ਸੂਰਜ ਜਾਂਦਿਆਂ

ਸ਼ਾਮਾਂ ਨੂੰ ਸੂਰਜ ਜਾਂਦਿਆਂ ਇਕਰਾਰ ਕਰ ਗਿਆ।
ਮੁੜਿਆ ਨਾ ਸਾਰੀ ਰਾਤ ਹੱਦਾਂ ਪਾਰ ਕਰ ਗਿਆ।

ਮਹਿਰਮ ਦਿਲਾਂ ਦਾ ਕੰਡ ਕਰਕੇ ਦੂਰ ਬਹਿ ਗਿਆ,
ਪੁੱਛੋ ਨਾ ਦਿਲ ਦਾ ਹਾਲ ਕੀ, ਬੀਮਾਰ ਕਰ ਗਿਆ।

ਕਦਮਾਂ ਤੋਂ ਕੁਝ ਕੁ ਦੂਰ ਪਰ ਰੂਹੋਂ ਕਰੋੜਾਂ ਮੀਲ,
ਖ਼ੌਰੇ ਪਤਾ ਨਹੀਂ ਕੌਣ ਇਹ ਦੀਵਾਰ ਕਰ ਗਿਆ।

ਮਾਰਾਂ ਆਵਾਜ਼, ਪਰਤ ਆਵੇ ਫਿਰ ਤੋਂ ਮੇਰੇ ਕੋਲ,
ਵੇਖੋ ਬੇਰਹਿਮ ਵਕਤ ਕੀ ਕੀ ਵਾਰ ਕਰ ਗਿਆ।

ਮੈਨੂੰ ਨਜ਼ਰ ਭਰ ਵੇਖਿਆ, ਪਹਿਚਾਣਿਆ ਨਹੀਂ,
ਦੱਸਾਂ ਕਿਵੇਂ ਮੈਂ ਰੂਹ 'ਤੇ ਕਿੰਨਾ ਭਾਰ ਕਰ ਗਿਆ।

ਯਾਦਾਂ 'ਚੋਂ ਕਾਹਦਾ ਨਿਕਲਿਆ ਦਿਲਦਾਰ ਮਲਕੜੇ,
ਮੇਰਾ ਵਜੂਦ ਬਰਫ਼, ਠੰਢਾ-ਠਾਰ ਕਰ ਗਿਆ।

ਮੇਰਾ ਖ਼ਵਾਬ ਘੁਲ਼ ਗਿਆ, ਸ਼ਬਦਾਂ 'ਚ ਇਸ ਤਰ੍ਹਾਂ,
ਅੰਬਰ, ਸਮੁੰਦਰ, ਧਰਤ ਨੂੰ ਪਰਿਵਾਰ ਕਰ ਗਿਆ।

l

o

## ਪਿਆਰ ਦੇ ਰਾਹ ਵਿੱਚ ਦੱਸੋ ਤਾਂ ਸਹੀ

ਪਿਆਰ ਦੇ ਰਾਹ ਵਿੱਚ ਦੱਸੋ ਤਾਂ ਸਹੀ ਕਿਸਨੂੰ ਨਹੀਂਉਂ ਦਰਦ ਮਿਲੇ।
ਵੱਖਰੀ ਗੱਲ ਹੈ, ਵਣ-ਹਰਿਆਲੇ, ਬਣ ਕੇ ਕੁਝ ਹਮਦਰਦ ਮਿਲੇ।

ਸਿਰ ਤੇ ਸੂਰਜ, ਤਪਦੀ ਧਰਤੀ, ਜਦ ਪੈਰਾਂ ਵਿੱਚ
ਬਹੁਤੀ ਵਾਰੀ, ਕੋਲ ਖੜ੍ਹੇ ਨਾ, ਜਿੰਨੇ ਰਿਸ਼ਤੇ, ਸਰਦ ਮਿਲੇ।

ਮੈਂ ਮਿੱਠੇ ਖਰਬੂਜ਼ੇ ਵਾਂਗੂ ਜਿੰਨ੍ਹਾਂ ਸਨਮੁਖ ਹਾਜ਼ਰ ਸੀ,
ਚਾਕੂ, ਤੇਜ਼ ਕਟਾਰ ਕਦੇ ਕੁਝ ਬਣ ਕੇ ਮੈਨੂੰ ਕਰਦ ਮਿਲੇ।

ਕਾਲੇ ਮੈਡੇ ਕੱਪੜੇ ਭਾਵੇਂ, ਚਿੱਟੇ ਵਸਤਰ ਪਾ ਤੁਰਿਆ,
ਸਮਝ ਪਵੇ ਨਾ ਸਾਰੇ ਰਾਹੀਂ, ਮਗਰੇ ਉੱਡਦੀ ਗਰਦ ਮਿਲੇ।

ਚੂਸ ਗਿਆ ਰੱਤ ਚੰਦਰਾ ਮੌਸਮ, ਸੁਰਖ਼ ਗੁਲਾਬ ਦੀ ਵਾੜੀ ਦਾ,
ਮੇਰੇ ਦੇਸ ਪੰਜਾਬ ਦਾ ਚਿਹਰਾ, ਪੀਲਾ ਭੂਕ ਤੇ ਜ਼ਰਦ ਮਿਲੇ।

ਕੁਰਸੀ ਤੇ ਭਗਵਾ ਜਾਂ ਸੂਹਾ, ਨੀਲਾ ਪੀਲਾ ਜੋ ਬਹਿੰਦਾ,
ਜਿੱਤਣ ਲਈ ਸ਼ਤਰੰਜ ਦੀ ਬਾਜ਼ੀ, ਰੰਗ-ਬਰੰਗੀ ਨਰਦ ਮਿਲੇ।

ਵਕਤ ਉਡੀਕ ਰਿਹਾ ਏ ਚਿਰ ਤੋਂ, ਰੂਹ ਦਾ ਦਰਦ ਨਿਵਾਰਨ ਲਈ,
ਮੋਈ ਮਿੱਟੀ ਜਾਗ ਪਵੇ ਇਹ, ਫੇਰ ਅਗੰਮੜਾ ਮਰਦ ਮਿਲੇ।

l

੦

## ਯਾਦ ਤੇਰੀ ਦਾ ਚਾਨਣ ਏਨਾ

ਯਾਦ ਤੇਰੀ ਦਾ ਚਾਨਣ ਏਨਾ, ਹਰ ਪਲ ਜਿਵੇਂ ਸਵੇਰਾ ਹੋਵੇ।
ਸੂਰਜ ਰੰਗੀਏ, ਤੈਨੂੰ ਡਿੱਠਿਆਂ, ਰੂਹ ਚਾਨਣ ਦਾ ਡੇਰਾ ਹੋਵੇ।

ਮਹਿਕਦੀਏ ਚੰਬੇ ਦੀ ਕਲੀਏ, ਮੇਰੇ ਧੁਰ ਅੰਦਰ ਖੁਸ਼ਬੋਈਏ,
ਜਿਹੜੀ ਥਾਂ ਤੂੰ ਹਾਜ਼ਰ ਨਾਜ਼ਰ ਓਥੇ ਕਿਵੇਂ ਹਨ੍ਹੇਰਾ ਹੋਵੇ।

ਰਹਿਮਤ ਦਾ ਮੀਂਹ ਵਰ੍ਹਿਆ ਰੱਜ ਕੇ, ਪਲ ਅਣਮੁੱਲੇ ਪੈ ਗਏ ਝੋਲੀ,
ਇਹ ਵਿਸਮਾਦ ਖ਼ਜ਼ਾਨਾ ਸਾਂਝਾ, ਨਾ ਤੇਰਾ ਨਾ ਮੇਰਾ ਹੋਵੇ।

ਤੇਰੇ ਦਿਲ ਦੀ ਤਖ਼ਤੀ ਉੱਤੇ, ਸੁਣਿਆ ਹੈ ਕਿ ਮੈਂ ਵੀ ਹਾਜ਼ਰ,
ਟਿਮਕਣਿਆਂ ਦੀ ਵੱਡੀ ਹਸਤੀ, ਹਰ ਬਿੰਦੂ ਦਾ ਘੇਰਾ ਹੋਵੇ।

ਜਦ ਵੀ ਯਾਦ ਕਰਾਂ, ਮਿਲ ਜਾਵੇਂ, ਲੱਖ ਸ਼ੁਕਰਾਨਾ ਮਹਿਕਵੰਤੀਏ,
ਚਿਤਵਦਿਆਂ ਰੂਹ ਚਾਨਣ ਚਾਨਣ ਨੂਰੋ ਨੂਰ ਬਨੇਰਾ ਹੋਵੇ।

ਤੁਰ ਜਾਵੇਂ ਦਿਲ ਡੋਲੇ ਖਾਵੇ, ਦਿਸ ਜਾਵੇਂ ਮਨ ਹੋਵੇ ਬਿਹਬਲ,
ਦਿਲ ਦੀ ਬਾਤ ਸੁਣਾਵਾਂ ਨੂੰ, ਇਹ ਨਾ ਮੈਥੋਂ ਜੇਰਾ ਹੋਵੇ।

ਮਨ ਮੇਰੇ ਦਾ ਬਾਗ-ਬਗੀਚਾ, ਖਿੜਦੈ ਫਿਰ ਮੁਰਝਾ ਹੈ ਜਾਂਦਾ,
ਟਾਹਣੀ ਤੇ ਫੁੱਲ ਕੰਬਦੇ ਰਹਿੰਦੇ, ਵੈਰੀ ਜਿਵੇਂ ਫੁਲੇਰਾ ਹੋਵੇ।

1

੦

## ਸੂਰਜ ਅੱਗੇ ਨਾਕਾ ਭਲਿਆ

ਸੂਰਜ ਅੱਗੇ ਨਾਕਾ ਭਲਿਆ, ਕੌਣ ਭਲਾ ਦੱਸ ਲਾ ਸਕਿਆ ਹੈ।
ਸਗਲ-ਸ੍ਰਿਸ਼ਟੀ ਚਾਨਣ ਦਾ ਹੜ੍ਹ, ਕੌਣ ਰੁਕਾਵਟ ਡਾਹ ਸਕਿਆ ਹੈ।

ਮੈਂ ਵੀ ਤਾਂ ਉਸ ਨੂਰ ਦਾ ਹਿੱਸਾ, ਜੋ ਹੈ ਰਿਸ਼ਮ ਨੂਰਾਨੀ ਸੁੱਚੀ,
ਅਨਹਦ-ਨਾਦ ਵਜਦ ਨੂੰ ਕਿਹੜਾ, ਪਿੰਜਰੇ ਅੰਦਰ ਪਾ ਸਕਿਆ ਹੈ।

ਇਹ ਜੋ ਪੌਣ ਪੁਰੇ ਦੀ ਵਗਦੀ, ਤੇਰੇ ਵੱਸ ਨਾ ਰੋਕਾਂ ਲਾਉਣਾ,
ਖੁਸ਼ਬੋਈ ਨੂੰ ਕਿਹੜਾ ਏਥੇ, ਪੋਟਲੀਆਂ ਵਿੱਚ ਪਾ ਸਕਿਆ ਹੈ।

ਵਕਤ ਲਿਹਾਜ਼ ਕਦੇ ਨਾ ਕਰਦਾ, ਜੋ ਪਲ ਗੁਜ਼ਰੇ ਮੁੜ ਨਾ ਆਏ,
ਜਿਹੜਾ ਪੱਤਣੋਂ ਲੰਘ ਜਾਂਦਾ ਏ, ਨੀਰ ਪਰਤ ਨਾ ਆ ਸਕਿਆ ਹੈ।

ਇੱਕ ਵਾਰੀ ਦਿਲ ਟੁੱਟ ਜਾਵੇ ਜੇ, ਸੁਰਤ ਜੋੜਨੀ ਸੌਖੀ ਨਹੀਂਉਂ,
ਕੌਣ ਭਲਾ ਇਕਤਾਰਾ ਟੁੱਟਿਆਂ, ਰਾਗ ਵਸਲ ਦਾ ਗਾ ਸਕਿਆ ਹੈ।

ਤੂੰ ਜੋ ਲਿਖੇ ਭੁਲਾਵੇਂ ਅੱਖਰ, ਹੁਣ ਤੱਕ ਵਾਕ ਨਾ ਬਣਿਆ ਭਾਵੇਂ,
ਦਿਲ ਦੇ ਵਰਕੇ ਉੱਪਰ ਜਗਦੇ, ਨਕਸ਼ ਕਿਵੇਂ ਕੋਈ ਢਾਹ ਸਕਿਆ ਹੈ।

ਆਸ-ਉਮੀਦ ਜਿਉਂਦੀ ਹਾਲੇ, ਦਿਲ ਮੇਰੇ ਦੀ ਨਗਰੀ ਰੌਸ਼ਨ,
ਤੇਰਾ ਗੂੜ੍ਹ ਹਨ੍ਹੇਰਾ ਏਥੇ, ਅੱਜ ਤੀਕਰ ਨਾ ਛਾ ਸਕਿਆ ਹੈ।

1

o

## ਮਹਿੰਗੇ ਵਸਤਰ, ਸੋਨਾ, ਗਹਿਣੇ

ਮਹਿੰਗੇ ਵਸਤਰ, ਸੋਨਾ, ਗਹਿਣੇ, ਰੰਗ-ਬਰੰਗਾ ਜਾਲ ਕੁੜੇ।
ਕਿੱਥੇ ਉਲਝੀ ਨਜ਼ਰ ਨੂਰਾਨੀ, ਭੁੱਲ ਗਈ ਅਸਲੀ ਚਾਲ ਕੁੜੇ।

ਸੱਚ ਦੇ ਨਾਲ ਦੂਰ ਦਾ ਰਿਸ਼ਤਾ, ਤਨ ਦਾ ਵੀ ਤੇ ਮਨ ਦਾ ਵੀ,
ਸਿਰਫ਼ ਇਕੱਲ੍ਹੀ ਜੀਭ ਕਰੇ ਕਿੰਜ, ਨਦਰੀ ਨਦਰਿ ਨਿਹਾਲ ਕੁੜੇ।

ਨਰਮੇ ਪਿੱਛੋਂ ਬਾਸਮਤੀ ਤੇ ਉਸ ਤੋਂ ਮਗਰੋਂ ਘਰ ਦੇ ਜੀਅ,
ਮੰਡੀ ਦੇ ਵਿੱਚ ਰੁਲਦਾ ਫਿਰਦਾ, ਸਾਡਾ ਮਹਿੰਗਾ ਮਾਲ ਕੁੜੇ।

ਨਾਗਣੀਆਂ ਤੇ ਸਰਪ ਖੜੱਪੇ, ਵੇਖ ਕਿਵੇਂ ਫੁੰਕਾਰਨ ਪਏ,
ਬੀਨਾਂ ਵਾਲੇ ਜੋਗੀ ਵੀ ਹੁਣ, ਰਲ ਗਏ ਇਨ੍ਹਾਂ ਨਾਲ ਕੁੜੇ।

ਮੰਡੀ ਦੇ ਵਿੱਚ ਧਰ ਕੇ ਵੇਚਣ, ਧਰਮ ਸਿਆਸਤ ਇੱਕੋ ਭਾਅ,
ਸਾਨੂੰ ਆਖਣ ਪੈ ਚੱਲਿਆ ਏ, ਸ਼ਰਮ ਸ਼ਰ੍ਹਾਂ ਦਾ ਕਾਲ ਕੁੜੇ।

ਬਾਗਬਾਨ ਬਦਨੀਤੇ ਹੋ ਗਏ, ਧਰਮੀ ਬਾਬਲ ਡੋਲ ਗਏ,
ਚੋਰ ਲੁਟੇਰੇ ਮੱਲ ਕੇ ਬਹਿ ਗਏ, ਹਰ ਪੱਤੀ ਹਰ ਡਾਲ ਕੁੜੇ।

ਧੌਲ ਧਰਮ ਦੇ ਸਿਰ ਤੇ ਧਰਤੀ, ਡੋਲ ਰਹੀ ਮਹਿਸੂਸ ਕਰਾਂ,
ਬਾਬਰਵਾਣੀ ਫਿਰ ਗਈ ਤਾਂਹੀਓਂ, ਗਲ ਵਿੱਚ ਉਲਝੇ ਵਾਲ ਕੁੜੇ।

1

o

## ਮਨ ਦਾ ਚੈਨ ਗੁਆਚ ਨਾ ਜਾਵੇ

ਮਨ ਦਾ ਚੈਨ ਗੁਆਚ ਨਾ ਜਾਵੇ, ਲਾ ਦੇਈਏ ਵਿਸ਼ਵਾਸ ਦਾ ਬੂਟਾ।
ਬਹੁਤ ਜ਼ਰੂਰੀ ਰੂਹ ਵਿੱਚ ਲਾਉਣਾ, ਖੇੜੇ ਵੰਡਦੀ ਆਸ ਦਾ ਬੂਟਾ।

ਮਨ ਪਰਦੇਸੀ ਘਰ ਨਹੀਂ ਮੁੜਿਆ, ਡਗਮਗ ਡਗਮਗ ਡੋਲ ਰਿਹਾ ਹੈ,
ਰੋਜ਼ ਦਿਹਾੜੀ ਫ਼ੈਲ ਰਿਹਾ ਹੈ, ਅਜਬ ਜਹੇ ਬਨਵਾਸ ਦਾ ਬੂਟਾ।

ਆਪਣੀ ਧਰਤ ਪਰਾਈ ਲੱਗਦੀ, ਨਜ਼ਰ ਜਿਵੇਂ ਪਥਰਾ ਚੱਲੀ ਹੈ,
ਕੰਕਰੀਟ ਦੇ ਜੰਗਲ ਅੰਦਰ ਇੱਕ ਵੀ ਨਹੀਂ ਧਰਵਾਸ ਦਾ ਬੂਟਾ।

ਚਾਤਰ ਚਤੁਰ ਕਰੇ ਚਤੁਰਾਈ, ਪਿਆਰ ਵਿਖਾਵੇ ਜਿਸਮ ਪਲੋਸੇ,
ਡੰਗਦਾ ਖ਼ੂਨ ਜਿਗਰ ਦਾ ਮੰਗਦਾ ਰੂਹ ਦੇ ਅੰਦਰ ਲਾਸ ਦਾ ਬੂਟਾ।

ਫ਼ਸਲਾਂ ਵਾਲੀ ਧਰਤੀ ਬੰਜਰ, ਉੱਜੜ ਚੱਲੇ ਸੁਪਨ-ਬਗੀਚੇ,
ਬਿਰਖਾਂ ਨਾਲ ਲਮਕਦੇ ਅੱਥਰੂ, ਖਾ ਚੱਲਿਆ ਸਲਫ਼ਾਸ ਦਾ ਬੂਟਾ।

ਚਤੁਰ ਸ਼ੈਤਾਨ ਦੀ ਹਰਕਤ ਵੇਖੋ, ਕਰ ਲਿਆ ਹੈ ਵਿਗਿਆਨ ਪਾਲਤੂ,
ਗਮਲੇ ਅੰਦਰ ਲਾ ਦਿੱਤਾ ਹੈ, ਹੱਡੀਆਂ ਬਿਨ ਹੀ ਮਾਸ ਦਾ ਬੂਟਾ।

ਆਪੋ ਆਪਣੀ ਜ਼ਾਤ ਵਡੇਰੀ, ਅਮਰਵੇਲ ਜਦ ਫ਼ੈਲਰਦੀ ਹੈ,
ਏਸ ਤਰ੍ਹਾਂ ਹੀ ਸੁੱਕ ਜਾਂਦਾ ਹੈ, ਸਾਂਝਾਂ ਦੇ ਇਤਿਹਾਸ ਦਾ ਬੂਟਾ।

1

o

## ਨੀ ਖੁਸ਼ਬੋਈਏ, ਜੀਣ ਜੋਗੀਏ

ਨੀ ਖੁਸ਼ਬੋਈਏ, ਜੀਣ ਜੋਗੀਏ, ਚਾਨਣ ਦੇ ਘਰ ਰਾਤ ਨਾ ਹੋਵੇ।
ਪਿਆਰ ਭਰੀ ਬਦਲੋਟੀ ਤੋਂ ਬਿਨ, ਰੂਹ ਉੱਤੇ ਬਰਸਾਤ ਨਾ ਹੋਵੇ।

ਮਿਲ ਜਾਇਆ ਕਰ ਏਸ ਤਰ੍ਹਾਂ ਹੀ, ਨੀ ਖ਼੍ਵਾਬਾਂ ਵਿੱਚ ਅੱਲ੍ਹੜ ਪਰੀਏ,
ਸੌ ਦੀ ਇੱਕ ਸੁਣਾਵਾਂ ਤੈਨੂੰ, ਬਿਨਾ ਹੁੰਗਾਰੇ ਬਾਤ ਨਾ ਹੋਵੇ।

ਦਿਲ 'ਨ੍ਹੇਰੇ ਵਿੱਚ ਡੁੱਬਿਆ ਰਹਿੰਦੈ, ਰਾਤਾਂ ਮੇਰੇ ਚਾਰ ਚੁਫ਼ੇਰੇ,
ਮਰ ਮੁੱਕ ਜਾਂਦੇ ਰੂਹ ਦੇ ਪੰਛੀ, ਜੇ ਸੂਰਜ ਦੀ ਝਾਤ ਨਾ ਹੋਵੇ।

ਅੱਖ ਵਿੱਚ ਅੱਥਰੂ ਰਹਿਣ ਸਲਾਮਤ, ਦਰਦ ਕਿਸੇ ਦਾ ਆਪਣਾ ਲੱਗੇ,
ਯਤਨ ਕਰਾਂਗਾ ਰਹਿੰਦੀ ਉਮਰਾ ਪੱਥਰ ਚਿੱਤ ਜਜ਼ਬਾਤ ਨਾ ਹੋਵੇ।

ਵੱਡੇ ਸਾਰੇ ਘਰ ਦੇ ਅੰਦਰ ਸਹਿਕਣ ਸ਼ਬਦ ਵਿਚਾਰੇ ਓਥੇ,
ਕੰਕਰੀਟ ਦੀ ਕਬਰ ਕਹਾਂ ਜੇ, ਜਿੱਥੇ ਕਲਮ, ਦਵਾਤ ਨਾ ਹੋਵੇ।

ਹੱਥਾਂ ਦੀ ਛੋਹ ਬਿਨਾ ਰਸੋਈ, ਆਟਾ ਗੁੰਨ੍ਹ ਮਸ਼ੀਨ ਪਕਾਵੇ,
ਤਿੜਕ ਜਾਂਦੀਆਂ ਦਰ ਦੀਵਾਰਾਂ, ਜਿਸ ਘਰ ਤਵਾ ਪਰਾਤ ਨਾ ਹੋਵੇ।

ਤਨ ਤਪਦਾ ਤੰਦੂਰ ਨਿਰੰਤਰ, ਸੇਕ ਮਾਰਦੇ ਚਿਹਰੇ ਦੂਰੋਂ,
ਜਿਹੜੇ ਮਨ ਦੇ ਅੰਦਰ ਕੋਈ ਯਾਦਾਂ ਦੀ ਬਾਰਾਤ ਨਾ ਹੋਵੇ।

1

o

## ਮੈਂ ਇਹ ਗੱਲ ਕਦੇ ਵਿਸਾਰੀ ਨਾ

ਮੈਂ ਇਹ ਗੱਲ ਕਦੇ ਵਿਸਾਰੀ ਨਾ, ਇਹ ਜਾਨ ਬੁਲਬੁਲਾ ਪਾਣੀ ਦਾ।
ਦਮ ਆਵੇ ਬੰਦਾ ਜੰਮਦਾ ਹੈ, ਰੁਕਦੈ ਤਾਂ ਅੰਤ ਕਹਾਣੀ ਦਾ।

ਹਾਸਾ ਤੇ ਖੇੜਾ ਜ਼ਿੰਦਗੀ ਹੈ, ਰੋਣਾ ਕੁਰਲਾਉਣਾ ਪੱਤਝੜ ਹੈ,
ਰੀਝਾਂ ਜੇ ਤਾਣਾ ਤਾਣਦੀਆਂ, ਹਿੰਮਤ ਦਾ ਪੇਟਾ ਤਾਣੀ ਦਾ।

ਇੱਕੋ ਹੀ ਸਬਕ ਸਧਾਰਨ ਇਹ ਜੇ ਯਾਦ ਰਹੇ ਤਾਂ ਤਰ ਜਾਈਏ,
ਹਰ ਕਦਮ ਅਗਾਂਹ ਨੂੰ ਹੋ ਜਾਵੇ, ਜੇ ਇੱਕੋ ਨਿਸ਼ਚਾ ਠਾਣੀਦਾ।

ਜੇ ਖ਼ਿਮਾ ਯਾਚਨਾ ਸਿੱਖ ਜਾਈਏ ਤੁਰ ਪਈਏ ਹਉਮੈਂ ਪਾਰ ਕਿਤੇ,
ਉਹ ਪਲ ਵਿਸਮਾਦੀ ਬਣ ਜਾਵੇ, ਓਸੇ ਦਾ ਰਸ ਰੰਗ ਮਾਣੀਦਾ।

ਫੁੱਲਾਂ ਨੂੰ ਭੰਵਰਾ ਚੁੰਮਦਾ ਹੈ, ਉੱਡ ਜਾਵੇ ਲੈ ਖੁਸ਼ਬੋਈਆਂ ਨੂੰ,
ਇਹ ਰੱਬ ਲਿਖੀਆਂ ਕਵਿਤਾਵਾਂ ਨੂੰ ਪੌਣਾਂ 'ਚੋਂ ਪੜ੍ਹ ਕੇ ਜਾਣੀਦਾ।

ਟੁੱਟੇ ਨਾ ਮਾਣ ਮੁਹੱਬਤ ਦਾ ਇਹ ਜੀਂਦਾ ਰੱਖੀਂ ਧਰਮ ਵਾਂਗ,
ਖ਼ਤ ਆਇਆ ਬਿਨ ਸਿਰਨਾਵੇਂ ਤੋਂ, ਬਿਨ ਲਿਖਿਆ ਦਿਲ ਦੀ ਰਾਣੀ ਦਾ।

ਜੜ੍ਹ ਆਖੇ ਸਦਾ ਕਰੂੰਬਲ ਨੂੰ, ਇਕਰਾਰ ਨਿਭਾਈਂ ਹਰ ਮੌਸਮ,
ਖਿੜਦੀ ਤੇ ਮਹਿਕਾਂ ਵੰਡਦੀ ਰਹਿ, ਲੈ ਝੂਟਾ ਮੇਰੀ ਟਾਹਣੀ ਦਾ।

1

੦

## ਹੱਕ ਸੱਚ ਇਨਸਾਫ਼ ਦਾ ਪਹਿਰੂ

ਹੱਕ ਸੱਚ ਇਨਸਾਫ਼ ਦਾ ਪਹਿਰੂ, ਡਾਂਗ* ਦੇ ਵਰਗਾ ਯਾਰ ਤੁਰ ਗਿਆ।
ਲੋਕ ਅਜੇ ਵੀ ਜਾਗੇ ਕਿਉਂ ਨਹੀਂ, ਲੈ ਕੇ ਰੂਹ ਤੇ ਭਾਰ ਤੁਰ ਗਿਆ।

ਲੋਕ-ਸ਼ਕਤੀਆਂ ਫਾੜੀ ਫਾੜੀ, ਖੱਖੜੀਆਂ ਖ਼ਰਬੂਜ਼ੇ ਹੋਈਆਂ,
ਇਕ ਹਿੱਕੜੀ ਵਿੱਚ ਧੜਕਣ ਕਿਉਂ ਨਾ, ਲੈ ਕੇ ਸੋਚ ਵਿਚਾਰ ਤੁਰ ਗਿਆ।

ਸੰਘਰਸ਼ਾਂ ਦਾ ਅਣਥੱਕ ਯੋਧਾ ਵਾਹੋ ਦਾਹੀ ਤੁਰਦਾ ਤੁਰਦਾ,
ਨੇਕੀ ਦੀ ਗੱਠੜੀ ਨੂੰ ਚੁੱਕੀ, ਅਹੁ ਸੂਰਜ ਤੋਂ ਪਾਰ ਤੁਰ ਗਿਆ।

ਪੈਰੀਂ ਛਾਲੇ, ਅੱਖ ਵਿੱਚ ਅੱਥਰੂ, ਅਮਨ ਦੇ ਚਿੱਟੇ ਪਰਚਮ ਵਾਲਾ,
ਗੋਲੀਮਾਰਾਂ ਦੀ ਬਸਤੀ ਵਿੱਚ, ਸਭਨਾਂ ਨੂੰ ਲਲਕਾਰ ਤੁਰ ਗਿਆ।

ਜ਼ੋਰ ਜਬਰ ਦੀ ਤੇਜ਼ ਹਨ੍ਹੇਰੀ, ਅੱਗੇ ਅੜਿਆ ਪਰ ਨਾ ਝੜਿਆ,
ਕਿਰਤ-ਕਰਮ ਦਾ ਸੰਤ ਸਿਪਾਹੀ, ਦੂਰ ਦੁਮੇਲੋਂ ਪਾਰ ਤੁਰ ਗਿਆ।

ਕਲਮ ਉਦਾਸ, ਸਿਆਹੀ ਸੁੱਕੀ, ਕੋਰੇ ਵਰਕ ਉਡੀਕ ਰਹੇ ਨੇ,
ਲੱਭਦੇ ਫਿਰਨ "ਵਿਚਾਰ" ਵਿਚਾਰੇ, ਕਿੱਧਰ ਮਹਿਰਮ ਯਾਰ ਤੁਰ ਗਿਆ।

ਉਹਦੇ ਵਰਗਾ ਉਹੀ ਸੀ, ਬੱਸ, ਹੋਰ ਨਹੀਂ ਸੀ ਉਹਦੇ ਵਰਗਾ,
ਅਗਨ-ਪੰਖੇਰੂ ਜਗਦਾ ਮਘਦਾ, ਕਰਦਾ ਮਾਰੋ ਮਾਰ ਤੁਰ ਗਿਆ।

ਵੱਡੀ ਬੁੱਕਲ ਵਾਲਾ ਬਾਬਾ, ਸੱਤ ਉਂਗਲਾਂ ਘੱਟ ਸਦੀ ਹੰਢਾ ਕੇ,
ਨਾ ਧਿਰਿਆਂ ਦੀ ਧਿਰ ਦੇ ਵਰਗਾ, ਲੋਕਾਂ ਦਾ ਇਤਬਾਰ ਤੁਰ ਗਿਆ।

ਛੇਹਰਟੇ ਵਿੱਚ ਸੱਤਵਾਂ ਖ਼ੂਹ ਸੀ, ਨਿਰਮਲ ਜਲ ਦਾ ਅਣਮੁੱਕ ਸੋਮਾ,
ਮਸ਼ਕਾਂ ਭਰ ਭਰ ਵੰਡਦਾ ਵੰਡਦਾ, ਬਿਨ ਕੀਤੇ ਇਕਰਾਰ ਤੁਰ ਗਿਆ।

ਮਾਂ ਧਰਤੀ ਨੂੰ ਸੱਚ ਨਹੀਂ ਆਉਂਦਾ, ਪੁੱਛਦੀ ਫਿਰਦੀ ਅੰਬਰ ਕੋਲੋਂ,
ਦੱਸ ਵੇ ਅੜਿਆ ਕਿਹੜੇ ਰਾਹੀਂ, ਮੇਰਾ ਬਰਖ਼ੁਰਦਾਰ ਤੁਰ ਗਿਆ।

1

*ਸੱਤ ਪਾਲ ਡਾਂਗ

੦

## ਸਿਰ ਚੜ੍ਹ ਕੇ ਅੱਜ ਬੋਲੇਗੀ ਜੀ

ਸਿਰ ਚੜ੍ਹ ਕੇ ਅੱਜ ਬੋਲੇਗੀ ਜੀ, ਜੋ ਜੋ ਪਾਈ ਵੋਟ ਮੁਬਾਰਕ।
ਲੋਕ ਉਡੀਕਣ ਵਿਚੋਂ ਨਿਕਲੂ, ਆਸਾਂ ਵਾਲਾ ਬੋਟ ਮੁਬਾਰਕ।

ਜਿੰਨ੍ਹਾਂ ਵੇਚੀ ਅਣਖ਼ ਤੇ ਗੈਰਤ, ਬੁੱਕਲ ਦੇ ਵਿੱਚ ਮੂੰਹ ਦੇਵਣਗੇ,
ਆਪੋ ਆਪਣੇ ਮੂੰਹ ਦੀ ਕਾਲਖ਼, ਹੋਵੇ ਦਿਲ ਦੀ ਖੋਟ ਮੁਬਾਰਕ।

ਲੋਕ-ਸ਼ਕਤੀਆਂ ਦਸਤਕ ਦੇਵਣ, ਲੋਕ ਉਡੀਕ ਰਹੇ ਨੇ ਸੂਰਜ,
ਭੋਲੇ ਪੰਛੀ ਕਹਿੰਦੇ ਥੱਕ ਗਏ, ਸਤਿਗੁਰ ਤੇਰੀ ਓਟ ਮੁਬਾਰਕ।

ਦਾਣਾ ਦੁਣਕਾ ਕਿਣਕਾ ਕਿਣਕਾ, ਕਰਨ ਇਕੱਠਾ ਚਿੜੀਆਂ ਵੇਖੋ,
ਤੋਰੀ ਫਿਰਦੀ ਦੇਸ਼ ਦੇਸ਼ੰਤਰ, ਸਭ ਨੂੰ ਸੱਖਣੀ ਪੋਟ ਮੁਬਾਰਕ।

ਹੁਣ ਵੀ ਫਿਰਨ ਬਾਘੀਆਂ ਪਾਉਂਦੇ, ਧਰਮ ਕਰਮ ਦੇ ਪਰਦੇ ਲਾਹੀ,
ਹੋਰ ਕਹਾਂ ਕੀ ਬੇਅਕਲਾਂ ਨੂੰ, ਸ਼ਰਮ ਹਯਾ ਦੀ ਤੋਟ ਮੁਬਾਰਕ।

ਸੂਰਜ ਦੀ ਲਾਲੀ ਦਾ ਚਾਨਣ, ਹਰ ਥਾਂ ਰਹਿਮਤ ਬਣਕੇ ਚਮਕੇ,
ਜਗਣ ਚਿਰਾਗ ਉਮੀਦਾਂ ਵਾਲੇ, ਲਿਸ਼ਕਣ ਚਿਹਰੇ ਕੋਟ* ਮੁਬਾਰਕ।

ਇਹ ਤਾਂ ਸਿਰਫ਼ ਲੜਾਈ ਨਿੱਕੀ, ਜਿੱਤਣ ਹਾਰਨ ਹੈ ਬੇਅਰਥਾ,
ਲੰਮੇ ਯੁੱਧਾਂ ਖ਼ਾਤਰ ਕਿਉਂ ਨਾ, ਲੱਗੇ ਦਿਲ ਤੇ ਚੋਟ ਮੁਬਾਰਕ।

੧

*ਕਰੋੜਾਂ

੦

## ਪਿਆਰ ਦਾ ਬੂਟਾ

ਪਿਆਰ ਦਾ ਬੂਟਾ ਰੂਹ ਵਿੱਚ ਲਾਇਆ ਜਾਂਦਾ ਹੈ।
ਖ਼ੂਨ ਜਿਗਰ ਦਾ ਹਰ ਪਲ ਪਾਇਆ ਜਾਂਦਾ ਹੈ।

ਹੋਵੇ ਨਾ ਦਿਲਦਾਰ ਸੁਣਨ ਲਈ, ਕੋਲ ਜਦੋਂ,
ਸ਼ਬਦਾਂ ਨੂੰ ਹੀ ਦਰਦ ਸੁਣਾਇਆ ਜਾਂਦਾ ਹੈ।

ਮਿਲ ਜਾਇਆ ਕਰ, ਸੁਪਨੇ ਅੰਦਰ ਏਦਾਂ ਹੀ,
ਉਂਝ ਭਲਾ ਦੱਸ, ਕਿੱਥੇ ਆਇਆ ਜਾਂਦਾ ਹੈ।

ਰੂਹ ਤੋਂ ਭਾਰ ਉਤਾਰਨ ਦੇ, ਸਭ ਤਰਲੇ ਨੇ,
ਓਦਾਂ ਕਿੱਥੇ ਮਨ ਉਲਥਾਇਆ ਜਾਂਦਾ ਹੈ।

ਨਾਲ ਮੁਕੱਦਰ ਸ਼ਿਕਵਾ ਕਰਿਆਂ, ਮਿਲਣਾ ਨਾ,
ਇਹ ਤਾਂ ਐਵੇਂ ਵਕਤ ਗੁਆਇਆ ਜਾਂਦਾ ਹੈ।

ਹਾਰ ਵਕਤ ਦੀ ਵੇਖੀ ਹੈ ਮੈਂ, ਏਸ ਕਦਰ,
ਖ਼ਲਨਾਇਕ ਨੂੰ ਨਾਇਕ, ਬਣਾਇਆ ਜਾਂਦਾ ਹੈ।

ਵੇਖ ਕਿਵੇਂ ਬਿਨ ਸਾਜ਼, ਹਵਾਵਾਂ ਰੁਮਕਦੀਆਂ,
ਏਸ ਤਰ੍ਹਾਂ ਵੀ ਗੀਤ, ਸੁਣਾਇਆ ਜਾਂਦਾ ਹੈ।

ਕਿੰਨਾ ਵਕਤ ਗੁਆਇਆ, ਤੇ ਹੁਣ ਸਮਝੇ ਹਾਂ,
ਆਪ ਗੁਆ ਕੇ ਹੀ ਕੁਝ, ਪਾਇਆ ਜਾਂਦਾ ਹੈ।

ਸੁਰ ਤੇ ਸਾਜ਼ ਵਿਲਕਦੇ, ਪੀੜਾਂ ਦੱਸਣ ਲਈ,
ਧੁਰ ਅੰਦਰੋਂ ਜੇ, ਮਨ ਪਿਘਲਾਇਆ ਜਾਂਦਾ ਹੈ।

੧

ੋ

## ਸੱਜਣਾਂ ਬਗੀਚਿਉਂ ਗੁਲਾਬ ਭੇਜਿਆ

ਸੱਜਣਾਂ ਬਗੀਚਿਉਂ ਗੁਲਾਬ ਭੇਜਿਆ।
ਬਿਨਾ ਲਿਖੇ ਖ਼ਤ ਦਾ ਜਵਾਬ ਭੇਜਿਆ।

ਰਾਤ ਮੇਰੀ ਹਿੱਕੜੀ 'ਚ ਸਹਿਕਦਾ ਰਿਹਾ,
ਦਿਨ ਚੜ੍ਹੇ ਜਿਹੜਾ ਤੂੰ ਖ਼੍ਵਾਬ ਭੇਜਿਆ।

ਅੰਗ ਅੰਗ ਮਹਿਕਿਆ ਸਰੂਰਿਆ ਗਿਆ,
ਸ਼ਬਦਾਂ 'ਚ ਗੁੰਨ੍ਹ ਕੀਹ ਜਵਾਬ ਭੇਜਿਆ।

ਓਸ ਪਿੱਛੋਂ ਫੇਰ ਕੁਝ ਯਾਦ ਨਾ ਰਿਹਾ,
ਸਾਂਭ ਲਿਆ ਜਿਹੜਾ ਤੂੰ ਸ਼ਬਾਬ ਭੇਜਿਆ।

ਦਿਲ ਵਿੱਚ ਰੱਖਿਆ ਸਵਾਸ ਵਾਂਗਰਾਂ,
ਹੌਂਕੇ ਦਾ ਜਵਾਬ ਮੈਂ ਸ਼ਤਾਬ ਭੇਜਿਆ।

ਵੇਖ ਲੈ ਸਜਾਇਆ ਇਹਨੂੰ ਤਮਗੇ ਦੇ ਵਾਂਗ,
ਮੇਰੇ ਵੱਲ ਜਿਹੜਾ ਤੂੰ ਖ਼ਿਤਾਬ ਭੇਜਿਆ।

ਸਾਡੇ ਵੱਲ ਭੇਜ ਹੋਰ ਸੰਦਲੀ ਸਮੀਰ,
ਅਸਾਂ ਤੈਨੂੰ ਰਾਵੀ ਤੇ ਚਨਾਬ ਭੇਜਿਆ।

1

ੋ

## ਕਿਹੜੇ ਕੰਮ ਆਈਆਂ ਸਾਡੇ

ਕਿਹੜੇ ਕੰਮ ਆਈਆਂ ਸਾਡੇ ਦੋਸਤੋ ਫ਼ਕੀਰੀਆਂ।
ਪਹਿਲੀ ਹੀ ਕਤਾਰ ਮੱਲ ਬਹਿੰਦੀਆਂ ਵਜ਼ੀਰੀਆਂ।

ਵੇਖ ਲਓ ਘੁੰਮਾਈ ਜਾਵੇ, ਅਕਲਾਂ ਦੇ ਗੇੜ ਨੂੰ,
ਕਈ ਵਾਰੀ ਜਾਪਦਾ ਹੈ, ਬਣ ਗਏ ਭੰਬੀਰੀਆਂ।

ਧਰਮਾਂ ਦੀ ਮੰਡੀ ਵੀ, ਨੀਲਾਮ-ਘਰ ਹੋ ਗਈ,
ਵੇਚਦਾ ਬਾਜ਼ਾਰ ਹੁਣ, ਗਧਿਆਂ ਨੂੰ ਪੀਰੀਆਂ।

ਜਿੱਥੇ ਕਿਤੇ ਬਾਗ਼ ਵਿੱਚ, ਲਾਲ ਸੂਹੇ ਫੁੱਲ ਨੇ,
ਆ ਗਿਆ ਆਦੇਸ਼ ਬੀਜੋ ਕੇਸਰੀ ਪਨੀਰੀਆਂ।

ਸਾਡੀਆਂ ਵੀ ਰੀਝਾਂ ਨੂੰ ਹੈ ਜਿੰਨ੍ਹਾਂ ਨੇ ਮਧੋਲਿਆ,
ਓਹੀ ਹੁਣ ਕਹਿਣ, ਛੱਡੋ, ਦਿਲ-ਦਿਲਗੀਰੀਆਂ।

ਅੰਬਰਾਂ ਤੇ ਗੁੱਡੀਆਂ, ਚੜ੍ਹਾਉਣ ਵਾਲੀ ਰੀਝ ਨੇ,
ਸੂਤੀ ਹੋਈ ਡੋਰ ਨਾਲ, ਉਂਗਲਾਂ ਨੇ ਚੀਰੀਆਂ।

ਰੱਖ ਨਾ ਉਮੀਦ ਐਵੇਂ, ਭੋਲ਼ੇ ਦਿਲਾ-ਪਾਤਸ਼ਾਹ,
ਨੀਤ ਬਦਕਾਰ ਉਹਦੀ, ਨੀਤੀਆਂ ਵੀ ਟੀਰੀਆਂ।

1

੦

## ਸੁਣ ਲਓ ਜੀ ਕੰਨ ਖੋਲ੍ਹ ਕੇ ਸੁਣ ਲਉ

ਸੁਣ ਲਓ ਜੀ ਕੰਨ ਖੋਲ੍ਹ ਕੇ ਸੁਣ ਲਉ, ਪੱਥਰ ਦਿਲ ਤੇ ਭਾਰ ਨਹੀਂ ਹੁੰਦਾ।
ਅਸਲੀ ਸੂਰਤ ਹੀ ਦਿਖਲਾਵੇ, ਸ਼ੀਸ਼ਾ ਕਦੇ ਗੱਦਾਰ ਨਹੀਂ ਹੁੰਦਾ।

ਸਾਡੇ ਵਿੱਚ ਹੈ ਵੜਿਆ ਬੈਠਾ, ਹੁਕਮਰਾਨ ਦੇ ਰੂਪ 'ਚ ਰਾਵਣ,
ਤੀਰ ਕਮਾਨ ਚਲਾਈਏ ਕਿੱਥੇ, ਅੰਦਰੋਂ ਦੁਸ਼ਮਣ ਮਾਰ ਨਹੀਂ ਹੁੰਦਾ।

ਆਪਣੇ ਘੋੜੇ ਉਲਟ ਦਿਸ਼ਾ ਵੱਲ, ਫਿਰੇ ਭਜਾਈ, ਹਾਲ ਦੁਹਾਈ,
ਹੋਰ ਤੇ ਕੁਝ ਵੀ ਹੋ ਸਕਦਾ ਹੈ, ਫ਼ੌਜਾਂ ਦਾ ਸਰਦਾਰ ਨਹੀਂ ਹੁੰਦਾ।

ਨਾ ਬੋਲਾਂ ਤੇ ਦਮ ਘੁਟਦਾ ਹੈ, ਬੋਲਣ ਤੇ ਇਤਰਾਜ਼ ਹੈ ਤੈਨੂੰ,
ਜੀਂਦੇ ਜੀਅ ਤਾਂ ਰੂਹ ਦਾ ਪੰਛੀ, ਆਪਣੇ ਹੱਥੋਂ ਮਾਰ ਨਹੀਂ ਹੁੰਦਾ।

ਤੇਰੇ ਆਲ ਦੁਆਲੇ ਝੁਰਮਟ, ਇੱਲਾਂ ਗਿਰਝਾਂ ਕਾਵਾਂ ਦਾ ਹੈ,
ਵੱਸਦੇ ਘਰ ਵਿੱਚ ਏਸ ਤਰ੍ਹਾਂ ਦਾ, ਬਿਲਕੁਲ ਹੀ ਪਰਿਵਾਰ ਨਹੀਂ ਹੁੰਦਾ।

ਸ਼ਾਂਤ ਸਮੁੰਦਰ ਥੱਲੇ ਜੋ ਕੁਝ ਵਰਤ ਰਿਹਾ ਹੈ ਉਸਨੂੰ ਸਮਝੋ,
ਚੁੱਪ ਦੀ ਅੰਤਰ-ਪੀੜ ਸੁਣੇ ਬਿਨ, ਚੜ੍ਹਿਆ ਕਰਜ਼ ਉਤਾਰ ਨਹੀਂ ਹੁੰਦਾ।

ਅੱਖਾਂ ਮੀਟ ਕਬੂਤਰ ਬੈਠੇ, ਬਿੱਲੀ ਖ਼ੂਬ ਤਿਆਰੀ ਵਿੱਚ ਹੈ,
ਮੈਂ ਤੇ ਸਿਰਫ਼ ਕਿਹਾ ਹੈ, ਜਾਗੋ! ਬੈਠਾ ਕਦੇ ਉਡਾਰ ਨਹੀਂ ਹੁੰਦਾ।

1

੦

## ਬਿਰਖ਼ ਤਾਂ ਹਰਿਆਵਲੇ ਸੀ

ਬਿਰਖ਼ ਤਾਂ ਹਰਿਆਵਲੇ ਸੀ ਕਿਉਂ ਕਿਰੇ ਪੱਤਰ ਹਰੇ?
ਛਾਂ ਵਿਹੂਣੀ ਧਰਤ ਵੇਖਾਂ, ਖ਼੍ਵਾਬ ਵਿੱਚ ਵੀ ਮਨ ਡਰੇ।

ਇਸ ਤਰ੍ਹਾਂ ਦਾ ਕਹਿਰ ਅੱਜ ਤੱਕ, ਵੇਖਿਆ ਸੀ ਨਾ ਕਦੇ,
ਸਾਜ਼ਿਸ਼ੀ ਚਾਲਾਂ ਨੂੰ ਲੋਕੀਂ ਕਹਿਣ ਲੱਗ ਪਏ ਮਸ਼ਵਰੇ।

ਨੇੜ ਦੀ ਐਨਕ ਲੁਆ ਕੇ, ਦੂਰ ਚਾਹੁੰਦੇ ਵੇਖਣਾ,
ਅਕਲ ਤੋਂ ਪੈਦਲ ਜ਼ਮਾਨਾ, ਦੱਸੋ ਸ਼ੀਸ਼ਾ ਕੀ ਕਰੇ?

ਉੱਡਦੇ ਪੰਛੀ ਦੀ ਸ਼ਾਮਤ, ਰਾਤ ਪੈ ਗਈ ਓਸ ਥਾਂ,
ਧਰਤ ਸਾਰੀ ਓਪਰੀ ਹੈ, ਜਾਲ ਵੀ ਥਾਂ ਥਾਂ ਧਰੇ।

ਏਸ ਦਰਿਆ ਦੀ ਕਹਾਣੀ, ਨਾ ਸੁਣਾ, ਮੈਂ ਜਾਣਦਾਂ,
ਰਾਵੀ ਨੇ ਜੋ ਜ਼ਖ਼ਮ ਦਿੱਤੇ, ਅੱਜ ਵੀ ਓਵੇਂ ਹਰੇ।

ਦਰਦ ਮੇਰੇ ਪੁਰਖ਼ਿਆਂ ਦਾ, ਸ਼ੁੱਧ ਕੌੜਾ ਜ਼ਹਿਰ ਸੀ,
ਵੇਖ ਪੀ ਗਏ ਫੇਰ ਵੀ ਉਹ, ਘੁੱਟ ਵੀ ਪੂਰੇ ਭਰੇ।

ਬਾਬਲਾ ਮੇਰਾ ਸਿਖਾਉਂਦਾ ਸੀ, ਹਮੇਸ਼ਾਂ ਸਬਕ ਇਹ,
ਥੱਕ ਜਾਂਦਾ ਹੈ ਇਕੱਲ੍ਹਾ, ਕਾਫ਼ਲਾ ਮੰਜ਼ਿਲ ਵਰੇ।

1

o

## ਐਵੇਂ ਗੁੰਮ ਸੁੰਮ, ਗੁੰਮ ਸੁੰਮ

ਐਵੇਂ ਗੁੰਮ ਸੁੰਮ, ਗੁੰਮ ਸੁੰਮ, ਚੁੱਪ ਚਾਪ ਰਹਿਣਾ।
ਏਦਾਂ ਗ਼ਮਾਂ ਦਾ ਪਹਾੜ, ਤੇਰੇ ਮਨ ਤੋਂ ਨਹੀਂ ਲਹਿਣਾ।

ਕਦੇ ਦੂਸਰੇ ਦੀ ਸੁਣੀਂ, ਕਦੇ ਆਪਣੀ ਸੁਣਾਈਂ,
ਤੇਰੀ ਵੇਦਨਾ ਨੂੰ ਤੇਰੇ ਤੋਂ ਬਗੈਰ, ਕਿਸ ਕਹਿਣਾ।

ਮਹਿੰਗੇ ਹਾਰ ਤੇ ਸ਼ਿੰਗਾਰ, ਸਾਡੀ ਮੱਤ ਦੇਣ ਮਾਰ,
ਹੁੰਦੀ ਸਾਦਗੀ ਸਦੀਵ, ਸੁੱਚਾ ਜ਼ਿੰਦਗੀ ਦਾ ਗਹਿਣਾ।

ਐਵੇਂ ਖ਼ੌਲਦੇ ਸਮੁੰਦਰਾਂ ਨੂੰ ਵੇਖ ਕੇ ਨਾ ਡਰ,
ਹੰਭ ਹਾਰ ਕੇ ਅਖ਼ੀਰ, ਇਨ੍ਹਾਂ ਸ਼ਾਂਤ ਹੋ ਕੇ ਬਹਿਣਾ।

ਚਲੋ ਮੰਨਿਆ ਕਿ, ਸਿਦਕਾਂ ਦੇ ਪਾਰ ਹੁੰਦੇ ਬੇੜੇ,
ਜ਼ੋਰ ਜਾਬਰਾਂ ਦਾ, ਹੋਰ ਅਜੇ, ਕਿੰਨੀ ਦੇਰ ਸਹਿਣਾ।

ਜਿਵੇਂ ਮਾਚਸਾਂ ਦੀ ਡੱਬੀ ਵਿੱਚ, ਤੀਲੀਆਂ ਤੇ ਅੱਗ,
ਸਾਨੂੰ ਦੋਹਾਂ ਨੂੰ ਹੀ ਪੈਣਾ, ਇੱਕ ਦੂਸਰੇ ਤੇ ਖਹਿਣਾ।

ਕੱਚੇ ਘਰਾਂ ਉੱਤੇ ਕਹਿਰ, ਸਦਾ ਜ਼ਿੰਦਗੀ 'ਚ ਜ਼ਹਿਰ,
ਨਦੀ ਸ਼ੂਕਦੀ ਨੀਵਾਣਾਂ ਵੱਲ, ਵਗਦੇ ਹੀ ਰਹਿਣਾ।

l

o

## ਲੋਕ ਉਡੀਕ ਰਹੇ ਨੇ ਝੰਡੇ

ਲੋਕ ਉਡੀਕ ਰਹੇ ਨੇ ਝੰਡੇ, ਸਾਡੇ ਹੱਕ ਵਿੱਚ ਕੁਝ ਤੇ ਬੋਲਣ।
ਨੇੜੇ ਆ ਕੇ ਬੈਠਣ ਉੱਠਣ, ਸੁਣਨ ਸੁਣਾਉਣ ਤੇ ਦਰਦ ਫ਼ਰੋਲਣ।

ਦਿਲ ਦੇ ਭਾਰੇ ਪਰਬਤ ਅੰਦਰ, ਕਿੰਨੇ ਗ਼ਮ ਜੋ ਖਿੰਘਰ ਹੋ ਗਏ,
ਮਾਣਕ ਮੋਤੀ ਲੱਭਣ ਵਾਲੇ, ਸਾਗਰ 'ਚੋਂ ਹੁਣ ਦਰਦ ਟਟੋਲਣ।

ਵਕਤ ਸਵਾਲਾਂ ਘੇਰੇ ਅੰਦਰ, ਪੱਥਰ ਹੋ ਗਏ ਰੂਹ ਦੇ ਪੰਛੀ,
ਵੈਦ ਧਨੰਤਰ ਚੁੱਪ ਕਿਉਂ ਨੇ, ਫ਼ਰਜ਼ ਪਛਾਨਣ, ਘੁੰਡੀ ਖੋਲ੍ਹਣ।

ਅੱਜ ਤੋਂ ਮਗਰੋਂ ਅੱਜ ਨਹੀਂ ਆਉਣਾ, ਕੱਲ੍ਹ ਦਾ ਨਾਮ ਕੁਵੇਲੇ ਵਰਗਾ,
ਜੀਭਾਂ ਵਾਲੇ ਚੁੱਪ ਨਾ ਬੈਠਣ, ਬੋਲ ਪੁਗਾਵਣ, ਹੁਣ ਨਾ ਡੋਲਣ।

ਧਰਤ ਤਰੇੜਾਂ ਪਾਟੀ ਤਰਸੇ, ਰਹਿਮਤ ਦਾ ਮੀਂਹ ਖੁੱਲ੍ਹ ਕੇ ਬਰਸੇ,
ਜਿਉਣ ਜੋਗੜੇ ਜ਼ਹਿਰ ਤਿਆਗਣ, ਸਾਹਾਂ ਅੰਦਰ ਮਿਸ਼ਰੀ ਘੋਲਣ।

ਉਸ ਬਿਰਹਣ ਦੀ ਕੌਣ ਸੁਣੇਗਾ, ਜਿਸ ਦਾ ਕੰਤ ਘਰੇ ਨਾ ਮੁੜਿਆ,
ਚਾਂਦੀ ਵਾਲਾ ਚੋਗਾ ਚੁਗਦਾ, ਰੱਜਦਾ ਹੀ ਨਹੀਂ ਕਮਲ਼ਾ ਢੋਲਣ।

ਅੱਕੇ ਲੋਕ ਪਲਟਦੇ ਤਖ਼ਤਾ, ਰਾਜ ਭਾਗ ਤਾਂ ਸ਼ੈਅ ਹੀ ਕੁਝ ਨਾ,
ਵਗਦੀ ਪੌਣੇ ਦੇਈਂ ਸੁਨੇਹੜਾ, ਹੋਰ ਨਾ ਸਾਡੀ ਹਸਤੀ ਰੋਲਣ।

l

o

## ਇਹ ਤੂੰ ਕਿੱਧਰ ਤੁਰਿਆ ਫਿਰਦੈਂ

ਇਹ ਤੂੰ ਕਿੱਧਰ ਤੁਰਿਆ ਫਿਰਦੈਂ, ਹਰ ਰਿਸ਼ਤੇ ਦਾ ਨਾਂ ਨਹੀਂ ਹੁੰਦਾ।
ਕੀ ਦੱਸਾਂ ਸਿਰਨਾਵਾਂ ਤੈਨੂੰ, ਮਹਿਕ ਦਾ ਕੋਈ ਗਿਰਾਂ ਨਹੀਂ ਹੁੰਦਾ।

ਜਿਸ ਦੀ ਆਸ ਤੇ ਹੁੱਬਿਆ ਫਿਰਦੈਂ, ਇਹ ਵੀ ਬੱਦਲ ਛਟ ਜਾਣਾ ਹੈ,
ਮਾਣ ਮਰਤਬੇ, ਉੱਚੀ ਕੁਰਸੀ, ਪਰਛਾਵਾਂ ਹੈ, ਛਾਂ ਨਹੀਂ ਹੁੰਦਾ।

ਤੂੰ ਦਰਬਾਨ ਬਿਠਾ ਦਿੱਤੇ ਨੇ, ਪੈਰ ਪੈਰ ਤੇ ਚੌਂਕ ਚੁਰਸਤੀਂ,
ਤੇਰੇ ਦਿਲ ਦੇ ਨੇੜੇ ਤੇੜੇ, ਏਸੇ ਲਈ ਮੈਂ ਤਾਂ ਨਹੀਂ ਹੁੰਦਾ।

ਏਸ ਤਰ੍ਹਾਂ ਪਰਿਕਰਮਾ ਕਰਦੇ, ਤੁਰਦਾ ਵੀ ਹੈਂ, ਥੱਕਦਾ ਵੀ ਹੈਂ,
ਲਿਖਣ ਵਾਲਿਆ, ਪੜ੍ਹਨ ਵਾਲਿਆ, ਤਾਂ ਹੀ ਸਫ਼ਰ ਅਗਾਂਹ ਨਹੀਂ ਹੁੰਦਾ।

ਮਾਂ ਤੋਂ ਵਤਨ ਪਿਆਰਾ ਸਾਨੂੰ, ਕਾਫ਼ੀ ਵੱਧ ਹੈ ਤੇਰੇ ਨਾਲੋਂ,
ਜਿੰਦਾਂ ਤੂੰ ਅਖਵਾਏਂ ਜਬਰੀ, ਇਹ ਤਾਂ ਰਿਸ਼ਤਾ ਮਾਂ ਨਹੀਂ ਹੁੰਦਾ।

ਆਜ਼ਾਦੀ ਦਾ ਪਰਚਮ ਸੁੱਚਾ, ਚੰਨ ਸੂਰਜ ਤੋਂ ਕਿਤੇ ਉਚੇਰਾ,
ਸਾਡੀ ਬੌਣੀ ਹਸਤੀ ਕੋਲੋਂ, ਇੱਕ ਵੀ ਇੰਚ ਉਤਾਂਹ ਨਹੀਂ ਹੁੰਦਾ।

ਮੇਰੀ ਚੁੱਪ ਦੀ ਅਸਲ ਇਬਾਰਤ, ਪੜ੍ਹਨੀ ਸਿੱਖ ਲੈ ਇੱਕੋ ਵਾਰੀ,
ਜੇ ਨਾ ਬੋਲਾਂ ਸਮਝ ਲਿਆ ਕਰ, ਲਫ਼ਜ਼ਾਂ ਕੋਲ ਸਮਾਂ ਨਹੀਂ ਹੁੰਦਾ।

1

o

## ਪੁੱਛਦੇ ਨੇ ਲੋਕ ਜੀ

ਪੁੱਛਦੇ ਨੇ ਲੋਕ ਜੀ, ਹਨ੍ਹੇਰਾ ਕਦੋਂ ਮੁੱਕਣਾ।
ਪਾਪ ਵਾਲੀ ਜੰਝ ਏਥੋਂ, ਡੇਰਾ ਕਦੋਂ ਚੁੱਕਣਾ।

ਕਦੋਂ ਤੀਕ ਰਹਿਣਾ ਜੀ, ਹਨ੍ਹੇਰ ਘੁੱਪ ਘੇਰ ਹੀ,
ਕਦੋਂ ਤੀਕ ਰਹਿਣਾ ਹੈ ਨਿਸ਼ਾਨਿਆਂ ਤੋਂ ਉੱਕਣਾ।

ਏਸ ਦਾ ਇਲਾਜ ਹੁਣੇ ਕਰੋ ਪਿੰਡ ਵਾਲਿਓ,
ਜੜ੍ਹ ਵੱਲੋਂ ਹੋ ਗਿਆ ਹੈ ਬੋਹੜ ਹੁਣ ਸੁੱਕਣਾ।

ਜਾਲ ਵਿੱਚੋਂ ਉੱਡ ਪੁੱਡ ਜਾਓ, ਓ ਪਰਿੰਦਿਓ,
ਤੰਦ ਤੰਦ ਤਾਰ, ਸ਼ੁਰੂ ਕਰ ਦਿਓ ਟੁੱਕਣਾ।

ਅੱਖਾਂ ਖੋਲ੍ਹੋ, ਸੁੱਤਿਓ, ਜਗਾਓ ਸੁੱਤੀ ਆਤਮਾ,
ਚੰਗਾ ਲੱਗੂ ਸੂਰਜਾ ਸਵੇਰ ਸਾਰ ਢੁੱਕਣਾ।

ਸੂਰਬੀਰ ਯੋਧਿਓ ਤੇ ਰਣਾਂ ਦਿਓ ਮੋਹਰੀਓ,
ਮਾਰ ਕੇ ਦਮਾਮੇ ਚੋਟ, ਸ਼ੁਰੂ ਕਰੋ ਬੁੱਕਣਾ।

ਬੜਾ ਚਿਰ ਹੋ ਗਿਆ ਮਜ਼ਾਕ ਤੇਰੇ ਸਹਿੰਦਿਆਂ,
ਬੰਦ ਕਰ ਹਾਕਮਾ, ਤੂੰ ਚੰਦ ਉੱਤੇ ਥੁੱਕਣਾ।

1

੦

## ਧੇਤੇ ਨਾਲ ਪੁਤੇਤੇ ਰਲ਼ ਗਏ

ਧੇਤੇ[1] ਨਾਲ ਪੁਤੇਤੇ[2] ਰਲ਼ ਗਏ, ਪੀ ਗਏ ਦਾਰੂ ਦਾ ਦਰਿਆ।
ਦੀਵੇ ਬੁਝੇ ਦਵਾਖੜੀਆਂ[3] 'ਚੋਂ, ਘਰਕੀਣਾਂ[4] ਨੂੰ ਥਾਂ ਮਿਲਿਆ।

ਬੋਹੀਏ[5] ਅੰਦਰ ਰੁੱਖੀ ਰੋਟੀ, ਸੁੱਕੀ ਲੱਕੜ ਵਾਂਗ ਬਣੀ,
ਲਹਿ ਗਏ ਪਰਾਤ ਪੜਾਵੇ[6] ਇੱਕ ਦੋ, ਉੱਚਾ ਨੀਵਾਂ ਪੈਰ ਪਿਆ।

ਟਾਂਡ[7] ਦੇ ਉੱਤੇ ਕੁਝ ਨਹੀਂ ਦਿਸਦਾ, ਘੜਵੰਜੀ[8] ਤੇ ਘੜੇ ਧਰੇ,
ਸੱਬਰਕੱਤੇ[9] ਵਿਹੜੇ ਅੰਦਰ, ਚੀਚ ਵਹੁਟੀਆਂ ਚੋਪ[10] ਲਿਆ।

ਝੱਖੜ ਝਾਂਜਾ, ਸਿਰ ਤੇ ਬੱਦਲ, ਦਾਣਾ ਫੱਕਾ ਸਾਂਭ ਲਵੋ,
ਵਿੱਚ ਤਰੰਗੜ[11] ਤੂੜੀ ਬੰਨ੍ਹ ਤੂੰ, ਝੁੰਬ[12] ਉਤਾਰ ਤੇ ਸੁਸਤੀ ਲਾਹ।

ਟੁਣਕ ਰਿਹਾ ਚਾਂਦੀ ਦਾ ਦੁੱਪੜ[13], ਵੇਖ ਰੁਪੱਈਆ ਚੰਨ ਜਿਹਾ,
ਅੰਬਰ ਦੇ ਵਿੱਚ ਖਿੱਤੀਆਂ ਡਲ੍ਹਕਣ, ਤਾਰੇ ਵੰਡਦੇ ਨੂਰ ਅਥਾਹ।

ਗਲ ਵਿੱਚ ਹਾਰ ਬੁਘਤੀਆਂ ਵਾਲਾ, ਘੁੰਮਦੀ ਉਰੀ[14] ਨਾਰ ਫਿਰੇ,
ਬੇਕਦਰੇ ਮੂਰੇ[15] ਨੂੰ ਐਵੇਂ, ਦਮਕੜਿਆਂ[16] ਦਾ ਫ਼ਿਕਰ ਪਿਆ।

ਮੇਰੀ ਮਾਂ ਨੇ ਸ਼ਬਦ ਸੰਭਾਲੇ, ਵੇਖੋ ਕਿੰਨਾ ਮਹਿੰਗਾ ਮਾਲ,
ਸਾਨੂੰ ਖ਼ਬਰ ਨਹੀਂ ਕਿਉਂ ਵੀਰੋ, ਕੀ ਕੁਝ ਗੁੰਮ ਗੁਆਚ ਗਿਆ?

1

੦

## ਹੱਕ ਸੱਚ ਤੇ ਇਨਸਾਫ਼ ਦੀ ਵੇਖੀ

ਹੱਕ ਸੱਚ ਤੇ ਇਨਸਾਫ਼ ਦੀ ਵੇਖੀ, ਮੈਂ ਤਾਂ ਕਿਤੇ ਦੁਕਾਨ ਨਹੀਂ।
ਏਸ ਨਸਲ ਦੇ ਘੱਟ ਵਣਜਾਰੇ, ਵਿਕਦਾ ਕਿਤੇ ਸਮਾਨ ਨਹੀਂ।

ਭਾਰਤ ਲੱਭਦੇ ਕਿਵੇਂ ਕੋਲੰਬਸ ਲੱਭ ਲਿਆ ਅਮਰੀਕਾ ਨੂੰ,
ਮੈਂ ਤੱਕਿਆ ਹੈ ਵਿੱਚ ਅਮਰੀਕਾ, ਜਿਸਦਾ ਨਾਮ ਨਿਸ਼ਾਨ ਨਹੀਂ।

ਸ਼ਬਦ ਸਲਾਮਤ ਗੁਰ ਹੈ ਮੇਰਾ, ਜੋ ਪੜ੍ਹਦਾਂ ਰਾਹ ਦੱਸਦਾ ਹੈ,
ਸੌ ਦੀ ਇੱਕ ਸੁਣਾਵਾਂ ਮੇਰਾ, ਮਿੱਟੀ ਦਾ ਭਗਵਾਨ ਨਹੀਂ।

ਮੈਂ ਹੀ ਤੈਨੂੰ ਚੁਣਿਆ, ਚੁਣ ਕੇ, ਤੈਨੂੰ ਖ਼ੁਦ ਸਰਕਾਰ ਕਿਹਾ,
ਮੇਰੇ ਨਾਲ ਬਰਾਬਰ ਬਹਿ ਤੂੰ, ਮੈਂ ਤੇਰਾ ਦਰਬਾਨ ਨਹੀਂ।

ਇਸ ਵਿੱਚ ਮੈਂ ਤੇ ਪੁਰਖ਼ੇ ਰਹਿੰਦੇ, ਖੇਡਣ ਬੱਚੜੇ ਸ਼ਾਮ ਸਵੇਰ,
ਨਿੱਤਨੇਮਣ ਬੀਵੀ ਦੇ ਕਾਰਨ, ਘਰ ਇਹ ਸਿਰਫ਼ ਮਕਾਨ ਨਹੀਂ।

ਮੈਨੂੰ ਗੁਰ ਉਪਦੇਸ਼ ਸਿਖਾਇਆ, ਸੁਣ ਲਉ ਦੁਨੀਆ ਵਾਲੜਿਓ,
ਰੂਹ ਦੇ ਕੰਗਲੇ, ਧਨ ਦੇ ਲੋਭੀ, ਸ਼ਾਹ ਤਾਂ ਹਨ, ਧਨਵਾਨ ਨਹੀਂ।

ਸੀਸ ਤਲੀ ਧਰ, ਯਾਰ ਗਲੀ ਵੱਲ, ਤੁਰਨਾ ਏਨਾ ਸਹਿਲ ਨਹੀਂ,
ਉਸ ਨੂੰ ਸਮਝ ਕਦੇ ਨਹੀਂ ਪੈਣੀ, ਜਿਸ ਮਿੱਟੀ ਵਿੱਚ ਜਾਨ ਨਹੀਂ।

1

---

1.ਧੀਆਂ ਵਾਲੇ, 2. ਪੁੱਤਾਂ ਵਾਲੇ, 3. ਦੀਵਾ ਧਰਨ ਵਾਲੀ ਥਾਂ, 4. ਘਰੀਣੀ ਦਾ ਘਰ, 5. ਡਿੱਕੂ, 6. ਪਰਾਤ ਹੇਠ ਜੜੇ ਪੈਰ, 7. ਪਰਛੱਤੀ, 8. ਘੜੇ ਰੱਖਣ ਲਈ ਦੀਵਾਰ 'ਚ ਗੱਡਿਆ ਚੌਖਟਾ, 9. ਭਰੇ ਭਰਾਏ, 10. ਸੁਰਖ਼ ਫੁਲਕਾਰੀ, 11. ਤੂੜੀ ਢੋਣ ਲਈ ਬੁਣਿਆ ਜਾਲ, 12. ਬੁੱਕਲ ਮੂੰ ਸਿਰ ਕੱਜਦੀ, 13. ਦੋਹਰਾ ਰੁਪਈਆ ਚਾਂਦੀ ਦਾ, 14. ਜੁਲਾਹੇ ਦੀ ਨਲਕੀ, 15. ਤੂੜੀ ਭਰਿਆ ਮਰਦ ਸਰੀਰ, 16. ਪੈਸਿਆਂ ਦਾ।

o

## ਆ ਕੋਠੇ ਤੇ ਮੰਜੀਆਂ ਡਾਹ ਕੇ

ਆ ਕੋਠੇ ਤੇ ਮੰਜੀਆਂ ਡਾਹ ਕੇ, ਤਾਰਿਆਂ ਦੇ ਸੰਗ ਗੱਲਾਂ ਕਰੀਏ।
ਚੁੱਪ ਨਾ ਬਹੀਏ, ਕੁਝ ਤਾਂ ਕਹੀਏ, ਮਨ ਦੇ ਸੱਖਣੇ ਕੋਨੇ ਭਰੀਏ।

ਤਾਰੇ ਖਿੱਤੀਆਂ ਝੁਰਮਟ ਦਾ ਨਾਂ, ਰੱਖਿਆ ਆਪਾਂ, ਛੜਿਆਂ ਦਾ ਰਾਹ,
ਤੈਨੂੰ ਤਾਂ ਇਹ ਯਾਦ ਨਹੀਂ ਹੋਣਾ, ਬਾਲ ਵਰੇਸ ਵਿਆਹੀਏ ਵਰੀਏ।

ਰਾਤੀਂ ਸੁੱਤਿਆਂ ਬੱਦਲ ਬਣਦਾ, ਛੱਜੀਂ ਖ਼ਾਰੀਂ ਰੂਹ ਤੇ ਵਰ੍ਹਦਾ,
ਉਸ ਪਲ ਜਾਗੋਮੀਟੀ ਅੰਦਰ, ਸੁੱਝਦਾ ਹੀ ਨਾ, ਹੁਣ ਕੀ ਕਰੀਏ?

ਅੱਸੂ ਕੱਤਕ ਨੀਮ ਗੁਲਾਬੀ, ਮੌਸਮ ਅੰਦਰ ਰੂਹ ਦੇ ਹਾਣੀ,
ਤੜਪਣ ਦੀਦ ਤੇਰੀ ਨੂੰ ਤਰਸਣ, ਨੀ ਖ਼ੁਆਬਾਂ ਦੀ ਅੱਲ੍ਹੜ ਪਰੀਏ।

ਨਿੱਕੇ ਹੁੰਦਿਆਂ ਵਿੱਛੜ ਗਏ ਸੀ, ਜਿਹੜੇ ਮੈਥੋਂ ਰੀਝਾਂ ਸੁਪਨੇ,
ਚੱਲ ਨੀ ਜਿੰਦੇ ਢੂੰਡ ਲਿਆਈਏ, ਹੁਣ ਨਾ ਹੋਰ ਵਿਛੋੜਾ ਜਰੀਏ।

ਭੇਤ ਤੁਹਾਥੋਂ ਕਿਹੜਾ ਗੁੱਝਾ, ਕਿੰਨੇ ਹੰਝ ਸਿਰ੍ਹਾਣੇ ਪੀਤੇ,
ਕਿੱਸੇ ਖੋਲ੍ਹ ਸੁਣਾਉ ਹੁਣ ਤਾਂ, ਉਤਲੇ ਖੇਸ, ਹੇਠਲੀ ਦਰੀਏ।

ਬਿਸਤਰ ਪਏ ਤਰੇਲ ਦੇ ਤੁਪਕੇ, ਜੰਮ ਕੇ ਕਾਲ਼ੀ ਚਿਤਰੀ ਹੋਏ,
ਰੂਪ ਕਿਵੇਂ ਹੈ ਬਦਰੰਗ ਹੋਇਆ, ਇਸ ਨੂੰ ਕਿਸ ਪੇਟੀ ਵਿੱਚ ਧਰੀਏ।

1

o

## ਮਨ ਮੰਦਰ ਦੀ ਟੱਲੀ ਨੂੰ

ਮਨ ਮੰਦਰ ਦੀ ਟੱਲੀ ਨੂੰ, ਟੁਣਕਾਰ ਲਿਆ ਹੈ।
ਰੂਹ ਨੂੰ ਮੁਕਤ ਕਰਾ ਕੇ, ਭਾਰ ਉਤਾਰ ਲਿਆ ਹੈ।

ਜਿੱਥੇ ਕਦਮ ਅਗਾਂਹ ਨੂੰ ਪੁੱਟਿਆਂ, ਧੂੜਾਂ ਉੱਡਣ,
ਹੁਣ ਮੈਂ ਖ਼ੁਦ ਨੂੰ ਕਿਣਕੇ ਤੋਂ ਵਿਸਥਾਰ ਲਿਆ ਹੈ।

ਫ਼ਰਜ਼ਾਂ ਦੇ ਲਈ ਮਾਣ, ਮਰਤਬੇ, ਕੁਰਸੀ, ਨਿਕਸੁਕ,
ਗ਼ਰਜ਼ਾਂ ਵਾਲਾ ਕੂੜਾ, ਮਨੋਂ ਬੁਹਾਰ ਲਿਆ ਹੈ।

ਜਿਹੜੇ ਘਰ ਵਿੱਚ ਸ਼ਿਕਰੇ, ਚਿੜੀਆਂ ਦੇ ਖੰਭ ਨੋਚਣ,
ਮੈਂ ਉਸ ਦਰ ਨੂੰ ਬਾਹਰੋਂ, ਜੰਦਰਾ ਮਾਰ ਲਿਆ ਹੈ।

ਰੂਹ ਦਾ ਪੰਛੀ ਤੜਪ ਰਿਹਾ ਸੀ, ਪਿੰਜਰੇ ਅੰਦਰ,
ਚੂਰੀ ਦੀ ਮਜਬੂਰੀ ਨੂੰ, ਦੁਰਕਾਰ ਲਿਆ ਹੈ।

ਚੱਲ ਹੁਣ ਅਰਸ਼ ਉਡਾਰੀ ਭਰੀਏ, ਸਾਗਰ ਤਰੀਏ,
ਤਨ ਤੇ ਮਨ ਨੇ ਰਲ਼ ਕੇ, ਪੱਕਾ ਧਾਰ ਲਿਆ ਹੈ।

ਕਾਲਖ਼ ਦੀ ਕੋਠੀ ਵਿੱਚ ਰਹਿਣਾ, ਬਹੁਤ ਕਠਿਨ ਸੀ,
ਮੈਂ ਰਾਹਾਂ ਨੂੰ ਚਾਨਣ ਨਾਲ, ਸ਼ਿੰਗਾਰ ਲਿਆ ਹੈ।

1

o

## ਅੰਬਰੋਂ ਕਿਰਿਆ ਇੱਕ ਅੱਧ ਅੱਥਰੂ

ਅੰਬਰੋਂ ਕਿਰਿਆ ਇੱਕ ਅੱਧ ਅੱਥਰੂ, ਸਿੱਪੀ ਵਿੱਚ ਜੇ ਪਲ਼ ਜਾਵੇਗਾ।
ਵੇਖ ਲਇਓ ਜੀ, ਹੌਲੀ ਹੌਲੀ, ਮੋਤੀ ਦੇ ਵਿੱਚ ਢਲ਼ ਜਾਵੇਗਾ।

ਸਿਖ਼ਰ ਦੁਪਹਿਰੇ ਰਾਤ ਦਾ ਪਹਿਰਾ, ਕੁਦਰਤ ਦਾ ਵਰਤਾਰਾ ਨਹੀਂਉਂ,
ਏਸ ਤਰ੍ਹਾਂ ਹੀ ਨਜ਼ਰਾਂ ਅੱਗੇ, ਵੈਰੀ ਕਾਲਖ਼ ਮਲ਼ ਜਾਵੇਗਾ।

ਬਿੱਲੀ ਅੱਗੇ ਅੱਖੀਆਂ ਮੀਟੀ, ਬੈਠ ਗਏ ਨੇ ਬੰਨ੍ਹ ਕਤਾਰਾਂ,
ਸਮਝ ਰਹੇ ਨੇ ਚੂਹੇ ਏਦਾਂ, ਆਇਆ ਖ਼ਤਰਾ ਟਲ਼ ਜਾਵੇਗਾ।

ਫੇਰ ਛਪਾਰ ਦੇ ਮੇਲੇ ਅੰਦਰ ਜੋਗੀ ਨਾਥ ਵਜਾ ਕੇ ਬੀਨਾਂ,
ਗੁੱਗਾ ਪੀਰ ਵਿਖਾ ਕੇ ਛਲੀਆ, ਜਨਤਾ, ਵੇਖਿਓ ਛਲ਼ ਜਾਵੇਗਾ।

ਗੰਧਲੀ ਪੌਣ 'ਚ ਘੁਲ਼ਿਆ ਏਥੇ, ਜ਼ਹਿਰ ਸਣੇ ਹੈ ਹੋਰ ਬੜਾ ਕੁਝ,
ਹੌਲੀ ਹੌਲੀ ਸਾਹਾਂ ਦੇ ਵਿੱਚ, ਇਹ ਸਾਰਾ ਕੁਝ ਰਲ਼ ਜਾਵੇਗਾ।

ਰੂਹ ਦੇ ਅੰਦਰ ਬੈਠਾ ਦਹਿਸਿਰ, ਮਾਰਨ ਵਾਲੀ ਗੱਲ ਨੂੰ ਤੋਰੋ,
ਕਾਗ਼ਜ਼ ਦਾ ਰਾਵਣ ਤਾਂ ਤੀਲ੍ਹੀ, ਬਾਲਦਿਆਂ ਹੀ ਜਲ਼ ਜਾਵੇਗਾ।

ਸਖ਼ਤ ਜ਼ਮੀਨ ਨੂੰ ਪੋਲੀ ਕਰਕੇ, ਸੁਪਨ-ਬੀਜ ਤਾਂ ਧਰੀਏ ਯਾਰੋ,
ਹੌਲੀ ਹੌਲੀ ਆਸ ਦਾ ਬੂਟਾ, ਏਸ ਤਰ੍ਹਾਂ ਹੀ ਫ਼ਲ ਜਾਵੇਗਾ।

1

o

## ਕੀ ਬਦਸ਼ਗਨੀ ਹੋ ਗਈ ਮੈਥੋਂ

ਕੀ ਬਦਸ਼ਗਨੀ ਹੋ ਗਈ ਮੈਥੋਂ, ਗੁੰਮਿਆ ਚੰਨ ਗੁਆਚੇ ਤਾਰੇ।
ਤੁਧ ਬਿਨ ਰੂਪ ਕਰੂਪ ਹੋ ਗਿਆ, ਸਾਹ ਵੀ ਹੋ ਗਏ ਬੇ-ਇਤਬਾਰੇ।

ਖ਼ੁਸ਼ਬੂ ਦਾ ਉਹ ਬੁੱਲਾ ਨਾ ਹੁਣ, ਰੂਹ ਮੇਰੀ ਨੂੰ ਆ ਮਹਿਕਾਏ,
ਜਿਸ ਨੇ ਪਹਿਲੀ ਵਾਰ ਕਿਹਾ ਕੁਝ, ਮੋਹ ਵਿੱਚ ਭਿੱਜ ਕੇ ਤੇਰੇ ਬਾਰੇ।

ਏਨੇ ਪੱਕੇ ਚੁੱਪ ਦੇ ਜੰਦਰੇ, ਮੇਰੇ ਵੱਸ ਨਹੀਂ, ਖੋਲ੍ਹ ਸਕਾਂ ਮੈਂ,
ਹੋ ਰਹੇ ਵੇਖੋ ਤਰਲੋ ਮੱਛੀ, ਬਣ ਗਏ ਨੇ ਹੁਣ ਸ਼ਬਦ ਵਿਚਾਰੇ।

ਕੋਹ ਨਾ ਤੁਰੀ ਤਿਹਾਈ ਜਿੰਦ ਨੂੰ, ਛੱਡਿਆ ਕਿਹੜੇ ਜੰਗਲ ਵਿੱਚ ਤੂੰ,
ਇੱਕ ਦੂਜੇ ਤੋਂ ਦੂਰ ਖੜ੍ਹੇ ਨੇ, ਰੁੱਖ ਵੀ ਕਿੰਨੇ 'ਕੱਲ੍ਹੇ ਕਾਰੇ।

ਡਰਦੀ 'ਵਾਜ਼ ਨਾ ਸੰਘੀਉਂ ਨਿਕਲੇ, ਆਪ ਸਮਝ ਲੈ ਮਨ ਦੀ ਹਾਲਤ,
ਪੱਥਰ ਹੋ ਗਏ ਪਲਕੀਂ ਹੰਝੂ, ਵੇਖ ਕਿਵੇਂ ਹੁਣ, ਮਣ ਮਣ ਭਾਰੇ।

ਹੌਕੇ ਵਾਲੀ ਜੂਨ ਹੰਢਾਉਣੀ, ਪੈ ਜਾਵੇ ਨਾ ਦੁਸ਼ਮਣ ਨੂੰ ਵੀ,
ਹਿੱਕੜੀ ਦੇ ਵਿੱਚ ਤਪਦੇ ਖ਼ਪ ਗਏ, ਮੋਹ ਦੇ ਜੁਗਨੂੰ ਕਿੰਨੇ ਸਾਰੇ।

ਤਪਦੇ ਥਲ ਦੀ ਭਰਮਜਲੀ ਨੇ, ਕਿੱਥੋਂ ਤੀਕ ਪੁਚਾਇਆ ਵੇਖੋ,
ਦਰਸ ਪਿਆਸੇ ਤੜਪ ਰਹੇ ਨੇ, ਤੇਜ਼ ਦੌੜਦੇ ਮਿਰਗ ਵਿਚਾਰੇ।

1

o

## ਮੇਰੀ ਮਾਂ ਤੇ ਬਾਬਲ ਬਣ ਗਏ

ਮੇਰੀ ਮਾਂ ਤੇ ਬਾਬਲ ਬਣ ਗਏ, ਬਾਤਾਂ ਗੁਜ਼ਰੇ ਕਾਲ ਦੀਆਂ ਹੁਣ।
ਕਾਂਬਾ ਬਣ ਕੇ ਚੀਰਦੀਆਂ ਨੇ, ਰਾਤਾਂ ਸਰਦ ਸਿਆਲ ਦੀਆਂ ਹੁਣ।

ਸਿਰ ਸੂਹੀ ਫੁਲਕਾਰੀ ਲੈ ਕੇ, ਜੀਕੂੰ ਸਹੁਰੀਂ ਆਵੇ ਵਹੁਟੀ,
ਫੱਗਣ ਚੇਤਰ ਫੁੱਲਾਂ ਵੰਡੀਆਂ, ਮੁੱਠੀਆਂ ਜਿਵੇਂ ਗੁਲਾਲ ਦੀਆਂ ਹੁਣ।

ਤੁਰ ਗਈ ਮਾਂ ਤੇ ਮੰਜਾ ਖ਼ਾਲੀ, ਸਣੇ ਬਿਸਤਰੇ ਡੁਸਕ ਰਿਹਾ ਏ,
ਸਾਡੀ ਭੋਲ਼ੀ ਰੂਹ ਤੇ ਨਜ਼ਰਾਂ, ਕਿਸ ਨੂੰ ਰਹਿੰਦੀਆਂ ਭਾਲ਼ਦੀਆਂ ਹੁਣ।

ਉੱਖੜੇ ਸਾਜ਼ ਦੇ ਵਾਂਗੂੰ ਸਾਡੇ, ਮਨ ਦੀ ਹਾਲਤ ਬੇਤਰਤੀਬੀ,
ਤਰਬ ਤਾਨ ਦੀ ਸਮਝ ਗਵਾਚੀ, ਦੁਰਗਤੀਆਂ ਸੁਰਤਾਲ ਦੀਆਂ ਹੁਣ।

ਧਰਮੀ ਬਾਬਲ ਧਰਮ ਗੁਆ ਕੇ, ਬਣ ਚੱਲਿਆ ਭਰਮੀ ਬਾਬਲ,
ਗੱਲਾਂ ਵਿੱਚ ਗੁਆਚਾ ਰਹਿੰਦੈ, ਮਨ ਦੇ ਬਾਲ ਗੋਪਾਲ ਦੀਆਂ ਹੁਣ।

ਕੰਮੀਂ ਕਾਰੀਂ ਰੁੱਝੇ ਬੱਚੜੇ, ਅੱਠੀਂ ਪਹਿਰੀਂ ਵੀ ਨਾ ਮਿਲਦੇ,
ਸਾਰਾ ਦਿਨ ਤਾਂ 'ਕੱਲੀਆਂ ਯਾਦਾਂ, ਤਨ ਮਨ ਆਪ ਸੰਭਾਲਦੀਆਂ ਹੁਣ।

ਝੜ ਚੱਲੀਆਂ ਨੇ ਕਿਰਨ ਮ ਕਿਰਨੀ, ਟਾਹਣਾਂ ਸੁਰਖ਼ ਗੁਲਾਬ ਦੀਆਂ ਵੀ,
ਕੰਡੇ ਕੰਡੇ ਛੱਡ ਚੱਲੀਆਂ ਨੇ, ਝੜ ਕੇ ਪੱਤੀਆਂ ਨਾਲ ਦੀਆਂ ਹੁਣ।

1

o

## ਨੀਮ ਗੁਲਾਬੀ ਹੋਠਾਂ ਉੱਤੋਂ

ਨੀਮ ਗੁਲਾਬੀ ਹੋਠਾਂ ਉੱਤੋਂ, ਚੁੱਪ ਦੇ ਜੰਦਰੇ ਖੋਲ੍ਹ ਦਿਆ ਕਰ।
ਦਿਲ ਦੀ ਧੜਕਣ ਜੋ ਕਹਿੰਦੀ ਏ, ਝਿਜਕ ਬਿਨਾ ਤੂੰ ਬੋਲ ਦਿਆ ਕਰ।

ਪਲਕਾਂ ਅੰਦਰ ਹੰਝੂ ਵੇਖੀਂ, ਪੱਥਰ ਨਾ ਹੋ ਜਾਵਣ ਕਿਧਰੇ,
ਬਰਸਣ ਗ਼ਮ ਦੇ ਬੱਦਲ ਜਦ ਵੀ, ਅੱਖੀਆਂ ਥਾਣੀਂ ਡੋਲ੍ਹ ਦਿਆ ਕਰ।

ਮਨ ਦੇ ਵਿਹੜੇ ਰਾਤ ਬਰਾਤੇ, ਜੇ ਆਵਾਂ ਤੇ ਦਰ ਖੜਕਾਵਾਂ,
ਭੁੱਲੇ ਭਟਕੇ ਰਾਹੀ ਨੂੰ ਤੂੰ, ਦਿਲ ਦੇ ਬੂਹੇ ਟੋਲ਼ ਦਿਆ ਕਰ।

ਸ਼ਹਿਦ ਰਲ਼ੇ ਗੁਲਕੰਦ ਵਰਗੀਆਂ, ਜਿੰਦੇ ਬਾਤਾਂ ਪਾਇਆ ਕਰ ਤੂੰ,
ਅੰਦਰੇ ਅੰਦਰ ਰੂਹ ਨੂੰ ਗੰਢਾਂ, ਏਸ ਤਰ੍ਹਾਂ ਨਾ ਗੋਲ਼ ਦਿਆ ਕਰ।

ਬਹੁਤ ਜ਼ਰੂਰੀ ਹੁੰਦੈ ਇਹ ਵੀ, ਦਿਲ ਨੂੰ ਆਪਣਾ ਦਰਦ ਸੁਣਾਉਣਾ,
ਸ਼ੀਸ਼ੇ ਸਨਮੁਖ ਸਾਵਧਾਨ ਹੋ, ਦਿਲ ਦੀ ਗੱਠੜੀ ਫ਼ੋਲ ਦਿਆ ਕਰ।

ਦਿਲ ਦੀ ਤੱਕੜੀ ਤੁਲਦੇ ਨਹੀਂਓਂ, ਜ਼ੇਵਰ ਮਹਿੰਗੇ ਮਾਣਕ ਮੋਤੀ,
ਮੇਰਾ ਨਾਮ ਪੁਕਾਰ ਕੇ ਮੇਰੇ, ਸਾਹੀਂ ਸੰਦਲ ਘੋਲ਼ ਦਿਆ ਕਰ।

ਤੇਰੇ ਨੈਣਾਂ ਦੇ ਵਿੱਚ ਕਿੰਨੇ, ਚੰਨ ਸਿਤਾਰੇ ਡੁੱਬ ਕੇ ਮੋਏ,
ਚਾਨਣ ਦੇ ਵਣਜਾਰੇ ਨਾ ਤੂੰ, ਵਿੱਚ ਹਨ੍ਹੇਰੇ ਰੋਲ਼ ਦਿਆ ਕਰ।

1

## ਫਿਰ ਰਿਹਾ ਇਹ ਕੌਣ

ਫਿਰ ਰਿਹਾ ਇਹ ਕੌਣ, ਤਲੀਆਂ ਤੇ ਟਿਕਾ, ਅੰਗਿਆਰ ਨੂੰ।
ਇੱਕ ਪਲ ਵੀ ਨਾ ਉਤਾਰੇ, ਦਿਲ ਦੇ ਉਤਲੇ ਭਾਰ ਨੂੰ।

ਮੈਂ ਮੁਹੱਬਤ ਨੂੰ ਹਮੇਸ਼ਾਂ, ਮਾਣਿਐਂ ਕੁਝ ਇਸ ਤਰ੍ਹਾਂ,
ਤਰਬ ਛੱਡੇ, ਸੁਰ ਸਾਰੰਗੀ, ਵੇਖਦੀ ਜਿਉਂ ਤਾਰ ਨੂੰ।

ਸੁਪਨਿਆਂ ਦੀ ਛਾਲ ਪਰਖਣ ਵਾਲਿਆ, ਇਹ ਸੋਚ ਲੈ,
ਧਰਤ ਸੌੜੀ ਹੈ ਹਮੇਸ਼ਾਂ, ਪੰਛੀਆਂ ਦੀ ਡਾਰ ਨੂੰ।

ਵਕਤ ਦੇ ਘੋੜੇ ਸਵਾਰੀ ਕਰਨ ਵਾਲਾ ਸ਼ੌਕ ਹੈ,
ਨੀਂਦਰਾਂ ਨਹੀਂ ਆਉਂਦੀਆਂ, ਮੈਂ ਪੂਰਨੈਂ ਇਕਰਾਰ ਨੂੰ।

ਲਗਨ ਹੈ ਤਾਂ ਅਗਨ ਹੈ, ਮਗਰੋਂ ਤਾਂ ਸਾਰੀ ਰਾਖ਼ ਹੈ,
ਐ ਹਵਾ! ਤੂੰ ਦੱਸ ਦੇਵੀਂ, ਜਾ ਕੇ ਮੇਰੇ ਯਾਰ ਨੂੰ।

ਮਹਿਕ ਵਾਂਗੂੰ ਆ ਮਿਲੀਂ, ਰੰਗਾਂ ਦੇ ਮੇਲੇ ਵਿੱਚ ਤੂੰ,
ਸੁਣ ਲਵੀਂ ਆਪੇ ਤੂੰ ਮੇਰੀ, ਸਰਗਮੀ ਗੁਫ਼ਤਾਰ ਨੂੰ।

ਤੇਰੀ ਮੇਰੀ ਇੱਕ ਧਰਤੀ, ਇੱਕ ਹੀ ਆਕਾਸ਼ ਹੈ,
ਕਿਰਚ ਨੇ ਆਹ ਲੀਕ ਵਾਹੀ, ਕਿਉਂ ਦਿਲਾਂ ਵਿਚਕਾਰ ਨੂੰ।

l

## ਕੁੰਡੇ ਜੰਦਰੇ ਕਿਉਂ ਲਾਉਂਦੇ ਹੋ

ਕੁੰਡੇ ਜੰਦਰੇ ਕਿਉਂ ਲਾਉਂਦੇ ਹੋ, ਪੁੱਛਦੇ ਨੇ ਬੰਦ ਬੂਹੇ।
ਇਸ ਘਰ ਅੰਦਰ ਕੋਈ ਨਾ ਰਹਿੰਦਾ ਨਾ ਬਿੱਲੀ ਨਾ ਚੂਹੇ।

ਨਾ ਕੋਈ ਬੰਦਨਬਾਰ ਸਜਾਵੇ, ਚੋਵੇ ਤੇਲ ਸ਼ਗਨ ਦਾ,
ਮੁੱਦਤ ਹੋਈ ਨਜ਼ਰ ਪਏ ਨਾ, ਸਿਰ ਤੇ ਸਾਲੂ ਸੂਹੇ।

ਨਾ ਦਸਤਕ ਨਾ ਬਿੜਕ ਸੁਣੇ ਤੇ ਨਾ ਹੀ ਚਾਪ ਕਦਮ ਦੀ,
ਸਹਿਕਦੀਆਂ ਨੇ ਕੰਧਾਂ, ਸਾਨੂੰ ਆ ਕੇ ਕੋਈ ਤਾਂ ਛੂਹੇ।

ਗੋਡੇ ਗੋਡੇ ਘਾਹ ਚੜ੍ਹਿਆ, ਤੇ ਸੱਪ ਸਲੂਟੀ ਫਿਰਦੇ,
ਸੁੰਨ-ਸਰਾਂ, ਨਾ ਪੈੜ ਕਿਸੇ ਦੀ, ਮੇਰੇ ਮਨ ਦੀ ਜੂਹੇ।

ਇਉਂ ਪਥਰਾਏ ਨੈਣੀਂ ਜੰਮਿਆ, ਸਰਦ ਜਿਹਾ ਇੱਕ ਹੌਕਾ,
ਜਿਉਂ ਕੋਈ ਦਰਦ ਪੋਟਲੀ ਬੰਨ੍ਹ ਕੇ, ਧਰ ਗਿਆ ਮੇਰੀ ਰੂਹੇ।

ਏਨਾ ਸੇਕ ਹਿਜਰ ਦਾ ਤੌਬਾ! ਸਹਿਣ ਸੁਖ਼ਾਲਾ ਨਹੀਂਉਂ,
ਤਨ ਮਨ ਤਪੇ ਤੰਦੂਰ ਤੇ ਜੀਭਾ ਹੋ ਗਏ ਲਾਲ ਫ਼ਲੂਹੇ।

ਭਰ ਭਰ ਟਿੰਡਾਂ ਜਿੱਥੋਂ ਮਾਲ੍ਹ ਲਿਆਉਂਦੀ ਸੀ ਬਈ ਪਾਣੀ,
ਵੇਖੋ ਸਾਡੇ ਵੇਖਦਿਆਂ ਹੁਣ, ਖ਼ਾਲੀ ਹੋ ਗਏ ਖੂਹੇ।

l

## ਮਹਿਕ ਰਹੀ ਮੁਸਕਾਨ ਪਿਆਰੀ

ਮਹਿਕ ਰਹੀ ਮੁਸਕਾਨ ਪਿਆਰੀ, ਹਾਏ ਤੌਬਾ।
ਦੇ ਦੇ ਇੱਕ ਅੱਧ ਚਿਣਗ ਉਧਾਰੀ, ਹਾਏ ਤੌਬਾ।

ਸ਼ਾਮ ਪਈ ਤੇ ਖ਼ੁਰ ਜਾਣੇ ਪਰਛਾਵੇਂ ਨੇ,
ਫਿਰ ਨਹੀਂ ਲੱਭਣੀ ਸੂਰਤ ਪਿਆਰੀ, ਹਾਏ ਤੌਬਾ।

ਤਾਰੇ ਬੜੇ ਪਿਆਰੇ ਪਰ ਇਹ ਅੰਬਰੀਂ ਨੇ,
'ਨੇਰ੍ਹ ਦੀ ਬੁੱਕਲ ਧਰਤੀ ਮਾਰੀ, ਹਾਏ ਤੌਬਾ।

ਨੈਣ ਕਟੋਰੇ ਹਿਰਨੌਟੇ ਦੀ ਰੀਸ ਕਰਨ,
ਡੰਗਦੀ ਪਈ ਸੁਰਮੇ ਦੀ ਧਾਰੀ, ਹਾਏ ਤੌਬਾ।

ਅਰਥ ਵਿਚਾਰੇ ਪਿੱਛੇ ਰਹਿ ਗਏ ਸ਼ਬਦਾਂ ਤੋਂ,
ਦਿਲ ਤੈਥੋਂ ਜਾਵੇ ਬਲਿਹਾਰੀ, ਹਾਏ ਤੌਬਾ।

ਸੁਪਨੇ ਵਿੱਚ ਤੂੰ ਆਈਂ ਜਾਂ ਨਾ ਆਈਂ ਪਰ,
ਬੰਦ ਕਰੀਂ ਨਾ ਦਿਲ ਦੀ ਬਾਰੀ, ਹਾਏ ਤੌਬਾ।

ਜਿਸ ਵਿੱਚ ਤੇਰੀ ਮੇਰੀ ਰੂਹ ਦਾ ਰੇਸ਼ਮ ਸੀ,
ਕਿੱਧਰ ਗਈ ਹੁਣ ਉਹ ਫੁਲਕਾਰੀ, ਹਾਏ ਤੌਬਾ।

1

## ਕਤਰਾ ਕਤਰਾ ਤੁਪਕਾ ਤੁਪਕਾ

ਕਤਰਾ ਕਤਰਾ ਤੁਪਕਾ ਤੁਪਕਾ, ਦਿਲ ਜੇ ਦਰਦ ਸਮੁੰਦਰ ਭਰਿਆ।
ਅਗਨੀ ਦਾ ਇਹ ਸਾਗਰ ਦੱਸੋ, ਹਿੰਮਤ ਬਾਝੋਂ ਕਿਸ ਨੇ ਤਰਿਆ।

ਬੇਹਿੰਮਤੇ ਨੂੰ ਮਾਂ ਧਰਤੀ ਵੀ, ਚੋਗ ਚੁਗਾਉਣੋਂ ਟਲ਼ ਜਾਂਦੀ ਹੈ,
ਜਿਉਂ ਪਰ-ਹੀਣ ਪਰਿੰਦਾ, ਕੋਈ ਬਿਨਾਂ ਉਡਾਰੀ ਫਿਰਦਾ ਮਰਿਆ।

ਕੱਚੀਆਂ ਪਿੱਲੀਆਂ ਇੱਟਾਂ ਦਾ ਮੈਂ, ਗਾਹਕ ਨਹੀਂ ਜੀ, ਸੁਣ ਲਓ ਸਾਰੇ,
ਨਾਨਕ ਸ਼ਾਹੀ ਪੱਕੀਆਂ ਇੱਟਾਂ, ਸਿਦਕ ਸਲਾਮਤ ਮੇਰਾ ਕਰਿਆ।

ਧਰਤੀ ਮਾਤਾ, ਬਾਬਲ ਅੰਬਰ, ਖੇਡ ਖਿਡਾਵੀ ਸਗਲ ਸ੍ਰਿਸ਼ਟੀ,
ਤਾਂਹੀਓਂ ਰੂਹ ਦਾ ਚੰਬਾ ਖਿੜਿਆ, ਨਾਲੇ ਮਨ ਦਾ ਵਿਹੜਾ ਭਰਿਆ।

ਤੇਰੀ ਨਜ਼ਰ ਸਵੱਲੀ ਮਗਰੋਂ, ਰੂਪ ਮੇਰਾ ਨਵਿਆਇਆ ਏਦਾਂ,
ਸੁੱਕੇ ਬਿਰਖ਼ ਫੁਟਾਰਾ ਜੀਕੂੰ, ਜੰਗਲ ਦਾ ਹਰ ਬੂਟਾ ਹਰਿਆ।

ਵਕਤ ਦੇ ਅੱਥਰੇ ਘੋੜੇ ਉੱਪਰ, ਮਾਰ ਪਲਾਕੀ ਚੜ੍ਹਿਆ ਹਾਂ ਮੈਂ,
ਤੇਰੇ ਦਮ ਤੇ ਉੱਡਿਆ ਫਿਰਦਾਂ, ਪਹਿਲਾਂ ਸਾਂ ਮੈਂ ਡਰਿਆ ਡਰਿਆ।

ਕੌਣ ਕਿਸੇ ਦੀ ਖ਼ਾਤਰ ਮਰਦੈ, ਸੂਰਮਿਆਂ, ਜਾਂਬਾਜ਼ਾਂ ਤੋਂ ਬਿਨ,
ਸੀਸ ਤਲੀ ਤੇ, ਪੈਰ ਧਾਰ ਤੇ, ਨਿਸ਼ਚੇ ਬਾਝੋਂ ਕਿਸ ਨੇ ਧਰਿਆ।

1

o

## ਸ਼ਹਿਨਸ਼ਾਹੀ ਕੁਫ਼ਰ ਜਦ ਵੀ ਬੋਲਦਾ ਹੈ

ਸ਼ਹਿਨਸ਼ਾਹੀ ਕੁਫ਼ਰ ਜਦ ਵੀ ਬੋਲਦਾ ਹੈ।
ਤਖ਼ਤ ਦਾ ਪਾਵਾ ਉਦੋਂ ਹੀ ਡੋਲਦਾ ਹੈ।

ਭਰਮ ਹੈ ਤੈਨੂੰ ਕਿ ਪੈਸਾ ਪੀਰ ਸਭ ਦਾ,
ਕੂੜ ਵੇਖੋ, ਤੱਕੜੀ ਕਿੰਜ ਤੋਲਦਾ ਹੈ।

ਮੇਲ ਦੇਵੇ ਧਰਤ ਨੂੰ ਆਕਾਸ਼ ਤੀਕਰ,
ਜਲ ਬਿਨਾ ਗੜਵੀ 'ਚ ਮਿਸ਼ਰੀ ਘੋਲ਼ਦਾ ਹੈ।

ਜਿਹੜਿਆਂ ਪੈਰਾਂ ਦੇ ਹੇਠਾਂ ਧਰਤ ਹੀ ਨਾ,
ਇਹ ਮੁਸਾਫ਼ਿਰ ਓਸ ਬਸਤੀ ਕੋਲ਼ ਦਾ ਹੈ।

ਜਾਲ਼ ਉੱਤੇ ਚੋਗ ਚੁਗਦਾ ਵੇਖਿਆ ਮੈਂ,
ਪਰ ਪਰਿੰਦਾ ਉੜਨ ਖ਼ਾਤਰ ਤੋਲਦਾ ਹੈ।

ਇੱਕ ਦਿਨ ਸੁਣਿਆ ਮੈਂ ਝੁੱਗੀ ਵਾਲਿਆਂ ਤੋਂ,
ਕੌਣ ਸਾਨੂੰ ਥਾਂ ਕੁ ਥਾਂ 'ਤੇ ਰੋਲ਼ਦਾ ਹੈ।

ਰਹਿਣ ਦੇ ਤੂੰ ਫ਼ੋਕੀਆਂ ਹਮਦਰਦੀਆਂ ਨੂੰ,
ਫਿਰ ਕਹੇਂਗਾ, ਮੇਰੇ ਪਰਦੇ ਫ਼ੋਲਦਾ ਹੈ।

1

o

## ਖ਼ਬਰ ਹੀ ਨਹੀਂ

ਖ਼ਬਰ ਹੀ ਨਹੀਂ, ਮੈਂ ਭਲਾ ਕੀ ਕਰ ਰਿਹਾ ਸਾਂ।
ਰੇਤ-ਛਲ ਦੇ ਪਾਣੀਆਂ ਵਿੱਚ, ਤਰ ਰਿਹਾ ਸਾਂ।

ਨੈਣ ਤੇਰੇ ਗ਼ਜ਼ਲ ਸੋਹਣੀ, ਕਹਿ ਰਹੇ ਸਨ,
ਬੋਲਿਆ ਬਿਨ, ਮੈਂ ਹੁੰਗਾਰਾ ਭਰ ਰਿਹਾ ਸਾਂ।

ਤੂੰ ਕਿਹਾ, ਕੁਝ ਵੀ ਨਹੀਂ, ਚੱਲ ਫੇਰ ਕੀ ਏ,
ਮੈਂ ਤਾਂ ਆਪਣੇ ਨਾਲ ਗੱਲਾਂ, ਕਰ ਰਿਹਾ ਸਾਂ।

ਜਾਗਿਆ ਪਰਭਾਤ ਤੀਕਰ, ਰਾਤ ਭਰ ਮੈਂ,
ਦਿਨ ਦੇ ਚਿੱਟੇ ਚਾਨਣੋਂ ਮੈਂ ਡਰ ਰਿਹਾ ਸਾਂ।

ਮਨ ਰਿਹਾ ਭਟਕਣ 'ਚ ਗਾਹੁੰਦਾ ਨੀਲ ਅੰਬਰ,
ਕੌਣ ਕਹਿੰਦੈ ਰਾਤ ਨੂੰ ਮੈਂ, ਘਰ ਰਿਹਾ ਸਾਂ।

ਮਹਿਕ ਤੇਰੀ ਮਗਰ, ਕਾਫ਼ੀ ਤੇਜ਼ ਤੁਰਿਆ,
ਸ਼ਾਇਦ, ਸੂਰਜ ਵਾਂਗ ਧਰਤੀ ਵਰ ਰਿਹਾ ਸਾਂ।

ਜਨਮ ਦਿਨ ਲੰਘੇ ਤੇ ਮਗਰੋਂ ਯਾਦ ਆਇਆ,
ਦਿਵਸ, ਰਾਤਾਂ, ਹਰ ਘੜੀ ਹੀ ਮਰ ਰਿਹਾ ਸਾਂ।

ਦਸਤਕਾਂ ਤਾਂ ਦਿੱਤੀਆਂ, ਸੁਣੀਆਂ ਨਾ ਤੂੰ ਹੀ,
ਮੈਂ ਤਾਂ ਧੜਕਣ ਵਾਂਗ, ਦਿਲ ਦੇ ਦਰ ਰਿਹਾ ਸਾਂ।

1

○

## ਚੱਲ ਨੀ ਭੈਣੇ ਆਪਾਂ ਰਲ਼ ਕੇ

ਚੱਲ ਨੀ ਭੈਣੇ ਆਪਾਂ ਰਲ਼ ਕੇ, ਵੀਰਾਂ ਦੇ ਸੰਗ ਕਦਮ ਵਧਾਈਏ।
ਘਰ ਦੀ ਚਾਰ ਦੀਵਾਰੀ ਅੰਦਰ, ਘਿਰ ਕੇ ਨਾ ਪਿੱਛੇ ਰਹਿ ਜਾਈਏ।

ਧਰਤੀ ਤੋਂ ਲੈ ਚੰਦਰਮਾ ਤੱਕ, ਕਿਹੜੀ ਥਾਂ ਜੋ ਸਾਥੋਂ ਓਹਲੇ,
ਹਰ ਵਰਕੇ ਤੇ ਲੀਕਾਂ ਵਾਹੀਏ, ਹਰ ਖੇਤਰ ਵਿੱਚ ਸੇਵ ਕਮਾਈਏ।

ਧਰਤੀ ਵਾਂਗੂੰ ਧੀ ਵੀ ਧਨ ਹੈ, ਬਾਬਲ ਧਰਮੀ ਨੂੰ ਇਹ ਦੱਸੀਏ,
ਦਾਦੀ ਨਾਨੀ ਮਾਂ ਮਮਤਾ ਨੂੰ, ਅਣਪੜ੍ਹਿਆ ਜੋ ਸਬਕ ਪੜ੍ਹਾਈਏ।

ਨਾ ਅਰਧਾਂਗਣ ਨਾ ਹਾਂ ਅਬਲਾ, ਪੂਰੀ ਹਸਤੀ ਲੈ ਕੇ ਜੰਮੀ,
ਆਪੇ ਜੱਗ ਇਹ ਸਮਝ ਲਵੇਗਾ, ਪਹਿਲਾਂ ਤਾਂ ਖ਼ੁਦ ਨੂੰ ਸਮਝਾਈਏ।

ਗੀਤ ਗ਼ਜ਼ਲ ਕਵਿਤਾਵਾਂ ਜਹੀਆਂ, ਧੀਆਂ ਇਸ ਤੋਂ ਹੋਰ ਅਗੇਰੇ,
ਜ਼ਿੰਦਗੀ ਦੇ ਮੈਦਾਨ 'ਚ ਵੀ ਹੁਣ, ਰਣ ਚੰਡੀ ਦਾ ਰੂਪ ਵਿਖਾਈਏ।

ਜ਼ਿੰਦਗੀ ਦੀ ਸ਼ਤਰੰਜ ਦੇ ਮੋਹਰੇ, ਆਪਾਂ ਦੋਹਾਂ ਨੇ ਨਹੀਂ ਬਣਨਾ,
ਸੱਜੇ ਖੱਬੇ ਹੱਥ ਦੇ ਵਾਂਗੂੰ, ਇੱਕ ਦੂਜੇ ਦਾ ਸਾਥ ਨਿਭਾਈਏ।

ਸਦੀਆਂ ਸਿਦਕ, ਸਲੀਕਾ, ਸੇਵਾ, ਸ਼ੁਭ ਕਰਮਨ ਦਾ ਬੀਜ ਸਾਂਭਿਆ,
ਆ ਜਾ ਅਪਣੇ ਹੱਥੀਂ ਆਪੇ, ਵਿੱਚ ਸਿਆੜਾਂ ਇਹ ਸਭ ਲਾਈਏ।

l

○

## ਕਿਉਂ ਹੋਲੀ ਦਾ ਭਰਮ ਪਾਲਦੈਂ

ਕਿਉਂ ਹੋਲੀ ਦਾ ਭਰਮ ਪਾਲਦੈਂ, ਇਹ ਰੰਗ ਕੱਚੇ ਲਹਿ ਜਾਣੇ ਨੇ।
ਦਰਦ-ਪਰੁੱਚੇ ਜ਼ਖ਼ਮੀ ਸੁਪਨੇ, ਇਹ ਹੀ ਰੂਹ ਤੇ ਰਹਿ ਜਾਣੇ ਨੇ।

ਚੜ੍ਹਿਆ ਸੂਰਜ ਲਿਸ਼-ਲਿਸ਼ਕੰਦੜਾ, ਚਮਕ ਰਿਹੈ ਪਰ ਇਹ ਨਾ ਭੁੱਲੀਂ,
ਤਾਜ ਤਖ਼ਤ ਤੇ ਮਹਿਲ ਮੁਨਾਰੇ, ਸ਼ਾਮ ਢਲੀ ਤੇ ਢਹਿ ਜਾਣੇ ਨੇ।

ਸਿਖ਼ਰ ਪਹਾੜੀ ਚੋਟੀ ਉੱਤੇ, ਹੌਕਿਆਂ ਦੇ ਬਰਫ਼ਾਨੀ ਤੋਦੇ,
ਪਿਘਲਣਗੇ, ਤੂੰ ਵੇਖੀਂ ਇੱਕ ਦਿਨ, ਅੱਥਰੂ ਬਣ ਕੇ ਵਹਿ ਜਾਣੇ ਨੇ।

ਮੈਂ ਦੋਚਿੱਤੀਆਂ ਨਸਲਾਂ ਕੋਲੋਂ ਏਹੀ ਸਬਕ ਸਮਝਿਐ, ਤਾਂਹੀਉਂ,
ਬੋਲ ਮੈਂ ਜਿਹੜੇ ਸੋਚ ਲਏ ਉਹ, ਜਾਂਦੇ ਜਾਂਦੇ ਕਹਿ ਜਾਣੇ ਨੇ।

ਆ ਹੁਣ ਤੁਰੀਏ, ਬਹਿ ਨਾ ਝੁਰੀਏ, ਹਰ ਦਿਨ ਸਬਕ ਪੜ੍ਹਾਵੇ, ਪੜ੍ਹ ਲੈ,
ਜੇ ਨਾ ਤੁਰਿਉਂ, ਤੇਰੇ ਸੁਪਨੇ, ਅੱਧ ਵਿਚਕਾਰ ਹੀ ਰਹਿ ਜਾਣੇ ਨੇ।

ਕਿੰਜ ਤੇਰਾ ਧੰਨਵਾਦ ਕਰਾਂ ਮੈਂ, ਦਰਦ ਸਮੁੰਦਰ ਦੇਣ ਵਾਲਿਆ,
ਬਾਕੀ ਜ਼ਖ਼ਮ ਕਸੀਸਾਂ ਵੱਟ ਮੈਂ, ਏਸ ਤਰ੍ਹਾਂ ਹੀ ਸਹਿ ਜਾਣੇ ਨੇ।

ਲਾਵੇ ਵਾਂਗੂੰ ਉੱਬਲਣ ਵਾਲੇ, ਥੋੜ ਚਿਰੀ ਹਸਤੀ ਦੇ ਮਾਲਕ,
ਛੁਰਲੀ ਵਾਂਗ ਹਵਾ ਵਿੱਚ ਉੱਡਦੇ, ਰਾਖ਼ ਦੇ ਵਾਂਗੂੰ ਬਹਿ ਜਾਣੇ ਨੇ।

l

## ੦
## ਮੈਂ ਸਤਰੰਗੀ ਪੀਂਘ ਚੜ੍ਹਾਈ

ਮੈਂ ਸਤਰੰਗੀ ਪੀਂਘ ਚੜ੍ਹਾਈ, ਅੰਬਰ ਤੀਕ ਹੁਲਾਰੇ ਮਿਲ ਗਏ।
ਰਾਤ ਦੀ ਬੁੱਕਲ ਵਿੱਚੋਂ ਤਾਂਹੀਂਓਂ, ਕੁਝ ਜੁਗਨੂੰ ਕੁਝ ਤਾਰੇ ਮਿਲ ਗਏ।

ਭਟਕਣ ਦਾ ਵੀ ਰੂਪ ਬਦਲਿਆ, ਖ਼ੁਸ਼ਬੂ ਦਾ ਜਦ ਸਾਥ ਮਿਲ ਗਿਆ,
ਤੂੰ ਮੈਂ ਮਨ ਦੀ ਧਰਤ ਫ਼ਰੋਲੀ, ਵਿੱਚੋਂ ਯਾਰ ਪਿਆਰੇ ਮਿਲ ਗਏ।

ਹੌਂਕੇ ਹਾਵੇ ਤੇ ਉਦਰੇਵੇਂ, ਗੁੰਮ ਗੁਆਚ ਗਏ ਸਨ ਸਾਰੇ,
ਤੇਰੀ ਤਲਬ ਬਣੀ ਸਿਰਨਾਵਾਂ, ਉਹ ਸਾਰੇ ਦੇ ਸਾਰੇ ਮਿਲ ਗਏ।

ਦਿਲ ਦਾ ਸੌਦਾ ਨਕਦ ਮੁ ਨਕਦੀ ਸੁਣਿਆ ਤਾਂ ਸੀ, ਕੀਤਾ ਨਾ ਸੀ,
ਬੇਸਮਝੀ ਵਿੱਚ ਕਰ ਬੈਠੇ ਤਾਂ ਕਿੰਨੇ ਦਰਦ ਉਧਾਰੇ ਮਿਲ ਗਏ।

ਗ਼ਮ ਦੇ ਬੱਦਲ ਉੱਡਦੇ ਫਿਰਦੇ, ਖ਼ਬਰ ਨਹੀਂ ਸੀ ਕਿੱਥੇ ਵੱਸਦੇ,
ਰੂਹ ਤੇ ਕਿਣਮਿਣ ਐਸੀ ਬਰਸੀ, ਸਰਬ ਸਮੁੰਦਰ ਖ਼ਾਰੇ ਮਿਲ ਗਏ।

ਦਿਨ ਮੁੱਕਿਆ, ਪਛਤਾਵਾ ਸੀ ਕਿ, ਸੂਰਜ ਚੱਲਿਐ, 'ਨ੍ਹੇਰ ਪਸਰਿਆ,
ਕਾਲ਼ੀ ਚਾਦਰ ਜਦੋਂ ਫ਼ਰੋਲੀ, ਵਿਚੋਂ ਚੰਨ ਸਿਤਾਰੇ ਮਿਲ ਗਏ।

ਬੁੱਲ ਫ਼ਰਕਦੇ ਵੇਖੇ ਤੇਰੇ, ਕਹਿਣਾ ਕੀ ਸੀ, ਜਾਣ ਲਿਆ ਹੈ,
ਦਿਲ ਮੇਰੇ ਨੇ ਭਰੀ ਗਵਾਹੀ, ਜਦ ਨਿਰਸ਼ਬਦ ਹੁੰਗਾਰੇ ਮਿਲ ਗਏ।

1

## ੦
## ਮਨ ਮਸਤਕ ਵਿੱਚ ਪਹਿਲਾਂ

ਮਨ-ਮਸਤਕ ਵਿੱਚ ਪਹਿਲਾਂ ਆਪੇ ਜੰਗਲ ਦਾ ਵਿਸਥਾਰ ਕਰਨਗੇ।
ਜਗਦੇ ਦੀਪ ਬੁਝਾ ਕੇ ਡਾਕੂ, ਵਿੱਚ ਹਨ੍ਹੇਰੇ ਮਾਰ ਕਰਨਗੇ।

ਬਚ ਜਾਹ ਓ ਤੂੰ ਭੋਲੇ ਪੰਛੀ, ਇਨ੍ਹਾਂ ਵਾਲੀ ਚੋਗ ਚੁਗੀਂ ਨਾ,
ਬਿਰਖ਼ ਚੀਰ ਕੇ ਇਹ ਵਣਜਾਰੇ ਛਾਵਾਂ ਤੁਰਤ ਲੰਗਾਰ ਕਰਨਗੇ।

ਤੇਰੇ ਹੱਥ ਹਥਿਆਰ ਦੇਣਗੇ, ਵੰਨ ਸੁਵੰਨੇ ਭਰਮ ਭੁਲੇਖੇ,
ਹੌਲੀ ਹੌਲੀ ਤੈਨੂੰ ਏਦਾਂ ਵੇਖ ਲਵੀਂ ਮਿਸਮਾਰ* ਕਰਨਗੇ।

ਤੇਰੀ ਥਾਲੀ ਵਿੱਚੋਂ ਰੋਟੀ, ਚੁੱਕ ਲੈਣੀ ਏਂ ਉੱਡਣੇ ਕਾਵਾਂ,
ਤੇਜ਼ ਤਰਾਰੀ, ਮੌਤ ਸਵਾਰੀ, ਸ਼ਾਤਰ ਬਹੁਤ ਖ਼ੁਆਰ ਕਰਨਗੇ।

ਨਾ ਬਣ ਸਿਰਫ਼ ਮਸ਼ੀਨੀ ਪੁਰਜ਼ਾ, ਤੇਰੀ ਹਸਤੀ ਕਿਤੇ ਵਡੇਰੀ,
ਪੌਣ-ਸਵਾਰ ਕਰਨਗੇ ਤੈਨੂੰ, ਮਗਰੋਂ ਸਿਰ ਦੇ ਭਾਰ ਕਰਨਗੇ।

ਨੇਤਾ ਜਹੇ ਅਭਿਨੇਤਾ ਤੈਨੂੰ, ਕਹਿ ਖਲਨਾਇਕ ਰੋਲ ਦੇਣਗੇ,
ਛੱਜ ਚ ਪਾ ਕੇ ਛੱਟਣ ਵਾਲਾ ਬਾਕੀ ਕੰਮ ਅਖ਼ਬਾਰ ਕਰਨਗੇ।

ਕੀ ਹੋਇਆ ਤੇ ਕੀਕੂੰ ਹੋਇਆ, ਮੀਸਣਿਆਂ ਦੇ ਟੋਲੇ ਆ ਕੇ,
ਤੇਰੀ ਲੋਥ ਸਿਰ੍ਹਾਣੇ ਬਹਿ ਕੇ ਡੂੰਘੀ ਸੋਚ ਵਿਚਾਰ ਕਰਨਗੇ।

ਹਮਦਰਦੀ ਦਾ ਪਾਠ ਪੜ੍ਹਦਿਆਂ, ਮਗਰੋਂ ਇਹ ਸਭ ਭੋਗ ਪਾਉਣਗੇ,
ਆਪਣਾ ਪੱਲਾ ਝਾੜਨ ਮਗਰੋਂ ਡਾਢਾ ਅੱਤਿਆਚਾਰ ਕਰਨਗੇ।

ਬੜਾ ਰੋਕਿਆ ਮੁੜਿਆ ਹੀ ਨਾ, ਯਾਰੋ ਸਾਥੋਂ ਹੜ੍ਹ ਦਾ ਪਾਣੀ,
ਹੋਈਆਂ ਤੇ ਅਣਹੋਈਆਂ ਬਾਤਾਂ ਮੇਰੇ ਬਾਰੇ ਯਾਰ ਕਰਨਗੇ।

1

*ਤਬਾਹ

ੲ

## ਮਾਂ ਜਾਏ ਵੀ ਆਪਣੀ ਥਾਂ ਨੇ

ਮਾਂ ਜਾਏ ਵੀ ਆਪਣੀ ਥਾਂ ਨੇ, ਰਿਸ਼ਤਾ ਤਾਂ ਵਿਸ਼ਵਾਸ ਦਾ ਨਾਂ ਹੈ।
ਜੋ ਕੁਝ ਆਖ ਬੁਲਾਈਏ ਤੂੰ ਮੈਂ, ਇਹ ਤਾਂ, ਸਿਰਫ਼ ਲਿਬਾਸ ਦਾ ਨਾਂ ਹੈ।

ਸੱਤ ਸਮੁੰਦਰ ਕਿੰਨੀਆਂ ਝੀਲਾਂ, ਤਰੀਆਂ ਤੇਰੇ ਨੈਣਾਂ ਅੰਦਰ,
ਧਰਤ ਆਕਾਸ਼ ਮਿਲੂ ਇੱਕ ਦਿਨ ਤਾਂ, ਇਹ ਹੀ ਮੇਰੀ ਆਸ ਦਾ ਨਾਂ ਹੈ।

ਚੰਨ ਦਾ ਟੁਕੜਾ ਕੈਦ ਚ ਘਿਰਿਆ ਕਾਲ਼ੀ ਰਾਤ ਚੁਫ਼ੇਰੇ ਪਸਰੀ,
ਪੂਰਨਮਾਸ਼ੀ ਦਾ ਚੰਨ ਪੂਰਾ, ਮੇਰੇ ਲਈ ਧਰਵਾਸ ਦਾ ਨਾਂ ਹੈ।

ਇੱਕੋ ਹੌਕਾ ਭਰਿਆ ਸੀ ਤੂੰ, ਤੱਕਿਆ ਨਹੀਂ, ਮਹਿਸੂਸ ਕਰ ਲਿਆ,
ਬਿਨ ਮਿਲਿਆਂ, ਬਿਨ ਬੋਲਣ ਤੋਂ ਹੀ, ਕੀਤੇ ਬਚਨ-ਬਿਲਾਸ ਦਾ ਨਾਂ ਹੈ।

ਆਸ ਕਦੇ ਵੀ ਮਰਦੀ ਨਹੀਂਉਂ, ਬੂਰ ਜਿਉਂ ਚੰਦਨ ਦੇ ਰੁੱਖ ਦਾ,
ਕੁਝ ਲੋਕਾਂ ਲਈ ਦਿਲ ਦੀ ਧੜਕਣ ਜੀਣਾ ਸਿਰਫ਼ ਸਵਾਸ ਦਾ ਨਾਂ ਹੈ।

ਹੁਣੇ ਮੈਂ ਤੈਥੋਂ ਦੂਰ ਗਿਆ ਸਾਂ, ਅੱਖ ਪਲਕਾਰੇ ਮੁੜ ਆਇਆ ਹਾਂ,
ਕਰਾਮਾਤ ਨਾ ਦੈਵੀ ਸ਼ਕਤੀ, ਇਹ ਮੇਰੇ ਅਭਿਆਸ ਦਾ ਨਾਂ ਹੈ।

ਤੇਰੀ ਰੂਹ ਦੇ ਅੰਦਰ ਛੁਪਿਆ, ਪੜ੍ਹਿਆ ਹੈ ਮੈਂ ਅੱਖਰ ਅੱਖਰ,
ਨਿਹੁੰ ਮਾਰੇ ਨੈਣਾਂ ਨੇ ਲਿਖਿਆ, ਮੁੜ ਮੁੜ ਕਿਸੇ ਉਦਾਸ ਦਾ ਨਾਂ ਹੈ।

ਸੂਰਜ ਦੀ ਲਾਲੀ ਵਿੱਚ ਘੁਲ਼ਿਆ ਸੁਰਖ਼ ਸੰਧੂਰੀ ਚਿਹਰਾ ਤੇਰਾ,
ਮੇਰੇ ਲਈ ਤਾਂ ਸੂਰਜ ਤਾਂਹੀਓਂ ਬਿਲਕੁਲ ਖਾਸਮ-ਖ਼ਾਸ ਦਾ ਨਾਂ ਹੈ।

ਅੰਬਰੀਂ ਆਹ ਸਤਰੰਗੀ ਜਿਹੜੀ, ਜਿਸ ਨੂੰ ਪੀਂਘ ਲਿਖਾਰੀ ਕਹਿੰਦੇ,
ਅੰਬਰ ਦੇ ਵਰਕੇ ਤੇ ਲਿਖਿਆ ਰੱਬ ਨੇ ਤੇਰੇ ਦਾਸ ਦਾ ਨਾਂ ਹੈ।

1

ੲ

## ਹੋਸ਼ ਦੇ ਨਾਲੋਂ ਮਸਤੀ ਚੰਗੀ

ਹੋਸ਼ ਦੇ ਨਾਲੋਂ ਮਸਤੀ ਚੰਗੀ, ਪਰ ਨਹੀਂ ਚੰਗੀ ਬੇਪਰਵਾਹੀ।
ਸਾਵਧਾਨ ਹੋ! ਖ਼ੂਨ 'ਚ ਤੇਰੇ ਰਚ ਨਾ ਜਾਵੇ ਕੂੜ-ਸਿਆਹੀ।

ਤੁਰ ਪਓ, ਤੁਰ ਪਓ, ਸੁਸਤੀ ਮਾਰਿਆ, ਬੈਠਾ ਪਿੱਛੇ ਰਹਿ ਜਾਵੇਂਗਾ,
ਵਕਤ ਕਦੇ ਵੀ ਖ਼ੁਦ ਨਹੀਂ ਦੱਸਦਾ ਕਿਸ ਮੰਜ਼ਿਲ ਵੱਲ ਜਾਵੇ ਰਾਹੀ।

ਸਾਲ ਬਦਲਿਆ, ਸਿਰਫ਼ ਕਲੰਡਰ, ਪਰ ਨਾ ਬਦਲੇ ਰੱਸੇ ਪੈੜੇ,
ਬਿਨ ਮਕਸਦ ਤੋਂ ਭੱਜਦੀ ਖ਼ਲਕਤ, ਓਵੇਂ ਫਿਰਦੀ ਸਾਹੋ ਸਾਹੀ।

ਟਾਂਗੇ ਵਾਲੇ ਘੋੜੇ ਵਾਂਗੂੰ ਆਲ਼ ਦੁਆਲੇ ਕੱਖ ਨਾ ਵੇਖੇ,
ਆਪਣੀ ਟਾਪ ਨੂੰ ਆਪੇ ਸੁਣਦਾ, ਭੱਜਿਆ ਫਿਰਦਾ ਵਾਹੋ ਦਾਹੀ।

ਦੁਨੀਆਂ ਭਰ ਦੇ ਚਤੁਰ ਚਲਾਕੋ, ਬੰਦ ਕਰੋ ਹੁਣ ਇਹ ਅੱਥਰੂਬਾਜ਼ੀ,
ਸਰਹੱਦਾਂ ਦੇ ਰਾਖੇ ਸਾਡੇ, ਪੁੱਤਰ ਕੀਤੇ ਕਾਨੇ ਕਾਹੀ।

ਘੋੜ ਸਵਾਰ ਹਕੂਮਤ ਕਰਦੇ, ਵਾਰੋ ਵਾਰੀ ਵਕਤ ਸਵਾਰੀ,
ਓਹੀ ਰੰਬੀ ਓਹੀ ਪੱਲੀ, ਘਾਹੀਆਂ ਦੇ ਪੁੱਤ ਅੱਜ ਵੀ ਘਾਹੀ।

ਵਾਰਿਸ ਮੀਆਂ ਹੀਰ ਵਿਚਾਰੀ ਕਿਸ ਅੱਗੇ ਫ਼ਰਿਆਦ ਕਰੇ ਹੁਣ,
ਕੈਦੋ ਨਾਲ ਰਲ਼ ਗਿਆ ਹੁਣ ਤਾਂ, ਕੁਰਸੀ ਬਦਲੇ ਰਾਂਝਣ ਮਾਹੀ।

1

o

## ਜਗ ਰਿਹਾ ਸੂਰਜ ਦਾ ਗੋਲਾ

ਜਗ ਰਿਹਾ ਸੂਰਜ ਦਾ ਗੋਲਾ ਧੁੰਦ ਵੀ ਡਾਢੀ ਘਣੀ ਹੈ।
ਦਿਸ ਰਹੇ ਨਾ, ਰਾਹ ਗੁਆਚੇ, ਦਰਦ ਬਾਰਿਸ਼, ਕਿਣਮਿਣੀ ਹੈ।

ਮਾਰੂਥਲ ਦੀ ਕਿਸਮਤੇ ਹੈ, ਤਪਣ ਲਿਖਿਆ, ਖਪਣ ਲਿਖਿਆ,
ਤੜਫ਼ਦੀ ਹੈ ਰੇਤ ਕੱਕੀ, ਇੱਕ ਨਾ ਡਿੱਗੀ ਕਣੀ ਹੈ।

ਰਾਤ ਦਿਨ ਬਿਜਲੀ ਲੰਘਾਵੇ, ਤਨ ਤੇ ਮਨ ਅੰਦਰ ਹੰਢਾਵੇ,
ਤਾਰ ਦੀ ਹਿੰਮਤ ਤੋਂ ਸਦਕੇ, ਕਿਸ ਤਰ੍ਹਾਂ ਵੇਖੋ ਤਣੀ ਹੈ।

ਪਾੜਦਾ ਪੱਥਰ ਦਾ ਸੀਨਾ, ਸ਼ੀਸ਼ਿਆਂ ਨੂੰ ਚੀਰ ਦੇਵੇਂ,
ਹੀਰਿਆ! ਸ਼ਾਬਾਸ਼ ਤੇਰੇ, ਸਾਂਭ ਕੇ ਰੱਖੀ ਅਣੀ ਹੈ।

ਵੇਲ-ਬੂਟੀ ਚਾਨਣੀ ਦੀ, ਕੀ ਕਰਾਂ ਇਹ ਬਿਨ ਤਿਰੇ ਮੈਂ,
ਵੇਖ ਚਾਨਣ ਝਾਤ ਕਹਿੰਦਾ, ਰੌਸ਼ਨੀ ਬਿਰਖ਼ੋਂ ਛਣੀ ਹੈ।

ਯਾਦ ਅੰਦਰ ਨੈਣ ਬਰਸਣ, ਮੋਰ ਮਨ ਦਾ ਹੰਝ ਕੇਰੇ,
ਸਮਝਿਆ ਕਰ, ਮਹਿਰਮਾ ਤੂੰ, ਜਾਨ ਤੇ ਮੁਸ਼ਕਿਲ ਬਣੀ ਹੈ।

ਧੁੰਦ ਨੂੰ ਤੂੰ ਚੀਰਿਆ ਤੇ ਪਾਟਿਆ ਅੰਧਿਆਰ ਕੰਬਲ,
ਵੇਖਿਆ! ਕਿੱਦਾਂ ਛਿੜੀ ਜੀ, ਮਨ ਦੇ ਵਿਹੜੇ ਝੁਣਝੁਣੀ ਹੈ।

1

o

## ਸਰਦ ਸਿਆਲ ਤਰੇਲ਼

ਸਰਦ ਸਿਆਲ ਤਰੇਲ਼ 'ਚ ਭਿੱਜੀਆਂ ਲਿਫ਼ ਲਿਫ਼ ਜਾਣ ਗੁਲਾਬੀ ਪੱਤੀਆਂ।
ਹੋਰ ਘੜੀ ਤੱਕ ਸੂਰਜ ਚੜ੍ਹਿਆਂ ਟਹਿਕਣੀਆਂ ਇਹ ਮਾਣ 'ਚ ਮੱਤੀਆਂ।

ਧਰਤ ਵਿਸ਼ਾਲ ਬਗੀਚਾ ਇਸ ਵਿੱਚ, ਵੰਨ ਸੁਵੰਨੇ ਫੁੱਲ ਤੇ ਕੰਡੇ,
ਬਿਨ ਥੰਮਾਂ ਤੋਂ ਗਗਨ ਖਲੋਤਾ, ਡਰਦੇ ਲੋਕਾਂ ਕੰਧਾਂ ਛੱਤੀਆਂ।

ਚਾਰ-ਚੁਫ਼ੇਰ ਹਨ੍ਹੇਰਾ ਤੇਰੇ, ਠੇਡੇ ਖਾ ਖਾ ਮਰ ਚੱਲਿਆ ਏਂ,
ਵਿੱਚ ਦਵਾਖੀਂ ਦੀਵੇ ਧਰ ਦੇ, ਤੂੰ ਵੀ ਯਾਰ ਜਗਾ ਦੇ ਬੱਤੀਆਂ।

ਸਫ਼ਰ ਅਜੇ ਵੀ ਲੰਮ-ਸਲੰਮਾ, ਕੋਹ ਨਾ ਤੁਰੀ ਤਿਹਾਈ ਬਾਬਾ,
ਜਿੰਦੜੀਏ ਕਿਓਂ ਬਹਿ ਚੱਲੀ ਏਂ, ਹਾਲੇ ਨਾ ਪੰਜ ਪੂਣੀਆਂ ਕੱਤੀਆਂ।

ਧਰਤ ਪਰੇਤੀ ਸਾਇਆਂ ਮੱਲੀ, ਜਰ-ਜਰਵਾਣੇ ਤਾਂਡਵ ਕਰਦੇ,
ਸਰਮਾਏ ਦੇ ਜੰਗਲ ਫ਼ੈਲੇ, ਵਗਣ ਤਦੇ ਹੀ ਪੌਣਾਂ ਤੱਤੀਆਂ।

ਸਮੇਂ ਸਮੇਂ ਦੀ ਬਾਤ ਪਿਆਰੇ, ਰੁਲਣ ਬਾਦਸ਼ਾਹ, ਬੇਗਮ, ਯੱਕੇ,
ਫਿਰਨ ਸਿਕੰਦਰ ਵਾਂਗੂੰ ਜੇਤੂ, ਦੁੱਕੀਆਂ ਤਿੱਕੀਆਂ, ਪੰਜੀਆਂ ਸੱਤੀਆਂ।

ਕੰਡਿਆਂ ਨੇ ਜ਼ਖ਼ਮਾਏ ਸੁਪਨੇ, ਫੁੱਲਾਂ ਨਾਲ ਕਲੋਲ ਕਰਦਿਆਂ,
ਜ਼ਖ਼ਮੀ ਰੀਝਾਂ ਦੇ ਪੰਖੇਰੂ, ਅੱਡੀਆਂ ਤਲੀਆਂ ਸੂਹੀਆਂ ਰੱਤੀਆਂ।

1

○

## ਹੱਕ ਸੱਚ ਤੇ ਇਨਸਾਫ਼

ਹੱਕ ਸੱਚ ਤੇ ਇਨਸਾਫ਼ ਦੀ ਖ਼ਾਤਰ ਜਿਸ ਵੇਲੇ ਇਨਸਾਨ ਬੋਲਦਾ।
ਅੰਨ੍ਹੀ ਰੱਯਤ ਗਿਆਨ ਵਿਹੂਣੀ, ਕਹਿੰਦੀ ਹੈ ਭਗਵਾਨ ਬੋਲਦਾ।

ਰੱਬੀ ਕਹਿਰ ਖ਼ੁਦਾਈ ਆਖਣ, ਭਾਣਾ ਕਹਿ ਕੇ ਬਹਿ ਜਾਂਦੇ ਨੇ,
ਭਰਮੀ ਜਾਲ ਵਿਛਾ ਕੇ ਏਥੇ ਜਿਸ ਵੇਲੇ ਸ਼ੈਤਾਨ ਬੋਲਦਾ।

ਦੀਨ ਦਰਦ ਦੁੱਖ ਭੰਜਨ ਵੇਲ਼ਾ, ਓਸੇ ਨੂੰ ਹੀ ਸਤਿਯੁਗ ਕਹੀਏ,
ਕਦੇ ਕਦਾਈਂ ਸਦੀਆਂ ਮਗਰੋਂ ਸਾਡੇ 'ਚੋਂ ਈਮਾਨ ਬੋਲਦਾ।

ਤੂੰ ਬੰਦੇ ਤੋਂ ਕੀ ਲੈਣਾ ਹੈ, ਕਿਹੜੀ ਵਸਤ ਬਾਜ਼ਾਰ ਵਿਕੇ ਨਾ,
ਗੁੰਝਲਦਾਰ ਬੁਝਾਰਤ ਸਮਝੋ, ਜੋ ਬੋਲੀ ਧਨਵਾਨ ਬੋਲਦਾ।

ਸੋਨ-ਬੰਸਰੀ ਮਹਿਲਾਂ ਅੰਦਰ ਤਰਜ਼ ਕੀਮਤੀ ਵੇਚ ਰਹੀ ਹੈ,
ਬਾਂਸ ਵਿਚਾਰਾ ਰੁਲ਼ ਚੱਲਿਆ ਹੈ, ਜਿਹੜਾ ਸਰਲ ਜ਼ਬਾਨ ਬੋਲਦਾ।

ਸਾਵਧਾਨ ਜੀ, ਵਤਨ ਪਿਆਰਾ 'ਨ੍ਹੇਰ ਗੁਫ਼ਾ ਵੱਲ ਤੁਰਿਆ ਜਾਵੇ,
ਬਹੁਤਾ ਚਿਰ ਇਹ ਪੁੱਗਣੀ ਨਹੀਂ ਜੇ, ਜੋ ਬੋਲੀ ਸੁਲਤਾਨ ਬੋਲਦਾ।

ਉਮਰ ਗੁਆ ਕੇ ਏਨੀ ਗੱਲ ਵੀ ਕਿਣਕਾ ਮਾਤਰ ਸਮਝ ਪਈ ਹੈ,
ਘੁੱਗੂ ਵਿੱਚ ਆਵਾਜ਼ ਬੇਗਾਨੀ ਜੋ ਕੁਝ ਵੀ ਦਰਬਾਨ ਬੋਲਦਾ।

1

○

## ਬੰਦਿਆਂ ਕੋਲੋਂ ਛਾਵਾਂ ਮੰਗਣ

ਬੰਦਿਆਂ ਕੋਲੋਂ ਛਾਵਾਂ ਮੰਗਣ, ਛਾਂਗੇ ਬਿਰਖ ਵਿਚਾਰੇ ਹੋ ਗਏ।
ਮਾਪੇ ਕੱਲ-ਮੁਕੱਲ੍ਹੇ ਬੈਠੇ, ਕੋਰੇ ਅੱਖ ਦੇ ਤਾਰੇ ਹੋ ਗਏ।

ਸਿਵਿਆਂ ਅੰਦਰ ਜਾਵੇ ਇਹ ਰਾਹ, ਜ਼ਹਿਰ ਪਸਰਿਆ ਪੌਣਾਂ ਅੰਦਰ,
ਅਗਨੀ ਭੇਂਟ ਬਨਸਪਤਿ ਹੋਈ, ਸਾਹ ਲੈਣੇ ਵੀ ਭਾਰੇ ਹੋ ਗਏ।

ਘਰ ਤੋਂ ਤੁਰਿਆ ਮੰਜ਼ਿਲ ਵੱਲ ਨੂੰ, ਰਾਹਾਂ ਵਿੱਚ ਗਵਾਚ ਗਿਆ ਹਾਂ,
ਮੇਰੇ ਮਨ ਦੇ ਖੰਭ ਵੀ ਯਾਰੋ ਡਾਢੇ ਬੇ-ਇਤਬਾਰੇ ਹੋ ਗਏ।

ਮੋਹ ਮਮਤਾ ਦੇ ਧਾਗੇ ਛੁੱਟੇ, ਟੁੱਟੀ ਡੋਰ ਪਤੰਗੜੀਆਂ ਦੀ,
ਖ਼ੁਸ਼ਬੋਈਆਂ ਦੀ ਜੂਨੀ ਪੈ ਗਏ, ਰੱਬ ਨੂੰ ਯਾਰ ਪਿਆਰੇ ਹੋ ਗਏ।

ਫੁੱਲਾਂ ਭਰੀ ਕਿਆਰੀ ਛੱਡ ਕੇ, ਅੰਬਰ ਦੇ ਵਿੱਚ ਬਣ ਗਏ ਤਾਰੇ,
ਯਾਰਾਂ ਤੋਂ ਬਿਨ ਧਰਤੀ ਸੁੰਨੀ, ਅੱਥਰੂ ਮਣ ਮਣ ਭਾਰੇ ਹੋ ਗਏ।

ਨਾ ਰੋਵੋ ਨੀ ਅੱਖੀਓ ਹੁਣ ਤਾਂ, ਗ਼ਮ ਦਾ ਸਾਗਰ ਤਰਣ ਦੁਹੇਲਾ,
ਕਿੱਥੋਂ ਚੁੰਝ ਭਰੇ ਇਹ ਜਿੰਦੜੀ, ਸਾਰੇ ਸਰਵਰ ਖ਼ਾਰੇ ਹੋ ਗਏ।

ਸੂਰਜ ਚੰਨ ਗਵਾਚੇ ਤਾਰੇ, ਕੱਠੇ ਕੀਤੇ ਜੁਗਨੂੰ ਇਹ ਮੈਂ,
ਮੇਰੀ ਬੁੱਕਲ ਦੇ ਵਿੱਚ ਵੇਖੋ, ਮੁੜ ਕੇ ਕਿੰਨੇ ਸਾਰੇ ਹੋ ਗਏ।

1

## ਜ਼ਿੰਦਗੀ 'ਚ ਕਦੇ ਬੀਬਾ

ਜ਼ਿੰਦਗੀ 'ਚ ਕਦੇ ਬੀਬਾ ਏਸਰਾਂ ਨਹੀਂ ਕਰੀਦਾ।
ਬੁਰਿਆਂ ਦੀ ਬਾਤ ਦਾ ਹੁੰਗਾਰਾ ਵੀ ਨਹੀਂ ਭਰੀਦਾ।

ਬਹਿਣ ਤੇ ਖਲੋਣ ਵੇਲੇ ਇੱਕੋ ਗੱਲ ਜਾਣ ਲੈ,
ਸੱਚ ਪੱਲੇ ਹੋਵੇ, ਕੱਲ੍ਹੇ ਹੋਣ ਤੋਂ ਨਹੀਂ ਡਰੀਦਾ।

ਰਾਤ ਪਿੱਛੋਂ ਦਿਨ ਫੇਰ ਏਹੀ ਨਿੱਤਨੇਮ ਹੈ,
ਐਵੇਂ ਦਮ ਘੁੱਟ ਘੁੱਟ ਜੀਂਦਿਆਂ ਨਹੀਂ ਮਰੀਦਾ।

ਜਿੱਸਰਾਂ ਮਿਲਾਪ ਰੂਹ 'ਚ ਛੇੜੇ ਵਿਸਮਾਦ ਨੂੰ,
ਓਸੇ ਤਰ੍ਹਾਂ ਮਿੱਤਰਾ ਵਿਛੋੜਿਆਂ ਨੂੰ ਜਰੀਦਾ।

ਟੁੱਟ ਗਿਆ ਸੁਪਨਾ ਹਕੀਕਤਾਂ ਨੂੰ ਜਾਣ ਲੈ,
ਭੁੱਲ ਜਾ ਤੂੰ ਸੁਪਨਾ ਹੁਸੀਨ ਕਿਸੇ ਪਰੀ ਦਾ।

ਆਈਆਂ ਅਜ਼ਮਾਉਣ ਤੇਰਾ ਤਾਣ ਮੇਰੇ ਹੀਰਿਆ,
ਵੇਖ ਕੇ ਮੁਸੀਬਤਾਂ ਨੂੰ ਐਵੇਂ ਨਹੀਂਓਂ ਠਰੀ ਦਾ।

ਅੱਜ ਨੂੰ ਸੰਵਾਰ ਭਾਈ ਕੱਲ੍ਹ ਕਿਸ ਵੇਖਿਆ,
ਇਹੀ ਉਪਦੇਸ਼ ਮੇਰੇ ਗੁਰੂ ਤੇਰੇ ਹਰੀ ਦਾ।

1

## ਤਨ ਮਨ ਅੰਦਰ ਸਵਾਸ

ਤਨ ਮਨ ਅੰਦਰ ਸਵਾਸ ਵਾਂਗਰਾਂ ਪੰਜ ਕਕਾਰ ਦਿਖਾਵਾ ਨਹੀਂਉਂ।
ਪੱਕਾ ਰਿਸ਼ਤਾ ਨਾਲ ਗੁਰੂ ਦੇ ਕੇਵਲ ਗੰਢ ਚਿਤਰਾਵਾ ਨਹੀਂਉਂ।

ਕੇਸਾਂ ਨਾਲ ਸਵਾਸ ਨਿਭਣਗੇ, ਕੰਘਾ, ਕੱਛ ਕਿਰਪਾਨ ਸਣੇ ਹੀ,
ਸੱਜੇ ਹੱਥ ਕੜਾ ਹੈ ਮੇਰੇ, ਮਨ ਵਿੱਚ ਭਰਮ ਭੁਲਾਵਾ ਨਹੀਂਉਂ।

ਸਾਹਾਂ ਦੀ ਮਾਲਾ ਦੀ ਸ਼ਕਤੀ, ਗੁਰ ਸ਼ਬਦਾਂ ਦੇ ਮਣਕੇ ਫਿਰਦੇ,
ਤੇਗ ਧਾਰ ਤਲਵਾਰ ਤੁਰਨ ਦਾ ਤਾਂ ਹੀ ਤਾਂ ਪਛਤਾਵਾ ਨਹੀਂਉਂ।

ਆਨੰਦਪੁਰ ਵਿੱਚ ਜਨਮ ਭੂਮ ਹੈ, ਗੁਰੂ ਗੋਬਿੰਦ ਸਿੰਘ ਬਾਬਲ ਮੇਰਾ,
ਤ੍ਰੈਕਾਲਕ ਹਸਤੀ ਹੈ ਮੇਰੀ, ਮੈਂ ਮਿੱਟੀ ਦਾ ਬਾਵਾ ਨਹੀਂਉਂ।

ਰੂਹ ਦੇ ਅੰਦਰ ਮਾਛੀਵਾੜਾ, ਜੰਗਲ ਰਾਹ ਕੰਡਿਆਲੇ ਮੇਰੇ,
ਦਸਮ ਪਿਤਾ ਦੇ ਸਿੱਖ ਲਈ ਕਿੱਥੇ, ਧਰਤੀ ਬਲਦੀ ਆਵਾ ਨਹੀਂਉਂ।

ਪਹਿਰੇਦਾਰ ਵਿਰਾਸਤ ਦਾ ਹਾਂ, ਧਰਤੀ-ਧਰਮ ਨਿਭਾਵਾਂਗਾ ਮੈਂ,
ਏਸ ਜਨਮ ਤਾਂ ਨਿਭ ਜਾਵਾਂਗਾ, ਹੋਰ ਜਨਮ ਦਾ ਦਾਵਾ ਨਹੀਂਉਂ।

ਸਬਰ ਸਿਦਕ ਸੰਤੋਖ ਸਮਰਪਣ ਸੂਰਜ ਦੇ ਤਪ ਤੇਜ਼ ਜਿਹਾ ਹੈ,
ਜ਼ਾਲਮ ਦਾ ਜਮਕਾਲ ਬਣਾਂਗਾ, ਰਾਜ ਤਖ਼ਤ ਦਾ ਪਾਵਾ ਨਹੀਂਉਂ।

1

੦

## ਸਾਡੇ ਮਨ ਦੀ ਗਲੀ

ਸਾਡੇ ਮਨ ਦੀ ਗਲੀ 'ਚੋਂ ਅੱਜ ਕੌਣ ਲੰਘਿਆ।
ਵੇ ਮੈਂ ਜੀਹਦੇ ਕੋਲੋਂ ਬਿਨਾ ਬੋਲੇ ਦਿਲ ਮੰਗਿਆ।

ਮੈਨੂੰ ਸੁੱਧ ਬੁੱਧ ਭੁੱਲੀ, ਹੋਈ ਜਿੰਦ ਅਧਮੋਈ,
ਜਦੋਂ ਵਾਲਾਂ ਵਿੱਚ ਓਸ ਨੇ ਗੁਲਾਬ ਟੰਗਿਆ।

ਜਿਹੜੇ ਜਾਣਦੇ ਨੇ ਸੁੱਚੀਆਂ ਮੁਹੱਬਤਾਂ ਦੀ ਸਾਰ,
ਕਹਿੰਦੇ ਰੱਬ ਉਨ੍ਹਾਂ ਰੂਹਾਂ ਤਾਈਂ ਆਪ ਰੰਗਿਆ।

ਲਾਜਵੰਤੀ ਦੇ ਵਾਂਗ ਮੈਂ ਵੀ ਖੋਲ੍ਹੀ ਨਾ ਜ਼ਬਾਨ,
ਉਹ ਵੀ ਛੂਈ ਮੂਈ, ਛੂਈ ਮੂਈ ਬੜਾ ਸੰਗਿਆ।

ਸ਼ਾਇਦ ਓਸ ਦਾ ਹੀ ਨਿੰਮ੍ਹਾ ਨਿੰਮ੍ਹਾ ਨੈਣਾਂ 'ਚ ਸਰੂਰ,
ਪਹਿਲੀ ਤੱਕਣੀ 'ਚ ਮੈਨੂੰ ਜੀਹਦੇ ਪਿਆਰ ਡੰਗਿਆ।

ਇਹ ਤਾਂ ਰੂਹਾਂ ਦਾ ਸੁਮੇਲ, ਜੀਕੂੰ ਦੀਵਾ ਬੱਤੀ ਤੇਲ,
ਕਾਲੇ ਜੱਗ ਦਾ ਹਨ੍ਹੇਰ ਵੇਖ ਬੜਾ ਖੰਘਿਆ।

ਹੁਣ ਮਿਟ ਗਏ ਜ਼ਮਾਨੇ ਦਿਆਂ ਤੀਰਾਂ ਦੇ ਨਿਸ਼ਾਨ,
ਅਸਾਂ ਦਰਦ ਮਜੀਠੜੇ 'ਚ ਮਨ ਰੰਗਿਆ।

1

੦

## ਮਰ ਚੱਲੇ ਹਾਂ ਦਮ ਦਮ ਕਰਕੇ

ਮਰ ਚੱਲੇ ਹਾਂ ਦਮ ਦਮ ਕਰਕੇ ਰਿਸ਼ਤਿਆਂ ਦੀ ਪਰਿਕਰਮਾ ਕਰਦੇ।
ਕੱਚ ਦਾ ਭਾਂਡਾ ਟੁੱਟ ਨਾ ਜਾਵੇ, ਹੱਥ ਪਾਉਂਦੇ ਹਾਂ ਡਰਦੇ ਡਰਦੇ।

ਨਾ ਸੁਣਦੇ, ਨਾ ਸਮਝ ਰਹੇ ਹਾਂ, ਸੋਚਣ ਵਾਲੇ ਬੂਹੇ ਬੰਦ ਨੇ,
ਤਨ ਨੇੜੇ ਮਨ ਦੂਰ ਦੂਰ ਨੇ, ਸ਼ੀਸ਼ ਮਹਿਲ ਘਰ ਗੂੜ੍ਹੇ ਪਰਦੇ।

ਪੱਥਰ ਦੇ ਭਗਵਾਨ ਦੀ ਸੰਗਤ, ਕਰਦਿਆਂ ਉਮਰ ਗੁਜ਼ਾਰ ਲਈ ਹੈ,
ਇਹਦੇ ਵਰਗੇ ਜਿਗਰੇ ਹੋ ਗਏ, ਪੂਜਾ ਇਸਦੀ ਕਰਦੇ ਕਰਦੇ।

ਗ਼ਰਜ਼ਾਂ ਦੇ ਜੰਗਲ ਵਿੱਚ ਫਿਰਦੇ ਦਿਨ ਢਲ਼ਿਆ ਤੇ ਰਾਤ ਪਈ ਹੈ,
ਆਪੇ ਹੀ ਦੱਸ ਕਿਹੜੇ ਵੇਲੇ ਫ਼ਰਜ਼ਾਂ ਦੀ ਰਖਵਾਲੀ ਕਰਦੇ।

ਮੰਜੀ ਥੱਲੇ ਜੰਮਿਆਂ ਨੂੰ ਦੱਸ, ਚੰਨ ਤੇ ਸੂਰਜ ਦਿਸਦੇ ਕਿੱਥੇ,
ਉਮਰ ਗੁਆਉਂਦੇ ਸਹਿਕਦਿਆਂ ਹੀ, ਖਿੜੇ ਦੁਪਹਿਰੇ ਜੋ ਨਹੀਂ ਜਰਦੇ।

ਤੋੜ ਦਿਆ ਕਰ ਦਰ ਦੀਵਾਰਾਂ ਅਕਲ ਕੋਟ ਦੇ ਵਾਸੀ ਸੱਜਣਾ,
ਚੌਗਿਰਦੇ ਦੇ ਕੈਦੀ ਜਿਹੜੇ, ਨਾ ਹੀ ਜਿਉਂਦੇ ਨਾ ਹੀ ਮਰਦੇ।

ਜਿਸ ਦਿਨ ਆਪਾਂ ਜਨਮ ਲਿਆ ਸੀ, ਜੇ ਨਾ ਜ਼ਿੰਦਗੀ ਉਸ ਤੋਂ ਸੋਹਣੀ,
ਖ਼ੁਦ ਆਪਣੇ ਤੋਂ ਪੁੱਛਣਾ ਬਣਦੈ, ਕੀ ਹਾਂ ਆਪਾਂ ਰਹਿੰਦੇ ਕਰਦੇ।

1

०

## ਡੁੱਬਦੇ ਸੂਰਜ ਦੇ ਵਿੱਚ ਘੁਲ਼ਿਆ

**ਪਿਆਰੇ ਸੁਖਜੀਤ ਦੇ ਨਾਮ**

ਡੁੱਬਦੇ ਸੂਰਜ ਦੇ ਵਿੱਚ ਘੁਲ਼ਿਆ, ਕਿੱਧਰ ਸਾਡਾ ਯਾਰ ਤੁਰ ਗਿਆ।
ਦਿਲ ਦਾ ਹਾਣ, ਜ਼ਬਾਨ ਦਾ ਪੱਕਾ, ਤੋੜ ਕੇ ਕੌਲ ਕਰਾਰ ਤੁਰ ਗਿਆ।

ਬੜੇ ਵਾਸਤੇ ਪਾਏ! ਹਾਏ! ਇੱਕ ਨਾ ਮੰਨੀ ਜਾਣ ਦੇ ਵੇਲ਼ੇ,
ਸਾਡੇ ਮਨ ਤੇ ਅਣਮਿਣਵਾਂ ਉਹ ਪਾ ਕੇ ਕੈਸਾ ਭਾਰ ਤੁਰ ਗਿਆ।

ਬਾਤ-ਹੁੰਗਾਰਾ ਭਰਦਾ ਭਰਦਾ, ਅਚਨਚੇਤ ਕਿਸ ਖੂਹ ਵਿੱਚ ਲੱਥਿਆ,
ਰੂਹ ਤੇ ਪੈੜਾਂ ਪਾਉਂਦਾ ਪਾਉਂਦਾ ਚੁੱਪ ਦੀ ਬੁੱਕਲ ਮਾਰ ਤੁਰ ਗਿਆ।

ਅਜੇ ਅਲਾਪ ਲਿਆ ਸੀ ਉਸ ਨੇ, ਗਾਉਣਾ ਸੀ ਜਿਸ ਹੇਕਾਂ ਲਾ ਕੇ,
ਸਾਜ਼ ਵਿਲਕਦੇ ਹਾਲੇ ਤੱਕ ਵੀ, ਤੋੜ ਸਬੂਤੀ ਤਾਰ ਤੁਰ ਗਿਆ।

ਕਿੰਨੇ ਸੁਪਨੇ, ਕਿੰਨੀਆਂ ਰੀਝਾਂ, ਕੋਰੇ ਵਰਕੇ ਵਾਹੀਆਂ ਲੀਕਾਂ,
ਤੜਪ ਰਹੇ ਰੰਗ ਡੱਬੀਆਂ ਅੰਦਰ, ਸਭ ਨੂੰ ਜਿਉਂਦੇ ਮਾਰ ਤੁਰ ਗਿਆ।

ਬਾਂਸ ਦੀ ਪੋਰੀ ਛੇਕਾਂ ਵਿੰਨ੍ਹੀ, ਹੁਣ ਹੋਠਾਂ ਨੂੰ ਸਹਿਕ ਰਹੀ ਹੈ,
ਸੁਰ ਦੇ ਨਾਲ ਕਲੋਲਾਂ ਕਰਦਾ, ਕਿੱਧਰ ਕ੍ਰਿਸ਼ਨ ਮੁਰਾਰ ਤੁਰ ਗਿਆ।

ਅੱਥਰੇ ਘੋੜੇ ਮਾਰ ਪਲਾਕੀ, ਚੜ੍ਹ ਜਾਂਦਾ ਸੀ ਵਾਗਾਂ ਫੜ ਕੇ,
ਸਾਨੂੰ ਛੱਡ ਕੇ ਕਿਹੜੇ ਰਾਹੀਂ, ਸਾਡਾ ਪੌਣ-ਸਵਾਰ ਤੁਰ ਗਿਆ।

l

०

## ਨਿਸ਼ਚਾ ਧਾਰ ਤੁਰੋ ਤਾਂ ਕਾਦਰ

ਨਿਸ਼ਚਾ ਧਾਰ ਤੁਰੋ ਤਾਂ ਕਾਦਰ ਮੰਜ਼ਿਲ ਨੇੜੇ ਕਰ ਦੇਂਦਾ ਹੈ।
ਸ਼ਿਵਾ ਦੇਵਤਾ, ਬੇਹਿੰਮਤੇ ਨੂੰ, ਓਦਾਂ ਕਿੱਥੇ ਵਰ ਦੇਂਦਾ ਹੈ।

ਰਹਿਮਤ ਦਾ ਮੀਂਹ ਸੁੱਤਿਆਂ ਉੱਤੇ, ਨਹੀਂ ਬਰਸਦਾ ਤੱਕਿਆ ਮੈਂ,
ਹਿੰਮਤੀਆਂ ਨੂੰ ਦਾਤਾਂ ਦੇ ਦੇ ਝੋਲੀ ਨਿੱਕੀ ਕਰ ਦੇਂਦਾ ਹੈ।

ਹੱਸ ਕੇ ਤੱਕਿਆਂ ਧਰਤੀ ਸਾਰੀ ਫੁੱਲ ਕਲੀਆਂ ਖ਼ੁਸ਼ਬੋਆਂ ਬਣਦੀ,
ਅੱਖ ਵਿੱਚ ਅੱਥਰੂ ਹੋਣ ਤਾਂ ਸ਼ੀਸ਼ਾ ਚਿਹਰਾ ਧੁੰਦਲਾ ਕਰ ਦੇਂਦਾ ਹੈ।

ਤੇਰੀ ਮੇਰੀ ਸ਼ਕਤੀ ਵੇਖੀਂ, ਇੱਕ ਨੁਕਤੇ ਤੇ ਰੁਕ ਨਾ ਜਾਵੇ,
ਪੱਥਰ ਦੇ ਧੁਰ ਅੰਦਰ ਓਹੀ, ਕੀੜਿਆਂ ਨੂੰ ਵੀ ਘਰ ਦੇਂਦਾ ਹੈ।

ਚੇਤੇ ਰੱਖੀਂ, ਹਿੰਮਤ ਅੱਗੇ ਨੱਚਦੀ ਲੱਛਮੀ ਧਨ ਦੀ ਦੇਵੀ,
ਜੇ ਪਰਵਾਜ਼ ਪਰਿੰਦਾ ਚਾਹੇ, ਤਾਂ ਹਿੰਮਤ ਨੂੰ ਪਰ ਦੇਂਦਾ ਹੈ।

ਮੈਂ ਬਣਦਾਂ ਜਦ ਜੁਗਨੂੰ, ਤਾਰਾ, ਚੰਨ ਜੇ ਰਾਤ ਹਨ੍ਹੇਰੀ ਅੰਦਰ,
ਤੜਕਸਾਰ ਪਰਭਾਤ ਦੇ ਮਗਰੋਂ, ਸੂਰਜ ਮਮਟੀ ਧਰ ਦੇਂਦਾ ਹੈ।

ਗਗਨ ਥਾਲ ਵਿੱਚ ਚੰਨ ਤੇ ਸੂਰਜ ਜੇਕਰ ਦੀਵੇ ਦਿਸਦੇ ਹੋਵਣ,
ਮੇਰਾ ਬਾਬਾ ਸੁਪਨਿਆਂ ਨੂੰ ਵੀ, ਧਰਤੀ ਜਿੱਡਾ ਬਰ ਦੇਂਦਾ ਹੈ।

l

o

## ਤਾਰਿਆਂ ਦੇ ਨਾਲ ਐਵੇਂ

ਤਾਰਿਆਂ ਦੇ ਨਾਲ ਐਵੇਂ ਜ਼ਿਦ ਨਹੀਂ ਪੁਗਾਈਦੀ।
ਅੰਬਰਾਂ ਤੇ ਏਨੀ ਉੱਚੀ ਪੀਂਘ ਨਹੀਂ ਚੜ੍ਹਾਈਦੀ।

ਦੂਰ ਦੂਰ ਬੈਠਣਾ ਤੇ ਚੁੱਪ ਰਹਿਣਾ ਠੀਕ ਨਾ,
ਲੱਸੀ ਤੇ ਲੜਾਈ ਐਵੇਂ ਬਹੁਤੀ ਨਹੀਂ ਵਧਾਈਦੀ।

ਦਿਲ ਦੀ ਆਵਾਜ਼ ਪਰਵਾਜ਼ ਆਪੇ ਕਰਦੀ,
ਹੌਕਿਆਂ ਦੀ ਬਾਤ ਦੂਜੇ ਕੰਨ ਨਹੀਂ ਸੁਣਾਈਦੀ।

ਖ਼ੁਸ਼ੀਆਂ ਨੂੰ ਵੰਡਣਾ ਜੇ ਸਿੱਖ ਲਵੇ ਆਦਮੀ,
ਲੰਮੀ ਨਹੀਂਉਂ ਹੁੰਦੀ ਕਦੇ ਰਾਤ ਵੀ ਜੁਦਾਈ ਦੀ।

ਫੁੱਲਾਂ ਵਿੱਚੋਂ ਰੰਗ ਤੇ ਸੁਗੰਧ ਕੋਈ ਲੈ ਗਿਆ,
ਦੱਸੋ ਕਿਹੜੇ ਠਾਣੇ ਇਹਦੀ ਰਪਟ ਲਿਖਾਈਦੀ।

ਮੈਦੇ 'ਚ ਸੰਧੂਰ ਗੁੰਨ੍ਹ ਚਿਹਰਾ ਤੇਰਾ ਸਾਜਿਆ,
ਅੱਖੀਆਂ ਬਲੌਰੀ 'ਚ ਉਦਾਸੀ ਨਹੀਂ ਲਿਆਈਦੀ।

ਰੂਹ ਦੇ ਉੱਤੇ ਭਾਰ ਕਿਉਂ ਪਹਾੜ ਜਿੱਡਾ ਰੱਖਿਆ,
ਤਿੱਤਲੀ ਮਾਸੂਮ ਕਦੇ ਪਿੰਜਰੇ ਨਹੀਂ ਪਾਈਦੀ।

1

o

## ਮਾਰਨ-ਖੰਡਾ ਸਾਨ੍ਹ

ਮਾਰਨ-ਖੰਡਾ ਸਾਨ੍ਹ ਹਮੇਸ਼ਾਂ ਸੁਰਖ਼ ਵਸਤਰੋਂ ਡਰਦਾ ਹੈ।
ਏਸੇ ਡਰ ਚੋਂ ਰੱਤੇ ਰੰਗ ਤੇ ਮੁੜ ਮੁੜ ਹਮਲੇ ਕਰਦਾ ਹੈ।

ਹਥਿਆਰਾਂ ਦਾ ਵਣਜ ਕਰਦਿਆਂ ਭੁੱਲ ਬੈਠਾ ਹੈ ਮਾਨਵਤਾ,
ਵਤਨ ਸਬੂਤਾ ਨਿਗਲਣ ਖ਼ਾਤਰ ਇੱਕੋ ਬੁਰਕੀ ਕਰਦਾ ਹੈ।

ਸੱਤ ਸਮੁੰਦਰ ਪਾਰੋਂ ਵੀ ਉਹ ਕਰਦਾ ਫਿਰਦਾ ਆਦਮ ਬੋ,
ਵਿਸ਼ਵ-ਅਮਨ ਦਾ ਚਿੱਟਾ ਪਰਚਮ, ਅੰਦਰੋਂ ਅੰਦਰੀ ਠਰਦਾ ਹੈ।

ਮਗਰਮੱਛ ਦਾ ਚਿੱਥਿਆ ਬੰਦਾ ਧਰਤੀ ਉੱਪਰ ਰੀਂਘ ਰਿਹਾ,
ਪਰਮਾਣੂੰ ਦਾ ਡੰਗਿਆ ਜੀਕੂੰ ਨਾ ਜੀਂਦਾ ਨਾ ਮਰਦਾ ਹੈ।

ਭਵਨ ਸਫ਼ੈਦ 'ਚ ਖ਼ੂਨੀ ਪੰਜਾ, ਮੰਜਾ ਡਾਹ ਕੇ ਬੈਠ ਗਿਆ,
ਗੋਲ ਗਲੋਬ ਭਬਕੀਆਂ ਕੋਲੋਂ, ਕੰਬਦਾ ਹਰ ਹਰ ਕਰਦਾ ਹੈ।

ਕਲਮ, ਦਵਾਤ ਥਿੜਕਦੀ ਪੈਰੋਂ, ਲਿਖਦਾ ਕਾਲ਼ੇ ਲੇਖ ਜਦੋਂ,
ਕੋਰਾ ਵਰਕਾ ਕੰਬ ਜਾਂਦਾ ਫਿਰ, ਠੰਢੇ ਹੌਕੇ ਭਰਦਾ ਹੈ।

ਬੂਰ ਝੜੇ ਅੰਬਾਂ ਦਾ ਸਾਰਾ, ਮੁਰਝਾਉਂਦੇ ਫੁੱਲ ਟਾਹਣੀ ਤੇ,
ਇਹ ਬਦਬਖ਼ਤ, ਕੁਲਹਿਣਾ ਬਾਗੀਂ ਪੈਰ ਜਦੋਂ ਵੀ ਧਰਦਾ ਹੈ।

1

o

## ਕੀ ਪੁੱਛਦੇ ਹੋ ਬਾਤਾਂ ਯਾਰੋ

ਕੀ ਪੁੱਛਦੇ ਹੋ ਬਾਤਾਂ ਯਾਰੋ, ਅੱਥਰੇ ਦਿਲ ਦਿਲਗੀਰ ਦੀਆਂ।
ਪੀੜਾਂ ਹੁਣ ਤੇ ਹਮਰਾਹ ਹੋਈਆਂ, ਨਦੀਓਂ ਵਿੱਛੜੇ ਨੀਰ ਦੀਆਂ।

ਕੰਡਿਆਂ ਵਾਲੀ ਤਾਰ 'ਚ ਅੜ ਕੇ ਪਾਟੀ ਚੁੰਨੀ ਸ਼ਗਨਾਂ ਦੀ,
ਹੁਣ ਤੀਕਰ ਵੀ ਲੇਰਾਂ ਸੁਣਦਾਂ, ਉਸ ਥਾਂ ਤੋਂ ਮੈਂ ਲੀਰ ਦੀਆਂ।

ਗੇਰੂ ਵਸਤਰ ਪਾ ਪਰਭਾਤੀ ਗਾਉਂਦਾ ਜਿਹੜਾ ਲੰਘਦਾ ਸੀ,
ਦਿਲ ਦੀ ਤਖ਼ਤੀ ਉੱਤੇ ਬੋਲਣ, ਤਰਜ਼ਾਂ ਓਸ ਫ਼ਕੀਰ ਦੀਆਂ।

ਕੰਨਾਂ ਦੇ ਵਿੱਚ ਮੁੰਦਰਾਂ ਪਾ ਕੇ ਇਹ ਜੋਗੀ ਕੀ ਚਾਹੁੰਦੇ ਨੇ,
ਫੈਸ਼ਨ ਦੀ ਮੰਡੀ ਦੇ ਰਾਂਝੇ, ਕਰਨ ਸ਼ਿਕਾਇਤਾਂ ਹੀਰ ਦੀਆਂ।

ਨਹੀਂਉਂ ਲੱਭਣੇ ਲਾਲ ਗੁਆਚੇ, ਜਾਣਦਿਆਂ ਵੀ ਤੁਰ ਪੈਨਾਂ,
ਵਿੱਛੜੇ ਯਾਰ ਮੁਹੱਬਤਾਂ ਵਾਲੇ, ਕੈਦਾਂ ਤੋੜ ਸਰੀਰ ਦੀਆਂ।

ਰਾਤ ਖੜ੍ਹੀ ਸੀ, ਦੀਵਾ ਬੁਝਿਆ, ਚਾਰ ਚੁਫ਼ੇਰ ਹਨ੍ਹੇਰ ਪਿਆ,
ਉਹ ਬਾਤਾਂ ਨਾ ਮਨ ਤੋਂ ਲੱਥਣ, ਕੀਤੀਆਂ ਵਕਤ ਅਖ਼ੀਰ ਦੀਆਂ।

ਸ਼ਾਮ ਢਲੀ ਪਰਛਾਵੇਂ ਲੰਮੇ ਹੋਈ ਜਾਂਦੇ ਬਿਰਖ਼ਾਂ ਦੇ,
ਡਾਰਾਂ ਆਵਣ ਬੰਨ੍ਹ ਕਤਾਰਾਂ, ਜਾਣ ਹਵਾ ਨੂੰ ਚੀਰਦੀਆਂ।

l

o

## ਵੇਖੋ ਪਿਆਰ ਨਾਲ

ਵੇਖੋ ਪਿਆਰ ਨਾਲ ਜੇ ਐਨਕ ਉਤਾਰ ਕੇ।
ਮਿਟਦੀ ਪਿਆਸ ਇਸ ਤਰ੍ਹਾਂ, ਅੱਖਾਂ ਨੂੰ ਠਾਰ ਕੇ।

ਮਿੱਟੀ ਦਾ ਤਨ ਸ਼ਿੰਗਾਰ ਲਉ, ਬਾਜ਼ਾਰ ਆਖਦਾ,
ਵੇਖੋਗੇ ਸ਼ੀਸ਼ਾ ਹੁਣ ਕਦੋਂ, ਰੂਹ ਨੂੰ ਨਿਖ਼ਾਰ ਕੇ।

ਤੱਕਿਆ ਕਰੋ ਜੀ ਨੂਰ ਵੀ, ਅੱਖੀਆਂ ਨੂੰ ਮੀਟ ਕੇ,
ਰੰਗਾਂ ਦੀ ਕਹਿਕਸ਼ਾਂ ਧਰੋ, ਸਾਹੀਂ ਦੁਲਾਰ ਕੇ।

ਦੁਨੀਆਂ ਅਜੀਬ ਪਰਖ਼ ਵਿੱਚ, ਪਾਇਆ, ਮੈਂ ਪੈ ਗਿਆ,
ਓਸੇ ਹੀ ਥਾਂ ਤੇ ਆ ਗਿਆਂ, ਫਿਰ ਤੁਰ ਕੇ, ਹਾਰ ਕੇ।

ਅੱਧੀ ਕੁ ਰਾਤ ਸੀ ਜਦੋਂ, ਮੈਂ ਉੱਠ ਕੇ ਬਹਿ ਗਿਆ,
ਖ਼ਵਰੇ ਸੀ ਕਿਸ ਨੇ ਨਾਂ ਲਿਆ, ਮੇਰਾ ਪੁਕਾਰ ਕੇ।

ਮੈਂ ਨਾਲ ਤੇਰੇ ਤੁਰ ਰਿਹਾਂ, ਖ਼ੁਸ਼ਬੂ ਤੇ ਪੌਣ ਵਾਂਗ,
ਮੈਨੂੰ ਤੂੰ ਦਰਦ ਸੌਂਪ ਦੇ, ਮਨ ਤੋਂ ਉਤਾਰ ਕੇ।

ਚੰਗਾ ਨਹੀਂ ਜੀ ਇਸ ਤਰ੍ਹਾਂ, ਕੰਡ ਕਰਕੇ ਪਰਤਣਾ,
ਚੱਲੇ ਕਿਉਂ ਹੋ ਸੋਹਣਿਉਂ, ਜੀਂਦੇ ਨੂੰ ਮਾਰ ਕੇ।

l

o

## ਧਰਤੀ ਮੇਰੇ ਚਾਰ ਚੁਫ਼ੇਰੇ

ਧਰਤੀ ਮੇਰੇ ਚਾਰ ਚੁਫ਼ੇਰੇ, ਰੂਹ ਦੇ ਅੰਦਰਵਾਰ ਸਮੁੰਦਰ।
ਦਰਦਾਂ ਦੇ ਦਰਿਆ ਦਾ ਪਾਣੀ, ਕਰਦਾ ਮਾਰੋ ਮਾਰ ਸਮੁੰਦਰ।

ਅੱਖ ਦਾ ਪਾਣੀ, ਦਿਲ ਦੀ ਬਸਤੀ, ਜੀਭਾ ਦਾ ਰਸ, ਪਿਆਰ ਮੁਹੱਬਤ,
ਮੈਂ ਤਾਂ ਅੱਜ ਤੱਕ ਵੇਖੇ ਨੇ ਬਈ, ਏਹੀ ਨੇ ਕੁੱਲ ਚਾਰ ਸਮੁੰਦਰ।

ਇੱਕ ਚਵਾਨੀ ਮਿੱਟੀ ਕੇਵਲ ਬਾਰਾਂ ਆਨੇ ਖ਼ਾਰਾ ਪਾਣੀ,
ਫਿਰ ਵੀ ਤਪਦਾ ਖਪਦਾ ਰਹਿੰਦੈ, ਰੱਖਦਾ ਰੂਹ ਤੇ ਭਾਰ ਸਮੁੰਦਰ।

ਤੇਰੀ ਮੇਰੀ ਪ੍ਰੀਤ ਕਹਾਣੀ, ਤਾਂਹੀਉਂ ਹੰਝ ਦੀ ਜੂਨ ਪਈ ਹੈ,
ਜ਼ਾਤ, ਧਰਮ ਤੇ ਰੰਗ ਨਸਲ ਦੇ, ਹਨ ਸਾਡੇ ਵਿਚਕਾਰ ਸਮੁੰਦਰ।

ਅਣਮਿਣ ਸ਼ਕਤੀ ਖੰਭਾਂ ਅੰਦਰ, ਦੇਸ ਪਰਾਏ ਉੱਡੀਆਂ ਕੂੰਜਾਂ,
ਵੇਖੋ ਬੰਨ੍ਹ ਕਤਾਰਾਂ ਚੱਲੀਆਂ, ਕਰਨਗੀਆਂ ਇਹ ਪਾਰ ਸਮੁੰਦਰ।

ਨਦੀਆਂ ਨਾਲੇ ਭਰ ਭਰ ਵਗਦੇ, ਵਹਿੰਦੇ ਦਿਨ ਤੇ ਰਾਤ ਪਏ ਨੇ,
ਬੁੱਕਲ ਵਿੱਚ ਸਮੇਟੇ ਸਭ ਨੂੰ, ਕਿੱਦਾਂ ਆਖ਼ਰਕਾਰ ਸਮੁੰਦਰ।

ਏਨੀ ਦੌਲਤ ਹੁੰਦਿਆਂ ਸੁੰਦਿਆਂ, ਉੱਛਲ ਜਾਂਦੈ, ਥੋੜ ਦਿਲਾ ਇਹ,
ਆਲ ਦੁਆਲ ਉਜਾੜੇ ਸਭ ਨੂੰ, ਰੱਖੋ ਦਿਲ ਵਿੱਚ ਖ਼ਾਰ ਸਮੁੰਦਰ।

1

o

## ਸ਼ੇਰਾਂ ਦੇ ਸ਼ਿਕਾਰੀ

ਸ਼ੇਰਾਂ ਦੇ ਸ਼ਿਕਾਰੀ ਕਦੇ ਬੱਕਰੀ ਨਹੀਂ ਪਾਲ਼ਦੇ।
ਹੁੰਦੇ ਨਹੀਂ ਸ਼ਿਕਾਰੀ ਕੁੱਤੇ ਹਿਰਨਾਂ ਦੇ ਨਾਲ ਦੇ।

ਹਿੰਮਤਾਂ ਦੇ ਅੱਗੇ ਤਾਂ ਮੁਸੀਬਤਾਂ ਵੀ ਕੱਖ ਨਾ,
ਕੰਮ-ਚੋਰ ਰਹਿੰਦੇ ਨੇ ਬਹਾਨੇ ਸਦਾ ਭਾਲ਼ਦੇ।

ਮੱਤੋਂ ਹੌਲੇ ਬੰਦੇ ਸਦਾ ਦੂਸਰੇ ਨੂੰ ਡੇਗਦੇ,
ਇੱਜ਼ਤਾਂ ਦੇ ਭਾਈਵਾਲ ਪੱਗ ਨਹੀਂ ਉਛਾਲ਼ਦੇ।

ਆ ਜਾ ਨੀ ਚੁਣੌਤੀਏ, ਤੂੰ ਦੂਰ ਕਾਹਨੂੰ ਖੜ੍ਹੀ ਏਂ,
ਸਮਿਆਂ ਦੇ ਹਾਣੀ ਕਦੇ ਹੋਣੀਆਂ ਨਹੀਂ ਟਾਲ਼ਦੇ।

ਹੰਸਾਂ ਤੇ ਕਾਵਾਂ ਦੇ ਨੇ ਅੱਡੋ ਅੱਡ ਆਲ੍ਹਣੇ,
ਭਾਵੇਂ ਨੇ ਨਿਵਾਸੀ ਦੋਵੇਂ ਇੱਕੋ ਜਹੀ ਡਾਲ਼ ਦੇ।

ਬਿਰਖਾਂ ਵਟਾਏ ਵੇਸ, ਮੌਸਮਾਂ ਤੋਂ ਸਹਿਮ ਕੇ,
ਵੱਖ ਦਰਵੇਸ਼ਾਂ ਬਾਣੇ, ਹਾੜ੍ਹ ਤੇ ਸਿਆਲ਼ ਦੇ।

ਬਿੱਲੀ ਨੇ ਪੜ੍ਹਾਇਆ ਸ਼ੇਰ, ਓਸੇ ਨੇ ਦਬੋਚਿਆ,
ਬਣਦੇ ਸ਼ਿਕਾਰੀ ਕੈਦੀ, ਆਪਣੇ ਹੀ ਜਾਲ਼ ਦੇ।

1

## ੦
## ਮੈਂ ਉਹ ਬਿਰਖ਼ ਕਿਤੇ ਨਹੀਂ ਡਿੱਠਾ

ਮੈਂ ਉਹ ਬਿਰਖ਼ ਕਿਤੇ ਨਹੀਂ ਡਿੱਠਾ, ਜਿਸ ਦੀਆਂ ਹੋਣ ਨਾ ਛਾਵਾਂ ਹੂ।
ਮੋਹ ਮਮਤਾ ਦਾ ਉਸ ਘਰ ਮਰੂਆ, ਜਿਸ ਘਰ ਦਾਦੀਆਂ ਮਾਵਾਂ ਹੂ।

ਮਾਂ ਤੇ ਧੀ ਦੀ ਸਾਂਝੀ ਬੁੱਕਲ, ਦਿਲ ਤੇ ਧੜਕਣ ਇੱਕੋ ਹੀ,
ਮਨ ਅੰਦਰ ਦੀ ਪੀੜ ਨਿਵਾਰਨ ਕਰਦੀਆਂ ਦੂਰ ਬਲਾਵਾਂ ਹੂ।

ਧਰਤ-ਹਨ੍ਹੇਰੀ, ਅੰਬਰ-ਕਾਲਾ, ਪੌਣਾਂ ਪਾਗ਼ਲ ਹੋਈਆਂ ਨੇ,
ਸ਼ੁਕਰ ਖ਼ੁਦਾਇਆ, ਜੁਗਨੂੰ ਜਗਦਾ, ਚਾਨਣ ਦਾ ਸਿਰਨਾਵਾਂ ਹੂ।

ਮੈਂ ਸਤਰੰਗੀਆਂ ਪੀਂਘਾਂ ਝੂਟਾਂ, ਤੋੜਾਂ ਤਾਰੇ ਅੰਬਰ ਤੋਂ,
ਰੀਝਾਂ ਦੀ ਲੱਜ ਅਰਸ਼ਾਂ ਉੱਤੇ ਕਿਸ ਟਾਹਣੀ ਤੇ ਪਾਵਾਂ ਹੂ।

ਮੇਰੀ ਮੁੱਠੀ ਵਿੱਚੋਂ ਕਿਰ ਗਏ, ਪੰਜ ਦਰਿਆ ਦੇ ਮੋਤੀ ਵੀ,
ਰਾਹ ਕੰਡਿਆਲੀਆਂ ਤਾਰਾਂ ਘੇਰਨ ਜਿੱਧਰ ਨੂੰ ਵੀ ਜਾਵਾਂ ਹੂ।

ਕਠਪੁਤਲੀ ਦੇ ਵਾਂਗ ਤਮਾਸ਼ਾ, ਤੱਕਦੇ ਤੱਕਦੇ ਥੱਕ ਗਏ ਹਾਂ,
ਸਮਝ ਨਾ ਆਵੇ ਪਿੱਛੇ ਬੈਠਾ, ਖਿੱਚਦਾ ਕੌਣ ਤਣਾਵਾਂ ਹੂ।

ਟੋਡੀ ਬੱਚੇ ਇਨਕਲਾਬ ਨੂੰ ਅਫ਼ਰਾ ਤਫ਼ਰੀ ਆਖ ਰਹੇ,
ਮੁਕਤ ਕਰਾਉਣੀਆਂ ਇਨ੍ਹਾਂ ਤੋਂ ਹੀ, ਰੀਝਾਂ, ਧੁੱਪਾਂ, ਛਾਵਾਂ ਹੂ।

1

## ੦
## ਪੌਣਾਂ ਹੱਥ ਸੁਨੇਹਾ ਘੱਲਿਆ

ਪੌਣਾਂ ਹੱਥ ਸੁਨੇਹਾ ਘੱਲਿਆ, ਇਸ ਨੂੰ ਖ਼ੁਦ ਪਰਵਾਨ ਕਰੋ ਜੀ।
ਏਨੀ ਡੂੰਘੀ ਚੁੱਪ ਧਾਰੀ ਹੈ, ਕੁਝ ਤਾਂ ਮੇਰੀ ਜਾਨ ਕਰੋ ਜੀ।

ਦਸਤਕ ਦੇ ਦੇ ਹਾਰ ਗਿਆ ਹਾਂ, ਬੂਹਾ ਬੰਦ ਹੈ ਖੁੱਲ੍ਹਿਆ ਨਹੀਂ ਜੇ,
ਆਖ ਦਿਓ, ਤੂੰ ਵਾਪਸ ਮੁੜ ਜਾ, ਏਨਾ ਤਾਂ ਅਹਿਸਾਨ ਕਰੋ ਜੀ।

ਕਿੱਥੇ ਲਿਖਿਐ, ਕਿਰਸ ਕੰਜੂਸੀ ਏਦਾਂ ਮੇਰੇ ਨਾਲ ਕਰਨ ਲਈ,
ਨਜ਼ਰ ਮਿਹਰ ਦੀ ਪਾ ਕੇ ਝੋਲੀ, ਕੁਝ ਪਲ ਤਾਂ ਧਨਵਾਨ ਕਰੋ ਜੀ।

ਜਾਨ ਕੁੜਿੱਕੀ ਦੇ ਵਿੱਚ ਫਾਥੀ, ਨਾ ਏਧਰ ਨਾ ਓਧਰ ਹਾਂ ਮੈਂ,
ਆਖ ਅਲਵਿਦਾ ਕਹਿ ਕੇ ਮੇਰਾ ਪਰਤਣ ਜ਼ਰਾ ਆਸਾਨ ਕਰੋ ਜੀ।

ਸੁਰ-ਸ਼ਹਿਜ਼ਾਦੀ ਰੂਪਵੰਤ ਦੇ ਹੋਠ ਉਡੀਕਣ ਸ਼ਬਦ ਸੁਰੀਲੇ,
ਇਹ ਪਲ ਮਹਿੰਗੇ, ਮੁੜ ਨਹੀਂ ਮਿਲਣੇ ਨਾ ਏਡਾ ਨੁਕਸਾਨ ਕਰੋ ਜੀ।

ਪੂਰਨਮਾਸ਼ੀ ਦਾ ਚੰਨ ਸੋਹਣਾ, ਰਿਸ਼ਮਾਂ ਕੱਤ ਅਟੇਰ ਰਿਹਾ ਹੈ,
ਨੀਂਦਰ ਪਿੱਛੇ ਮਹਿੰਗੀ ਦੌਲਤ, ਏਦਾਂ ਨਾ ਕੁਰਬਾਨ ਕਰੋ ਜੀ।

ਸੁਹਜ, ਲਿਆਕਤ, ਦਿਲ ਦੀ ਦੌਲਤ, ਵਧ ਜਾਵੇ ਜੇ ਵੰਡ ਦਿਉ ਤਾਂ,
ਦਰ ਤੇ ਆਏ ਖੜ੍ਹੇ ਸਵਾਲੀ, ਮੁੱਠੀਆਂ ਭਰ ਭਰ ਦਾਨ ਕਰੋ ਜੀ।

1

੦

## ਇਸ ਧਰਤੀ ਤੇ ਦੱਸੋ ਕਿਹੜੈ

ਇਸ ਧਰਤੀ ਤੇ ਦੱਸੋ ਕਿਹੜੈ, ਹੈ ਨਹੀਂ ਜੋ ਕਿਰਸਾਨ ਦੇ ਦੁਸ਼ਮਣ।
ਏਸ ਨਸਲ ਦੇ ਸਭ ਜੀਅ ਹੁੰਦੇ ਅਸਲ 'ਚ ਤਾਂ ਇਨਸਾਨ ਦੇ ਦੁਸ਼ਮਣ।

ਖੇਤਾਂ ਅੰਦਰ ਫ਼ਸਲ ਬੀਜਦਾ, ਭਰਮ ਭੰਡਾਰੀ ਹੋਣ ਦਾ ਪਾਲ਼ੇ,
ਭੇਦ ਭਾਵ ਬਿਨ ਕੁੱਲ ਦੁਨੀਆਂ ਦੇ ਕਿਉਂ ਲੋਕੀਂ ਭਗਵਾਨ ਦੇ ਦੁਸ਼ਮਣ।

ਇਹ ਵੱਖਰੀ ਸਰਹੱਦ ਤੇ ਰਾਖਾ, ਅੰਨ ਮੁਹਾਜ਼ ਦਾ ਸਿੰਘ ਸੂਰਮਾ,
ਕਿਉਂ ਲੁੱਟਦੇ ਨੇ ਮੰਡੀਆਂ ਅੰਦਰ, ਕਿਰਤੀ ਨੂੰ ਸ੍ਵੈਮਾਨ ਦੇ ਦੁਸ਼ਮਣ।

ਦੇਸ਼ ਪ੍ਰੇਮ ਪਿਆਲਾ ਪੀਂਦਾ, ਅਣਖ਼ ਆਬਰੂ ਖ਼ਾਤਰ ਜੀਂਦਾ,
ਚਤੁਰ ਚਲਾਕ ਕੁਰਸੀਏਂ ਬੈਠੇ, ਕਿਉਂ ਜਾਂਬਾਜ਼ ਜਵਾਨ ਦੇ ਦੁਸ਼ਮਣ।

ਪਹਿਲਾਂ ਸਿਰਫ਼ ਜ਼ਮੀਨ ਸੀ ਗਿਰਵੀ, ਹੁਣ ਸ਼ਾਹ ਮੰਗਦੇ ਫ਼ਰਦ ਜ਼ਮੀਰਾਂ,
ਤੰਗੀਆਂ, ਤੋੜੇ ਬਣ ਚੱਲੇ ਨੇ, ਵੀਰ ਮੇਰੇ ਦੀ ਜਾਨ ਦੇ ਦੁਸ਼ਮਣ।

ਇਸ ਦਾ ਵੀ ਦਿਲ ਕਰਦੈ ਬੱਚੇ ਪੜ੍ਹਨ ਸਕੂਲੀਂ, ਕਰਨ ਡਿਗਰੀਆਂ,
ਇਸ ਨੂੰ ਆਖਣ ਫ਼ੈਲਸੂਫ਼ੀਆਂ, ਜੋ ਇਸ ਦੇ ਸਨਮਾਨ ਦੇ ਦੁਸ਼ਮਣ।

ਹੱਕ ਮੰਗਦੇ ਨੂੰ ਲਾਠੀ ਗੋਲੀ, ਨੀਲਾ ਅੰਬਰ, ਧਰਤ ਗਵਾਹ ਹੈ,
ਕਿਉਂ ਨਾ ਜਾਨਣ ਇਸ ਦੀ ਹਸਤੀ, ਆਦਮ ਦੀ ਸੰਤਾਨ ਦੇ ਦੁਸ਼ਮਣ।

1

੦

## ਵਤਨ ਅਸਾਡਾ ਚੋਰਾਂਵਾਲੀ

ਵਤਨ ਅਸਾਡਾ ਚੋਰਾਂਵਾਲੀ, ਜਿੱਥੇ ਧਰਮ ਈਮਾਨ ਤੋਂ ਚੋਰੀ।
ਧਰਮਸਾਲ ਵਿੱਚ ਵਿਕਦਾ ਹਰ ਦਿਨ ਕਿੰਨਾ ਕੁਝ ਭਗਵਾਨ ਤੋਂ ਚੋਰੀ।

ਵੇਖਣ ਨੂੰ ਦਰਵਾਜ਼ੇ ਪਹਿਰਾ, ਕੁੰਡੇ ਜੰਦਰੇ ਥਾਂ ਥਾਂ ਲਮਕਣ,
ਚੈਨ ਗੁਆਚਾ, ਰੂਹ ਕੁਰਲਾਵੇ, ਹੋਵੇ ਸਭ ਦਰਬਾਨ ਤੋਂ ਚੋਰੀ।

ਸ਼ਬਦ ਗੁਆਚਾ, ਕਰਮ ਗੁਆਚਾ, ਰਹਿੰਦੀ ਖਹਿੰਦੀ ਸ਼ਰਮ ਗੁਆਚੀ,
ਰੱਬਾ! ਤੇਰੀ ਅੱਖ ਦੇ ਸਾਹਵੇਂ ਹੋ ਗਈ ਧਰਮ ਸਥਾਨ ਤੋਂ ਚੋਰੀ।

ਗੁੱਡੀਆਂ ਅਤੇ ਪਟੋਲਿਆਂ ਉਮਰੇ, ਇੱਕ ਬੱਚੜੀ ਹੈ ਬੁੱਚੜਾਂ ਕੋਹੀ,
ਕਹਿਰ ਕੁਫ਼ਰ ਨੇ ਤਾਂਡਵ ਕੀਤਾ, ਮਿੱਟੀ ਦੇ ਭਗਵਾਨ ਤੋਂ ਚੋਰੀ।

ਤਖ਼ਤ ਸਲਾਮਤ ਤਾਜ ਸਿਰਾਂ ਤੇ, ਅਦਲੀ ਰਾਜਾ, ਰਾਜ ਗੁਆਚਾ,
ਐਦਾਂ ਤਾਂ ਇਹ ਹੋ ਨਹੀਂ ਸਕਦਾ, ਹੋਵੇ ਸਭ ਸੁਲਤਾਨ ਤੋਂ ਚੋਰੀ।

ਤੇਰੇ ਹੱਥ ਤਲਵਾਰ ਕਿਉਂ ਹੈ, ਕਿਰਪਾ ਦੀ ਕਿਰਪਾਨ ਦੀ ਥਾਂਵੇਂ,
ਲੋਹੇ ਨੇ ਕਿਉਂ ਅੱਖ ਬਦਲੀ ਹੈ, ਹੱਥ ਵਿੱਚ ਫੜੀ ਮਿਆਨ ਤੋਂ ਚੋਰੀ।

ਹੁਣ ਤਾਂ ਸਾਡਾ ਬਾਪ ਰੁਪਈਆ, ਹੈ ਬਦ ਨੀਤੀ ਜਣਨੀ-ਮੱਈਆ,
ਭਰਮ ਨਗਰ ਦੇ ਵਾਸੀ ਹਾਂ ਸਭ ਵੇਦ ਕਤੇਬ ਕੁਰਾਨ ਤੋਂ ਚੋਰੀ।

1

## ਤੁਰ ਰਿਹਾ ਹੈ ਵਕਤ ਸਹਿਜੇ

ਤੁਰ ਰਿਹਾ ਹੈ ਵਕਤ ਸਹਿਜੇ, ਸਿਰਫ਼ ਇੱਕੋ ਚਾਲ ਨਾਲ।
ਤੂੰ ਭਲਾ ਨੱਚੇ ਪਿਆ ਕਿਉਂ, ਗ਼ਰਜ਼ ਬੱਧੀ ਤਾਲ ਨਾਲ।

ਬੈਠ ਜਾਣਾ ਮੌਤ ਵਰਗਾ, ਸਬਕ ਤੇਰਾ ਯਾਦ ਹੈ ਮਾਂ,
ਤੁਰ ਰਿਹਾਂ ਹਾਂ ਮੈਂ ਨਿਰੰਤਰ ਦਰਦ ਵਿੰਨ੍ਹੇ ਹਾਲ ਨਾਲ।

ਤੂੰ ਮੇਰੀ ਉਂਗਲ ਨਾ ਛੱਡੀਂ, ਨੀ ਉਮੀਦੇ ਯਾਦ ਰੱਖ,
ਤਪਦੇ ਥਲ ਵਿੱਚ, ਸੂਰਜੇ ਸੰਗ ਮੈਂ ਤੁਰਾਂਗਾ ਨਾਲ ਨਾਲ।

ਸਮਝਿਆ ਕਰ ਤੂੰ ਪਰਿੰਦੇ, ਇਹ ਸ਼ਿਕਾਰੀ ਬਹੁਤ ਤੇਜ਼,
ਪਿੰਜਰੇ ਵਿੱਚ ਪਾਉਣ ਖਾਤਰ, ਚੋਗ ਪਾਉਂਦੇ ਚਾਲ ਨਾਲ।

ਤੀਰ ਤੇ ਤਲਵਾਰ ਮੈਨੂੰ ਮਾਰ, ਤੇਰਾ ਕਰਮ ਹੈ ਇਹ,
ਮੈਂ ਤੇਰਾ ਹਰ ਵਾਰ ਮੋੜੂੰ, ਸਿਦਕ ਵਾਲੀ ਢਾਲ਼ ਨਾਲ।

ਕਾਹਲਿਆ ਨਾ ਕਾਹਲ ਕਰ ਤੂੰ, ਸਹਿਜ ਨੂੰ ਸਾਹੀਂ ਪਰੋ ਲੈ,
ਧਰਤ ਨੂੰ ਮਿਣਿਆ ਕਿਸੇ ਨਾ ਅੱਜ ਤੀਕਰ ਛਾਲ ਨਾਲ।

ਮਾਛੀਆਂ ਦੀ ਚਾਲ ਵੇਖੀਂ, ਮਗਰਮੱਛ ਨੇ ਬੇਲਗਾਮ,
ਨਿੱਕੀਆਂ ਮੱਛੀਆਂ ਨੂੰ ਘੇਰਨ, ਪੂੰਗ ਫੜਦੇ ਜਾਲ ਨਾਲ।

1

## ਕਹਿ ਦਿੰਦਾਂ, ਪਰ ਵਰਤਾਂ ਨਾ ਮੈਂ

ਕਹਿ ਦਿੰਦਾਂ, ਪਰ ਵਰਤਾਂ ਨਾ ਮੈਂ, ਸ਼ਬਦ ਕਦੇ ਹਥਿਆਰ ਦੇ ਵਾਂਗ।
ਤਾਂਹੀਉਂ ਹੀ ਇਹ ਦਿਸਦੇ ਨਹੀਂਉਂ ਸਿਰ ਬੱਧੀ ਦਸਤਾਰ ਦੇ ਵਾਂਗ।

ਜ਼ਿੰਦਗੀ ਦੀ ਰਣਭੂਮੀ 'ਚੋਂ ਮੈਂ, ਖਿਸਕ ਪਿਛਾਂਹ ਨੂੰ ਮੁੜਦਾ ਹਾਂ,
ਸ਼ਰਮ ਕਰਾਂ ਨਾ ਤੁਰਦਾਂ ਜਦ ਮੈਂ, ਫਿਰ ਯੋਧੇ ਬਲਕਾਰ ਦੇ ਵਾਂਗ।

ਧਰਮ ਧਰਾਤਲ ਛੱਡ ਕੇ ਤੁਰਦੇ, ਸੰਗਮਰਮਰੀ ਫ਼ਰਸ਼ਾਂ ਉੱਤੇ,
ਬੋਲਣ ਬੋਲ ਕੁਬੋਲ ਚੌਧਰੀ, ਜੀਭਾ ਤੇਜ਼ ਕਟਾਰ ਦੇ ਵਾਂਗ।

ਨੀਤੀਵਾਨ ਬਦਲ ਕੇ ਨੀਤੀ, ਬਦਨੀਤੀ ਤੇ ਆ ਗਏ ਨੇ,
ਧੜਾ ਪਿਆਰਾ ਧਰਮ ਦੇ ਨਾਲੋਂ, ਕਲਯੁਗ ਦੇ ਅਵਤਾਰ ਦੇ ਵਾਂਗ।

ਹਰਫ਼ ਟਿਕਾਊ, ਬਣੇ ਵਿਕਾਊ, ਪੈਰੀਂ ਝਾਂਜਰ ਪਾ ਬੈਠੇ,
ਰਾਗ ਸਦਾ ਦਰਬਾਰੀ ਗਾਉਂਦੇ, ਚੋਗਾ ਚੁਗਦੀ ਡਾਰ ਦੇ ਵਾਂਗ।

ਧੂੰਆਂਧਾਰ ਮਾਹੌਲ ਵਿਸ਼ੈਲਾ, ਦਮ ਘੁਟਦਾ, ਸਾਹ ਫੁੱਲਦਾ ਹੈ,
ਮੁੱਖ ਸਫ਼ਿਆਂ ਤੇ ਜ਼ਹਿਰੀ ਖ਼ਬਰਾਂ, ਰੋਜ਼ਾਨਾ ਅਖ਼ਬਾਰ ਦੇ ਵਾਂਗ।

ਜਦ ਵੀ ਸਫ਼ਰ ਕਰਾਂ ਮੈਂ ਸੋਚਾਂ, ਸੋਚ ਸੋਚ ਕੇ ਬਹਿ ਜਾਵਾਂ,
ਕਿੱਥੇ ਕਦਮ ਟਿਕਾਵਾਂ, ਸਭ ਰਾਹ, ਤੇਜ਼ ਧਾਰ ਤਲਵਾਰ ਦੇ ਵਾਂਗ।

1

## ਵਿਹੜੇ ਦੇ ਵਿੱਚ ਰੁੱਖੜਾ

ਵਿਹੜੇ ਦੇ ਵਿੱਚ ਰੁੱਖੜਾ ਲਾ ਲਈਂ ਚਾਵਾਂ ਲਈ।
ਖ਼ੁਦਗ਼ਰਜ਼ਾ ਨਾ ਬੀਜ ਇਕੱਲੀਆਂ ਛਾਵਾਂ ਲਈ।

ਚਿੜੀਆਂ ਬੰਨ੍ਹ ਕਤਾਰਾਂ ਅੰਬਰੀਂ ਉੱਡ ਰਹੀਆਂ,
ਰੌਣਕ ਮੇਲਾ ਲਾਜ਼ਮ ਬਹੁਤ ਹਵਾਵਾਂ ਲਈ।

ਟਾਹਣੀ ਉੱਤੇ ਨੱਚਦੇ ਪੱਤਰ ਮਾਣਿਆ ਕਰ,
ਸਿਰਫ਼ ਹਵਾ ਨਹੀਂ ਦੇਂਦੇ ਕੇਵਲ ਸਾਹਵਾਂ ਲਈ।

ਸ਼ਹਿਰੀ ਹੋਇਉਂ ਆਲ੍ਹਣਿਆਂ ਨੂੰ ਤੋੜੇਂ ਤੂੰ,
ਇਸ ਨੂੰ ਢਾਹੁਣਾ ਪਾਪ ਹੈ, ਪਿੰਡਾਂ ਥਾਵਾਂ ਲਈ।

ਜਦ ਬਿਜਲੀ ਤੁਰ ਜਾਵੇ, ਜਿੰਦ ਤੇ ਬਣ ਜਾਵੇ,
ਛਤਰੀ ਬਣਦੇ ਬਿਰਖ਼ ਨੇ ਪੱਖੀਆਂ, ਮਾਵਾਂ ਲਈ।

ਇਸ ਦੇ ਟਾਹਣ ਸਲਾਮਤ ਰੱਖੀਂ ਅਜ਼ਲਾਂ ਤੀਕ,
ਭੈਣ ਮੇਰੀ ਦੀ ਪੀਂਘ ਤੇ ਸੁੱਚੜੇ ਚਾਵਾਂ ਲਈ।

ਹਰ ਬੂਟੇ ਨੂੰ ਪਾਣੀ ਪਾਉ ਰਿਸ਼ਤਿਆਂ ਵਾਂਗ,
ਇਹ ਵੀ ਸਬਕ ਜ਼ਰੂਰੀ, ਭੈਣ ਭਰਾਵਾਂ ਲਈ।

1

## ਰਾਜਿਆਂ ਨੂੰ ਯਾਦ

ਰਾਜਿਆਂ ਨੂੰ ਯਾਦ ਨਾ ਜੋ ਕੌਲ ਇਕਰਾਰ ਹੈ।
ਸਾਡੀ ਅਲਗ਼ਰਜ਼ੀ ਹੀ ਬਹੁਤੀ ਜ਼ਿੰਮੇਵਾਰ ਹੈ।

ਅੰਬੀਆਂ ਨੂੰ ਟੁੱਕ ਟੁੱਕ ਬਾਗਾਂ ਨੂੰ ਉਜਾੜਦੇ,
ਇੱਕ ਨਾ ਇਕੱਲਾ, ਇਹ ਤਾਂ ਤੋਤਿਆਂ ਦੀ ਡਾਰ ਹੈ।

ਕਾਵਾਂ ਨੇ ਸੀ ਖੋਹੇ ਸਾਥੋਂ ਜ਼ੋਰ ਨਾਲ ਆਲ੍ਹਣੇ,
ਘੁੱਗੀਆਂ ਵਿਚਾਰੀਆਂ ਨੂੰ ਏਨੀ ਕਿੱਥੇ ਸਾਰ ਹੈ।

ਜਾਲ਼ ਵਿੱਚ ਉੱਡਣਾ ਪਰਿੰਦਾ ਫਾਥਾ ਵੇਖ ਲਉ,
ਚੋਗ ਵਾਲੇ ਲੋਭ ਪਿੱਛੇ ਹੋ ਗਿਆ ਸ਼ਿਕਾਰ ਹੈ।

ਤਲੀਆਂ ਤੇ ਸੀਸ ਵਾਲੀ ਫ਼ੀਸ ਔਖੀ ਤਾਰਨੀ,
ਮਾਰਿਆ ਦੋਚਿੱਤੀ, ਸਿਰ ਗੱਡੇ ਜਿੰਨਾ ਭਾਰ ਹੈ।

ਵੱਖ ਵੱਖ ਆਲ੍ਹਣੇ ਤੇ ਅੱਡ ਨੇ ਉਡਾਰੀਆਂ,
ਕਾਫ਼ਲਾ ਹੀ ਅੰਦਰੋਂ ਤੇ ਫੁੱਟ ਦਾ ਸ਼ਿਕਾਰ ਹੈ।

ਕਿਹੜਾ ਵੈਰੀ ਦੇ ਗਿਆ, ਖਿਡੌਣਾ ਇਹ ਮਾਸੂਮ ਨੂੰ,
ਬੱਚਿਆ ਨਾ ਖੇਡੀਂ, ਇਹ ਤਾਂ ਅੱਗ ਦਾ ਅਨਾਰ ਹੈ।

1

## ਨਾ ਮਤਲਾ ਨਾ ਮਕਤਾਅ

ਨਾ ਮਤਲਾ ਨਾ ਮਕਤਾਅ ਇਹ ਤਾਂ ਦਰਦ ਕਹਾਣੀ ਰਾਤ ਦੀ।
ਤਰਲ ਵਾਰਤਾ ਇਹ ਤਾਂ ਦਿਲ ਦੇ ਅੰਦਰਲੇ ਜਜ਼ਬਾਤ ਦੀ।

ਹੋਰ ਕਿਸੇ ਨੂੰ ਕੀ ਸਮਝਾਵਾਂ, ਮੈਂ ਤੇ ਆਪ ਗਵਾਚਾ ਹਾਂ,
ਸਮਝ ਅਜੇ ਨਾ ਆਈ ਮੈਨੂੰ ਹਾਲੇ ਆਪਣੀ ਜ਼ਾਤ ਦੀ।

ਰੋਟੀ ਨੂੰ ਕਾਂ ਝਪਟਾ ਮਾਰੂ, ਖੋਹ ਲੈ ਜਾਊ ਬਾਲਾਂ ਤੋਂ,
ਨੀਅਤ ਖੋਟੀ ਸਮਝ ਗਿਆਂ ਮੈਂ, ਕਾਲ਼ੇ ਮੂੰਹ ਬਦਜ਼ਾਤ ਦੀ।

ਸੋਚ ਸਮਝ ਕੇ ਚਾਤਰ ਲੋਕਾਂ, ਤਾਣੀ ਇਹ ਉਲਝਾਈ ਹੈ,
ਕੋਸ਼ਿਸ਼ ਕਰ ਸੁਲਝਾਉਣੀ ਚਾਹੁੰਨਾਂ ਗੁੰਝਲ ਇਹ ਹਾਲਾਤ ਦੀ।

ਝਿਊਰੀ ਦੇ ਹੱਥਾਂ 'ਚੋਂ ਭਾਂਡੇ ਮਾਂਜਦਿਆਂ ਜੋ ਛਿੜਦੀ ਹੈ,
ਸਰਗਮ ਇਹ ਤਾਂ ਉਹਦੇ ਘਰ ਦੇ ਸੱਖਣੇ ਤਵੇ ਪਰਾਤ ਦੀ।

ਜ਼ਹਿਰ ਪਿਆਉਂਦੇ ਰਾਜ ਘਰਾਣੇ, ਪਤਾ ਨਹੀਂ ਹੁਣ ਕਿੱਥੇ ਨੇ,
ਨਸਲ ਅਜੇ ਵੀ ਬੜ੍ਹਕਾਂ ਮਾਰੇ, ਵਿਸ਼ ਪੀਂਦੇ ਸੁਕਰਾਤ ਦੀ।

ਚਾਰ ਚੁਫ਼ੇਰਿਉਂ ਘਿਰਿਆ ਬੰਦਾ, ਫਾਹ ਲੈ ਕੇ ਕਿਉਂ ਮਰਦਾ ਹੈ,
ਪੈੜ ਪਛਾਣੋਂ ਕਿੱਧਰ ਜਾਂਦੀ, ਉਸ ਦੇ ਆਤਮਘਾਤ ਦੀ।

## ਕੱਚਿਆਂ ਘਰਾਂ ਦੇ ਬੂਹੇ

ਕੱਚਿਆਂ ਘਰਾਂ ਦੇ ਬੂਹੇ ਕੰਧਾਂ ਨੂੰ ਸੰਭਾਲ਼ੀਏ।
ਵੱਡੇ ਨੇ ਸਵਾਲ ਐਵੇਂ ਹੱਸ ਕੇ ਨਾ ਟਾਲ਼ੀਏ।

ਸਾਗਰਾਂ ਦੀ ਹਿੱਕ ਥੱਲੇ ਸਾਡਾ ਹੀ ਸਮਾਨ ਹੈ,
ਚਲੋ ਜੀ ਮਧਾਣੀ ਫੜ ਏਸ ਨੂੰ ਖੰਘਾਲ਼ੀਏ।

ਫਿਰਦੇ ਨੇ ਚੋਰ ਤੇ ਲੁਟੇਰੇ ਸ਼ਰ੍ਹੇਆਮ ਹੁਣ,
ਆਪਣੇ ਬਨੇਰਿਆਂ ਤੇ ਆਪ ਦੀਵੇ ਬਾਲ਼ੀਏ।

ਕਾਹਦਾ ਉਹ ਈਮਾਨ ਜੋ ਬਾਜ਼ਾਰ ਵਿੱਚ ਬਹਿ ਗਿਆ,
ਚੋਰ ਅਤੇ ਸਾਧ ਏਥੇ ਬਣੇ ਭਾਈਵਾਲ਼ੀਏ।

ਤੇਰਾ ਇਨਸਾਫ਼ ਕਹਿੰਦੇ ਖੰਭ ਲਾ ਕੇ ਉੱਡਿਆ,
ਫ਼ੈਸਲੇ ਸੁਣਾਵੇਂ ਕੈਸੇ ਦਿਲਾਂ ਦੀਏ ਕਾਲ਼ੀਏ।

ਹੱਦਾਂ ਸਰਹੱਦਾਂ ਦੇ ਉਰਾਰ ਪਾਰ ਮੌਤ ਹੈ,
ਜ਼ਿੰਦਗੀ ਦੇ ਰਾਖੇ ਹੋ ਗਏ ਅਕਲੋਂ ਦੀਵਾਲ਼ੀਏ।

ਪੈ ਗਿਆ ਫੁਟਾਰਾ ਰਾਗੀ ਗਾਉਂਦੇ ਨੇ ਬਸੰਤ ਰਾਗ,
ਫੁੱਟ ਪਉ ਨੀ ਤੂੰ ਵੀ ਹੁਣ ਆਸ ਦੀਏ ਡਾਲ਼ੀਏ।

o

## ਨਾ ਘਬਰਾਵੀਂ ਜੀਣ ਜੋਗਿਆ

ਨਾ ਘਬਰਾਵੀਂ ਜੀਣ ਜੋਗਿਆ, ਅੱਜ ਮਗਰੋਂ ਹੀ ਕੱਲ੍ਹ ਹੁੰਦਾ ਹੈ।
ਢੇਰੀ ਢਾਹ ਕੇ ਬਹਿ ਨਾ ਜਾਵੀਂ, ਹਰ ਮੁਸ਼ਕਿਲ ਦਾ ਹੱਲ ਹੁੰਦਾ ਹੈ।

ਚਾਰ ਚੁਫ਼ੇਰ ਘੁੰਮਰੀਆਂ ਪਾਉਂਦਾ ਦਰਦ-ਪਰਿੰਦਾ ਬਹਿਣ ਨਾ ਦੇਵੀਂ,
ਮਨ ਦੀ ਟਾਹਣੀ ਪੱਕਾ ਰਹਿ ਕੇ ਏਹੀ ਬਣਦਾ ਸੱਲ ਹੁੰਦਾ ਹੈ।

ਤੂੰ ਤਕਰਾਰੋਂ ਸਿੱਧ ਮ ਸਿੱਧਾ ਪਹੁੰਚ ਗਿਐਂ ਹਥਿਆਰਾਂ ਤੀਕਰ,
ਗੁੱਸਾ ਤਾਂ ਚੰਡਾਲ ਭਰਾਵਾ, ਗੱਲ ਦਾ ਉੱਤਰ ਗੱਲ ਹੁੰਦਾ ਹੈ।

ਹਰ ਵੇਲੇ ਬਰਸਾਤ ਅਗਨ ਦੀ, ਬੋਲ ਤੇਜ਼ਾਬੀ ਮੂੰਹ 'ਚੋਂ ਕੱਢੇਂ,
ਸੁਖ਼ਨ-ਸੁਨੇਹੜਾ ਭੇਜ ਭੈੜਿਆ, ਜੇ ਤੇਰੇ ਤੋਂ ਘੱਲ ਹੁੰਦਾ ਹੈ।

ਵਣ ਵਿੱਚ 'ਕੱਲ੍ਹਾ ਰੁੱਖ ਕਿਉਂ ਹੋਵੇ, ਹਮਸਾਇਆ ਹੈ ਮਾਂ ਪਿਉ ਜਾਇਆ,
ਤੇਜ਼ ਹਨ੍ਹੇਰੀਆਂ ਵਾਲਾ ਝਟਕਾ, ਤੁਧ ਬਿਨ ਕਿੱਥੇ ਝੱਲ ਹੁੰਦਾ ਹੈ।

ਬੇਹਿੰਮਤਾਂ ਦੀ ਯਾਰੀ ਜ਼ਹਿਮਤ, ਰਹਿਮਤ ਸੰਗਤ ਹਿੰਮਤੀਆਂ ਦੀ,
ਬੇਵਿਸ਼ਵਾਸ ਨਿਸ਼ਾਨੇ ਤੋਂ ਬਿਨ ਚਾਰ ਕਦਮ ਨਾ ਚੱਲ ਹੁੰਦਾ ਹੈ।

ਦਰਦ-ਕਹਾਣੀ ਬਣ ਜਾਂਦੀ ਏ, 'ਕੱਠਿਆਂ ਹੋ ਕੇ ਹੜ੍ਹ ਦਾ ਪਾਣੀ,
ਸਬਰ, ਸਿਦਕ, ਸੰਤੋਖ ਬਿਨਾ ਇਹ 'ਕੱਲ੍ਹਿਆਂ ਕਿੱਥੇ ਠੱਲ੍ਹ ਹੁੰਦਾ ਹੈ।

1

o

## ਇੱਕ ਪੁੜ ਥੱਲੇ ਦੂਜਾ ਉੱਤੇ

ਇੱਕ ਪੁੜ ਥੱਲੇ ਦੂਜਾ ਉੱਤੇ, ਪੀਸ ਰਹੇ ਚੱਕੀ ਵਿੱਚ ਦਾਣੇ।
ਭੋਲ਼ੇ ਲੋਕ ਅਲਾਪ ਰਹੇ ਨੇ, ਸਭ ਕੁਝ ਰੱਬਾ ਤੇਰੇ ਭਾਣੇ।

ਸਾਡਾ ਆਟਾ ਸਾਨੂੰ ਵੰਡ ਕੇ, ਆਖੀ ਜਾਣ ਵਜਾਉ ਤਾੜੀ,
ਕਿੰਨੇ ਚਾਤਰ ਹੋ ਗਏ ਵੇਖੋ, ਕੁਰਸੀਧਾਰੀ ਜ਼ਰ-ਜਰਵਾਣੇ।

ਕਣਕ ਵੀ ਸਾਡੀ, ਹੱਥ ਵੀ ਸਾਡੇ, ਪੀਸਿਆ ਕੋਈ ਹੋਰ ਸਮੇਟੇ,
ਧਰਤੀ ਧਰਮ ਗੁਆਚ ਗਿਆ ਹੈ ਰਖਵਾਲਾ ਨਾ ਫ਼ਰਜ਼ ਪਛਾਣੇ।

ਚਿੜੀਆਂ ਮੌਤ ਗੰਵਾਰਾਂ ਹਾਸਾ, ਇਹ ਵਰਤਾਰਾ ਮੁੱਕਦਾ ਨਹੀਂਉਂ,
ਫਿਰਨ ਸ਼ਿਕਾਰੀ ਕੱਸ ਗੁਲੇਲਾਂ, ਧਰਮ ਨਗਰੀਉਂ, ਧੁਰ ਲੁਧਿਆਣੇ।

ਅੰਨ੍ਹਾ ਬੋਲ਼ਾ ਮਾਇਆਧਾਰੀ, ਸ਼ਸਤਰ ਧਾਰੀ ਤੇ ਅਧਿਕਾਰੀ,
ਕਿਹੜਾ ਦਰ ਖੜਕਾਈਏ ਦੱਸੋ, ਜਿਹੜਾ ਸਾਡਾ ਦਰਦ ਪਛਾਣੇ।

ਫਿਰ ਬੁੱਤਾਂ ਨੂੰ ਪੂਜ ਰਹੇ ਹਾਂ, ਮੁਕਤ ਕਰਾਇਆ ਜਿਸ ਤੋਂ ਗੁਰੂਆਂ,
ਕਿੱਧਰ ਘੇਰ ਲਿਆਏ ਸਾਨੂੰ ਧਰਮ ਦੇ ਨਾਂ ਤੇ ਮਾਨਸ-ਖਾਣੇ।

ਯੋਗੀ ਭੋਗੀ ਰਲ ਗਏ ਸਾਰੇ, ਵੇਚਣ ਰਲ ਕੇ ਵਤਨਪ੍ਰਸਤੀ,
ਸੌ ਫੁੱਲ ਖਿੜੇ ਕਿਆਰੀਉਂ ਪੁੱਟ ਕੇ, ਬੀਜ ਰਹੇ ਨੇ ਜੋਗੀਆ ਬਾਣੇ।

ਸਤਿਯੁਗ, ਦਵਾਪਰ, ਕਾਲ ਤਰੇਤਾ ਕਲਿਯੁਗ ਤੀਕਰ ਅੱਖੀਆਂ ਮੀਟੀ,
ਜੰਤ ਪਰਿੰਦੇ ਹੁਣ ਵੀ ਗਾਉਂਦੇ, ਉਹਦੀਆਂ ਦਾਤਾਂ ਓਹੀ ਜਾਣੇ।

ਭੇਡਾਂ ਮੁੰਨਣ ਵਾਲਿਆਂ ਦੀ ਵੀ, ਨਸਲ ਬਦਲ ਗਈ, ਇਹ ਕੀ ਹੋਇਆ,
ਉੱਨ ਉਤਾਰਨ ਵਾਲੇ ਰੱਜ ਗਏ, ਆਜੜੀਆਂ ਦੇ ਪਾਟੇ ਬਾਣੇ।

1

੦

## ਦਾਸ ਕਬੀਰ ਦੀ ਝੁੱਗੀ ਹੈ

ਦਾਸ ਕਬੀਰ ਦੀ ਝੁੱਗੀ ਹੈ ਕਿਉਂ ਗਲ ਕਟੀਅਨ ਦੇ ਪਾਸ ਅਜੇ ਵੀ।
ਛੇ ਸਦੀਆਂ ਦਾ ਪਹੀਆ ਘੁੰਮਿਆ ਬਦਲਣ ਦੀ ਨਾ ਆਸ ਅਜੇ ਵੀ।

ਏਕ ਨੂਰ ਤੇ ਸਭ ਜਗ ਉਪਜੇ, ਗਾਉਂਦੇ ਹਾਂ, ਪਰ ਮੰਨਦੇ ਨਹੀਂਉਂ,
ਲਿੱਸਿਆਂ ਨੂੰ ਤਾਂ ਲੈਣੇ ਪੈਂਦੇ, ਪੁੱਛ ਪੁੱਛ ਕੇ ਕਿਉਂ ਸਵਾਸ ਅਜੇ ਵੀ।

ਰਾਜਭਾਗ ਦੀ ਅਰਦਲ ਅੰਦਰ ਗੁਣਵੰਤੇ ਕਿਉਂ ਚੌਰ ਝੁਲਾਉਂਦੇ,
ਹਰ ਅਰਜ਼ੀ ਤੇ ਕਿਉਂ ਲਿਖਦੇ ਨੇ, ਆਗਿਆਕਾਰੀ ਦਾਸ ਅਜੇ ਵੀ।

ਬੰਧਨ ਮੁਕਤ ਬਣਾਇਆ ਸੀ ਤੂੰ, ਸੌ ਫੁੱਲਾਂ ਨੂੰ ਖਿੜਨ ਸਿਖਾਇਆ,
ਖ਼ੁਸ਼ਬੋਈਆਂ ਨੂੰ ਘਰ ਨਹੀਂ ਮਿਲਿਆ, ਭੋਗਦੀਆਂ ਬਨਵਾਸ ਅਜੇ ਵੀ।

ਮੇਰੇ ਅੰਦਰ ਕੁਝ ਨਹੀਂ ਮੇਰਾ, ਸਭ ਕੁਝ ਤੇਰਾ, ਫਿਰ ਕਿਉਂ ਹੋਵੇ,
ਤੇਰੀ ਨਜ਼ਰ ਸਵੱਲੀ ਅੰਦਰ, ਧਨਵੰਤਾ ਹੀ ਖ਼ਾਸ ਅਜੇ ਵੀ।

ਤਰਸ ਦਾ ਪਾਤਰ ਗਿਆਨਵੰਤੀਆ, ਲੁਕਦਾ ਫਿਰਦਾ ਚਾਨਣ ਕੋਲੋਂ,
ਕਾਲਖ਼ ਦੀ ਸਰਦਾਰੀ ਥੱਲੇ, ਤੜਫ਼ ਰਿਹਾ ਇਤਿਹਾਸ ਅਜੇ ਵੀ।

ਤਾਣਾ ਤਣਿਆ ਸ਼ਬਦ ਸੁਨਹਿਰੀ, ਜਿਸਦੀ ਖ਼ਾਤਰ ਦਾਸ ਕਬੀਰਾ,
ਕਰਮਭੂਮ ਵਿੱਚ ਫਿਰੇ ਗਵਾਚਾ, ਤੇਰਾ ਬਚਨ ਬਿਲਾਸ ਅਜੇ ਵੀ।

1

੦

## ਸਾਡੇ ਹੁੰਦੇ ਸੁੰਦਿਆਂ

ਸਾਡੇ ਹੁੰਦੇ ਸੁੰਦਿਆਂ ਪੰਜਾਬ ਗਿਆ ਠੱਗਿਆ।
ਠੱਗਿਆ ਵੀ ਏਦਾਂ ਸਾਨੂੰ ਪਤਾ ਵੀ ਨਾ ਲੱਗਿਆ।

ਥਾਲ਼ੀ ਵਿੱਚ ਰੋਟੀ ਸੀ, ਚਪਾਤੀ ਕਦੋਂ ਬਣ ਗਈ,
ਛੋਲਿਆਂ ਤੋਂ ਚਨੇ ਕਿੱਦਾਂ ਬਣੇ ਢੋਰਾ ਲੱਗਿਆ।

ਚੰਗੇ ਭਲੇ ਚੌਲ ਤੇਰੇ, ਚਾਵਲਾਂ 'ਚ ਰਲ਼ ਗਏ,
ਖਾਈ ਜਾਹ ਗੁਤਾਵਾ ਤੂੰ, ਪੰਜਾਬੀਆ ਓ ਢੱਗਿਆ।

ਤੈਨੂੰ ਵੀ ਬਣਾਉਣਗੇ ਇਹ ਹੋਰ ਦਾ ਹੀ ਹੋਰ ਕੁਝ,
ਵੈਰੀਆਂ ਦੀ ਅੱਖ ਹੁਣ ਤੇਰੇ ਉੱਤੇ ਝੱਗਿਆ।

ਤੇਰੇ ਜਹੇ ਮਸ਼ੀਨਾਂ 'ਚ ਹਜ਼ਾਰਾਂ ਸਾਜ਼ ਕੈਦ ਨੇ,
ਵੱਜੇਂਗਾ ਤੂੰ ਕਿੱਦਾਂ ਹੁਣ ਢੋਲ ਉੱਤੇ ਡੱਗਿਆ।

ਤੇਰੀਆਂ ਉਡਾਰੀਆਂ ਦੇ ਨਾਲ ਸਿੱਧਾ ਵੈਰ ਹੈ,
ਕੱਟ ਦੇ ਤੂੰ ਨਸ਼ਿਆਂ ਦਾ ਜਾਲ ਸ਼ੇਰ-ਬੱਗਿਆ।

ਵੇਖ ਲੈ ਸਰ੍ਹਾਲ* ਤੇਰੀ ਰੱਤ ਨੂੰ ਡਕਾਰਿਆ,
ਨੌਂ ਮਣ ਰੇਤ ਸੁੱਕੀ ਮੋਇਓਂ ਪੁੱਤ ਜੱਗਿਆ।

1

*ਰੱਤ ਪੀਣਾ ਗੀਂਘਣਹਾਰਾ ਜੀਵ

## ਬੜਾ ਹੀ ਵਰਜਿਆ ਖ਼ੁਦ ਨੂੰ

ਬੜਾ ਹੀ ਵਰਜਿਆ ਖ਼ੁਦ ਨੂੰ ਇਹ ਕਹਿਣੋਂ ਰਹਿ ਨਹੀਂ ਸਕਦਾ।
ਮੈਂ ਤੇਰੇ ਵਾਸਤੇ ਤਾਂ ਹੋਰ ਹੇਠਾਂ ਲਹਿ ਨਹੀਂ ਸਕਦਾ।

ਅਧੂਰੀ ਗੁਫ਼ਤਗੂ ਛੱਡ ਕੇ ਤੂੰ ਮੁੜ ਕੇ ਬਾਤ ਨਾ ਛੋਹੀ,
ਮੈਂ ਤੇਰੀ ਬੇਰੁਖ਼ੀ ਏਨੀ ਵੀ ਜਿੰਦੇ ਸਹਿ ਨਹੀਂ ਸਕਦਾ।

ਤੂੰ ਮੇਰੀ ਅੱਖ ਵਿੱਚ ਅੱਥਰੂ ਦੀ ਜੂਨੇ ਕਿਉਂ ਪਈ ਪੀੜੇ,
ਜੋ ਪੱਥਰ ਹੋ ਗਿਐ, ਹੁਣ ਨੀਰ ਬਣ ਕੇ ਵਹਿ ਨਹੀਂ ਸਕਦਾ।

ਇਕੱਲਾ ਆਦਮੀ ਅੱਧਾ ਅਧੂਰਾ, ਕੀ ਕਹੇ, ਕਿਸਨੂੰ,
ਮੈਂ ਦਿਲ ਦੀ ਵਾਰਤਾ ਤੇਰੇ ਬਿਨਾਂ ਤਾਂ ਕਹਿ ਨਹੀਂ ਸਕਦਾ।

ਮੈਂ ਉੱਡਣੇ ਬਾਜ਼ ਦੇ ਖੰਭਾਂ ਤੇ ਅੰਬਰ ਬਹੁਤ ਗਾਹਿਆ ਹੈ,
ਤੇਰੀ ਦਹਿਲੀਜ਼ ਤੇ ਮੈਂ ਚੋਗ ਦੇ ਲਈ ਬਹਿ ਨਹੀਂ ਸਕਦਾ।

ਸਿਰਫ਼ ਕਮਜ਼ੋਰੀਆਂ ਬੰਦੇ ਦੀਆਂ ਮੂੰਹ ਭਾਰ ਕਰ ਦੇਵਣ,
ਸਬੂਤਾ ਆਦਮੀ ਓਦਾਂ ਕਿਸੇ ਤੋਂ ਢਹਿ ਨਹੀਂ ਸਕਦਾ।

ਕਦੇ ਵੇਖੀਂ, ਗਿਣੀਂ, ਬੁੱਕਲ ’ਚ ਕਿੰਨੇ ਚੰਨ ਸੂਰਜ ਨੇ,
ਮੈਂ ਤਾਰਾ ਨਗਰ ਸਾਰਾ, ਲੈ ਕਲਾਵੇ, ਛਹਿ* ਨਹੀਂ ਸਕਦਾ।

।

## ਚੁੱਕੀ ਫਿਰਦੈਂ ਲਾਸ਼ ਅਜੇ ਵੀ

ਚੁੱਕੀ ਫਿਰਦੈਂ ਲਾਸ਼ ਅਜੇ ਵੀ, ਤਨ ਜੀਂਦਾ ਮਨ ਅੰਦਰੋਂ ਮਰਿਆ।
ਬਿਨ ਮੰਜ਼ਿਲ ਤੋਂ ਤੁਰਦੇ ਤੁਰਦੇ, ਤੇਰਾ ਹਾਲੇ ਦਿਲ ਨਹੀਂ ਭਰਿਆ?

ਏਨੀ ਲੰਮੀ ਚੁੱਪ ਦਾ ਕਾਰਨ, ਦੱਸ ਤਾਂ ਸਹੀ ਕਦੇ ਤੂੰ ਜਿੰਦੇ,
ਮੇਰੇ ਨਾਲ ਨਾ ਕਰੇ ਗੁਫ਼ਤਗੂ, ਸੱਚ ਦੱਸੀਂ ਨੀ ਦਿਲ ਨਹੀਂ ਕਰਿਆ?

ਇੱਕ ਟਾਹਣੀ ਤੇ ਏਨੇ ਉੱਲੂ, ਰਾਗ ਅਲਾਪਣ ਆਪੋ ਆਪਣੇ,
ਜਿਸ ਵਤਨ ਦਾ ਰਾਖਾ ਹੈ ਰੱਬ, ਅੱਜ ਵੀ ਮਰਿਆ, ਕੱਲ੍ਹ ਵੀ ਮਰਿਆ।

ਮੌਤ ਦੇ ਨਾਲ ਮਸ਼ਕਰੀ ਕਰਦਾ, ਉਹ ਪੰਜਾਬ ਗਵਾਚ ਗਿਆ ਹੈ,
ਹੁਣ ਤਾਂ ਏਥੇ ਰੁੱਖ ਤੇ ਬੰਦੇ, ਜੰਤ ਪਰਿੰਦਾ ਹਰ ਜੀਅ ਡਰਿਆ।

ਆਪੇ ਹੀ ਤੂੰ ਦੱਸ ਭਰਾਵਾ, ਮੇਰੀ ਸਿੱਖਿਆ ਕਿੰਜ ਲਵੇਂਗਾ?
ਜਿੰਨੀ ਦੇਰ ਗਲਾਸ ਤੇਰੇ ਹੱਥ, ਨੱਕੋ ਨੱਕ ਸ਼ਰਾਬ ਦਾ ਭਰਿਆ।

ਤੇਰੀ ਜ਼ੁਲਫ਼ ਸੰਵਾਰਾਂ ਹੱਥੀਂ, ਰੀਝ ਅਜੇ ਵੀ ਮਚਲ ਰਹੀ ਏ,
ਤੈਨੂੰ ਵਰਨ ਲਈ ਦੱਸ ਪਰੀਏ, ਕਿਹੜਾ ਸਿਤਮ ਨਹੀਂ ਮੈਂ ਜਰਿਆ।

ਬੱਦਲਾਂ ਦੀ ਚੁੰਨੀ ਦਾ ਓਹਲਾ, ਪਾਸੇ ਕਰ, ਲਿਸ਼ਕੋਰਾਂ ਬਣ ਜਾ,
ਦੀਦ ਪਿਆਸੇ ਨੈਣਾਂ ਖ਼ਾਤਰ, ਤੇਰੇ ਤੋਂ ਇਹ ਵੀ ਨਾ ਸਰਿਆ।

।

---

*ਲੁਕ ਛਿਪ ਕੇ ਬਹਿਣਾ

o

## ਬਚ ਜਾਹ ਪੰਜਾਬ ਸਿੰਹਾਂ

ਬਚ ਜਾਹ ਪੰਜਾਬ ਸਿੰਹਾਂ, ਚੌਂਕੀਦਾਰ ਕਹਿ ਗਿਆ।
ਓਨਾ ਤਾਂ ਬਚਾ ਲੈ, ਜਿੰਨਾ ਪੱਲੇ ਤੇਰੇ ਰਹਿ ਗਿਆ।

ਨਸ਼ਿਆਂ ਸਮੇਤ ਕਿੰਨੇ ਵੈਲਾਂ ਤੈਨੂੰ ਮਾਰਿਆ,
ਐਵੇਂ ਤਾਂ ਨਹੀਂ ਪਹੀਆ ਤੇਰਾ ਪਟੜੀ ਤੋਂ ਲਹਿ ਗਿਆ।

ਨਰਮੇ ਦੀ ਪੰਡ ਭਾਰੀ, ਤੁਰਿਆ ਰਹਿ, ਰੁਕੀਂ ਨਾ,
ਉੱਠਿਆ ਨਹੀਂ ਜਾਣਾ ਜੇ ਤੂੰ ਪਾਣੀ ਵਿੱਚ ਬਹਿ ਗਿਆ।

ਸੂਰਮਾ ਸਦੀਵੀ ਜੰਗ ਲੜੇ ਤਾਂ ਹੀ ਸੂਰਮਾ,
ਗਿਣਦਾ ਨਹੀਂ ਕਿੰਨੇ ਵਾਰ ਹਿੱਕੜੀ ਤੇ ਸਹਿ ਗਿਆ।

ਚੀਨ ਵੀ ਤਾਂ ਉੱਠਿਆ ਸੀ 'ਫੀਮ ਦੇ ਪਹਾੜ 'ਚੋਂ,
ਜੱਗ ਸਾਰਾ ਕੂਕਦਾ ਸੀ ਢਹਿ ਗਿਆ ਬਈ ਢਹਿ ਗਿਆ।

ਲੱਗ ਗਈ ਸਿਉਂਕ ਤੇਰੀ ਦੇਹੀ ਤੇ ਦਿਮਾਗ ਨੂੰ,
ਲੱਖ ਦਾ ਸੀ ਹੁੰਦਾ ਹੁਣ ਕੱਖ ਦਾ ਨਾ ਰਹਿ ਗਿਆ।

ਅੱਗ ਤਾਂ ਜਵਾਨਾ ਸਾਰੇ ਸੀਨਿਆਂ 'ਚ ਕੈਦ ਹੈ,
ਜਗ ਮਗ ਜਗੇ ਜਿਹੜਾ ਤੀਲੀ ਵਾਂਗੂੰ ਖਹਿ ਗਿਆ।

ਸਾਂਭ ਤੂੰ ਮਲਾਹਾ ਬੇੜਾ, ਚੱਪੂ ਮਾਰ ਤਾਣ ਨਾਲ,
ਕਿੰਨਾ ਕੁਝ ਪੁਲਾਂ ਹੇਠੋਂ ਵਹਿੰਦਾ ਵਹਿੰਦਾ ਵਹਿ ਗਿਆ।

1

o

## ਮਾਧੋ ਲਾਲ ਹੁਸੈਨ ਦੇ ਹੁਜਰੇ

ਮਾਧੋ ਲਾਲ ਹੁਸੈਨ ਦੇ ਹੁਜਰੇ ਸ਼ਬਦ ਅਗਨ ਦੇ ਘੜਦਾ ਤੀਰ।
ਪੰਜ ਦਰਿਆ ਜਿਸ ਅੰਦਰ ਸ਼ੂਕਣ, ਦਾਮਨ* ਸੀ ਉਸਤਾਦ ਫ਼ਕੀਰ।

ਜਿਸਮ ਚੀਰ ਕੇ ਵਤਨ ਬਣਾਏ, ਖੁੱਸ ਗਏ ਖੰਭ ਪਰਿੰਦਿਆਂ ਵਾਂਗੂੰ,
ਸਾਰੀ ਉਮਰ ਰਿਹਾ ਉਹ ਸੀਂਦਾ, ਪੱਲੇ ਪਾਟੀ ਰੂਹ ਦੀ ਲੀਰ।

ਬੰਦੇ ਵਿੱਚ ਵਿਸ਼ਵਾਸ ਜਗਾਉਂਦਾ ਕਹਿੰਦਾ ਹਿੰਮਤ ਕਰ ਲਉ ਯਾਰ,
ਝੰਗ ਸਿਆਲਾਂ ਵੱਲ ਨੂੰ ਚੱਲ ਪਉ, ਅਗਲੇ ਪਿੰਡ ਉਡੀਕੇ ਹੀਰ।

ਵਾਰਿਸ ਦਾ ਸੀ ਅਸਲੀ ਵਾਰਿਸ, ਲੋਕ ਪੀੜ ਦੇ ਹਮਦਮ ਵਰਗਾ,
ਜ਼ਿੰਦਗੀ ਦੀ ਟਕਸਾਲ 'ਚ ਢਲ਼ਿਆ, ਹੱਕ ਸੱਚ ਤੇ ਇਨਸਾਫ਼ ਦਾ ਪੀਰ।

ਨਾ ਸੀ ਵੈਦ, ਹਕੀਮ, ਔਲੀਆ, ਨਬਜ਼ ਫੜੇ ਬਿਨ ਦੱਸ ਦੇਂਦਾ ਸੀ,
ਤੁਰਤ ਪਛਾਣ ਕੇ ਕਹਿ ਦੇਂਦਾ ਸੀ, ਕੁਰਸੀ ਦੀ ਅੱਖ ਵਿੱਚ ਹੈ ਟੀਰ।

ਹੱਦਾਂ ਤੇ ਸਰਹੱਦਾਂ ਉਸ ਲਈ, ਅਰਥ ਹੀਣ ਸਨ, ਰੋਕਾਂ ਵੀ,
ਸਿਦਕ ਸਲਾਮਤ ਕਰਕੇ ਉਹਦੀ, ਹੂਕ ਤਾਂ ਜਾਂਦੀ ਅੰਬਰ ਚੀਰ।

ਕਹਿੰਦੇ ਨੇ ਇੱਕ ਵਾਰ ਮਿਲਦਿਆਂ, ਲਾਲੀ ਵੇਖ ਕੇ ਅੱਖੀਆਂ ਦੀ,
ਕੂਕ ਕਿਹਾ ਉਸ, ਸਾਨੂੰ ਪੱਟਿਆ, ਜਿਸਨੂੰ ਕਹਿਣ ਆਜ਼ਾਦੀ ਵੀਰ।

ਵਾਹ ਓ ਸ਼ਾਇਰਾ! ਪਹਿਰੇਦਾਰਾ ਮਾਂ ਬੋਲੀ ਤੇ ਗ਼ੈਰਤ ਦੇ,
ਪਿਆਸ ਮਿਟਾਵਣ ਮੇਰੀ, ਤੇਰੇ ਬੋਲ ਜੋ ਨਦੀਉਂ ਨਿੱਖੜੇ ਨੀਰ।

1

*ਲੋਕ ਕਵੀ ਉਸਤਾਦ ਦਾਮਨ

੦

## ਰਾਤ ਹਨ੍ਹੇਰੀ ਹੋਕਾ ਦੇਵੇਂ

ਰਾਤ ਹਨ੍ਹੇਰੀ ਹੋਕਾ ਦੇਵੇਂ, ਆਖੇਂ ਬਾਰ ਮ ਬਾਰ ਓ ਯਾਰ।
ਚੰਨ ਸਿਤਾਰੇ ਸੂਰਜ ਮੇਰੀਆਂ ਦੋ ਬਾਹਾਂ ਵਿਚਕਾਰ ਓ ਚਾਰ।

ਤੇਰੇ ਹੱਥ ਵਿੱਚ ਸੂਹਾ ਪਰਚਮ, ਘੁੱਟ ਕੇ ਨਾ ਰੱਖ, ਲਹਿਰਨ ਦੇ ਤੂੰ,
ਰੰਗ ਰੱਤੜੇ ਨੂੰ ਬੋਲਣ ਦੇ ਹੁਣ, ਬੇ ਮੌਤੇ ਨਾ ਮਾਰ ਓ ਯਾਰ।

ਇਹ ਬੁੱਕਲ ਬ੍ਰਹਿਮੰਡ ਜਿੱਡੀ ਏ, ਲੋਕ ਮੁਕਤੀਆਂ ਦਾ ਜੋ ਖ਼੍ਵਾਬ,
ਇਸਨੂੰ ਘੁੱਟ ਕੇ ਸੀਮਤ ਨਾ ਕਰ ਹੋਰ ਜ਼ਰਾ ਵਿਸਥਾਰ ਓ ਯਾਰ।

ਮੈਂ ਵੀ ਤੇਰੇ ਨਾਲ ਬਰਾਬਰ, ਧਿਰ ਬਣ ਬਾਲ਼ ਮਸ਼ਾਲ ਖੜ੍ਹਾਂ,
ਬੋਲ ਜ਼ਰਾ ਤੂੰ ਕਿਹੜੀ ਗੱਲ ਦਾ, ਰੂਹ ਤੇ ਰੱਖਦੈਂ ਭਾਰ ਓ ਯਾਰ।

ਇਹ ਜਿਹੜੀ ਅਸਮਾਨ 'ਚ ਲਿਸ਼ਕੇ ਲੀਕ ਜਿਹੀ ਕਿਰਪਾਨ ਦੇ ਵਾਂਗ,
ਸ਼ਿਅਰਾਂ ਮੇਰਿਆਂ ਰੂਪ ਬਦਲਿਆ, ਬਣ ਬਿਜਲੀ ਦੀ ਤਾਰ ਓ ਯਾਰ।

ਜਾਦੂਗਰਨੀ ਕੁਰਸੀ ਨੇ ਸਭ ਗੀਂਘਣਹਾਰ ਬਣਾ ਸੁੱਟੇ,
ਉੱਡਣੇ ਪੁਡਣੇ ਸੁਪਨੇ ਹੋ ਗਏ, ਕਿਉਂ ਏਨੇ ਲਾਚਾਰ ਓ ਯਾਰ।

ਆਪਾਂ ਹਾਲੇ ਫ਼ੌਜ ਪਿਆਦਾ, ਖਿੱਲਰੀ, 'ਕੱਠੀ ਕੀਤੀ ਨਹੀਂ,
ਸਾਡੀ ਬਸਤੀ ਲੁੱਟਣ ਮੁੜ ਕੇ ਚੜ੍ਹ ਪਏ ਘੋੜ ਸਵਾਰ ਓ ਯਾਰ।

1

੦

## ਮੈਂ ਤੇਰੇ ਸਾਹਾਂ 'ਚ ਹਾਜ਼ਰ

ਮੈਂ ਤੇਰੇ ਸਾਹਾਂ 'ਚ ਹਾਜ਼ਰ, ਅਲਵਿਦਾ ਕਹਿਣਾ ਨਹੀਂ ਹੈ।
ਇੱਕ ਪਲ ਕੀ, ਇੱਕ ਸਾਹ ਵੀ, ਦੂਰ ਮੈਂ ਰਹਿਣਾ ਨਹੀਂ ਹੈ।

ਪਲਕ ਦੇ ਅੰਦਰ ਨੂਰਾਨੀ, ਰੌਸ਼ਨੀ ਵਿੱਚ ਘੁਲ਼ ਗਿਆ ਹਾਂ,
ਏਸ ਥਾਂ ਬਿਨ ਹੋਰ ਕਿਧਰੇ ਮੈਂ ਕਿਤੇ ਬਹਿਣਾ ਨਹੀਂ ਹੈ।

ਤੂੰ ਕਦੇ ਵੀ ਸ਼ਾਮ ਵੇਲੇ, ਇਹ ਕਹੀਂ ਨਾ, ਜਾਣ ਦੇ ਹੁਣ,
ਬਿਨ ਸਵਾਸਾਂ ਜੀਣ ਵਾਲਾ ਦਰਦ ਮੈਂ ਸਹਿਣਾ ਨਹੀਂ ਹੈ।

ਐ ਮੁਹੱਬਤ! ਅਜਬ ਤੇਰੀ ਦਾਸਤਾਂ ਹੈ ਮਹਿਕ ਵਰਗੀ,
ਏਸ ਤੋਂ ਮਹਿੰਗਾ ਕਦੇ ਮੈਂ ਵੇਖਿਆ ਗਹਿਣਾ ਨਹੀਂ ਹੈ।

ਕੀ ਕਹਾਂ, ਕਿੱਦਾਂ ਕਹਾਂ, ਤੂੰ ਕੀ ਕੀ ਮੈਨੂੰ ਬਖ਼ਸ਼ਿਆ ਏ,
ਇੱਕ ਦੋ ਜਨਮਾਂ 'ਚ ਮੈਥੋਂ, ਕਰਜ਼ ਇਹ ਲਹਿਣਾ ਨਹੀਂ ਹੈ।

ਹੋ ਗਈ ਸੀ ਪੀੜ ਪੱਥਰ, ਪਿਘਲਿਆਂ ਆਰਾਮ ਹੈ ਹੁਣ,
ਤੇਰੇ ਬਿਨ ਦਰਿਆ ਦਿਲੇ ਦੇ, 'ਕੱਲ੍ਹਿਆਂ ਵਹਿਣਾ ਨਹੀਂ ਹੈ।

ਦਿਲ ਦੀ ਤਖ਼ਤੀ ਉਕਰਿਆ ਹੈ ਮਹਿਕ ਦੇ ਫੰਬੇ ਮੁਹੱਬਤ,
ਆਖ਼ਰੀ ਸਾਹਾਂ ਦੇ ਤੀਕਰ, ਹਰਫ਼ ਇਹ ਢਹਿਣਾ ਨਹੀਂ ਹੈ।

1

○

## ਮੇਰੇ ਹੱਥ ਵਿੱਚ ਸੂਰਜ ਨਹੀਂਉਂ

ਮੇਰੇ ਹੱਥ ਵਿੱਚ ਸੂਰਜ ਨਹੀਂਉਂ, ਦੀਵਾ ਹੈ ਇੱਕ ਟਿਮਕ ਰਿਹਾ।
ਇਹਦੇ ਸਿਰ ਤੇ ਰਾਤ ਹਨ੍ਹੇਰੀ, ਵਿੱਚੋਂ ਦੀ ਮੈਂ ਗੁਜ਼ਰ ਗਿਆ।

ਵਿਕਦੇ ਨੇ ਗੁਫ਼ਤਾਰ ਦੇ ਗਾਜ਼ੀ, ਮੰਡੀ ਦੇ ਵਿੱਚ ਗਾਹਕ ਬੜੇ,
ਏਸ ਸ਼ਹਿਰ ਕਿਰਦਾਰ ਗਵਾਚਾ, ਚਾਨਣ ਸੂਹੀ ਲੀਕ ਜਿਹਾ।

ਕਾਲਾ ਅੰਬਰ ਵਿੱਚ ਵਿੱਚ ਤਾਰੇ, ਇਹ ਹਨ ਵਿੱਛੜੇ ਮੀਤ ਮਿਰੇ,
ਸਿੱਲ੍ਹੀ ਅੱਖ ਨੇ ਵੇਖਦਿਆਂ ਹੀ ਭਰਿਆ ਹੌਕਾ ਸਰਦ ਜਿਹਾ।

ਸੱਚੀਂ ਮੈਂ ਦਰਿਆ ਹੋਣਾ ਸੀ, ਵਹਿੰਦਾ ਜੇ ਮੈਂ ਬਹਿੰਦਾ ਨਾ,
ਨਾ ਪੀਂਦੇ ਫਿਰ ਰੇਤਲ ਟਿੱਬੇ, ਇਹ ਤੂੰ ਬਿਲਕੁਲ ਠੀਕ ਕਿਹਾ।

ਬੁਝਿਆ ਬੁਝਿਆ ਮਰ ਜਾਵੇਂਗਾ, ਜਗ ਤੇ ਕਰ ਦੇ ਸੁਰਖ਼ ਸਵੇਰ,
ਚਾਰ ਚੁਫ਼ੇਰ ਵਿਛਾ ਦੇ ਚਾਨਣ, ਦਿਲ ਨੂੰ ਕਿੰਨੀ ਵਾਰ ਕਿਹਾ।

ਸੂਰਜ ਦੀ ਲਿਸ਼ਕੋਰ ਵਰਗਿਆ, ਧਰਤ ਉਡੀਕੇ ਤੈਨੂੰ ਹੀ,
ਕਿਰਨਾਂ ਬੀਜ ਸਿਆੜਾਂ ਅੰਦਰ, ਗਲੀਆਂ ਕੂਚੇ ਤੂੰ ਰੁਸ਼ਨਾ।

ਗੀਤ, ਗ਼ਜ਼ਲ ਜਾਂ ਆਖ ਰੁਬਾਈ ਇਹ ਤੇਰੇ ਤੇ ਨਿਰਭਰ ਹੈ,
ਅੱਥਰੂ ਕਿਰਿਆ ਸਫ਼ਿਆਂ ਉੱਤੇ, ਦਿਲ ਨੇ ਆਪਣਾ ਦਰਦ ਕਿਹਾ।

1

○

## ਦਿਨ ਚੜ੍ਹਦੇ ਤੋਂ ਸ਼ਾਮ ਤੀਕ

ਦਿਨ ਚੜ੍ਹਦੇ ਤੋਂ ਸ਼ਾਮ ਤੀਕ ਜਦ ਯਾਦਾਂ ਝੁਰਮਟ ਪੌਂਦੀਆਂ ਨੇ।
ਸਾਹਾਂ ਵਿੱਚ ਸਰਗਮ ਛਿੜ ਪੈਂਦੀ, ਫਿਰ ਪੌਣਾਂ ਨਗਮੇ ਗੌਂਦੀਆਂ ਨੇ।

ਕਦੇ ਸੂਰਜ ਚੰਨ ਤੇ ਤਾਰਿਆਂ ਵਿੱਚ, ਜਿੰਦ ਲੱਭਦੀ ਤੈਨੂੰ ਸਾਰਿਆਂ ਵਿੱਚ,
ਸੁਣਿਆ ਕਰ ਅੰਬਰਾਂ ਵਾਲੜਿਆ, ਜਦ ਕੂੰਜੜੀਆਂ ਕੁਰਲੌਂਦੀਆਂ ਨੇ।

ਤਪ ਜਾਵੇ ਪਿੰਡਾ ਧਰਤੀ ਦਾ, ਮੁਰਝਾਉਂਦੇ ਬਿਰਖ਼ ਬਰੂਟੇ ਜਦ,
ਅੰਦਾਜ਼ ਅਜਬ ਮੀਂਹ ਮੰਗਣ ਦਾ, ਤਦ ਚਿੜੀਆਂ ਰੇਤ ਨਹੌਂਦੀਆਂ ਨੇ।

ਧਰਤੀ ਵਿੱਚ ਜੜ੍ਹਾਂ ਸਲਾਮਤ ਜੇ, ਪੱਤਿਆਂ ਨੂੰ ਲੋਰੀਆਂ ਪੌਣ ਦਏ,
ਖਿੜਦਾ ਹੈ ਬਾਗ ਬਗੀਚਾ ਫਿਰ ਖ਼ੁਸ਼ਬੋਈਆਂ ਆਪ ਬੁਲੌਂਦੀਆਂ ਨੇ।

ਸੂਰਜ ਦੀ ਅੱਖ ਵਿੱਚ ਅੱਖ ਪਾਵਾਂ, ਕਿਰਨਾਂ ਵੀ ਮੇਰਾ ਨੇੜ ਕਰਨ,
ਚਾਨਣ ਦੀ ਸੁਰਮ-ਸਲਾਈ ਲੈ, ਮੇਰੇ ਨੈਣਾਂ ਦੇ ਵਿੱਚ ਪੌਂਦੀਆਂ ਨੇ।

ਰੂਹ ਵਾਲੇ ਵਰਕ ਫ਼ਰੋਲਦੀਆਂ ਤੇ ਆਖਣ ਮੂੰਹ 'ਚੋਂ ਬੋਲ ਜ਼ਰਾ,
ਦਸਤਕ ਦਰ ਦਸਤਕ ਦੇ ਦੇ ਕੇ, ਦਿਲ ਦਾ ਬੂਹਾ ਖੜਕੌਂਦੀਆਂ ਨੇ।

ਖੂਹਾਂ ਦੇ ਪਾਣੀ ਉੱਤਰ ਗਏ, ਆਹ ਅੱਖੀਆਂ ਵਿੱਚੋਂ ਕੀ ਵਗਦਾ,
ਹੰਝੂਆਂ ਦੀ ਮਾਲ੍ਹ ਨਹੀਂ ਤਰਦੀ, ਟਿੰਡਾਂ ਕਿਉਂ ਭਰ ਭਰ ਔਂਦੀਆਂ ਨੇ?

ਸੁਪਨੇ ਵਿੱਚ ਰੋਜ਼ ਮੈਂ ਵੇਖ ਰਿਹਾਂ, ਮੇਰੀ ਮਾਂ ਤੇ ਚਾਚੀ ਤਾਈ ਸਭ,
ਹਾਲੇ ਵੀ ਸਾਂਝਾ ਬਾਲਣ ਲੈ, ਹਰ ਸ਼ਾਮ ਤੰਦੂਰ ਤਪੌਂਦੀਆਂ ਨੇ।

ਖ਼੍ਵਾਬਾਂ ਦੇ ਉਡਣ ਖਟੋਲੇ ਵਿੱਚ, ਯਾਦਾਂ ਅਸਵਾਰ ਸਦੀਵੀ ਨੇ,
ਦਿਨ ਰਾਤ ਮੇਰੇ ਸੰਗ ਜਾਗਦੀਆਂ, ਖ਼ੌਰੇ ਕਿਸ ਵੇਲੇ ਸੌਂਦੀਆਂ ਨੇ।

1

## ਹਮੇਸ਼ਾਂ ਢਾਲ ਹੀ ਬਣਨਾ

ਹਮੇਸ਼ਾਂ ਢਾਲ ਹੀ ਬਣਨਾ, ਕਦੇ ਹਥਿਆਰ ਨਹੀਂ ਬਣਨਾ।
ਤੁਸੀਂ ਰਾਹਾਂ 'ਚ ਛਾਂ ਬਣਨਾ, ਕਦੇ ਦੀਵਾਰ ਨਹੀਂ ਬਣਨਾ।

ਤੁਸੀਂ ਖ਼ੁਸ਼ਬੂ ਦੇ ਵਾਂਗਰ ਰੁਮਕਣਾ ਪੌਣਾਂ 'ਚ ਘੁਲ ਮਿਲ ਕੇ,
ਕਦੇ ਬਾਗਾਂ ਦੀ ਰੂਹ ਤੇ ਬੇ ਵਜ੍ਹਾ ਹੀ ਭਾਰ ਨਹੀਂ ਬਣਨਾ।

ਇਹ ਕਾਲਖ਼ ਆਦਮੀ ਨੂੰ ਰੋਲ਼ਦੀ ਬਰਬਾਦ ਕਰਦੀ ਹੈ,
ਹਨ੍ਹੇਰੀ ਰਾਤ ਦਾ ਭੁੱਲ ਕੇ ਕਦੇ ਪਰਿਵਾਰ ਨਹੀਂ ਬਣਨਾ।

ਤੁਸੀਂ ਧੁੱਪਾਂ ਤੇ ਛਾਵਾਂ ਨੂੰ, ਸਦਾ ਹੀ ਮਾਨਣਾ ਖੁੱਲ੍ਹ ਕੇ,
ਕਦੇ ਵੀ ਕਮਰਿਆਂ ਦੀ ਜੇਲ੍ਹ ਦਾ ਸ਼ਿੰਗਾਰ ਨਹੀਂ ਬਣਨਾ।

ਤੁਸੀਂ ਜਲ ਦਾ ਤਰੌਂਕਾ ਦੇਣ ਖ਼ਾਤਰ ਮਸ਼ਕ ਬਣ ਜਾਣਾ,
ਘਰਾਂ ਨੂੰ ਰਾਖ਼ ਜੋ ਕਰਦੈ ਕਦੇ ਅੰਗਿਆਰ ਨਹੀਂ ਬਣਨਾ।

ਤੁਸੀਂ ਹਰ ਵਕਤ ਹੀ ਤੁਰਨੈਂ ਮਸ਼ਾਲਾਂ ਬਾਲ ਕੇ ਸ਼ਬਦੋ,
ਕਦੇ ਲਾਲਚ ਦੀ ਝਾਂਜਰ ਪਹਿਨਦੀ ਅਖ਼ਬਾਰ ਨਹੀਂ ਬਣਨਾ।

ਤੁਸੀਂ ਸੰਗਲ ਸਹੀ, ਪਰ ਪਿਘਲ ਕੇ ਵੀ ਯਾਦ ਇਹ ਰੱਖਣਾ,
ਤੁਸੀਂ ਕਿਰਪਾਨ ਬਣ ਜਾਇਓ, ਕਦੇ ਤਲਵਾਰ ਨਹੀਂ ਬਣਨਾ।

1

## ਮੈਂ ਵੀ ਨਿਰਮਲ ਨੀਰ ਕਦੇ ਸੀ

ਮੈਂ ਵੀ ਨਿਰਮਲ ਨੀਰ ਕਦੇ ਸੀ ਸਤਿਲੁਜ ਦਾ ਸਾਂ ਵਹਿਣ ਦੋਸਤੋ।
ਹੁਣ ਤਾਂ ਮੈਨੂੰ ਬੁੱਢੇ ਤਾਈਂ ਗੰਦਾ ਨਾਲ਼ਾ ਕਹਿਣ ਦੋਸਤੋ।

ਕਿਓਂ ਸ਼ਾਹਾਂ ਨੂੰ ਸਮਝ ਪਵੇ ਨਾ, ਜਲ ਵੀ ਇੱਕ ਦੇਵਤਾ ਹੁੰਦੈ,
ਕਰਨ ਪਲੀਤ ਪਵਿੱਤਰ ਪਾਣੀ, ਪੱਕਾ ਬਣੇ ਗ੍ਰਹਿਣ ਦੋਸਤੋ।

ਫ਼ਿਕਰ ਕਰਨ, ਨਹੀਂ ਹਿੰਮਤ ਕਰਦੇ, ਪੜ੍ਹੇ ਲਿਖੇ ਸਭ ਗੂੜ੍ਹ ਗਿਆਨੀ,
ਮਰ ਚੱਲੇ ਨੇ ਸੋਚਦਿਆਂ ਇਹ, ਰਲ਼ ਕੇ ਨਾ ਇਹ ਬਹਿਣ ਦੋਸਤੋ।

ਇੱਕ ਪਾਸੇ ਸਰਮਾਇਆ ਜ਼ਾਲਮ, ਜ਼ਹਿਰ ਪਿਆਏ ਨਾ ਪਛਤਾਏ,
ਭੋਲ਼ੇ ਪੰਛੀ ਏਸ ਕਹਿਰ ਨੂੰ, ਭਾਣਾ ਮੰਨ ਕੇ ਸਹਿਣ ਦੋਸਤੋ।

ਵੰਨ ਸੁਵੰਨ ਰਸਾਇਣਾਂ ਘੋਲਣ, ਮੇਰੇ ਪਾਣੀ ਅੰਦਰ ਜਿਹੜੇ,
ਦਾਨਵੀਰ ਬਣ ਕਰਨ ਵਿਖਾਵਾ, ਮਗਰੋਂ ਨਾ ਇਹ ਲਹਿਣ ਦੋਸਤੋ।

ਬੰਦ ਸ਼ੀਸ਼ਿਆਂ ਵਾਲੀਆਂ ਕਾਰਾਂ, ਜਾਣੇ ਨਾ ਬੇਕਿਰਕ ਜ਼ਮਾਨਾ,
ਬਦਬੂਦਾਰ ਹਵਾੜ੍ਹ 'ਚ ਜੀਣਾ ਡਾਢਾ ਔਖਾ ਰਹਿਣ ਦੋਸਤੋ।

ਮੇਰੇ ਵਿੱਚ ਵਿਸ਼ੈਲਾ ਪਾਣੀ, ਜਿੱਥੋਂ ਲੰਘਦਾ ਵੰਡਦਾ ਕੈਂਸਰ,
ਪਹਿਰੇਦਾਰ ਬਣੋ ਤੇ ਜਾਗੋ, ਕਾਲੇ ਟਿੱਕੇ ਲਹਿਣ ਦੋਸਤੋ।

1

०

## ਰਣਭੂਮੀ ਨੇ ਰੂਪ ਬਦਲਿਆ

ਰਣਭੂਮੀ ਨੇ ਰੂਪ ਬਦਲਿਆ, ਇੰਟਰਨੈੱਟ ਮੈਦਾਨ ਬਣ ਗਿਆ।
ਸੱਚ ਪੁੱਛੋ ਤਾਂ ਨੇਤਾ ਬਣ ਕੇ, ਬੁਰਾ ਬੋਲਣਾ ਸ਼ਾਨ ਬਣ ਗਿਆ।

ਪੱਗ ਪੋਚਵੀਂ ਸੋਹਣੀ ਸੂਰਤ, ਢਿੱਡ ਅੰਦਰ ਪੈਟਰੋਲ ਟੈਂਕੀਆਂ,
ਅਗਨ-ਬਾਣ ਹੀ ਛੱਡੀ ਜਾਵਣ, ਜੋ ਜਿੱਥੇ ਪਰਧਾਨ ਬਣ ਗਿਆ।

ਖ਼ੁਦ ਨੂੰ ਆਖੇ ਜਨਤਾ ਸੇਵਕ, ਕਹਿ ਕੇ ਸੇਵਾ ਛਕਦੈ ਮੇਵਾ,
ਕਹਿਣੀ ਤੇ ਕਥਨੀ ਵਿੱਚ ਪਾੜਾ, ਕੈਸਾ ਹੈ ਈਮਾਨ ਬਣ ਗਿਆ।

ਹਰ ਘੋੜੇ ਦੇ ਮਗਰ ਵਛੇਰਾ, ਕੁਰਸੀ ਦਾ ਹੱਕਦਾਰ ਕਹਾਵੇ,
ਕਮਲ਼ਾ ਰਮਲ਼ਾ ਜੋ ਕੁਝ ਬੋਲੇ, ਓਹੀ ਸਭ ਫ਼ੁਰਮਾਨ ਬਣ ਗਿਆ।

ਕਾਠ ਦੀਆਂ ਲੱਤਾਂ ਨੂੰ ਬੌਣੇ, ਸਮਝ ਰਹੇ ਨੇ ਆਪਣੀ ਹਸਤੀ,
ਕਰਨ ਮੁਨਾਦੀ ਘੱਲੀਏ ਜਿਸਨੂੰ, ਸਮਝੇ ਬੜਾ ਮਹਾਨ ਬਣ ਗਿਆ।

ਘਰ ਦੀ ਮੰਜੀ ਛੱਡ ਕੇ ਜੋ ਵੀ, ਕੁਰਸੀ ਖ਼ਾਤਰ ਭਟਕ ਰਿਹਾ ਸੀ,
ਦਿਨ ਚੜ੍ਹਿਆ ਤਾਂ ਸੁਪਨਾ ਟੁੱਟਾ, ਬੂਹੇ ਤੇ ਦਰਬਾਨ ਬਣ ਗਿਆ।

ਕੂਕ ਕਿਹਾ ਸ਼ਬਦਾਂ ਨੇ ਮੈਨੂੰ, ਜੋ ਕੁਝ ਵੇਖੇਂ ਕਿਉਂ ਨਹੀਂ ਲਿਖਦਾ,
ਜੋ ਵੀ ਤੱਕਿਆ ਲਿਖਿਆ ਓਹੀ, ਏਹੀ ਗ਼ਜ਼ਲ ਦੀਵਾਨ ਬਣ ਗਿਆ।

1

०

## ਕੀਹਦੀ ਏ ਮਜਾਲ ਸਾਨੂੰ

ਕੀਹਦੀ ਏ ਮਜਾਲ ਸਾਨੂੰ ਡੱਬੀ ਵਿੱਚ ਪਾ ਲਵੇ।
ਮਹਿਕ ਦਾ ਵਜੂਦ, ਭਾਵੇਂ ਸਾਹਾਂ ਵਿੱਚ ਸਾਹ ਲਵੇ।

ਏਨੀ ਗੱਲ ਸਾਫ਼, ਮੈਂ ਨਹੀਂ ਕੱਪੜਾ, ਵਜੂਦ ਹਾਂ,
ਜਦੋਂ ਦਿਲ ਕਰੇ ਮੈਨੂੰ ਪਾ ਲਵੇ ਤੇ ਲਾਹ ਲਵੇ।

ਸਾਗਰੋਂ ਵਿਸ਼ਾਲ ਸੀਨਾ, ਨਿਸ਼ਚਾ ਅਡੋਲ ਹੈ,
ਜਿੰਨਾ ਜ਼ੋਰ ਲੱਗੇ ਉਹਦਾ, ਓਨਾ ਹੋਰ ਤਾਅ ਲਵੇ।

ਆਪਣੀ ਹੀ ਅੱਗ ਵਿੱਚ ਮੱਚਦੇ ਨੂੰ ਕਹਿ ਦਿਓ,
ਕਦੇ ਤਾਂ ਪਿਆਰ ਨਾਲ ਸਾਨੂੰ ਚਿੱਤੋਂ ਚਾਹ ਲਵੇ।

ਚੜ੍ਹੇ ਘੋੜੇ ਹਰ ਵੇਲੇ, ਰਹਿਣਾ ਵੀ ਤਾਂ ਰੋਗ ਹੈ,
ਬਿਰਖ਼ਾਂ ਦੇ ਹੇਠ ਬੈਠ, ਕਹੋ, ਕਦੇ ਸਾਹ ਲਵੇ।

ਧੂੰਏਂ ਦੇ ਪਹਾੜ ਉੱਤੇ, ਕੀਹਨੇ ਕੀਤੀ ਯਾਤਰਾ,
ਖ਼ਵਾਬਾਂ ਦੇ ਪਰਿੰਦੇ ਹੁਣ ਧਰਤੀ ਤੇ ਲਾਹ ਲਵੇ।

ਸਾਡੇ ਪਿੰਡ ਓਸੇ ਨੂੰ ਹਵਾਵਾਂ ਦੇਣ ਲੋਰੀਆਂ
ਕੰਧ ਨਾਲ ਖੜ੍ਹਾ ਮੰਜਾ, ਜਿਹੜਾ ਛਾਵੇਂ ਡਾਹ ਲਵੇ।

1

o

## ਪਲਕਾਂ ਉਹਲੇ ਲੁਕਿਆ ਸੂਰਜ

ਪਲਕਾਂ ਉਹਲੇ ਲੁਕਿਆ ਸੂਰਜ, ਚੜ੍ਹਦਾ ਤਾਂ ਪਰਭਾਤ ਵੇਖਦੇ।
ਚੁੱਪ ਦੀ 'ਨ੍ਹੇਰ ਗੁਫ਼ਾ ਵਿੱਚ ਰਹਿੰਦੇ ਮਰ ਚੱਲੇ ਹਾਂ ਰਾਤ ਵੇਖਦੇ।

ਨੀਵੀਂ ਨਜ਼ਰ ਕਰੇਂ, ਨਾ ਬੋਲੇਂ, ਹੋਠੀਂ ਜੰਦਰੇ ਲਾ ਨਾ ਭਲੀਏ,
ਦੋ ਹਿਰਨੋਟੇ ਨੈਣ ਤੇਰੇ ਕਿਉਂ ਨਾ ਮੇਰੇ ਜਜ਼ਬਾਤ ਵੇਖਦੇ।

ਹਿਜਰ ਵਸਲ ਵਿੱਚ ਅੰਤਰ ਮਿਟਿਆ, ਵਕਤ ਖਲੋਤਾ ਹੋਵੇ ਜੀਕਣ,
ਬਿਰਖ਼ਾਂ ਵਿੱਚ ਦੀ ਚੰਨ ਦਾ ਚਿਹਰਾ, ਜਿੰਦ ਨਸ਼ਿਆਈ ਝਾਤ ਵੇਖਦੇ।

ਸਿਫ਼ਰ ਬਰਾਬਰ ਮੇਰੀ ਹਸਤੀ, ਰਕਮ ਬਣਾਂ ਜੇ ਨਾਲ ਤੁਰੇਂ ਤੂੰ,
ਬੀਤ ਰਹੀ ਹੈ ਉਮਰ ਅਜੇ ਤਾਂ ਯਾਦਾਂ ਦੀ ਸੌਗ਼ਾਤ ਵੇਖਦੇ।

ਮੈਂ ਵੀ ਚੰਨ ਜਾਂ ਸੂਰਜ ਹੁੰਦਾ ਤੇਰੇ ਦੋ ਨੈਣਾਂ ਵਿੱਚ ਜਗਦਾ,
ਦੁਨੀਆਂ ਵਾਲੇ ਜ਼ਾਤ ਨੂੰ ਛੱਡ ਕੇ, ਜੇ ਮੇਰੀ ਔਕਾਤ ਵੇਖਦੇ।

ਹੱਸ ਪਿਆ ਕਰ ਚੰਬੇ ਜਾਈਏ, ਖਿੜ ਪੈਂਦੈ ਮਨ ਬਾਗ ਬਗੀਚਾ,
ਮਹਿਕੇ ਜੀਕੂੰ ਰਾਤ ਦੀ ਰਾਣੀ, ਤਾਰਿਆਂ ਦੀ ਬਾਰਾਤ ਵੇਖਕੇ।

ਵੇਖ ਕਿਵੇਂ ਘਨਘੋਰ ਘਟਾਵਾਂ ਲੈ ਕੇ ਕਣੀਆਂ ਆ ਗਈਆਂ ਨੇ,
ਜੀਅ ਕਰਦਾ ਸੀ ਭਿੱਜਕੇ ਦੋਵੇਂ, ਇੰਜ ਪਹਿਲੀ ਬਰਸਾਤ ਵੇਖਦੇ।

1

o

## ਤਨ ਦੀ ਭਟਕਣ

ਤਨ ਦੀ ਭਟਕਣ, ਮਨ ਦੀ ਅਟਕਣ, ਸਾਬਤ ਕਦਮ ਅਡੋਲ ਰਹੇ।
ਅਕਲ ਦੀ ਸੰਗਲੀ, ਫੜ ਲੈ ਘੁੱਟ ਕੇ, ਖਿਸਕੇ ਨਾ ਇਹ ਕੋਲ ਰਹੇ।

ਹਰ ਮੰਜ਼ਿਲ ਹੀ ਖ਼ੁਦ ਸਿਰਨਾਵਾਂ ਦੱਸ ਦੇਂਦੀ ਹੈ ਪਾਂਧੀ ਨੂੰ,
ਪਰਪੱਕ ਨਿਸ਼ਚਾ ਹੋਵੇ ਜੇਕਰ ਪੈਰਾਂ ਵਿੱਚ ਸਮਤੋਲ ਰਹੇ।

ਫਿਰ ਕੀ ਹੋਇਆ ਚੜ੍ਹੀ ਹਨ੍ਹੇਰੀ, ਇਹ ਤਾਂ ਪਹਿਲੀ ਵਾਰ ਨਹੀਂ,
ਬਾਲ ਚਿਰਾਗ ਬਨੇਰੇ ਧਰ ਦੇ, ਟਿਕ ਜਾਣੇ ਜੋ ਡੋਲ ਰਹੇ।

ਮਿੱਟੀ ਤੇ ਕਾਬਜ਼ ਨੂੰ ਦੱਸੋ, ਕੋਲ ਬਿਠਾ ਸਮਝਾ ਦੇਵੋ,
ਵਗਦੇ ਪਾਣੀ, ਖ਼ੁਸ਼ਬੂ, ਪੌਣਾਂ, ਦੱਸੋ ਕਿਸ ਦੇ ਕੋਲ ਰਹੇ।

ਨੀਲੇ ਅੰਬਰ ਆਲ੍ਹਣਿਆਂ ਲਈ, ਸੁਪਨੇ, ਰੀਝਾਂ, ਅੱਥਰੇ ਚਾਅ,
ਮੇਰੀ ਰੂਹ ਦੇ ਉੱਡਣੇ ਪੰਛੀ ਵੇਖ ਲਵੋ ਪਰ ਤੋਲ ਰਹੇ।

ਸੁਣਦਾ ਕਿਉਂ ਨਾ ਬਾਬਲ ਬਣ ਕੇ, ਲੁਕਦਾ ਫਿਰਦੈਂ ਸ਼ੀਸ਼ੇ ਤੋਂ,
ਸ਼ੁਕਰ ਮਨਾ ਤੂੰ, ਇਹ ਬੇ-ਜੀਭੇ ਦਰਦ ਕਹਾਣੀ ਫ਼ੋਲ ਰਹੇ।

ਓਦੋਂ ਤੱਕ ਤਾਂ ਸਾਰਾ ਕੁਝ ਹੀ, ਸਭ ਅੱਛਾ ਸੀ, ਤਖ਼ਤ ਲਈ,
ਧਰਤੀ ਵਾਲੇ ਜਦ ਤੀਕਰ ਸੀ, ਹੱਕ ਸੱਚ ਤੋਂ ਅਣਭੋਲ ਰਹੇ।

1

o

## ਜਿੰਨ੍ਹਾਂ ਦੇ ਹੱਥ ਕੁੰਜੀਆਂ

ਜਿੰਨ੍ਹਾਂ ਦੇ ਹੱਥ ਕੁੰਜੀਆਂ ਨੇ ਉਹ ਲਾਗੇ ਬਹਿਣ ਨਹੀਂ ਦੇਂਦੇ।
ਸਾਡੇ ਦਿਲ ਕੀ ਟੁੱਟਦਾ ਭੁਰਦਾ ਕੁਝ ਵੀ ਕਹਿਣ ਨਹੀਂ ਦੇਂਦੇ।

ਵਲੀ ਕੰਧਾਰੀਆਂ ਰੂਪ ਬਦਲਿਆ, ਪਰ ਨਹੀਂ ਬਦਲੀ ਆਦਤ,
ਦਿਲ ਦਰਿਆ ਨੂੰ ਇਸ ਧਰਤੀ ਤੇ ਖੁੱਲ੍ਹ ਕੇ ਵਹਿਣ ਨਹੀਂ ਦੇਂਦੇ।

ਕੀ ਦੱਸਾਂ ਇਸ ਮਨ ਦੀ ਹਾਲਤ, ਅੰਦਰੋਂ ਬਾਹਰੋਂ ਜ਼ਖ਼ਮੀ,
ਬਣਦੇ ਜੋ ਹਮਦਰਦ ਉਹ ਪੱਲੇ ਕੱਖ ਵੀ ਰਹਿਣ ਨਹੀਂ ਦੇਂਦੇ।

ਮਾਣ ਮਰਤਬੇ ਮਾਨਣ ਏਥੇ ਗਿਰਗਿਟ ਵਰਗੇ ਚਿਹਰੇ,
ਮਾਲਕ ਨੂੰ ਉਹ ਭਰਮ-ਪਹਾੜੋਂ, ਹੇਠਾਂ ਲਹਿਣ ਨਹੀਂ ਦੇਂਦੇ।

ਵੇਖ ਲਵੋ ਕਲਜੁਗ ਦਾ ਪਹਿਰਾ, ਮੂੰਹ ਸਿਰ ਕਾਲਿਆਂ ਵਾਲੇ,
ਜਿਸਦੇ ਹੱਥ ਵਿੱਚ ਸ਼ੀਸ਼ਾ ਹੋਵੇ, ਨੇੜੇ ਖਹਿਣ ਨਹੀਂ ਦੇਂਦੇ।

ਚਾਰ-ਦੀਵਾਰੀ ਅੰਦਰ ਚੋਗਾ, ਰੱਜ ਰੱਜ ਖਾਂਦੇ ਪੰਛੀ,
ਬਿਨ ਪਰਵਾਜ਼ ਮਰਨ ਦਾ ਸਾਨੂੰ, ਦਰਦ ਸਹਿਣ ਨਹੀਂ ਦੇਂਦੇ।

ਕੁੜਤੇ ਨਾਲ ਪਜਾਮਾ ਸਾਡਾ ਸਭਨਾਂ ਨੂੰ ਹੀ ਚੁਭਦਾ,
ਤਾਂਹੀਉਂ ਕੁਰਸੀ ਲਾਗੇ ਸਾਡਾ ਮੰਜਾ ਡਹਿਣ ਨਹੀਂ ਦੇਂਦੇ।

l

o

## ਏਸ ਵਤਨ ਵਿੱਚ ਘਰ ਕਿੱਥੇ ਹੈ

ਏਸ ਵਤਨ ਵਿੱਚ ਘਰ ਕਿੱਥੇ ਹੈ, ਖ਼ਾਲੀ ਚਾਰਦੀਵਾਰੀਆਂ ਨੇ।
ਲੱਭਦਿਆਂ ਇਹ ਉਮਰਾ ਬੀਤੀ, ਤਾਂ ਹੀ ਅੱਖੀਆਂ ਭਾਰੀਆਂ ਨੇ।

ਮੇਰੇ ਪੈਰੀਂ ਬਚਪਨ ਤੋਂ ਹੀ, ਬੱਝ ਗਏ ਪਰਬਤ, ਦਿਸਦੇ ਨਹੀਂ,
ਅਪਣੇ ਤੋਂ ਹੀ ਅਪਣੇ ਤੀਕਰ, ਤਾਂਹੀਉਂ ਸਗਲ ਉਡਾਰੀਆਂ ਨੇ।

ਤੂੰ ਕਹਿੰਦਾ ਏਂ ਤੇਜ਼ ਤੁਰਾਂ ਮੈਂ, ਪਰ ਇਸ ਗੱਲ ਨੂੰ ਭੁੱਲ ਜਾਵੇਂ,
ਉਸਤਰਿਆਂ ਦੀ ਮਾਲਾ ਗਲ਼ ਵਿੱਚ, ਪੈਰਾਂ ਹੇਠ ਕਟਾਰੀਆਂ ਨੇ।

ਬਾਗ-ਬਗੀਚਾ ਕੰਬਿਆ ਸਾਰਾ, ਪੱਤਾ ਪੱਤਾ ਸਹਿਮ ਗਿਆ,
ਰਾਖਿਆਂ ਦੇ ਹੱਥ, ਆਪਣੇ ਨੈਣੀਂ, ਵੇਖੀਆਂ ਜਦ ਤੋਂ ਆਰੀਆਂ ਨੇ।

ਪਹਿਲੀ ਵਾਰੀ ਏਸ ਕਿਸਮ ਦਾ ਧਰਮ ਵੇਖਿਆ ਧਰਤੀ ਨੇ,
ਧਰਮ ਸਥਾਨ ਵਰਮੀਆਂ ਅੰਦਰ, ਧਰੀਆਂ ਨਾਗ ਪਟਾਰੀਆਂ ਨੇ।

ਤੇਰੇ ਹੁੰਦਿਆਂ ਚੂੰਡ ਰਹੇ ਨੇ, ਇਸਮਤ, ਜ਼ਰ ਜਰਵਾਣੇ ਸਭ,
ਰਾਜ ਕਰਦਿਆ, ਬੰਦ ਕਿਉਂ ਤੇਰੀਆਂ, ਅੱਖਾਂ, ਬੂਹੇ ਬਾਰੀਆਂ ਨੇ।

ਦੇਰ ਸਵੇਰ ਜਵਾਬ ਤਾਂ ਦੇਣਾ ਪੈਣੈਂ ਸਰਬ ਸਵਾਲਾਂ ਦਾ,
ਜਾਨਾਂ ਵਾਰ ਗਿਆਂ ਜਦ ਸਾਥੋਂ ਪੁੱਛਣੀਆਂ ਗੱਲਾਂ ਸਾਰੀਆਂ ਨੇ।

l

ੴ

## ਤਾਣ ਦਿਉ ਹਰਿਆਲੀ ਛਤਰੀ

ਤਾਣ ਦਿਉ ਹਰਿਆਲੀ ਛਤਰੀ, ਧੁੱਪੇ ਸੜਦੀ ਧਰਤੀ ਮਾਂ ਜੀ।
ਵਕਤ ਅਜਾਈਂ ਜਾਣ ਦਿਉ ਨਾ, ਲਾ ਜੈਕਾਰਾ ਆਖੋ ਹਾਂ ਜੀ।

ਬੋਹੜ ਤੇ ਪਿੱਪਲ, ਨਿੰਮ ਤਿਰਵੈਣੀ, ਕਰਦੀ ਸਦਾ ਸਵਾਗਤ ਜਿੱਥੇ,
ਇਸ ਰੱਕੜੀ ਵਿੱਚ ਬਹੁਤ ਬਰਕਤਾਂ ਹੁੰਦੀਆਂ ਸੀ ਬਈ ਏਸੇ ਥਾਂ ਜੀ।

ਕੁੜੀਆਂ ਚਿੜੀਆਂ ਬਿਨ ਬੇਰੌਣਕ, ਬਿਨਾ ਬਗੀਚੀ ਕਹਿਰ ਖ਼ੁਦਾਇਆ,
ਬਿਰਖ਼ ਬੀਜ ਵਿਸ਼ਵਾਸ ਦਿਵਾਉ, ਪੁੱਤਰ ਨਹੀਂ, ਸਪੁੱਤਰ ਹਾਂ ਜੀ।

ਵਣ-ਹਰਿਆਲੇ, ਬਾਗਾਂ ਕੁੱਛੜ, ਅੰਬ ਟਪਕਦੇ ਟਾਹਣਾਂ ਉੱਤੋਂ,
ਇਹ ਸਭ ਹੋਵੇ, ਤੇਰੀ ਧਰਤੀ, ਦੇਸ ਦੋਆਬਾ ਮੰਨੀਏਂ ਤਾਂ ਜੀ।

ਧਰਤ ਬਿਸਤਰੇ ਉੱਪਰ ਚਾਦਰ ਹਰੀ ਕਚੂਰ ਵਿਛਾ ਲਈਏ ਜੇ,
ਉਹ ਦਿਨ ਮੋੜ ਲਿਆਈਏ ਜਿੱਸਰਾਂ, ਛਾਵੇਂ ਮੰਜਾ ਡਾਹੁੰਦੇ ਸਾਂ ਜੀ।

ਆਲ੍ਹਣਿਆਂ ਲਈ ਬਹੁਤ ਜ਼ਰੂਰੀ, ਬਿਰਖ਼ ਝਾਟਲੇ ਘਰ ਦੇ ਨੇੜੇ,
ਬੱਚਿਆਂ ਖ਼ਾਤਰ ਬਣਨ ਕਿਤਾਬਾਂ ਚਿੜੀਆਂ ਮੋਰ ਕਬੂਤਰ ਕਾਂ ਜੀ।

ਫੇਰ ਕਹੇਂਗਾ, ਮੈਨੂੰ ਸੁੱਤਿਆਂ, ਤੂੰ ਤੇ ਵੀਰ ਜਗਾਇਆ ਹੀ ਨਾ,
ਵਕਤ ਗੁਜ਼ਰਦਾ ਜਾਂਦਾ ਨਿੱਕਿਆ, ਏਨੀ ਗੱਲ ਮੈਂ ਆਖੀ ਤਾਂ ਜੀ।

1

ੴ

## ਭਗਤ ਸਰਾਭਾ ਊਧਮ ਸਿੰਘ

ਭਗਤ ਸਰਾਭਾ ਊਧਮ ਸਿੰਘ ਤਾਂ ਅਣਖ਼ੀ ਰੁੱਤ ਕਿਰਦਾਰ ਦਾ ਨਾਂ ਹੈ।
ਲੋਕ-ਮੁਕਤੀਆਂ ਖ਼ਾਤਰ ਪੱਲ੍ਹਰੀ ਸੂਹੀ ਸੁਰਖ਼ ਬਹਾਰ ਦਾ ਨਾਂ ਹੈ।

ਦੇਸ ਪੰਜਾਬ ਦੇ ਸਿਰ ਤੋਂ ਲੱਥੀ, ਮੁੜਕੇ ਚਿਣ ਕੇ ਬੱਧੀ ਹੋਈ,
ਵੀਰਾਂ ਦੇ ਸਿਰ ਸ਼ਮਲੇ ਵਾਲੀ ਅਣਖ਼ੀਲੀ ਦਸਤਾਰ ਦਾ ਨਾਂ ਹੈ।

ਰੰਗ ਨਸਲ ਤੇ ਜ਼ਾਤੋਂ ਉੱਚੜਾ ਆਜ਼ਾਦੀ ਦਾ ਪਰਚਮ ਸੁੱਚੜਾ,
ਜੱਲ੍ਹਿਆਂ ਵਾਲਾ ਬਾਗ ਤਾਂ ਸਾਡੇ ਉਸ ਵੱਡੇ ਪਰਿਵਾਰ ਦਾ ਨਾਂ ਹੈ।

ਵਿਰਸੇ ਦਾ ਸ੍ਵੈਮਾਣ ਬਰਾਬਰ, ਕਾਇਮ ਦਾਇਮ ਜਿੱਤ ਦਾ ਨਿਸ਼ਚਾ,
ਸੀਸ ਤਲੀ ਤੇ ਧਰ ਕੇ ਤੁਰਦੀ, ਬਿਜਲੀ ਜਹੀ ਰਫ਼ਤਾਰ ਦਾ ਨਾਂ ਹੈ।

ਹਿੰਮਤ, ਸਿਦਕ, ਦਲੇਰੀ ਚੌਥਾ, ਮਾਣ ਭਰਾਵਾਂ ਦਾ ਜੇ ਰਲ਼ ਜੇ,
ਹੱਕ ਸੱਚ ਤੇ ਇਨਸਾਫ਼ ਲੋੜਦੀ, ਨਿਰਭਉ ਸੋਚ ਵਿਚਾਰ ਦਾ ਨਾਂ ਹੈ।

ਜਬਰ ਜ਼ੁਲਮ ਦੇ ਸਦਾ ਸਾਹਮਣੇ, ਨਾ ਲਿਫ਼ਦੀ ਨਾ ਝੁਕਦੀ ਜਿਹੜੀ,
ਬਾਬਰ ਨੂੰ ਜੋ ਜਾਬਰ ਬੋਲੇ, ਮੇਰੀ ਗੁਰ-ਗੁਫ਼ਤਾਰ ਦਾ ਨਾਂ ਹੈ।

ਤੂੰ ਜੋ ਮਰਜ਼ੀ ਸਮਝ ਲਵੀਂ ਹੁਣ, ਗੀਤ ਗ਼ਜ਼ਲ ਕਵਿਤਾਵਾਂ ਕਹਿ ਲੈ,
ਮੇਰੇ ਲਈ ਤਾਂ ਕਰਜ਼ ਪੁਰਾਣਾ, ਸਿਰ ਤੋਂ ਉੱਤਰੇ ਭਾਰ ਦਾ ਨਾਂ ਹੈ।

1

ੋ

## ਸਾਰਾ ਜੰਗਲ ਸਾੜ ਲਿਆ ਹੈ

ਸਾਰਾ ਜੰਗਲ ਸਾੜ ਲਿਆ ਹੈ, ਸੋਚ ਜ਼ਰਾ ਕਿਉਂ ਆਪਾਂ ਖਹੀਏ?
ਕੂਕ ਰਹੇ ਨੇ ਬਾਂਸ ਦੇ ਬੂਟੇ, ਸਭ ਦੀ ਸੁਣੀਏ, ਸਭ ਦੀ ਸਹੀਏ।

ਪੱਤਝੜ ਵਾਲੀ ਕਥਾ ਕਰਦਿਆਂ ਝੜਦੇ ਪੱਤੇ ਬਹੁਤ ਗਿਣਾਏ,
ਵਕਤ ਫੁਟਾਰੇ ਦਾ ਜੇ ਆਇਐ, ਆ ਇਸ ਨੂੰ ਜੀ ਆਇਆਂ ਕਹੀਏ।

ਨਵੀਂ ਕਰੂੰਬਲ ਨਵਾਂ ਸੁਨੇਹਾ, ਨਵੇਂ ਸੁਪਨਿਆਂ ਨੂੰ ਖੰਭ ਲੱਗੇ,
ਕਿਸ ਮੰਜ਼ਿਲ ਵੱਲ ਜਾਣੈਂ ਆਪਾਂ, ਨਿਸ਼ਚਾ ਕਰੀਏ ਰਲ਼ ਕੇ ਬਹੀਏ।

ਸੱਜੇ ਹੱਥ ਨੂੰ ਖੱਬਾ ਜੇਕਰ ਸਾਥ ਨਾ ਦੇਵੇ ਤਾੜੀ ਦੇ ਲਈ,
ਏਦਾਂ ਹੀ ਰੂਹ ਬੇ-ਸੁਰ ਹੋਵੇ, ਦਿਨ ਤੇ ਰਾਤ ਗਵਾਚੇ ਰਹੀਏ।

ਕਦਮਾਂ ਦਾ ਸਮਤੋਲ ਜ਼ਰੂਰੀ, ਮੈਨੂੰ ਪੁੱਛੋ ਥਿੜਕੇ ਕੋਲੋਂ,
ਮਨ ਤੇ ਬੁੱਧੀ ਸੁਰਤਿ ਇਕਾਗਰ, ਰਲ ਕੇ ਤੋਰਨ ਚਾਰੇ ਪਹੀਏ।

ਮਾਂ ਧਰਤੀ ਤੇ ਜਣਨੀ ਦੇ ਸੰਗ ਮਾਂ ਬੋਲੀ ਵੀ ਕਦੇ ਨਾ ਵਿੱਸਰੇ,
ਦੇਸ਼, ਬਦੇਸ਼, ਸਮੁੰਦਰ ਟੱਪ ਕੇ, ਭਾਵੇਂ ਜਿੱਥੇ ਮਰਜ਼ੀ ਰਹੀਏ।

ਤੂੰ ਮੈਨੂੰ, ਮੈਂ ਤੈਨੂੰ ਜੇਕਰ ਹੁਣ ਤੀਕਰ ਵੀ ਮਿਲਿਆ ਨਹੀਂਉਂ,
ਵਿੱਛੜਿਆਂ ਹੀ ਮਰ ਨਾ ਜਾਈਏ, ਇੱਕ ਦੂਜੇ ਦੇ ਦਿਲ ਵਿੱਚ ਲਹੀਏ।

1

ੋ

## ਕਦੇ ਵੀ ਆਸ ਦੇ ਦੀਵੇ

ਕਦੇ ਵੀ ਆਸ ਦੇ ਦੀਵੇ, ਹਵਾ ਤੋਂ ਡਰਨ ਨਾ ਦੇਣਾ।
ਉਮੀਦਾਂ ਵਕਤ ਜੋ ਕਰਦੈ, ਕਦੇ ਵੀ ਮਰਨ ਨਾ ਦੇਣਾ।

ਹਨ੍ਹੇਰੀ ਰਾਤ ਹੈ, ਤੂਫ਼ਾਨ, ਝੱਖੜ, ਡੋਲਦੇ ਸਾਏ,
ਤੇ ਜਿਉਂਦੀ ਲਾਸ਼ ਵਾਂਗੂੰ ਦੋਸਤੀ ਨੂੰ ਤਰਨ ਨਾ ਦੇਣਾ।

ਸਿਰਾਂ ਤੇ ਸ਼ਾਮ ਹੈ, ਸੂਰਜ ਸਮੁੰਦਰ ਮਿਲਣ ਲੱਗੇ ਨੇ,
ਦਿਲਾਂ ਨੂੰ ਸਾਂਭਣਾ ਤੇ ਸਰਦ ਹੌਕਾ ਭਰਨ ਨਾ ਦੇਣਾ।

ਕਦੇ ਵੀ ਰਾਤ ਦੇ ਸਾਏ ਤੋਂ ਡਰ ਕੇ ਸਹਿਮ ਨਾ ਜਾਣਾ,
ਜਿਉਂਦੇ ਖ਼ਾਬ ਨੂੰ ਅਗਨੀ ਹਵਾਲੇ ਕਰਨ ਨਾ ਦੇਣਾ।

ਬੜੇ ਤੂਫ਼ਾਨ ਆਏ, ਆਉਣਗੇ ਵੀ ਹੋਰ ਚੜ੍ਹ ਚੜ੍ਹ ਕੇ,
ਦਿਲਾ ਤੂੰ ਹੌਸਲਾ ਰੱਖੀਂ, ਉਮੀਦਾਂ ਠਰਨ ਨਾ ਦੇਣਾ।

ਨਿਖ਼ਸਮੀ ਜੂਹ ਦੇ ਅੰਦਰ ਫਿਰਨ ਟੋਲੇ ਬੇਲਗਾਮੇ ਜੋ,
ਤੂੰ ਆਪਣੀ ਫ਼ਸਲ ਅੰਦਰ ਵਰਜ, ਏਥੇ ਚਰਨ ਨਾ ਦੇਣਾ।

ਕਦੇ ਜੇ ਔਣ ਉਹ ਪਲ, ਕਹਿਣ ਜੋ ਦੜ ਵੱਟ ਕੇ ਬਹਿ ਜਾ,
ਬਰੂੰਹੀਂ ਚੜ੍ਹਨ ਨਾ ਦੇਣਾ, ਕਦੇ ਵੀ ਸ਼ਰਨ ਨਾ ਦੇਣਾ।

1

## ੦
## ਚੀਕਦੇ ਸਾਰੇ ਕਿ ਇਹ ਤਾਂ ਰੱਜਿਆਂ

ਚੀਕਦੇ ਸਾਰੇ ਕਿ ਇਹ ਤਾਂ ਰੱਜਿਆਂ ਦੇ ਘਰ ਭਰੇ।
ਤਖ਼ਤ ਜਿੰਨ੍ਹਾਂ ਨੇ ਬਿਠਾਇਆ, ਨਾ ਕਰੇ ਖ਼ੁਸ਼, ਕੀ ਕਰੇ?

ਬੇਦਲੀਲੇ ਨਾਲ ਚਰਚਾ, ਬਹਿਸ ਹੁਣ ਮੈਂ ਕੀ ਕਰਾਂ,
ਸਮਝਦੈ ਮੂਰਖ਼ ਕਿ ਇਹ ਤਾਂ, ਕਾਇਰ ਹੈ, ਮੈਥੋਂ ਡਰੇ।

ਜਾਲ਼ ਵਿੱਚ ਸਾਡੇ ਹੀ ਜੀਅ ਨੇ, ਚੋਗ ਦੇ ਲਾਲਚ ਸ਼ਿਕਾਰ,
ਵਿਕਣ ਮਗਰੋਂ ਜਲ-ਪਰੀ ਫਿਰ ਪਾਣੀਆਂ ਵਿੱਚ, ਕੀਹ ਤਰੇ।

ਤੜਪਦੀ ਖ਼੍ਵਾਬਾਂ ਦੀ ਘੁੱਗੀ, ਤੀਰ ਵਿੰਨ੍ਹਦੇ ਆਰ ਪਾਰ,
ਕਿੰਨੇ ਸੂਰਜ ਚੜ੍ਹ ਕੇ ਲਹਿ ਗਏ, ਜ਼ਖ਼ਮ ਤਾਂ ਓਵੇਂ ਹਰੇ।

ਤੁਰਦਿਆਂ ਦੇ ਨਾਲ, ਤੁਰਦਾ ਕਾਫ਼ਲਾ ਯਾਰੋ ਹਮੇਸ਼,
ਬਾਹਰ ਚੱਲ, ਤੇ ਵੇਖ ਮੰਜ਼ਿਲ, ਬੈਠ ਨਾ ਛੁਪ ਕੇ ਘਰੇ।

ਨੀਲ ਗਊਆਂ, ਜਾਂਗਲੀ ਗਿੱਦੜ ਤੇ ਵੈਰੀ ਬੇ-ਸ਼ੁਮਾਰ,
ਇਹ ਆਵਾਰਾ ਵੱਗ ਮੁੜ ਮੁੜ ਫ਼ਸਲ ਕਿਉਂ ਸਾਡੀ ਚਰੇ?

ਗਰਜ਼ ਪਿੱਛੇ ਰਾਤ ਨੂੰ ਨਾ ਰਾਤ, ਚਿੱਟਾ ਦਿਨ ਕਹੇ,
ਮਰਨ ਤੋਂ ਪਹਿਲਾਂ ਹੀ ਬੰਦਾ, ਏਸ ਮੌਤੇ ਕਿਉਂ ਮਰੇ?

ਤੂੰ ਵੀ ਲਾਹ ਦੇ ਘੁੰਡ, ਕਹਿ ਦੇ ਚੋਰ ਨੂੰ ਤੂੰ ਚੋਰ ਹੁਣ,
ਉਹ ਤਾਂ ਆ ਕੇ ਬਹਿ ਗਿਆ ਹੁਣ, ਮੱਲ ਬੈਠਾ ਚੌਂਤਰੇ।

ਵਰਕਿਆਂ ਤੇ ਰੰਗ ਭਰ ਦੇ ਬਣ ਸਮੇਂ ਦਾ ਚਿਤਰਕਾਰ,
ਮੈਂ ਤਾਂ ਲਿਖ 'ਤੇ ਤਾਣ ਲਾ ਕੇ, ਸ਼ਬਦ ਜੋ ਮੈਥੋਂ ਸਰੇ।

1

## ੦
## ਮੈਂ ਅੱਖੀਂ ਤੱਕਿਐ ਕਈ ਵਾਰੀ

ਮੈਂ ਅੱਖੀਂ ਤੱਕਿਐ ਕਈ ਵਾਰੀ, ਬੱਦਲ ਵੀ ਮੁਹੱਬਤਾਂ ਕਰਦੇ ਨੇ।
ਪਰ ਧਰਤੀ ਵਾਲੇ ਰੂਹ ਉੱਤੇ ਕਿਉਂ ਪਾਉਂਦੇ ਰਹਿੰਦੇ ਪਰਦੇ ਨੇ।

ਇਹ ਪਤਾ ਨਹੀਂ ਚੌਗਿਰਦਾ ਹੈ ਜਾਂ ਮਨ ਕਮਜ਼ੋਰਾ, ਖ਼ਬਰ ਨਹੀਂ,
ਦਿਲ ਤੇਜ਼ ਧੜਕਦਾ ਮਿਲਣ ਸਾਰ, ਕਿਉਂ ਠੰਢੇ ਹੌਕੇ ਭਰਦੇ ਨੇ।

ਨਿਰਛਲ ਨਿਰਕਪਟ ਵਿਕਾਰਹੀਣ, ਸੁੱਚੀ ਵੀ ਮੁਹੱਬਤ ਹੁੰਦੀ ਹੈ,
ਇਹ ਅਗਨੀ ਵਸਤਰਹੀਣ ਭਲੀ, ਮਾਨਣ ਤੋਂ ਸਾਰੇ ਡਰਦੇ ਨੇ।

ਰਸਮਾਂ ਦੀ ਕੈਦਣ ਧਰਤੀ ਇਹ, ਜਿਸਮਾਂ ਦੀ ਗੁਲਾਮੀ ਕਰਦੀ ਹੈ,
ਇਹ ਬਿਰਖ਼ ਬਰੂਟੇ, ਜੰਤ ਜੀਵ ਸਭ ਰੂਹ ਦਾ ਹਾਣੀ ਵਰਦੇ ਨੇ।

ਸੁਪਨੇ ਤੇ ਰੀਝਾਂ ਘੁੱਗੀਆਂ ਜਹੇ, ਮਾਸੂਮ ਪਰਿੰਦੇ ਵਾਂਗ ਨਿਰੇ,
ਇਨ੍ਹਾਂ ਦੇ ਕਾਤਲ ਵੇਖੇ ਮੈਂ, ਖ਼ੁਦ ਆਪਣੇ ਹੱਥੋਂ ਹਰਦੇ ਨੇ।

ਇਹ ਸਤਰੰਗੀ ਜੋ ਪੀਂਘ ਦਿਸੇ ਤੇ ਆਭਾ ਮੰਡਲ ਰਿਸ਼ਮਾਂ ਦਾ,
ਕਿਰਨਾਂ ਦਾ ਮੇਲਾ, ਧਰਮ ਨਾਲ ਇਹ ਸਭ ਜੀਅ ਮੇਰੇ ਘਰ ਦੇ ਨੇ।

ਆ ਕੁੱਛੜ ਚੜ੍ਹੀਏ ਕੁਦਰਤ ਦੀ ਸਭ ਭੁੱਲ ਭੁਲਾ ਕੇ ਵਲਗਣੀਆਂ,
ਜੋ ਰੂਹ ਦੇ ਘੁੰਗਰੂ ਸੁਣਦੇ ਨਾ, ਓਹੀ ਤਾਂ ਸਦਮੇ ਜਰਦੇ ਨੇ।

1

o

## ਸੁਣਿਆ ਸੀ ਰੁੱਤਾਂ ਇੱਕਸਾਰ

ਸੁਣਿਆ ਸੀ ਰੁੱਤਾਂ ਇੱਕਸਾਰ ਨਹੀਂਉਂ ਰਹਿੰਦੀਆਂ।
ਸਾਡੇ ਪਿੱਛੋਂ ਫੇਰ ਕਿਉਂ ਬਲਾਮਤਾਂ* ਨਹੀਂ ਲਹਿੰਦੀਆਂ।

ਧੁੱਪਾਂ, ਛਾਵਾਂ, ਰਾਤ, ਦਿਨ ਫੇਰ ਨੂੰ ਵੀ ਜਾਣ ਲੈ,
ਨਦੀਆਂ ਵੀ ਸਦਾ ਇੱਕਸਾਰ ਨਹੀਂਉਂ ਵਹਿੰਦੀਆਂ।

ਮਨ 'ਚ ਤਰੰਗਾਂ ਤੇ ਉਮੰਗਾਂ ਰੱਖੀਂ ਕਾਇਮ ਤੂੰ,
ਭਾਵੇਂ ਇਹ ਵਦਾਨ ਦੀਆਂ ਸੱਟਾਂ ਰਹਿਣ ਸਹਿੰਦੀਆਂ।

ਧਰਤੀ ਧਰੇਕਾਂ ਧੀਆਂ ਹੰਝੂਆਂ ਦੀ ਜੂਨ 'ਚ,
ਮਾਂਗ 'ਚ ਸੰਧੂਰ ਤੇ ਉਦਾਸ ਹੱਥੀਂ ਮਹਿੰਦੀਆਂ।

ਬਣਨਾ ਸੀ ਜਿੰਨ੍ਹਾਂ ਇੱਕ ਦੂਸਰੇ ਲਈ ਆਸਰਾ,
ਬਾਹਵਾਂ ਇੱਕ ਦੂਜੇ ਨਾਲ ਐਵੇਂ ਰਹਿਣ ਖਹਿੰਦੀਆਂ।

ਪੱਬਾਂ ਭਾਰ ਬਹਿਣ ਲਈ ਜ਼ਮੀਨ ਲਿੱਸੇ ਵਾਸਤੇ,
ਕੁਰਸੀਆਂ ਸਦਾ ਬਲਵਾਨ ਦੇ ਲਈ ਡਹਿੰਦੀਆਂ।

ਮਰ ਜਾਵੇ ਅੰਦਰੋਂ ਤੇ ਬਾਹਰੋਂ ਉਦੋਂ ਆਦਮੀ,
ਮਨ ਵਾਲੇ ਕਿਲ੍ਹੇ ਦੀਆਂ ਕੰਧਾਂ ਜਦੋਂ ਢਹਿੰਦੀਆਂ।

1

o

## ਬਿਨ ਮਿਲਿਆਂ ਤੂੰ ਮੇਰੇ ਦਿਲ ਦੀ

ਬਿਨ ਮਿਲਿਆਂ ਤੂੰ ਮੇਰੇ ਦਿਲ ਦੀ, ਬਾਤ ਕਿਸ ਤਰ੍ਹਾਂ ਕਹਿ ਜਾਂਦਾ ਏਂ?
ਰੂਹ ਦੇ ਧੁਰ ਅੰਦਰ ਬਿਨ ਪੌੜੀ, ਦੱਸੀਂ ਕਿੱਸਰਾਂ ਲਹਿ ਜਾਂਦਾ ਏਂ?

ਸੁਪਨੇ ਅੰਦਰ ਦਸਤਕ ਦੇ ਕੇ, ਉਹਨੀਂ ਪੈਰੀਂ ਮੁੜ ਹੈਂ ਜਾਂਦਾ,
ਓਸੇ ਨਾਲ ਗੁਫ਼ਤਗੂ ਮੇਰੀ, ਜਿੰਨਾ ਪਿੱਛੇ ਰਹਿ ਜਾਂਦਾ ਏਂ।

ਅਪਣੇ ਚਿਹਰੇ ਅੰਦਰ ਮੈਨੂੰ, ਇੰਜ ਲੱਗਦਾ ਏ ਤੂੰ ਵੀ ਹਾਜ਼ਰ,
ਸ਼ੀਸ਼ੇ ਅੰਦਰ ਚੁੱਪ ਚੁਪੀਤੇ, ਕਿਹੜੇ ਵੇਲੇ ਬਹਿ ਜਾਂਦਾ ਏਂ।

ਪੀੜ-ਪਰੁੱਚੇ ਸ਼ਬਦਾਂ ਦੱਸਿਐ, ਅਗਨ-ਕੁਠਾਲੀ ਪੈਣਾ ਪੈਂਦੈ,
ਧੰਨ ਜਿਗਰਾ ਤੂੰ ਸਾਡੀ ਖ਼ਾਤਰ, ਕਿੰਨੇ ਸਦਮੇ ਸਹਿ ਜਾਂਦਾ ਏਂ।

ਇਹ ਦਸਤੂਰ ਪੁਰਾਣਾ ਅੱਗ ਦਾ, ਨੇੜੇ ਆਇਆ ਭਸਮ ਕਰੇਗੀ,
ਭੰਬਟ ਬਣ ਕਿਉਂ ਉੱਡਿਆ ਆਉਨੈਂ, ਸਿੱਧ ਮ ਸਿੱਧਾ ਖਹਿ ਜਾਂਦਾ ਏਂ?

ਪੀੜ ਪਹਾੜੋਂ ਭਾਰੀ ਕਿੱਦਾਂ, ਚੁੱਕਣ ਮਗਰੋਂ ਤਰਲ ਕਰੇਂ ਤੂੰ,
ਪਲਕਾਂ ਦੇ ਓਹਲੇ ਨਾ ਟਿਕਦਾ, ਅੱਥਰੂ ਬਣ ਕੇ ਵਹਿ ਜਾਂਦਾ ਏਂ।

ਮੇਰਾ ਉੱਤਰ ਸਮਝ ਲਵੀਂ ਤੂੰ, ਸ਼ਬਦ-ਗਵਾਹੀ ਮੈਂ ਨਾ ਪਾਵਾਂ,
ਹਰ ਸਾਹ ਸਮਝ ਸਮਰਪਿਤ ਉਹਨੂੰ, ਬਿਨ ਬੋਲੇ ਜੋ ਕਹਿ ਜਾਂਦਾ ਏਂ।

1

o

## ਢੇਰੀ ਢਾਹ ਕੇ ਬਹਿ ਜਾਂਦਾ ਏਂ

ਢੇਰੀ ਢਾਹ ਕੇ ਬਹਿ ਜਾਂਦਾ ਏਂ, ਏਸ ਤਰ੍ਹਾਂ ਨਾ ਕਰਿਆ ਕਰ ਤੂੰ।
ਮਰਨ-ਦਿਹਾੜਾ ਜੇਕਰ ਮਿਥਿਆ, ਜੀਂਦੇ ਜੀਅ ਨਾ ਮਰਿਆ ਕਰ ਤੂੰ।

ਆਪੇ ਕਹਿੰਦੈਂ, ਚਾਰ ਦਿਹਾੜੇ, ਇਹ ਜ਼ਿੰਦਗਾਨੀ, ਭਰਮ ਬੁਲਬੁਲਾ,
ਕੂੜ, ਕੁਫ਼ਰ ਜੇ ਮਿਲਖ਼ ਜਾਗੀਰਾਂ, ਨਾ ਝੋਲ਼ੀ ਵਿੱਚ ਭਰਿਆ ਕਰ ਤੂੰ।

ਜੰਗਲ ਦੇ ਵਿੱਚ ਰਾਤ ਪਵੇ ਜੇ, ਦਿਨ ਵੀ ਚੜ੍ਹਦੈ ਓਸੇ ਥਾਂ ਤੇ,
ਬਿਰਖ਼ ਬਰੂਟੇ ਤੇਰੇ ਸੰਗ ਨੇ, ਐਵੇਂ ਹੀ ਨਾ ਡਰਿਆ ਕਰ ਤੂੰ।

ਇਹ ਉਪਦੇਸ਼ ਭੁਲਾਇਆ ਨਾ ਕਰ, ਸਭ ਦੀ ਸੁਣੀਏ, ਸਭ ਨੂੰ ਕਹੀਏ,
ਗੁੰਗਿਆ ਤੂੰ ਤੇ ਚੁੱਪ ਕਰ ਜਾਦੈਂ, ਸ਼ਬਦ-ਹੁੰਗਾਰਾ ਭਰਿਆ ਕਰ ਤੂੰ।

ਜੇ ਦਰਿਆ ਵਿੱਚ ਪਾਣੀ ਚੜ੍ਹਿਆ, ਬੈਠਾ ਵੀ ਤਾਂ ਰੁੜ੍ਹ ਜਾਵੇਂਗਾ,
ਮਿੱਟੀ ਬਣ ਕੇ ਖ਼ੁਰ ਜਾਵੇਂਗਾ, ਪੈਰ ਅਗਾਂਹ ਨੂੰ ਧਰਿਆ ਕਰ ਤੂੰ।

ਮਰਦ ਕਹਾਵੇਂ, ਮਰਦਾ ਕਿਉਂ ਏਂ, ਹਰ ਮਸਲੇ ਦਾ ਹੱਲ ਹੁੰਦਾ ਹੈ,
ਤੇਰੇ ਸੰਗ ਇਤਿਹਾਸ ਖੜ੍ਹਾ ਹੈ, ਜਿੱਤ ਕੇ ਨਾ ਇੰਜ ਹਰਿਆ ਕਰ ਤੂੰ।

ਤੂੰ ਧਰਤੀ ਤੋਂ ਸਬਕ ਲਿਆ ਕਰ, ਇਹ ਵੀ ਤਾਂ ਡੋਲੇ ਤੇ ਸੰਭਲੇ,
ਜੇ ਘਿਰ ਜਾਵੇਂ 'ਕੱਲ੍ਹਾ ਕਿਧਰੇ, ਇਹ ਸਦਮੇ ਵੀ ਜਰਿਆ ਕਰ ਤੂੰ।

1

o

## ਜ਼ਿੰਦਗੀ ਤੇਰੇ ਵਰਗੇ ਸੱਜਣ

ਜ਼ਿੰਦਗੀ ਤੇਰੇ ਵਰਗੇ ਸੱਜਣ ਸਾਰੇ ਨਹੀਂ ਹੁੰਦੇ।
ਕਰਦੇ ਜੋ ਇਕਰਾਰ, ਕਦੇ ਉਹ ਲਾਰੇ ਨਹੀਂ ਹੁੰਦੇ।

ਸੜਕਾਂ ਕੰਢੇ ਪਲ਼ਦੇ ਬਾਲ ਝਲੂੰਗੀ ਅੰਦਰ ਜੋ,
ਕਿਹੜਾ ਕਹਿੰਦੈ, ਮਾਂ ਦੀ ਅੱਖ ਦੇ ਤਾਰੇ ਨਹੀਂ ਹੁੰਦੇ।

ਝੁੱਗੀਆਂ ਨਾਲ ਨਿਭਾਉਂਦੇ ਯਾਰੀ ਕੱਖ ਤੇ ਕਾਨੇ ਹੀ,
ਏਥੇ ਵੱਸਦੇ ਲੋਕੀਂ ਕਦੇ ਵਿਚਾਰੇ ਨਹੀਂ ਹੁੰਦੇ।

ਮਨ ਦੇ ਉੱਤੇ ਬਹਿ ਜਾਂਦੇ ਨੇ ਪਰਬਤ ਪੀੜਾਂ ਦੇ,
ਅੱਖੀਓਂ ਕਿਰਦੇ ਅੱਥਰੂ ਬਹੁਤੇ ਭਾਰੇ ਨਹੀਂ ਹੁੰਦੇ।

ਏਥੇ ਤਾਂ ਹਰ ਬਿਰਖ਼ ਮੌਲਦਾ, ਖਿੜਨਾ ਚਾਹੁੰਦਾ ਹੈ,
ਮਨ ਦੇ ਬਾਗ ਬਗੀਚੇ ਅੰਦਰ ਆਰੇ ਨਹੀਂ ਹੁੰਦੇ।

ਸਿਖ਼ਰ ਪਰਬਤੀਂ ਚੜ੍ਹਦੇ ਜੇਕਰ ਰਾਹੀਂ ਬੈਠ ਗਏ,
ਥੱਕ ਸਕਦੇ ਨੇ, ਪਰ ਇਹ ਲੋਕੀਂ, ਹਾਰੇ ਨਹੀਂ ਹੁੰਦੇ।

ਦਿਲ ਦਰਿਆ, ਮਨ ਸਾਗਰ, ਪਾਣੀ ਸਾਰਾ ਨਿਰਮਲ ਹੈ,
ਧਰਤੀ ਉੱਤੇ ਸਗਲ ਸਮੁੰਦਰ ਖ਼ਾਰੇ ਨਹੀਂ ਹੁੰਦੇ।

1

o

## ਮੈਂ ਜੋ ਆਖਿਐ, ਉਹ ਮੇਰਾ ਹੈ

ਮੈਂ ਜੋ ਆਖਿਐ, ਉਹ ਮੇਰਾ ਹੈ, ਇਸ ਗੱਲ ਤੋਂ ਇਨਕਾਰ ਨਹੀਂ।
ਤੂੰ ਜੋ ਸੁਣਿਐਂ, ਮੈਂ ਤਾਂ ਸੱਜਣਾ, ਉਸਦਾ ਜ਼ਿੰਮੇਵਾਰ ਨਹੀਂ।

ਹੋ ਸਕਦੈ ਤੂੰ ਪੱਥਰ ਹੋਵੇਂ, ਖ਼ੁਦ ਨੂੰ ਸਮਝ ਲਵੇਂ ਹੀਰਾ,
ਕੌਡੀ ਮੁੱਲ ਨਾ ਤੇਰਾ ਬੰਦਿਆ, ਜੇਕਰ ਰੂਹ ਤੇ ਭਾਰ ਨਹੀਂ।

ਲੰਘ ਜਾਵੇਂ ਕਰ ਪੌਣ ਸਵਾਰੀ, ਮਿਲਿਆ ਕਰ ਖ਼ੁਸ਼ਬੋਈ ਵਾਂਗ,
ਬਹੁਤ ਮਹੀਨ ਹੈ ਪਰਦਾ ਭਾਵੇਂ, ਵਿੱਚ ਕੋਈ ਦੀਵਾਰ ਨਹੀਂ।

ਗਰਜ਼ਾਂ ਖ਼ਾਤਰ, ਮੰਡੀ ਅੰਦਰ ਵਿਕਿਆ ਨਾ ਕਰ ਸੌਦੇ ਵਾਂਗ,
ਗੀਂਘਣ ਦੀ ਜੋ ਆਦਤ ਪਾ ਲਏ, ਬਣਦਾ ਕਦੇ ਉਡਾਰ ਨਹੀਂ।

ਬਿਨ ਹੱਡੀਆਂ ਤੋਂ ਕਾਹਦਾ ਬੰਦਾ, ਨਿਰਾ ਗੰਡੋਆ ਆਖ ਲਵੋ,
ਸ਼ਬਦ ਸਿਰਜਣਾ ਬਣਦੇ ਨਹੀਂਓਂ, ਜੇਕਰ ਸੋਚ ਵਿਚਾਰ ਨਹੀਂ।

ਝੋਰੇ ਝੁਰਦਾ ਖ਼ੁਰ ਚੱਲਿਆ ਹੈਂ, ਕੱਚੇ ਪਰਬਤ ਵਾਂਗ ਕਿਓਂ,
ਰਿੜ੍ਹਦਾ, ਰੁੜ੍ਹਦਾ, ਮੁੱਕ ਜਾਵੇਂਗਾ, ਇਸ ਤੋਂ ਵੱਡੀ ਹਾਰ ਨਹੀਂ।

ਖਿੱਲਰ ਪੁੱਲਰ ਚੱਲੇ ਪੰਛੀ, ਕਿਸ ਮੰਜ਼ਿਲ ਦੇ ਰਾਹੀ ਇਹ,
ਜੀਣ ਮਰਨ ਜੇ ਇੱਕ ਨਾ ਹੋਵੇ, ਕਹਿੰਦਾ ਕੋਈ ਡਾਰ ਨਹੀਂ।

1

o

## ਚੱਲ ਘੁਮਿਆਰਾ ਗੁੰਨ੍ਹ ਕੇ ਮਿੱਟੀ

ਚੱਲ ਘੁਮਿਆਰਾ ਗੁੰਨ੍ਹ ਕੇ ਮਿੱਟੀ, ਦੀਵੇ ਘੜ ਦੇ ਚਾਨਣ ਲਈ।
ਤੂੰ ਧਰਤੀ ਤੇ ਦੂਜਾ ਰੱਬ ਹੈਂ, ਉਮਰਾਂ ਲੱਗੀਆਂ ਜਾਨਣ ਲਈ।

ਚੀਨ ਦੀਆਂ ਲੜੀਆਂ ਦਾ ਭਾਵੇਂ ਚਾਨਣ ਮਿਲਦਾ ਸਸਤੇ ਭਾਅ,
ਮੈਂ ਤਾਂ ਦੀਵੇ ਬਾਲ਼ ਹਨ੍ਹੇਰਾ ਮੇਟੂੰ, ਫ਼ਰਜ਼ ਪਛਾਨਣ ਲਈ।

ਪਵਨ ਗੁਰੂ ਨੂੰ ਗੰਧਲਾ ਨਾ ਕਰ, ਸ਼ਾਮ ਢਲੀ ਤੇ ਰਾਤ ਪਿਆਂ,
ਕੁੱਲ ਆਲਮ ਵਿੱਚ ਖੁਸ਼ੀਆਂ ਵੰਡ ਤੂੰ, ਮਿਲੀਆਂ ਨੇ ਜੋ ਮਾਨਣ ਲਈ।

ਦੀਵੇ ਨਾਲ ਮੁਹੱਬਤ ਕਰਨੀ, ਚੇਤੇ ਰੱਖ ਕੇ, ਇਸ ਗੱਲ ਨੂੰ,
ਜੋ ਖ਼ਰਚਾਂਗਾ ਵਸਤਰ ਬਣਨਾ, ਇੱਕ ਕਿਰਤੀ ਦੀ ਹਾਨਣ ਲਈ।

ਰੌਸ਼ਨੀਆਂ ਦਾ ਜਾਲ ਪਸਾਰਾਂ, ਨਾਲ ਹਨ੍ਹੇਰੇ ਲੜਨ ਲਈ,
ਇਹ ਜ਼ਿੰਦਗਾਨੀ ਮਿਲਦੀ ਨਹੀਂਓਂ, ਐਵੇਂ ਮਿੱਟੀ ਛਾਨਣ ਲਈ।

ਹਰੇ ਕਚੂਰ ਛਤਰ ਦੀ ਛਾਵੇਂ, ਜੇ ਬਹਿਣਾ ਤਾਂ ਫ਼ਿਕਰ ਕਰੋ,
ਸੰਘਣੇ ਵਣ ਹਰਿਆਲੇ ਲਾਉ, ਸਿਰ ਤੇ ਛਤਰੀ ਤਾਨਣ ਲਈ।

ਨਿਸ਼ਚਾਧਾਰੀ ਦੀ ਜਿੱਤ ਹੋਵੇ, ਆਦਿ ਕਾਲ ਤੋਂ ਅੱਜ ਦੇ ਤੀਕ,
ਹੋਰ ਕੁਵੇਲ਼ਾ ਕਰ ਨ ਬਹਿਣਾ, ਮਨ ਵਿੱਚ ਪੱਕੀ ਠਾਨਣ ਲਈ।

1

0

## ਜਬਰ ਜ਼ੁਲਮ ਦੀ ਪੀਂਘ ਸਿਖ਼ਰ

ਜਬਰ ਜ਼ੁਲਮ ਦੀ ਪੀਂਘ ਸਿਖ਼ਰ ਜਦ ਪਹੁੰਚੇ ਅੱਤਿਆਚਾਰਾਂ ਤੇ।
ਕਲਮਾਂ ਵਾਲਿਆ! ਉਸ ਪਲ ਸੂਈ ਧਰਿਆ ਕਰ ਸਰਕਾਰਾਂ ਤੇ।

ਸਬਰ ਸਿਦਕ ਸੰਤੋਖ ਸਰੋਵਰ, ਜਦ ਕੰਢਿਆਂ ਤੋਂ ਭਰ ਜਾਵੇ,
ਤੁਰ ਪੈਂਦੇ ਨੇ ਲੋਕ ਉਦੋਂ ਹੀ, ਤਰਲਿਆਂ ਤੋਂ ਹਥਿਆਰਾਂ ਤੇ।

ਕੁੱਲੀ ਗੁੱਲੀ ਜੁੱਲੀ ਤੋਂ ਬਿਨ, ਗਿਆਨ-ਜੋਤ ਵੀ ਚਾਹੀਦੀ,
ਤਰਸ ਨਾ ਏਦਾਂ ਕਰਿਆ ਕਰ ਤੂੰ, ਪਿੰਜਰੇ ਪਾਏ ਸ਼ਿਕਾਰਾਂ ਤੇ।

ਨਬਜ਼ ਸਮੇਂ ਦੀ ਟੋਹਣੀ ਭੁੱਲ ਗਏ, ਵੈਦ ਹਕੀਮ ਸਿਆਣੇ ਸਭ,
ਬਲ਼ਦੇ ਅੱਖਰ ਤਾਹੀਉਂ ਡੁਸਕਣ, ਰੱਤ ਭਿੱਜੀਆਂ ਅਖ਼ਬਾਰਾਂ ਤੇ।

ਲਾਠੀ ਤੇ ਬੰਦੂਕ ਦੀ ਗੋਲ਼ੀ, ਜਦ ਕਿਧਰੇ ਵੀ ਫ਼ਰਕ ਕਰੇ,
ਨਿਕਲ ਪਵੇ ਕਿਰਪਾਨ ਮਿਆਨੋਂ, ਰੱਤ ਚਮਕੇ ਫਿਰ ਧਾਰਾਂ ਤੇ।

ਮਰਜ਼ਾਂ ਬਣ ਕੇ ਫ਼ਰਜ਼ ਖੜ੍ਹੇ ਨੇ ਹਸਪਤਾਲ ਦੇ ਬੂਹੇ ਤੇ,
ਰਹਿਮ ਹਕੂਮਤ ਇਹ ਕੀ ਕੀਤਾ ਕਮਜ਼ੋਰਾਂ ਲਾਚਾਰਾਂ ਤੇ।

ਵਕਤ ਹਿਸਾਬ ਬਰਾਬਰ ਰੱਖਦੈ, ਦੇਰ ਸਵੇਰ, ਹਨ੍ਹੇਰ ਨਹੀਂ,
ਪੜ੍ਹਿਆ ਕਰ ਤੂੰ ਇਹ ਵੀ ਸਤਰਾਂ, ਵਕਤ ਦੀਆਂ ਦੀਵਾਰਾਂ ਤੇ।

1

0

## ਕਿਸ ਦਰਵਾਜ਼ੇ ਦੀਪ ਧਰਾਂ ਮੈਂ

ਕਿਸ ਦਰਵਾਜ਼ੇ ਦੀਪ ਧਰਾਂ ਮੈਂ, ਮਨ ਮਸਤਕ ਵਿਚ 'ਨ੍ਹੇਰ ਪਿਆ ਹੈ।
ਸਮਝ ਪਵੇ ਨਾ ਕਿੱਥੋਂ ਛੋਹਾਂ, ਕੰਮ ਤਾਂ ਹਾਲੇ ਢੇਰ ਪਿਆ ਹੈ।

ਮਨ ਦਾ ਮੈਲ਼ਾ ਸ਼ੀਸ਼ਾ ਕੀ ਮੈਂ, ਸਾਫ਼ ਕਰ ਲਿਆ, ਉਲਝ ਗਿਆ ਹਾਂ,
ਕਿੰਨਾ ਕੁਝ ਹੀ ਬੇ-ਤਰਤੀਬਾ, ਰੂਹ ਦੇ ਚਾਰ ਚੁਫ਼ੇਰ ਪਿਆ ਹੈ।

ਹਰ ਵਾਰੀ ਦੀਵਾਲੀ ਦੀਵੇ, ਮਨੋਂ ਹਨ੍ਹੇਰ ਮਿਟਾਉਂਦੇ ਕਿਉਂ ਨਾ,
ਕਾਵਾਂ ਰੌਲੀ, ਝੁਰਮਟ ਕੈਸਾ, ਮੇਰੇ ਗ਼ਲ਼ ਵਿਚ ਫੇਰ ਪਿਆ ਹੈ।

ਸੂਰਜ, ਚੰਨ, ਸਿਤਾਰੇ, ਦੀਵੇ, ਬਿਜਲੀ ਵਾਲੇ ਲਾਟੂ, ਜੁਗਨੂੰ,
ਸਭਨਾਂ ਦੇ ਪਿੱਛੇ ਹੱਥ ਧੋ ਕੇ, ਕਿਉਂ ਕਲ਼ਮੂੰਹਾਂ 'ਨ੍ਹੇਰ ਪਿਆ ਹੈ।

ਹਾਲੇ ਤੀਕ ਅਯੁੱਧਿਆ ਮਨ ਦੀ, ਯੁੱਧ ਤੋਂ ਮੁਕਤ ਕਿਉਂ ਨਾ ਹੋਈ,
ਇਸ ਦੇ ਅੰਦਰ ਮਸਜਿਦ ਮੰਦਿਰ, ਕਿਉਂ ਖ਼ਤਰੇ ਦਾ ਘੇਰ ਪਿਆ ਹੈ।

ਕੁਦਰਤ ਰਹਿਮਤ ਵੰਡਦੀ, ਭਰਦੀ ਸੱਖਣੀ ਝੋਲ ਅਜ਼ਲ ਤੋਂ ਭਾਵੇਂ,
ਬੇਹਿੰਮਤੇ ਨੂੰ ਕਿਹੜਾ ਦੱਸੇ, ਤੇਰੀ ਥਾਲ਼ੀ ਬੇਰ ਪਿਆ ਹੈ।

ਇੱਕੋ ਥਾਂ ਤੇ ਏਨੇ ਦੀਵੇ, ਜਗਣ ਨਿਰੰਤਰ, ਧਰਤੀ ਚਿਹਰਾ,
ਰੂਪ ਜਿਵੇਂ ਫੁਲਕਾਰੀ ਸਿਰ ਤੇ, ਸੱਜਰੀ ਸੁਰਖ਼ ਸਵੇਰ ਪਿਆ ਹੈ।

1

## ੦
## ਤੱਕ ਲੈ ਬੁੱਲ੍ਹਿਆ ਧਰਮਾਂ ਵਾਲੇ

ਤੱਕ ਲੈ ਬੁੱਲ੍ਹਿਆ ਧਰਮਾਂ ਵਾਲੇ, ਕੈਸੀ ਅਮਰਵੇਲ ਨੇ ਘੇਰੇ।
ਧਰਮਸਾਲ ਵਿੱਚ ਵੱਜਦੇ ਧਾੜੇ, ਬੁੱਢੇ ਚੋਰ ਮਸੀਤੀਂ ਡੇਰੇ।

ਹੁਕਮਰਾਨ ਦੀ ਛਤਰੀ ਥੱਲੇ, ਸਬਜ਼ ਕਬੂਤਰ ਕਰਨ ਗੁਟਰਗੂੰ,
ਹਰੀਅਲ ਜਿਹੜੀ ਬੋਲੀ ਬੋਲਣ, ਬਿਲਕੁਲ ਸਮਝ ਪਵੇ ਨਾ ਮੇਰੇ।

ਔਂਸੀਆਂ ਪਾ ਕੇ ਕੌਣ ਉਡੀਕੇ, ਰਿਸ਼ਤੇ ਬਣੇ ਮਸ਼ੀਨੀ ਵਸਤੂ,
ਚੂਰੀ ਕਿਸ ਨੂੰ ਕੁੱਟ ਕੇ ਪਾਈਏ, ਹੁਣ ਨਾ ਬਹਿੰਦੇ ਕਾਗ ਬਨੇਰੇ।

ਉਲਝ ਗਈ ਹੈ ਤਾਣੀ ਏਨੀ, ਲੱਭਦਾ ਹੀ ਨਾ ਤਾਣਾ-ਪੇਟਾ,
ਕੱਲ੍ਹਿਆਂ ਇਹ ਸੁਲਝਾਉਣੀ ਔਖੀ, ਨਾ ਵੱਸ ਤੇਰੇ ਨਾ ਵੱਸ ਮੇਰੇ।

ਧਰਮ ਅਤੇ ਇਖ਼ਲਾਕ ਦੇ ਰਾਖੇ, ਬਣ ਬੈਠੇ ਨੇ ਸ਼ਸਤਰਧਾਰੀ,
ਦਾਨਿਸ਼ਵਰ ਦੀ ਦਾਨਿਸ਼ ਨੂੰ ਹੁਣ, ਪੈ ਗਏ ਚਾਰ ਚੁਫ਼ੇਰਿਓਂ ਘੇਰੇ।

ਧਰਤੀ ਦੇ ਸਭ ਮਾਲ ਖ਼ਜ਼ਾਨੇ, ਲੁੱਟਣ ਪੁੱਟਣ ਵਾਲਾ ਟੋਲਾ,
ਦੇਸ਼ ਦੀ ਮੰਦੜੀ ਹਾਲਤ ਕਰਕੇ, ਮਣ ਮਣ ਮੋਟੇ ਅੱਥਰੂ ਕੇਰੇ।

ਤਨ ਤਾਂ ਏਥੇ, ਮਨ ਪਰਦੇਸੀ, ਸਾਰਾ ਵਤਨ ਪਰਾਇਆ ਜਾਪੇ,
ਝੂਠਾ ਝੂਠਾ ਸੂਰਜ ਲੱਗਦੈ, ਲਹਿੰਦਾ ਚੜ੍ਹਦਾ ਸ਼ਾਮ ਸਵੇਰੇ।

1

## ੦
## ਕੀ ਦੱਸਾਂ ਨੀ ਖੁਸ਼ਬੂ ਜਹੀਏ

ਕੀ ਦੱਸਾਂ ਨੀ ਖੁਸ਼ਬੂ ਜਹੀਏ, ਮੈਂ ਤੇ ਹਰ ਪਲ ਏਹੋ ਚਾਹਵਾਂ।
ਕੰਡੇ ਕੰਡੇ ਆਪ ਚੁਗਾਂ ਤੇ ਹਰ ਫੁੱਲ ਤੇਰੀ ਝੋਲੀ ਪਾਵਾਂ।

ਜ਼ਿੰਦਗੀ ਦੇ ਉਪਰਾਮ ਪਲਾਂ ਨੂੰ ਚੂਸ ਲਵਾਂ ਸ਼ਿਵ ਰੂਪ ਧਾਰ ਕੇ,
ਰੂਹ ਦੇ ਨਗਨ ਵਜੂਦ ਨੂੰ ਜਿੰਦੇ ਸਿਖ਼ਰ ਪਹਾੜੀਂ ਨਾਚ ਨਚਾਵਾਂ।

ਕਈ ਜਨਮਾਂ ਦੇ ਹਿਜਰਾਂ ਮਗਰੋਂ, ਵਸਲ ਦੀਆਂ ਦੋ ਘੜੀਆਂ ਮਿਲੀਆਂ,
ਮੈਂ ਜਿੰਦੜੀ ਦਾ ਮਾਸ ਖੁਆ ਕੇ, ਕਿਉਂ ਸ਼ਿਕਰੇ ਨੂੰ ਯਾਰ ਬਣਾਵਾਂ।

ਚਾਰ ਚੁਫ਼ੇਰੇ ਭੀੜ ਬੜੀ ਹੈ, ਵੰਨ ਸੁਵੰਨੇ ਸ਼ੋਰ ਦਾ ਜੰਗਲ,
ਮਨ ਦਾ ਮੋਰ ਧਰਤ ਨੂੰ ਸਹਿਕੇ, ਕਿਹੜੀ ਥਾਂ ਤੇ ਪੈਲਾਂ ਪਾਵਾਂ।

ਪੱਤਝੜ ਦੇ ਮੌਸਮ ਵਿੱਚ ਮਿਲਿਓਂ, ਹੁਣ ਕਾਹਨੂੰ ਮਹਿਕੰਦੜੇ ਯਾਰਾ,
ਹੁਣ ਤਾਂ ਮੇਰੇ ਅਪਣੇ ਸਿਰ 'ਤੇ ਬਿਰਖ਼ ਨਿਪੱਤਰੇ ਵਿਰਲੀਆਂ ਛਾਵਾਂ।

ਮੇਰੇ ਘਰ ਵਿਚ ਇੱਕ ਦਰਿਆ ਹੈ, ਸ਼ਾਂਤ ਵਗੇ ਭਰਪੂਰ ਨਿਰੰਤਰ,
ਤਾਂ ਹੀ ਤਪਸ਼ ਨਾ ਆਵੇ ਨੇੜੇ, ਜਦ ਚਾਹਵਾਂ ਮੈਂ ਤਾਰੀ ਲਾਵਾਂ।

ਮੇਰੇ ਅੰਦਰ ਬਾਹਰ ਨੇ ਬਹਿੰਦੇ, ਜੋ ਮੇਰੇ ਵਿਸ਼ਵਾਸ ਦੇ ਪਾਤਰ,
ਰਿਸ਼ਤੇ ਨਾਤੇ ਵਣਜ ਬਾਜ਼ਾਰੀ, ਸੱਚ ਮੰਨੀਂ ਮੈਂ ਮੂੰਹ ਨਾ ਲਾਵਾਂ।

1

੦

## ਛੱਡ ਦੇ ਆਲਸ ਭਰਾਵਾ

ਛੱਡ ਦੇ ਆਲਸ ਭਰਾਵਾ, ਵਕਤ ਨਹੀਂ ਕਰਨਾ ਖ਼ਰਾਬ।
ਪਰਤ ਜਾਵੇ ਨਾ ਦੁਬਾਰਾ, ਬੂਹੇ ਆਇਆ ਇਨਕਲਾਬ।

ਸ਼ਬਦ ਨੂੰ ਕਹਿ ਦੇ ਕਿ ਤੂੰ ਨਿਰਜਿੰਦ ਨਹੀਂ, ਹਥਿਆਰ ਹੈਂ,
ਸੁਣ ਲਵੀਂ, ਉੱਤਰ ਮਿਲੇਗਾ, ਫੇਰ ਤੈਨੂੰ ਲਾਜਵਾਬ।

ਲਾ ਲਿਆ ਡੇਰਾ ਕਿਵੇਂ ਬਰਬਾਦੀਆਂ ਨੇ ਇਸ ਨਗਰ,
ਰੰਗ ਕਾਲ਼ਾ ਪੈ ਗਿਆ ਹੈ, ਸੁਰਖ਼ ਸੂਹਾ ਸੀ ਗੁਲਾਬ!

ਸੱਚ ਕੀ ਬੇਲਾ ਸੁਣਾ ਦੇ, ਸੋਚ ਕੇ 'ਨ੍ਹੇਰਾ ਲੰਗਾਰ,
ਘੁੰਡ ਦਾ ਕੀ ਕੰਮ ਏਥੇ, ਰੂਹ ਨੂੰ ਕਰ ਲੈ ਬੇਨਿਕਾਬ!

ਲੋਕ-ਸ਼ਕਤੀ ਨਾ ਨਿਗੁਣੀ, ਨਾ ਵਿਕਾਊ, ਸਮਝ ਲਉ,
ਰਾਹ ਦਿਸੇਰੇ ਗ਼ੈਰ ਹਾਜ਼ਰ, ਭਟਕਦੇ ਫਿਰਦੇ ਜਨਾਬ!

ਕੁੱਲੀਆਂ ਤੇ ਢਾਰਿਆਂ ਨੂੰ, ਅੱਜ ਵੀ ਤੇਰੀ ਉਡੀਕ,
ਤਾਂਘਦੇ ਨੈਣਾਂ 'ਤੇ ਵੇਖੀਂ, ਜੋਤ ਮਘਦੀ ਬੇਹਿਸਾਬ!

ਏਸ ਵਿੱਚ ਸ਼ਾਮਿਲ ਹਾਂ ਮੈਂ ਵੀ, ਤੇਰੇ ਵਾਂਗੂੰ ਆਲਸੀ,
ਗੰਦੀਆਂ ਮੱਛੀਆਂ ਜੇ ਭਰਿਆ, ਨਿਰਮਲੇ ਜਲ ਦਾ ਤਲਾਬ!

1

੦

## ਸਬਰ ਸਿਦਕ ਸੰਤੋਖ ਸਮਰਪਣ

ਸਬਰ ਸਿਦਕ ਸੰਤੋਖ ਸਮਰਪਣ, ਸੁਹਜ ਸਲੀਕਾ ਸ਼ਾਮਿਲ ਕਰ ਦੇ।
ਮਹਿੰਗੇ ਮੁੱਲ ਦੇ ਮਾਣਕ-ਮੋਤੀ, ਭਰ ਭਰ ਮੁੱਠੀਆਂ ਝੋਲੀ ਭਰ ਦੇ।

ਬਹੁਤ ਦਿਨਾਂ ਤੋਂ ਗੱਲ ਨਹੀਂ ਹੋਈ, ਨਬਜ਼ ਖਲੋਤੀ ਹੋਵੇ ਜੀਕਣ,
ਮਿੱਟੀ ਦਾ ਬੁੱਤ ਬੋਲਣ ਲਾ ਦੇ, ਮਾਰ ਆਵਾਜ਼ ਜਿਉਂਦਾ ਕਰ ਦੇ।

ਨਾਭੀ ਵਿਚ ਕਸਤੂਰੀ ਲੈ ਕੇ ਮਿਰਗਣੀਏਂ ਕੀਹ ਲੱਭਦੀ ਫਿਰਦੀ,
ਜੰਗਲ ਵਿਚ ਹਿਰਨੋਟੇ ਵੇਖੇ, ਮਰ ਜਾਂਦੇ ਇੰਜ ਚੁੰਗੀਆਂ ਭਰਦੇ।

ਪੱਤਣ ਦੀ ਬੇੜੀ ਨੂੰ ਜੰਦਰੇ, ਮਾਰ ਮਲਾਹ ਨੇ ਕਿੱਧਰ ਤੁਰ ਗਏ,
ਦਿਲ-ਦਰਿਆ ਨੂੰ ਪਾਰ ਕਰਦਿਆਂ, ਡੁੱਬਦੇ ਨਾ, ਫਿਰ ਦੱਸ ਕੀ ਕਰਦੇ?

ਖ਼ੁਸ਼ਬੂ ਤਾਂ ਮੁਹਤਾਜ਼ ਨਹੀਂ ਹੈ, ਉਮਰ, ਜਿਸਮ ਤੇ ਫ਼ਾਸਲਿਆਂ ਦੀ,
ਰੂਹ ਤੋਂ ਰੂਹ ਵਿਚਕਾਰ ਭਲਾ ਦੱਸ, ਹੁੰਦੇ ਨੇ ਫਿਰ ਕਾਹਦੇ ਪਰਦੇ।

ਪਾਕ-ਪਵਿੱਤਰ ਰਿਸ਼ਤਿਆਂ ਅੰਦਰ, ਕਸਮਾਂ ਵਾਅਦੇ ਬੇਅਰਥੇ ਨੇ,
ਸਰਬ ਸਮੇਂ ਦੀ ਕਰਨ ਸਵਾਰੀ, ਜਿਹੜੇ ਸੀਸ ਤਲੀ ਤੇ ਧਰਦੇ।

ਇਸ ਹਿੱਕੜੀ ਵਿਚ ਖ਼ਬਰੇ ਕੀ ਹੈ, ਬੰਦ ਪੁੜੀ ਨੂੰ ਕਿਹੜਾ ਖੋਲ੍ਹੇ,
ਕੀ ਕੁਝ ਵਕਤ ਲੁਕਾਈ ਬੈਠਾ, ਰਹੀਏ ਇਸ ਦੀ ਚੁੱਪ ਤੋਂ ਡਰਦੇ।

1

○

## ਤੇਰਾ ਦਿੱਤਾ ਜ਼ਖ਼ਮ

ਤੇਰਾ ਦਿੱਤਾ ਜ਼ਖ਼ਮ ਮੈਂ ਕਿਹੜਾ ਜਰਿਆ ਨਹੀਂ।
ਗੱਲ ਵੱਖਰੀ ਹੈ ਤੇਰਾ ਦਿਲ ਹੀ ਭਰਿਆ ਨਹੀਂ।

ਵਰਕਾ ਵਰਕਾ ਪਾੜਨ ਵਾਲੇ ਕਿੱਧਰ ਗਏ,
ਹਰ ਦੁਸ਼ਮਣ ਤੋਂ ਸ਼ਬਦ ਕਦੇ ਵੀ ਹਰਿਆ ਨਹੀਂ।

ਹਮਲਾਵਰ ਦੇ ਏਨੇ ਹਮਲੇ ਜਰ ਬੈਠਾਂ,
ਅੱਜ ਤੱਕ ਮੈਂ ਵੀ ਪੈਰ ਪਿਛਾਂਹ ਨੂੰ ਧਰਿਆ ਨਹੀਂ।

ਮਾਰਨ ਤੀਰ ਨਿਸ਼ਾਨੇ ਦੀ ਥਾਂ, 'ਨ੍ਹੇਰੇ ਵਿੱਚ,
ਹੁਣ ਤੱਕ ਤਾਂਹੀਉਂ, ਇੱਕ ਵੀ ਰਾਵਣ ਮਰਿਆ ਨਹੀਂ।

ਜ਼ਿੰਦਗੀ ਨਾਲੋਂ ਮੌਤ ਪਿਆਰੀ, ਸਮਝਣ ਜੋ,
ਆਜ਼ਾਦੀ ਨੂੰ ਉਨ੍ਹਾਂ ਤੋਂ ਬਿਨ, ਵਰਿਆ ਨਹੀਂ।

ਦਾਅਵੇਦਾਰ ਬਥੇਰੇ ਸੁਖ ਦੇ, ਸਾਥ ਬੜੇ,
ਦਰਦ-ਸਮੁੰਦਰ ਸਾਡੇ ਤੋਂ ਬਿਨ, ਤਰਿਆ ਨਹੀਂ।

ਧਰਤ ਪਿਆਸੀ ਤਰਸ ਗਈ, ਘੁੱਟ ਪਾਣੀ ਨੂੰ,
ਭਰ ਕੇ ਇੱਕ ਵੀ ਵਗਦਾ ਹੁਣ ਤੇ ਦਰਿਆ ਨਹੀਂ।

l

○

## ਸ਼ਬਦ ਹਮੇਸ਼ਾਂ ਚੁੱਪ ਰਹਿੰਦੇ ਨੇ

ਸ਼ਬਦ ਹਮੇਸ਼ਾਂ ਚੁੱਪ ਰਹਿੰਦੇ ਨੇ, ਜਿਸ ਵੇਲੇ ਕਿਰਦਾਰ ਬੋਲਦਾ।
ਵਕਤ ਹੁੰਗਾਰਾ ਭਰਦਾ ਆਪੇ, ਸੁਣ ਕੇ ਮਹਿਰਮ ਯਾਰ ਬੋਲਦਾ।

ਧਰਤ, ਆਕਾਸ਼, ਪਾਤਾਲ ਤੇ ਚੌਥਾ ਕੁੱਲ ਸ੍ਰਿਸ਼ਟੀ ਰੌਣਕ-ਮੇਲਾ,
ਸਗਲ ਬਨਸਪਤਿ ਗਾਉਂਦੀ ਜਾਪੇ, ਜਦ ਤੂੰ ਅੰਦਰਵਾਰ ਬੋਲਦਾ।

ਟੁੱਟਵੀਂ ਬਾਤ, ਭੁਲਾਵੇਂ ਅੱਖਰ, ਖਿੱਲਰੇ ਪੁੱਲਰੇ ਮਨ ਦੇ ਵਰਕੇ,
ਇੱਕ ਸੁਰ ਹੋ ਕੇ ਤੁਰ ਪੈਂਦੇ ਨੇ, ਜਦ ਵੀ ਸੂਤਰਧਾਰ ਬੋਲਦਾ।

ਹੇ ਮਨ ਮੇਰੇ, ਵੇਖੀਂ ਕਿਧਰੇ, ਡੋਲੀਂ ਭਟਕੀਂ ਬਿਲਕੁਲ ਨਾ ਤੂੰ,
ਇਸ ਨੂੰ ਬਿਲਕੁਲ ਸੱਚ ਨਾ ਮੰਨੀਂ, ਜੋ ਬੋਲੀ ਅਖ਼ਬਾਰ ਬੋਲਦਾ।

ਨਾ ਲੱਤਾਂ ਨਾ ਬਾਹਾਂ ਸਾਬਤ, ਸੀਸ ਵਿਹੂਣਾ ਇਹ ਬੁੱਤ ਜਿਸਦਾ,
ਕਿਸ ਮੂੰਹ ਨਾਲ ਭਲਾ ਮੈਂ ਇਸ ਦੀ, ਦੱਸ ਤੂੰ ਜੈ ਜੈ ਕਾਰ ਬੋਲਦਾ।

ਲੋਕ ਹਮੇਸ਼ਾਂ ਉਸ ਚਿਹਰੇ ਨੂੰ, ਅਪਣੇ ਵਿਚੋਂ ਖ਼ਾਰਜ ਕਰਦੇ,
ਕੁਰਸੀਧਾਰੀ ਅੰਨ੍ਹਾ ਬੋਲਾ, ਜਿਹੜਾ ਬਣ ਸਰਕਾਰ ਬੋਲਦਾ।

ਮਿੱਠੜੀ ਮਾਤ-ਜ਼ਬਾਨ ਭਰਾਵਾ, ਛੱਡੀਂ ਨਾ ਗੁਰਭਜਨ ਸਿਹਾਂ ਤੂੰ,
ਇਹਦੇ ਕਰਕੇ ਆਪਾਂ ਕਹੀਏ, ਅਹੁ ਸਾਡਾ ਸਰਦਾਰ ਬੋਲਦਾ।

l

੦

## ਬਣੀ ਜ਼ਿੰਦਗੀ ਨਿਮਾਣੀ ਲੱਗੀ

ਬਣੀ ਜ਼ਿੰਦਗੀ ਨਿਮਾਣੀ ਲੱਗੀ ਓੜਕਾਂ ਦੀ ਪਿਆਸ।
ਤੁਸੀਂ ਲਾਈ ਜਾਵੋ ਸਾਡੇ ਮੂੰਹ ਨੂੰ ਜ਼ਹਿਰ ਦਾ ਗਲਾਸ।

ਓਸ ਪੀੜ ਦੀ ਕਹਾਣੀ, ਨਹੀਂ ਸੁਣਾਈ ਮੈਥੋਂ ਜਾਣੀ,
ਜਿਹੜੀ ਲਈ ਬੈਠਾ ਦਿਲ ਵਿਚ ਰਾਵੀ ਤੇ ਬਿਆਸ।

ਸਾਡੇ ਧੀਆਂ ਪੁੱਤ ਹੁੰਦੇ ਜਦੋਂ ਗੱਭਰੂ ਜਵਾਨ,
ਕਾਹਨੂੰ ਦਲੀਆ ਬਣਾਵੇ, ਡਾਢਾ ਸਮੇਂ ਦਾ ਖ਼ਰਾਸ।

ਕਿੱਦਾਂ ਛੱਡ ਆਏ ਪਿੱਛੇ ਪਿੰਡ ਫ਼ਸਲਾਂ ਤੇ ਖੇਤ,
ਝੋਨੇ ਸਿਰ ਸੁੱਟੀ ਬੈਠੇ, ਹੋਈਆਂ ਮੁੰਜਰਾਂ ਉਦਾਸ।

ਸਾਡੇ ਵਾਸਤੇ ਇਹ ਰਾਵੀ ਬਣੀ ਮੌਤ ਦੀ ਲਕੀਰ,
ਹਾਲੇ ਕਿੰਨੀ ਦੇਰ ਰਹਿਣਾ ਏਥੇ ਨਾਗਾਂ ਦਾ ਨਿਵਾਸ।

ਰਾਤੀਂ ਭੌਂਕਦੇ ਸੀ ਕੁੱਤੇ, ਨੱਚੇ ਸਿਵਿਆਂ 'ਚ ਭੂਤ,
ਰੱਬਾ ਖ਼ੈਰ ਰੱਖੀਂ ਵਿਹੜੇ, ਕਰੀਂ ਬੁਰਿਆਂ ਦਾ ਨਾਸ।

ਜੰਗਬਾਜ਼ੋ ਬਾਜ਼ ਆਉ, ਐਵੇਂ ਅੱਗ ਨਾ ਲਗਾਉ,
ਸਾਡੇ ਖ਼ੂਨ ਨਾਲ ਬੁਝਣੀ ਨਾ ਤੋਪਾਂ ਦੀ ਪਿਆਸ।

1

੦

## ਸ਼ਯਾਮ ਘਟਾਂ ਚੜ੍ਹ ਆਈਆਂ ਮੁੜ ਕੇ

ਸ਼ਯਾਮ ਘਟਾਂ ਚੜ੍ਹ ਆਈਆਂ ਮੁੜ ਕੇ, ਸਾਂਵਲ ਘਰ ਨੂੰ ਮੋੜ ਮੁਹਾਰਾਂ।
ਪੁੰਨੂੰ ਪੁੰਨੂੰ ਕੂਕ ਰਹੀ ਜਿੰਦ, ਮਾਰੂਥਲ ਵਿਚ 'ਵਾਜ਼ਾਂ ਮਾਰਾਂ।

ਬੱਗੀ ਪੂਣੀ ਹੋ ਚੱਲੀ ਜਿੰਦ, ਕੱਤੀ ਜਾਵਾਂ ਰੋਜ਼ ਪੂਣੀਆਂ,
ਸਾਉਣ ਮਹੀਨੇ ਕਿਣ ਮਿਣ ਕਣੀਆਂ, ਮਾਰਦੀਆਂ ਹੁੱਝਾਂ ਤੇ ਆਰਾਂ।

ਕਈ ਵਾਰੀ ਸਮਝਾਇਐ ਦਿਲ ਨੂੰ, ਐਵੇਂ ਨਾ ਤੂੰ ਡੋਲ ਜਿਆ ਕਰ,
ਜਿੱਤਾਂ ਵੇਖ ਕੇ ਹੁੱਬਿਆ ਨਾ ਫਿਰ, ਡਿੱਗਿਆ ਨਾ ਕਰ ਤੱਕ ਕੇ ਹਾਰਾਂ।

ਵਿਚ ਸੰਤਾਲੀ ਕਹਿਰ ਵਰਤਿਆ, ਸ਼ਰਮ ਧਰਮ ਸੀ ਦੋਵੇਂ ਲੁਕ ਗਏ,
ਬੰਦੇ ਬਣ ਗਏ ਵਿਸ਼ੀਅਰ ਕਾਲ਼ੇ, ਉੱਡੀਆਂ ਸੀ ਖੰਭਾਂ ਦੀਆਂ ਤਾਰਾਂ।

ਧਰਤੀ ਮਾਂ ਹਟਕੋਰੇ ਭਰਦੀ, ਪੁੱਤ ਸੂਰਮੇ ਚੇਤੇ ਕਰਕੇ,
ਵੇਖੋ ਗਿੱਦੜ ਕਰਨ ਕਲੋਲਾਂ, ਖਾਣ ਪਏ ਸ਼ੇਰਾਂ ਦੀਆਂ ਮਾਰਾਂ।

ਇੱਕੋ ਰੰਗ ਦੇ ਚੋਣ-ਮਨੋਰਥ, ਇੱਕੋ ਰੰਗ ਦੇ ਮੂੰਹ 'ਤੇ ਮੱਥੇ,
ਲੀਰਾਂ ਲੱਥਿਆ ਬੰਦਾ ਪੁੱਛਦੈ, ਮੁਕਤੀ ਲਈ ਕਿਸ ਅਰਜ਼ ਗੁਜ਼ਾਰਾਂ।

ਹੇ ਇਨਸਾਫ਼ ਦੀ ਦੇਵੀ ਦੱਸ ਤੂੰ, ਅੰਨ੍ਹੀ ਹੈਂ ਜਾਂ ਗੁੰਗੀ ਬੋਲ਼ੀ,
ਤੇਰੀ ਤੱਕੜੀ ਕਾਣੀ ਅੰਦਰ, ਮੋਏ ਸਾਡੇ ਸੁਪਨ ਹਜ਼ਾਰਾਂ।

1

o

## ਅੰਬਰਾਂ 'ਚ ਉੱਡਦੇ ਗੁਬਾਰੇ

ਅੰਬਰਾਂ 'ਚ ਉੱਡਦੇ ਗੁਬਾਰੇ ਬਈ ਕਮਾਲ ਹੈ।
ਭਾਰੇ ਗੌਰੇ ਬੰਦਿਆਂ ਦਾ ਹੋਇਆ ਬੁਰਾ ਹਾਲ ਹੈ।

ਕਾਮਿਆਂ ਨੂੰ ਕੰਮੀ ਕਹੋ, ਵਿਹਲਿਆਂ ਨੂੰ ਬਾਦਸ਼ਾਹ,
ਸਦੀਆਂ ਤੋਂ ਅੱਜ ਤੀਕ ਏਹੋ ਹੀ ਸਵਾਲ ਹੈ।

ਹੱਕ ਦੇ ਲੁਟੇਰੇ ਬਣੇ ਬੈਠੇ ਮਾਈ ਬਾਪ ਨੇ,
ਗ਼ਾਫ਼ਲੀ ਦਾ ਕਿੱਡਾ ਵੱਡਾ ਵੇਖ ਲਉ ਕਮਾਲ ਹੈ।

ਧਰਮਾਂ ਦਾ ਤਾਪ ਚਾੜ੍ਹ ਦੇਣ ਤੇ ਉਤਾਰ ਲੈਣ,
ਗ਼ਰਜ਼ਾਂ ਬਣਾਇਐ ਸਾਨੂੰ, ਦੁੱਧ ਦਾ ਉਬਾਲ ਹੈ।

ਬੁੱਲ੍ਹਿਆ! ਕਸੂਰ ਵਾਲੇ ਰਹਿੰਦੇ ਜੇ ਕਸੂਰ ਵਿੱਚ,
ਸਾਡਾ ਬੇ-ਕਸੂਰਿਆਂ ਦਾ ਕਾਹਨੂੰ ਮੰਦਾ ਹਾਲ ਹੈ।

ਟੁੱਟੀਆਂ ਸਾਰੰਗੀਆਂ, ਵਜਾਵਾਂ ਕਿਵੇਂ ਜ਼ਾਲਮਾ,
ਉੱਖੜੇ ਨੇ ਸੁਰ ਤਾਂ ਹੀ ਤਾਲ ਤੋਂ ਬੇਤਾਲ ਹੈ।

ਅੱਗ ਦੇ ਅਨਾਰ ਇਹਦੇ ਹੱਥ ਨਾ ਫੜਾ ਦਿਓ,
ਦਿਲ ਇਹ ਮਾਸੂਮ ਹਾਲੇ, ਨਿੱਕਾ ਜਿਹਾ ਬਾਲ ਹੈ।

1

o

## ਰੰਗਲੇ ਚੂੜੇ ਵਾਲੀ ਧੀ

ਰੰਗਲੇ ਚੂੜੇ ਵਾਲੀ ਧੀ ਨੂੰ ਸੁਪਨਿਆਂ ਖ਼ਾਤਰ ਅੰਬਰ ਦੇਵੀਂ।
ਧਰਤੀ ਦੀ ਮਰਯਾਦਾ ਬਖਸ਼ੀਂ, ਤਰਨ ਲਈ ਵੀ ਸਾਗਰ ਦੇਵੀਂ।

ਧਰਤ ਧਰੇਕ ਤੇ ਧੀਆਂ ਤਿੰਨੇ, ਪਾਲਣਹਾਰੀਆਂ ਕੁੱਲ ਸ੍ਰਿਸ਼ਟੀ,
ਨਾ ਕੁਮਲਾਵਣ ਪਾਣੀ ਬਾਝੋਂ, ਮਾਣ ਮੁਹੱਬਤ ਵਾਫ਼ਰ* ਦੇਵੀਂ।

ਲਾਵਾਂ ਚਾਰ ਜਾਂ ਸੱਤ ਕੁ ਫੇਰੇ, ਭਾਵੇਂ ਰਸਮ ਨਿਕਾਹ ਦੀ ਹੋਵੇ,
ਰਿਸ਼ਤੇ ਵਾਲੀ ਲਾਜ ਪੜ੍ਹਾਵੀਂ, ਦਿਲ ਦੇ ਵਿਹੜੇ ਆਦਰ ਦੇਵੀਂ।

ਦੁੱਖ ਤੇ ਸੁਖ ਦੇ ਰਿਸ਼ਤੇ ਨਾਤੇ, ਵੰਨ ਸੁਵੰਨਾ ਭਾਈਚਾਰਾ,
ਧਰਤੀ ਜਿੱਡੀ ਸਿਦਕਣ ਹਿੱਕੜੀ, ਅੰਬਰ ਜਿੱਡੀ ਚਾਦਰ ਦੇਵੀਂ।

ਸਿਰ ਤੇ ਰਹੇ ਸਲਾਮਤ ਰਹਿਮਤ, ਚੌਗਿਰਦੇ ਦੀ ਬਖਸ਼ ਨਿਰੰਤਰ,
ਚਾਰ ਦੀਵਾਰੀ ਅੰਦਰ ਕੈਦੀ, ਰੱਬ ਨਾ ਅੱਲ੍ਹਾ, ਕਾਦਰ ਦੇਵੀਂ।

ਮਾਏ ਨੀ ਸੁਣ ਮੇਰੀਏ ਮਾਏ, ਬਾਬਲ ਤੋਂ ਕੁਝ ਹੋਰ ਨਾ ਮੰਗਾਂ,
ਉੱਡਣ ਖ਼ਾਤਰ ਚੇਤਨ ਬੁੱਧੀ, ਗਿਆਨ ਦੀ ਭਰ ਕੇ ਗਾਗਰ ਦੇਵੀਂ।

ਸਾਹਾਂ ਦਾ ਸਰਮਾਇਆ ਹੋਵੇ, ਦਮ ਦਮ ਰੂਹ ਦੀ ਤਰਬ ਹਿਲਾਵੇ,
ਸਿਰ ਦਾ ਸਾਈਂ ਬਣ ਨਾ ਬੈਠੇ, ਬੱਸ ਵਿਸ਼ਵਾਸ ਦਾ ਪਾਤਰ ਦੇਵੀਂ।

1

o

## ਛਾਂਗਿਆ ਬਿਰਖ਼ ਉਦਾਸ ਖੜ੍ਹਾ ਹਾਂ

ਛਾਂਗਿਆ ਬਿਰਖ਼ ਉਦਾਸ ਖੜ੍ਹਾ ਹਾਂ, ਲੱਭਦਾ ਟੁੱਕੀਆਂ ਟਾਹਣੀਆਂ ਨੂੰ।
ਅੱਖੀਆਂ ਭਰ ਕੇ ਰੋ ਪੈਂਦਾ ਹਾਂ, ਕਰ ਕਰ ਚੇਤੇ ਹਾਣੀਆਂ ਨੂੰ।

ਸ਼ਮਲੇ ਵਾਲੀ ਪੱਗ ਦੇ ਢਿੱਲੇ ਪੇਚ ਜਦੋਂ ਵੀ ਚਿਣਦਾ ਹਾਂ,
ਕਾਬਲ ਤੀਕ ਪੰਜਾਬ ਸੀ ਮੇਰਾ, ਕਰਦਾਂ ਯਾਦ ਕਹਾਣੀਆਂ ਨੂੰ।

ਹੁਣ ਨਸ਼ਿਆਂ ਦਾ ਛੇਵਾਂ ਦਰਿਆ ਕਿਉਂ ਕਹਿੰਦੇ ਹੋ ਕਮਅਕਲੋ,
ਗੰਦਾ ਨਾਲ਼ਾ ਕਿਉਂ ਨਹੀਂ ਕਹਿੰਦੇ, ਇਨ੍ਹਾਂ ਜ਼ਹਿਰੀ ਪਾਣੀਆਂ ਨੂੰ।

ਮੇਰੇ ਗਲ਼ ਵਿੱਚ ਗੰਢ-ਪੀਚਵੀਂ, ਖੋਲ੍ਹਣ ਵਾਲੇ ਕਿੱਧਰ ਗਏ,
ਆਪ ਜੁਲਾਹੇ ਗੜਬੜ ਕੀਤੀ, ਕਿੰਜ ਸੁਲਝਾਵਾਂ ਤਾਣੀਆਂ ਨੂੰ।

ਮੱਝ ਵੇਚ ਕੇ ਘੋੜੀ ਲੈ ਲਈ, ਗੜਵੀ ਲੈ ਕੇ ਫਿਰਦੇ ਹਾਂ,
ਰੋਂਦੇ ਹਾਂ ਹੁਣ ਚੇਤੇ ਕਰ ਕਰ, ਚਾਟੀਆਂ ਅਤੇ ਮਧਾਣੀਆਂ ਨੂੰ।

ਦਿੱਲੀ ਲਾਲ ਕਿਲ੍ਹੇ ਦੇ ਉੱਤੇ, ਪੰਜ ਦਰਿਆਈ ਕਲਗੀ ਸੀ,
ਹੱਸਦੇ ਨੇ ਜਦ ਦੱਸਦਾ ਹਾਂ ਮੈਂ, ਗੱਦੀ ਬੈਠੇ ਬਾਣੀਆਂ ਨੂੰ।

ਪੰਜ ਦਰਿਆ ਪੰਜਾਬ ਸੀ ਮੈਂ ਤਾਂ, ਸਾਂਝੀ ਤਾਕਤ ਕਿੱਧਰ ਗਈ,
ਸਤਿਲੁਜ, ਬਿਆਸ, ਝਨਾਂ ਤੇ ਰਾਵੀ, ਪੁੱਛਦੇ ਜੇਹਲਮ ਪਾਣੀਆਂ ਨੂੰ।

1

o

## ਰਾਤੀਂ ਤੈਨੂੰ ਯਾਦ ਕਰਦਿਆਂ

ਰਾਤੀਂ ਤੈਨੂੰ ਯਾਦ ਕਰਦਿਆਂ, ਵਾਹਵਾ ਲੜਿਆਂ ਤੇਰੇ ਨਾਲ।
ਉਸ ਤੋਂ ਮਗਰੋਂ ਕੀ ਦੱਸਾਂ ਮੈਂ ਕੀ ਕੁਝ ਹੋਇਆ ਮੇਰੇ ਨਾਲ।

ਸਿਰ ਸੂਹੀ ਫੁਲਕਾਰੀ ਲੈ ਕੇ, ਲੱਗਿਆ ਤੂੰ ਹੈਂ ਕੋਲ ਖੜ੍ਹੀ,
ਭਰਮ-ਛਲਾਵਾ ਕਿਉਂ ਇੰਜ ਕੀਤਾ, ਭੋਲ਼ੇ ਮਨ ਤੂੰ ਮੇਰੇ ਨਾਲ।

ਜੀਅ ਕਰਦਾ ਏ ਕੋਲ ਬਹਾ ਕੇ ਅਪਣੇ ਮੂੰਹੋਂ ਆਖ ਦਿਆਂ,
ਸ਼ਬਦ ਹਾਰਦੇ ਜਿੱਥੇ ਜਾ ਕੇ, ਉਹ ਰਿਸ਼ਤਾ ਹੈ ਤੇਰੇ ਨਾਲ।

ਜੀ ਕਰਦੈ ਮੈਂ ਕਹਾਂ ਚਾਂਦਨੀ ਫਿਰ ਸੋਚਾਂ ਪ੍ਰਭਾਤ ਕਹਾਂ,
ਤੇਰਾ ਚਿਹਰਾ ਕਿੰਨਾ ਮਿਲਦਾ ਸੱਜਰੇ ਸੋਨ-ਸਵੇਰੇ ਨਾਲ।

ਉਹ ਕਹਿੰਦੇ ਨੇ ਤਨ ਦੀ ਭਟਕਣ, ਮੈਂ ਕਹਿੰਦਾਂ ਹਾਂ ਮਹਿਕ ਫਿਰੇ,
ਕਿੰਨੀ ਵਾਰੀ ਬਹਿਸ ਪਿਆਂ ਮੈਂ, ਆਪਣੇ ਚਾਰ ਚੁਫ਼ੇਰੇ ਨਾਲ।

ਮੈਂ ਤੇਰੀ ਲਿਸ਼ਕੋਰ ਸਹਾਰੇ, ਸੂਰਜ ਬਣ ਕੇ ਭਿੜਦਾ ਹਾਂ,
ਇੱਟ-ਖੜਿੱਕਾ ਚੱਲਦਾ ਰਹਿੰਦੈ, ਮੇਰਾ ਗੂੜ੍ਹ ਹਨ੍ਹੇਰੇ ਨਾਲ।

ਅਸਲੀ ਗੱਲ ਹੈ ਰੂਹ ਤ੍ਰਿਹਾਈ, ਰਹਿਮਤ ਵਾਂਗੂੰ ਬਰਸ ਕਦੇ,
ਭਰਨ ਕਿਆਰੇ ਦੱਸ ਤੂੰ ਕਿੱਸਰਾਂ ਖ਼ਾਲੀ ਟਿੰਡਾਂ ਫੇਰੇ ਨਾਲ।

1

o

## ਸਦੀਆਂ ਤੋਂ ਹੀ ਲੋਕ ਵਿਚਾਰੇ

ਸਦੀਆਂ ਤੋਂ ਹੀ ਲੋਕ ਵਿਚਾਰੇ, ਮੁਕਤੀ ਖ਼ਾਤਰ ਸੋਚ ਰਹੇ ਨੇ।
ਚਤੁਰ ਸ਼ਿਕਾਰੀ ਰੀਝਾਂ ਸੁਪਨੇ, ਨਾਲੋ ਨਾਲ ਦਬੋਚ ਰਹੇ ਨੇ।

ਸਾਡੇ ਬੱਚਿਆਂ ਦੇ ਮੱਥਿਆਂ ਤੇ, ਖ਼ੁਰਚਣਗੇ ਹੁਣ ਏ. ਬੀ. ਸੀ. ਡੀ.,
ਊੜੇ ਐੜੇ ਵਾਲ਼ੀ ਤਖ਼ਤੀ ਗੂੜ੍ਹ-ਗਿਆਨੀ ਪੋਚ ਰਹੇ ਨੇ।

ਹੇ ਗੁਰੂਦੇਵ ਸੁਮੱਤਿਆ ਬਖ਼ਸ਼ੀਂ, ਲਾਡਲਿਆਂ ਨੂੰ ਰਾਹ ਪਾਵੀਂ, ਜੋ,
ਬਾਜ਼ਾਂ ਦੀ ਧਿਰ ਪਾਲ ਰਹੇ ਨੇ, ਚਿੜੀਆਂ ਦੇ ਖੰਭ ਨੋਚ ਰਹੇ ਨੇ।

ਹਰ ਯੁਗ ਵਿੱਚ, ਵਣਜਾਰਿਆਂ ਹੱਥੋਂ, ਸੱਸੀ ਨੇ ਤਾਂ ਮਰਨਾ ਹੀ ਸੀ,
ਕਿੱਦਾਂ ਤੋੜ ਮੁਹੱਬਤ ਚੜ੍ਹਦੀ, ਜਿਸ ਦੇ ਯਾਰ ਬਲੋਚ ਰਹੇ ਨੇ।

ਫ਼ੇਰ ਚੌਰਾਸੀ ਚੇਤੇ ਕਰਕੇ, ਚੋਣ-ਬੁਖ਼ਾਰ ਦੇ ਮੌਸਮ ਅੰਦਰ,
ਕੁਰਸੀ ਖ਼ਾਤਰ ਨਾਰਦ ਟੋਲੇ, ਮੁੜ ਕੇ ਜ਼ਖ਼ਮ ਖ਼ਰੋਚ ਰਹੇ ਨੇ।

ਬੇ-ਇਖ਼ਲਾਕੇ ਨਾਚ ਨਚਾਉਂਦੇ, ਮਾਣ ਮਰਤਬੇ ਕਲਗੀ ਖ਼ਾਤਰ,
ਕਿਹੜੇ ਲੋਕੀਂ, ਆਪ ਸਮਝ ਲਉ, ਮੇਵੇ ਮੇਵੇ ਬੋਚ ਰਹੇ ਨੇ।

ਰਾਤ ਹਨ੍ਹੇਰੀ ਅੰਦਰ ਜੁਗਨੂੰ, ਜਗਦੇ ਨੇ, ਪਰ ਦਿਸਦੇ ਕਿਉਂ ਨਾ,
ਬੰਦ ਕਮਰੇ ਦੇ ਕੈਦੀ ਹੋਏ, ਉੱਡਣੇ ਪੁੱਡਣੇ ਸੋਚ ਰਹੇ ਨੇ।

1

o

## ਸੁੱਕਦੇ ਸੁੱਕਦੇ ਸੁੱਕ ਚੱਲੇ ਨੇ

ਸੁੱਕਦੇ ਸੁੱਕਦੇ ਸੁੱਕ ਚੱਲੇ ਨੇ, ਯਾਰ ਮੇਰੇ ਦਰਿਆਵਾਂ ਵਰਗੇ।
ਧਰਤੀ ਮਾਂ ਦੇ ਸਿਦਕੀ ਬੂਟੇ, ਅੰਬਰ ਤੀਕ ਸਦਾਵਾਂ ਵਰਗੇ।

ਸ਼ਬਦ ਪਵਿੱਤਰ ਵਾਕ ਜਹੇ ਤੇ, ਰੂਹ ਦੇ ਅੰਦਰੋਂ ਬਾਹਰੋਂ ਭੇਤੀ,
ਬਿਨ ਬੋਲਣ ਤੋਂ ਜਾਨਣ ਵਾਲੇ, ਬਹੁਤ ਮੁਕੱਦਸ* ਥਾਵਾਂ ਵਰਗੇ।

ਸਿੱਧੇ ਮਾਰਗ ਦੇ ਨਾ ਪਾਂਧੀ, ਨਵ-ਮਾਰਗ, ਨਵ-ਕਿਰਨ ਜਹੇ ਨੇ,
ਸੱਜਰੇ, ਨਿਰਛਲ, ਨਿਰਕਪਟੇ ਤੇ ਪਗਡੰਡੀਆਂ ਜਹੇ ਰਾਹਵਾਂ ਵਰਗੇ।

ਜ਼ਿੰਦਗੀ ਦੇ ਉਪਰਾਮ ਪਲਾਂ ਵਿਚ, ਸਿਰ ਤੇ ਛਤਰੀ ਬਣਦੇ ਤਣਦੇ,
ਬਿਰਖ਼ ਬਰੋਟੇ ਵਰਗੀ ਖ਼ਸਲਤ, ਸਿਖ਼ਰ ਦੁਪਹਿਰੇ ਛਾਵਾਂ ਵਰਗੇ।

ਦੂਰ ਦੇਸ ਪਰਦੇਸ 'ਚ ਭਾਵੇਂ, ਤਨ ਪਰਦੇਸੀ ਪਰ ਮਨ ਦੇਸੀ,
ਡੌਲੇ ਖ਼ੁਣੀਆਂ ਰੀਝਾਂ ਵਰਗੇ, ਗੁੱਟ ਤੇ ਉੱਕਰੇ ਨਾਵਾਂ ਵਰਗੇ।

ਸੋਨੇ ਦੇ ਦੰਦ ਵਾਂਗੂੰ ਲਿਸ਼ਕਣ, ਮਨ ਦੇ ਮਹਿਰਮ ਸੂਰਜ ਰਾਣੇ,
ਫੁੱਲ ਖ਼ੁਸ਼ਬੋਈ ਤੇ ਰੰਗ ਜਿੱਥੇ, ਸੱਜਰੀ ਰੂਹ ਦੇ ਚਾਵਾਂ ਵਰਗੇ।

ਔਖ ਘੜੀ ਵਿਚ ਸਭ ਤੋਂ ਪਹਿਲਾਂ, ਆ ਕੇ ਦਰਦ ਵੰਡਾਵਣਹਾਰੇ,
ਕਿੱਧਰ ਤੁਰ ਗਏ, ਹਮਰਾਹ ਤੁਰਦੇ, ਬਾਂਹ ਵਿੱਚ ਪਈਆਂ ਬਾਹਵਾਂ ਵਰਗੇ।

1

*ਪਵਿੱਤਰ

੦

## ਇਸ ਤਰ੍ਹਾਂ ਕਿਉਂ ਜਾਪਦਾ

ਇਸ ਤਰ੍ਹਾਂ ਕਿਉਂ ਜਾਪਦਾ, ਨੀਵਾਂ ਹੈ ਅੰਬਰ ਹੋ ਗਿਆ।
ਮਿਲਣ ਆਇਆ ਧਰਤ ਨੂੰ, ਮਿਲ ਕੇ ਬਰਾਬਰ ਹੋ ਗਿਆ।

ਮਾਰ ਕੇ ਆਵਾਜ਼ ਮਗਰੋਂ, ਤੂੰ ਸੀ ਮੈਨੂੰ ਕੀ ਕਿਹਾ,
ਯਾਦ ਨਹੀਂ ਪਰ ਵੇਖ ਲੈ ਇਹ ਦਿਲ ਤਾਂ ਕਾਫ਼ਰ ਹੋ ਗਿਆ।

ਝੜ ਗਏ ਪੱਤੇ ਪੁਰਾਣੇ, ਫਿਰ ਪੁੰਗਾਰਾ ਪੁੰਗਰਿਆ,
ਕੋਂਪਲਾਂ ਦਾ ਬਦਲ ਹੀ ਰੱਬ ਦਾ ਪੈਗੰਬਰ ਹੋ ਗਿਆ।

ਅੱਥਰੂ ਜਦ ਅੱਖ ਅੰਦਰ ਸੀ ਤਾਂ ਤੁਪਕੇ ਵਾਂਗ ਸੀ,
ਵਹਿ ਗਿਆ ਤਾਂ ਵੇਖ ਲੈ, ਪਲ ਵਿੱਚ ਸਮੁੰਦਰ ਹੋ ਗਿਆ।

ਫੇਰ ਧੋਖ਼ਾ ਖਾਣ ਮਗਰੋਂ, ਕਿਉਂ ਭਲਾ ਖਾਂਦਾ ਵਿਸਾਹ,
ਹੁਣ ਤਾਂ ਇਹ ਦਿਲ ਜਾਪਦੈ, ਮੇਰੇ ਤੋਂ ਨਾਬਰ ਹੋ ਗਿਆ।

ਜਾਪਦੈ ਬਾਜ਼ਾਰ ਦੀ ਲੱਗੀ ਹੈ ਇਸ ਨੂੰ ਬਦ-ਦੁਆ.
ਰਿਸ਼ਤਿਆਂ ਦਾ ਚਿਹਨ ਚੱਕਰ, ਵੀ ਆਡੰਬਰ ਹੋ ਗਿਆ।

ਕੱਢ ਕੇ ਸ਼ੀਸ਼ਾ ਵਿਖਾਇਆ, ਮੈਂ ਕਿਹਾ ਕਿ ਵੇਖ ਲਉ,
ਬਦਗੁਮਾਨਾਂ ਸਮਝਿਆ, ਸਾਡਾ ਨਿਰਾਦਰ ਹੋ ਗਿਆ।

1

੦

## ਸ਼ਹਿਰ ਖਾਮੋਸ਼ ਦੇ ਬੂਹੇ ਬੰਦ ਨੇ

ਸ਼ਹਿਰ ਖਾਮੋਸ਼ ਦੇ ਬੂਹੇ ਬੰਦ ਨੇ, ਮੂੰਹ ਵਿਚ ਜਿਵੇਂ ਜ਼ਬਾਨ ਨਹੀਂ ਹੈ।
ਇੰਜ ਕਿਉਂ ਲੱਗਦੈ, ਏਸ ਨਗਰ ਦੇ ਬਿਰਖ਼ਾਂ ਵਿੱਚ ਵੀ ਜਾਨ ਨਹੀਂ ਹੈ।

ਪੈਰ ਪੈਰ ਤੇ ਬਹੁਤ ਖ਼ੁਦਾ ਨੇ, ਪੱਥਰਾਂ ਵਾਲੀ ਜੂਨ ਪਏ ਜੋ,
ਬੜੀਆਂ ਭੀੜਾਂ ਚਾਰ ਚੁਫ਼ੇਰੇ, ਇੱਕ ਵੀ ਤਾਂ ਇਨਸਾਨ ਨਹੀਂ ਹੈ।

ਬਣਿਆ ਫਿਰਦੈ ਸਿਰਜਣਹਾਰਾ, ਮੈਂ ਹੀ ਇਸ ਦੇ ਬੁੱਤ ਨੂੰ ਘੜਿਆ,
ਜਿਹੜੇ ਬੁੱਤ ਨੂੰ ਪੂਜੇ ਦੁਨੀਆਂ, ਸੱਚਮੁੱਚ ਇਹ ਭਗਵਾਨ ਨਹੀਂ ਹੈ।

ਹਿੰਦੂ ਮੁਸਲਿਮ ਸਿੱਖ ਈਸਾਈ, ਸਭ ਨੂੰ ਕੈਸੀ ਸ਼ਾਮਤ ਆਈ,
ਮੰਡੀ ਮਾਲ ਵਿਕਾਊ ਵਰਗੇ, ਥੱਲੇ ਦੀਨ ਈਮਾਨ ਨਹੀਂ ਹੈ।

ਮਨ ਦੇ ਜੰਗਲ ਰਾਤ ਪਈ ਹੈ, ਕੱਲ੍ਹਿਆਂ ਬਾਤ ਸੁਣਾਵਾਂ ਕਿਸਨੂੰ,
ਖ਼ੁਦ ਨੂੰ ਆਪ ਹੁੰਗਾਰਾ ਭਰਦਾਂ, ਪੀੜਾਂ ਸਹਿਣ ਆਸਾਨ ਨਹੀਂ ਹੈ।

ਲੰਘ ਆ, ਲੰਘ ਆ ਮਨ ਦੇ ਮੰਦਰ, ਰੂਹ ਦਾ ਨਾਦ ਵਜਾਈਏ ਰਲ਼ ਕੇ,
ਜੇ ਤੂੰ ਵੱਖਰਾ ਰਾਗ ਅਲਾਉਣਾ, ਮੈਨੂੰ ਇਹ ਪਰਵਾਨ ਨਹੀਂ ਹੈ।

ਮੈਂ ਤਾਂ ਜਿਸਮ ਵਿਹੂਣੀ ਖ਼ੁਸ਼ਬੂ, ਫੁੱਲਾਂ ਅੰਦਰ ਹਾਜ਼ਰ ਨਾਜ਼ਰ,
ਮਿਲ ਜਾ ਤੂੰ ਕਰ ਪੌਣ ਸਵਾਰੀ, ਏਥੇ ਕੋਈ ਦਰਬਾਨ ਨਹੀਂ ਹੈ।

1

o

## ਤੂੰ ਪੁੱਛਿਆ ਹੈ, ਗ਼ਜ਼ਲ ਲਿਖਾਂ ਮੈਂ

ਤੂੰ ਪੁੱਛਿਆ ਹੈ, ਗ਼ਜ਼ਲ ਲਿਖਾਂ ਮੈਂ, ਬਹੁਤਾ ਕਿਹੜੀ ਬਹਿਰ ਦੇ ਅੰਦਰ।
ਤੱਕੜੀ ਵੱਟੇ ਯਾਦ ਨਾ ਰਹਿੰਦੇ, ਮੈਨੂੰ ਮਨ ਦੀ ਲਹਿਰ ਦੇ ਅੰਦਰ।

ਪਿੰਡ ਅਜੇ ਵੀ ਪਿੱਛਾ ਕਰਦਾ, ਦਿਨ ਤੇ ਰਾਤ ਪਹਿਰ ਤੇ ਘੜੀਆਂ,
ਅੱਧੀ ਸਦੀ ਗੁਜ਼ਾਰੀ ਭਾਵੇਂ, ਮੈਂ ਲੁਧਿਆਣੇ ਸ਼ਹਿਰ ਦੇ ਅੰਦਰ।

ਬਹੁਤਾ ਮਿੱਠਾ ਬੋਲਣ ਵਾਲਿਆਂ ਕੋਲੋਂ, ਬੀਬਾ ਬਚ ਕੇ ਰਹਿਣਾ,
ਮੌਤ ਯਕੀਨੀ ਹੋ ਸਕਦੀ ਹੈ, ਏਨੇ ਮਿੱਠੇ ਜ਼ਹਿਰ ਦੇ ਅੰਦਰ।

ਨੀਤਾਂ 'ਚੋਂ ਬਦਨੀਅਤਾਂ ਪਰਖ਼ਣ, ਤੀਜੇ ਮੱਥੇ ਵਾਲੇ ਨੇਤਰ,
ਨੰਗੀ ਅੱਖ ਨੂੰ ਦਿਸਦੀ ਨਾ ਜੋ, ਖੋਟੀ ਰੂਹ ਦੀ ਗਹਿਰ ਦੇ ਅੰਦਰ।

ਚਾਰ ਚੁਫ਼ੇਰੇ ਵੀ ਹਾਂ ਤੱਕਦਾਂ, ਟਾਂਗੇ ਵਾਲਾ ਘੋੜਾ ਨਹੀਂ ਮੈਂ,
ਸ਼ਾਮ ਸਵੇਰੇ ਤੁਰਿਆ ਰਹਿੰਦਾਂ, ਮਨ ਦੀ ਸਿਖ਼ਰ ਦੁਪਹਿਰ ਦੇ ਅੰਦਰ।

ਪਾਣੀ ਮੰਗਣ ਜੋਗਾ ਵੀ ਨਾ, ਡੰਗਿਆ ਫਿਰਦਾਂ, ਹਾਲੇ ਤੱਕ ਵੀ,
ਖ਼ਵਰੇ ਕਿੰਨਾ ਕਹਿਰ ਪਿਆ ਸੀ, ਨੀਮ ਨਜ਼ਰ ਦੇ ਜ਼ਹਿਰ ਦੇ ਅੰਦਰ।

ਸ਼ਾਮ ਢਲੀ ਹੈ, ਹੁਣ ਨਾ ਆਵੀਂ, ਤੜਕਸਾਰ ਪਰਭਾਤੀ ਸੁਣ ਲਈਂ,
ਲੱਭ ਲਵੀਂ ਦਰਵੇਸ਼ ਦੀ ਰੂਹ 'ਚੋਂ ਮੈਨੂੰ ਸੱਜਰੇ ਪਹਿਰ ਦੇ ਅੰਦਰ।

l

o

## ਸੋਚ ਦੇ ਡੂੰਘੇ ਸਮੁੰਦਰ ਤਰਦਿਆਂ ਵੀ

ਸੋਚ ਦੇ ਡੂੰਘੇ ਸਮੁੰਦਰ ਤਰਦਿਆਂ ਵੀ।
ਸਿਦਕ ਨਾ ਛੱਡਾਂ ਤਸੀਹੇ ਜਰਦਿਆਂ ਵੀ।

ਬਹੁਤ ਵਾਰੀ ਤੂੰ ਮੇਰੀ ਹਮਸਫ਼ਰ ਹੋਵੇਂ,
ਤਾਰਿਆਂ ਦੇ ਨਾਲ ਗੱਲਾਂ ਕਰਦਿਆਂ ਵੀ।

ਅਗਨ ਦੀ ਗਾਥਾ ਸੁਣਾਉਣੀ ਪੈ ਗਈ ਸੀ,
ਜ਼ਿੰਦਗੀ ਤੈਨੂੰ ਮੁਹੱਬਤ ਕਰਦਿਆਂ ਵੀ।

ਬਹੁਤ ਵਾਰੀ ਝੂਠ ਸ਼ੀਸ਼ਾ ਬੋਲਦਾ ਹੈ,
ਮੰਨਦਾ ਨਾ ਮਨ ਕਦੇ ਇਹ ਡਰਦਿਆਂ ਵੀ।

ਮਨ ਮੇਰਾ ਤੰਦੂਰ ਵਾਂਗੂੰ ਭਖ਼ ਰਿਹਾ ਹੈ,
ਨਾਲ ਤੇਰੇ ਸ਼ਾਂਤ ਗੱਲਾਂ ਕਰਦਿਆਂ ਵੀ।

ਤੂੰ ਰਲੇਂ ਮਿਰਗਾਵਲੀ ਵਿੱਚ ਫੇਰ ਸਮਝੀਂ,
ਜ਼ਿੰਦਗੀ ਕਿੰਨੀ ਪਿਆਰੀ ਮਰਦਿਆਂ ਵੀ।

ਸ਼ਬਦ ਨਾ ਗੁਲਨਾਰ ਬਣਦੇ ਵੇਦਨਾ ਜੇ,
ਬੀਤ ਜਾਂਦੀ ਉਮਰ ਹੌਕੇ ਭਰਦਿਆਂ ਵੀ।

ਵਹਿ ਰਹੀ ਰਾਵੀ ਬਿਨਾ ਪਾਣੀ ਤੋਂ ਏਥੇ,
ਸਮਝ ਕਿਉਂ ਆਵੇ ਨਾ ਤੈਨੂੰ ਤਰਦਿਆਂ ਵੀ।

ਤੂੰ ਮੇਰੇ ਸੁਰਤਾਲ ਵਿੱਚ ਕਿਉਂ ਖਲਲ ਪਾਵੇਂ,
ਜ਼ਿੰਦਗੀ ਵਿੱਚ ਰੰਗ ਸੂਹੇ ਭਰਦਿਆਂ ਵੀ।

l

## ਕਈ ਜਨਮਾਂ ਤੋਂ ਵਿੱਛੜੇ ਆਪਾਂ

ਕਈ ਜਨਮਾਂ ਤੋਂ ਵਿੱਛੜੇ ਆਪਾਂ, ਆ ਜਾ ਦੋਵੇਂ ਇੱਕ ਸਾਹ ਹੋਈਏ।
ਕੋਸ਼ਿਸ਼ ਕਰੀਏ, ਘੁਲ਼ ਮਿਲ਼ ਜਾਈਏ, ਧੜਕਣ ਅੰਦਰ ਨਬਜ਼ ਪਰੋਈਏ।

ਰੋਜ਼ ਉਡੀਕਣ ਬਿਖੜੇ ਪੈਂਡੇ, ਘੁੰਮਣ ਘੇਰ ਹਨ੍ਹੇਰੀਆਂ ਗਲੀਆਂ,
ਡਰਦਿਆਂ ਨੂੰ ਇਹ ਹੋਰ ਡਰਾਵਣ, ਆ ਜਾ ਚਾਨਣ ਚਾਨਣ ਹੋਈਏ।

ਮਨ ਦੀ ਖੋਟ ਨਿਹਾਰਨ ਖ਼ਾਤਰ, ਅੰਗ ਸੰਗ ਰੱਖੀਏ ਨਿਰਮਲ ਸ਼ੀਸ਼ਾ,
ਰੋਜ਼ ਰਾਤ ਨੂੰ ਇਸ ਵਿੱਚ ਤੱਕੀਏ, ਰੂਹ ਦੇ ਮੈਲ਼ੇ ਵਸਤਰ ਧੋਈਏ।

ਦੋ-ਅਮਲੀ ਵਿਚ ਘਿਰ ਗਏ ਆਪਾਂ, ਪੁੱਤ ਨੂੰ ਕਹੀਏ "ਜੀਣ ਜੋਗਿਆ",
ਘਰ ਵਿੱਚ ਜੰਮੀ ਜਾਈ ਧੀ ਨੂੰ, ਖ਼ੁਦ ਕਹਿੰਦੇ ਹਾਂ ਆਪਾਂ "ਮੋਈਏ"।

ਜਿਸਮਹੀਣ ਮਹਿਕੰਦੀਆਂ ਪੌਣਾਂ, ਸਾਹਾਂ ਵਿੱਚ ਰਮਾ ਲੈ ਤੂੰ ਵੀ,
ਸੁੱਚੇ ਸੁਰਖ਼ ਗੁਲਾਬ ਦੀ ਜਾਈਏ, ਸਿਰ ਤੋਂ ਪੈਰਾਂ ਤੱਕ ਖੁਸ਼ਬੋਈਏ।

ਜਿਸ ਰਿਸ਼ਤੇ ਦਾ ਨਾਮ ਨਾ ਕੋਈ, ਪਰ ਇਉਂ ਲੱਗਦੈ ਅਜ਼ਲਾਂ ਤੋਂ ਹੈ,
ਸ਼ਗਨਾਂ-ਵੇਲ਼ਾ ਆ ਜਾ ਦੋਵੇਂ, ਰਲ਼ ਕੇ ਤੇਲ ਬਰੂਹੀਂ ਚੋਈਏ।

ਧਰਤੀ ਜਿੱਡੀ ਹਿੱਕੜੀ ਅੰਦਰ, ਅੰਬਰੋਂ ਉੱਚਾ ਖ਼੍ਵਾਬ ਬੀਜੀਏ.
ਕੁਲ ਆਲਮ ਦੀ ਸ਼ਕਤੀ ਬਣੀਏ, ਨੀ ਸੋਚੇ ਨੀ ਨਵੀਂ ਨਰੋਈਏ।

1

## ਮੇਰੀ ਰੂਹ ਦੇ ਅੰਦਰ ਵਾਰ ਕਿਤੇ

ਮੇਰੀ ਰੂਹ ਦੇ ਅੰਦਰ ਵਾਰ ਕਿਤੇ, ਇਹ ਜਗਦਾ ਮਘਦਾ ਨੂਰ ਜਿਹਾ।
ਰਾਵੀ ਦੇ ਨਿਰਮਲ ਪੱਤਣਾਂ ਤੇ, ਜਿਵੇਂ ਸੂਰਜ ਸੁਰਖ਼ ਸਰੂਰ ਜਿਹਾ।

ਦਿਲ ਵਾਲੀ ਕੋਮਲ ਤਖ਼ਤੀ ਤੇ, ਆਹ ਲਿਖੀ ਇਬਾਰਤ ਕੌਣ ਪੜ੍ਹੇ,
ਜਿਸ ਮਹਿਰਮ ਨੇ ਇਹ ਲਿਖ ਭੇਜੇ, ਬੇਜਿਸਮਾ ਹੈ ਕਾਫ਼ੂਰ ਜਿਹਾ।

ਤੂੰ ਸੱਚ ਦੱਸੀਂ ਬਈ ਏਸ ਤਰ੍ਹਾਂ, ਕਿਉਂ ਸੱਚੀਂ ਮੈਂ ਮਹਿਸੂਸ ਕਰਾਂ,
ਤੂੰ ਮੇਰਾ ਬਿਲਕੁਲ ਮੇਰਾ ਹੈਂ, ਕਿਰਨਾਂ ਦਾ ਪਹਿਲਾ ਪੂਰ ਜਿਹਾ।

ਉਸ ਪਲ ਦਾ ਲੱਖ ਸ਼ੁਕਰਾਨਾ ਹੈ, ਜਦ ਪਹਿਲਾ ਬੋਲ ਸੁਣਾਇਆ ਤੂੰ,
ਨਾ ਮਗਰੋਂ ਮੈਨੂੰ ਹੋਸ਼ ਰਹੀ, ਅੱਜ ਤੀਕਰ ਹਾਂ ਮਖ਼ਮੂਰ ਜਿਹਾ।

ਦਿਨ ਚੜ੍ਹਿਆ ਤੇ ਮੈਂ ਪੜ੍ਹਿਆ ਹੈ, ਸ਼ੀਸ਼ੇ 'ਚੋਂ ਅਪਣੇ ਚਿਹਰੇ ਨੂੰ,
ਤੂੰ ਹਾਜ਼ਰ ਨਾਜ਼ਰ ਨੈਣਾਂ ਵਿਚ, ਮਨ ਤਾਂ ਹੀ ਤਾਂ ਪੁਰਨੂਰ ਜਿਹਾ।

ਅੰਬਰ ਤੇ ਧਰਤੀ ਜਿਹੜੀ ਥਾਂ, ਗਲਵੱਕੜੀ ਪਾ ਕੇ ਮਿਲਦੇ ਨੇ,
ਮੈਂ ਤੜਫ਼ ਗਿਆਂ ਉਹ ਵੇਖਣ ਨੂੰ, ਅਣਮਿਣਵਾਂ ਪੈਂਡਾ ਦੂਰ ਜਿਹਾ।

ਮੁਸਕਾਨ ਭੇਜ ਦੇ ਸੱਜਰੀ ਜਹੀ, ਚੰਬੇ ਦੀ ਖ਼ੁਸ਼ਬੂ ਨਾਲ ਭਰੀ,
ਇਸ ਮਨ ਦੇ ਸੱਖਣੇ ਭਾਂਡੇ ਨੂੰ, ਤੂੰ ਕਰਦੇ ਫਿਰ ਭਰਪੂਰ ਜਿਹਾ।

1

o

## ਸੁੰਗੜੇ ਨੇ ਲੋਕ ਜਿਹੜੇ ਰਲ਼ੇ

ਸੁੰਗੜੇ ਨੇ ਲੋਕ ਜਿਹੜੇ ਰਲ਼ੇ ਧਨਵਾਨਾਂ ਵਿਚ।
ਰੌਣਕਾਂ ਕਮਾਲ, ਮੇਲਾ ਲੱਗਿਆ ਦੁਕਾਨਾਂ ਵਿੱਚ।

ਜ਼ਿੰਦਗੀ ਟਿਊਬ ਰੇਲ ਵਾਂਗਰਾਂ ਲੰਘਾਈ ਸਾਰੀ,
ਨਜ਼ਰਾਂ ਟਿਕਾਵਾਂ ਕਿਵੇਂ ਉੱਚੇ ਅਸਮਾਨਾਂ ਵਿੱਚ।

ਸੜਕਾਂ ਚੌਮਾਰਗੀ, ਛੇਮਾਰਗੀ ਤੋਂ ਵੱਧ ਭਾਵੇਂ,
ਜ਼ਿੰਦਗੀ ਦੀ ਗੱਡ ਸਾਡੀ ਹਾਲੇ ਵੀ ਖ਼ਤਾਨਾਂ ਵਿੱਚ।

ਕਾਲ਼ੀ ਕਰਤੂਤ ਦਾ ਕਮਾਲ ਚਿੱਟੇ ਦਿਨ ਵੇਖੋ,
ਸੁੰਨੀਆਂ ਨੇ ਸੱਥਾਂ, ਭੀੜ ਦਿਸੇ ਸ਼ਮਸ਼ਾਨਾਂ ਵਿੱਚ।

ਅਕਲਾਂ ਦੀ ਘਾਟ ਹੈ ਗਿਆਨ ਵਾਲੇ ਮੰਦਰਾਂ 'ਚ,
ਹੈ ਨਹੀਂ ਕਿਰਪਾਨ ਤਿੱਖੀ, ਗੱਤੇ ਦੇ ਮਿਆਨਾਂ ਵਿਚ।

ਵੇਚਦੇ ਨੇ ਜ਼ਹਿਰ ਤੇ ਸਿਆਸਤਾਂ ਸਵੇਰ ਸ਼ਾਮ,
ਮਾਖਿਓਂ ਮਖ਼ੀਰ ਕਿਵੇਂ ਰੱਖਦੇ ਜ਼ਬਾਨਾਂ ਵਿੱਚ।

ਲਾਇਆ ਕਿੱਥੇ ਡੇਰਾ, ਪਿੰਡ ਬੜਾ ਪਿੱਛੇ ਰਹਿ ਗਿਆ ਏ,
ਨੀਂਦਰਾਂ ਗਵਾਚ ਗਈਆਂ, ਕੱਚ ਦੇ ਮਕਾਨਾਂ ਵਿੱਚ।

1

o

## ਬੜਾ ਸੋਚਿਆ ਕਿ ਤੈਨੂੰ

ਬੜਾ ਸੋਚਿਆ ਕਿ ਤੈਨੂੰ ਹੋਰ ਕੁਝ ਵੀ ਨਹੀਂ ਕਹਿਣਾ।
ਪਰ ਕਰਾਂ ਕੀ ਮੈਂ ਸੌਖਾ ਨਹੀਉਂ, ਚੁੱਪ ਤੇਰੀ ਸਹਿਣਾ।

ਮੇਰੇ ਵਿਹੜੇ ਦੀ ਬਗੀਚੜੀ 'ਚ ਖਿੜੇ ਕਿੰਨੇ ਫੁੱਲ,
ਕਰ ਇਨ੍ਹਾਂ ਨੂੰ ਪਿਆਰ, ਨਾਲੇ ਕਹਿ ਦੇ ਜੋ ਵੀ ਕਹਿਣਾ।

ਲਾਹ ਦੇ ਮੱਥੇ ਤੋਂ ਤਿਊੜੀ, ਸੋਹਣੇ ਚੰਨ ਉੱਤੋਂ ਦਾਗ,
ਤੰਦ-ਮੈਲ਼ ਵਾਂਗੂੰ ਫੇਰ ਇਹਨੇ ਮਗਰੋਂ ਨਹੀਂ ਲਹਿਣਾ।

ਚੱਲ ਸੇਕ ਤੋਂ ਬਚਾਈਏ ਸੂਹੇ ਸੁਪਨੇ ਸੰਧੂਰੀ,
ਬਹੁਤਾ ਚੰਗਾ ਨਹੀਉਂ ਹੁੰਦਾ ਐਵੇਂ ਅੱਗ ਨਾਲ ਖਹਿਣਾ।

ਤੇਰੀ ਮਿੱਠੀ ਮੁਸਕਾਨ ਵੇਖ ਡੋਲਦੈ ਈਮਾਨ,
ਕਿਹੜੇ ਜੰਦਰੇ ਦੇ ਪਿੱਛੇ ਤੂੰ ਸੰਭਾਲ ਬੈਠੀ ਗਹਿਣਾ।

ਕਾਲ਼ੇ ਲੇਖਾਂ ਵਿਚ ਰੇਖ ਮੇਰੇ ਮਾਰ ਕੇ ਤਾਂ ਵੇਖ,
ਵਾਹੇ ਚਾਨਣੀ ਲਕੀਰ, ਜਿਵੇਂ ਰਾਤ ਨੂੰ ਟਟਹਿਣਾ।

ਮੇਰੀ ਇੱਕ ਗੱਲ ਮੰਨ, ਬਣ ਪੁੰਨਿਆ ਦਾ ਚੰਨ,
ਨਾਲੇ ਕਰ ਇਕਰਾਰ ਸਦਾ ਅੰਗ ਸੰਗ ਰਹਿਣਾ।

1

ੋ

## ਵੇਖਣ ਵਾਲੀ ਅੱਖ ਨਹੀਂ ਲੱਭਦੀ

ਵੇਖਣ ਵਾਲੀ ਅੱਖ ਨਹੀਂ ਲੱਭਦੀ, ਕਦਮ ਕਦਮ ਤੇ ਰੁਲ਼ਦੇ ਹੀਰੇ।
ਸਾਡੇ ਮੱਥੇ ਇਹ ਕੀ ਵਾਹੇ ਘੀਚ ਮਚੋਲੇ ਤੂੰ ਤਕਦੀਰੇ।

ਚਿੱਟੇ ਦਿਨ ਤੇ ਸਿਖ਼ਰ ਦੁਪਹਿਰੇ, ਇਸ ਧਰਤੀ ਦੀ ਅਜ਼ਮਤ ਰੋਲ਼ੀ,
ਬਾਹੂਬਲੀ ਸਿਆਸਤ ਮਿਲ ਕੇ, ਲੁੱਟੀਆਂ ਡੋਲੀਆਂ ਲਾਹੇ ਕਲੀਰੇ।

ਜਿਸ ਦੇ ਹੱਥ ਵਿੱਚ ਜੋ ਵੀ ਆਇਆ, ਉਸ ਨੇ ਪਾਇਆ ਆਪਣੇ ਅੰਦਰ,
ਚੋਰ ਤੇ ਚੌਂਕੀਦਾਰ ਬਣੇ ਨੇ, ਘਿਉ ਖਿਚੜੀ ਨੇ ਵੀਰੇ ਵੀਰੇ।

ਵੇਖ ਲਵੋ ਕੀ ਕਲਜੁਗ ਆਇਆ, ਸੱਚ ਸੁਣਾਇਆਂ ਸੁਣਦੇ ਨਹੀਓਂ,
ਰਾਜੇ ਸ਼ੀਂਹ ਤੇ ਨਾਲ ਮੁਕੱਦਮ, ਝਾਕਣ ਸਾਨੂੰ ਟੀਰੇ ਟੀਰੇ।

ਹਰ ਕੈਦੋ ਹੀ ਚਾਚਾ ਬਣਿਆ, ਫ਼ੋਕੀ ਸ਼ਾਨ ਸਿਖ਼ਰ ਤੇ ਪਹੁੰਚੀ,
ਕੁੱਟੀ ਜਾਵੇਂ ਰਾਂਝਣ ਖ਼ਾਤਰ, ਚੂਰੀ ਫਿਰ ਵੀ ਤੂੰ ਕਿਉਂ ਹੀਰੇ।

ਜਾਗ ਜਾਗ ਧਰਤੀ ਦੇ ਪੁੱਤਰਾ, ਭੈਣਾਂ ਨੂੰ ਵੀ ਨਾਲ ਰਲਾ ਲੈ,
ਸ਼ਰਮ ਧਰਮ ਨਾ ਛੁਪ ਖਲੋਏ, ਦੇਣ ਸੰਥਿਆ ਨਾ ਬੇ-ਪੀਰੇ।

ਜ਼ਿੰਦਗੀ ਤੇਰੀ ਮਾਂਗ ਸੰਧੂਰੀ, ਸਤਵੰਤੀ ਰਹੇ ਸਦਾ ਸੁਹਾਗਣ,
ਧੀਆਂ ਸਿਰ ਫੁਲਕਾਰੀ ਸੋਹੇ, ਪੁੱਤਰਾਂ ਦੇ ਸਿਰ ਸੂਹੇ ਚੀਰੇ।

1

ੋ

## ਮੇਰੇ ਸਾਹਾਂ 'ਚ ਜੇ

ਮੇਰੇ ਸਾਹਾਂ 'ਚ ਜੇ ਕੁਝ ਤਾਜ਼ਗੀ ਹੈ।
ਇਹ ਤੇਰੇ ਇਸ਼ਕ ਦੀ ਦਰਿਆਦਿਲੀ ਹੈ।

ਨਿਦੋਸ਼ਾ ਤੇਗ ਤੋਂ ਡਰਿਆ ਨਹੀਂ ਜੇ,
ਭਰਾਓ! ਏਹੀ ਤਾਂ ਮਰਦਾਨਗੀ ਹੈ।

ਮੁਸੀਬਤ ਆਉਣ ਤੇ ਵੀ ਮੁਸਕਰਾਉਣਾ,
ਮਿਲੀ ਵਿਰਸੇ 'ਚ ਏਹੀ ਸਾਦਗੀ ਹੈ।

ਮਿਲੋ ਤਾਂ ਮਹਿਕ ਵਾਂਗੂੰ ਫ਼ੈਲ ਜਾਉ,
ਅਸਲ ਵਿੱਚ ਏਸ ਦਾ ਨਾਂ ਬੰਦਗੀ ਹੈ।

ਮੈਂ ਬਾਜ਼ੀ ਜਾਨ ਦੀ ਲਾਈ ਹੈ ਫਿਰ ਵੀ,
ਤੂੰ ਹਾਲੇ ਸਮਝਦੈਂ ਇਹ ਦਿਲ-ਲਗੀ ਹੈ।

ਮੈਂ ਹੁੰਦਾ ਜ਼ੁਲਮ ਵੇਖਾਂ, ਚੁੱਪ ਬੈਠਾਂ,
ਤੇ ਇਸ ਤੋਂ ਵੱਧ ਕਿਹੜੀ ਬੁਜ਼ਦਿਲੀ ਹੈ।

ਚਲੋ! ਓਥੇ ਵੀ ਕਲਮਾਂ ਬੀਜ ਆਈਏ,
ਜਿਹੜੇ ਖੇਤੀਂ ਅਜੇ ਵੀਰਾਨਗੀ ਹੈ।

1

○

## ਕੰਨ ਕਰ ਕੋਲ ਮੇਰੇ

ਕੰਨ ਕਰ ਕੋਲ ਮੇਰੇ, ਸੋਹਣੇ ਚੰਨ ਮੱਖਣਾ।
ਦਿਲ ਦਾ ਉਬਾਲ ਕਾਹਨੂੰ, ਐਵੇਂ ਸਾਂਭ ਰੱਖਣਾ।

ਜ਼ਿੰਦਗੀ 'ਚ ਆਸ ਤੇ ਉਮੀਦ ਹੀ ਚਿਰਾਗ ਨੇ,
ਚਾਨਣੀ ਬਗੈਰ ਤਾਂ ਹਮੇਸ਼ ਬੰਦਾ ਸੱਖਣਾ।

ਧਰਤੀ ਵੀ ਜਾਣਦੀ ਹੈ ਸੂਰਜੇ ਦੇ ਤਾਣ ਨੂੰ,
ਐਵੇਂ ਤਾਂ ਨਹੀਂ ਕਰਦੀ ਦੁਆਲੇ ਪਰਦੱਖਣਾ।

ਮੌਤ ਹੈ ਅਟੱਲ, ਪਰ ਜੀਂਦੇ ਜੀਅ ਕਿਉਂ ਮਰੀਏ,
ਸ਼ੌਕ ਸਾਨੂੰ ਜ਼ਿੰਦਗੀ ਦਾ ਮਿੱਠਾ ਮਹੁਰਾ ਚੱਖਣਾ।

ਪੁੱਛਦੇ ਸ਼ਹੀਦ ਤੇ ਮੁਰੀਦ ਹੱਕ ਸੱਚ ਦੇ,
ਮਾਰ ਕੇ ਜ਼ਮੀਰਾਂ ਪੁੱਟੀ ਖ਼੍ਵਾਬ ਦੀ ਕਿਉਂ ਜੱਖਣਾ।

ਵੱਡੀ ਮੱਛੀ ਨਿੱਕੀ ਨੂੰ ਹੈ ਸਦਾ ਖਾਂਦੀ ਵੇਖਿਐ,
ਮੰਡੀ ਸੰਸਾਰ ਨੇ ਬਾਜ਼ਾਰ ਸਾਡਾ ਭੱਖਣਾ।

ਹਿੰਮਤੇ ਨੀ, ਬੂਹੇ ਖੁੱਲ੍ਹੇ, ਰੱਖਦਾਂ ਸਵੇਰ ਸ਼ਾਮ,
ਸਾਡੇ ਘਰ ਪੈਰ ਕਦੋਂ ਪਾਏਂਗੀ ਸੁਲੱਖਣਾ।

1

○

## ਮਨ ਦੀ ਬਸਤੀ ਵੇਖਣ ਨੂੰ ਤਾਂ

ਮਨ ਦੀ ਬਸਤੀ ਵੇਖਣ ਨੂੰ ਤਾਂ, ਉੱਸਰੀ ਹੈ, ਆਬਾਦ ਨਹੀਂ।
ਏਸੇ ਕਰਕੇ ਇਨਕਲਾਬ ਵੀ, ਓਨਾ ਜ਼ਿੰਦਾਬਾਦ ਨਹੀਂ।

ਬਾਗਾਂ ਵਾਲੇ ਬਾਗਬਾਨ ਸਭ, ਠੇਕੇਦਾਰ ਬਣਾ ਸੁੱਟੇ,
ਬਿਰਖ ਬਰੂਟੇ ਉੱਜੜ ਚੱਲੇ, ਮਾਲੀ ਨੂੰ ਕੁਝ ਯਾਦ ਨਹੀਂ।

ਵਤਨ ਮੇਰੇ ਵਿੱਚ ਧੀਆਂ ਪੁੱਤਰ, ਕੋਈ ਵੀ ਰਹਿਣਾ ਚਾਹੁੰਦਾ ਨਹੀਂ,
ਸੋਨ-ਚਿੜੀ ਨੂੰ ਫਿਰ ਕਿਉਂ ਕਹਿੰਦੇ, ਹੋਈ ਇਹ ਬਰਬਾਦ ਨਹੀਂ।

ਸਾਡੇ ਪਿੰਡ ਦਾ ਗੁੜ ਤੇ ਸ਼ੱਕਰ ਜਦ ਤੋਂ ਮੰਡੀ ਆ ਬੈਠੇ,
ਅਪਣਾ ਮੰਨ ਕੇ ਖਾ ਲੈਂਦਾਂ, ਪਰ ਪਹਿਲਾਂ ਵਾਂਗ ਸਵਾਦ ਨਹੀਂ।

ਤਨ ਤੇ ਮਨ ਨੂੰ ਕਿੰਨੀ ਵਾਰੀ ਢਾਲ਼ ਕੁਠਾਲੀ ਪਾਇਆ ਹੈ,
ਮੇਰਾ ਨਿਸ਼ਚਾ ਐਵੇਂ ਕਿਧਰੇ, ਬਣਿਆ ਤਾਂ ਫ਼ੌਲਾਦ ਨਹੀਂ।

ਸੂਰਮਿਆਂ ਦੇ ਵਾਰਿਸ ਲੱਖਾਂ, ਟੋਡੀ ਲੁਕਦੇ ਫਿਰਦੇ ਨੇ,
ਕਿੰਜ ਕਹਿੰਦੇ ਹੋ ਭਗਤ ਸਰਾਭੇ ਊਧਮ ਘਰ ਔਲਾਦ ਨਹੀਂ।

ਹੇ ਗੁਰ ਮੇਰੇ, ਰਾਗ-ਰਤਨ ਦੀ ਸੋਝੀ ਸਾਥੋਂ ਗੁੰਮ ਚੱਲੀ ਹੈ,
ਰਸਨਾ ਗਾਵੇ, ਰਸ ਨਾ ਆਵੇ, ਮਨ ਮੰਦਰ ਵਿਸਮਾਦ ਨਹੀਂ।

1

o

## ਕਾਹਲੀ ਕਾਹਲੀ ਹਰ ਪਲ ਕਾਹਲੀ

ਕਾਹਲੀ ਕਾਹਲੀ ਹਰ ਪਲ ਕਾਹਲੀ, ਕੁਝ ਪਲ ਮੇਰੇ ਕੋਲ ਤਾਂ ਬਹਿ ਜਾ।
ਚੁੱਪ ਦਾ ਪਰਬਤ ਰੂਹ ਤੋਂ ਲਾਹ ਦੇ, ਮੇਰੀ ਸੁਣ ਲੈ, ਆਪਣੀ ਕਹਿ ਜਾ।

ਸੁਪਨਾ ਢਾਲ਼ ਹਕੀਕਤ ਦੇ ਵਿੱਚ, ਅਮਲ ਕਰਨਗੇ ਅੰਤ ਨਿਬੇੜਾ,
ਨਿਸ਼ਚਾ ਧਾਰ, ਯਕੀਨੀ ਮੰਜ਼ਿਲ, ਦੋਚਿੱਤੀਏ ਤੂੰ ਮਗਰੋਂ ਲਹਿ ਜਾ।

ਏਸ ਤਰ੍ਹਾਂ ਕਿਉਂ ਕਰਦੈਂ ਯਾਰਾ, ਰੂਹ ਦੀ ਪਿਆਸ ਬੁਝੀ ਨਾ ਹਾਲੇ,
ਹਾਲੇ ਤਾਂ ਮੈਂ ਰੱਜ ਨਹੀਂ ਤੱਕਿਆ, ਜੇ ਆਇਐਂ ਤਾਂ ਕੁਝ ਪਲ ਰਹਿ ਜਾ।

ਇਕ ਪਲ ਮਿਲਿਓਂ, ਬਿਜਲੀ ਕੜਕੀ, ਫੇਰ ਪਤਾ ਨਹੀਂ ਕੀ ਕੁਝ ਹੋਇਆ,
ਦੰਦਾਂ ਥੱਲੇ ਜੀਭ ਦਬਾ ਲੈ, ਓਸ ਦਰਦ ਨੂੰ ਏਦਾਂ ਸਹਿ ਜਾ।

ਪੀੜ ਪ੍ਰਾਹੁਣੀ ਬਣ ਕੇ ਬਹਿ ਗਈ, ਦਿਲ ਦੇ ਪਲੰਘ ਨਵਾਰੀ ਉੱਤੇ,
ਨੈਣਾਂ ਵਿਚ ਪਥਰਾਇਆ ਨਾ ਰਹਿ, ਅੱਥਰੂਆ ਤੂੰ ਹੁਣ ਤਾਂ ਵਹਿ ਜਾ।

ਕੰਧ ਓਹਲੇ ਪਰਦੇਸ ਬਣਾ ਕੇ, ਦਿੱਲੀਓਂ ਦੂਰ ਕਰੇਂ ਨਨਕਾਣਾ,
ਦਿਲ ਵਿਚਕਾਰ ਨਾ ਪੱਕੀ ਬੈਠੀਂ, ਸਰਹੱਦ ਅਗਨ-ਲਕੀਰੇ ਢਹਿ ਜਾ।

ਰੂਪ ਤੇਰੇ ਵਿਚ ਮੈਂ ਵੀ ਹਾਜ਼ਰ, ਜੀਕਣ ਧੁੱਪ ਵਿਚ ਨੂਰ ਸੂਰਜੀ,
ਮਹਿਕਾਂ ਨੂੰ ਰੰਗ ਲਾ ਦੇ ਆ ਕੇ, ਫੁੱਲ-ਪੱਤੀਆਂ ਦੇ ਅੰਦਰ ਸ਼ਹਿ* ਜਾ।

1

o

## ਦਿਲ ਤੇ ਭਾਰ ਬੜਾ ਹੈ ਭਾਵੇਂ

ਦਿਲ ਤੇ ਭਾਰ ਬੜਾ ਹੈ ਭਾਵੇਂ, ਅੱਥਰੂ ਬਣ ਕੇ ਵਹਿ ਨਹੀਂ ਸਕਦਾ।
ਵਗਦੀ ਪੌਣ ਮੇਰਾ ਸਿਰਨਾਵਾਂ, ਇੱਕੋ ਥਾਂ ਤੇ ਬਹਿ ਨਹੀਂ ਸਕਦਾ।

ਮੰਨਿਆ ਤੂੰ ਧਨਵਾਨ ਬੜਾ ਹੈਂ, ਬਲਵੰਤਾ ਸੁਲਤਾਨ ਵੀ ਸੁਣਿਐਂ,
ਅਗਨ-ਕੁਠਾਲ਼ੀ ਮੈਂ ਵੀ ਢਲ਼ਿਆਂ, ਏਨਾ ਸੌਖਾ ਢਹਿ ਨਹੀਂ ਸਕਦਾ।

ਗਲ਼ੇ ਲਗਾਉਣਾ, ਨਾ ਟਕਰਾਉਣਾ, ਮੇਰੇ ਇਸ਼ਟ ਸਿਖਾਇਆ ਮੈਨੂੰ,
ਤੇਰੇ ਤੋਂ ਕੀ ਪਰਦਾ ਜਿੰਦੇ, ਕਿਸੇ ਨਾਲ ਵੀ ਖਹਿ ਨਹੀਂ ਸਕਦਾ।

ਸਾਹਾਂ ਦੀ ਗਲਵੱਕੜੀ ਕੱਸ ਕੇ, ਮੇਰੀ ਸੁਣ ਤੇ ਆਪਣੀ ਦੱਸ ਲੈ,
ਵਿਚ ਵਿਚਾਲੇ ਹੋਰ ਦਾ ਚਿਹਰਾ, ਸੱਚ ਜਾਣੀਂ ਮੈਂ ਸਹਿ ਨਹੀਂ ਸਕਦਾ।

ਬਿਨ ਮਿਲ਼ਿਆਂ ਤੋਂ ਹੋਵਣ ਮੇਲੇ, ਜੇਕਰ ਤੇਰੀ ਰਹਿਮਤ ਹੋਵੇ,
ਬੋਲਣ ਦੀ ਫਿਰ ਲੋੜ ਰਹੇ ਨਾ, ਅੱਗੇ ਕੁਝ ਮੈਂ ਕਹਿ ਨਹੀਂ ਸਕਦਾ।

ਸਿਖ਼ਰ ਹਿਮਾਲਾ ਪਰਬਤ ਚੋਟੀ, ਇਸ ਤੋਂ ਅੱਗੇ ਜਾਣਾ ਚਾਹਾਂ,
ਤੇਰੇ ਕਦਮਾਂ ਵਿੱਚ ਮੁੜ ਆਵਾਂ, ਇੱਕ ਦਮ ਥੱਲੇ ਲਹਿ ਨਹੀਂ ਸਕਦਾ।

ਸੀਰਤ, ਸੂਰਤ ਸੋਹਣੀ ਅੱਗੇ, ਸ਼ਬਦ ਹਾਰ ਗਏ ਵੇਖ ਜ਼ਰਾ ਤੂੰ,
ਇੱਕੋ ਟਾਹਣੀ ਫੁੱਲ ਖੁਸ਼ਬੋਈ, ਮਾਨਣ ਤੋਂ ਮੈਂ ਰਹਿ ਨਹੀਂ ਸਕਦਾ।

1

---

*ਲੁਕ ਛਿਪ ਕੇ ਬਹਿਣਾ

## ਭੁੱਲ ਕੇ ਵੀ ਵਿਰਲਾਪ ਨਾ ਕਰੀਏ

ਭੁੱਲ ਕੇ ਵੀ ਵਿਰਲਾਪ ਨਾ ਕਰੀਏ ਮਰ ਮੁੱਕਿਆਂ ਦਰਿਆਵਾਂ ਦਾ।
ਫ਼ਿਕਰ ਜਦੋਂ ਵੀ ਕਰੀਏ, ਕਰੀਏ ਸੱਜਰੇ ਪੁੰਗਰੇ ਚਾਵਾਂ ਦਾ।

ਬਹੁਤ ਪਿਛਾਂਹ ਜੋ ਛੱਡ ਆਏ ਹਾਂ ਟੋਏ ਟਿੱਬੇ ਬਿਖੜੇ ਥਾਂ,
ਕਰੀਏ ਤਾਂ ਸ਼ੁਕਰਾਨਾ ਕਰੀਏ, ਕਰੀਏ ਉਨ੍ਹਾਂ ਰਾਹਵਾਂ ਦਾ।

ਧਰਤੀ ਹੇਠਾਂ ਬਲਦ ਖਲੋਤਾ, ਸਿੰਗੀਂ ਚੁੱਕ ਜੋ ਧਰਤੀ ਨੂੰ,
ਸਿਦਕੀ ਪੁੱਤਰ ਧਰਮ ਨਿਭਾਵੇ, ਜੋ ਸਮਝਾਇਆ ਮਾਵਾਂ ਦਾ।

ਅਸਲੀ ਪੂੰਜੀ ਸਗਲ ਸਮਰਪਣ, ਧਰਤੀ-ਧਰਮ ਨਿਭਾਉਣਾ ਹੈ,
ਮੁੱਲ ਦਵਾਨੀ ਨਹੀਓਂ ਨਖ਼ਰੇ, ਚੰਚਲ ਸ਼ੋਖ਼ ਅਦਾਵਾਂ ਦਾ।

ਇੱਕ ਉਮਰ ਤੋਂ ਮਗਰੋਂ ਜਾ ਕੇ ਜੀਣ-ਜੁਗਤ ਦੀ ਸਮਝ ਪਵੇ,
ਐਵੇਂ ਲੇਖਾ ਰੱਖਦੇ ਰਹੀਏ, ਕੁਝ ਥਾਵਾਂ ਕੁਝ ਨਾਵਾਂ ਦਾ।

ਏਕ ਜੋਤ ਦੀ ਮੂਰਤ ਸੁਣਿਐਂ, ਧਨ ਪਿਰ ਦੋਵੇਂ ਹੁੰਦੇ ਨੇ,
ਕਿਉਂ ਨਾ ਚੇਤਾ ਰੱਖਦੇ ਲੋਕੀਂ ਲਈਆਂ ਹੋਈਆਂ ਲਾਵਾਂ ਦਾ।

ਕੱਚੀ ਕੰਧ, ਆਲ਼ੇ ਵਿੱਚ ਦੀਵਾ, ਜਦ ਵੀ ਜਗਿਆ ਵੇਖ ਲਵਾਂ,
ਨਜ਼ਰ ਪਵੇ ਜਦ ਲੱਭਦਾ ਨਹੀਓਂ, ਚਿਹਰਾ ਸਾਨੂੰ ਮਾਵਾਂ ਦਾ।

1

## ਕਿਉਂ ਮਰਦੇ ਹੋ ਮਾਰਨ ਲੱਗਿਆਂ

ਕਿਉਂ ਮਰਦੇ ਹੋ ਮਾਰਨ ਲੱਗਿਆਂ, ਮੈਨੂੰ ਮਾਰੋ ਪਿਆਰ ਦੇ ਨਾਲ।
ਮੈਂ ਨਹੀਂ ਮਰਨਾ, ਜੇਕਰ ਮੈਨੂੰ, ਮਾਰੋਗੇ ਹਥਿਆਰ ਦੇ ਨਾਲ।

ਪੜ੍ਹ ਵੇਖੋ ਇਤਿਹਾਸ ਦੇ ਵਰਕੇ, ਸ਼ਬਦ-ਬਾਣ ਹੀ ਜਿੱਤਦਾ ਹੈ,
ਕਬਰੀਂ ਕੀੜੇ ਖਾਂਦੇ ਸਭ ਨੂੰ, ਜੋ ਜਿੱਤਦੇ ਤਲਵਾਰ ਦੇ ਨਾਲ।

ਤੂੰ ਦੋ ਕਦਮ ਅਗਾਂਹ ਜੇ ਆਵੇਂ, ਚਾਰ ਕਦਮ ਮੈਂ ਆਵਾਂਗਾ,
ਜਾਹ ਤੁਰਿਆ ਫਿਰ, ਜੇ ਤੂੰ ਮੈਨੂੰ, ਜਿੱਤਣਾ ਹੈ ਹੰਕਾਰ ਦੇ ਨਾਲ।

ਕੁਝ ਰਿਸ਼ਤੇ ਬੇਨਾਮ ਜਹੇ, ਪਰ ਤਿੜਕਣਹਾਰ ਨਹੀਂ ਹੁੰਦੇ,
ਗਿਣਤੀ ਮਿਣਤੀ ਕਰਿਆ ਨਾ ਕਰ, ਮੇਰੇ ਜਹੇ ਦਿਲਦਾਰ ਦੇ ਨਾਲ।

ਬੇਮਤਲਬ ਜੇ ਮਨ ਦੇ ਮੰਦਰ, ਕੂੜ-ਕਬਾੜਾ ਸਾਂਭ ਰਿਹੈਂ,
ਓੜਕ ਇੱਕ ਦਿਨ ਡਿੱਗ ਪਵੇਂਗਾ, ਇਸ ਬੇਲੋੜੇ ਭਾਰ ਦੇ ਨਾਲ।

ਬਿਨ ਮਿਲਿਆਂ ਤੋਂ, ਮੇਰੀ ਰੂਹ ਵਿੱਚ, ਤੇਰਾ ਰੂਪ ਚਿਰਾਂ ਤੋਂ ਹੈ,
ਹੋਇਆ ਕੀ ਇਹ ਗੰਢ ਚਿਤਰਾਵਾ, ਅਣਦਿਸਦੀ ਜਹੀ ਤਾਰ ਦੇ ਨਾਲ।

ਕੁੜੀਆਂ, ਚਿੜੀਆਂ, ਧਰਮੀ ਬਾਬਲ, ਅੰਬੜੀ ਵਿਹੜਾ, ਨਿੱਕਾ ਵੀਰ,
ਕਿੰਨਾ ਕੁਝ ਹੈ, ਜੁੜਿਆ ਹੋਇਆ, ਆਹ ਕੂੰਜਾਂ ਦੀ ਡਾਰ ਦੇ ਨਾਲ।

1

੦

## ਵੇਖੀਂ ਇੱਕ ਦਿਨ ਖੁੱਲ੍ਹ ਜਾਵਣਗੇ

ਵੇਖੀਂ ਇੱਕ ਦਿਨ ਖੁੱਲ੍ਹ ਜਾਵਣਗੇ, ਸਦੀਆਂ ਤੋਂ ਬੰਦ ਤਾਲੇ।
ਤੋਤੇ ਵਾਂਗ ਪਟਾਕਣਗੇ ਫਿਰ, ਟੁੱਕੀਆਂ ਜੀਭਾਂ ਵਾਲੇ।

ਲੋਕ-ਕਚਹਿਰੀ ਅੰਦਰ ਆਉਣੇ ਬਣ ਫ਼ਰਿਆਦੀ ਵੇਖੀਂ,
ਖੱਬੀ ਖ਼ਾਨ ਕਹਾਉਂਦੇ ਨੇ ਜੋ, ਰਾਣੀ-ਖਾਂ ਦੇ ਸਾਲੇ।

ਜਬਰ ਜ਼ੁਲਮ ਦੀ ਇਸ ਤੋਂ ਵੱਧ ਕੀ ਹੋਰ ਹਨ੍ਹੇਰੀ ਵਗਣੀ,
ਧਰਮ ਸਿਆਸਤ ਜਿੱਥੇ ਰਲ਼ ਕੇ ਕਰਦੇ ਘਾਲ਼ੇ ਮਾਲ਼ੇ।

ਫਾਂਸੀ ਚੜ੍ਹਿਆਂ ਦੇ ਵਾਰਿਸ ਤਾਂ, ਚੇਤੇ ਕਿਸ ਨੂੰ ਰਹਿੰਦੇ,
ਤਖ਼ਤੇ ਚਾੜ੍ਹਨ ਵਾਲਿਆਂ ਮੁੜ ਕੇ ਆ ਫਿਰ ਤਖ਼ਤ ਸੰਭਾਲ਼ੇ।

ਬੰਦ ਬੂਹਿਆਂ ਨੂੰ ਖੋਲ੍ਹਣ ਮਗਰੋਂ ਫੇਰ ਬੁਹਾਰੀ ਸ਼ੇਰਾ,
ਚੰਗੇ ਨਹੀਉਂ ਹੁੰਦੇ ਲੱਗਣੇ, ਸੋਚਾਂ ਅੰਦਰ ਜਾਲ਼ੇ।

ਹੁਣ ਬਾਬਰ ਕਿਉਂ ਲਸ਼ਕਰ ਲੈ ਕੇ ਚੜ੍ਹ ਕਾਬਲ ਤੋਂ ਧਾਵੇ,
ਰੂਹ ਤੇ ਕਬਜ਼ੇ ਵਾਲੇ ਤੰਤਰ, ਦੇਸੀਆਂ ਆਪ ਸੰਭਾਲ਼ੇ।

ਚੋਰਾਂ ਦੇ ਗਲ਼ ਫਾਹੀਆਂ ਵੇਖਣ ਵਾਲੇ ਕਾਹਲ਼ੇ ਪੈ ਗਏ,
ਪਰ ਚਾਹੁੰਦੇ ਨੇ, ਇਹ ਕੰਮ ਕੋਈ ਦੂਜਾ ਆਣ ਸੰਭਾਲ਼ੇ।

1

੦

## ਤਿਤਲੀ ਦੇ ਖੰਭਾਂ ਤੇ ਲਿਖ ਕੇ

ਤਿਤਲੀ ਦੇ ਖੰਭਾਂ ਤੇ ਲਿਖ ਕੇ, ਇਹ ਜੋ ਤੂੰ ਪੈਗਾਮ ਭੇਜਿਆ।
ਕਿੰਨਾ ਸੋਹਣਾ ਰੱਬਾ ਖ਼ੁਦ ਤੂੰ, ਸਿਰਨਾਵਾਂ ਲਿਖ ਨਾਮ ਭੇਜਿਆ।

ਸੁਰਖ਼ ਸਵੇਰ, ਦੁਪਹਿਰਾ ਖਿੜਿਆ, ਸੰਦਲੀ ਪੌਣ ਰੁਮਕਦੀ ਭੇਜੀ,
ਸੂਰਜ ਦਿੱਤਾ ਰੰਗ ਭਰਨ ਲਈ, ਕਿੰਨਾ ਕੁਝ ਬੇ-ਦਾਮ ਭੇਜਿਆ।

ਪਹਿਲਾਂ ਲੋਰੀ, ਸ਼ਬਦ ਨਿਰੰਤਰ, ਕਿੰਨੀ ਪੂੰਜੀ ਸੌਂਪੀ ਮੈਨੂੰ,
ਕਿੰਜ ਕਰਾਂ ਸ਼ੁਕਰਾਨਾ ਤੇਰਾ, ਜੋ ਜੋ ਤੂੰ ਈਨਾਮ ਭੇਜਿਆ।

ਦਰਦ-ਸਮੁੰਦਰ ਰਿੜਕਣ ਮਗਰੋਂ, ਗੀਤ, ਗ਼ਜ਼ਲ ਕਵਿਤਾਵਾਂ ਮੈਂ ਤਾਂ,
ਕੁਝ ਨਹੀਂ ਰੱਖਿਆ ਅਪਣੇ ਪੱਲੇ, ਤੇਰੀ ਤਰਫ਼ ਤਮਾਮ ਭੇਜਿਆ।

ਮਾਂ ਤਪ ਤੇਜ ਤਪੀਸ਼ਰ ਵਰਗੀ, ਕਦਮ ਕਦਮ ਤੇ ਸਹਿਜ ਨਿਰੰਤਰ,
ਵਾਹ ਓ ਦਾਤਾ, ਮੇਰੀ ਖ਼ਾਤਰ ਬਾਬਲ ਵੀ ਹਰਨਾਮ ਭੇਜਿਆ।

ਗੁਰ ਦਾ ਸ਼ਬਦ ਸਵਾਸ ਪਰੁੱਚਾ, ਦਮ ਦਮ ਵਿੱਚ ਮਹਿਸੂਸ ਕਰਾਂ ਮੈਂ,
ਰੂਹ ਦਾ ਅੱਥਰਾ ਘੋੜਾ ਵੀ ਤੂੰ ਦੇ ਕੇ ਨਾਲ ਲਗਾਮ ਭੇਜਿਆ।

ਦੂਰ-ਦ੍ਰਿਸ਼ਟੀ ਵਾਲੇ ਨੇਤਰ, ਮੱਥੇ ਅੰਦਰ ਧਰਿਆ ਸੂਰਜ,
ਦਿਲ ਦਰਿਆ ਨੂੰ ਖੇੜੇ ਬਖ਼ਸ਼ੇ, ਕੈਸਾ ਨੂਰੀ ਜਾਮ ਭੇਜਿਆ।

1

## ੦
## ਤੂੰ ਤੁਰਿਐਂ ਤਾਂ ਏਦਾਂ ਲੱਗਿਐ

ਤੂੰ ਤੁਰਿਐਂ ਤਾਂ ਏਦਾਂ ਲੱਗਿਐ, ਮੌਤ ਝਕਾਨੀ ਦੇ ਗਈ ਯਾਰਾ।
ਇੱਕ ਦੂਜੇ ਨੂੰ ਮਿਲੇ ਕਦੇ ਨਾ, ਕਿਉਂ ਲੱਗਦਾ ਸੀ ਭਾਈਚਾਰਾ।

ਨੰਗੀ ਹੋ ਗਈ ਕੰਡ ਜਾਪਦੀ, ਢਹਿ ਗਿਆ ਕੋਸ ਮੀਨਾਰ ਅਣਖ਼ ਦਾ,
ਸੋਹਣਾ ਭਿੜਿਓਂ ਨਾਲ ਦੁਸ਼ਮਣਾਂ, ਤੂੰ ਅਮਨਾਂ ਦੇ ਪਹਿਰੇਦਾਰਾ।

ਤੇਰਾ ਵਤਨ ਕਿਊਬਾ, ਸੂਹੇ ਸੂਰਜ ਦਾ ਹਮਨਾਮ ਬਣ ਗਿਆ,
ਪਿਘਲ ਗਿਆ ਤੂੰ ਲੋਕਾਂ ਖ਼ਾਤਰ, ਸਿਰ ਪੈਰੋਂ ਸਾਰੇ ਦਾ ਸਾਰਾ।

ਜਬਰ ਜ਼ੁਲਮ ਦੇ ਦਹਿਸਿਰ ਸਾਰੇ, ਤੇਰੇ ਤੇ ਹਮਲਾਵਰ ਬਣ ਕੇ,
ਚੜ੍ਹੇ ਅਨੇਕਾਂ ਵਾਰ ਸੀ ਭਾਵੇਂ, ਤੂੰ ਨਾ ਝੁਕਿਓਂ, ਵਾਹ ਸਰਦਾਰਾ।

ਇਨਕਲਾਬ ਦਾ ਸੂਹਾ ਪਰਚਮ, ਡਿੱਗਿਆ, ਚੁੱਕਿਆ ਫਿਰ ਲਹਿਰਾਇਆ,
ਰਿਹਾ ਚਮਕਦਾ ਨੂਰ ਨਿਰੰਤਰ, ਤੇਰੀ ਟੋਪੀ ਉਤਲਾ ਤਾਰਾ।

ਤੇਰੀ* ਫ਼ੌਜੀਆਂ ਵਾਲੀ ਵਰਦੀ, ਜਿਸਮ ਤੇਰੇ ਦਾ ਹਿੱਸਾ ਬਣ ਗਈ,
ਤੂੰ ਇੱਕ ਵਾਰੀ ਵੀ ਨਾ ਕੰਬਿਆ, ਦੁਸ਼ਮਣ ਦਾ ਤੱਕ ਲਸ਼ਕਰ ਭਾਰਾ।

ਮਾਰ ਫੂਕ ਤੂੰ ਉੱਠ ਕੇ ਸ਼ੇਰਾ, ਸੁੱਤੇ ਲੋਕ ਜਗਾ ਦੇ ਫਿਰ ਤੂੰ,
ਨਰਸਿੰਘੇ ਦਾ ਨਾਦ ਸੁਣਾ ਦੇ, ਖੜਕ ਪਵੇ ਰਣਜੀਤ-ਨਗਾਰਾ।

1

## ੦
## ਆ ਲਖਵਿੰਦਰ ਚੱਲ ਤੁਰ ਚੱਲੀਏ

ਆ ਲਖਵਿੰਦਰ* ਚੱਲ ਤੁਰ ਚੱਲੀਏ, ਵਕਤ ਦੀਆਂ ਦੀਵਾਰਾਂ ਓਹਲੇ।
ਕਿੱਥੋਂ ਤੁਰ ਕੇ ਕਿੱਥੇ ਆਏ, ਕਦਮ ਕਦਮ 'ਤੇ ਖਾ ਹਿਚਕੋਲੇ।

ਮਨ ਮਸਤਕ ਵਿੱਚ ਸੁਪਨੇ ਤਾਂ ਸੀ, ਪੂਰਨ ਦੇ ਲਈ ਕਾਹਲ ਨਹੀਂ ਸੀ,
ਸਾਬਤ-ਕਦਮੀ ਨੇ ਖ਼ੁਦ ਤਾਹੀਓਂ, ਬੰਦ ਬੜੇ ਦਰਵਾਜ਼ੇ ਖੋਲ੍ਹੇ।

ਕਿੱਥੇ ਪਿੰਡ ਜੰਡਿਆਲਾ ਤੇਰਾ, ਹੋਰਸ ਥਾਂ ਮੈਂ ਉੱਗਿਆ ਪੁੱਗਿਆ,
ਵਕਤ ਦੀ ਤੱਕੜੀ ਤੋਲ ਤੋਲ ਕੇ, ਕਿੰਨੇ ਸੱਚੇ ਸੌਦੇ ਤੋਲੇ।

ਨਾਮਕਰਣ ਤੇ ਬਿਨ ਸਿਰਨਾਵੇਂ, ਅਣਲਿਖਿਆਂ ਇਕਰਾਰਾਂ ਵਰਗਾ,
ਲੰਮ ਸਲੰਮਾ ਸਫ਼ਰ ਤੁਰਦਿਆਂ, ਸਮਝ ਲਿਆ ਕਿੰਨਾ ਬਿਨ ਬੋਲੇ।

ਕਿੰਨੇ ਯਾਰ ਝਕਾਨੀ ਦੇ ਕੇ, ਪੌੜੀ ਪੌੜੀ ਸਰ ਸੁਰ ਕਰਦੇ,
ਕੁਰਸੀ ਜੂਨ ਹੰਢਾਉਂਦੇ ਮਰ ਗਏ, ਤਲਖ਼ ਸਮੇਂ ਪੈਰਾਂ ਵਿਚ ਰੋਲੇ।

ਕਿਰਨਾਂ ਆਈਆਂ ਬੰਨ੍ਹ ਕਤਾਰਾਂ, ਮਨ ਦਾ ਵਿਹੜਾ ਰੌਸ਼ਨ ਹੋਇਆ,
ਇਉਂ ਲੱਗਿਆ ਮੈਂ ਤੁਰਿਆ ਫਿਰਦਾਂ ਚੰਦਰਮਾ ਤੇ ਪੋਲੇ ਪੋਲੇ।

1

---

*ਕਿਊਬਾ ਦੇ ਰਾਸ਼ਟਰਪਤੀ ਫਾਈਦਲ ਕਾਸਟਰੋ ਦੇ ਚਲਾਣੇ 'ਤੇ

*ਮੇਰਾ ਬੇਲੀ ਡਾ. ਲਖਵਿੰਦਰ ਸਿੰਘ ਜੌਹਲ

o

## ਕਿੰਨੇ ਸੂਰਜ ਚੜ੍ਹ ਕੇ ਲਹਿ ਗਏ

ਕਿੰਨੇ ਸੂਰਜ ਚੜ੍ਹ ਕੇ ਲਹਿ ਗਏ, ਵਕਤ ਲਿਹਾਜ਼ ਕਦੇ ਨਹੀਂ ਕਰਦਾ।
ਸ਼ਿਖ਼ਰ ਪਹਾੜ ਦੀ ਟੀਸੀ ਉੱਤੋਂ, ਉੱਤਰੇ ਬਾਝੋਂ ਕਿਸਦਾ ਸਰਦਾ।

ਗੈਸ ਗੁਬਾਰੇ ਚੜ੍ਹਦੇ ਅੰਬਰੀਂ, ਕਿੱਥੇ ਡਿੱਗਦੇ ਵੇਖ ਲਿਆ ਕਰ,
ਤੂੰ ਇਸ ਜੂਨੀ ਕਿਉਂ ਪੈਂਦਾ ਏਂ, ਜੇ ਮਨ ਰਹਿੰਦੈ ਅੰਦਰੋਂ ਡਰਦਾ।

ਚੁਗ਼ਲੀ ਦੀ ਖੱਟੀ ਦਾ ਖੱਟਿਆ, ਖਾਣਾ ਸੌਖਾ, ਹਜ਼ਮ ਨਾ ਹੋਵੇ,
ਬਿਨ ਆਈ ਤੋਂ ਤੇਰੇ ਵਰਗਾ, ਮੌਤੋਂ ਪਹਿਲਾਂ ਤਾਂਹੀਓਂ ਮਰਦਾ।

ਚੰਮ ਦੀ ਜੀਭ ਘੁਮਾ ਕੇ ਸੱਚ ਥਾਂ, ਕੂੜ ਕਮਾਵੇਂ, ਦਏਂ ਦਲੀਲਾਂ,
ਮਨ ਦੀ ਅਦਲ ਕਚਹਿਰੀ ਅੰਦਰ, ਕਿਉਂ ਰਹਿੰਦੈਂ ਹਰਜਾਨੇ ਭਰਦਾ।

ਨੀਤ ਦੀ ਬੋਰੀ ਥੱਲਿਉਂ ਸੀ ਲੈ, ਉੱਪਰੋਂ ਪਾਵੇਂ ਹੇਠਾਂ ਸਰਕੇ,
ਬਦਨੀਤੀ 'ਚੋਂ ਬਦ ਨੂੰ ਲਾਹ ਦੇ, ਕਾਹਦੇ ਪਿੱਛੇ ਰਹਿੰਦੈਂ ਮਰਦਾ।

ਜੇ ਇਨਸਾਫ਼ ਦੀ ਤੱਕੜੀ ਤੇਰੀ, ਦਏ ਨਿਆਂ ਨਾ, ਕਰੇ ਫ਼ੈਸਲੇ,
ਪਾੜ ਵਕਾਲਤਨਾਮਾ ਸੱਜਣਾ, ਮੇਰਾ ਦਿਲ ਹਾਮੀ ਨਹੀਂ ਭਰਦਾ।

ਏਨਾ ਤਾਂ ਇਤਿਹਾਸ ਨੂੰ ਪੁੱਛ ਲੈ, ਜੰਗ ਹਾਰਦਾ ਬੰਦਾ ਕਿਹੜੀ,
ਜੇਤੂ ਆਲਮਗੀਰ ਸਿਕੰਦਰ, ਜਦ ਵੀ ਮਰਦਾ ਖ਼ੁਦ ਤੋਂ ਮਰਦਾ।

1

o

## ਨਾ ਸੀ ਕਾਲ਼ੀ ਐਨਕ ਅੱਖੀਂ

ਨਾ ਸੀ ਕਾਲ਼ੀ ਐਨਕ ਅੱਖੀਂ, ਹੱਥਾਂ ਵਿੱਚ ਦਸਤਾਨੇ।
ਕਿਹੜਾ ਮੋੜ ਲਿਆਵੇ ਉਹ ਦਿਨ, ਮਸਤੀ ਦੇ ਮਸਤਾਨੇ।

ਪੂਰਾ ਮੇਲਾ ਵੇਖ ਕੇ ਮੁੜਨਾ, ਰੱਜ ਮਰੂੰਡਾ ਖਾਣਾ,
ਸਾਰੇ ਦਿਨ ਦੀ ਲਾਗਤ ਸੀ ਬੱਸ ਐਵੇਂ ਇੱਕ ਦੋ ਆਨੇ।

ਮਾਰ ਦੁੜੰਗੇ ਜਾਣਾ ਆਪਾਂ ਪੜ੍ਹਨ ਸਕੂਲੇ ਚਾਈਂ,
ਕਲਮਾਂ ਖ਼ਾਤਰ ਰਾਹ 'ਚੋਂ ਲੱਭਣੇ, ਕਿਲਕ, ਨੜੇ ਤੇ ਕਾਨੇ।

ਹੁਣ ਤਾਂ ਜੇਬਾਂ ਭਰੀਆਂ ਭਾਵੇਂ ਅੰਦਰੋਂ ਮਨ ਹੈ ਖ਼ਾਲੀ,
ਇੱਕੋ ਜਨਮ 'ਚ ਵੇਖੇ ਆਪਾਂ ਉਲਟ ਹੋਰ ਜ਼ਮਾਨੇ।

ਸ਼ਮ੍ਹਾਂਦਾਨ ਉਸਤਾਦ ਗਵਾਚੇ, ਜਾਂ ਮੈਨੂੰ ਨਾ ਦਿਸਦੇ,
ਘੋਰ ਗੁਬਾਰ ਹਨ੍ਹੇਰਾ ਗੂੜ੍ਹਾ, ਲਾਟਾਂ ਨਾ ਪਰਵਾਨੇ।

ਰਾਜਗੁਰੂ, ਸੁਖਦੇਵ, ਭਗਤ ਸਿੰਘ, ਬਾਲ ਸਭਾ ਵਿੱਚ ਵੇਖੇ,
ਲਾੜੀ ਮੌਤ ਵਿਆਹੁਣ ਚੱਲੇ, ਬੰਨ੍ਹ ਸ਼ਗਨਾਂ ਦੇ ਗਾਨੇ।

ਹੁਣ ਜਿਸਮਾਂ ਦੀ ਮੰਡੀ ਲੱਗੀ, ਤਾਰ ਦਿਉ ਮੁੱਲ ਲੈ ਲਉ,
ਸ਼ਬਦ ਮੁਹੱਬਤ ਵਾਧੂ ਹੋਇਆ, ਕੌਣ ਪੜ੍ਹੇ ਅਫ਼ਸਾਨੇ।

1

o

## ਗੋਲ਼ੀ ਮਾਰ, ਬੰਦੂਕ ਚਲਾਉ

ਗੋਲ਼ੀ ਮਾਰ, ਬੰਦੂਕ ਚਲਾਉ, ਸ਼ਬਦ ਕਦੇ ਵੀ ਮਰਦੇ ਨਹੀਂ।
ਪੌਣਾਂ ਅੰਦਰ ਘੁਲ਼ ਜਾਂਦੇ ਨੇ, ਵਕਤ ਦੇ ਹੱਥੋਂ ਹਰਦੇ ਨਹੀਂ।

ਰਾਜੇ ਨੂੰ ਸ਼ੀਂਹ ਆਖਣ ਵਾਲੀ, ਪਿਰਤ ਮੇਰੇ ਗੁਰੂ ਨਾਨਕ ਦੀ,
ਹਾਲੇ ਤੀਕ ਮੁਕੱਦਮ ਜ਼ਹਿਰੀ, ਸ਼ੀਸ਼ੇ ਨੂੰ ਵੀ ਜਰਦੇ ਨਹੀਂ।

ਅੰਬਰ ਦੇ ਵਿੱਚ ਕਿੰਨੇ ਤਾਰੇ, ਜਾਗ ਰਹੇ ਨੇ ਸਦੀਆਂ ਤੋਂ,
ਇੱਕ ਅੱਧ ਨੁੱਕਰ ਭੁਰ ਜਾਵੇ ਤਾਂ, ਠੰਢੇ ਹੌਕੇ ਭਰਦੇ ਨਹੀਂ।

ਧਰਤੀ ਦੀ ਮਰਿਯਾਦਾ ਏਹੀ, ਚੋਰਾਂ ਨੂੰ ਬੱਸ ਚੋਰ ਕਹੋ,
ਹੱਕ ਸੱਚ ਤੇ ਇਨਸਾਫ਼ ਦੇ ਪਹਿਰੂ, ਇਹ ਆਖਣ ਤੋਂ ਡਰਦੇ ਨਹੀਂ।

ਅੰਨ੍ਹੇ ਕੁੱਤੇ, 'ਵਾ ਨੂੰ ਭੌਂਕਣ, ਦੁਸ਼ਮਣ ਦੀ ਪਹਿਚਾਣ ਬਿਨਾਂ,
ਆਪਣੀ ਨਸਲ ਬਿਨਾਂ ਬੇਨਸਲੇ, ਹੋਰ ਕਿਸੇ ਨੂੰ ਜਰਦੇ ਨਹੀਂ।

ਕਲਮਕਾਰ ਜੋ ਲਿਖੇ, ਮਿਟਾਵੇਂ, ਤੇਰੇ ਵੱਸ ਦੀ ਬਾਤ ਨਹੀਂ,
ਸ਼ਾਸਤਰਾਂ ਨੂੰ ਸ਼ਸਤਰ ਮਾਰੇ, ਸੂਰੇ ਏਦਾਂ ਕਰਦੇ ਨਹੀਂ।

ਇੱਕ ਦੀਵੇ ਦੀ ਲਾਟ ਬੁਝਾ ਕੇ, ਤੇਜ਼ ਹਨ੍ਹੇਰੀ ਸਮਝੇ ਨਾ,
ਬੰਨ੍ਹ ਕਤਾਰਾਂ, ਜਗਦੇ ਜੁਗਨੂੰ, ਪੈਰ ਪਿਛਾਂਹ ਨੂੰ ਧਰਦੇ ਨਹੀਂ।

l

o

## ਸਾਲ ਮਗਰੋਂ ਫੇਰ ਮੁੜ ਕੇ

ਸਾਲ ਮਗਰੋਂ ਫੇਰ ਮੁੜ ਕੇ ਆ ਗਈ ਸ਼ਿਵਰਾਤਰੀ।
ਜ਼ਹਿਰ ਦਾ ਭਰਿਆ ਪਿਆਲਾ, ਪੀ ਰਿਹਾ ਏ ਯਾਤਰੀ।

ਬੀਜ ਤੋਂ ਹੀ ਬਿਰਖ਼ ਬਣਿਆ, ਜ਼ਾਲਮਾਨਾ ਇਹ ਨਿਜ਼ਾਮ,
ਪੱਤਿਆਂ ਜਿਉਂ ਛਾਂਗਦੀ ਫਿਰਦੀ ਹੈ ਸਾਨੂੰ ਦਾਤਰੀ।

ਜੀਅ ਕਰੇ ਬੱਚਾ ਬਣਾਂ ਤੇ ਪਾਣੀਆਂ ਤੇ ਫੇਰ ਮੈਂ,
ਠੀਕਰੀ ਫੜ ਕੇ ਘੁਮਾਵਾਂ, ਮੁੜ ਚਲਾਵਾਂ ਕਾਤਰੀ।

ਪੰਜ ਪਾਂਡਵ ਵਿੱਚ ਜੂਏ, ਨਿੱਤ ਦਰੋਪਦਿ ਹਾਰਦੇ,
ਪੰਚਨਦ ਦੀ ਖ਼ਲਕ ਫਿਰਦੀ, ਬਹੁਤ ਔਖੀ ਆਤਰੀ।

ਚੰਨ ਕੁੱਜੇ ਵਿੱਚ ਪਾਉਣਾ, ਬਾਲਕੇ ਦਾ ਸ਼ੁਗਲ ਹੈ,
ਲੋਕ ਸਮਝਣ ਲੱਗ ਪਏ ਨੇ, ਜਾਦੂਗਰ ਦੀ ਚਾਤਰੀ।

ਨਾਅਰਿਆਂ ਤੇ ਲਾਰਿਆਂ ਦਾ ਕਿਉਂ ਕਰੇਂ ਮੁੜ ਕੇ ਵਿਸਾਹ,
ਛਾਨਣੀ ਦੇ ਵਾਂਗ ਹੁਣ ਵਿਸ਼ਵਾਸ ਵਾਲੀ ਪਾਤਰੀ।

ਵੇਖ ਲਉ ਅੰਗਰੇਜ਼ ਤੁਰ ਗਏ, ਫੇਰ ਵੀ ਆਪਾਂ ਗੁਲਾਮ,
ਧੀਆਂ ਪੁੱਤਰ ਝਿਜਕਦੇ ਬੋਲਣ ਤੋਂ ਬੋਲੀ ਮਾਤਰੀ।

l

੦

## ਦਿੱਲੀ ਵਿੱਚ ਦਰਬਾਰੀ ਵੇਖੋ

ਦਿੱਲੀ ਵਿੱਚ ਦਰਬਾਰੀ ਵੇਖੋ, ਦੁੱਧ ਵਿੱਚ ਕਾਂਜੀ ਘੋਲ ਰਹੇ ਨੇ।
ਹੋਸ਼ ਹਵਾਸ ਗੁਆ ਬੈਠੇ ਨੇ, ਜੋ ਆਇਆ ਉਹ ਬੋਲ ਰਹੇ ਨੇ।

ਕੁਰਸੀ ਅਜਬ ਖ਼ੁਮਾਰੀ ਦੇ ਵਿੱਚ, ਨਾਲ ਹਕੀਕਤ ਪਾਏ ਵਿਛੋੜਾ,
ਧਰਮ ਧਰਾਤਲ ਵਾਲੇ ਪਾਵੇ, ਤਾਂਹੀਉਂ ਪੈਰੋਂ ਡੋਲ ਰਹੇ ਨੇ।

ਲੱਖੀ ਜੰਗਲ ਬਣਨ ਲੋਕ ਤਾਂ, ਨਾ ਧਿਰਿਆਂ ਦੀ ਧਿਰ ਬਣ ਜਾਵੇ,
ਲੋਕ ਬਿਠਾਉਂਦੇ ਸਿਰ ਦੇ ਉੱਪਰ, ਜਿਹੜੇ ਦਰਦ ਫ਼ਰੋਲ ਰਹੇ ਨੇ।

ਦੇਸ਼ ਭਗਤੀਆਂ ਦੀ ਪਰਿਭਾਸ਼ਾ, ਨਵੀਂ ਇਬਾਰਤ ਸਮਝ ਪਵੇ ਨਾ,
ਅੰਨ੍ਹੀ ਤੇਜ਼ ਹਨ੍ਹੇਰੀ ਤਾਂਹੀਓਂ, ਡਰ ਕੇ ਦੀਵੇ ਡੋਲ ਰਹੇ ਨੇ।

ਨਾ ਤ੍ਰਿਸ਼ੂਲ ਕਟਾਰਾਂ ਕੋਲੋਂ, ਡਰਦੇ ਨਾ ਤਲਵਾਰਾਂ ਕੋਲੋਂ,
ਜਿਹੜੇ ਸੀਸ ਤਲੀ ਤੇ ਧਰ ਕੇ, ਸੱਚ ਦੀ ਤੱਕੜੀ ਤੋਲ ਰਹੇ ਨੇ।

ਗੇਰੂ ਨਹੀਂ, ਇਹ ਸਾਡੀ ਰੱਤ ਹੈ, ਲਾਲ ਕਿਲ੍ਹੇ ਦੀਆਂ ਕੰਧਾਂ ਉੱਪਰ,
ਮੁਗਲਾਂ ਵੇਲੇ ਤੋਂ ਅੱਜ ਤੀਕਰ, ਸਾਡੇ ਕਦਮ ਅਡੋਲ ਰਹੇ ਨੇ।

ਗਮਲੇ ਅੰਦਰ ਉੱਗੇ ਪੌਦੇ, ਬਿਰਖਾਂ ਨੂੰ ਹੁਣ ਕਰਨ ਟਿਚਕਰਾਂ,
ਵੇਖੋ ਕਲਿਜੁਗ, ਤੇਜ਼ ਕੁਦਾਲੇ, ਸਾਡੀ ਜੜ੍ਹ ਨੂੰ ਫ਼ੋਲ ਰਹੇ ਨੇ।

1

ੋ

## ਸ਼ਹਿਨਸ਼ਾਹੀ ਕੁਫ਼ਰ

ਸ਼ਹਿਨਸ਼ਾਹੀ ਕੁਫ਼ਰ ਜਦ ਵੀ ਬੋਲਦਾ ਹੈ।
ਤਖ਼ਤ ਦਾ ਪਾਵਾ ਉਦੋਂ ਹੀ ਡੋਲਦਾ ਹੈ।

ਭਰਮ ਹੈ ਤੈਨੂੰ ਕਿ ਪੈਸਾ ਪੀਰ ਸਭ ਦਾ,
ਕੂੜ ਵੇਖੋ, ਕੁਫ਼ਰ ਕਿੱਦਾਂ ਤੋਲਦਾ ਹੈ।

ਮੇਲ ਦੇਵੇ ਧਰਤ ਨੂੰ ਆਕਾਸ਼ ਤੀਕਰ,
ਜਲ ਬਿਨਾ ਗੜਵੀ 'ਚ ਮਿਸ਼ਰੀ ਘੋਲਦਾ ਹੈ।

ਜਿਹੜਿਆਂ ਪੈਰਾਂ ਦੇ ਹੇਠਾਂ ਧਰਤ ਹੀ ਨਾ,
ਇਹ ਬਾਸ਼ਿੰਦਾ ਓਸ ਬਸਤੀ ਕੋਲ ਦਾ ਹੈ।

ਜਾਲ ਉੱਤੇ ਚੋਗ ਚੁਗਦਾ ਵੇਖਿਆ ਮੈਂ,
ਪਰ ਪਰਿੰਦਾ ਉੜਨ ਖ਼ਾਤਰ ਤੋਲਦਾ ਹੈ।

ਇੱਕ ਦਿਨ ਸੁਣਿਆ ਮੈਂ ਝੁੱਗੀ ਵਾਲਿਆਂ ਤੋਂ,
ਕੌਣ ਸਾਨੂੰ ਥਾਂ ਕੁ ਥਾਂ ਤੇ ਰੋਲਦਾ ਹੈ?

ਰਹਿਣ ਦੇ ਤੂੰ ਫੋਕੀਆਂ ਹਮਦਰਦੀਆਂ ਨੂੰ,
ਫਿਰ ਕਹੇਂਗਾ ਮੇਰੇ ਪਰਦੇ ਫ਼ੋਲਦਾ ਹੈ।

1

o

## ਅੱਜ ਕਾਹਨੂੰ ਹੋਈਆਂ ਤੈਨੂੰ

ਅੱਜ ਕਾਹਨੂੰ ਹੋਈਆਂ ਤੈਨੂੰ ਨੀਂਦਰਾਂ ਪਿਆਰੀਆਂ।
ਕੌਣ ਤੇਰੀ ਥਾਂ ਤੇ ਇਹ ਨਿਭਾਊ ਜ਼ਿੰਮੇਵਾਰੀਆਂ।

ਖੰਭ ਤੇਰੇ ਕੋਲ, ਨੀਲੇ ਅੰਬਰਾਂ ਤੋਂ ਪਾਰ ਜਾਹ,
ਭੁੱਲ ਬੈਠਾ ਭੈੜਿਆ, ਤੂੰ ਅੰਬਰੀਂ ਉਡਾਰੀਆਂ।

ਸ਼ਹਿਰ ਵੱਲ ਜਾਣ ਦੇ ਲਈ, ਅੱਡਿਆਂ 'ਤੇ ਭੀੜ ਹੈ,
ਇੱਕ ਦੂਜੇ ਨਾਲੋਂ ਵੱਧ, ਕਾਹਲੀਆਂ ਸਵਾਰੀਆਂ।

ਪਿੰਡ ਵੱਲ ਮੁੜਨਾ ਵੀ ਖ਼੍ਵਾਬ ਵਿਚ ਭੁੱਲਿਆ,
ਕਿੱਥੋਂ ਕਿੱਥੇ ਸੁੱਟਿਆ, ਲਿਆ ਕੇ ਦੁਸ਼ਵਾਰੀਆਂ।

ਸ਼ਹਿਰ ਵਿਚ ਜੀਣ ਦਾ ਸਲੀਕਾ ਵੀ ਕਮਾਲ ਹੈ,
ਹਵਾ ਤਾਈਂ ਸਹਿਕਣਾ ਤੇ ਬੰਦ ਬੂਹੇ ਬਾਰੀਆਂ।

ਕਈ ਵਾਰੀ ਮੈਨੂੰ ਤਾਂ ਬਈ ਆਪ ਏਦਾਂ ਜਾਪਦੈ,
ਪੁਰਜ਼ੇ ਮਸ਼ੀਨ ਵਾਲੇ, ਬਣੇ ਹਾਂ ਗਰਾਰੀਆਂ।

ਪਲੰਘ, ਪੰਘੂੜਾ, ਮੰਜਾ, ਪੀੜ੍ਹਾ ਤੇਰੇ ਵਾਸਤੇ,
ਬਿਰਖ਼ਾਂ ਦੇ ਮੁੱਢ ਕਾਹਨੂੰ ਫੇਰੀ ਜਾਵੇਂ ਆਰੀਆਂ।

1

o

## ਸੁੱਤਿਆਂ ਅੰਦਰ ਸੁਪਨ ਜਗਾਉਂਦੇ

ਸੁੱਤਿਆਂ ਅੰਦਰ ਸੁਪਨ ਜਗਾਉਂਦੇ ਰਹਿੰਦੇ ਹਾਂ।
ਮਾਚਸ ਉੱਤੇ ਤੀਲ੍ਹੀ ਵਾਂਗੂੰ ਖਹਿੰਦੇ ਹਾਂ।

ਉੱਡਦੀਆਂ ਦੇ ਪਿੱਛੇ ਫਿਰਨਾ, ਸ਼ੌਂਕ ਨਹੀਂ,
ਪੱਕੇ ਪੈਰੀਂ ਧਰਤੀ ਉੱਤੇ ਰਹਿੰਦੇ ਹਾਂ।

ਮਾਣ ਨਹੀਂ, ਅਭਿਮਾਨ ਨਹੀਂ, ਵਿਸ਼ਵਾਸੀ ਹਾਂ,
ਬਾਤ ਹਮੇਸ਼ਾਂ ਦਿਲ ਵਾਲੀ ਹੀ ਕਹਿੰਦੇ ਹਾਂ।

ਨਿੱਕੇ ਨਿੱਕੇ ਹਾਕਮ ਸਾਡੇ ਅੰਦਰ ਨੇ,
ਏਸੇ ਹੀ ਕਮਜ਼ੋਰੀ ਹੱਥੋਂ ਢਹਿੰਦੇ ਹਾਂ।

ਖ਼ੁਸ਼ਬੋਈ ਤੇ ਚਾਨਣ ਪਸਰੇ ਚਾਰ ਚੁਫ਼ੇਰ,
ਜਿਹੜੀ ਥਾਂ ਤੇ ਰਲ ਕੇ ਆਪਾਂ ਬਹਿੰਦੇ ਹਾਂ।

ਦਿਲ ਦੀ ਹਾਲਤ ਪੁੱਛਦਾ ਹੈਂ ਤਾਂ ਸੁਣੀਂ, ਅਸੀਂ,
ਸੂਰਜ ਵਾਂਗੂੰ ਹਰ ਦਿਨ ਚੜ੍ਹਦੇ ਲਹਿੰਦੇ ਹਾਂ।

ਕੁਰਸੀ ਸਾਨੂੰ ਕਿੰਨਾ ਵਾਧੂ ਕਰ ਦਿੱਤਾ,
ਮੰਜਿਆਂ ਵਾਂਗੂੰ ਕਦੇ ਕਦਾਈਂ ਡਹਿੰਦੇ ਹਾਂ।

1

○

## ਕੌਣ ਕਹਿੰਦਾ ਹੈ ਮੁਹੱਬਤ

ਕੌਣ ਕਹਿੰਦਾ ਹੈ ਮੁਹੱਬਤ ਮੰਗਦੀ ਪਰਵਾਨਗੀ।
ਇਹ ਤਾਂ ਦਿਲ-ਦਰਿਆ ਦੀ ਯਾਰੋ, ਬੇਪਨਾਹ ਦੀਵਾਨਗੀ।

ਤੂੰ ਸਾਰੰਗੀ ਕਹਿ ਲਿਆ ਕਰ, ਜੋ ਕਿਤਾਬਾਂ ਦੱਸਿਆ,
ਮੈਂ ਸਧਾਰਨ ਆਦਮੀ, ਆਖਾਂਗਾ ਇਸ ਨੂੰ ਸਾਨਗੀ।

ਕਹਿਣ ਤੋਂ ਤੂੰ ਝਿਜਕਿਆ ਕਰ ਨਾ, ਦਿਲੇ ਦੀ ਵਾਰਤਾ,
ਅੱਖੀਆਂ 'ਚੋਂ ਬੋਲ ਪੈਂਦੀ ਆਪ ਹੀ ਵੀਰਾਨਗੀ।

ਲੋਕ ਮਨ ਤੇ ਰਾਜ ਕਰ ਲੈ, ਪਾਤਸ਼ਾਹੀਆਂ ਮਾਣ ਲੈ,
ਚਾਰ ਦਿਨ ਦੀ ਖੇਡ ਸਾਰੀ ਕਲਗੀਆਂ ਇਹ ਖ਼ਾਨਗੀ।

ਵੇਖ ਬਾਬਾ ਖੰਭ ਲਾ ਕੇ, ਧਰਮ ਏਥੋਂ ਉਡ ਗਿਆ,
ਤੇਰੇ ਘਰ ਵਿੱਚ ਫੇਰ ਹੋ ਗਈ, ਕੂੜ ਦੀ ਪ੍ਰਧਾਨਗੀ।

ਤਨ ਵਿਚਾਰਾ ਕੰਬਦਾ ਹੈ, ਡੋਲਦਾ ਪੱਤੇ ਦੇ ਵਾਂਗ,
ਕੀਹ ਤਮਾਸ਼ਾ ਕਰ ਰਹੀ ਹੈ, ਰੂਹ ਦੀ ਬੇਗਾਨਗੀ।

ਧਰਮ, ਧਰਤੀ, ਮਾਤਬੋਲੀ, ਜਨਣਹਾਰੀ ਸਹਿਕਦੀ,
ਭਰਮ-ਭਾਂਡੇ ਵਾਂਗ ਹੋ ਗਈ, ਖੋਖਲੀ ਮਰਦਾਨਗੀ।

1

○

## ਤੂੰ ਤੇ ਮੈਨੂੰ ਆਪ ਕਿਹਾ ਸੀ

ਤੂੰ ਤੇ ਮੈਨੂੰ ਆਪ ਕਿਹਾ ਸੀ, ਧਰਤੀ-ਧਰਮ ਨਿਭਾਈਂ ਰਲ਼ ਕੇ।
ਅੱਜ ਹੀ ਤੁਰੀਏ, ਬਹਿ ਨਾ ਝੁਰੀਏ, ਪਛਤਾਈਏ ਕਿਉਂ ਯਾਰੋ ਭਲ਼ ਕੇ।

ਮਨ-ਮਸਤਕ ਦੇ ਮਾਣਕ-ਮੋਤੀ, ਪੋਟਲੀਆਂ ਵਿੱਚ ਕੈਦ ਕਰੀਂ ਨਾ,
ਇਹ ਪੌਦੇ ਹੀ ਬਿਰਖ਼ ਬਣਨਗੇ, ਮਿਹਨਤ ਦੀ ਮਿੱਟੀ ਵਿੱਚ ਪਲ਼ ਕੇ।

ਆ ਵਿਸ਼ਵਾਸ ਦੀ ਉਂਗਲੀ ਫੜੀਏ, ਕਦਮ ਕਦੇ ਗੁਮਰਾਹ ਨਾ ਹੋਵਣ,
ਧਰਮ ਥਿੜਕਿਆ ਅਪਣੇ ਪੈਰੋਂ, ਨਫ਼ਰਤ ਦੀ ਅਗਨੀ ਵਿੱਚ ਬਲ਼ ਕੇ।

ਕੁਰਸੀ ਨਾਚ ਨਚਾਏ ਕੈਸਾ, ਆਦਮ ਨੱਕ ਨਕੇਲਾਂ ਪਾਈਆਂ,
ਬੰਦੇ ਦਾ ਪੁੱਤ ਕੀਹ ਕਰਦਾ ਹੈ, ਸਰਮਾਏ ਦੀ ਜੂਨ 'ਚ ਢਲ਼ ਕੇ।

ਪੀੜ ਪਰਬਤੋਂ ਭਾਰੀ ਹੋ ਗਈ, ਪਿਘਲਣ ਦਾ ਕਿਉਂ ਨਾਂ ਨਹੀਂ ਲੈਂਦੀ,
ਨਾਗ ਵਲੇਵਾਂ ਪਾ ਬੈਠੀ ਹੈ, ਸਾਹ ਘੁੱਟਦੀ ਹੈ ਸ਼ਾਹਰਗ ਵਲ਼ ਕੇ।

ਜ਼ਹਿਰ ਪਰੁੱਚੀ ਪੌਣ ਦਾ ਪਹਿਰਾ, ਰਿਸ਼ਤੇ ਨਾਤੇ ਜਿਉਂ ਅਧਮੋਏ,
ਨਸਲਕੁਸ਼ੀ ਵੱਲ ਤੁਰਦੇ ਜਾਈਏ, ਅਕਲ, ਨਾਗਣੀ ਲੈ ਗਈ ਛਲ਼ ਕੇ।

ਚੱਲ ਸ਼ੀਸ਼ੇ ਦੇ ਸਨਮੁੱਖ ਹੋਈਏ, ਪਰ ਕੁਝ ਹਟਵਾਂ ਦੂਰ ਖਲੋਈਏ,
ਬਹੁਤ ਨੇੜਿਉਂ ਸੱਚ ਨਹੀਂ ਦਿਸਦਾ, ਵਕਤ ਗਵਾਈਏ ਨਾ ਹੁਣ ਟਲ਼ ਕੇ।

1

## ਟਿਕਿਆ ਰਹਿ ਹਮਦਰਦਾ ਵੱਡਿਆ

ਟਿਕਿਆ ਰਹਿ ਹਮਦਰਦਾ ਵੱਡਿਆ, ਮਰਿਆਂ ਨੂੰ ਨਹੀਂ ਮਾਰੀਦਾ।
ਇਹ ਅੰਦਾਜ਼ ਤੂੰ ਕਿੱਥੋਂ ਸਿੱਖਿਆ, ਅਰਥ ਬਦਲਣਾ ਯਾਰੀ ਦਾ।

ਬਦਨੀਤਾਂ ਦੀ ਨੀਅਤ ਵੀ ਤਾਂ ਗਲ਼ ਵਿੱਚ ਫਾਹੀਆਂ ਬਣਦੀ ਹੈ,
ਜ਼ਾਲਮ ਕਾਰੀਗਰ ਨੇ ਘੜਿਆ, ਇਹ ਜੋ ਦਸਤਾ ਆਰੀ ਦਾ।

ਸਾਰੇ ਰਾਹ ਬੰਦ ਹੋਣ ਤੇ ਬੰਦਾ, ਮੌਤ ਗਲ਼ੇ ਨੂੰ ਲਾਉਂਦਾ ਹੈ,
ਰੂਹ ਤੇ ਭਾਰ ਪਿਆਂ ਦਮ ਘੁਟਦੈ, ਜਦ ਨਹੀਂ ਹੋਰ ਸਹਾਰੀਦਾ।

ਕਿੱਥੇ ਬਣੇ ਮੁਨਾਰੇ ਵੇਖੇ, ਲਿੱਸੜੇ ਥੋੜ-ਜ਼ਮੀਨਿਆਂ ਦੇ,
ਖ਼ਰਚ ਫ਼ਜ਼ੂਲ ਦਾ ਮਿਹਣਾ ਦੇ ਕੇ ਕਰ ਨਾ ਵਾਰ ਕਟਾਰੀ ਦਾ।

ਆੜ੍ਹਤੀਆਂ ਤੋਂ ਫੜ ਕੇ ਕਰਜ਼ਾ, ਵੇਲਾਂ ਕੌਣ ਕਰਾ ਲਏਗਾ,
ਜਿਸ ਕੋਲੋਂ ਅੱਜ ਤੀਕ ਨਾ ਸਰਿਆ, ਬੂਹਾ ਇੱਕ ਅਲਮਾਰੀ ਦਾ।

ਤੂੰ ਗੀਤਾਂ ਵਿੱਚ ਜੋ ਕੁਝ ਵੇਖੇਂ, ਉਸ ਵਿੱਚ ਸਾਡਾ ਕੁਝ ਵੀ ਨਾ,
ਉਹ ਤਾਂ ਸਾਰੇ ਪੱਖ ਪੂਰਦੇ, ਮੰਡੀ ਅੱਤਿਆਚਾਰੀ ਦਾ।

ਧੀ ਦਾ ਡੋਲਾ ਤੋਰਨ ਜੋਗਾ, ਜੇਕਰ ਹੁੰਦਾ ਧਰਮੀ ਬਾਪ,
ਇੱਕੋ ਥਾਂ ਕਿੰਜ ਅੜਦਾ ਦੰਦਾ, ਉਸਦੀ ਮੌਤ ਗਰਾਰੀ ਦਾ।

1

## ਗਰਦ-ਗੁਬਾਰ ਹਨੇਰ ਚੁਫ਼ੇਰਾ

ਗਰਦ-ਗੁਬਾਰ ਹਨੇਰ ਚੁਫ਼ੇਰਾ ਹਿੰਮਤ ਕਰਕੇ ਹੂੰਝੋ ਯਾਰ!
ਮਨ-ਮਸਤਕ ਨੂੰ ਰੌਸ਼ਨ ਕਰਕੇ, ਕਾਲਾ ਟਿੱਕਾ ਪੂੰਝੋ ਯਾਰ!

ਰਾਜੇ ਤੇ ਮਹਾਰਾਜੇ ਜਿਹੜੇ ਬਿਲਕੁਲ ਸੁਣਨਾ ਚਾਹੁੰਦੇ ਨਾ,
ਇਨਕਲਾਬ ਦਾ ਨਾਅਰਾ ਲਾ ਕੇ ਕੂੜ ਕਬਾੜਾ ਪੂੰਝੋ ਯਾਰ!

ਇਸ ਧਰਤੀ ਨੇ ਬੰਧਨ ਤੋੜੇ, ਮੋੜੇ ਨੇ ਮੂੰਹ ਜਾਬਰ ਦੇ,
ਜਬਰ ਜ਼ੁਲਮ ਦੇ ਕਾਲੇ ਅੱਖਰ, ਜੋ ਲਿਖਦੇ ਨੇ ਪੂੰਝੋ ਯਾਰ।

ਜ਼ਾਲਮ-ਪੰਜਾ ਹਰ ਵਾਰੀ ਹੀ, ਸਾਡੇ ਮੂੰਹ ਨੂੰ ਝਪਟ ਰਿਹਾ,
ਧਰਮ-ਤਰਾਜ਼ੂ ਕਹਿ ਜੋ ਠਗਦੇ, ਸਭ ਵਣਜਾਰੇ ਹੂੰਝੋ ਯਾਰ!

ਪੰਜੀਂ ਸਾਲੀਂ ਕਰਨ ਨੀਲਾਮੀ, ਲੋਕ ਰਾਜ ਦੇ ਨਾਂ ਥੱਲੇ,
ਵਿਕਣ ਵਾਲਿਓ! ਵਿਕ ਨਾ ਜਾਇਓ, ਇਹ ਗੱਲ ਮਨ 'ਚੋਂ ਪੂੰਝੋ ਯਾਰ!

ਆਦਿ-ਜੁਗਾਦੋਂ ਪਾਲਣਹਾਰੀ, ਸਾਡੀ ਸਭ ਦੀ ਮਾਂ ਧਰਤੀ,
ਇਸ ਦੀ ਅਜ਼ਮਤ ਨਾਲ ਖੇਡਦੇ, ਦਾਨਵ-ਪੰਥੀ ਹੂੰਝੋ ਯਾਰ!

ਮਾਲ-ਖ਼ਜ਼ਾਨੇ ਇਸ ਧਰਤੀ ਦੇ, ਦੋਹੀਂ ਹੱਥੀਂ ਲੁੱਟਦੇ ਨੇ,
ਮੜਕਾਂ ਵਾਲਿਓ! ਬੜ੍ਹਕ ਮਾਰ ਕੇ, ਦੇਰ ਨਾ ਲਾਉ, ਪੂੰਝੋ ਯਾਰ!

1

o

## ਦਿਲ ਦਾ ਕਮਾਲ ਵੇਖ

ਦਿਲ ਦਾ ਕਮਾਲ ਵੇਖ, ਪਹਿਲਾਂ ਤਾਂ ਨਹੀਂ ਬੋਲ਼ਦਾ।
ਜਦੋਂ ਮੁਸਕਾਵੇਂ, ਅੱਗੋਂ ਪਾਰੇ ਵਾਂਗੂੰ ਡੋਲ਼ਦਾ।

ਸੂਰਜੇ ਦੀ ਜਾਈਏ, ਲਿਸ਼ਕੋਰ ਤੇਰੇ ਨੂਰ ਦੀ,
ਰਾਤ ਦੇ ਹਨ੍ਹੇਰਿਆਂ 'ਚੋਂ ਰਹਾਂ ਤੈਨੂੰ ਟੋਲ਼ਦਾ।

ਤੇਰੇ ਅੱਗੇ ਟੁੱਟ ਗਿਆ, ਚੁੱਪ ਵਾਲਾ ਜੰਦਰਾ,
ਜਣੇ ਖਣੇ ਅੱਗੇ ਮੈਂ ਵੀ ਦਿਲ ਨਹੀਂ ਫ਼ਰੋਲਦਾ।

ਤੇਰੇ ਬਿਨਾ ਕਿਸੇ ਦਾ ਮੁਰੀਦ ਨਾ ਮੈਂ ਅੱਜ ਤੀਕ,
ਮੋਤੀਆਂ ਦੇ ਥਾਲ ਐਵੇਂ ਮਿੱਟੀ 'ਚ ਨਹੀਂ ਰੋਲ਼ਦਾ।

ਤੂੰ ਤੇ ਮੈਥੋਂ ਦੂਰ ਕਿੰਨੀ ਦੇਰ ਹੋਈ ਤੁਰ ਗਈ,
ਯਾਦਾਂ ਵਾਲੀ ਗਠੜੀ ਮੈਂ ਕੀਹਦੇ ਅੱਗੇ ਫ਼ੋਲਦਾ।

ਸਮਿਆਂ ਦੇ ਨਾਗ ਸ਼ੀਸ਼ੇ ਉੱਤੇ ਡੰਗ ਮਾਰਿਆ,
ਆਪਣਾ ਵਜੂਦ ਵੇਖ, ਵਿੱਸ ਬੜੀ ਘੋਲ਼ਦਾ।

ਤੇਰੀ ਹੀ ਸੁਣਾਈ ਗੱਲ ਹਾਲੇ ਕੰਨੀਂ ਗੂੰਜਦੀ,
ਸਮਾਂ ਕਦੇ ਤੱਕੜੀ 'ਚ ਵਸਤਾਂ ਨਹੀਂ ਤੋਲਦਾ।

1

o

## ਉਮਰ ਗੁਜ਼ਾਰੀ ਜਿੰਨ੍ਹਾਂ ਸਾਰੀ

ਉਮਰ ਗੁਜ਼ਾਰੀ ਜਿੰਨ੍ਹਾਂ ਸਾਰੀ, ਵਤਨ ਮੇਰਾ ਬਰਬਾਦ ਕਰਦਿਆਂ।
ਸ਼ਰਮ ਕਿਉਂ ਨਹੀਂ ਮੰਨਦੇ ਨੇਤਾ, ਭਗਤ ਸਰਾਭੇ ਯਾਦ ਕਰਦਿਆਂ।

ਹੱਕ ਸੱਚ ਤੇ ਇਨਸਾਫ਼ ਦਾ ਨਕਸ਼ਾ, ਵਾਹਿਆ ਜਿਹੜਾ ਸੂਰਮਿਆਂ ਸੀ,
ਠੇਕੇਦਾਰਾਂ ਬਦਲ ਲਿਆ ਹੈ, ਬੇਗਮਪੁਰਾ ਆਬਾਦ ਕਰਦਿਆਂ।

ਆਪੇ ਹੀ ਬਣ ਬੈਠੇ ਬਾਪੂ, ਆਪੇ ਚਾਚੇ, ਹੋਰ ਬੜਾ ਕੁਝ,
ਕੁੜਮ-ਕਬੀਲਾ ਜਾਣ ਵਧਾਈ, ਖ਼ੁਦ ਨੂੰ ਜ਼ਿੰਦਾਬਾਦ ਕਰਦਿਆਂ।

ਚਿੱਟਾ ਭਾਵੇਂ ਨੀਲਾ ਪੀਲਾ, ਜ਼ਹਿਰੀਲਾ ਹੈ ਵਿਸ਼ੀਅਰ ਲਾਣਾ,
ਸੂਹੇ ਖ਼ੂਨ 'ਚ ਰਲੀ ਸਫ਼ੈਦੀ, ਝਿਜਕਾਂ, ਮੁਰਦਾਬਾਦ ਕਰਦਿਆਂ।

ਪੱਥਰ-ਚਿੱਤ ਭਗਵਾਨ, ਹਕੂਮਤ, ਨਹੀਂ ਗੌਲਦੇ ਅਰਜ਼ੀ-ਪੱਤਰ,
ਉਮਰ ਗਵਾਈ ਫਿਰ ਵੀ ਆਪਾਂ, ਹੁਣ ਤੀਕਰ ਧੰਨਵਾਦ ਕਰਦਿਆਂ।

ਕੱਚੇ ਕੋਠੀਂ ਸੱਖਣੇ ਪੀਪੇ, ਬਿਨਾ ਇਲਾਜੋਂ ਖ਼ਾਲੀ ਖੀਸੇ,
ਮੁੱਕ ਚੱਲੇ ਨੇ ਅੱਥਰੂ, ਅੱਖੀਉਂ, ਰੋ ਰੋ ਕੇ ਫ਼ਰਿਆਦ ਕਰਦਿਆਂ।

ਕਵਿਤਾ, ਗ਼ਜ਼ਲਾਂ, ਗੀਤ, ਰੁਬਾਈਆਂ, ਲਿਖਦਾ ਹਾਂ ਮੈਂ ਲੋਕਾਂ ਭਾਣੇ,
ਮੈਂ ਤਾਂ ਕਲਮ ਘਸਾਈ ਸਾਰੀ, ਪੀੜਾਂ ਦਾ ਅਨੁਵਾਦ ਕਰਦਿਆਂ।

1

ੋ

## ਮਾਂ-ਧਰਤੀ, ਜਣਨੀ, ਮਾਂ-ਬੋਲੀ

ਮਾਂ-ਧਰਤੀ, ਜਣਨੀ, ਮਾਂ-ਬੋਲੀ, ਜਿੱਸਰਾਂ ਆਪਾਂ ਭੁੱਲ ਚੱਲੇ ਆਂ।
ਕੱਲ੍ਹ ਦੀ ਛੱਡੋ, ਅੱਜ ਹੀ ਆਪਾਂ ਕੱਖਾਂ ਵਾਂਗਰ ਰੁਲ਼ ਚੱਲੇ ਆਂ।

ਸਿਰ ਸੀ ਭਾਰੀ ਜ਼ੁੰਮੇਵਾਰੀ, ਖਿਸਕਦਿਆਂ ਗੰਢ ਖਿਸਕੀ ਐਸੀ,
ਵਿੱਚ ਦਰਿਆ ਦੇ, ਤੂੜੀ ਦੀ ਪੰਡ ਵਾਂਗ ਭਰਾਓ ਖੁੱਲ੍ਹ ਚੱਲੇ ਆਂ।

ਅੱਠ ਸਦੀਆਂ ਤੋਂ ਪਹਿਲਾਂ ਬਾਬੇ ਕਾਲੇ ਲੇਖ ਨਾ ਲਿਖ ਸਮਝਾਇਆ,
ਨੀਂਦ ਪਿਆਰੀ, ਅਰਥ ਗੁਆਚੇ, ਅਸਲ ਸੁਨੇਹਾ ਭੁੱਲ ਚੱਲੇ ਆਂ।

ਸਾਡੇ ਨਾਲੋਂ ਸ਼ਾਹੀ ਮੂਰਖ਼, ਧਰਤੀ ਤੇ ਨਹੀਂ ਲੱਭਿਆਂ, ਮਿਲਣਾ,
ਮਹਿੰਗੇ ਮੁੱਲ ਦੀ ਸਿੱਖਿਆ ਬਦਲੇ, ਅੱਥਰੂ ਬਣ ਕੇ ਡੁੱਲ੍ਹ ਚੱਲੇ ਆਂ।

ਪਹਿਲਾਂ ਕਣੀਆਂ, ਫੇਰ ਹਨ੍ਹੇਰੀ, ਜੜ੍ਹਾਂ ਪੋਲੀਆਂ ਹਿੱਲ ਗਈਆਂ ਨੇ,
ਝਾੜ ਭਲਾ ਕੀ ਮਿਲਣਾ ਸਾਨੂੰ, ਕਣਕ ਦੇ ਵਾਂਗੂੰ ਹੁੱਲ ਚੱਲੇ ਆਂ।

ਸਾਥੋਂ ਪਹਿਲਿਆਂ ਸਾਨੂੰ ਦੱਸਿਆ ਸੱਚ ਦਾ ਮਾਰਗ ਧਰਮ ਦੀ ਪੌੜੀ,
ਕੂੜ ਕੁਫ਼ਰ ਦਾ ਵਣਜ ਕਰਦਿਆਂ, ਦੀਵੇ ਕਰਕੇ ਗੁੱਲ ਚੱਲੇ ਆਂ।

ਸਰਮਾਏ ਦੀਆਂ ਚੜ੍ਹੀਆਂ ਕਾਂਗਾਂ, ਸ਼ਰਮ ਧਰਮ ਸਭ ਬਣੇ ਵਿਕਾਊ,
ਮਿੱਟੀ ਦੇ ਬੁੱਕ ਪਿੱਛੇ ਆਪਾਂ, ਕਿਸ ਤੱਕੜੀ ਵਿੱਚ ਤੁੱਲ ਚੱਲੇ ਆਂ।

1

ੋ

## ਐ ਦਿਲਾ! ਜਦ ਤੱਕ ਤੁਰੇਂਗਾ

ਐ ਦਿਲਾ! ਜਦ ਤੱਕ ਤੁਰੇਂਗਾ, ਰੌਸ਼ਨੀ ਦੇ ਨਾਲ ਨਾਲ।
ਨਾ ਕਦੇ ਗੁੰਮਰਾਹ ਕਰੇਗਾ, ਕਿਸਮਤਾਂ ਦਾ ਭਰਮ-ਜਾਲ।

ਜ਼ਿੰਦਗੀ ਤੇਰਾ ਵੀ ਕਰਜ਼ਾ, ਸਿਰ ਖੜ੍ਹਾ ਚਿਰ ਕਾਲ ਤੋਂ,
ਇਸ ਜਨਮ ਕਿੱਦਾਂ ਉਤਾਰਾਂ, ਇਹ ਬੜਾ ਔਖਾ ਸਵਾਲ।

ਦੋਸਤੀ ਦੀ ਮਹਿਕ ਸੁੱਚੀ, ਵੇਖ ਨਾ ਮਹਿਸੂਸ ਕਰ,
ਘਰ ਦੇ ਅੰਦਰ ਲਾ ਲਿਆ ਕਰ, ਨਰਗਸੀ ਫੁੱਲਾਂ ਦੀ ਡਾਲ।

ਤੂੰ ਮੇਰੇ ਸਾਹਾਂ 'ਚ ਖਿੜ ਜਾ, ਚਾਂਦਨੀ ਦੀ ਵੇਲ ਵਾਂਗ,
ਪੌਣ ਗਾਉਂਦੀ ਵੇਖ ਲਈਂ ਫਿਰ, ਨੱਚਦੀ ਪਾਉਂਦੀ ਧਮਾਲ।

ਇਹ ਕਦੇ ਉਪਰਾਮ ਨਾ ਹੋਇਆ, ਕਦੇ ਨਾ ਡੋਲਿਆ,
ਸਾਥ ਮੇਰਾ ਦਿਲ ਨਿਭਾਇਆ, ਕੀ ਕਹਾਂ, ਬੱਸ, ਬੇਮਿਸਾਲ।

ਮੈਂ ਤੁਰਾਂਗਾ ਰੋਜ਼ ਅੱਗੇ, ਹੋਰ ਅੱਗੇ ਸੇਧ ਨਾਲ,
ਮੈਂ ਕਦੇ ਕੀਤਾ ਨਹੀਂ ਜੀ, ਇੱਕ ਥਾਂ ਤੇ ਕਦਮ-ਤਾਲ।

ਏਸ ਧਰਤੀ ਦੀ ਲਿਆਕਤ ਤੇ ਨਜ਼ਾਕਤ ਸਾਂਭ ਲੈ,
ਪੂਰਬੀ ਨੁੱਕਰ 'ਚ ਚੜ੍ਹਿਆ, ਵੇਖ ਸੂਰਜ ਦਾ ਜਲਾਲ।

1

○

## ਸੂਰਜ ਜਾਣ ਤੋਂ ਮਗਰੋਂ

ਸੂਰਜ ਜਾਣ ਤੋਂ ਮਗਰੋਂ ਤਾਂ ਬੱਸ ਕੁਝ ਪਲ ਲੱਗਦੇ ਰਾਤ ਬਣਨ ਲਈ।
ਚੀਰ ਹਨ੍ਹੇਰਾ ਚਾਨਣ ਆਵੇ, ਸਾਡੀ ਸ਼ੁਭ-ਪਰਭਾਤ ਬਣਨ ਲਈ।

ਵਕਤ ਦੀਆਂ ਅੱਖਾਂ ਵਿੱਚ ਤੱਕਣਾ, ਸੱਚ ਤੇ ਪਹਿਰਾ ਦੇਣਾ ਪੈਂਦਾ,
ਜ਼ਹਿਰ ਪਿਆਲਾ ਸ਼ਰਤ ਜ਼ਰੂਰੀ ਬੰਦੇ ਤੋਂ ਸੁਕਰਾਤ ਬਣਨ ਲਈ।

ਧਰਤੀ-ਧਰਮ ਅਜ਼ਲ ਤੋਂ ਏਹੀ, ਨਿਰਭਉ ਤੇ ਨਿਰਵੈਰ ਸਲੀਕਾ,
ਸੀਸ ਤਲੀ ਤੇ ਧਰਨਾ ਲਾਜ਼ਿਮ, ਸੂਰਮਿਆਂ ਦੀ ਜ਼ਾਤ ਬਣਨ ਲਈ।

ਜ਼ਿੰਦਗੀ ਤੇਰੇ ਤੀਕ ਰਸਾਈ, ਸੱਚ ਮੰਨੀਂ ਤੂੰ ਸਹਿਲ ਨਹੀਂ ਸੀ,
ਵਿੰਗ-ਤੜਿੰਗੇ ਮੋੜ ਬੜੇ ਸੀ, ਇਹ ਮੇਰੀ ਔਕਾਤ ਬਣਨ ਲਈ।

ਕਲਮਾਂ ਨੂੰ ਵੀ ਸਿਰ ਕਟਵਾ ਕੇ ਸ਼ਬਦ-ਸਵਾਰੀ ਦਾ ਹੱਕ ਮਿਲਦੈ,
ਤੇਜ਼ ਧਾਰ ਤੇ ਤੁਰਨਾ ਪੈਂਦਾ, ਲੋਕ ਮਨਾਂ ਦੀ ਬਾਤ ਬਣਨ ਲਈ।

ਸਾਰਾ ਕੁਝ ਹੀ ਵੈਰੀਆਂ ਨੇ ਤਾਂ ਸਾਡੇ ਮੱਥੇ ਤੇ ਨਹੀਂ ਲਿਖਿਆ,
ਸਾਡੀ ਗ਼ਫ਼ਲਤ ਵੀ ਕੁਝ ਸ਼ਾਮਿਲ, ਏਦਾਂ ਦੇ ਹਾਲਾਤ ਬਣਨ ਲਈ।

ਪੱਥਰ-ਮਨ ਜਜ਼ਬਾਤ ਵਿਹੂਣਾ ਕਿੰਜ ਪਿਘਲੇਗਾ ਖ਼ੁਦ ਸਮਝਾਓ,
ਦਰਦ-ਸਮੁੰਦਰ ਜਲ-ਕਣ ਦੇਵੇ, ਹੰਝੂਆਂ ਨੂੰ ਬਰਸਾਤ ਬਣਨ ਲਈ।

1

○

## ਦਰਦ-ਸਿਆਹੀ ਨਾਲ ਤੂੰ

ਦਰਦ-ਸਿਆਹੀ ਨਾਲ ਤੂੰ ਲੀਕਾਂ ਵਾਹੀਆਂ ਨੇ।
ਦਿਲ ਤੇ ਅੱਖੀਆਂ ਦੋਵੇਂ ਹੀ ਭਰ ਆਈਆਂ ਨੇ।

ਮੱਥਾ ਟਸ ਟਸ ਕਰਦੈ ਕਹਿ ਕੁਝ ਸਕਦਾ ਨਾ,
ਰੂਹ ਦੇ ਬਾਗੀਂ ਕੋਇਲਾਂ ਵੀ ਕੁਰਲਾਈਆਂ ਨੇ।

ਬਿਨ ਬੂਹੇ ਤੇ ਦਸਤਕ, ਪੋਲੇ ਪੈਰੀਂ ਇਹ,
ਰੀਝਾਂ ਮਨ ਵਿੱਚ ਕਦੋਂ ਪ੍ਰਾਹੁਣੀਆਂ ਆਈਆਂ ਨੇ।

ਮੈਂ ਇਨ੍ਹਾਂ ਨੂੰ ਕਿਵੇਂ ਕਹਿ ਦਿਆਂ ਤੁਰ ਜਾਵੋ,
ਪੀੜਾਂ ਮੇਰੀ ਮਾਂ ਜਾਈਆਂ ਹਮਸਾਈਆਂ ਨੇ।

ਸੱਜਰੀ ਪੌਣ ਦਾ ਬੁੱਲਾ ਤੇਰੀ ਹਸਤੀ ਹੈ,
ਸੁਰਖ਼ ਗੁਲਾਬਾਂ ਇਹ ਬਾਤਾਂ ਸਮਝਾਈਆਂ ਨੇ।

ਤੇਰੇ ਹੌਕੇ ਅੰਦਰ ਮੈਂ ਹੀ ਹਾਜ਼ਰ ਸੀ,
ਇਹ ਰਮਜ਼ਾਂ ਸਭ ਅੱਖੀਆਂ ਨੇ ਉਲਥਾਈਆਂ ਨੇ।

ਦਿਲ-ਦਰਵਾਜ਼ੇ ਖੁੱਲ੍ਹੇ ਨੇ ਤੂੰ ਲੰਘ ਵੀ ਆ,
ਤੇਰੀ ਖ਼ਾਤਰ ਨਜ਼ਰਾਂ ਫੇਰ ਵਿਛਾਈਆਂ ਨੇ।

1

○

## ਇਸ ਧਰਤੀ ਤੇ ਵਿਰਲੇ ਵਿਰਲੇ

ਇਸ ਧਰਤੀ ਤੇ ਵਿਰਲੇ ਵਿਰਲੇ ਸੰਕਟ ਸਮੇਂ ਸਹਾਰੇ ਬਣਦੇ।
ਓਹੀ ਸੁਣਿਐਂ, ਅੰਬਰੀਂ ਜਾ ਕੇ ਸੂਰਜ, ਚੰਨ ਸਿਤਾਰੇ ਬਣਦੇ।

ਆਪਣੀ ਅੱਗ ਵਿੱਚ ਆਪੇ ਸੜ ਕੇ, ਵਕਤ ਗੁਆਚਾ, ਹੱਥ ਨਾ ਆਏ,
ਓਹੀ ਪਲ ਤਾਂ ਵੀਰ ਮੇਰਿਆ, ਹੱਡੀਆਂ ਦੇ ਵਿੱਚ ਪਾਰੇ ਬਣਦੇ।

ਚੀਰੀ ਜਾਵੇ ਤਨ ਦੀ ਗੇਲੀ, ਦੂਜੇ ਕੰਨ ਆਵਾਜ਼ ਨਾ ਪਹੁੰਚੇ,
ਬਾਗ-ਬਗੀਚੇ ਢੇਰ ਕਰਨ ਲਈ, ਸ਼ਿਕਵੇ ਰੋਸੇ ਆਰੇ ਬਣਦੇ।

ਨਿੱਕੀਆਂ ਨਿੱਕੀਆਂ ਗੰਢਾਂ ਬੰਨ੍ਹ ਕੇ, ਮਨ-ਮੰਦਰ ਵਿੱਚ ਰੱਖਿਆ ਨਾ ਕਰ,
ਸਫ਼ਰ ਸਮੇਂ ਇਹ ਬਹੁਤੇ ਨਗ ਵੀ ਬੰਦੇ ਖ਼ਾਤਰ ਭਾਰੇ ਬਣਦੇ।

ਤੇਰੀ ਛਤਰੀ ਸਬਜ਼ ਕਬੂਤਰ, ਚੋਗ ਚੁਗਣ ਲਈ ਬੈਠੇ ਜਿਹੜੇ,
ਉੱਡ ਜਾਣੇ ਨੇ, ਦਾਣੇ ਚੁਗ ਕੇ, ਜਿਹੜੇ ਬਹੁਤ ਦੁਲਾਰੇ ਬਣਦੇ।

ਧਨਵੰਤੇ ਪਤਵੰਤੇ ਜਿੱਥੇ, ਕਲਾਵੰਤ ਗੁਣਵੰਤੇ ਰੁਲਦੇ,
ਘਰ ਤੇ ਵਤਨ ਉਜਾੜਨ ਖ਼ਾਤਰ, ਏਹੀ ਪਲ ਅੰਗਿਆਰੇ ਬਣਦੇ।

ਕੂੜ ਕੁਫ਼ਰ ਦੇ 'ਨ੍ਹੇਰੇ ਅੰਦਰ, ਤੂੰ ਜੋ ਕਰਦੈਂ ਤਖ਼ਤ ਨਸ਼ੀਨਾ,
ਵਕਤ ਕਚਹਿਰੀ ਦੇ ਵਿੱਚ ਬੀਬਾ, ਅਸਲ ਗਵਾਹ ਤਾਂ ਕਾਰੇ ਬਣਦੇ।

l

○

## ਮਿਲਦਿਆਂ ਤੈਨੂੰ ਮੇਰਾ ਕੈਸਾ

ਮਿਲਦਿਆਂ ਤੈਨੂੰ ਮੇਰਾ ਕੈਸਾ ਮੁਕੱਦਰ ਹੋ ਗਿਆ।
ਪਿਆਰ ਕਤਰਾ ਮਿਲ ਗਿਆ, ਮੈਂ ਵੀ ਸਮੁੰਦਰ ਹੋ ਗਿਆ।

ਮੇਰਿਆਂ ਖ਼੍ਵਾਬਾਂ ਚ ਤੂੰ ਜਾਂ ਰਾਤ ਰਾਣੀ ਮਹਿਕਦੀ,
ਮੇਰੇ ਚਾਅ ਦਾ ਕੱਦ ਵੀ ਤੇਰੇ ਬਰਾਬਰ ਹੋ ਗਿਆ।

ਮੇਰੀ ਰੂਹ ਦਾ ਸਿਦਕ ਵੀ ਅੱਜ ਮੌਲਿਆ ਬਣ ਕੇ ਬਹਾਰ,
ਸੋਨੇ ਰੰਗੀ ਧਰਤ ਦਾ, ਜੀਕੂੰ ਸਵੰਬਰ ਹੋ ਗਿਆ।

ਮਿਲ ਗਈ ਪਰਵਾਜ਼ ਮੈਨੂੰ, ਖੰਭ ਲਾਉਂਦੇ ਤਾਰੀਆਂ,
ਮਿਲ ਗਿਆ ਏ ਸਾਥ ਤੇਰਾ, ਮੈਂ ਵੀ ਅੰਬਰ ਹੋ ਗਿਆ।

ਮੇਰਿਆਂ ਨੈਣਾਂ ਚੋਂ ਹੰਝੂ, ਖ਼ੁਸ਼ਕ ਹੋਣੋਂ ਬਚ ਗਏ,
ਮਿਲਣ ਦਾ ਇਕਰਾਰ ਹੀ ਅਸਲੀ ਪੈਗੰਬਰ ਹੋ ਗਿਆ।

ਤੂੰ ਖਲੋਤੇ ਪਾਣੀਆਂ ਤੇ ਨਜ਼ਰ ਕੀਤੀ, ਬਾ-ਕਮਾਲ,
ਬਹੁਤ ਗੰਧਲੀ ਝੀਲ ਦਾ ਪਾਣੀ ਵੀ ਸਰਵਰ ਹੋ ਗਿਆ।

ਸੁਰ ਮਿਲੇ ਸ਼ਬਦਾਂ ਨੂੰ ਸੰਗੀ, ਤਾਲ ਵੀ ਨੇ ਆ ਜੁੜੇ,
ਖੌਲਦਾ ਮਨ ਭਟਕਦਾ ਸੀ, ਸ਼ਾਂਤ ਸਾਗਰ ਹੋ ਗਿਆ।

l

o

## ਇੱਕ ਅੱਧ ਬੋਲ ਸੁਣਾ ਦੇ ਮੈਨੂੰ

ਇੱਕ ਅੱਧ ਬੋਲ ਸੁਣਾ ਦੇ ਮੈਨੂੰ ਹਾਲੇ ਦਿਲ ਨਹੀਂ ਭਰਿਆ ਯਾਰ।
ਇਕਲਾਪੇ ਦਾ ਬੋਝ ਮੇਰੇ ਤੋਂ, ਹੋਰ ਨਾ ਜਾਵੇ ਜਰਿਆ ਯਾਰ।

ਜਿਵੇਂ ਸ਼ਰੀਂਹ ਦੀਆਂ ਫ਼ਲੀਆਂ ਛਣਕਣ ਪੌਣ ਵਗੇ ਘੁੰਗਰਾਲਾਂ ਵਾਂਗ,
ਹਾਸੇ ਦੀ ਛਣਕਾਰ 'ਚ ਕੀ ਤੂੰ, ਦੱਸ ਦੇ, ਜਾਦੂ ਭਰਿਆ ਯਾਰ।

ਚੂਸ ਲਵਾਂ ਸਭ ਤਲਖ਼ੀਆਂ ਤੇਰੇ ਮੱਥੇ ਅੰਦਰੋਂ ਦਿਲ ਕਰਦੈ,
ਏਸ ਜਰ੍ਹਾ ਨਾ ਸ਼ਿਕਵਾ ਮੈਥੋਂ, ਹੁਣ ਨਾ ਜਾਵੇ ਜਰਿਆ ਯਾਰ।

ਹਰ ਵਾਰੀ, ਹਰ ਥਾਂ ਨਾ ਦਰਦ ਸੁਣਾਇਆ ਜਾਵੇ ਸਭਨਾਂ ਨੂੰ,
ਅੱਜ ਅਚਾਨਕ ਉੱਛਲਿਆ ਹੈ, ਜੋ ਮਨ ਰਹਿੰਦਾ ਭਰਿਆ ਯਾਰ।

ਉੱਪਰ ਥੱਲੇ ਮੇਰੇ ਕਿਉਂ ਨੇ, ਸਹਿਮੇ ਹੋਏ ਧਰਤ ਆਕਾਸ਼,
ਹਰ ਚਿਹਰਾ ਹੀ ਜ਼ਰਦ ਭੂਕ ਹੈ, ਹੋਵੇ ਜੀਕੂੰ ਡਰਿਆ ਯਾਰ।

ਤੂੰ ਹੋਵੇਂ ਤਾਂ ਅਗਨੀ ਵੀ ਹਮਰਾਜ਼ ਵਾਂਗਰਾਂ ਲੱਗਦੀ ਹੈ,
'ਕੱਲ੍ਹਿਆਂ ਬਹੁਤ ਮੁਹਾਲ ਅਗਨ ਦਾ ਮੈਂ ਦਰਿਆ ਹੈ ਤਰਿਆ ਯਾਰ।

ਗਲਵੱਕੜੀ ਵਿੱਚ ਉਹ ਪਲ ਸਾਰੇ, ਕੱਸਣੇ ਚਾਹਾਂ ਮੁੜ ਕੇ ਫੇਰ,
ਇਤਰ ਸਰੋਵਰ ਨੂੰ ਜਦ ਆਪਾਂ, ਰਲ ਕੇ ਸੀ ਜਦ ਤਰਿਆ ਯਾਰ।

l

o

## ਟਾਹਲੀ ਤੂਤ ਫੁਟਾਰਾ ਫੁੱਟਿਆ

ਟਾਹਲੀ ਤੂਤ ਫੁਟਾਰਾ ਫੁੱਟਿਆ ਵੇਖ ਮਹੀਨਾ ਚੇਤਰ ਚੜ੍ਹਿਆ।
ਪੱਤਝੜ ਮਗਰੋਂ ਰੂਹ ਦੇ ਸਾਈਂਆਂ ਤੂੰ ਵੀ ਤਾਂ ਮਿਲ ਜਾ ਵੇ ਅੜਿਆ।

ਚੁੱਪ ਦੇ ਜੰਗਲ ਦਿਨ ਤੇ ਰਾਤਾਂ ਸ਼ਾਮ ਸਵੇਰਾਂ, ਕੀ ਤੂੰ ਕਰਦੈਂ,
ਰੂਹ ਤੇ ਦਸਤਕ ਦੇ ਦੇ ਪਰਤੇਂ ਇਹ ਤੂੰ ਵਰਕਾ ਕਿੱਥੋਂ ਪੜ੍ਹਿਆ।

ਲੱਸੀ ਨੂੰ ਵੀ ਮਾਰੇਂ ਫੂਕਾਂ ਏਨਾ ਵੀ ਦੱਸ ਡਰ ਕੀ ਹੋਇਆ,
ਹੋਠ ਛੁਹਾ ਕੇ ਰੂਹ ਨੂੰ ਸਿੰਜ ਲੈ, ਝਿਜਕ ਰਿਹੈਂ ਕਿਉਂ, ਦੁੱਧ ਦਾ ਸੜਿਆ।

ਕਣਕਾਂ ਹੋਈਆਂ ਸੋਨ ਸੁਨਹਿਰੀ ਸਿੱਟਿਆਂ ਦੇ ਮੂੰਹ ਦਾਣੇ ਮੋਤੀ,
ਬੱਲੀਆਂ ਦੇ ਵਿੱਚ ਜੜ ਕੇ ਮਾਣਕ, ਇਸ ਨੂੰ ਕਿੰਜ ਸੁਨਿਆਰੇ ਘੜਿਆ।

ਉੱਖਲੀ ਦੇ ਵਿੱਚ ਸਿਰ ਸੀ ਮੇਰਾ ਸਖ਼ਤ ਮੇਰੀ ਹਸਤੀ ਦੇ ਕਰਕੇ,
ਵਕਤ ਲਿਹਾਜ਼ ਨਾ ਕੀਤਾ ਮੇਰਾ ਮੋਹਲੇ ਮਾਰ ਮਾਰ ਕੇ ਛੜਿਆ।

ਤੋੜ ਰਹੇ ਨੇ ਫੁੱਲ ਤੇ ਕਲੀਆਂ ਵਣਜਾਂ ਖ਼ਾਤਰ ਚੁਸਤ ਫੁਲੇਰੇ,
ਟਾਹਣੀ ਟਾਹਣੀ ਖ਼ੁਸ਼ਬੂ ਪੁੱਛਦੀ, ਕਿਰਨ ਮ ਕਿਰਨੀ ਕਿਹੜਾ ਝੜਿਆ।

ਮੈਂ ਉਹ ਯੁੱਧ ਲੜਨ ਦੀ ਖ਼ਾਤਰ, ਰਣ-ਭੂਮੀ ਵਿੱਚ ਪਹੁੰਚ ਗਿਆ ਹਾਂ,
ਆਪਣੇ ਉਲਟ ਲੜਾਈ ਹੈ ਇਹ, ਜੋ ਸੀ ਮੈਂ ਅੱਜ ਤੀਕ ਨਾ ਲੜਿਆ।

ਮੋਹ ਤੇਰੇ ਦੀ ਸੁਰਮ ਸਲਾਈ ਪਾ ਨੈਣਾਂ ਵਿੱਚ ਹੋਇਆ ਚਾਨਣ,
ਰੂਹ ਦਰਵਾਜ਼ੇ ਅੰਦਰ ਤੱਕ ਤੂੰ, ਮੁੰਦਰੀ ਸੁਰਖ਼ ਨਗੀਨਾ ਜੜਿਆ।

ਵੇਖੀਂ ਰਾਹ ਵਿਚਕਾਰ ਨਾ ਛੱਡੀਂ ਕੱਲ੍ਹਿਆਂ ਮੈਂ ਰਾਹ ਭੁੱਲ ਜਾਵਾਂਗਾ,
ਰੱਬ ਤੋਂ ਵੱਧ ਵਿਸ਼ਵਾਸ ਪਾਤਰਾ, ਯਾਦ ਤੇਰੀ ਦਾ ਪੱਲੂ ਫੜਿਆ।

l

o

## ਅੱਗ ਨਾਲ ਖੇਡੀਏ

ਅੱਗ ਨਾਲ ਖੇਡੀਏ ਅੰਗਾਰਾਂ ਨਾਲ ਖੇਡੀਏ।
ਆ ਜਾ ਕਦੇ ਸੋਹਣਿਆ, ਵਿਚਾਰਾਂ ਨਾਲ ਖੇਡੀਏ।

ਤੈਨੂੰ ਮੈਨੂੰ ਰੋਕਦੀਆਂ, ਨਜ਼ਰਾਂ ਮਿਲਾਉਣ ਤੋਂ,
ਕਾਹਨੂੰ ਸੜ ਜਾਣੀਆਂ ਦੀਵਾਰਾਂ ਨਾਲ ਖੇਡੀਏ।

ਸ਼ਿਕਰੇ ਤੇ ਬਾਜ਼ ਦੋਵੇਂ ਮਹਿਲਾਂ ਪੱਲੇ ਰਹਿਣ ਦੇ,
ਆ ਜਾ ਦੋਵੇਂ ਘੁੱਗੀਆਂ, ਗੁਟਾਰਾਂ ਨਾਲ ਖੇਡੀਏ।

ਜੋੜਦੇ ਨਾ, ਤੋੜਦੇ ਨੇ, ਕਹਿਰਵਾਨ ਬਾਗਬਾਨ,
ਖਿੜੇ ਹੋਏ ਫ਼ੁੱਲਾਂ ਗੁਲਜ਼ਾਰਾਂ ਨਾਲ ਖੇਡੀਏ।

ਅੱਥਰੀ ਬੰਦੂਕ ਦਿਆਂ ਘੋੜਿਆਂ ਨੂੰ ਛੱਡ ਦੇ,
ਪੋਟਿਆਂ ਨੂੰ ਆਖ ਦੇ, ਸਿਤਾਰਾਂ ਨਾਲ ਖੇਡੀਏ।

ਹੀਲੇ ਤੇ ਵਸੀਲੇ ਜਦੋਂ ਮਰ ਮੁੱਕ ਜਾਣ ਤਾਂ,
ਗੁਰੂ ਫੁਰਮਾਨ ਹੈ ਕਟਾਰਾਂ ਨਾਲ ਖੇਡੀਏ।

ਜਿੱਤ ਹਾਰ ਕਾਹਦੀ ਵੀਰਾ ਹੁੰਦੀ ਪਰਿਵਾਰ 'ਚ,
ਜਿੰਨੀ ਦੇਰ ਖੇਡਣਾ ਪਿਆਰਾਂ ਨਾਲ ਖੇਡੀਏ।

1

o

## ਜਾਣ ਵਾਲਿਆ ਜਾਹ ਨਾ ਬੀਬਾ

ਜਾਣ ਵਾਲਿਆ ਜਾਹ ਨਾ ਬੀਬਾ, ਇੱਕ ਵਾਰੀ ਫਿਰ ਮੇਰਾ ਹੋ ਜਾ।
ਦਿਲ ਡੁੱਬ ਚੱਲਿਐ ਵਿੱਚ ਹਨ੍ਹੇਰੇ, ਮੁੜ ਕੇ ਸੁਰਖ਼ ਸਵੇਰਾ ਹੋ ਜਾ।

ਜੋ ਕੁਝ ਹੋਇਆ ਬੀਤਿਆ ਛੱਡਦੇ ਲੀਕਾਂ ਪਿੱਟਣ ਦਾ ਕੀ ਫ਼ਾਇਦਾ,
ਮੈਂ ਵੀ ਮਨ ਨੂੰ ਇਹ ਸਮਝਾਇਐ ਸਿਰ ਪੈਰੋਂ ਸਭ ਤੇਰਾ ਹੋ ਜਾ।

ਮਾਣਕ ਜਨਮ ਅਮੋਲਕ ਹੀਰਾ, ਰੁੱਸਿਆਂ ਰੁੱਸਿਆਂ ਬੀਤ ਨਾ ਜਾਵੇ,
ਦਿਲ ਦੇ ਜੰਦਰੇ ਖੋਲ੍ਹ ਪਿਆਰੇ, ਮੁੜ ਸੱਜਣਾਂ ਦਾ ਡੇਰਾ ਹੋ ਜਾ।

ਪਹਿਲਾਂ ਕਿਲ੍ਹੇ ਉਸਾਰ ਹਵਾਈ, ਫਿਰ ਉਹਦੀ ਰਖਵਾਲੀ ਕਰਦੈਂ,
ਮੇਰੀ ਮੰਨ ਲੈ, ਦੀਵੇ ਖ਼ਾਤਰ, ਕੱਚੇ ਘਰੀਂ ਬਨੇਰਾ ਹੋ ਜਾ।

ਅਗਨੀ ਦਾ ਵਣਜਾਰਾ ਬਣ ਕੇ, ਫਿਰੇਂ ਭਟਕਦਾ ਆਲਮਗੀਰਾ,
ਬਾਗ਼-ਬਗ਼ੀਚੇ ਸਾੜਨ ਦੀ ਥਾਂ, ਧਰਤੀ ਪੁੱਤ ਫੁਲੇਰਾ ਹੋ ਜਾ।

ਦਹਿਸ਼ਤ ਖੌਫ਼ ਸਹਿਮ ਦੇ ਇੱਕੋ ਨੁਕਤੇ ਅੰਦਰ ਸਿਮਟ ਗਿਆ ਏਂ,
ਫ਼ੈਲ ਗੁਲਾਬੀ ਮਹਿਕ ਵਾਂਗਰਾਂ, ਬਿੰਦੂ ਦੀ ਥਾਂ ਘੇਰਾ ਹੋ ਜਾ।

ਹਰ ਮੁਸ਼ਕਿਲ ਦਾ ਹੱਲ ਹੁੰਦਾ ਹੈ, ਜੇ ਵਿਸ਼ਵਾਸ ਪਕੇਰਾ ਹੋਵੇ,
ਸਰਬ-ਸ਼ਕਤੀਆਂ ਤੇਰੇ ਅੰਦਰ, ਬੇਹਿੰਮਤੀ ਛੱਡ, ਜੇਰਾ ਹੋ ਜਾ।

1

੦

## ਸ਼ਾਮਾਂ ਨੂੰ ਸੂਰਜ ਜਾਂਦਿਆਂ

ਸ਼ਾਮਾਂ ਨੂੰ ਸੂਰਜ ਜਾਂਦਿਆਂ ਇਕਰਾਰ ਕਰ ਗਿਆ।
ਮੁੜਿਆ ਨਾ ਸਾਰੀ ਰਾਤ ਹੱਦਾਂ ਪਾਰ ਕਰ ਗਿਆ।

ਮਹਿਰਮ ਦਿਲਾਂ ਦਾ ਕੰਡ ਕਰਕੇ ਦੂਰ ਬਹਿ ਗਿਆ,
ਪੁੱਛੋ ਨਾ ਦਿਲ ਦਾ ਹਾਲ ਕੀ, ਬੀਮਾਰ ਕਰ ਗਿਆ।

ਕਦਮਾਂ ਤੋਂ ਕੁਝ ਕੁ ਦੂਰ ਪਰ ਰੂਹੋਂ ਕਰੋੜਾਂ ਮੀਲ,
ਖ਼ੌਰੇ ਪਤਾ ਨਹੀਂ ਕੌਣ ਇਹ ਦੀਵਾਰ ਕਰ ਗਿਆ।

ਮਾਰਾਂ ਆਵਾਜ਼, ਪਰਤ ਆਵੇ ਫਿਰ ਤੋਂ ਮੇਰੇ ਕੋਲ,
ਵੇਖੋ ਬੇਰਹਿਮ ਵਕਤ ਕੀ ਕੀ ਵਾਰ ਕਰ ਗਿਆ।

ਮੈਨੂੰ ਨਜ਼ਰ ਭਰ ਵੇਖਿਆ, ਪਹਿਚਾਨਿਆ ਨਹੀਂ,
ਦੱਸਾਂ ਕਿਵੇਂ ਮੈਂ ਰੂਹ ਤੇ ਕਿੰਨਾ ਭਾਰ ਕਰ ਗਿਆ।

ਯਾਦਾਂ ਚੋਂ ਕਾਹਦਾ ਨਿਕਲਿਆ ਦਿਲਦਾਰ ਮਲਕੜੇ,
ਮੇਰਾ ਵਜੂਦ ਬਰਫ਼, ਠੰਢਾ ਠਾਰ ਕਰ ਗਿਆ।

ਮੇਰਾ ਖ਼੍ਵਾਬ ਘੁਲ ਗਿਆ, ਸ਼ਬਦਾਂ ਚ ਇਸ ਤਰ੍ਹਾਂ,
ਅੰਬਰ, ਸਮੁੰਦਰ, ਧਰਤ ਨੂੰ ਪਰਿਵਾਰ ਕਰ ਗਿਆ।

1

੦

## ਫੁੱਲ ਕਿਰਦੇ ਜਦ ਬਿਰਖਾਂ ਮੂੰਹੋਂ

ਫੁੱਲ ਕਿਰਦੇ ਜਦ ਬਿਰਖ਼ਾਂ ਮੂੰਹੋਂ, ਧਰਤ ਬਣੇ ਫੁਲਕਾਰੀ ਵਰਗੀ।
ਦਾਣਾ ਦੁਣਕਾ ਚੁਗਦੀ ਘੁੱਗੀ, ਲੱਗਦੀ ਰਾਜ-ਦੁਲਾਰੀ ਵਰਗੀ।

ਸੁੱਤਿਆ! ਗੂੜ੍ਹੀ ਨੀਂਦ ਵਿਗੁੱਤਿਆ, ਅੱਖੀਆਂ ਖੋਲ੍ਹ ਨਿਹਾਰ ਬਰਕਤਾਂ,
ਹਰ ਕਿਣਕੇ ਦੀ ਹਸਤੀ ਤੈਨੂੰ, ਦਿਸ ਪਉ ਪਰਉਪਕਾਰੀ ਵਰਗੀ।

ਖਿੜਨਾ, ਖਿੜ ਕੇ ਖ਼ੁਸ਼ਬੂ ਵੰਡਣਾ, ਕਿਸੇ ਕਿਸੇ ਦੇ ਭਾਗੀਂ ਆਵੇ,
ਰੋਮ ਰੋਮ ਵਿਸਮਾਦਤ ਕਰਨਾ, ਬਣਨਾ ਕੇਸਰ-ਕਿਆਰੀ ਵਰਗੀ।

ਚੱਜ ਆਚਾਰ ਬਾਜ਼ਾਰ ਦਾ ਵੇਖੋ, ਸਿਰਫ਼ ਮੁਨਾਫ਼ਾ ਲੱਭੇ ਹਰ ਥਾਂ,
ਜੇਬ ਕਤਰਿਆਂ ਵਾਲੀ ਅੱਖ ਹੈ, ਤਿੱਖੀ ਤੇਜ਼ ਕਟਾਰੀ ਵਰਗੀ।

ਸ਼ਬਦਾਂ ਨੂੰ ਮੈਂ ਬਹਿ ਸਮਝਾਇਐ, ਰੀਸ ਹਮੇਸ਼ਾਂ ਬਾਜ਼ ਦੀ ਕਰਿਓ,
ਰੱਖਿਓ ਰੀਝ ਸਦਾ ਇਹ ਜੀਂਦੀ, ਸੂਰਜ ਪਾਰ ਉਡਾਰੀ ਵਰਗੀ।

ਗੀਤ, ਰੁਬਾਈਆਂ, ਗ਼ਜ਼ਲਾਂ, ਕਵਿਤਾ, ਸਫ਼ਰ ਕਰਦਿਆਂ ਜੋ ਹੱਥ ਆਵੇ,
ਕਦੇ ਕਦਾਈਂ ਲੱਭਦੀ ਏਦਾਂ, ਹਮਦਮ ਪੌਣ-ਸਵਾਰੀ ਵਰਗੀ।

ਮੇਰੇ ਲਈ ਅਰਦਾਸਾਂ ਕਰਿਉ, ਉਮਰ ਨਾ ਮੈਥੋਂ ਬਚਪਨ ਖੋਹੇ,
ਮੇਰੇ ਲਈ ਤਰਸੇਵਾਂ ਉਹ ਰੁੱਤ, ਬੱਚਿਆਂ ਦੀ ਕਿਲਕਾਰੀ ਵਰਗੀ।

1

o

## ਦੇਸ ਪੰਜਾਬ ਦੇ ਬਰਖ਼ੁਰਦਾਰਾ

ਦੇਸ ਪੰਜਾਬ ਦੇ ਬਰਖ਼ੁਰਦਾਰਾ ਆਪਣੀ ਸੁਰਤ ਸੰਭਾਲ਼ ਦੂਲਿਆ।
ਤੇਰੇ ਚਾਰ ਚੁਫ਼ੇਰੇ ਤਣਿਆ, ਸ਼ਹਿਰੀ ਤੰਦੂਆ ਜਾਲ਼ ਦੂਲਿਆ।

ਮਿਰਜ਼ੇ ਪਿੱਛੇ ਵਾਹਰ ਪਈ ਹੈ, ਵੰਨ-ਸੁਵੰਨੇ ਦੁਸ਼ਮਣ ਲੱਖਾਂ,
ਸਿਰੋਂ ਮੜਾਸਾ ਲੱਥਿਆ ਤੱਕ ਲੈ, ਗਲ ਵਿੱਚ ਉਲਝੇ ਵਾਲ਼ ਦੂਲਿਆ।

ਬੀਨ, ਬੰਸਰੀ, ਢੱਡ ਸਾਰੰਗੀ, ਤੂੰਬਾ, ਵੰਝਲੀ ਵਾਜਾਂ ਮਾਰੇ,
ਆ ਜਾ ਵੇ ਮੇਰੇ ਲਾਡਾਂ ਜਾਇਆ, ਖ਼ੁਸ਼ਬੂ ਆਣ ਸੰਭਾਲ਼ ਦੂਲਿਆ।

ਰੇਤਲਿਆਂ ਟਿੱਬਿਆਂ ਵਿਚ ਗੋਕੇ ਘਿਓ ਨੂੰ ਜ਼ਾਲਮ ਰੋੜ੍ਹੀ ਜਾਂਦੇ,
ਹਾਕਮ ਪੱਥਰ ਚਿੱਤ ਨੇ ਹੋ ਗਏ, ਹੋ ਗਿਆ ਮੰਦੜਾ ਹਾਲ ਦੂਲਿਆ।

ਘਰ ਦੀ ਕੁੰਜੀ ਖੋਹ ਕੇ ਸਾਥੋਂ, ਬਾਗ ਘੇਰਿਆ ਮੁਗਲਾਂ ਸਾਡਾ,
ਵੰਡ ਰਹੇ ਨੇ ਆਪਣਿਆਂ ਨੂੰ, ਜਿਉਂ ਚੋਰੀ ਦਾ ਮਾਲ ਦੂਲਿਆ।

ਸਤਿਲੁਜ ਸਣੇ ਬਿਆਸ ਤੇ ਰਾਵੀ ਵਿੱਸਰ ਗਏ ਵੇ ਤੈਨੂੰ ਕਿਉਂ ਨੇ,
ਤੂੰ ਜਿੰਨ੍ਹਾਂ ਤੋਂ ਤੁਰਨਾ ਸਿੱਖਿਆ, ਭੁੱਲਿਉਂ ਅਸਲੀ ਚਾਲ ਦੂਲਿਆ।

ਸ਼ੇਰ ਦੀਆਂ ਮਾਰਾਂ ਤੇ ਜਦ ਵੀ ਵੇਖਾਂ ਗਿੱਦੜ ਕਰਨ ਕਲੋਲਾਂ,
ਇੰਜ ਕਿਉਂ ਲੱਗਦੈ ਮੈਨੂੰ ਪੁੱਤਰਾ, ਕਰਦਾ ਕੋਈ ਹਲਾਲ ਦੂਲਿਆ।

l

o

## ਰਾਤ ਪਈ ਹੈ, ਫਿਰ ਕੀ ਹੋਇਆ

ਰਾਤ ਪਈ ਹੈ, ਫਿਰ ਕੀ ਹੋਇਆ, ਮੈਂ ਨਾ ਹੁਣ ਦਿਲਗੀਰ ਬਣਾਂਗਾ।
ਅਗਨ-ਬਾਣ ਹਾਂ, ਵੇਖ ਲਇਓ ਮੈਂ, ਰਾਤ ਦੀ ਹਿੱਕ ਵਿੱਚ ਤੀਰ ਬਣਾਂਗਾ।

ਨਾਲ ਸ਼ਿਕਰਿਆਂ ਲੜਦੇ ਲੜਦੇ, ਝਪਟ ਮਾਰਦੇ ਬਾਜ਼ਾਂ ਖ਼ਾਤਰ,
ਚਿੜੀਆਂ ਦੀ ਧਿਰ ਪਾਲਦਿਆਂ ਮੈਂ, ਜ਼ਾਲਮ ਲਈ ਸ਼ਮਸ਼ੀਰ ਬਣਾਂਗਾ।

ਕਣਕ ਦੇ ਬਦਲੇ ਅਣਖ਼ ਵੇਚ ਕੇ, ਧਰਤੀ ਤੇ ਕਿਉਂ ਭਾਰ ਬਣਾਂ ਮੈਂ,
ਰਾਤ ਦੇ ਕਾਲ਼ੇ ਚਿਹਰੇ ਉੱਤੇ ਬਲ਼ਦੀ ਸੁਰਖ਼ ਲਕੀਰ ਬਣਾਂਗਾ।

ਹੋਰ ਕਿਸੇ ਨੂੰ ਕਰਾਂ ਜੋਦੜੀ, ਮੰਨ ਕੇ ਆਪਣਾ ਭਾਗ ਵਿਧਾਤਾ,
ਹਰਗਿਜ਼ ਇਹ ਨਾ ਹੋਣਾ ਮੈਥੋਂ ਖ਼ੁਦ ਆਪਣੀ ਤਕਦੀਰ ਬਣਾਂਗਾ।

ਜੁਗਨੂੰ, ਚੰਨ ਅਸੰਖਾਂ ਤਾਰੇ, ਕਿੰਨੇ ਮੇਰੇ ਯਾਰ ਪਿਆਰੇ,
ਏਸ ਤਰ੍ਹਾਂ ਹੀ ਜਗਦਾ ਜਗਦਾ ਮੈਂ ਸੂਰਜ ਦਾ ਵੀਰ ਬਣਾਂਗਾ।

ਆਦਿ ਜੁਗਾਦੀ ਸੱਚ ਤੇ ਪਹਿਰਾ, ਦੇਣ ਲਈ ਮੈਂ ਹਾਜ਼ਰ ਨਾਜ਼ਰ,
ਜਬਰ ਜ਼ੁਲਮ ਨੂੰ ਮੇਟਣ ਦੇ ਲਈ, ਚਾਨਣ ਦਾ ਹਮਸ਼ੀਰ* ਬਣਾਂਗਾ।

ਮਾਤਾ ਧਰਤ ਸੁਹਾਗਣ ਮੇਰੀ, ਬਣੀ ਅਭਾਗਣ, ਜਿਸਦੇ ਕਰਕੇ,
ਬਿਰਖ਼ ਬੂਟੇ ਪੌਣ ਦੇਣਗੇ, ਮੈਂ ਵੀ ਨਿਰਮਲ ਨੀਰ ਬਣਾਂਗਾ।

l

*ਭਰਾ

o

## ਝੜ ਗਏ ਪੱਤ ਪੁਰਾਣੇ ਭਾਵੇਂ

ਝੜ ਗਏ ਪੱਤ ਪੁਰਾਣੇ ਭਾਵੇਂ, ਰੁੱਤ ਨਵਿਆਂ ਦੀ ਆਈ ਨਹੀਂ।
ਤਾਂਹੀਂਉ ਰਸਮ ਨਿਭਾਉਣ ਲਈ ਮੈਂ ਦਿੱਤੀ ਅੱਜ ਵਧਾਈ ਨਹੀਂ।

ਮੋਦੀਖ਼ਾਨੇ ਅੰਦਰ ਸੌਦਾ ਜਿੰਨਾ ਵੀ ਸੀ ਵਿਕ ਚੁਕਿਆ,
ਕੀਹਦਾ ਹੋਕਾ ਦੇਵੋਗੇ ਹੁਣ, ਨਵੀਂ ਰਸਦ ਜੇ ਪਾਈ ਨਹੀਂ।

ਤਨ ਜ਼ਖ਼ਮੀ ਹੈ, ਰੂਹ ਤੇ ਛਾਲੇ, ਲੱਗਦੈ ਮਨ ਪਰਦੇਸੀ ਹੈ,
ਖ਼ੁਦ ਨੂੰ ਪੁੱਛ ਕੇ ਦੱਸਿਓ ਆਪੇ, ਕਿਸ ਦੀ ਸ਼ਾਮਤ ਆਈ ਨਹੀਂ।

ਮੈਂ ਜੇ ਚੁੱਪ ਹਾਂ, ਇਹ ਨਾ ਸਮਝੋ, ਚੋਰ ਸਾਧ ਪਹਿਚਾਣਾਂ ਨਾ,
ਵੇਖਣ ਨੂੰ ਹੀ ਸਿੱਧਰਾ ਲੱਗਦਾਂ, ਏਨਾ ਵੀ ਸ਼ੌਦਾਈ ਨਹੀਂ।

ਵਤਨ ਮੇਰਾ ਬਰਬਾਦ ਕਰਦਿਓ, ਇਹ ਗੱਲ ਚੇਤੇ ਰੱਖ ਲੈਣਾ,
ਮਨ ਦੀ ਖੋਟ ਸਮਝਦੇ ਲੋਕੀਂ, ਹੁਣ ਚੱਲਣੀ ਚਤੁਰਾਈ ਨਹੀਂ।

ਚੋਰਾਂ ਦੇ ਹੱਥ, ਡਾਂਗਾਂ ਦੇ ਗ਼ਜ਼, ਸੁਣਦੇ ਸਾਂ, ਅੱਜ ਵੇਖ ਲਏ,
ਪਹਿਰੇਦਾਰ ਬਰਾਬਰ ਦੋਸ਼ੀ, ਜਿਸ ਰਾਖੀ ਕਰਵਾਈ ਨਹੀਂ।

ਪੌਣੀ ਸਦੀ ਗੁਜ਼ਾਰਨ ਮਗਰੋਂ ਕੱਚੇ ਵਿਹੜੇ ਪੁੱਛਦੇ ਨੇ,
ਹੁਕਮਰਾਨ ਜੀ, ਉਹ ਆਜ਼ਾਦੀ ਸਾਡੇ ਘਰ ਕਿਉਂ ਆਈ ਨਹੀਂ।

1

o

## ਸਤਿਲੁਜ ਕੰਢੇ ਬੇਟ 'ਚ ਜੰਮੀ

ਸਤਿਲੁਜ ਕੰਢੇ ਬੇਟ 'ਚ ਜੰਮੀ*, ਵੇਖੋ ਧੀ ਫੁਲਕਾਰੀ ਵਰਗੀ।
ਗੀਤ, ਗਜ਼ਲ ਕਵਿਤਾਵਾਂ ਲਿਖਦੀ, ਤਿੱਖੜੀ ਤੇਜ਼ ਕਟਾਰੀ ਵਰਗੀ।

ਸੂਰਜ ਦੀ ਦਹਿਲੀਜ਼ ਤੇ ਦਸਤਕ ਦੇਣੋਂ ਪਹਿਲਾਂ ਗੀਤ ਜਹੀ ਸੀ,
ਤਰਜ਼ਾਂ ਦੇ ਵਿੱਚ ਢਲਦੀ ਢਲਦੀ, ਹੋ ਗਈ ਬਾਜ਼ ਉਡਾਰੀ ਵਰਗੀ।

ਲਾਟ ਹਜ਼ਾਰਾਂ ਰੰਗਾਂ ਵਾਲੀ, ਸ਼ਬਦਾਂ ਅੰਦਰ ਅਗਨ ਜਵਾਲਾ,
ਹੱਸਦੀ ਮੂੰਹੋਂ ਫ਼ੁੱਲ ਕਿਰਦੇ ਨੇ, ਬਿਲਕੁਲ ਫ਼ੁੱਲਾਂ ਖਾਰੀ ਵਰਗੀ।

ਧੁੱਪ ਦੀ ਚੁੰਨੀ ਸਿਰ ਤੇ ਲੈ ਕੇ, ਵਿਸ਼ ਦੇ ਬਾਟੇ ਗਟ ਗਟ ਪੀਂਦੀ,
ਅੰਮ੍ਰਿਤ ਰੂਪ ਧਾਰ ਕੇ ਹਰ ਪਲ, ਮਹਿਕੇ ਕੇਸਰ-ਕਿਆਰੀ ਵਰਗੀ।

ਬਿਰਖ਼ ਅਜੀਬ ਦੀ ਜੂਨ ਹੰਢਾਏ, ਪੱਤਝੜ ਰੁੱਤੇ ਪੁੰਗਰਨ ਪੱਤੇ,
ਚਾਰ ਚੁਫ਼ੇਰੇ ਫ਼ੌਜ ਹੈ ਭਾਵੇਂ, ਸਭ ਦੋ-ਮੂੰਹੀ ਆਰੀ ਵਰਗੀ।

ਦਰਦਾਂ ਦੀ ਬਾਰਿਸ਼ ਦੀਆਂ ਕਣੀਆਂ, ਲਿਖੀਆਂ ਤਾਂ ਬਣੀਆਂ ਕਵਿਤਾਵਾਂ,
ਸ਼ਬਦ ਹਵਾਲੇ ਕੀਤੀ ਜਿੰਦੜੀ, ਬੋਝਲ ਸੀ ਪੰਡ ਭਾਰੀ ਵਰਗੀ।

ਘਰ ਨੂੰ ਮੁੜ ਆ ਨੀਲਿਆ ਮੋਰਾ, ਦੂਰ ਕਿਉਂ ਬੈਠਾ ਚਿੱਤ ਚੋਰਾ,
ਤਨ ਟੁਣਕਾਰੇ ਮੀਰਾ ਬਣਕੇ, ਰਾਧਾ ਕ੍ਰਿਸ਼ਨ ਮੁਰਾਰੀ ਵਰਗੀ।

ਡਾਰ ਚਿਰਾਗਾਂ ਦੀ ਜਿਉਂ ਜਗਦੀ ਧਰਤੀ ਅੰਬਰ ਨੂੰ ਰੁਸ਼ਨਾਵੇ,
ਦੂਰ ਦੋਮੇਲੋਂ ਪਾਰ ਪੜਾਅ ਹੈ, ਸਫ਼ਰ ਨਿਰੰਤਰ ਜਾਰੀ ਵਰਗੀ।

ਧੂਫ਼ ਕਹਾਂ ਜਾਂ ਅਗਰ ਦੀ ਬੱਤੀ, ਰਾਤ ਦੀ ਰਾਣੀਏ ਵੰਡ ਖ਼ੁਸ਼ਬੋਆਂ,
ਮਾਰ ਪਲਾਕੀ, ਚੜ੍ਹ ਤੂੰ, ਕਰ ਲੈ, ਕਿਰਨਾਂ ਦੀ ਅਸਵਾਰੀ ਵਰਗੀ।

1

*ਸੁਖਵਿੰਦਰ ਅੰਮ੍ਰਿਤ

○

## ਮੈਂ ਸੁਣਿਆ ਸੀ ਅੰਬਰੀਂ ਵੱਸਦਾ

ਮੈਂ ਸੁਣਿਆ ਸੀ ਅੰਬਰੀਂ ਵੱਸਦਾ, ਰੱਬ ਨੇ ਦੱਸਿਆ ਤੇਰੇ ਕੋਲ।
ਗਾਫ਼ਿਲ ਬੰਦਿਆ ਮਨ ਦੀ ਮਿੱਟੀ, ਹੁਣ ਤਾਂ ਕੁਝ ਕੁ ਡੂੰਘੀ ਫ਼ੋਲ।

ਅੰਗ ਸੰਗ ਮੇਰੇ ਹਰ ਦਮ ਹਰ ਪਲ ਮਰ ਚੱਲਿਆਂ ਹੈਂ ਗਾਉਂਦਾ ਤੂੰ,
ਖ਼ੁਸ਼ਬੋ ਨਾ ਵਿਸਮਾਦ ਮਾਣਿਆ, ਬਾਹਰੋਂ ਕਿਸ ਨੂੰ ਫਿਰਦੈਂ ਟੋਲ।

ਹੰਸ ਇਕੱਲੇ ਮਾਨਸਰੋਵਰ ਝੀਲ ਤੇ ਹੀ ਨਹੀਂ ਮਿਲਦੇ ਯਾਰ,
ਸੁਰ ਤੇ ਸ਼ਬਦ ਸੁਮੇਲ 'ਚ ਵੱਸਦੇ ਸੁਰਤਿ ਸੁਗੰਧਿਤ ਕਰੇ ਅਬੋਲ।

ਥਿੜਕਦਿਆਂ ਨੂੰ ਕੌਣ ਸਹਾਰਾ ਇਸ ਧਰਤੀ ਤੇ ਦੇਵੇ ਯਾਰ,
ਦਰਦ-ਮਜੀਠੀ ਮਾਣਦਿਆਂ ਵੀ ਰੱਖਿਆ ਕਰ ਤੂੰ ਕਦਮ ਅਡੋਲ।

ਸਬਰ ਸਿਦਕ ਸੰਤੋਖ ਗੁਆ ਕੇ, ਭਟਕ ਰਿਹੈਂ ਕਿਉਂ ਮੂੜ੍ਹ ਮਨਾਂ,
ਮੇਰੇ ਅੰਦਰੋਂ ਬੋਲ ਕਿਹਾ ਕਿਸ, ਕੀ ਕੁਝ ਬੰਦਿਆ ਤੇਰੇ ਕੋਲ।

ਰਹਿ ਗਏ ਸਿਰਫ਼ ਕਿਤਾਬਾਂ ਅੰਦਰ, ਭਗਤਾਂ ਵੇਲਾ, ਸ਼ੁਭ ਪ੍ਰਭਾਤ,
ਟੈਂਕੀ, ਟੂਟੀ, ਬਾਥ ਰੂਮ ਹੈ, ਖ਼ੂਹੀਆਂ ਤੇ ਨਾ ਖੜਕਣ ਡੋਲ।

ਕਿੰਨਾ ਕੁਝ ਮੈਂ ਆਖਿਆ ਪਰ ਤੂੰ ਇੱਕ ਹੁੰਗਾਰਾ ਵੀ ਨਾ ਭਰਿਆ,
ਗੱਲ ਤੁਰੇਗੀ ਤਾਂ ਹੀ ਅੱਗੇ, ਚੁੱਪ ਨਾ ਬਹਿ ਕੁਝ ਤੂੰ ਵੀ ਬੋਲ।

l

○

## ਕਿੰਨੀ ਵਾਰ ਕਿਹਾ ਏ ਤੈਨੂੰ

ਕਿੰਨੀ ਵਾਰ ਕਿਹਾ ਏ ਤੈਨੂੰ, ਬਿਨ ਗਾਗਲ* ਤਸਵੀਰ ਭੇਜ ਦੇ।
ਕੱਸੇ ਹੋਣ ਕਮਾਨ 'ਚ ਜਿੱਦਾਂ, ਦੋ ਨੈਣਾਂ ਦੇ ਤੀਰ ਭੇਜ ਦੇ।

ਸੱਤ ਸਮੁੰਦਰ ਡੂੰਘੇ ਕਿੰਨੇ, ਮੈਂ ਇਹ ਹਾਥ ਕਿਵੇਂ ਦੱਸ ਪਾਵਾਂ,
ਨਜ਼ਰ ਮਿਲਾ, ਅੱਖ ਫੇਰ ਨਾ ਮੈਥੋਂ, ਦੋਧਾਰੀ ਸ਼ਮਸ਼ੀਰ ਭੇਜ ਦੇ।

ਤੇਰੇ ਦਰ ਤੇ ਦਸਤਕ ਦੇਂਦਾ, ਥੱਕ ਗਿਆ ਹੋਣਾ ਏਂ ਹੁਣ ਤਾਂ,
ਜੇ ਨਹੀਂ ਮਿਲਣਾ, ਤੇਰੀ ਮਰਜ਼ੀ, ਟੁੱਟਿਆ ਦਿਲ ਦਿਲਗੀਰ ਭੇਜ ਦੇ।

ਬਾਲ ਨਾਥ ਤੋਂ ਕੰਨ ਪੜਵਾ ਕੇ, ਰਾਂਝਾ ਜੋਗੀ ਬਣ ਕੇ ਬੱਲਿਆ,
ਸੈਦੇ ਨਾਲ ਨਿਕਾਹੀ ਭਾਵੇਂ, ਵਾਪਸ ਮੇਰੀ ਹੀਰ ਭੇਜ ਦੇ।

ਮੇਰੇ ਦਿਲ ਦੇ ਅੰਦਰ ਕੀ ਹੈ, ਜਿਸਨੂੰ ਜੀਭ ਸੁਣਾ ਨਹੀਂ ਸਕਦੀ,
ਮਨ ਅੰਤਰ ਕੀ ਜਾਣਕਾਰ ਹੈਂ ਲਿਖ ਮੇਰੀ ਤਹਿਰੀਰ ਭੇਜ ਦੇ।

ਮੈਂ ਵੀ ਰੂਹ ਦਾ ਸ਼ੀਸ਼ਾ ਧੋਣੈਂ, ਕਿਤਿਉਂ ਵੀ ਨਾ ਮਿਲਿਆ ਪਾਣੀ,
ਆਪਣੀ ਰੂਹ ਦੇ ਵਰਗਾ ਮੈਨੂੰ, ਸੁੱਚਾ ਨਿਰਮਲ ਨੀਰ ਭੇਜ ਦੇ।

ਪਹਿਲੀ ਵਾਰ ਮਿਲਣ ਤੇ ਜੋ ਵੀ, ਅਣਲਿਖਿਆ, ਪਰ ਲਿਖਿਆਂ ਵਰਗਾ,
ਕੋਰਾ ਵਰਕਾ ਸੁਣਦਾ ਸੀ ਜੋ, ਨਿਰਸ਼ਬਦੀ ਤਕਰੀਰ ਭੇਜ ਦੇ।

l

---

*f.ਏਗੜ ਬ{ੜਾ

੦

## ਸਾਰੀ ਰਾਤ ਗੁਜ਼ਾਰ ਲਈ ਹੈ,
## ਅੰਬਰੋਂ ਤਾਰੇ ਤੋੜਦਿਆਂ

ਸਾਰੀ ਰਾਤ ਗੁਜ਼ਾਰ ਲਈ ਹੈ, ਅੰਬਰੋਂ ਤਾਰੇ ਤੋੜਦਿਆਂ।
ਰਹਿੰਦੀ ਉਮਰ ਬਿਤਾਵਾਂਗਾ ਹੁਣ, ਟੁੱਟੇ ਟੁਕੜੇ ਜੋੜਦਿਆਂ।

ਮੇਰਾ ਦਿਲ ਦਰਿਆ ਨਹੀਂ ਮੰਨਦਾ, ਕੰਢੇ ਲੱਗੀਆਂ ਰੋਕਾਂ ਨੂੰ,
ਬਹੁਤ ਵਰਜਿਆ, ਇਹ ਨਹੀਂ ਟਲ਼ਦਾ ਆਪਣੀ ਮਿੱਟੀ ਰੋੜ੍ਹਦਿਆਂ ।

ਗਿਆਨ-ਪੋਟਲੀ ਲੈ ਕੇ ਫਿਰਦਾਂ, ਹੋਕਾ ਵੀ ਕੋਈ ਸੁਣਦਾ ਨਾ,
ਜੀਅ ਕਰਦਾ ਏ, ਚੌਂਕ-ਚੁਰਸਤੇ, ਭਰਮੀ-ਭਾਂਡਾ ਫੋੜ ਦਿਆਂ।

ਵਾਗ ਤੁੜਾਈ ਅੱਥਰੇ ਘੋੜੇ, ਇਹ ਨਾ ਮੇਰੇ ਕਾਬੂ ਵਿੱਚ,
ਮੇਰੇ ਹੱਥੋਂ ਨਿਕਲ ਗਿਆ ਹੈ, ਵਕਤ ਕਿਵੇਂ ਮੈਂ ਮੋੜ ਦਿਆਂ।

ਤੁਰ ਜਾ ਤੂੰ ਬੇਅਕਲਾ ਏਥੋਂ, ਬਾਗ ਦੇ ਕਾਬਿਲ ਲੱਗਦਾ ਨਹੀਂ,
ਆਖ ਰਿਹਾ ਏ, ਮੈਨੂੰ ਉਹ ਹੀ, ਡੋਡੀ ਸਿਖ਼ਰ ਮਰੋੜਦਿਆਂ।

ਕੂੜ-ਬਾਜ਼ਾਰ ਦੇ ਕਾਇਦੇ ਵੱਖਰੇ, ਪੜ੍ਹ ਲੈ, ਪਰ ਇਹ ਮੰਨਦਾ ਨਾ,
ਤੇਰੇ ਸੱਚ ਨੂੰ ਕਿਹੜਾ ਸਮਝੂ, ਮਰ ਚੱਲਿਆ ਮੈਂ ਹੋੜਦਿਆਂ।

ਜਿਹੜੀ ਦੌੜ ' ਚ ਮੈਂ ਨਹੀਂ ਸ਼ਾਮਿਲ, ਕਹਿੰਦੇ ਨੇ ਤੂੰ ਹਾਰ ਗਿਆ,
ਚਾਰ-ਚੁਫ਼ੇਰੇ ਸ਼ੋਰ ਮਚਾਇਆ, ਜੇਤੂ ਚੂਹੇ-ਦੌੜ ਦਿਆਂ।

1

੦

## ਸ਼ਬਦ ਕੋਲੋਂ ਦਰਦ,
## ਜਿੰਨਾ ਅਣਕਿਹਾ ਸੀ ਰਹਿ ਗਿਆ

ਸ਼ਬਦ ਕੋਲੋਂ ਦਰਦ, ਜਿੰਨਾ ਅਣਕਿਹਾ ਸੀ ਰਹਿ ਗਿਆ।
ਇੱਕ ਅੱਥਰ ਅੱਖ ਦਾ, ਸਾਰੀ ਕਹਾਣੀ ਕਹਿ ਗਿਆ।

ਲੱਗ ਰਿਹੈ, ਤੂੰ ਯਾਦ ਮੈਨੂੰ, ਕੀਤਾ ਹੋਵੇਗਾ ਜ਼ਰੂਰ,
ਮਹਿਕ ਦਾ ਬੁੱਲਾ ਵੀ ਤਾਹੀਉਂ, ਨਾਲ ਮੇਰੇ ਖਹਿ ਗਿਆ।

ਇਸ ਤਰ੍ਹਾਂ ਮਿਲਿਆ ਟਿਕਾਅ ਕੁਝ, ਬੋਲ ਕੇ ਕਿੱਦਾਂ ਕਹਾਂ,
ਕੰਬਦੀ ਟਾਹਣੀ ਤੇ ਆ ਕੇ, ਜਿਉਂ ਪਰਿੰਦਾ ਬਹਿ ਗਿਆ।

ਤੇਜ਼ ਬਾਰਿਸ਼ ਸੀ, ਗੜੇ ਵੀ, ਚਮਕਦੀ ਬਿਜਲੀ, ਤੂਫ਼ਾਨ,
ਵੇਖ ਲੈ ਤੇਰੇ ਸਹਾਰੇ, ਦਰਦ ਕਿੰਨੇ ਸਹਿ ਗਿਆ।

ਪਰਬਤਾਂ ਦੇ ਸਿਖ਼ਰ ਪਿਘਲੇ, ਭਰ ਗਿਆ ਨਦੀਆਂ ਚ ਨੀਰ,
ਭਾਫ਼ ਬਣ ਤੁਰਿਆ ਸੀ ਜਿੱਥੋਂ ਸਾਗਰਾਂ ਵੱਲ ਵਹਿ ਗਿਆ।

ਭਰਮ ਸੀ ਮੈਨੂੰ ਕਿ ਸੂਰਜ ਬੱਦਲੀਆਂ ਨੇ ਫੜ ਲਿਆ,
ਉਹ ਤਾਂ ਜਿੱਧਰ ਕੱਲ੍ਹ ਗਿਆ ਸੀ, ਓਸ ਪਾਸੇ ਲਹਿ ਗਿਆ।

ਮੈਂ ਕਦੇ ਵੀ, ਹੋਰ ਹੱਥੋਂ, ਹਾਰਿਆ ਨਹੀਂ, ਅੱਜ ਤੀਕ,
ਹਾਰ ਜਾਵੇਂ ਨਾ ਕਿਤੇ ਤੂੰ, ਆਪ ਹੀ ਮੈ ਢਹਿ ਗਿਆ।

1

o

## ਸਾਥੋਂ ਦੂਰ ਦੂਰ ਹੋਰ ਦੂਰ ਦੂਰ ਜਾ ਕੇ ਬਹਿਣਾ

ਸਾਥੋਂ ਦੂਰ ਦੂਰ ਹੋਰ ਦੂਰ ਦੂਰ ਜਾ ਕੇ ਬਹਿਣਾ।
ਏਦਾਂ ਗ਼ਮਾਂ ਦਾ ਪਹਾੜ ਤੇਰੇ ਦਿਲ ਤੋਂ ਨਹੀਂ ਲਹਿਣਾ।

ਏਸ ਬਸਤੀ 'ਚ ਦੱਸ ਤੇਰੀ ਕਿਸ ਨੂੰ ਸ਼ਨਾਸ*,
ਤੈਨੂੰ ਮੇਰੇ ਤੋਂ ਬਗੈਰ ਕਿਸੇ ਆਪਣਾ ਨਹੀਂ ਕਹਿਣਾ।

ਰੂਹ ਨੂੰ ਜੰਦਰੇ ਨਾ ਮਾਰ, ਏਦਾਂ ਕਹਿਰ ਨਾ ਗੁਜ਼ਾਰ,
ਕਿੰਜ ਦੱਸਾਂ ਕਿੰਨਾ ਔਖਾ ਤੇਰਾ ਚੁੱਪ ਚੁੱਪ ਰਹਿਣਾ।

ਜਿਵੇਂ ਤਪਦੀ ਕੜਾਹੀ ਵਿੱਚ ਭੁੱਜਦੇ ਨੇ ਦਾਣੇ,
ਦਿਲ ਤਪਦਾ ਤੰਦੂਰ ਹੈ ਮੁਹਾਲ ਸੇਕ ਸਹਿਣਾ।

ਕਦੇ ਟਿੱਬਿਆਂ ਤੇ ਟਿਕੇ ਨਾ ਮੁਹੱਬਤਾਂ ਦਾ ਨੀਰ,
ਐਵੇਂ ਰੋਕ ਨਾ, ਨੀਵਾਣ ਵੱਲ ਇਹਨੇ ਸਦਾ ਵਹਿਣਾ।

ਤਪੇ ਸਮੇਂ ਦੀ ਕੁਠਾਲੀ ਆ ਜਾ ਘੁਲ਼ ਮਿਲ਼ ਜਾਈਏ,
ਕਦੇ ਪਿਘਲ਼ੇ ਬਗੈਰ ਸੋਨਾ ਬਣਦਾ ਨਹੀਂ ਗਹਿਣਾ।

ਬਾਹਰ ਜਗਦੇ ਚਿਰਾਗ, ਤਾਂ ਵੀ ਮਨਾਂ' ਚ ਹਨ੍ਹੇਰ,
ਬਾਹਰ ਡੱਬੀ ਵਿੱਚੋਂ ਆ ਕੇ ਪੈਣਾ ਤੀਲੀ ਵਾਂਗ ਖਹਿਣਾ।

1

o

## ਰਿਸ਼ਤਾ ਤਾਂ ਵਿਸ਼ਵਾਸ ਦਾ ਨਾਂ ਹੈ

ਰਿਸ਼ਤਾ ਤਾਂ ਵਿਸ਼ਵਾਸ ਦਾ ਨਾਂ ਹੈ, ਨਹੀਂ ਨਿਭਦਾ ਇਕਰਾਰ ਦੇ ਨਾਲ।
ਸ਼ਰਤਨਾਮਿਆਂ ਦਾ ਤਾਂ ਨਾਤਾ ਹੁੰਦੈ ਵਣਜ ਵਪਾਰ ਦੇ ਨਾਲ।

ਇੱਕ ਦੂਜੇ ਦੀ ਰੂਹ ਦਾ ਹਾਣੀ, ਬਣਕੇ ਹੀ ਫੁੱਲ ਫ਼ਲ ਤੇ ਪਹੁੰਚੇ,
ਮਨ ਦਾ ਮੇਲ ਸੁਮੇਲ ਬਣੇ ਜਦ, ਘਰ ਮਹਿਕੇ ਮਹਿਕਾਰ ਦੇ ਨਾਲ।

ਸ਼ੀਸ਼ੇ ਤੋਂ ਵੀ ਵੱਧ ਹੈ, ਰੱਖਿਓ ਬਹੁਤ ਸੰਭਾਲ ਕੇ ਵੀਰੋ,
ਟੁਕੜੇ ਹੋ ਨਾ ਖਿੱਲਰਨ ਕਿਧਰੇ, ਬੇਲੋੜੇ ਤਕਰਾਰ ਦੇ ਨਾਲ।

ਸਿਰ ਸੋਹਣੀ ਦਸਤਾਰ ਤੇ ਲੀੜੇ, ਚਮਕ ਰਹੇ ਚਿਹਰੇ ਵੀ ਸੋਹਣੇ,
ਸ਼ੀਸ਼ਾ ਨਹੀਂ ਹਾਂ, ਮੈਂ ਤਾਂ ਸਭ ਨੂੰ ਪਰਖਾਂਗਾ ਕਿਰਦਾਰ ਦੇ ਨਾਲ।

ਜੇਕਰ ਮੱਥੇ ਅੰਦਰ ਜਗਦੀ ਜੋਤ ਨਿਰੰਤਰ ਮਘਦੀ ਨਹੀਂ ਤਾਂ,
ਸਾਂਝ ਕਦੇ ਵੀ ਪੈਂਦੀ ਨਹੀਂਓਂ, ਸੂਹੀ ਸੁਰਖ਼ ਬਹਾਰ ਦੇ ਨਾਲ।

ਲੋਹੇ ਨੂੰ ਜੇ ਕਿਰਪਾ ਵਾਲੀ ਪਾਣ ਚੜ੍ਹੇ ਕਿਰਪਾਨ ਕਹਾਵੇ,
ਜਬਰ ਜ਼ੁਲਮ ਦਾ ਸਾਕ ਸਦੀਵੀ, ਹੁੰਦਾ ਹੈ ਤਲਵਾਰ ਦੇ ਨਾਲ।

ਨਾਈਲਨ ਵਾਲੀਆਂ ਨਰਮ ਜੁਰਾਬਾਂ, ਸਭ ਪੈਰਾਂ ਨੂੰ ਪੁੱਗਦੀਆਂ ਨੇ,
ਪਰ ਇਨ੍ਹਾਂ ਦਾ ਨਾਮ ਜੁੜੇ ਨਾ, ਭੁੱਲ ਕੇ ਵੀ ਦਸਤਾਰ ਦੇ ਨਾਲ।

1

## ੦
## ਜਦ ਵੀ ਤੱਕਿਆ ਤੇ ਇੰਝ ਲੱਗਿਆ

ਜਦ ਵੀ ਤੱਕਿਆ ਤੇ ਇੰਝ ਲੱਗਿਆ, ਮੇਰੇ ਚਾਰ-ਚੁਫ਼ੇਰੇ ਖ਼ੁਸ਼ਬੂ।
ਜਾਗਦਿਆਂ ਤੇ ਸੁੱਤਿਆਂ ਖ਼ੁਸ਼ਬੂ ਮਹਿਕੇ ਸ਼ਾਮ ਸਵੇਰੇ ਖ਼ੁਸ਼ਬੂ ।

ਹੱਸੇਂ, ਲੱਗਦਾ ਫੁੱਲ ਕਿਰਦੇ ਨੇ, ਜਾਪੇ ਧਰਤੀ ਭਰ ਚੱਲੀ ਹੈ,
ਕੋਸੀ ਧੁੱਪ ਸਿਆਲ ਦੀ ਜਿੱਸਰਾਂ, ਚੜ੍ਹ ਕੇ ਖੜ੍ਹੀ ਬਨੇਰੇ ਖ਼ੁਸ਼ਬੂ।

ਮੱਥੇ ਚਮਕੇ ਨੂਰ ਇਲਾਹੀ, ਜ਼ੱਰਰਾ ਜ਼ੱਰਰਾ ਚਾਨਣ ਚਾਨਣ,
ਮਨ ਮਸਤਕ ਨੂੰ ਰੌਸ਼ਨ ਰੌਸ਼ਨ, ਕਰਦੀ ਦੂਰ ਹਨੇਰੇ ਖ਼ੁਸ਼ਬੂ ।

ਬਿਨ ਮਿਲਿਆਂ ਵੀ ਚੰਨ ਦੀ ਟਿੱਕੀ, ਧੋ ਦੇਂਦੀ ਨਿੱਤ ਰਾਤ ਦੇ ਲੀੜੇ,
ਰੋਜ਼ ਸਵੇਰੇ ਮੁੜ ਜਾਂਦੀ ਹੈ, ਕਰਦੀ ਪੰਧ ਲੰਮੇਰੇ ਖ਼ੁਸ਼ਬੂ।

ਅਜ਼ਲਾਂ ਤੋਂ ਜੋ ਪਿਆਸ ਨਿਰੰਤਰ, ਮਿਟਦੀ ਨਾ ਇੱਕ ਵਾਰੀ ਤੱਕਿਆਂ,
ਤਪਦੀ ਲੋਹ ਤੇ ਕਿਣਮਿਣ ਕਣੀਆਂ, ਤਰੇਲ ਦੇ ਮੋਤੀ ਕੇਰੇ ਖ਼ੁਸ਼ਬੂ।

ਖ਼ਵਾਬ ਖਿਆਲ 'ਚ ਵੀ ਨਹੀਂ ਤੱਕਿਆ, ਏਦਾਂ ਕਿੱਸਰਾਂ ਹੋ ਸਕਦਾ ਹੈ,
ਪੋਲੇ ਕਦਮੀਂ ਪਿੱਛਿਉਂ ਆ ਕੇ ਨੇਤਰ ਘੁੱਟੇ ਮੇਰੇ ਖ਼ੁਸ਼ਬੂ।

ਮਨ ਦੇ ਬਾਗ -ਬਗੀਚੇ, ਅੰਦਰ ਖਿੜਨ ਦਿਆ ਕਰ ਫੁੱਲ ਤੇ ਕਲੀਆਂ,
ਵੇਖ ਲਵੀਂ ਕਿੰਜ ਹਰਦਮ ਰਹਿੰਦੀ, ਸਾਹਾਂ ਅੰਦਰ ਤੇਰੇ ਖ਼ੁਸ਼ਬੂ।

1

## ੦
## ਟਾਹਣੀ ਬੈਠੀ ਬੁਲਬੁਲ ਬੋਲੇ

ਟਾਹਣੀ ਬੈਠੀ ਬੁਲਬੁਲ ਬੋਲੇ, ਧਰਤੀ ਅੰਬਰ ਦੋਵੇ ਮੇਰੇ।
ਬੰਦਿਆ ਤੂੰ ਹੰਕਾਰ-ਪੁਲੰਦਾ, ਦੱਸ ਤੀਂ ਪੱਲੇ ਕੀ ਹੈ ਤੇਰੇ?

ਵਿੱਚ ਖ਼੍ਵਾਬਾਂ ਦੇ ਉੱਡਦਾ ਫਿਰਦੈਂ, ਨਕਲੀ ਖੰਭ ਉਧਾਰੇ ਲੈ ਕੇ,
ਸੂਰਜ-ਸ਼ੀਸ਼ਾ ਵੇਖ ਲਿਆ ਕਰ, ਸੁੱਚੇ ਮੂੰਹ ਤੂੰ ਰੋਜ਼ ਸਵੇਰੇ।

ਏਸੇ ਲਈ ਮੈਂ ਦੇਣਦਾਰ ਹਾਂ, ਤੇਰਾ ਸੁੱਚੀਏ ਸੁਹਜਵੰਤੀਏ,
ਕਣ ਕਣ ਅੰਦਰ ਤੇਰਾ ਵਾਸਾ, ਮੇਰੇ ਵਿੱਚ ਸਾਹ ਚੱਲਦੇ ਤੇਰੇ।

ਪੱਲੇ ਬੰਨ੍ਹ ਕੇ ਤੁਰਿਆਂ ਤਾਂਹੀਉਂ, ਹਰ ਮੈਦਾਨ ਫ਼ਤਹਿ ਮੂੰਹ ਚੁੰਮੇ,
ਮੇਰੀ ਸ਼ਕਤੀ ਕਥਨ-ਕਹਾਣੇ ਦਰਵੇਸ਼ਾਂ ਦੇ ਚਾਲ਼ੀ ਸੇਰੇ।

ਜਦੋਂ ਜਗਾਇਆ ਤੂੰ ਨਾ ਜਾਗਿਆ, ਤੈਨੂੰ ਤਦ ਸੀ ਨੀਂਦ ਪਿਆਰੀ,
ਵਕਤ ਗੁਆਚਾ ਹੱਥ ਨਹੀਂ ਆਉਣਾ, ਹੁਣ ਕਿਉਂ ਨਕਲੀ ਅੱਥਰੂ ਕੇਰੇ।

ਤੂੰ ਵੀ ਇਹਦੇ ਨਾਲ ਹੈਂ ਸ਼ਾਮਿਲ, ਦੁਸ਼ਮਣ ਸ਼ੇਰ ਨਾ ਐਵੇਂ ਬਣਿਆ,
ਤੇਰੀ ਹਸਤੀ ਮੇਟਣ ਖ਼ਾਤਰ ਪੈ ਗਏ ਨੇ ਚਹੁੰ-ਪਾਸਿਉਂ ਘੇਰੇ।

ਅੱਜ ਦੇ ਵੱਲ ਪਿਛਾੜੀ ਕਰਕੇ, ਅਗਲਾ ਜਨਮ ਸੰਵਾਰਨ ਖ਼ਾਤਰ,
ਸੁਣਿਐਂ ! ਤੂੰ ਵੀ ਰਹਿੰਦੈਂ ਅੱਜ ਕੱਲ੍ਹ, ਬਹੁਤਾ ਹੀ ਸਾਧਾਂ ਦੇ ਡੇਰੇ।

1

o

## ਇਹ ਕ੍ਰਿਸ਼ਮਾ ਫਿਰ ਦੋਬਾਰਾ ਹੋ ਗਿਆ ਹੈ

**ਹਰਜਿੰਦਰ ਬਿੰਦ ਦੇ ਨਾਮ**

ਇਹ ਕ੍ਰਿਸ਼ਮਾ ਫਿਰ ਦੋਬਾਰਾ ਹੋ ਗਿਆ ਹੈ।
ਦੀਦ ਕੀਹ? ਜੰਨਤ ਨਜ਼ਾਰਾ ਹੋ ਗਿਆ ਹੈ।

ਤਨ ਬਦਨ ਵਿੱਚ ਮਹਿਕ ਤੇਰੀ ਰਮ ਗਈ ਏ,
ਮਿਲਣ ਦਾ ਕਿੰਨਾ ਸਹਾਰਾ ਹੋ ਗਿਆ ਹੈ।

ਨੀਂਦ ਅੰਦਰ ਜਿਸ ਤਰ੍ਹਾਂ ਸੀ ਖ਼੍ਵਾਬ ਤੇਰਾ,
ਦਰਸ ਉਹ ਸਾਰੇ ਦਾ ਸਾਰਾ ਹੋ ਗਿਆ ਹੈ।

ਵੇਲ ਵਾਂਗੂੰ ਆਸਰੇ ਬਿਨ ਡਿੱਗ ਪਿਆ ਸਾਂ,
ਤਰਲ ਮਨ ਕਿੰਨਾ ਵਿਚਾਰਾ ਹੋ ਗਿਆ ਹੈ।

ਏਸ ਵਿੱਚ ਮੇਰਾ ਤਾਂ ਇੱਕ ਹੀ ਅੱਥਰੂ ਹੈ,
ਕਿਉਂ ਸਮੁੰਦਰ ਹੋਰ ਖ਼ਾਰਾ ਹੋ ਗਿਆ ਹੈ।

ਹੋਰ ਅੱਗੇ ਤੁਰਨ ਔਖਾ, ਸੀ ਤੇਰੇ ਬਿਨ,
ਮਹਿਕ ਤੇਰੀ ਦਾ ਹੁੰਗਾਰਾ ਹੋ ਗਿਆ ਹੈ।

ਦਰਦ ਲੱਦੇ ਕਾਫ਼ਲੇ ਹੁਣ ਲੈ ਤੁਰਾਂਗਾ,
ਸਾਥ ਤੇਰੇ ਦਾ ਇਸ਼ਾਰਾ ਹੋ ਗਿਆ ਹੈ।

1

o

## ਸੜ ਗਏ ਜੰਗਲ ਦੇ ਵਿੱਚ ਵੇਖੋ

ਸੜ ਗਏ ਜੰਗਲ ਦੇ ਵਿੱਚ ਵੇਖੋ, ਕੁਝ ਇੱਕ ਸ਼ਾਖ਼ਾਂ ਹਰੀਆਂ ਨੇ।
ਸੂਰਮਗਤੀ ਕਮਾਲ ਦੀ ਵੇਖੋ, ਇਹ ਨਾ ਅੱਗ ਤੋਂ ਡਰੀਆਂ ਨੇ।

ਸੁਣੋ ਸਿਆਣੇ ਜੋ ਕੁਝ ਕਹਿ ਗਏ, ਜਾਂਦਿਆਂ ਡੁੱਬਦੇ ਸੂਰਜ ਵਾਂਗ,
ਅਗਨ-ਕੁਠਾਲੀ ਢਲ਼ੀਆਂ ਜੋ ਵੀ ਸੋਲਾਂ ਆਨੇ ਖਰੀਆਂ ਨੇ।

ਆਪਣੀ ਅੱਗ ਵਿੱਚ ਮਰ ਮੁੱਕ ਚੱਲਿਐਂ, ਜੀਣ ਜੋਗਿਆ, ਸੁਣਦਾ ਜਾ,
ਅਗਨ -ਖੇਡ 'ਚੋਂ ਰਾਖ਼ ਬਿਨਾ ਦੱਸ, ਕਿਸ ਨੇ ਝੋਲ਼ੀਆ ਭਰੀਆਂ ਨੇ।

ਜਾਣ ਵਾਲਿਆ ਜਾਂਦੇ ਜਾਂਦੇ ਏਨੀ ਗੱਲ ਤਾਂ ਦੱਸਦਾ ਜਾਹ,
ਲਿਖੀਆਂ ਵਕਤ, ਗਿਆਨ-ਪੋਥੀਆਂ ਕਿਸ ਆਲ਼ੇ ਤੂੰ ਧਰੀਆਂ ਨੇ।

ਫ਼ੋਕੀ ਸ਼ਾਨ ਦੇ ਰੰਗਲੇ ਬੰਗਲੇ, ਖਹਿੰਦੇ ਅੰਬਰ ਨਾਲ ਹਮੇਸ਼,
ਧਰਤੀ ਅੰਦਰ ਉੱਗਣ ਬਾਝੋਂ, ਕਿਸ ਨੇ ਝੋਲ਼ੀਆਂ ਭਰੀਆਂ ਨੇ।

ਧੁੱਪਾਂ ਛਾਵਾਂ ਦਾ ਸਿਰਨਾਵਾਂ ਕਿਸ ਚਿੱਠੀ ਤੋਂ ਪੜ੍ਹਿਐ ਤੂੰ,
ਭਰਮ-ਜਲੀ ਲਿਸ਼ਕੰਦੜੀ ਵਾਲੀਆਂ ਕਿਸ ਨੇ ਨਦੀਆਂ ਤਰੀਆਂ ਨੇ।

ਬਿਰਖ਼ਾਂ ਦੀ ਹਰਿਆਲੀ ਛਤਰੀ, ਭਾਵੇਂ ਸਿਰ ਤੇ ਬਾਬਲ ਵਾਂਗ,
ਇਹ ਕੁਝ ਕਿਰਨਾਂ ਸੂਰਜ ਰੰਗੀਆਂ ਪੱਤਿਆਂ ਵਿੱਚ ਦੀ ਝਰੀਆਂ ਨੇ।

1

੦

## ਤੇਰੇ ਹੀ ਸਵਾਲਾਂ ਦਾ ਜਵਾਬ ਲੈ ਕੇ ਆਏ ਹਾਂ

ਤੇਰੇ ਹੀ ਸਵਾਲਾਂ ਦਾ ਜਵਾਬ ਲੈ ਕੇ ਆਏ ਹਾਂ।
ਦਿਲ ਵਾਲੀ ਉੱਖੜੀ ਕਿਤਾਬ ਲੈ ਕੇ ਆਏ ਹਾਂ।

ਕਿੱਥੇ ਕਿੱਥੇ, ਕਿਹੜਾ ਕਿਹੜਾ, ਤੀਰ ਤਿੱਖਾ ਮਾਰਿਆ,
ਹੋਈ ਬੀਤੀ ਸਾਰੀ ਦਾ ਹਿਸਾਬ ਲੈ ਕੇ ਆਏ ਹਾਂ।

ਕੰਡਿਆਂ ਦੀ ਵਾੜ ਉਹਲੇ ਦੱਸ ਕਾਹਨੂੰ ਲੁਕਦੀ,
ਅਸੀਂ ਤੇਰੇ ਵਾਸਤੇ ਗੁਲਾਬ ਲੈ ਕੇ ਆਏ ਹਾਂ।

ਸੁੱਕਿਆ ਬਿਆਸ, ਸਤਿਲੁਜ ਵੀ ਉਦਾਸ ਹੈ,
ਹੰਝੂਆਂ ਦਾ ਰਾਵੀ ਤੇ ਚਨਾਬ ਲੈ ਕੇ ਆਏ ਹਾਂ।

ਆਂਦਰਾਂ ਦੀ ਡੋਰ ਵਿੱਚ ਦਰਦਾਂ ਦੇ ਮਣਕੇ,
ਵੇਖ ਨਜ਼ਰਾਨੇ ਕੀ ਜਨਾਬ ਲੈ ਕੇ ਆਏ ਹਾਂ।

'ਕੱਲ੍ਹਾ 'ਕੱਲ੍ਹਾ ਵਰਕਾ ਤੂੰ ਨੀਝ ਲਾ ਕੇ ਪੜ੍ਹ ਲੈ,
ਲੀਰੋ ਲੀਰ ਹੋ ਗਿਆ, ਖ਼੍ਵਾਬ ਲੈ ਕੇ ਆਏ ਹਾਂ।

ਦਾਤਿਆਂ ਨੂੰ ਮੰਗਤੇ ਬਣਾਉਣ ਲੱਗੀ ਦਿੱਲੀਏ,
ਦਰਦਾਂ ਚ ਵਿੰਨ੍ਹਿਆ ਪੰਜਾਬ ਲੈ ਕੇ ਆਏ ਹਾਂ।

1

੦

## ਧਰਤੀ ਤੇ ਹੋਰ ਕੋਈ ਸ਼ਹਿਰ ਜਾਂ ਗਿਰਾਂ ਦੱਸ

ਧਰਤੀ ਤੇ ਹੋਰ ਕੋਈ ਸ਼ਹਿਰ ਜਾਂ ਗਿਰਾਂ ਦੱਸ।
ਮੇਰੇ ਜਿੰਨਾ ਪਿਆਰ ਜਿੱਥੇ, ਤੈਨੂੰ ਕਰੇ ਤਾਂ ਦੱਸ।

ਧੁੱਪ ਵੇਲੇ ਛਾਵਾਂ ਤੇ ਸਿਆਲ ਵਿੱਚ ਧੁੱਪ ਬਣੇ,
ਜਾਨ ਤੋਂ ਪਿਆਰਿਆ! ਤੂੰ ਇੱਕ ਵੀ ਤੇ ਨਾਂ ਦੱਸ।

ਜਿੱਥੇ ਬਹਿ ਕੇ ਦਿਲ ਵਾਲੀ ਵਾਰਤਾ ਸੁਣਾਈ ਹੋਵੇਂ,
ਦਿਲ ਦੀ ਹਜ਼ੂਰੀ ਬਿਨਾ, ਹੋਰ ਜੇ ਕੋਈ ਥਾਂ ਦੱਸ।

ਜਿੱਥੇ ਜਦੋਂ ਦਿਲ ਕਰੇ, ਆਵੇਂ, ਜਾਵੇਂ, ਦਿਨੇ ਰਾਤੀਂ,
ਘਰ ਤੋਂ ਬਗੈਰ ਕਿਤੇ ਹੋਰ ਕੋਈ ਸਰਾਂ ਦੱਸ।

ਟਿਕੀ ਹੋਈ ਰਾਤ ਜਦੋਂ ਦਿਲ ਬੋਲੇ ਟਿਕ ਟਿਕ,
ਇਹਦੇ ਤੋਂ ਬਗੈਰ ਕਦੇ ਸੁਣੀ ਚੁੱਪ ਚਾਂ ਦੱਸ।

ਧਰਤੀ ਜਹੀ ਮਾਤ ਸਣੇ ਅੰਬਰ ਪਿਆਰਾ ਬਾਪ,
ਬਿਰਖ਼ਾਂ ਜਹੇ ਭੈਣ ਭਾਈ, ਹੋਰ ਕਿੱਥੇ ਛਾਂ ਦੱਸ।

ਦੇਰ ਨਾਲ ਆਇਐਂ ਘੜੀ ਬੈਠ ਜਾ ਆਰਾਮ ਨਾਲ,
ਸ਼ਿਕਵਾ ਜੇ ਮੇਰੇ ਨਾਲ, ਚੁੱਪ ਚਾਪ, ਹਾਂ ਦੱਸ।

1

o

## ਸੱਚੀ ਗੱਲ ਹੈ, ਮੈਥੋਂ ਇਹ ਕੁਝ

ਸੱਚੀ ਗੱਲ ਹੈ, ਮੈਥੋਂ ਇਹ ਕੁਝ ਕਿਣਕਾ ਵੀ ਨਾ ਜਰ ਹੋਇਆ।
ਤਪਦੇ ਮਨ ਤੋਂ ਸਰਦ ਹੁੰਗਾਰਾ ਤਾਂਹੀਉਂ ਹੀ ਨਾ ਭਰ ਹੋਇਆ।

ਰੂਹ ਦੀ ਬਾਤ ਸੁਣਾਉਣੀ ਸੀ ਮੈ ਇੱਕਲਵਾਂਝੇ ਬਹਿ ਕੇ ਕੋਲ,
ਪਰ ਉਹਦੇ ਤੋਂ ਜਿਸਮੋਂ ਅੱਗੇ ਪੈਰ ਜ਼ਰਾ ਨਾ ਧਰ ਹੋਇਆ।

ਤੋੜ ਕੇ ਮੈਨੂੰ ਗੁੰਨ ਪਕਾ ਉਹ ਭਾਂਡੇ ਵਰਗਾ ਚਾਹੁੰਦਾ ਸੀ,
ਮੈਥੋਂ ਆਪਣਾ ਆਪਾ ਸੋਨਾ, ਮਿੱਟੀ ਹੀ ਨਾ ਕਰ ਹੋਇਆ।

ਨੈਣਾਂ ਤੋਂ ਲੈ ਸਾਗਰ ਤੀਕਰ, ਪਿਆਸ ਬੜੀ ਸੀ, ਕੀ ਕਰਦਾ,
ਤੜਪਦਿਆਂ ਹੀ ਰਾਤ ਲੰਘਾਈ, ਨਾ ਹੀ ਜੀ, ਨਾ ਮਰ ਹੋਇਆ।

ਦਿਲ ਦੀ ਬਾਤ ਸੁਣਾਈ ਨਾ ਜੇ, ਸੁਣਨਾ ਸੁਣਦੇ ਮਰ ਜਾਣਾ,
ਵਿੱਚ ਮੁਹੱਬਤ ਆਪੇ ਦੱਸੀਂ, ਇਹ ਕਿਸ ਰੰਗ ਦਾ ਡਰ ਹੋਇਆ।

ਦੋ ਨੈਣਾਂ ਦਾ ਨੀਰ ਬਲੌਂਗੀ ਡੂੰਘਾ ਸਾਗਰ ਹਾਜ਼ਰ ਸੀ,
ਰੂਹ ਦੀ ਇੱਕ ਮਰਯਾਦਾ ਕਰਕੇ ਮੈਥੋਂ ਇਹ ਨਾ ਤਰ ਹੋਇਆ।

ਜਿੱਥੇ ਬਹਿ ਕੇ ਦਿਲ ਦੀ ਕਹਿ ਕੇ ਹੌਲ਼ਾ ਫੁੱਲ ਮਹਿਸੂਸ ਕਰੇ,
ਵੈਰੀ ਵੀ ਇਹ ਕਹਿ ਕੇ ਪਰਤੇ, ਇਹ ਤਾਂ ਆਪਣਾ ਘਰ ਹੋਇਆ।

1

o

## ਚਾਲ ਸਮੇਂ ਦੀ ਤੁਰ ਪਈ ਪੁੱਠੀ

ਚਾਲ ਸਮੇਂ ਦੀ ਤੁਰ ਪਈ ਪੁੱਠੀ, ਸੁਣ ਲਉ ਅਜਬ ਕਹਾਣੀ।
ਵਲੀ ਕੰਧਾਰੀ ਵੇਚ ਰਿਹਾ ਏ ਬੋਤਲ ਵਿੱਚ ਬੰਦ ਪਾਣੀ।

ਆਪਣੇ ਪਿੰਡ ਨੂੰ ਛੱਡ ਆਇਆ ਹੁਣ ਸ਼ਹਿਰ ਦਿਹਾੜੀ ਕਰਦਾ,
ਨਲਕੀ ਵਾਂਗ ਜੁਲਾਹਾ ਭਟਕੇ, ਪੱਲੇ ਤੰਦ ਨਾ ਤਾਣੀ।

ਕਣਕੋਂ ਸਾਂਵੇਂ ਵਿਕਦੇ ਨੇ ਹੁਣ ਇਸ ਮੰਡੀ ਵਿੱਚ ਬੰਦੇ,
ਅਣਖ਼ ਦੀ ਰੋਟੀ ਦੱਸੋ ਏਥੇ ਕਿਸ ਨੇ ਹੈ ਹੁਣ ਖਾਣੀ।

ਖ਼ੂਨ ਪੀਣੀਆਂ ਜੋਕਾਂ ਬਣ ਗਏ ਵੈਦ ਹਕੀਮ ਸਿਆਸੀ,
ਵਾੜ ਖੇਤ ਦੀ ਰਾਖੀ ਦੀ ਥਾਂ ਬਣ ਗਈ ਆਦਮਖਾਣੀ।

ਖ਼ਤਰੇ ਵਿੱਚ ਬਲਿਹਾਰੀ ਕੁਦਰਤ, ਵੰਨ ਸੁਵੰਨਤਾ ਤੜਫ਼ੇ,
ਕੈਂਚੀ ਵੱਸ ਫੁਲਕਾਰੀ ਪੈ ਗਈ, ਸਮਝੋ ਖ਼ਤਮ ਕਹਾਣੀ।

ਢਾਹ ਕੇ ਵਤਨ ਬਣਾਉਣਾ ਚਾਹੁੰਦੇ ਠੇਕੇਦਾਰ ਅਜਬ ਨੇ,
ਜ਼ਿੰਦਗੀ ਪੈ ਗਈ ਉਸਤਰਿਆਂ ਵੱਸ, ਨੀਤ ਜਿਨ੍ਹਾਂ ਦੀ ਕਾਣੀ।

ਰਾਹਬਰ ਟੱਕਰੇ ਸਾਨੂੰ ਤਾਂ ਹਰ ਮੋੜ ਤੇ ਰਾਹਜ਼ਨ ਬਣ ਕੇ,
ਚੰਗੀ ਲੱਗਣ ਲਾਈ ਇਨ੍ਹਾਂ ਲੰਡਨ ਦੀ ਮਹਾਂਰਾਣੀ।

1

੦

## ਅਲੋਕਾਰ ਬਾਤ, ਕੇਹੀ ਰਾਤ ਕਮਜ਼ਾਤ

ਅਲੋਕਾਰ ਬਾਤ, ਕੇਹੀ ਰਾਤ ਕਮਜ਼ਾਤ, ਜਿਸ,
ਚੰਗੇ ਭਲੇ ਵੱਸਦੇ ਸਾਂ ਧੱਕ 'ਤੇ ਸਵਾਲੀਆਂ 'ਚ।
ਧਰਤੀ ਲਕੀਰਾਂ ਮਾਰ, ਕੀਤਾ ਸਾਨੂੰ ਤਾਰ ਤਾਰ,
ਸਹਿਮੇ ਸਹਿਮੇ ਫੁੱਲ, ਜਾਨ ਮੁੱਕ ਚੱਲੀ ਡਾਲੀਆਂ 'ਚ।

ਬਾਗ ਤੇ ਬਗੀਚਿਆਂ ਨੂੰ ਆਪ ਕਰੇ ਤਹਿਸ ਨਹਿਸ,
ਕਿਹੜਾ ਭਾਈ ਗਿਣੂ ਐਸੇ ਬੰਦਿਆਂ ਨੂੰ ਮਾਲੀਆਂ 'ਚ।
ਦਾਣਾ ਨਾ ਉਗਾਇਆ ਜਿਸ, ਸੂਈ ਨਾ ਬਣਾਈ ਘੜੀ,
ਅੱਠੇ ਪਹਿਰ ਰਹੇ ਗਲਤਾਨ ਜੋ ਦਲਾਲੀਆਂ, ਚ।

ਐਸਾ ਸੁਲਤਾਨ, ਜੀਹਦਾ ਦੀਨ ਨਾ ਈਮਾਨ ਸੁੱਚਾ,
ਲੋਕ-ਹਿਤਾਂ ਬਿਨਾ ਰਹੇ ਹੋਰ ਹੀ ਖ਼ਿਆਲੀਆਂ 'ਚ।
ਕੱਲ੍ਹ ਰਾਤੀਂ ਸੁਣੀ ਏਦਾਂ ਤੁਰੇ ਜਾਂਦੇ ਬੰਦਿਆ ਤੋਂ,
ਕਰਦੇ ਸੀ ਖੇਤਾਂ ਵਾਲੇ ਗੱਲਾਂ ਇਹ ਟਰਾਲੀਆਂ 'ਚ।

ਜੋਸ਼ ਨਾਲ ਹੋਸ਼ ਭਰੋ, ਧੀਉ ਪੁੱਤੋ, ਖੁੰਝਣਾ ਨਾ,
ਸਿਰ ਦਸਤਾਰਾਂ ਅਤੇ ਚੁੰਨੀਆਂ ਨਿਰਾਲੀਆਂ 'ਚ।
ਬਦਲੇ ਦੀ ਗੱਲ ਜਿਹੜਾ ਸਾਡੇ ਮੱਥੇ ਬੀਜਦਾ ਹੈ,
ਕਦੇ ਵੀ ਨਾ ਪੀਣਾ ਜ਼ਹਿਰ ਐਸੀਆਂ ਪਿਆਲੀਆਂ 'ਚ।

ਆਖ ਦਿਉ ਬਾਜ਼ ਆਵੇ ਐਸੀਆਂ ਸ਼ਰਾਰਤਾਂ ਤੋਂ,
ਹੁੰਦੀ ਨਹੀਂ ਈਮਾਨਦਾਰੀ, ਇਹੋ ਜਹੇ ਪਲਾਲੀਆਂ* 'ਚ।
ਅੱਗ ਲਾ ਕੇ ਪਹਿਲਾਂ ਵੀ ਤਾਂ, ਡੱਬੂ ਕੰਧੀਂ ਬੈਠ ਗਏ ਸੀ,
ਉਹੀ ਸੇਕ ਕਾਇਮ ਅਜੇ, ਸਿਵੇ ਅੱਗਾਂ ਬਾਲੀਆਂ 'ਚ।

ਦਸ ਗੁਰੂ ਸਾਹਿਬ ਸਣੇ ਦੁੱਲਾ, ਬੁੱਲ੍ਹਾ, ਬੋਲਦੇ ਨੇ,
ਨੂਰ ਪ੍ਰਕਾਸ਼ ਹੋਇਆ, ਤਾਂਹੀਂਉਂ ਹਾਲ਼ੀ-ਪਾਲ਼ੀਆਂ 'ਚ।
ਸਾਬਰੀ ਸਬੂਰੀ ਮਿੱਸੀ, ਸਿਦਕਾਂ ਦੇ ਸੇਕ ਨਾਲ,
ਦੇਂਦੀਆਂ ਪਕਾ ਕੇ ਮਾਵਾਂ, ਬੱਚਿਆਂ ਨੂੰ ਥਾਲ਼ੀਆਂ 'ਚ।

ਥੋੜੀ ਕੀਤੇ ਟੁੱਟਦੇ ਨਾ, ਭੁਰਦੇ ਨਾ ਭੋਰਾ ਵੀ ਉਹ,
ਹਾੜ੍ਹ ਸਾੜੇ ਚੰਮ ਜੀਹਦਾ, ਪਲ਼ੇ ਮੰਦਹਾਲੀਆਂ 'ਚ।
ਸੰਨ ਸੰਤਾਲੀ ਵੇਲੇ ਲੱਕੋਂ ਚੀਰੇ, ਫੇਰ ਉੱਗੇ,
ਇੱਕੋ ਹੀ ਤਾਸੀਰ ਹੈ ਪੰਜਾਬੀਆਂ, ਬੰਗਾਲੀਆਂ 'ਚ।

ਜਾਬਰਾਂ ਨੂੰ ਦੱਸ ਦੇਣਾ, ਸਮਾਂ ਸਭ ਵੇਖਦਾ ਹੈ,
ਏਸੇ ਦੇ ਗੀਤ, ਲੋਕਾਂ ਗਾਉਣੇ ਨੇ ਕੱਵਾਲੀਆਂ 'ਚ।
ਪਾਟੀਆਂ ਬਿਆਈਆਂ ਵਾਲੇ ਪੈਰ ਨੇ ਫ਼ੌਲਾਦ ਪੂਰੇ,
ਸੂਹੇ ਅੰਗਿਆਰ ਵੇਖ ਅੱਖਾਂ ਦੀਆਂ ਲਾਲੀਆਂ 'ਚ।

ਆਉਂਦੀ ਏ ਵੰਗਾਰ ਜਦੋਂ, ਹੱਸ ਪ੍ਰਵਾਨ ਕੀਤੀ,
ਪੜ੍ਹ ਲੈ ਬਿਆਨ ਸਾਡੇ ਚਿਹਰੇ ਦੀਆਂ ਲਾਲੀਆਂ 'ਚ।
ਧਰਤੀ ਦੇ ਪੁੱਤ ਅਸੀਂ ਸੁਤ* ਦਸਮੇਸ਼ ਜੀ ਦੇ,
ਸਾਡਾ ਸਿਰਨਾਵਾਂ ਮਿਲੂ ਘਾਲਣਾਵਾਂ ਘਾਲੀਆਂ 'ਚ।

1

---

*ਪਾਖੰਡੀਆਂ

*ਪੁੱਤਰ

੦

## ਦੁਨੀਆ ਵਾਲੇ ਮੇਲੇ ਅੰਦਰ

ਦੁਨੀਆ ਵਾਲੇ ਮੇਲੇ ਅੰਦਰ ਅਜਬ ਜਿਹਾ ਦਸਤੂਰ ਵੇਖਿਆ।
ਸੁਖ ਵੇਲੇ ਜੋ ਸਭ ਤੋਂ ਨੇੜੇ, ਦੁੱਖ ਵੇਲੇ ਉਹ ਦੂਰ ਵੇਖਿਆ।

ਤੈਨੂੰ ਮੈਨੂੰ ਪਰਖ਼ਣ ਵਾਲਾ ਆਪਣੀ ਵਾਰੀ ਭੱਜਦਾ ਤੱਕਿਆ,
ਦੂਸਰਿਆਂ ਲਈ ਜ਼ਹਿਰ-ਪਿਆਲਾ ਨੱਕੋ ਨੱਕ ਭਰਪੂਰ ਵੇਖਿਆ।

ਧਰਤੀ ਅੰਬਰ ਜਿੱਥੇ ਮਿਲਦੇ, ਦੂਰ ਦੋਮੇਲ ਕਿਸੇ ਨਾ ਡਿੱਠਾ,
ਜਿਹੜਾ ਸਭ ਨੂੰ ਨੇੜੇ ਲੱਗਿਆ, ਓਹੀ ਸਭ ਤੋਂ ਦੂਰ ਵੇਖਿਆ।

ਮੈਂ ਤਾਂ ਆਪਣੇ ਬਾਬੇ ਨੂੰ ਵੀ ਹਰ ਪਲ ਤੁਰਦੇ ਤੁਰਦੇ ਤੱਕਿਆ,
ਸੁਪਨੇ ਵਿੱਚ ਵੀ ਅੱਕਿਆ ਥੱਕਿਆ ਨਾ ਹੀ ਟੁੱਟ ਕੇ ਚੂਰ ਵੇਖਿਆ।

ਮੇਰੇ ਲਈ ਕਰਤਾਰਪੁਰੀ ਵੀ ਕਿਰਤ ਕਰਮ ਹੈ ਪਾਵਨ-ਭੂਮੀ,
ਜਪੁਜੀ ਸਿਰਜਣਹਾਰ ਦੇ ਨੈਣੀਂ ਸਦ ਵਿਸਮਾਦੀ ਨੂਰ ਵੇਖਿਆ।

ਮੈਂ ਆਪਣੇ ਤੋਂ ਪਾਰ ਖਲੋ ਕੇ ਜਦ ਵੀ ਚਾਰ ਚੁਫ਼ੇਰੇ ਤੱਕਿਆ,
ਕਾਦਰ ਦੀ ਕੁਦਰਤ ਦੇ ਅੰਦਰ ਕਣ ਕਣ ਅਜਬ ਸਰੂਰ ਵੇਖਿਆ।

ਬਹੁਤ ਕਹਾਂ ਪਰ ਸਮਝਾਂ ਨਾ ਮੈਂ ਇਸ ਨੁਕਤੇ ਦੀ ਸਰਲ ਵਿਆਖਿਆ,
ਭਰਮਜਾਲ ਵਿੱਚ ਜਦ ਵੀ ਫਸਿਆਂ, ਟੁੱਟਦਾ ਸਦਾ ਗਰੂਰ ਵੇਖਿਆ।

1

੦

## ਪਹਿਰੇਦਾਰ ਬਿਨਾ ਦਿਨ ਰਾਤੀਂ

ਪਹਿਰੇਦਾਰ ਬਿਨਾ ਦਿਨ ਰਾਤੀਂ, ਕੁੰਡੇ ਜੰਦਰੇ ਖੜਕ ਰਹੇ ਨੇ।
ਚੋਰਾਂ ਦੀ ਅੱਖ ਦੇ ਵਿੱਚ ਕੂਕਰ, ਤਾਂਹੀਓਂ ਬਹੁਤੇ ਰੜਕ ਰਹੇ ਨੇ।

ਲੜਦੇ, ਭਿੜਦੇ, ਮਿੱਟੀ ਪੁੱਟਦੇ ਜਿਹੜੇ ਚੋਣ ਜਿਤਾ ਕੇ ਘੱਲੇ,
ਖ਼ਾਲਮ-ਖ਼ਾਲੀ ਸੱਖਣੇ ਭਾਂਡੇ, ਝੱਗੋ ਝੱਗ ਹੋ ਗੜ੍ਹਕ ਰਹੇ ਨੇ।

ਬੱਦਲ ਨੇ, ਬਰਸਾਤ ਨਹੀਂ ਹੈ, ਭਟਕ ਰਹੇ ਪੌਣਾਂ ਵਿੱਚ ਗੋਹੜੇ*,
ਧਰਤੀ ਨੂੰ ਕੀ ਭਾਗ ਇਨ੍ਹਾਂ ਦਾ, ਬਿਜਲੀ ਬਣ ਜੋ ਕੜਕ ਰਹੇ ਨੇ।

ਪੱਕੀਆਂ ਫ਼ਸਲਾਂ, ਝੱਖੜ ਝਾਂਜਾ, ਮੌਸਮ ਵੀ ਬਦਨੀਤਾ ਜਾਪੇ,
ਦਾਣਾ-ਫੱਕਾ ਖ਼ਤਰੇ ਵਿੱਚ ਹੈ, ਦਿਲ ਵੀ ਧੱਕ ਧੱਕ ਧੜਕ ਰਹੇ ਨੇ।

ਤੇਰੇ ਲਈ ਇਹ ਲਾਲ ਬੂਟੀਆਂ, ਸਾਡੀ ਰੱਤ ਦੇ ਨਕਸ਼ ਪਿਆਰੇ,
ਵੈਰੀਆਂ ਸੁੱਟੇ ਰਾਹੀਂ ਕੰਕਰ ਪੈਰਾਂ ਦੇ ਵਿੱਚ ਅੜਕ ਰਹੇ ਨੇ।

ਚਿੜੀਮਾਰ ਨੇ ਬਣੇ ਸ਼ਿਕਾਰੀ, ਬਾਜ਼ਾਂ ਨੂੰ ਵੀ ਹੁਕਮ ਸੁਣਾਉਂਦੇ,
ਗਿੱਦੜ ਵੀ ਭਬਕਾਰਨ ਏਥੇ, ਸ਼ੇਰਾਂ ਅੱਗੇ ਬੜ੍ਹਕ ਰਹੇ ਨੇ।

ਉੱਬਲਦੀ ਵਲਟੋਹੀ ਅੰਦਰ ਜੋ ਕੁਝ ਧਰਿਆ ਓਹੀ ਪੱਕਣਾ, ,
ਨੀਤੋਂ ਜੋ ਬਦਨੀਤੇ ਭੁੱਖੜ, ਚੌਂਕੇ ਤੇ ਹੀ ਭੜਕ ਰਹੇ ਨੇ।

1

---

*ਰੂੰ ਦੇ ਛੰਬੇ

ੲ

## ਅਸਲ ਕਲਾ ਤਾਂ ਏਹੀ ਮਿੱਤਰੋ

ਅਸਲ ਕਲਾ ਤਾਂ ਏਹੀ ਮਿੱਤਰੋ ਅੱਖੀਆਂ ਚੋਂ ਅਣਲਿਖਿਆ ਪੜ੍ਹੀਏ।
ਜਿਉਂ ਫੁੱਲਾਂ ਵਿੱਚ ਰੰਗ ਖੁਸ਼ਬੋਈ ਇੱਕ ਦੂਜੇ ਦੇ ਸਾਹੀਂ ਵੜੀਏ।

ਏਸ ਕਲਾ ਦੇ ਜਾਨਣਹਾਰੇ ਵਿਰਲੇ ਨੇਤਰ ਧਰਤੀ ਉੱਤੇ,
ਦਿਲ ਮੁੰਦਰੀ ਵਿੱਚ ਮੋਹ ਦੇ ਨਗ ਨੂੰ ਨਾਮ ਧਰੇ ਬਿਨ ਥਾਂ ਸਿਰ ਜੜੀਏ।

ਵਕਤ ਦੇ ਕੋਰੇ ਵਰਕੇ ਉੱਤੇ, ਇੱਕ ਅੱਧ ਵਾਕ ਨਵਾਂ ਹੁਣ ਲਿਖੀਏ,
ਲਿਖਣੋਂ ਪਹਿਲਾਂ ਬਹੁਤ ਜ਼ਰੂਰੀ ਪਹਿਲਾਂ ਲਿਖਿਆ ਕੰਧ ਤੋਂ ਪੜ੍ਹੀਏ।

ਸ਼ਬਦ-ਸਲੀਕਾ ਤਾਲ ਤੇ ਸੁਰ ਦਾ ਸਹਿਜ ਸੁਮੇਲ ਪਰੋ ਕੇ ਸਾਹੀਂ,
ਬੀਤੇ ਨਾਲੋਂ ਸੋਹਣੇ ਸੁਪਨੇ ਵਰਗੀ ਸੂਰਤ ਕੱਲ੍ਹ ਦੀ ਘੜੀਏ।

ਵਕਤ ਬੜਾ ਬੇਰਹਿਮ ਲਿਖਾਰੀ, ਪਲ ਪਲ ਦਾ ਹਰ ਲੇਖਾ ਰੱਖਦਾ,
ਫ਼ਰਜ਼ ਵਿਸਾਰ ਨਾ ਗ਼ਰਜ਼ਾਂ ਪਿੱਛੇ, ਤਲਖ਼ ਸਮੇਂ ਦੇ ਤੱਕੜ ਚੜ੍ਹੀਏ।

ਤਨ ਦੀ ਮਿੱਟੀ ਖਾ ਜਾਂਦੀ ਹੈ, ਸਿਰ ਨੂੰ ਚੜ੍ਹ ਕੇ ਰੂਹ ਦਾ ਰੇਸ਼ਮ,
ਜਿਸਮਾਂ ਵਿੱਚ ਗੁਆਚ ਨਾ ਜਾਈਏ, ਰੂਹ ਦੇ ਕੁਝ ਤਾਂ ਅੰਦਰ ਵੜੀਏ।

ਇਹ ਦੋ ਹਰਫ਼-ਰਸੀਦੀ ਮੇਰੇ ਬੰਨ੍ਹ ਸਿਰ੍ਹਾਣੇ ਸਾਂਭ ਕੇ ਰੱਖਣਾ,
ਖ਼ੁਦ ਨੂੰ ਖ਼ਰਚੀਏ ਖ਼ੁਸ਼ੀਆਂ ਖਾਤਰ, ਆਪਣੀ ਅੱਗ ਵਿੱਚ ਆਪ ਨਾ ਸੜੀਏ।

1

ੲ

## ਸਹਿਜ ਮਤੇ ਸੰਤੋਖ ਨਾਲ ਤੁਰ

ਸਹਿਜ ਮਤੇ ਸੰਤੋਖ ਨਾਲ ਤੁਰ, ਕਾਹਲੀ ਕੀ ਰਫ਼ਤਾਰਾਂ ਫੜੀਆਂ।
ਮਨ ਅੰਦਰ ਹੈ ਤੇਜ਼ ਹਨ੍ਹੇਰੀ, ਗਰਦ ਗੁਬਾਰਾਂ ਤਾਹੀਂਉਂ ਚੜ੍ਹੀਆਂ।

ਪੌਣ ਸਵਾਰੀ ਕਰਦਾ ਰਹਿੰਦੈਂ, ਸੁਪਨੇ ਵਿੱਚ ਵੀ ਸਫ਼ਰ ਕਰਦਿਆਂ,
ਵੇਖ ਅਡੋਲ ਕਿਵੇਂ ਇੱਕ ਥਾਂ ਤੇ ਤੁਰਦੀਆਂ ਕੰਧੀਂ ਟੰਗੀਆਂ ਘੜੀਆਂ।

ਇੱਕ ਵੀ ਵਰਕਾ ਦਰਦ ਪਰੁੱਚਾ, ਲਿਖ ਸਕਿਆ ਨਾ ਸਾਰੀ ਉਮਰਾ,
ਓਦਾਂ ਮੈਂ ਵੀ ਲਿਖ ਬੈਠਾ ਹਾਂ, ਢੇਰ ਕਿਤਾਬਾਂ ਵਾਹਵਾ-ਵੜੀਆਂ।

ਸਾਡੀ ਵਾਰੀ ਕਦ ਆਵੇਗੀ, ਪੈਸਿਆਂ ਬਦਲੇ ਗਾਉਣ ਵਾਲਿਆ,
ਹੌਕਿਆਂ ਵਰਗੀਆਂ ਕਿੰਨੀਆਂ ਤਰਜ਼ਾਂ ਤੇਰੇ ਕੰਠ ਸਵਾਲੀ ਖੜ੍ਹੀਆਂ।

ਬੜੇ ਆਫ਼ਰੇ ਮਾਲ ਵੇਖ ਲੈ, ਧੌਲਰ ਉੱਚੀਆਂ ਧੌਣਾਂ ਵਾਲੇ,
ਭੁੰਜ-ਬਾਜ਼ਾਰ ਡਕਾਰੇ ਇਹਨਾਂ, ਸੜਕਾਂ ਕੰਢੇ ਵਾਲੀਆਂ ਫੜ੍ਹੀਆਂ।

ਬੰਦਾ ਹੀ ਬੰਦੇ ਦਾ ਦਾਰੂ, ਬਾਬਲ ਮੈਨੂੰ ਇਹ ਸਮਝਾਇਆ,
ਹਰ ਥਾਂ ਪੈਸਾ ਕੰਮ ਆਉਂਦਾ ਏ, ਇਹ ਗੱਲਾਂ ਤੂੰ ਕਿੱਥੋਂ ਪੜ੍ਹੀਆਂ।

ਚੁੱਲ੍ਹਾ-ਚੌਂਕਾ ਕਰਦੀ ਮਾਂ ਨੇ, ਬਿਨਾ ਕਿਤਾਬੋਂ ਜੋ ਸਮਝਾਈਆਂ,
ਓਹੀ ਗੱਲਾਂ ਰਾਹ ਰੁਸ਼ਨਾਵਣ, ਰੂਹ ਵਿੱਚ ਵਾਂਗ ਨਗੀਨੇ ਜੜੀਆਂ।

1

੦

## ਤਾਰੇ ਵੀ ਤਾਂ ਮਰਦੇ ਨੇ

ਤਾਰੇ ਵੀ ਤਾਂ ਮਰਦੇ ਨੇ।
ਅੰਬਰ ਖਾਲੀ ਕਰਦੇ ਨੇ।

ਇਹ ਜੋ ਫੁੱਲ ਕਿਆਰੀ ਵਿਚ,
ਇਹ ਤਾਂ ਮੇਰੇ ਘਰ ਦੇ ਨੇ ।

ਮਿੱਟੀ ਦਾ ਭਗਵਾਨ ਬਣਾ,
ਆਪੇ ਲੋਕੀਂ ਡਰਦੇ ਨੇ।

ਅੰਦਰਲੀ ਚੁੱਪ ਮਾਰਨ ਲਈ,
ਠੰਢੇ ਹੌਕੇ ਭਰਦੇ ਨੇ।

ਰੇਤੇ ਦੀ ਆਵਾਜ਼ ਸੁਣੋ,
ਪੱਥਰ ਵੀ ਤਾਂ ਖ਼ਰਦੇ ਨੇ।

ਜਿਹੜੇ ਲੋਕੀਂ ਜੰਮਦੇ ਨੇ,
ਆਖਰ ਉਹੀ ਮਰਦੇ ਨੇ।

ਕਰਾਮਾਤ ਵਿਗਿਆਨਾਂ ਦੀ,
ਡੁੱਬਦੇ ਪੱਥਰ ਤਰਦੇ ਨੇ।

1

੦

## ਵੇਖ ਕਿਵੇਂ ਤੂੰ, ਸੂਰਜ ਚੜ੍ਹਦਾ

ਵੇਖ ਕਿਵੇਂ ਤੂੰ, ਸੂਰਜ ਚੜ੍ਹਦਾ, ਚੜ੍ਹਦਾ ਬਾਰਮਬਾਰ।
ਤੂੰ ਕਿਉਂ ਢੇਰੀ ਢਾਹ ਕੇ ਬੈਠਾ, 'ਨੇਰ੍ਹ ਦੀ ਬੁੱਕਲ਼ ਮਾਰ।

ਕਣੀਆਂ ਵਿੱਚ ਨਹਾਉਂਦੇ ਵੇਖੀਂ, ਧਰਤੀ ਅੰਬਰ ਦੋਵੇਂ,
ਉੱਡ ਪੁੱਡ ਜਾਣੈਂ ਚਿਹਰੇ ਉੱਤੇਂ, ਸਾਰਾ ਗਰਦ-ਗੁਬਾਰ।

ਤੂੰ ਤਾਂ ਰਿਜ਼ਕ ਜੰਜ਼ੀਰਾਂ ਵਾਂਗੂੰ, ਬੰਨ੍ਹੀ ਫਿਰਦੈਂ ਪੈਰੀਂ,
ਮਨ ਪੰਛੀ ਦਰਵੇਸ਼ ਨੂੰ ਵੀਰਾ ਇਸ ਮੌਤੇ ਨਾ ਮਾਰ।

ਈਨ ਮੰਨਾਉਣੀ, ਮੰਨਣੀ, ਦੋਵੇਂ ਇਹ ਵਰਕੇ ਨਹੀਂ ਮੇਰੇ,
ਮੇਰੇ ਦਿਲ ਦੀ ਨਗਰੀ ਅੰਦਰ, ਆਪਣੀ ਹੀ ਸਰਕਾਰ।

ਸੇਵਾ ਸਿਮਰਨ ਅਤੇ ਸ਼ਹਾਦਤ ਗੁਰ ਨਗਰੀ ਵਿੱਚ ਭਾਵੇਂ,
ਏਸ ਨਗਰ ਹੀ ਪੁਤਲੀਘਰ ਤੋਂ ਪਹਿਲਾਂ ਚੋਰ- ਬਾਜ਼ਾਰ।

ਖੋਲ੍ਹ ਖਿੜਕੀਆਂ, ਪਿੰਜਰੇ, ਜੰਦਰੇ, ਨਾ ਕਰ ਕਬਜ਼ਾਕਾਰੀ,
ਉੱਡਣ ਦੇ ਤੂੰ ਖੁੱਲ੍ਹੇ ਅੰਬਰੀਂ, ਕੂੰਜਾਂ ਵਾਲੀ ਡਾਰ।

ਮੇਰਾ ਵਤਨ ਪਰਿੰਦਾ ਜਿੱਸਰਾਂ, ਇੱਲਾਂ ਦੇ ਮੂੰਹ ਫਸਿਆ,
ਮਹਿਮਾ- ਗਾਨ ਕਿਵੇਂ ਦੱਸ ਗਾਵਾਂ ਪਾ ਕੇ ਰੂਹ ਤੇ ਭਾਰ।

1

○

## ਭਟਕਦਿਆਂ ਦਾ ਸਫ਼ਰ ਕਦੇ ਵੀ

ਭਟਕਦਿਆਂ ਦਾ ਸਫ਼ਰ ਕਦੇ ਵੀ ਬਣਦਾ ਨਾ ਇਤਿਹਾਸ ਦੇ ਵਰਕੇ।
ਹਰ ਇੱਕ ਬੀਜ ਬਿਰਖ਼ ਨਹੀਂ ਬਣਦਾ ਕਹਿਣ ਸਿਆਣੇ ਏਸੇ ਕਰਕੇ।

ਸਹਿਜ, ਸਮਰਪਣ, ਸੋਚ, ਸਿਦਕ ਤੇ ਸੱਚਾ ਮਾਰਗ ਜਿੱਤ ਦੀ ਪੌੜੀ,
ਮੰਜ਼ਿਲ ਦਾ ਸਿਰਨਾਵਾਂ ਲੈ ਕੇ ਤੁਰ ਪਈਏ ਜੇ ਨਿਸ਼ਚਾ ਕਰਕੇ।

ਥਾਲ਼ੀ ਵਿਚਲੇ ਪਾਣੀ ਵਾਂਗੂ ਮਨੂਆ ਡਗਮਗ ਡੋਲ ਰਿਹਾ ਹੈ,
ਅਜਬ ਖ਼ਲਬਲੀ ਸਾਹਾਂ ਅੰਦਰ ਤੜਕਸਾਰ ਤੋਂ ਅੱਖ ਪਈ ਫ਼ਰਕੇ।

ਅੰਬਰੋਂ ਪਾਰ ਉਡਾਰੀਆਂ ਵਾਲੇ ਬਾਜ਼ ਜਦੋਂ ਤੋਂ ਚੂਰੀ ਗਿੱਝੇ,
ਰੀਂਘਣਹਾਰੀ ਜ਼ਿੰਦਗੀ ਹੋਈ ਸਰਕ ਸਰਕ ਅੱਗੇ ਨੂੰ ਸਰਕੇ।

ਹੰਝ ਤੇ ਹੌਕੇ ਹਿੱਕੜੀ ਅੰਦਰ ਆਇਆਂ ਸੁਪਨ ਸਲਾਭੇ ਜਾਂਦੇ,
ਮੈਨੂੰ ਫੇਰ ਮਿਲੀਂ ਨਾ ਭਲੀਏ, ਅੱਜ ਦੇ ਵਾਂਗੂੰ ਅੱਖੀਆਂ ਭਰ ਕੇ।

ਤਨ ਦੀ ਮਿੱਟੀ ਘੁੰਮਦੀ ਫਿਰਦੀ ਪਿਉ ਦਾਦੇ ਪੜਦਾਦੇ ਬਣ ਕੇ,
ਇਹ ਗੱਲ ਮਹਿੰਗੀ ਚੇਤੇ ਰੱਖਿਓ ਪਰਤੇ ਕੌਣ ਜ਼ਮੀਰੋਂ ਮਰ ਕੇ।

ਧਨ ਦੌਲਤ ਤੇ ਅੰਨ੍ਹੀ ਤਾਕਤ, ਸਭ ਨੂੰ ਅੰਨ੍ਹਾ ਕਰ ਦੇਂਦੀ ਹੈ,
ਸੋਨ-ਮਿਰਗ ਦੇ ਸਗਲ ਸ਼ਿਕਾਰੀ ਏਸੇ ਹੀ ਦਲਦਲ ਵਿੱਚ ਗਰਕੇ।

1

○

## ਖ਼ੁਸ਼ੀਆਂ ਖੇੜੇ ਘਰ ਨਾ ਪਰਤੇ

ਖ਼ੁਸ਼ੀਆਂ ਖੇੜੇ ਘਰ ਨਾ ਪਰਤੇ, ਮੁੱਕਿਆ ਨਾ ਬਨਵਾਸ ਅਜੇ ਵੀ।
ਜੰਮ ਕੇ ਜ਼ੁਲਮ ਕਰਨ ਜਰਵਾਣੇ, ਛੁੱਟਣ ਦੀ ਨਾ ਆਸ ਅਜੇ ਵੀ।

ਚੂੰਡ ਚੂੰਡ ਕੇ ਖਾਧਾ ਪਹਿਲਾਂ, ਭੇਸ ਬਦਲ ਮੁੜ ਆ ਗਏ ਬੂਹੇ,
ਰੱਤੀ ਰੱਤ ਨਾ ਛੱਡੀ ਤਨ ਦੀ, ਬਣਦੇ ਖ਼ਾਸ ਮ ਖ਼ਾਸ ਅਜੇ ਵੀ।

ਆਜ਼ਾਦੀ ਦਾ ਪਰਚਮ ਪੁੱਛੇ, ਰੂਹ ਨਹੀਂ ਮੰਨਦੀ ਕਿੰਜ ਲਹਿਰਾਵਾਂ,
ਰੀਝਾਂ, ਸੁਪਨੇ ਇਸ ਧਰਤੀ ਦੇ ਹੋਏ ਨਾ ਬੰਦ-ਖਲਾਸ ਅਜੇ ਵੀ।

ਤੁਰਕ, ਮੰਗੋਲ, ਮੁਗਲ ਤੇ ਮਗਰੋਂ ਗੋਰੇਸ਼ਾਹੀ ਤੇ ਹੁਣ ਸਾਡੇ,
ਹਾਕਮ, ਹੁਕਮ, ਹਕੂਮਤ ਬਿਲਕੁਲ, ਓਹੀ ਬਚਨ -ਬਿਲਾਸ ਅਜੇ ਵੀ।

ਕਿੰਨੇ ਹੀ ਗੁਰ -ਪੀਰ ਧਿਆਏ, ਚੰਗੇ ਦਿਨ ਪਰਤੇ, ਨਾ ਆਏ,
ਧਰਤੀ, ਪੁੱਤਰ, ਧੀਆਂ ਦੇ ਤਾਂ ਗਹਿਣੇ ਸਗਲ ਸਵਾਸ ਅਜੇ ਵੀ।

ਊਚ-ਨੀਚ ਦੇ ਸਬਕ ਪੁਰਾਣੇ, ਚਾਅ ਤੇ ਵਸਤਰ ਅੱਧੋਰਾਣੇ,
ਲਿੱਸਿਆਂ ਦੇ ਲਈ ਅੱਜ ਵੀ ਅੱਡਰੇ ਥਾਲ਼ੀ, ਕੌਲ, ਗਲਾਸ ਅਜੇ ਵੀ।

ਕੱਚੇ ਘਰ ਦੇ ਕੁਣਕੇ[1] ਦਾ ਰੰਗ ਅੱਜ ਵੀ ਪੱਕਿਆਂ ਨਾਲ ਨਾ ਰਲ਼ਦਾ,
ਪੱਕੇ ਮਿੱਠੇ ਦੀ ਥਾਂ ਓਥੇ, ਪੈਂਦੀ ਗੁੜ ਦੀ ਚਾਸ[2] ਅਜੇ ਵੀ।

ਦਾਣਾ ਦਾਣਾ ਮੰਡੀ ਵਿਕਿਆ, ਖ਼ੂਹ ਦੀ ਮਿੱਟੀ ਖ਼ੂਹ ਨੇ ਖਾਧੀ,
ਪਏ ਭੜੋਲੇ ਸੱਖਣੇ, ਫਿਰ ਵੀ, ਵਿਕਦੀ ਹੈ ਸਲਫ਼ਾਸ ਅਜੇ ਵੀ।

ਨਾਲ ਹਨ੍ਹੇਰ ਲੜਾਈ ਸਾਡੀ, ਮੁੱਕਣ ਤੀਕ ਜਗਣ ਦਾ ਵਾਅਦਾ,
ਇਸ ਮਿੱਟੀ ਦੇ ਦੀਵੇ ਉੱਪਰ ਮੇਰਾ ਹੈ ਵਿਸ਼ਵਾਸ ਅਜੇ ਵੀ।

1

---

1. ਕੜਾਹ, 2. ਚਾਸ਼ਨੀ

## ਆਪਣੇ ਅੰਦਰ ਹਰ ਦਿਨ ਹਰ ਪਲ

ਆਪਣੇ ਅੰਦਰ ਹਰ ਦਿਨ ਹਰ ਪਲ ਮਾਨਣ ਦਾ ਅਹਿਸਾਸ ਜਗਾਉ।
ਇਸ ਧਰਤੀ ਦੇ ਕਣ ਕਣ ਅੰਦਰ ਮੋਹ ਮਮਤਾ ਦੇ ਬਿਰਖ਼ ਲਗਾਉ।

ਰੌਸ਼ਨੀਆਂ ਦੇ ਬਾਗ ਬਗੀਚੇ ਮੰਗਦੇ ਮੋਹ ਦਾ ਨਿਰਮਲ ਪਾਣੀ,
ਜ਼ਿੰਦਗੀ ਧਰਤ ਤਰੇੜਾਂ ਪਾਟੀ ਭਰ ਭਰ ਮਸ਼ਕਾਂ ਜਲ ਵਰਤਾਉ।

ਮੈਂ ਵੀ ਸ਼ਬਦ- ਬਗੀਚਾ ਲਾਇਐ ਏਸੇ ਲਈ ਸੱਜਣਾਂ ਦੀ ਖ਼ਾਤਰ,
ਰੋਕ ਟੋਕ ਨਾ ਚਾਰ ਦੀਵਾਰੀ, ਜਦ ਦਿਲ ਚਾਹੇ ਆਉ ਜਾਉ।

ਸਿਖ਼ਰ ਦੁਪਹਿਰੇ ਕੋਈ ਪਾਂਧੀ ਰਾਹ ਪੁੱਛਣ ਵੀ ਆ ਸਕਦਾ ਹੈ,
ਬੂਹੇ ਤੇ ਹਰਿਆਲੀ ਛਤਰੀ ਮੌਲਸਰੀ ਦੇ ਬੂਟੇ ਲਾਉ।

ਗ਼ਮ ਦਾ ਗੋਲ਼ਾ ਜੇ ਨਾ ਪਿਘਲੇ, ਮਨ ਪਥਰਾਵੇ ਹੌਲ਼ੀ ਹੌਲ਼ੀ,
ਧੜਕਣ ਦਾ ਸੁਰ ਤਾਲ ਬਣਾ ਕੇ, ਰੂਹ ਵਿੱਚ ਭਿੱਜੀ ਤਰਜ਼ ਬਣਾਉ।

ਹਿਰਨਾਂ ਦੇ ਸਿੰਗਾਂ ਤੇ ਚੜ੍ਹ ਕੇ ਭੁੱਲ ਜਾਂਦੀ ਹੈ ਜਾਚ ਤੁਰਨ ਦੀ,
ਪੌਣਾਂ ਦੇ ਅਸਵਾਰ ਬਣੋ ਨਾ ਖ਼ੁਦ ਨੂੰ ਆਪਣੇ ਕੋਲ਼ ਬੁਲਾਉ।

ਇੱਕੋ ਵਾਰ ਕਿਹਾ ਹੀ ਕਾਫ਼ੀ, ਬਲਿਹਾਰੀ ਕੁਦਰਤ ਵਿੱਚ ਰਹਿੰਦੈ,
ਫੁੱਲ-ਪੱਤੀਆਂ ਸੰਗ ਕਰੋ ਗੁਫ਼ਤਗੂ ਬਿਰਖ਼ ਬੂਟੇ ਮੀਤ ਬਣਾਉ।

1

## ਪੱਤ ਝੜਿਆਂ ਤੇ ਬਿਰਖ਼ ਬੂਟੇ

ਪੱਤ ਝੜਿਆਂ ਤੇ ਬਿਰਖ਼ ਬੂਟੇ ਬੰਦਿਆਂ ਵਾਂਗੂੰ ਦਿਲ ਨਹੀਂ ਛੱਡਦੇ।
ਉਹ ਤਾਂ ਵਿਆਜ ਧਰਤ ਨੂੰ ਮੋੜਨ ਬੀਤ ਗਏ ਦਾ ਫਾਹਾ ਵੱਢਦੇ।

ਨੰਗੇ ਟਾਹਣ ਕਦੇ ਨਾ ਵੇਖੇ ਬੀਤ ਗਏ ਦਾ ਰੁਦਨ ਕਰਦਿਆਂ,
ਉਹ ਤਾਂ ਰੁੱਤ ਬਸੰਤੀ ਆਉਂਦੇ ਲਗਰਾਂ ਪੱਤੇ ਸੱਜਰੇ ਕੱਢਦੇ।

ਸਬਰ ਸਿਦਕ ਸੰਤੋਖ ਸਹਾਰੇ ਫ਼ੁੱਲਾਂ ਮਗਰੋਂ ਫ਼ਲ ਪੈਂਦਾ ਹੈ,
ਸਾਡੇ ਵਾਂਗੂੰ ਮੰਗਤੇ ਬਣ ਕੇ, ਰੱਬ ਦੇ ਅੱਗੇ ਹੱਥ ਨਹੀਂ ਟੱਡਦੇ।

ਧਰਤੀ ਪੁੱਤਰ ਬੜੇ ਸੁਲੱਗ ਨੇ ਅੰਬਰ ਸੰਗ ਵੀ ਕਰਨ ਗੁਫ਼ਤਗੂ,
ਜੜ੍ਹ ਜੋਗੀ ਮਿੱਟੀ ਜਦ ਮਿਲਦੀ ਸਿਖ਼ਰ ਪਰਬਤੀਂ ਝੰਡੇ ਗੱਡਦੇ।

ਨਗਨ ਬਿਰਖ਼ ਨੂੰ ਕਦੇ ਨਾ ਕਹਿਣਾ ਇਹ ਸੁੱਕਾ ਹੈ, ਮਰ ਚੱਲਿਆ ਹੈ,
ਜਦ ਵੀ ਤਪੀਏ ਤਪ ਕਰਦੇ ਨੇ, ਇੱਕ ਵੀ ਬੋਲ ਨਾ ਮੂੰਹੋਂ ਕੱਢਦੇ।

ਰਾਤ ਦਿਵਸ ਦੇ ਗੇੜਿਆਂ ਵਾਂਗੂੰ ਇਨ੍ਹਾਂ ਦਾ ਨਿੱਤਨੇਮ ਪੁਰਾਣਾ,
ਜਿਉਂ ਰੱਖੇ ਤਿਉਂ ਰਹੀਏ ਜਪਦੇ ਮੂਲ ਅਸੂਲ ਕਦੇ ਨਾ ਛੱਡਦੇ।

ਸਰਬ ਜੂਨ ਤੋਂ ਬਣੀਏ ਉੱਚੇ, ਖ਼ੁਦ ਨੂੰ ਖ਼ੁਦ ਸਰਵੋਤਮ ਕਹੀਏ,
ਅਸੀਂ ਨਾਸ਼ੁਕਰੇ, ਇਸ ਦੇ ਕੋਲੋਂ ਲੈ ਦਸਤਾ ਜੜ੍ਹ ਇਹਦੀ ਵੱਢੀਏ।

1

## ਹਰ ਪਲ ਆਖਣ ਬੰਦਿਆ ਟਿਕ ਟਿਕ

ਹਰ ਪਲ ਆਖਣ ਬੰਦਿਆ ਟਿਕ ਟਿਕ, ਤੂੰ ਕਿਉਂ ਇੰਜ ਰਫ਼ਤਾਰਾਂ ਫੜੀਆਂ।
ਸਹਿਜ ਸਬਰ ਸੰਤੋਖ ਗੁਆਇਆ ਮਗਰ ਤੇਰੇ ਜਿਉਂ ਵਾਹਰਾਂ ਚੜ੍ਹੀਆਂ।

ਘੋੜ ਸਵਾਰ ਰਹੇਂ ਤੂੰ ਹਰ ਪਲ, ਘਰ ਤੋਂ ਘਰ ਦਾ ਸਫ਼ਰ ਕਰਦਿਆਂ,
ਵੇਖ ਲਿਆ ਕਰ, ਵਕਤ ਕਿਵੇਂ ਨੇ, ਕੰਧਾਂ ਉੱਤੇ ਟੰਗੀਆਂ ਘੜੀਆਂ।

ਖ਼ੁਦ ਤਕਦੀਰਾਂ ਸਿਰਜਣ ਵਾਲੇ ਟੇਵੇ ਦੀ ਨਾ ਕਰਨ ਗੁਲਾਮੀ,
ਭਟਕ ਰਹੇ ਨੇ ਓਹੀ, ਜਿੰਨ੍ਹਾਂ ਹਸਤ-ਰੇਖਾਵਾਂ ਖ਼ੁਦ ਨਾ ਪੜ੍ਹੀਆਂ।

ਰੱਖੜੀ ਦੀ ਤੰਦ ਨਾਲੋਂ ਕੋਮਲ, ਰੂਹ ਦਾ ਰੇਸ਼ਮ ਕੱਤਦੀਆਂ ਨੇ,
ਧੀਆਂ ਦੀ ਅਜ਼ਮਤ ਨਾ ਜਾਨਣ, ਜੋ ਕਹਿੰਦੇ ਨੇ ਕਿਸਮਤ ਸੜੀਆਂ।

ਜਿਹੜੇ ਘਰ ਵਿੱਚ ਮੈਂ ਰਹਿੰਦਾ ਹਾਂ, ਉਸਦੀ ਨੀਂਹ ਦੇ ਹੇਠ ਨਾ ਧਰਤੀ,
ਫ਼ਿਕਰਾਂ ਖਾਧੀ ਛੱਤ ਹੈ ਸਿਰ 'ਤੇ ਘੁਣ ਨੇ ਖਾਧੇ ਬਾਲੇ ਕੜੀਆਂ।

ਦੌੜਾਂ ਤਾਂ ਦੱਸ ਕਿੱਸਰਾਂ ਦੌੜਾਂ ਪੈਰਾਂ ਨੂੰ ਜੰਜੀਰ ਜਕੜਿਆ,
ਗਲ਼ ਵਿੱਚ ਉਸਤਰਿਆਂ ਦੀ ਮਾਲ਼ਾ ਮੱਥੇ ਅੰਦਰ ਮੇਖਾਂ ਮੜ੍ਹੀਆਂ।

ਲੋਕ ਰਾਜ ਵਿੱਚ ਲੋਕ ਗੁਆਚੇ, ਆਪਣਾ ਆਪ ਤਲਾਸ਼ ਰਹੇ ਨੇ,
ਨੰਗੇ ਧੜੀਂ, ਲੰਗਾਰੇ ਸੁਪਨੇ ਲੱਗੀਆਂ ਜਿਵੇਂ ਤੇਜ਼ਾਬੀ ਝੜੀਆਂ।

ਮਾਰੇ, ਕੁੱਟੇ ਰੋਣ ਨਾ ਦੇਵੇ, ਦੇ ਦਿਲਬਰੀਆਂ, ਜ਼ਖ਼ਮ ਪਲੋਸੇ,
ਬੇ-ਪੀਰੇ ਦੀਆਂ ਮਿੱਠੀਆਂ ਬਾਤਾਂ ਰੂਹ ਤੇ ਵਾਂਗ ਧਮੂੜੀ* ਲੜੀਆਂ।

ਸਾਰਾ ਵਤਨ ਵਿਕਾਊ ਕੀਤਾ, ਘੁੰਮਦਾ ਕਹਿਣ ਵਿਕਾਸ ਦਾ ਪਹੀਆ,
ਪੁੱਛਣ ਵਾਲਾ ਹੀ ਨਾ ਕੋਈ, ਕੂੜ ਕਿਤਾਬਾਂ ਕਿੱਥੋਂ ਪੜ੍ਹੀਆਂ।

1

*ਭੂੰਡ

## ਜੰਗਲ ਬੇਲਾ ਚਿੰਤਾ ਵਿੱਚ ਹੈ

ਜੰਗਲ ਬੇਲਾ ਚਿੰਤਾ ਵਿੱਚ ਹੈ ਬਿਰਖ਼ ਨਿਪੱਤਰੇ ਸੋਚ ਰਹੇ ਨੇ।
ਸਾਡੇ ਸੱਕ ਉਤਾਰਨ ਵਾਲ਼ੇ ਜ਼ਾਲਮ ਤਣਾ ਖ਼ਰੋਚ ਰਹੇ ਨੇ।

ਹੋਕਾ ਦੇ ਹਮਦਰਦੀ ਵਾਲ਼ਾ ਪਾਣੀ ਪਾਉਣ ਬਹਾਨੇ ਆਏ,
ਬਾਗਬਾਨ ਦੇ ਭੇਸ 'ਚ ਕਿਹੜੇ ਸਾਡੇ ਪੱਤਰ ਨੋਚ ਰਹੇ ਨੇ।

ਨੀਤੋਂ ਖੋਟੇ ਆਰੀਆਂ ਵਾਲ਼ੇ, ਜੜ੍ਹ ਵਿਚ ਤੇਲ ਢਾਲ ਕੇ ਪਹਿਲਾਂ,
ਜੜ੍ਹ ਨੂੰ ਨਾਲ ਕੁਹਾੜੀ ਵੱਢ ਕੇ ਹੁਣ ਕਿਉਂ ਛਾਵਾਂ ਲੋਚ ਰਹੇ ਨੇ।

ਗੂੜ੍ਹੀ ਨੀਂਦਰ ਸੁੱਤੀ ਸੱਸੀ ਇਸ ਨੂੰ ਕੌਣ ਬਚਾ ਸਕਦਾ ਹੈ,
ਪੁੰਨੂੰ ਵਰਗੇ ਸਭ ਵਣਜਾਰੇ, ਜਿਸ ਦੇ ਯਾਰ ਬਲੋਚ ਰਹੇ ਨੇ।

ਅਣਪੁੱਗਦੇ ਨੂੰ, ਪਾੜਨ ਡਾਢੇ, ਵਰਕਾ ਵਰਕਾ ਅੱਖਰ ਅੱਖਰ,
ਸਾਡੀ ਰੂਹ ਵਿੱਚ ਰਮਿਆ ਜੋ ਕੁਝ ਪਹਿਲਾਂ ਲਿਖਿਆ ਪੋਚ ਰਹੇ ਨੇ।

ਇਹ ਅੰਦਾਜ਼ ਭਲਾ ਕੀ ਹੋਇਆ ਵੇਲ ਅੰਗੂਰਾਂ ਵਾਲ਼ੀ ਪੁੱਛੇ,
ਮੈਂ ਜਿਹੜੇ ਅੱਜ ਤੀਕ ਨਾ ਵੇਖੇ ਮੇਰੇ ਮੇਵੇ ਬੋਚ ਰਹੇ ਨੇ।

ਮੇਰੀ ਹਿੱਕ ਤੇ ਜਿੰਨੇ ਤਮਗ਼ੇ ਲੀਰਾਂ ਲੱਥੇ ਸੁਪਨ ਲੰਗਾਰੇ,
ਵੇਖ ਲਵੋ ਜੀ ਅੰਗ ਸੰਗ ਮੇਰੇ ਦਰਦ ਹਮੇਸ਼ ਬਰੋਚ* ਰਹੇ ਨੇ।

1

* ਸਜਾਵਟੀ ਚਿੰਨ੍ਹ

o

## ਤੇਰੀ ਮੇਰੀ ਰੂਹ ਦਾ ਚੰਬਾ ਖਿੜ ਕੇ

ਤੇਰੀ ਮੇਰੀ ਰੂਹ ਦਾ ਚੰਬਾ ਖਿੜ ਕੇ ਜੱਗ ਮਹਿਕਾ ਸਕਦਾ ਹੈ।
ਧਰਤੀ ਬੁੱਕਲ ਬਣ ਸਕਦੀ ਹੈ, ਸੂਰਜ ਨੇੜੇ ਆ ਸਕਦਾ ਹੈ।

ਪੀਂਘ ਪਈ ਸਤਰੰਗੀ ਵਿਚਲੇ ਰੰਗ ਆਪਣੀ ਮੁਸਕਾਨ ਚ ਭਰ ਲੈ,
ਕੋਸ਼ਿਸ਼ ਕਰਕੇ ਵੇਖ ਜ਼ਰਾ ਤੂੰ, ਇਹ ਪਲ ਜੀਣ ਸਿਖਾ ਸਕਦਾ ਹੈ।

ਤੇਰੇ ਅੰਦਰ ਕਿੰਨਾ ਕੁਝ ਹੈ, ਇਸਦਾ ਇਲਮ ਨਹੀਂ ਹੈ ਤੈਨੂੰ,
ਤੇਰਾ ਇੱਕ ਮੁਸਕਾਨ ਤਰੌਂਕਾ ਬੁੱਤ ਨੂੰ ਬੋਲਣ ਲਾ ਸਕਦਾ ਹੈ।

ਮੇਰੇ ਅੰਦਰ ਮੇਰੇ ਤੋਂ ਬਿਨ ਚੁੱਪ ਕੀਤਾ ਇੱਕ ਤਾਣ ਹੈ ਉਹ ਵੀ,
ਜੇਕਰ ਤੂੰ ਹੁਸ਼ਿਆਰੀ ਦੇਵੇਂ ਸੂਰਜ ਨੂੰ ਹੱਥ ਪਾ ਸਕਦਾ ਹੈ।

ਸਰਦ ਸਰੀਰਾਂ ਅੰਦਰ ਜਦ ਵੀ ਮਰਦ-ਅਗੰਮੜਾ ਜੋਤ ਜਗਾਵੇ,
ਮਰਿਆ ਜੀਅ ਵੀ ਸੁਰਖ਼ ਅੰਗਾਰਿਉਂ ਬੁਰਕੀ ਤੋੜ ਕੇ ਖਾ ਸਕਦਾ ਹੈ।

ਮੈਂ ਉਸ ਪਿੰਡੋਂ ਆਇਆਂ ਜਿੱਥੇ ਮਿੱਟੀ ਮਰਦਮਖ਼ੇਜ਼ ਬੜੀ ਹੈ,
ਏਥੇ ਰਹਿੰਦਾ ਬੰਦਾ, ਜਾ ਕੇ ਚੰਨ ਤੇ ਪੈਲ਼ੀਆਂ ਵਾਹ ਸਕਦਾ ਹੈ।

ਨਿੱਕੀਆਂ ਗ਼ਰਜ਼ਾਂ ਖ਼ਾਤਰ ਲੜਿਆਂ ਬੰਦੇ ਅੰਦਰ ਕੱਖ ਨਹੀਂ ਰਹਿੰਦਾ,
ਸਿਰਲੱਥ ਯੋਧਾ ਨੰਗੇ ਧੜ ਵੀ ਜਾਬਰ ਨੂੰ ਅਜ਼ਮਾ ਸਕਦਾ ਹੈ।

1

o

## ਲੋਕ ਵਿਚਾਰੇ ਵਕ਼ਤਾਂ ਮਾਰੇ

ਲੋਕ ਵਿਚਾਰੇ ਵਕ਼ਤਾਂ ਮਾਰੇ, ਜਿਉਣ ਵਸੀਲਾ ਟੋਲ ਰਹੇ ਨੇ।
ਮਿੱਟੀ ਵਿੱਚੋਂ ਆਪਣੀ ਕਿਸਮਤ ਸਦੀਆਂ ਤੋਂ ਹੀ ਫ਼ੋਲ ਰਹੇ ਨੇ।

ਸਰਬ ਸਮੇਂ ਦੇ ਚਾਤਰ ਹਾਕਮ ਧਰਮ ਕਰਮ ਦਾ ਓਹਲਾ ਕਰਕੇ,
ਅੰਨ੍ਹੀ ਰੱਯਤ ਗਿਆਨ ਵਿਹੂਣੀ ਪੈਰਾਂ ਹੇਠ ਮਧੋਲ ਰਹੇ ਨੇ।

ਗਿਠਮੁਠੀਆਂ ਨੂੰ ਅੰਨ੍ਹੀ ਤਾਕਤ ਏਨਾ ਅੰਨ੍ਹਾ ਕਰ ਦਿੱਤਾ ਹੈ,
ਹੱਕ ਹਕੂਕ ਜੇ ਮੰਗੀਏ, ਅੱਗੋਂ ਜੋ ਮੂੰਹ ਆਇਆ ਬੋਲ ਰਹੇ ਨੇ।

ਤੱਕੜੀ ਤੋਲਣਹਾਰਿਆਂ ਦੀ ਵੀ ਨੀਅਤ ਨੀਤੀ ਅੰਦਰ ਕਾਣੋਂ,
ਸੱਜਣ ਠੱਗੋਂ ਵੱਧ ਹਟਵਾਣੀਏਂ, ਕੂੜਾ ਸੌਦਾ ਤੋਲ ਰਹੇ ਨੇ।

ਕੁਰਸੀ ਤੇ ਇਹ ਮਾਣ ਮਰਤਬੇ, ਕਲਗੀ, ਘੋੜੇ ਛਤਰ -ਸੁਨਹਿਰੀ,
ਆਦਿ -ਜੁਗਾਦੋਂ ਅੱਜ ਤੀਕਰ ਇਹ, ਦੱਸੋ! ਕਿਸ ਦੇ ਕੋਲ ਰਹੇ ਨੇ।

ਪਰ-ਕਟਿਆਂ ਨੂੰ ਖੰਭ ਉੱਗੇ ਨੇ, ਸੂਰਜ ਤੀਕ ਉਡਾਰੀ ਲਾਉਂਦੇ,
ਠਾਕੀਆਂ ਜੀਭਾਂ ਵਾਲੇ ਵੀ ਹੁਣ, ਬੰਦ ਜ਼ਬਾਨਾਂ ਖੋਲ੍ਹ ਰਹੇ ਨੇ।

ਛੱਡ ਸਪੇਰਿਆ ! ਬੀਨ ਵਜਾਉਣੀ, ਤੇਰਾ ਰਾਗ ਨਹੀਂ ਜੇ ਸੁਣਦੇ,
ਸਿਰ ਚਿੱਪਣ ਦੀ ਕਰੋ ਤਿਆਰੀ, ਫਨੀਅਰ ਜੇ ਵਿੱਸ ਘੋਲ਼ ਰਹੇ ਨੇ।

1

○

## ਪਾਟੀ ਚਿੱਠੀ ਜਦ ਵੀ ਆਵੇ

ਪਾਟੀ ਚਿੱਠੀ ਜਦ ਵੀ ਆਵੇ, ਬਿਨ ਪੜ੍ਹਿਆਂ ਤੜਫ਼ਾ ਜਾਂਦੀ ਹੈ।
ਮਾਂ ਜਾਇਆਂ ਦੀ ਪੀੜ, ਆਂਦਰਾਂ ਕੱਠੀਆਂ ਕਰ ਸਮਝਾ ਜਾਂਦੀ ਹੈ।

ਅੱਖ ਫ਼ਰਕਦੀ, ਚਿੱਤ ਖਲਬਲੀ, ਉੱਖੜੇ ਨੀਂਦਰ ਹੋਰ ਬੜਾ ਕੁਝ,
ਏਸ ਤਰ੍ਹਾਂ ਹੀ ਤਨ ਦੀ ਮਿੱਟੀ, ਚਿੰਤਾ ਖਾਂਦੀ ਖਾ ਜਾਂਦੀ ਹੈ।

ਮੇਰਾ ਦੋਸ਼ ਪਤਾ ਨਹੀਂ ਮੈਨੂੰ, ਨਾ ਪੁੱਛਿਆ ਨਾ ਤੂੰ ਹੀ ਦੱਸਿਆ,
ਜਦ ਵੀ ਨੀਂਦ ਉਟਕਦੀ ਮੈਨੂੰ ਚਿੱਤ-ਚਿਤਵਣੀ ਲਾ ਜਾਂਦੀ ਹੈ।

ਜਿੰਨੇ ਪੱਥਰ ਵੇਖ ਰਿਹਾ ਏਂ, ਇਹ ਸਭ ਚੁੱਪ ਦੀ ਜੂਨ ਪਏ ਨੇ,
ਤੇਰੀ ਸਰਦ ਖ਼ਾਮੋਸ਼ੀ ਮੈਨੂੰ ਘੁੰਮਣਘੇਰ 'ਚ ਪਾ ਜਾਂਦੀ ਹੈ।

ਬੋਲ ਬੋਲ ਕੇ ਕੀ ਸਮਝਾਵਾਂ, ਸੁੱਤੀ ਸੱਟ ਦੀ ਪੀੜ ਜਾਗਦੀ,
ਦਰਦ-ਕਹਾਣੀ ਅੱਖੀਆਂ ਥਾਣੀਂ ਕਿੰਨਾ ਕੁਝ ਸਮਝਾ ਜਾਂਦੀ ਹੈ।

ਮੇਰੀ ਰੂਹ ਦਾ ਗੂੜ੍ਹਾ ਰਿਸ਼ਤਾ ਸੂਰਜ ਨਾਲ ਦੁਪਹਿਰੀ* ਵਰਗਾ,
ਸਿਖ਼ਰ-ਦੁਪਹਿਰੇ ਖਿੜ ਜਾਂਦੀ ਹੈ, ਸ਼ਾਮ ਢਲ਼ੇ ਮੁਰਝਾ ਜਾਂਦੀ ਹੈ।

ਤੂੰ ਕੰਡ ਕਰਕੇ ਪਰਤ ਗਿਆ ਏਂ, ਮੁੜ ਕੇ ਹਾਲ ਕਦੇ ਨਾ ਪੁੱਛਿਆ,
ਦਿਲ ਨੂੰ ਇਹ ਧਰਵਾਸ ਬੜਾ ਹੈ, ਯਾਦ ਤੇਰੀ ਤਾਂ ਆ ਜਾਂਦੀ ਹੈ।

1

*ਧੁੱਪੇ ਖਿੜਨ ਵਾਲਾ ਫੁੱਲ

○

## ਗਲਤੀ ਦੇ ਅਹਿਸਾਸ ਤੋਂ ਮਗਰੋਂ

ਗਲਤੀ ਦੇ ਅਹਿਸਾਸ ਤੋਂ ਮਗਰੋਂ ਅਗਲਾ ਕਦਮ ਪਕੇਰਾ ਹੁੰਦੈ।
ਜੇ ਇਹ ਸੋਚ ਸਲਾਮਤ ਰੱਖੋ ਰੌਸ਼ਨ ਚਾਰ ਚੁਫ਼ੇਰਾ ਹੁੰਦੈ।

ਬੀਤੇ ਦਾ ਪਛਤਾਵਾ ਕਰਕੇ ਸਫ਼ਰ ਕਦੇ ਅੱਗੇ ਨਹੀਂ ਤੁਰਦਾ,
ਸੂਰਜ ਅੱਗੇ ਰਾਤ ਟਿਕੇ ਨਾ ਅਗਲੀ ਭਲ਼ਕ ਸਵੇਰਾ ਹੁੰਦੈ।

ਹੱਥਾਂ ਦੇ ਵਿੱਚ ਜਿਹੜਾ ਪਲ ਹੈ, ਜਾਣ ਮਾਣ ਕੇ ਅੱਗੇ ਤੁਰੀਏ,
ਇਹ ਜ਼ਿੰਦਗਾਨੀ, ਮੈਂ ਨਹੀਂ ਮੰਨਦਾ, ਜੋਗੀ ਵਾਲਾ ਫੇਰਾ ਹੁੰਦੈ।

ਧਰਮ ਤੇ ਕਰਮ ਨਿਖੇੜਨ ਜਿੱਥੇ, ਬੈਠੇ ਰਹਿਣ ਬਿਹੰਗਮ* ਵਿਹਲੇ,
ਸਮਝ ਲਵੋ ਕਿ ਐਸੀ ਥਾਂ ਤੇ ਕੂੜ ਕੁਫ਼ਰ ਦਾ ਡੇਰਾ ਹੁੰਦੈ।

ਨੂਰੋ ਨੂਰ ਕਰੇ ਜੋ ਧਰਤੀ, ਰਸ ਰੰਗ ਵੰਡਦਾ ਹਰ ਘਰ ਜਾ ਕੇ,
ਸੂਰਜ ਦਾ ਪਰਿਵਾਰ ਅਥਾਹ ਹੈ, ਇਸ ਦਾ ਨਾ ਕੋਈ ਘੇਰਾ ਹੁੰਦੈ।

ਅੱਥਰੇ ਘੋੜੇ ਨੂੰ ਜੋ ਫੜਦਾ, ਮਾਰ ਪਲਾਕੀ ਉੱਪਰ ਚੜ੍ਹਦਾ,
ਵੇਖਣ ਨੂੰ ਜੋ ਬੰਦਾ ਲੱਗਦਾ, ਉਹ ਤਾਂ ਅਸਲੀ ਜੇਰਾ ਹੁੰਦੈ।

ਤੈਨੂੰ ਮੈਨੂੰ ਭਰਮ ਬੜਾ ਹੈ, ਹਾਕਮ ਨਾਲ ਯਾਰਾਨਾ ਮੇਰਾ,
ਭੁੱਲ ਨਾ ਜਾਵੀਂ ਤਿੱਖਾ ਚਾਕੂ, ਨਾ ਤੇਰਾ ਨਾ ਮੇਰਾ ਹੁੰਦੈ।

ਬੈਠਿਆਂ ਕਦੇ ਨਾ ਪੈਂਡਾ ਮੁੱਕਦਾ, ਸੁੱਤਿਆਂ ਰਾਤ ਲੰਮੇਰੀ ਹੋਵੇ,
ਸਾਬਤ ਕਦਮ ਅਡੋਲ ਤੁਰੋ ਜੇ, ਇੱਕੋ ਸਫ਼ਰ ਬਥੇਰਾ ਹੁੰਦੈ।

ਡਗਮਗ ਡੋਲਦਿਆਂ ਨਾ ਭੁੱਲੀਂ, ਆਪਣੇ ਤੇ ਵਿਸ਼ਵਾਸ ਨਾ ਤੈਨੂੰ,
ਦੋਚਿੱਤੀ ਦਾ ਡੰਗਿਆ ਬੰਦਾ, ਅੰਦਰੋਂ ਬਹੁਤ ਕਚੇਰਾ ਹੁੰਦੈ।

1

*ਡੇਰਿਆਂ 'ਚ ਬੈਠੇ ਅਣਵਿਆਹੇ ਸਾਧ

o

## ਸਾਡੇ ਪਿੰਡ ਦੀ ਹਰ ਇਕ ਮਾਂ ਸੀ

ਸਾਡੇ ਪਿੰਡ ਦੀ ਹਰ ਇਕ ਮਾਂ ਸੀ, ਬਿਲਕੁਲ ਮੇਰੀ ਮਾਂ ਦੇ ਵਰਗੀ।
ਜਿਉਂ ਹਰ ਬੋਹੜ ਦੀ ਛਾਂ ਹੁੰਦੀ ਹੈ ਸੰਘਣੀ ਛਤਰੀ ਛਾਂ ਦੇ ਵਰਗੀ।

ਚੁੱਪ-ਚੁਪੀਤੇ ਭਰ ਵਗਦੇ ਦਰਿਆ ਦੇ ਵਾਂਗ ਨਿਰੰਤਰ ਵਹਿੰਦੀ,
ਪਾਕ-ਪਵਿੱਤਰ ਅੰਮ੍ਰਿਤ ਦੀ ਘੁੱਟ, ਨਾਂਹ ਵੀ ਜਿਸ ਦੀ ਹਾਂ ਦੇ ਵਰਗੀ।

ਮਾਂ ਦੇ ਦਿੱਤੇ ਸਬਕ ਸਹਾਰੇ, ਧਰਤੀ, ਅੰਬਰ, ਚੰਨ ਸਿਤਾਰੇ,
ਵੱਡੀ ਸਾਰੀ ਬੁੱਕਲ ਮਾਣਾਂ ਪਾਕਿ-ਪਵਿੱਤਰ ਥਾਂ ਦੇ ਵਰਗੀ।

ਤਿੱਪ ਤਿੱਪ ਚੋਂਦੇ ਘਰ ਚੋਂ ਜਿੱਥੋਂ ਤੁਰਿਆ ਦੇਸ਼ ਬਦੇਸ਼ ਵੀ ਗਾਹਿਆ,
ਸ਼ਾਮ ਸਵੇਰ ਕਿਤੇ ਨਾ ਡਿੱਠੀ ਰੌਣਕ ਓਸ ਗਿਰਾਂ ਦੇ ਵਰਗੀ।

ਚੌਂਕੇ ਅੰਦਰ, ਚੁੱਲ੍ਹੇ ਅੱਗੇ, ਚੋਂਘਿਆਂ ਵਾਲੀ ਮਿੱਸੀ ਰੋਟੀ,
ਮੱਖਣ-ਪਿੰਨਾ ਉੱਪਰ ਧਰਦੀ, ਮਮਤਾ ਰੱਬ ਦੇ ਨਾਂ ਦੇ ਵਰਗੀ।

ਬਾਲ ਉਮਰ ਦੀ ਰੰਗਲੀ ਲੀਲ੍ਹਾ ਮੋਹਵੰਤੀ ਜਲਧਾਰ ਜਹੀ ਸੀ,
ਲਹਿਰ ਲਹਿਰ ਪਾਣੀ ਤੇ ਵਗਦੀ ਸੁੱਕ ਗਈ ਨਦੀ ਝਨਾਂ ਦੇ ਵਰਗੀ।

ਗੁੰਮ ਗੁਆਚ ਗਏ ਨੇ ਹਾਣੀ, ਧਰਤੀ ਪੀ ਗਈ ਪਾਣੀ ਜੀਕੂੰ,
ਗੁੰਬਦ 'ਚੋਂ ਆਵਾਜ਼ ਨਾ ਪਰਤੇ, ਜ਼ਿੰਦਗੀ ਸੁੰਨ-ਸਰਾਂ ਦੇ ਵਰਗੀ।

1

o

## ਜੇਕਰ ਧੌਲ ਉਠਾਈ ਧਰਤੀ

ਜੇਕਰ ਧੌਲ ਉਠਾਈ ਧਰਤੀ, ਮੇਰੇ ਸਿਰ ਤੇ ਭਾਰ ਕਿਉਂ ਹੈ?
ਅਜ਼ਲਾਂ ਤੋਂ ਹੀ ਕਿਰਤੀ ਪੁੱਤਰ ਰੋਟੀ ਤੋਂ ਲਾਚਾਰ ਕਿਉਂ ਹੈ?

ਕੁਰਸੀ ਵਾਲਿਉ! ਵਿਦਵਾਨੋ ਤੇ ਧਰਮ ਕਰਮ ਦੇ ਠੇਕੇਦਾਰੋ,
ਦੱਸਿਉ! ਚੌਂਕੀਦਾਰ ਦਾ ਪੁੱਤਰ ਅੱਜ ਵੀ ਚੌਂਕੀਦਾਰ ਕਿਉਂ ਹੈ?

ਜਿਹੜੇ ਚੜ੍ਹੇ ਚਬੂਤਰਿਆਂ ਤੇ, ਬਣ ਬੈਠੇ ਗੁਫ਼ਤਾਰ ਦੇ ਗਾਜ਼ੀ,
ਕਹਿਣੀ ਤੇ ਕਰਨੀ ਵਿੱਚ ਅੰਤਰ ਗਰਕ ਰਿਹਾ ਕਿਰਦਾਰ ਕਿਉਂ ਹੈ?

ਜੋੜਨ ਵਾਲਾ ਹੋਕਾ ਦੇ ਕੇ, ਰੋਜ਼ ਦਿਹਾੜੀ ਤੋੜ ਰਹੇ ਨੇ,
ਧਰਮ ਕਰਮ ਦੇ ਰਾਖਿਆਂ ਹੱਥੋਂ ਏਨਾ ਅੱਤਿਆਚਾਰ ਕਿਉਂ ਹੈ।

ਘਰ ਦੀ ਰੋਟੀ, ਦਾਲ਼ ਸਲੂਣਾ ਬੀਤੇ ਕੱਲ੍ਹ ਦੀ ਬਣੇ ਕਹਾਣੀ,
ਚੁੱਲ੍ਹੇ ਚੌਂਕੇ ਢਾਹੁੰਦਾ ਫਿਰਦਾ ਬਿਨਾ ਲਗਾਮ ਬਾਜ਼ਾਰ ਕਿਉਂ ਹੈ?

ਸਤਿਯੁਗ ਮਗਰ ਤਰੇਤਾ ਬਣਿਆ ਕਲਯੁਗ ਵੀ ਹੈ ਜਾਨ ਦਾ ਵੈਰੀ,
ਸਾਡੀ ਧੌਣ ਤੇ ਹਰ ਯੁਗ ਅੰਦਰ ਤੇਜ਼ ਧਾਰ ਤਲਵਾਰ ਕਿਉਂ ਹੈ?

ਨਾਮ ਜਪਦਿਆਂ ਉਮਰ ਬਿਤਾਈ, ਮਣਕੇ ਤੇ ਠਾਹ ਮਣਕੇ ਸੁੱਟੇ,
ਮਨ ਦੀ ਬਸਤੀ ਅੰਦਰ ਯਾਰੋ ਏਨੀ ਹਾਹਾਕਾਰ ਕਿਉਂ ਹੈ?

1

੦

## ਰੰਗ ਬਰੰਗੇ ਵਸਤਰ ਨੇ

ਰੰਗ ਬਰੰਗੇ ਵਸਤਰ ਨੇ ਪਰ ਜ਼ਿੰਦਗੀ ਕਿਉਂ ਬਦਰੰਗ ਵੇ ਲੋਕਾ।
ਚਾਵਾਂ ਨੂੰ ਦੱਸ ਕੌਣ ਮਸਲਦਾ, ਕਰਦਾ ਖੱਜਲ ਤੰਗ ਵੇ ਲੋਕਾ।

ਹਰ ਸੱਸੀ ਦੇ ਪੈਰਾਂ ਥੱਲੇ ਅੱਜ ਵੀ ਤਪਦੀ ਰੇਤ ਥਲਾਂ ਦੀ,
ਰਾਂਝੇ ਦੀ ਥਾਂ ਹੀਰ ਦੇ ਲੇਖੀਂ, ਹਰ ਥਾਂ ਖੇੜੇ ਝੰਗ ਵੇ ਲੋਕਾ।

ਸਾਡੇ ਕੋਲੋਂ ਸੱਤਿਆ ਲੈ ਕੇ ਸਾਨੂੰ ਆਣ ਸਤਾਉਂਦੇ ਕਿਉਂ ਨੇ,
ਕੌਣ ਕਹੇਗਾ ਤਾਜ ਤਖ਼ਤ ਨੂੰ ਇਹ ਕਿੱਧਰਲਾ ਢੰਗ ਵੇ ਲੋਕਾ।

ਸੱਪ ਦੀ ਜੂਨ ਪਏ ਨੇ ਬੰਦੇ ਰੀਂਘ ਰਹੇ ਵੀ ਜ਼ਹਿਰਾਂ ਸੁੱਟਣ,
ਨਾਗ-ਪਟਾਰੀ ਵਿੱਚੋਂ ਨਿਕਲੇ ਮਾਰਨ ਸਾਨੂੰ ਡੰਗ ਵੇ ਲੋਕਾ।

ਜਿੰਨੀ ਪੂੰਜੀ ਜਿਸਮ ਦੇ ਅੰਦਰ ਤੁਪਕਾ ਤੁਪਕਾ ਅਰਪਨ ਕੀਤੀ,
ਰੱਤੀ ਰੱਤ ਬਚੀ ਨਾ ਪਿੱਛੇ ਹੋਰ ਨਾ ਸਾਥੋਂ ਮੰਗ ਵੇ ਲੋਕਾ।

ਮੇਰੇ ਮਨ ਦੇ ਅੰਦਰ ਜਿਹੜੇ ਵੈਰੀ ਭੇਸ ਬਦਲ ਕੇ ਫਿਰਦੇ,
ਸਭ ਤੋਂ ਪਹਿਲਾਂ ਭੇਖਧਾਰੀਆਂ ਨਾਲ ਕਰਾਂਗੇ ਜੰਗ ਵੇ ਲੋਕਾ।

ਸੁਰਖ਼ ਬੂਟੀਆਂ ਵਾਹੀ ਜਾਂਦੇ, ਜ਼ਿੰਦਗੀ ਪੈਰੀਂ ਕੱਚ ਦੇ ਟੋਟੇ,
ਟੁਕੜੇ ਚੁਗਣ ਆਸਾਨ ਨਹੀਂ ਜਦ ਤਿੜਕੇ ਵੀਣੀਉਂ ਵੰਗ ਵੇ ਲੋਕਾ।

1

੦

## ਅੱਗ ਬਗੂਲਾ ਹੋਇਆ ਫਿਰਦੈਂ

ਅੱਗ-ਬਗੂਲਾ ਹੋਇਆ ਫਿਰਦੈਂ ਸੌ ਦੀ ਇੱਕ ਸੁਣਾਵਾਂ ਬੰਦਿਆ।
ਭਟਕਣ ਵਿੱਚ ਮਨ ਜਦ ਵੀ ਥਿੜਕੇ ਖਿੱਚ ਕੇ ਰੱਖ ਇੱਛਾਵਾਂ ਬੰਦਿਆ।

ਸਹਿਜ ਮਤੇ ਜਦ ਟਿਕ ਜਾਵੇ ਇਹ ਹਰ ਮਸਲਾ ਹੱਲ ਹੋ ਜਾਂਦਾ ਹੈ,
ਉੱਬਲਦੇ ਪਾਣੀ ਵਿੱਚ ਤਪਿਆਂ ਦਿਸਦਾ ਨਹੀਂ ਪਰਛਾਵਾਂ ਬੰਦਿਆ।

ਮਨ ਦੇ ਅੰਦਰ ਬਹੁਤ ਖ਼੍ਵਾਬ ਨੇ ਪਿੰਜੇ ਰੂੰ ਦੇ ਵਾਂਗੂ ਉੱਡਦੇ,
ਸੋਚਾਂ ਵਾਲੀ ਤੇਜ਼ ਹਨ੍ਹੇਰੀ, ਕਿੱਦਾਂ ਬੰਨ੍ਹ ਬਹਾਵਾਂ ਬੰਦਿਆ।

ਜਦੋਂ ਬਸੰਤੀ ਰੁੱਤ ਆਉਂਦੀ ਹੈ, ਸੰਗੀ ਸਾਥੀ ਗਿਣਨੋਂ ਬਾਹਰੇ,
ਪੱਤਝੜ ਰੁੱਤੇ ਹੋਣ ਵਿਰਲੀਆਂ ਸਭ ਬਿਰਖ਼ਾਂ ਦੀਆਂ ਛਾਵਾਂ ਬੰਦਿਆ।

ਕਸਰ ਕੋਈ ਵੀ ਛੱਡੀ ਨਹੀਉਂ, ਮੈਨੂੰ ਪਿੰਜਣ ਤੁੰਬਣ ਵਾਲੀ,
ਹੁਣ ਤੀਕਰ ਹੈ ਜੀਂਦਾ ਰੱਖਿਆ ਮੈਨੂੰ ਮੇਰੇ ਚਾਵਾਂ ਬੰਦਿਆ।

ਪੁਤਲੀਗਰ ਹੱਥ ਪੁਤਲੀ ਨੱਚੇ ਰੋਣਾ ਹੱਸਣਾ ਕੁਝ ਵੀ ਵੱਸ ਨਾ,
ਦੋਹਾਂ ਨੂੰ ਇਹ ਖ਼ਬਰ ਨਹੀਂ ਹੈ ਖਿੱਚਦਾ ਕੌਣ ਤਣਾਵਾਂ ਬੰਦਿਆ।

ਜਿਸਮਾਂ ਦੀ ਵਲਗਣ ਦੇ ਅੰਦਰ ਜਿਸਮ ਭਟਕਦੇ ਮਿੱਟੀ ਖਾਣੇ,
ਰਾਹ ਸਮਝਾ ਦੇ ਏਥੋਂ ਕਿੱਦਾਂ ਰੂਹ ਦੇ ਅੰਦਰ ਆਵਾਂ ਬੰਦਿਆ।

1

## ਤੂੰ ਨਾ ਰੂਹੇ ਦਸਤਕ ਦਿੱਤੀ

ਤੂੰ ਨਾ ਰੂਹੇ ਦਸਤਕ ਦਿੱਤੀ ਕੱਲ੍ਹ ਵਰਗਾ ਅੱਜ ਦਿਨ ਨਹੀਂ ਚੜ੍ਹਿਆ।
ਕੀ ਦੱਸਾਂ ਮੈਂ ਤੇਰਾ ਲਿਖਿਆ ਕਿੰਨੀ ਵਾਰੀ ਮੁੜ ਮੁੜ ਪੜ੍ਹਿਆ।

ਦੋ ਸਤਰਾਂ ਵਿਚਕਾਰ ਦੀ ਖ਼ਾਲੀ ਥਾਂ ਨੇ ਮੈਨੂੰ ਇਹ ਸਮਝਾਇਐ,
ਬਹੁਤੀ ਵਾਰੀ ਉਹ ਪੜ੍ਹਿਆ ਕਰ ਜੋ ਛੱਡ ਜਾਨੈਂ ਤੂੰ ਅਣਪੜ੍ਹਿਆ।

ਹੋਰ ਉਡੀਕਾਂ ਕਿੰਨਾ ਚਿਰ ਮੈਂ, ਬੈਠ ਰਹਾਂ ਜਾਂ ਪਿੱਛੇ ਮੁੜ ਜਾਂ,
ਏਨਾ ਸਿਰਫ਼ ਹੁੰਗਾਰਾ ਭਰ ਕੇ, ਮੈਨੂੰ ਵੀ ਕੁਝ ਕਹਿ ਜਾ ਅੜਿਆ।

ਜ਼ੇਵਰ ਤੋਂ ਵੀ ਕਿਤੇ ਵਧੇਰੇ ਸਾਂਭ ਸੰਭਾਲ਼ ਹੈ ਕਰਨੀ ਪੈਂਦੀ,
ਦਿਲ ਮੁੰਦਰੀ ਵਿੱਚ ਤੇਰੇ ਮੋਹ ਨੂੰ ਕਿੰਜ ਦੱਸਾਂ ਮੈਂ ਕਿੱਦਾਂ ਜੜਿਆ।

ਹਰ ਵਾਰੀ ਕਿਉਂ ਏਦਾਂ ਹੁੰਦੈ ਬੂਰ ਪਿਆਂ ਤੇ ਚੜ੍ਹਦੇ ਬੱਦਲ,
ਹੰਝੂਆਂ ਦੀ ਵਾਛੜ ਦੇ ਹੱਥੋਂ, ਆਸ-ਪਰੁੱਚਾ ਬੂਟਾ ਝੜਿਆ।

ਆਪਣੀਆਂ ਕਮਜ਼ੋਰੀਆ ਦੀ ਥਾਂ ਘੜਨੇ ਸਿੱਖੇ ਬੜੇ ਬਹਾਨੇ,
ਟੁੱਟਿਆਂ ਆਪਣੀ ਆਕੜ ਕਰਕੇ ਦੋਸ਼ ਹਵਾਵਾਂ ਦੇ ਸਿਰ ਮੜ੍ਹਿਆ।

ਇਸ ਤੋਂ ਅੱਗੇ ਬੰਦ ਗਲ਼ੀ ਹੈ ਏਨੀ ਭੀੜੀ, ਮੁੜ ਨਹੀਂ ਹੋਣਾ,
ਸੰਭਲ ਜਾਹ ਓ ਸ਼ਾਹ ਅਸਵਾਰਾ, ਤੂੰ ਦੱਸ ਕਿਹੜੇ ਰਾਹ ਨੂੰ ਫੜਿਆ।

1

## ਹਰ ਰਿਸ਼ਤੇ ਦਾ ਵੱਖਰਾ ਚਿਹਰਾ

ਹਰ ਰਿਸ਼ਤੇ ਦਾ ਵੱਖਰਾ ਚਿਹਰਾ, ਪਰ ਮਮਤਾ ਦੀ ਮੂਰਤ ਮਾਂ ਹੈ।
ਸਬਰ, ਸਿਦਕ, ਸੰਤੋਖ, ਸਮਰਪਣ, ਸ਼ਕਤੀ ਇਸ ਦਾ ਦੂਜਾ ਨਾਂ ਹੈ।

ਹਰ ਪਲ ਹੁਣ ਵੀ ਅੰਗ ਸੰਗ ਰਹਿੰਦੀ ਰਾਮ ਕਾਰ ਚਉਗਿਰਦ ਹਮਾਰੇ,
ਚਿਰ ਹੋਇਆ ਹੈ ਤੁਰ ਗਈ ਭਾਵੇਂ ਅੱਜ ਵੀ ਸਾਡੇ ਸਿਰ ਤੇ ਛਾਂ ਹੈ।

ਸਾਰਾ ਵਿਸ਼ਵ ਕਲਾਵੇ ਭਰ ਕੇ ਏਹੀ ਸਬਕ ਪੜ੍ਹਾਉਂਦੀ ਰਹਿੰਦੀ,
ਨਾਸ਼ਮਾਨ ਹੈ ਸਾਡੀ ਹਸਤੀ, ਭਰਮ-ਜਾਲ ਸਭ ਸ਼ਹਿਰ ਗਿਰਾਂ ਹੈ।

ਸਿਰ ਤੋਂ ਪੈਰਾਂ ਤੀਕਰ ਹਰ ਪਲ ਸਾਡੇ ਲਈ ਅਰਦਾਸਾਂ ਕਰਦੀ,
ਧਰਤੀ ਜੇਡੀ ਬੁੱਕਲ ਵਾਲੀ, ਆਪਣੇ ਲਈ ਨਾ ਰੱਖਦੀ ਥਾਂ ਹੈ।

ਸਾਡੇ ਸੌਣ ਤੋਂ ਮਗਰੋਂ ਸੌਂਦੀ, ਜਾਗਣ ਤੋਂ ਪਹਿਲਾਂ ਇਹ ਜਾਗੇ,
ਅਰਧੰਗੀ ਉਸ ਮਾਂ ਨੂੰ ਆਖਣ ਵੇਖ ਲਵੋ ਕਿੱਡਾ ਅਨਿਆਂ ਹੈ।

ਮਿੱਟੀ ਨੇ ਖ਼ੁਰਨਾ ਤੇ ਭੁਰਨਾ ਮਿੱਟੀ ਵਿੱਚ ਸਮਾਉਣਾ ਭਾਵੇਂ,
ਮਮਤਾ ਦੀ ਤਾਂ ਮਹਿਕ ਸਦੀਵੀ ਮਰਨ ਜਨਮ ਤੋਂ ਬਹੁਤ ਪਰ੍ਹਾਂ ਹੈ।

ਇੱਕੋ ਇੱਕ ਓਂਕਾਰ ਦੇ ਵਾਂਗੂੰ ਸ਼ਬਦ ਸਰੂਪ ਸਿਖਾਵੇ ਸਾਨੂੰ,
ਜਿਸ ਦੀ ਲੋਰੀ ਵਿਸ਼ਵ-ਗਾਨ ਹੈ, ਕੌਣ ਕਹੇ ਬੇ-ਜੀਭੀ ਗਾਂ ਹੈ।

1

੦

## ਦਿੱਲੀਏ ਤੇਰੀ ਕਬਰ ਤੇ ਖਿੜਦੇ

ਦਿੱਲੀਏ ਤੇਰੀ ਕਬਰ ਤੇ ਖਿੜਦੇ ਕਾਲ਼ੇ ਕਿਉਂ ਗੁਲਾਬ ਤੂੰ ਸੋਚ।
ਸਦੀਆਂ ਪੁੱਛ ਕੇ ਥੱਕ ਗਈਆਂ ਨੇ ਕਿਉਂ ਨਾ ਦਏਂ ਜਵਾਬ, ਤੂੰ ਸੋਚ।

ਇੱਕ ਧਰਤੀ, ਕਾਨੂੰਨ ਅਨੇਕਾਂ ਇਹ ਇਨਸਾਫ਼ ਤੂੰ ਕਿੱਥੋਂ ਸਿੱਖਿਆ,
ਬਾਂਦਰ ਵਰਕੇ ਪਾੜ ਰਹੇ, ਮੁੜ ਕਿੱਸਰਾਂ ਜੁੜੂ ਕਿਤਾਬ, ਤੂੰ ਸੋਚ।

ਜ਼ਰਬਾਂ ਤੇ ਤਕਸੀਮਾਂ ਕਰਦੇ ਇਹ ਗੱਲ ਭਲੀਏ ਭੁੱਲੀ ਕਿਉਂ ਤੂੰ,
ਰਕਮ ਅਧੂਰੀ, ਢੰਗ ਵੀ ਟੇਢਾ, ਮਿਲਣਾ ਗ਼ਲਤ ਜਵਾਬ, ਤੂੰ ਸੋਚ।

ਮੇਰੇ ਖੰਭੀਂ ਰੱਸੀਆਂ ਬੰਨ੍ਹ ਕੇ, ਨਾ ਕਰ ਇੰਜ ਪਰਵਾਜ਼ ਨੂੰ ਕੈਦੀ,
ਕੰਢਿਆਂ ਵਿੱਚ ਦਰਿਆ ਨਾ ਰਹਿੰਦੇ ਪਿੰਜਰੇ ਕਦੇ ਉਕਾਬ, ਤੂੰ ਸੋਚ।

ਤੀਰ ਕਮਾਨੇ, ਨਜ਼ਰ ਨਿਸ਼ਾਨੇ ਸ਼ੁਭ ਕਰਮਨ ਦਾ ਨਿਸ਼ਚਾ ਕਰਕੇ,
ਆਪਣਾ ਮਾਸ ਬਚਾਉਂਦਾ ਫਿਰਦਾ ਖੜਗਭੁਜਾ ਪੰਜਾਬ, ਤੂੰ ਵੇਖ।

ਹਰ ਮੈਦਾਨ ਫ਼ਤਹਿ ਦਾ ਪਰਚਮ ਧਰਦੇ ਸੀਸ ਤਲੀ ਤੇ ਜਿਹੜੇ,
ਓਹੀ ਸੱਜਣ ਆਪ ਉਜਾੜੇਂ ਲਾ ਕੇ ਗਲਤ ਹਿਸਾਬ, ਤੂੰ ਸੋਚ।

ਕਿੱਥੇ ਸਨ ਕੁਰਬਾਨੀ ਵੇਲੇ, ਜਦ ਸੰਗਲਾਂ ਵਿੱਚ ਜਕੜੀ ਮਾਂ ਸੀ,
ਖ਼ਾਨ ਬਹਾਦਰ ਇਹ ਰਾਏਜ਼ਾਦੇ, ਕੁਰਸੀ ਪੂਤ ਨਵਾਬ, ਤੂੰ ਸੋਚ।

1

੦

## ਵਕਤ ਹਮੇਸ਼ਾਂ ਲਿਖ ਸਮਝਾਵੇ

ਵਕਤ ਹਮੇਸ਼ਾਂ ਲਿਖ ਸਮਝਾਵੇ ਪਰ ਕਾਹਲੀ ਵਿੱਚ ਅਸੀਂ ਨਾ ਪੜ੍ਹੀਏ।
ਪੜ੍ਹਦੇ ਹਾਂ ਪਰ ਅਸਰ ਨਾ ਕਰੀਏ ਦਿਲ ਅੰਦਰ ਇਹ ਕਦੇ ਨਾ ਜੜੀਏ।

ਪੱਤੇ ਉੱਪਰ ਸਬਕ ਲਿਖੇ ਨੇ ਕਾਦਰ ਨੇ ਖ਼ੁਦ ਆਪਣੇ ਹੱਥੀਂ,
ਜੇ ਸਾਹਾਂ ਵਿੱਚ ਸ਼ਾਮਿਲ ਕਰੀਏ ਆਪਣੀ ਅੱਗ ਕਦੇ ਨਾ ਸੜੀਏ।

ਜਿਹੜੀ ਵੈਰਨ ਦਸਤਕ ਦੇਵੇ ਘੜੀ ਮੁੜੀ ਬੂਹਿਆਂ ਨੂੰ ਭੰਨੇ,
ਅੱਖੀਆਂ ਮੀਟ ਨਾ ਬਣੋ ਕਬੂਤਰ ਬਿੱਲੀ ਦੇ ਅੱਗੇ ਤਾਂ ਅੜੀਏ।

ਬਹੁਤ ਵਿਕਾਰ ਵਿਚਾਰਾਂ ਅੰਦਰ ਆਣ ਵੜੇ ਤੰਦ ਮੈਲ਼ ਦੇ ਵਾਂਗੂੰ,
ਖ਼ੁਦ ਨੂੰ ਪਿੰਜੀਏ, ਕੱਤੀਏ ਮੁੜ ਕੇ, ਹਸਤੀ ਭੰਨੀਏ, ਗੁੰਨ੍ਹੀਏ, ਘੜੀਏ।

ਯਾਰ ਗ਼ਲੀ ਵਿੱਚ ਸੀਸ ਤਲੀ ਤੇ ਵਡਪੁਰਖਾਂ ਜੋ ਕਰ ਦਿਖਲਾਇਆ,
ਦੂਜਿਆਂ ਨੂੰ ਨਾ ਸਬਕ ਪੜ੍ਹਾਈਏ, ਚਰਖ਼ ਸਮੇਂ ਤੇ ਆ ਜਾ ਚੜ੍ਹੀਏ।

ਪਤਾ ਨਹੀਂ ਕਿਉਂ ਚੜ੍ਹਦੇ ਸੂਰਜ ਜ਼ਾਲਮ ਚਿਹਰਾ ਲੈ ਕੇ ਆਵੇ,
ਬਾਸਮਤੀ ਦੀਆਂ ਮੁੰਜਰਾਂ ਵਾਂਗੂੰ ਗੜ੍ਹੇਮਾਰ ਦੇ ਹੱਥੋਂ ਝੜੀਏ।

ਆਸਾ ਜੀਵੇ ਮਰੇ ਨਿਰਾਸਾ ਮਹਿੰਗਾ ਨੁਕਤਾ ਜੀਵਨ-ਪੂੰਜੀ,
ਮੇਰਾ ਭਲ਼ਕ ਉਮੀਦਾਂ ਵਾਲਾ ਰੰਗਲਾ ਪੱਲੂ ਘੁੱਟ ਕੇ ਫੜੀਏ।

1

੦

## ਨੈਣਾਂ ਦੀ ਇਹ ਝੀਲ ਬਲੌਰੀ

ਨੈਣਾਂ ਦੀ ਇਹ ਝੀਲ ਬਲੌਰੀ, ਅੱਗੇ ਪਰਦੇ ਲਾਇਆ ਨਾ ਕਰ।
ਬਲ਼ਣ ਦਿਆ ਕਰ ਨੈਣ ਮਤਾਬੀ, ਕਾਲ਼ੀ ਐਨਕ ਲਾਇਆ ਨਾ ਕਰ।

ਰਾਤ ਹਨ੍ਹੇਰੀ ਅੰਦਰ ਜੁਗਨੂੰ, ਵਾਹੁੰਦੇ ਵੇਖ ਲਕੀਰਾਂ ਅੰਬਰੀਂ,
ਇਸ ਅਣਮੁੱਲੇ ਮਹਿੰਗੇ ਪਲ ਨੂੰ, ਵੇਖ ਲਿਆ ਕਰ, ਜ਼ਾਇਆ ਨਾ ਕਰ।

ਲੰਘ ਚੱਲੀ ਏ ਉਮਰ ਮਿਲੇ ਬਿਨ, ਇਹ ਰਿਸ਼ਤਾ ਵੀ ਕੈਸਾ ਰਿਸ਼ਤਾ,
ਚੱਲ ਏਨਾ ਤੂੰ ਕਰਮ ਕਮਾ ਦੇ, ਸੁਪਨੇ ਵਿੱਚ ਵੀ ਆਇਆ ਨਾ ਕਰ।

ਬਿਨਾ ਹੁੰਗਾਰਾ ਬਾਤ ਬਣੇ ਨਾ, ਤੁਰੇ ਵਾਰਤਾ ਅੱਗੇ ਕਿੱਦਾਂ,
ਕਦੇ ਕਦਾਈਂ ਚੱਲ ਹੋਇਆ ਪਰ, ਜਿੰਦ ਨੂੰ ਰੋਜ਼ ਸਤਾਇਆ ਨਾ ਕਰ।

ਵੇਖ ਕਿਆਰੀ ਅੰਦਰ ਕਿੱਦਾਂ, ਮੰਗਦੇ ਤੈਥੋਂ ਫੁੱਲ ਖੁਸ਼ਬੋਈਆਂ,
ਤੂੰ ਚੁੱਪ ਕਰਕੇ ਕੋਲੋਂ ਲੰਘ ਜੇਂ, ਏਨਾ ਕਹਿਰ ਕਮਾਇਆ ਨਾ ਕਰ।

ਮੱਥੇ ਦਮਕੇ ਚੰਨ ਦਾ ਟਿੱਕਾ, ਨੂਰੋ ਨੂਰ ਦਿਸ਼ਾਵਾਂ ਚਾਰੇ,
ਚੰਦਰਮਾ ਤੇ ਚੰਦਰਮਾ ਤੂੰ ਏਸ ਤਰ੍ਹਾਂ ਚਿਪਕਾਇਆ ਨਾ ਕਰ।

ਅੱਗੇ ਕਦਮ ਵਧਾਵਾਂ ਜਾਂ ਮੈਂ ਪਿੱਛੇ ਮੁੜ ਜਾਂ ਚੁੱਪ-ਚੁਪੀਤੇ,
ਪਾਰੇ ਵਰਗਾ ਤਰਲ ਜਿਹਾ ਮਨ ਦੋਚਿੱਤੀ ਵਿੱਚ ਪਾਇਆ ਨਾ ਕਰ।

1

੦

## ਇਨਕਲਾਬ ਦੀ ਪਹਿਲੀ ਝਲਕੀ

ਇਨਕਲਾਬ ਦੀ ਪਹਿਲੀ ਝਲਕੀ, ਵੇਖ ਲਈ ਹੈ ਬੱਲੇ ਬੱਲੇ।
ਸੂਰਮਿਆਂ ਦੀ ਹੇੜ੍ਹ ਬੈਠ ਗਈ, ਦਿੱਲੀ ਦੀ ਮੰਜੀ ਦੇ ਥੱਲੇ।

ਭਗਤ ਸਿੰਹਾਂ ਤੂੰ ਇਹ ਨਾ ਸੋਚੀਂ? ਮੇਰੇ ਵੀਰੇ ਕਿੱਧਰ ਤੁਰ ਪਏ,
ਵੇਖਣ ਨੂੰ ਹੀ ਦਿਸਣ ਕਾਫ਼ਲਾ, ਗ਼ਰਜ਼ਾਂ ਬੱਧੇ ਕੱਲ੍ਹੇ ਕੱਲ੍ਹੇ।

ਭੋਲੇ ਭਾਲੇ ਲੋਕ ਉਲਝ ਗਏ, ਕਿਸ ਨੂੰ ਸਕਾ ਸੋਧਰਾ ਕਹੀਏ,
ਜ਼ਿੰਦਗੀ ਫਿਰ ਬਘਿਆੜਾਂ ਦੇ ਵੱਸ, ਸਾਰੇ ਪੱਤਣ ਸ਼ੀਹਾਂ ਮੱਲੇ।

ਸੱਚੇ ਸੁੱਚੇ ਰੁਲ ਗਏ ਸਾਰੇ, ਕੂੜ ਫਿਰੇ ਪਰਧਾਨੀ ਕਰਦਾ,
ਬੇਸ਼ਰਮਾਂ ਸ਼ਰਮੀਲਾ* ਰੋਲ਼ੀ, ਰਹਿ ਗਈ ਸਿਰਫ਼ ਨਮੋਸ਼ੀ ਪੱਲੇ।

ਸੁਪਨੇ ਦਾ ਆਕਾਰ ਸਿਰਜਿਆ, ਮਨਚਾਹਿਆ ਫੁੱਲ ਜੇ ਨਾ ਖਿੜਿਆ,
ਫਿਰ ਆਵਾਂਗੇ ਅਗਲੇ ਮੌਸਮ, ਹੁਣ ਆਪਾਂ ਪਰਦੇਸੀ ਚੱਲੇ।

ਇਸ ਧਰਤੀ ਦਾ ਕਣ ਕਣ ਭੋਗੀ, ਤਾਂ ਹੀ ਫਿਰਦੀ ਅਕਲ ਵਿਯੋਗੀ,
ਹਉਮੈਂ ਦੇ ਪਰਬਤ ਨੇ ਪੈਰੀਂ, ਪਟਕ ਰਹੇ ਸਿਰ ਹੋ ਗਏ ਝੱਲੇ।

ਵੋਟ ਮਸ਼ੀਨੀ ਲੈ ਕੇ ਭੁੱਲ ਗਏ, ਸਹਿਜ-ਸਲੀਕਾ ਸੁਹਜ ਸਮਰਪਣ,
ਓਸ ਖੁਸ਼ੀ ਦੀ ਉਮਰਾ ਥੋੜ੍ਹੀ ਜੋ ਮਿਲਦੀ ਹੈ, ਪਹਿਲੇ ਹੱਲੇ।

1

(ਸ਼ਰਮੀਲਾ=ਮਨੀਪੁਰ ਦੀ ਇਨਕਲਾਬੀ ਮੁਟਿਆਰ)

०

## ਜ਼ਾਲਮ ਦੇ ਹੱਥ ਡੋਰ ਸਮੇਂ ਦੀ

ਜ਼ਾਲਮ ਦੇ ਹੱਥ ਡੋਰ ਸਮੇਂ ਦੀ ਸਰਹੰਦ ਦਾ ਵਿਸਥਾਰ ਹੋ ਗਿਆ।
ਕਿਸ ਦੇ ਦਰ ਤੇ ਦਸਤਕ ਦੇਵਾਂ, ਹਰ ਬੂਹਾ ਦੀਵਾਰ ਹੋ ਗਿਆ।

ਔਰੰਗਜ਼ੇਬ ਅਜੇ ਵੀ ਜੀਵੇ, ਤੇਰੇ ਮੇਰੇ ਸਭ ਦੇ ਅੰਦਰ,
ਸੁਪਨੇ ਨੀਹਾਂ ਦੇ ਵਿਚ ਚਿਣਦੈ, ਹਰ ਬੰਦਾ ਸਰਕਾਰ ਹੋ ਗਿਆ।

ਰਾਤ ਗਈ, ਤਾਰੇ ਵੀ ਤੁਰ ਗਏ, ਸੂਰਜ ਚੜ੍ਹਿਆ, ਉਹ ਨਾ ਆਇਆ,
ਜਿਸਨੂੰ ਲੱਭਦੇ ਉਮਰ ਗਵਾਚੀ, ਸੱਤ ਸਮੁੰਦਰ ਪਾਰ ਹੋ ਗਿਆ।

ਨਰਮ ਕਰੂੰਬਲ ਸੱਜਰੀ ਕੋਮਲ, ਦਰਦ ਦਿਲੇ ਦਾ ਬੋਟ ਜਿਹਾ ਸੀ,
ਹੁਣ ਤਾਂ ਮੁਸ਼ਕਿਲ ਕਾਬੂ ਕਰਨਾ, ਇਹ ਤਾਂ ਬਹੁਤ ਉਡਾਰ ਹੋ ਗਿਆ।

ਮਾਂ ਬੋਲੀ, ਮਾਂ ਧਰਤੀ, ਤੀਜੀ ਮਾਤਾ ਮੇਰੀ ਪੁੱਛਦੀ ਮੈਨੂੰ,
ਪਹਿਰੇਦਾਰਾ! ਤੇਰੇ ਹੁੰਦਿਆਂ, ਤਾਣਾ ਤਾਰੋ -ਤਾਰ ਹੋ ਗਿਆ।

ਵੇਚੇ ਨਾਅਰੇ, ਲਾਰੇ ਕਿੰਨੇ, ਉੱਡਣੇ ਪੰਛੀ ਪਿੰਜਰੇ ਤਾੜੇ,
ਮੇਰੇ ਅੰਦਰ ਬੈਠਾ ਹਾਕਮ, ਕਿੰਨਾ ਤੇਜ਼ ਤਰਾਰ ਹੋ ਗਿਆ।

ਚਾਂਦੀ ਵਾਲਾ ਗੋਲ ਰੁਪਈਆ, ਬਣਿਆ ਸਭ ਦਾ ਬਾਬਲ ਮੱਈਆ,
ਅਣਖ਼ ਗੁਆ ਕੇ ਕਣਕਾਂ ਬਦਲੇ, ਬੰਦਾ ਸਿਰ ਦੇ ਭਾਰ ਹੋ ਗਿਆ।

1

०

## ਪਾਕਿਪਟਨ ਮੈਂ ਆ ਨਹੀਂ ਸਕਿਆ

ਪਾਕਿਪਟਨ ਮੈਂ ਆ ਨਹੀਂ ਸਕਿਆ ਆਪਣੇ ਪਿੰਡ ਤੋਂ ਯਾਰ ਫ਼ਰੀਦਾ।
ਚੰਗਾ ਕੀਤਾ, ਦਰਸ਼ਨ ਦਿੱਤੇ ਲਹਿ ਗਿਆ ਰੂਹ ਤੋਂ ਭਾਰ ਫ਼ਰੀਦਾ।

ਅੱਠ ਸਦੀਆਂ ਸੌ ਬਾਦ ਅਜੇ ਵੀ ਮਾਂ ਬੋਲੀ ਗੋਲੀ ਦੀ ਗੋਲੀ,
ਸਾਡੇ ਹਾਕਮ ਨੂੰ ਸਮਝਾਈਂ ਜੋੜੀਂ ਟੁੱਟੀ ਤਾਰ ਫ਼ਰੀਦਾ।

ਵੇਦ ਕਤੇਬ ਸੁਣਾ ਕੇ ਸਾਨੂੰ, ਲੈਣ ਪਦਾਰਥ ਸ਼ਰਧਾ ਬਦਲੇ,
ਪੰਡਿਤ ਮੁੱਲਾਂ ਭਾਈਆਂ ਨੂੰ ਕਹਿ, ਧਰਮ ਨਹੀਂ ਰੁਜ਼ਗਾਰ ਫ਼ਰੀਦਾ।

ਰਾਜ ਕਰਦਿਆਂ ਲੋਕਾਂ ਨੇ ਹੁਣ, ਸਗਲ ਪੁਜਾਰੀ ਕੀਲ ਬਿਠਾਏ,
ਮਰਯਾਦਾ ਤੇ ਸ਼ਰਮ ਵਿਸਾਰੀ, ਕਰਦੇ ਮਾਰੋ ਮਾਰ ਫ਼ਰੀਦਾ।

ਧਰਮਸਾਲ ਚੋਂ ਧਰਮ ਗੁਆਚਾ, ਸ਼ਬਦ ਹਨ੍ਹੇਰੇ ਅੰਦਰ ਡੁੱਬਿਆ,
ਸਿਰ ਬੱਧੀ ਦਸਤਾਰ ਪਾਟ ਗਈ, ਚੁੰਨੀ ਤਾਰੋ ਤਾਰ ਫ਼ਰੀਦਾ।

ਸ਼ੱਕਰ ਗੰਜ ਨੂੰ ਮੁਸਲਿਮ ਆਖਣ, ਮੈਨੂੰ ਸਿੱਖ, ਈਸਾਈ, ਹਿੰਦੂ,
ਕਿੱਥੋਂ ਕਿੱਧਰ ਤੁਰ ਪਏ ਸਾਰੇ, ਇਹ ਮੇਰੇ ਮਨ ਭਾਰ ਫ਼ਰੀਦਾ।

ਤੇਰੇ ਤੋਂ ਦੱਸ ਕਾਹਦਾ ਓਹਲਾ, ਕੂੜਾ ਵਣਜ ਵਿਹਾਜ ਰਹੇ ਹਾਂ,
ਭਟਕਣ ਵਿੱਚ ਹੈ ਏਸੇ ਕਰਕੇ, ਸਾਡਾ ਦਿਲ -ਦਰਬਾਰ ਫ਼ਰੀਦਾ।

ਤੇਰੀ ਬਖ਼ਸ਼ੀ ਮਿੱਠੀ ਬਾਣੀ, ਮਾਖਿਉਂ ਹੈ ਵਿਸਮਾਦ ਸਦੀਵੀ,
ਤਾਂਹੀਂਉਂ ਹਰ ਪਲ ਤਾਰ ਟੁਣਕਦੀ, ਰੂਹ ਦੇ ਅੰਦਰਵਾਰ ਫ਼ਰੀਦਾ।

ਬਾਬਾ ! ਤੂੰ ਤੇ ਸ਼ਬਦ ਹਿਮਾਲਾ, ਪਹਿਲ ਪਲੇਠੀ ਨੂਰੀ ਟੀਸੀ,
ਜਿੰਨੀ ਵਾਰ ਪੜ੍ਹਾਂ ਜਾਂ ਸੁਣਦਾਂ, ਮੈਂ ਜਾਵਾਂ ਬਲਿਹਾਰ ਫ਼ਰੀਦਾ।

1

## ਡੋਲ ਰਿਹਾ ਕਿਉਂ ਮੇਰੇ ਹੁੰਦਿਆਂ

ਡੋਲ ਰਿਹਾ ਕਿਉਂ ਮੇਰੇ ਹੁੰਦਿਆਂ, ਤੇਰਾ ਦੀਨ ਈਮਾਨ ਬਾਬਲਾ।
ਪੈਰਾਂ ਥੱਲੇ ਮਾਂ ਧਰਤੀ ਹੈ, ਸਿਰ ਛਤਰੀ ਅਸਮਾਨ ਬਾਬਲਾ।

ਮੈਂ ਤੇਰੀ ਅੱਖ ਵਿੱਚੋਂ ਪੜ੍ਹਿਆ, ਦਰਦ ਇਬਾਰਤ ਅੰਦਰ ਲਿਖਿਆ,
ਅਗਨ ਲਗਨ ਦੀ ਸ਼ਕਤੀ ਵਰਗੀ ਧੀ ਤੇਰੀ ਇਨਸਾਨ ਬਾਬਲਾ।

ਛਾਂਗੇ ਤੂਤ ਉਦਾਸ ਨਾ ਹੁੰਦੇ, ਪਿਆਂ ਫੁਟਾਰਾ ਫੁੱਟ ਪੈਂਦੇ ਨੇ,
ਤੂੰ ਤੇ ਸਾਬਤ, ਦੱਸ ਤੂੰ ਕਿਹੜਾ, ਤੈਥੋਂ ਹੈ ਧਨਵਾਨ ਬਾਬਲਾ।

ਮਨ ਪਰਦੇਸੀ ਹੋਣ ਨਾ ਦੇਵੀਂ, ਭਾਵੇਂ ਸਾਰਾ ਕੁਝ ਵਹਿ ਚੱਲਿਆ,
ਸਾਰਾ ਕੁਝ ਕਰ ਸਕਦੀ ਹਿੰਮਤ, ਸੋਚੀਂ ਕਿਉਂ ਗੁਲਤਾਨ ਬਾਬਲਾ।

ਚਿੰਤਾ ਰੋਗ ਸਿਉਂਕ ਤੇ ਚੰਦਰਾ, ਅੰਦਰੋਂ ਅੰਦਰੀ ਖਾ ਜਾਂਦਾ ਹੈ,
ਹਰ ਮੁਸ਼ਕਿਲ ਨੂੰ ਵਾਂਗ ਚੁਣੌਤੀ ਕਰਿਆ ਕਰ ਪਰਵਾਨ ਬਾਬਲਾ।

ਕੁਝ ਵੀ ਕੋਲੋਂ ਮੈਂ ਨਾ ਆਖਾਂ, ਓਹੀ ਦੱਸਾਂ ਪੜ੍ਹਿਆ ਹੈ ਜੋ,
ਤੀਜੇ ਨੇਤਰ ਵਾਚੇ ਜਿਹੜੇ, ਗੂੜ੍ਹ ਗਰੰਥ -ਗਿਆਨ ਬਾਬਲਾ।

ਆਤਮ ਬਲ ਵਿਸ਼ਵਾਸ ਦੀ ਤਾਕਤ ਲੋਹਿਉਂ ਪਾਰਸ ਕਰ ਦੇਂਦੀ ਹੈ,
ਦੋ ਚਿੱਤੀ ਦਰਬਾਨ ਬਣਾਵੇ, ਤਖ਼ਤਾਂ ਦੇ ਸੁਲਤਾਨ ਬਾਬਲਾ।

1

## ਮਾਂ ਤੇਰੇ ਦਰਦਾਂ ਨੇ ਦੱਸਿਐ

ਮਾਂ ਤੇਰੇ ਦਰਦਾਂ ਨੇ ਦੱਸਿਐ, ਉੱਜੜਿਆਂ ਦੇ ਘਰ ਨਹੀਂ ਹੁੰਦੇ।
ਘਰ ਜੇ ਹੋਵਣ ਉਨ੍ਹਾਂ ਦੇ ਫਿਰ, ਖੁੱਲ੍ਹਦੇ ਕੌਲ਼ਿਆਂ ਦਰ ਨਹੀਂ ਹੁੰਦੇ।

ਡਾਰੋਂ ਵਿੱਛੜੀ ਕੂੰਜ ਇਕੱਲ੍ਹੀ, ਜੀਵੇ ਤਾਂ ਕਿਸ ਆਸ ਤੇ ਜੀਵੇ,
ਪੀੜਾਂ ਵਿੰਨ੍ਹੇ ਪੰਛੀ ਪੱਲੇ, ਉੱਡਣ ਜੋਗੇ ਪਰ ਨਹੀਂ ਹੁੰਦੇ।

ਚਿੜੀਆਂ ਮੌਤ ਗੰਵਾਰਾਂ ਹਾਸਾ ਮਹਿੰਗੇ ਮੋਤੀ ਅੱਖ ਦੇ ਅੱਥਰੂ,
ਬੇਕਦਰੇ ਪੱਥਰਾਂ ਦੇ ਅੱਗੇ, ਮੈਥੋਂ ਐਵੇਂ ਧਰ ਨਹੀਂ ਹੁੰਦੇ।

ਮੈਂ ਕੀ ਆਖਿਆ, ਤੂੰ ਕੀ ਸੁਣਿਆ, ਇਸ ਤੋਂ ਅੱਗੇ ਪੁੱਛ ਨਾ ਮੈਨੂੰ,
ਹੰਝੂਆਂ ਦਾ ਅਨੁਵਾਦ ਕਰਦਿਆਂ ਐਵੇਂ ਹੌਕੇ ਭਰ ਨਹੀਂ ਹੁੰਦੇ।

ਪੀੜਾਂ ਦੇ ਇਹ ਢੇਰ ਪੁਰਾਣੇ ਸਿਖ਼ਰ ਚੋਟੀਆਂ ਵਾਲੇ ਪਰਬਤ,
ਤੁਰਨੋਂ ਪਹਿਲਾਂ ਥੱਕਿਆਂ ਕੋਲੋਂ ਸਾਰੀ ਉਮਰਾ ਸਰ ਨਹੀਂ ਹੁੰਦੇ।

ਰੂਹ ਵਿੱਚ ਤੜਫ਼ੇ ਕਿੰਨਾ ਕੁਝ ਹੀ, ਲਾਵਾ ਇਸਦੇ ਹੇਠਾਂ ਜਾਪੇ,
ਕਾਗ਼ਜ਼ ਦੀ ਬੇੜੀ ਦੇ ਕੋਲੋਂ ਦਰਦ-ਸਮੁੰਦਰ ਤਰ ਨਹੀਂ ਹੁੰਦੇ।

ਆ ਜਾ ਸੁਰਤਿ ਇਕਾਗਰ ਕਰੀਏ, ਪਾਈਏ ਬਾਤ, ਹੁੰਗਾਰਾ ਭਰੀਏ,
ਰੂਹ ਤੋਂ ਰੂਹ ਵਿਚਕਾਰ ਦੇ ਪੈਂਡੇ ਦੋਚਿੱਤੀ ਵਿੱਚ ਕਰ ਨਹੀਂ ਹੁੰਦੇ।

1

o

## ਜੇਕਰ ਵਿਦਿਆ ਵਰਤੀ ਹੀ ਨਾ

ਜੇਕਰ ਵਿਦਿਆ ਵਰਤੀ ਹੀ ਨਾ, ਕਿਹੜੇ ਕੰਮ ਕਿਤਾਬਾਂ ਪੜ੍ਹੀਆਂ।
ਬੋਝ ਢੋਂਦਿਆਂ ਉਮਰ ਗੁਜ਼ਾਰੀ, ਟੁੱਟੀਆਂ ਨਾ ਜੰਜ਼ੀਰਾਂ, ਕੜੀਆਂ।

ਹੇ ਗਿਆਨੀ, ਵਿਗਿਆਨੀ ਵੀਰਾ, ਝਾਤੀ ਮਾਰ ਕਦੇ ਮਨ ਅੰਦਰ,
ਵਕਤ ਖਲੋਤਾ ਫੜਦਾ ਕਿਉਂ ਨਹੀਂ, ਵਾਹੋਦਾਹੀ ਭੱਜਣ ਘੜੀਆਂ।

ਵਕਤ ਜਿਵੇਂ ਦਰਿਆ ਵਹਿੰਦਾ ਹੈ, ਹਰ ਪਲ ਬਦਲਣਹਾਰ ਹੈ ਪਾਣੀ,
ਪੁਲ ਦੇ ਥੱਲਿਉਂ ਕੁਝ ਪਲ ਪਹਿਲਾਂ, ਲੰਘੀਆਂ ਲਹਿਰਾਂ ਕਿਸ ਨੇ ਫੜੀਆਂ।

ਕਿਸ ਧਰਤੀ ਪੁਰ ਤੈਨੂੰ ਮੈਨੂੰ ਖਿੜਨਾ ਪੈ ਗਿਆ ਮਹਿਕਣ ਖ਼ਾਤਰ,
ਧਰਮ ਕਰਮ ਕਹਿ ਕਰਦੇ ਜਿੱਥੇ ਅਗਨ ਭੇਂਟ ਫੁੱਲਾਂ ਦੀਆਂ ਲੜੀਆਂ।

ਦਰਦਾਂ ਦਾ ਦਰਿਆ ਵਗਦਾ ਹੈ ਮੇਰੇ ਅੰਦਰ ਰੂਹ ਦੇ ਵੱਲ ਨੂੰ,
ਬਾਹਰਵਾਰ ਤਾਂ ਏਹੀ ਦਿਸਦਾ ਨੈਣਾਂ ਵਿੱਚੋਂ ਲੱਗੀਆਂ ਝੜੀਆਂ।

ਟਿਕ ਟਿਕ ਟਿਕ ਸੁਣੇ ਨਿਰੰਤਰ, ਸਮਿਆਂ ਦੀ ਧੜਕਣ ਤੇ ਸੂਈਆਂ,
ਕੰਧ -ਘੜੀ ਤੇ ਦੋਵੇਂ ਅੜ ਕੇ ਵੇਖ ਕਿਵੇਂ ਇੱਕੋ ਥਾਂ ਖੜ੍ਹੀਆਂ।

ਗ਼ਰਜ਼ਾਂ ਦੀ ਥਾਂ ਫ਼ਰਜ਼ ਪਛਾਣੇ, ਸੀਸ ਤਲੀ ਤੇ ਜਿੰਨ੍ਹਾਂ ਧਰਿਆ,
ਸੂਰਜ ਦਾ ਪਰਿਵਾਰ, ਹਸਤੀਆਂ ਵਕਤ-ਫਰੇਮ 'ਚ ਓਹੀ ਜੜੀਆਂ।

1

o

## ਉਹ ਹਿੱਕੜੀ ਵੀ ਕਾਹਦੀ ਹਿੱਕੜੀ

ਉਹ ਹਿੱਕੜੀ ਵੀ ਕਾਹਦੀ ਹਿੱਕੜੀ, ਜਿਸ ਵਿੱਚ ਲੱਗਿਆ ਤੀਰ ਨਹੀਂ ਹੈ।
ਉਹ ਅੱਖ ਭਲਿਉ ਪੱਥਰ-ਡੇਲਾ, ਜਿਸ 'ਚੋਂ ਵਹਿੰਦਾ ਨੀਰ ਨਹੀਂ ਹੈ।

ਦਰਦਾਂ ਦੇ ਦਰਿਆ ਦੇ ਕੰਢੇ, ਬੈਠ ਰਿਹਾਂ ਏਂ ਅਣਭਿੱਜਿਆ ਹੀ,
ਆਪਣਾ ਰੋਗ ਪਛਾਣ ਜੇ ਤੇਰਾ ਹੁਣ ਵੀ ਦਿਲ-ਦਿਲਗੀਰ ਨਹੀਂ ਹੈ।

ਘਰ ਤੋਂ ਘਰ ਦੇ ਤੀਕ ਉਮਰ ਦਾ ਸਾਰਾ ਪੈਂਡਾ ਚਾਰ ਕਦਮ ਹੀ,
ਪਰ ਏਨੀ ਗੱਲ ਕਦੇ ਨਾ ਭੁੱਲੀਂ, ਕੋਈ ਵੀ ਕਦਮ ਅਖ਼ੀਰ ਨਹੀਂ ਹੈ।

ਇਹ ਤਾਂ ਐਵੇਂ ਰਾਹ ਵਿੱਚ ਰਲ਼ਿਆ, ਵੇਖੀਂ, ਤੂੰ ਨਾ ਪਵੀਂ ਕੁਰਾਹੇ,
ਗੁੱਸਾ ਤਾਂ ਚੰਡਾਲ ਭਰਾਵਾ, ਇਹ ਤੇਰਾ ਹਮਸ਼ੀਰ ਨਹੀਂ ਹੈ।

ਵੈਰੀ ਹੱਥ ਤਲਵਾਰ ਹਮੇਸ਼ਾਂ, ਕਿਰਪਾਲੂ ਕਿਰਪਾਨ ਧਾਰਦਾ,
ਜ਼ਾਲਮ ਕੋਲ ਕਦੇ ਵੀ ਹੁੰਦੀ ਹੱਕ ਸੱਚ ਦੀ ਸ਼ਮਸ਼ੀਰ ਨਹੀਂ ਹੈ।

ਕਿੰਨੇ ਦਰਦਾਂ ਵਿੰਨ੍ਹਿਆ ਕਿੱਦਾਂ, ਦੱਸੇ ਗੁਰ ਦਸਮੇਸ਼ ਵਾਰਤਾ,
ਮਾਛੀਵਾੜੇ ਅੰਦਰ ਅੱਜ ਤਾਂ, ਐਸਾ ਜੰਡ ਕਰੀਰ ਨਹੀਂ ਹੈ।

ਐਵੇਂ ਹੀ ਬੱਸ ਦਿਲ ਭਰ ਆਇਆ, ਚੇਤੇ ਕਰਕੇ ਦਰਦ ਪੁਰਾਣੇ,
ਇਹ ਤਾਂ ਪਰਬਤ ਸਿੰਮਿਆਂ ਅੰਦਰੋਂ, ਮੇਰੀ ਅੱਖ ਵਿੱਚ ਨੀਰ ਨਹੀਂ ਹੈ।

1

ੳ

## ਆਹ ਫੜ ਸੂਰਜ ਆਹ ਫੜ ਕਿਰਨਾਂ

ਆਹ ਫੜ ਸੂਰਜ ਆਹ ਫੜ ਕਿਰਨਾਂ, ਖਿੜੇ ਗੁਲਾਬ ਨੇ ਤੇਰੇ ਲਈ।
ਸ਼ਾਮ ਢਲ਼ੇ ਤੋਂ ਮੋੜ ਦਿਆ ਕਰ, ਸਿਰਫ਼ ਚਿਰਾਗ ਬਨੇਰੇ ਲਈ।

ਅਗਨ ਲਗਨ ਨੂੰ ਜੰਦਰੇ ਅੰਦਰ, ਬੰਦ ਕਰੀਂ ਨਾ ਕਮਜ਼ਰਫ਼ਾ,
ਚੰਗਾ ਹੁੰਦੈ ਜਗਣਾ ਮਘਣਾ, ਹਰ ਪਲ ਚਾਰ ਚੁਫ਼ੇਰੇ ਲਈ।

ਇਹ ਅਣਖ਼ੀ ਇਤਿਹਾਸ ਤੇ ਵਿਰਸਾ, ਸਿਰਫ਼ ਢਾਡੀਆਂ ਖ਼ਾਤਰ ਨਾ,
ਚੰਗਾ ਭਲ਼ਕ ਸੰਵਾਰਨ ਖ਼ਾਤਰ, ਪੂੰਜੀ ਤੇਰੇ ਮੇਰੇ ਲਈ।

ਅੰਬਰ ਦੇ ਵਿੱਚ ਨਿੱਕੇ ਨਿੱਕੇ, ਇਹ ਜੋ ਤਾਰੇ ਟਿਮਕ ਰਹੇ,
ਪਹਿਰੇਦਾਰ ਖੜ੍ਹੇ ਨੇ ਇਹ ਸਭ, ਸਾਡੇ ਸੁਰਖ਼ ਸਵੇਰੇ ਲਈ।

ਹੱਥ ਕੜੀਆਂ. ਕਾਨੂੰਨ ਤੇ ਪਹਿਰਾ, ਸਿਰਫ਼ ਨਕਾਬ ਹਕੂਮਤ ਦਾ,
ਮੈਂ ਦਰਬਾਨੀ ਕਰਦੇ ਵੇਖੇ, ਇਹ ਸਭ ਚੋਰ ਲੁਟੇਰੇ ਲਈ।

ਜੇ ਜ਼ਿੰਦਗੀ ਨੂੰ ਵਾਂਗ ਬਗੀਚੇ, ਜਾਣ ਲਵੇਂ ਤੂੰ ਇੱਕ ਵਾਰੀ,
ਤੈਨੂੰ ਸਮਝ ਪਵੇਗੀ ਆਪੇ, ਫੁੱਲ ਨਾ ਸਿਰਫ਼ ਫੁਲੇਰੇ ਲਈ।

ਭਰਮ ਜਾਲ਼ ਨੂੰ ਸਮਝ ਲਿਆ ਕਰ ਤਾਣਾ ਬਾਣਾ ਬੱਦਲਾਂ ਦਾ,
ਸੁਰਮ-ਸਲੇਟੀ ਕੋਰ ਚਮਕਦੀ, ਇਹ ਚਾਨਣ ਦੇ ਘੇਰੇ ਲਈ।

1

ੳ

## ਰੰਗ ਬਰੰਗ ਗੁਬਾਰੇ ਏਥੇ

ਰੰਗ ਬਰੰਗ ਗੁਬਾਰੇ ਏਥੇ ਜ਼ਿੰਦਗੀ ਕਿਉਂ ਬਦਰੰਗ ਵੇ ਲੋਕਾ।
ਚਾਵਾਂ ਨੂੰ ਦੱਸ ਕੌਣ ਮਸਲਦਾ, ਕਰਦਾ ਖੱਜਲ ਤੰਗ ਵੇ ਲੋਕਾ।

ਹਰ ਸੱਸੀ ਦੇ ਪੈਰਾਂ ਥੱਲੇ ਅੱਜ ਵੀ ਤਪਦੀ ਰੇਤ ਥਲਾਂ ਦੀ,
ਹੀਰ ਦੇ ਲੇਖੀਂ ਅੱਜ ਵੀ ਨੀਂਗਰ, ਹਰ ਥਾਂ ਖੇੜੇ ਝੰਗ ਵੇ ਲੋਕਾ।

ਪੈਰ ਛਾਂਗ ਕੇ ਆਖੇ ਦੌੜੋ, ਖ਼ਬਰਦਾਰ ਜੇ ਪਿੱਛੇ ਰਹਿ ਗਏ,
ਖੇਡ- ਖਿਡਾਵੇ ਨੂੰ ਤਾਂ ਪੁੱਛੋ, ਇਹ ਦੱਸ ਕਿਹੜਾ ਢੰਗ ਵੇ ਲੋਕਾ।

ਜਬਰ ਜ਼ੁਲਮ ਦਾ ਭਰਿਆ ਭਾਂਡਾ, ਉੱਡ ਗਿਆ ਇਨਸਾਫ਼ ਧਰਤੀਓਂ,
ਧਰਤੀ ਵਾਲ਼ੇ ਕਿਹੜੇ ਵੇਲੇ ਛੇੜਨਗੇ ਹੁਣ ਜੰਗ ਵੇ ਲੋਕਾ।

ਰੋਕ ਲਵੋ ਇਹ ਕਰਨ ਮਜ਼ਾਕਾਂ, ਨਸਲੋਂ ਹੀਣੇ ਟੋਡੀ ਬੱਚੇ,
ਸੂਰਮਿਆਂ ਨੂੰ ਦੂਜੀ ਵਾਰੀ ਰਹੇ ਨੇ ਸੂਲ਼ੀ ਟੰਗ ਵੇ ਲੋਕਾ।

ਧਰਮ ਕਰਮ ਦਾ ਸੌਦਾ ਕਹਿ ਕੇ, ਵੇਚ ਰਹੇ ਨੇ ਵਿਸ਼ ਵਣਜਾਰੇ,
ਨਾਗ- ਸਿਆਸੀ ਮਾਰਨ ਸਾਨੂੰ ਦਿਲ ਤੇ ਜ਼ਹਿਰੀ ਡੰਗ ਵੇ ਲੋਕਾ।

ਪੈਰਾਂ ਹੇਠ ਸਲਾਮਤ ਧਰਤੀ, ਬਿਰਖ਼ ਬੂਟੇ ਨਾ ਮੁਰਝਾਵਣ,
ਸੁਪਨ- ਸੁਨਹਿਰੀ ਸਾਂਝਾ ਪਰਚਮ, ਸਾਡੀ ਏਹੀ ਮੰਗ ਵੇ ਲੋਕਾ।

1

o

## ਗੁਰੂ ਨਾਨਕ ਦੀ ਬਾਣੀ ਪੜ੍ਹਦਾਂ

ਗੁਰੂ ਨਾਨਕ ਦੀ ਬਾਣੀ ਪੜ੍ਹਦਾਂ, ਸਿਰ ਸੂਹੀ ਦਸਤਾਰ ਵੀ ਹੈ।
ਦਸਮ ਪਿਤਾ ਤਾਂ ਮੁਸ਼ਕਿਲ ਵੇਲੇ ਬੇਕਸੀਆਂ ਵਿੱਚ ਯਾਰ ਵੀ ਹੈ।

ਧਰਤੀ ਦੀ ਮਰਯਾਦਾ ਸਮਝਾਂ ਦੁੱਲਾ ਬੁੱਲਾ ਬੁੱਕਲ ਵਾਂਗ,
ਫਿਰ ਵੀ ਸੰਗਲ ਟੁੱਟਦੇ ਹੀ ਨਾ ਇਹਦਾ ਮਨ ਤੇ ਭਾਰ ਵੀ ਹੈ।

ਸਗਲ-ਸਮੁੰਦਰ ਅਸਗਾਹ ਭਟਕਣ, ਤਰਨ ਦੁਹੇਲਾ, ਪਰ,
ਯਾਰ ਪਿਆਰੇ ਨਾਲ ਪੁਗਾਉਣਾ, ਕੀਤਾ ਕੌਲ 'ਕਰਾਰ ਵੀ ਹੈ।

ਸਾਰੇ ਪੰਛੀ ਚੋਗ ਨਾ ਚੁਗਦੇ, ਸੀਸ ਤਲੀ ਵੀ ਧਰਦੇ ਨੇ,
ਨੰਗੀ ਅੱਖ ਨੂੰ ਦਿਸਦਾ ਨਾ ਜੋ, ਵੱਖਰਾ ਉਹ ਸੰਸਾਰ ਵੀ ਹੈ।

ਬੰਸਰੀਆਂ 'ਚੋਂ ਕਦੇ ਕਦੇ ਮੈਂ, ਦਰਦ ਕੀਰਨੇ ਸੁਣਦਾ ਹਾਂ,
ਰੂਹ ਦੇ ਬਿੰਦਰਾਬਨ ਵਿੱਚ ਬੈਠਾ ਮੇਰਾ ਕ੍ਰਿਸ਼ਨ ਮੁਰਾਰ ਵੀ ਹੈ।

ਕਾਨੇ, ਕਿਲਕਾਂ ਕਲਮਾਂ ਬਣ ਕੇ, ਬਾਲਣ ਬਣਨੋਂ ਬਚੀਆਂ ਨੇ,
ਏਸੇ ਕਰਕੇ ਸ਼ਬਦ ਜਣਦੀਆਂ, ਜੀਭਾ ਤਿੱਖੀ ਧਾਰ ਵੀ ਹੈ।

ਜਦੋਂ ਕਦੇ ਵੀ ਬਹੁਤ ਇਕੱਲ੍ਹਾ ਹੋ ਜਾਵਾਂ ਮਨ ਪੁੱਛਦਾ ਹੈ,
ਉੱਡਦੇ ਫੰਬੇ ਚੁਗਦਾ ਫਿਰਦੈਂ, ਤੈਨੂੰ ਆਪਣੀ ਸਾਰ ਵੀ ਹੈ?

ਫ਼ੈਸਲਿਆਂ ਦੀ ਮੰਡੀ ਅੰਦਰ ਵਿਕਦਾ ਹੈ ਇਨਸਾਫ਼ ਕਿਉਂ,
ਭੁੱਲਿਆ ਸਾਨੂੰ, ਰੂਹ ਦੀ ਨਗਰੀ ਲੱਗਦਾ ਵੱਖ ਦਰਬਾਰ ਵੀ ਹੈ।

ਸੂਰਜ ਪਾਰ ਕਦੇ ਤਾਂ ਜਾ ਕੇ, ਵੇਖ ਸਕਾਂਗੇ ਨੂਰ ਪਹਾੜ,
ਬੰਨ੍ਹ ਪਰਵਾਜ਼ ਪਰਾਂ ਵਿੱਚ ਉੱਡਦੀ, ਬਾਜ਼ਾਂ ਵਾਲੀ ਡਾਰ ਵੀ ਹੈ।

1

o

## ਸਮਝ ਪਵੇ ਨਾ ਇਸ ਧਰਤੀ ਤੇ

ਸਮਝ ਪਵੇ ਨਾ ਇਸ ਧਰਤੀ ਤੇ ਕਾਹਦੀ ਖ਼ਾਤਰ ਆਉਂਦੇ ਹਾਂ।
ਰੂਹ ਦਾ ਨਗਨ ਵਜੂਦ ਲੁਕਾਈਏ, ਕੂੜ ਦੇ ਵਸਤਰ ਪਾਉਂਦੇ ਹਾਂ।

ਰੋਂਦੇ ਰੋਂਦੇ ਹੱਸ ਪੈਂਦੇ ਹਾਂ ਹੱਸਦੇ ਹੱਸਦੇ ਰੋ ਪਈਏ,
ਅਜਬ ਨਸਲ ਦੇ ਲੋਕ ਹਾਂ ਯਾਰੋ ਫ਼ੋਟੋ ਵਿੱਚ ਮੁਸਕਾਉਂਦੇ ਹਾਂ।

ਓਸੇ ਵੇਲੇ ਉੜਾ ਐੜਾ ਸਿਰ ਸੁੱਟ ਊਂਧੀ ਪਾ ਬਹਿੰਦਾ,
ਧਰਤੀ ਵਿੱਚੋਂ ਪੁੱਟ ਕੇ ਬੂਟਾ ਜਦ ਗਮਲੇ ਵਿੱਚ ਲਾਉਂਦੇ ਹਾਂ।

ਦਿਲ ਦੇ ਵਿਹੜੇ ਗੂੜ੍ਹ ਹਨ੍ਹੇਰਾ ਜਗਣ ਬਨੇਰੇ ਦਿਨ ਪਹਿ ਰਾਤ,
ਬਾਲ਼ ਚਿਰਾਗ ਬਾਜ਼ਾਰੀ ਚਾਨਣ ਖ਼ੁਦ ਨੂੰ ਹੀ ਭਰਮਾਉਂਦੇ ਹਾਂ।

ਆਪੇ ਤੀਲੀ ਬਾਲ਼ ਮੁਆਤੇ ਜੰਗਲ ਮੰਗਲ ਫੂਕ ਲਏ,
ਰਾਗ ਮੇਘ ਮਲਹਾਰ ਭਲਾ ਦੱਸ ਕਿਸ ਨੂੰ ਬੈਠ ਸੁਣਾਉਂਦੇ ਹਾਂ।

ਕਦਮ ਤਾਲ ਕਰਦੇ ਹੀ ਘਸ ਗਏ ਸਫ਼ਰ ਭਲਾ ਕੀ ਮੁੱਕਣਾ ਸੀ,
ਮੰਜ਼ਿਲ ਤੇ ਮਕਸਦ ਤੋਂ ਸੱਖਣੇ, ਰੂਹ ਨੂੰ ਸੁੱਕਣੇ ਪਾਉਂਦੇ ਹਾਂ।

ਅਜਬ ਜਿਹਾ ਮੇਲਾ ਹੈ ਦੁਨੀਆਂ, ਬੇ ਸੁਰਿਆਂ ਦੀ ਭੀੜ ਬੜੀ,
ਸਰਗਮ ਸਹਿਮੀ ਦੂਰ ਖੜ੍ਹੀ ਹੈ, ਪਤਾ ਨਹੀਂ ਕੀ ਗਾਉਂਦੇ ਹਾਂ?

1

o

## ਵਾਇਰਸ ਨਾਲ ਲੜੇ ਹੁਣ ਕਿਹੜਾ

ਵਾਇਰਸ ਨਾਲ ਲੜੇ ਹੁਣ ਕਿਹੜਾ, ਕਿੱਧਰ ਗਏ ਹਥਿਆਰਾਂ ਵਾਲੇ।
ਅੰਦਰੋਂ ਕੁੰਡੀ ਲਾ ਕੇ ਬੈਠੇ, ਰਹੇ ਆਖ ਰਹੇ ਸਰਕਾਰਾਂ ਵਾਲੇ।

ਵੇਖ ਲਵੋ ਜੀ ਲਾਲ ਚੀਨ ਵੀ, ਸਰਮਾਏ ਦੇ ਗੋਡੇ ਥੱਲੇ,
ਇਸ ਹੋਣੀ ਨੇ ਵਾਪਰਨਾ ਸੀ, ਪੜ੍ਹ ਕੇ ਸਬਕ ਵਪਾਰਾਂ ਵਾਲੇ।

ਜੇਕਰ ਜਾਨ ਪਿਆਰੀ ਕਹਿੰਦੇ, 'ਵਾਜ਼ ਨਾ ਕੱਢੋ ਮੂੰਹ 'ਚੋਂ ਭਾਈ,
ਪਾਜੀ ਬਣ ਗਏ ਗਾਜ਼ੀ ਸਾਰੇ, ਤੇਜ਼ ਧਾਰ ਤਲਵਾਰਾਂ ਵਾਲੇ।

ਇੰਟਰਨੈੱਟ ਤੇ ਟੀ.ਵੀ. ਸਾਰੇ, ਬੇਨਸਲੇ ਸਭ ਬੇ-ਇਤਬਾਰੇ,
ਅਫ਼ਵਾਹਾਂ ਦਿਨ ਰਾਤ ਪਰੋਸਣ, ਪੈਸੇ ਲਈ ਅਖ਼ਬਾਰਾਂ ਵਾਲੇ।

ਕਰਨ ਦਿਹਾੜੀ ਚੱਲਿਆ ਜਿਹੜਾ, ਪੱਲੇ ਬੰਨ ਅਚਾਰ ਤੇ ਰੋਟੀ,
ਕੀ ਕਰਨੇ ਉਸ ਸਬਕ ਦੋਸਤੋ, ਦੇਂਦੇ ਜੋ ਦਰਬਾਰਾਂ ਵਾਲੇ।

ਗਿਆਨੀ ਤੇ ਵਿਗਿਆਨੀ ਦੀ ਥਾਂ, ਬੋਲ ਰਹੇ ਕੁਰਸੀ ਤੇ ਨੇਤਾ,
ਤਾਂਹੀਓਂ ਕੰਨੀ ਪੈਣ ਸੁਨੇਹੇ ਹੁਣ ਖੰਭਾਂ ਦੀਆਂ ਡਾਰਾਂ ਵਾਲੇ।

ਧਰਮ-ਸਾਲ ਤੋਂ ਆਉਣ ਆਵਾਜ਼ੇ, 'ਕੱਲੇ ਕੱਲੇ ਹੋ ਕੇ ਬੈਠੋ,
ਰੱਬ ਤੋਂ ਡਾਢਾ ਵਾਇਰਸ ਬਣਿਆ, ਲੁਕਦੇ ਫਿਰਨ ਬਾਜ਼ਾਰਾਂ ਵਾਲੇ।

1

o

## ਯਾਦ ਤੇਰੀ ਦਾ ਚਾਨਣ

ਯਾਦ ਤੇਰੀ ਦਾ ਚਾਨਣ ਏਨਾ ਹਰ ਪਲ ਜਿਵੇਂ ਸਵੇਰਾ ਹੋਵੇ।
ਸੂਰਜ-ਰੰਗੀਏ, ਤੈਨੂੰ ਡਿੱਠਿਆਂ, ਰੂਹ ਚਾਨਣ ਦਾ ਡੇਰਾ ਹੋਵੇ।

ਮਹਿਕਦੀਏ ਚੰਬੇ ਦੀਏ ਕਲੀਏ, ਮੇਰੇ ਧੁਰ ਅੰਦਰ ਖ਼ੁਸ਼ਬੋਈਏ,
ਜਿਹੜੀ ਥਾਂ ਤੂੰ ਹਾਜ਼ਰ ਨਾਜ਼ਰ, ਓਥੇ ਕਿਵੇਂ ਹਨ੍ਹੇਰਾ ਹੋਵੇ।

ਰਹਿਮਤ ਦਾ ਮੀਂਹ ਵਰਿਆ ਰੱਜ ਕੇ, ਪਲ ਅਣਮੁੱਲੇ ਪੈ ਗਏ ਝੋਲੀ,
ਇਹ ਵਿਸਮਾਦ, ਖ਼ਜ਼ਾਨਾ ਸਾਂਝਾ, ਨਾ ਮੇਰਾ ਨਾ ਤੇਰਾ ਹੋਵੇ।

ਤੇਰੇ ਦਿਲ ਦੀ ਤਖ਼ਤੀ ਉੱਤੇ, ਸੁਣਿਆ ਹੈ ਕਿ ਮੈਂ ਵੀ ਹਾਜ਼ਰ,
ਟਿਮਕਣਿਆਂ ਦੀ ਹਸਤੀ ਵੱਡੀ, ਹਰ ਬਿੰਦੂ ਦਾ ਘੇਰਾ ਹੋਵੇ।

ਜਦ ਵੀ ਯਾਦ ਕਰਾਂ ਮਿਲ ਜਾਵੇਂ, ਲੱਖ ਸ਼ੁਕਰਾਨਾ ਮਹਿਕਵੰਤੀਏ,
ਚਿਤਵਦਿਆਂ ਰੂਹ ਚਾਨਣ ਚਾਨਣ, ਨੂਰੋ ਨੂਰ ਬਨੇਰਾ ਹੋਵੇ।

ਤੁਰ ਜਾਵੇ ਦਿਲ ਡੋਬੇ ਖਾਵੇ, ਦਿਸ ਜਾਵੇਂ ਮਨ ਬਿਹਬਲ ਹੋਵੇ,
ਦਿਲ ਦੀ ਬਾਤ ਸੁਣਾ ਦਿਆਂ ਤੈਨੂੰ, ਇਹ ਨਾ ਮੈਥੋਂ ਜੇਰਾ ਹੋਵੇ।

ਮਨ ਮੇਰੇ ਦਾ ਬਾਗ ਬਗੀਚਾ, ਖਿੜਦੈ, ਫਿਰ ਮੁਰਝਾ ਜਾਂਦਾ ਹੈ,
ਟਾਹਣੀ ਤੇ ਫੁੱਲ ਕੰਬਦੇ ਰਹਿੰਦੇ, ਵੈਰੀ ਜਦੋਂ ਫੁਲੇਰਾ ਹੋਵੇ।

1

o

## ਥੱਕ ਚੱਲੇ ਹਾਂ

ਥੱਕ ਚੱਲੇ ਹਾਂ, ਰੋਜ਼ ਵਜਾਉਂਦੇ, ਦਰਦਾਂ ਦੀ ਸ਼ਹਿਨਾਈ ਨੂੰ।
ਫਿਰ ਵੀ ਰਾਹਤ ਮਿਲਦੀ ਨਹੀਂਓਂ, ਰੂਹ ਵਿਚਲੀ ਤਨਹਾਈ ਨੂੰ।

ਇੱਕੋ ਚਾਰ ਦੀਵਾਰੀ ਅੰਦਰ, ਆਪੋ ਆਪਣੇ ਕਮਰੇ ਨੇ,
ਖੁੱਲ੍ਹਣ ਤੋਂ ਇਨਕਾਰੀ ਸਾਰੇ, ਮਨ ਤੇ ਜੰਦਰੀ ਲਾਈ ਨੂੰ।

ਇਕ ਦੂਜੇ ਦੇ ਨਾਲ ਤੁਰਦਿਆਂ, ਰੇਲ ਦੇ ਪਹੀਏ, ਵੱਖਰੇ ਨੇ,
ਇੱਕੋ ਮੰਜ਼ਲ, ਸਫ਼ਰ ਬਰਾਬਰ, ਗਿਣਦੇ ਵਾਟ ਮੁਕਾਈ ਨੂੰ।

ਮਨ ਤੋਂ ਮਨ ਦਾ ਟੇਢਾ ਪੱਲੜਾ, ਕਰਦਾ ਰਹਿੰਦਾ ਰੋਜ਼ ਹਲਾਲ,
ਸਿਰਫ਼ ਮੁਹੱਬਤ ਭਰ ਸਕਦੀ ਹੈ, ਮਨ ਤੋਂ ਮਨ ਦੀ ਖਾਈ ਨੂੰ।

ਬਹੁਤੀ ਵਾਰੀ ਕੰਧਾਂ ਨੂੰ ਵੀ ਦਰਦ ਸੁਣਾਉਣਾ ਪੈ ਜਾਂਦੈ,
ਕਦੇ ਕਦਾਈਂ ਮਿਲੇ ਸਰੋਤਾ, ਮੂੰਹ ਵਿਚਲੀ ਗੱਲ ਆਈ ਨੂੰ।

ਤੂੰ ਮਿਲਿਐਂ, ਦਿਲ ਹੌਲ਼ਾ ਕੀਤਾ ਮੁੱਦਤ ਮਗਰੋਂ ਪਹਿਲੀ ਵਾਰ,
ਸ਼ੁਕਰ ਗੁਜ਼ਾਰ ਕਰਾਂ ਮੈਂ ਕਿੱਦਾਂ ਚਿਣਗ-ਚਵਾਤੀ ਲਾਈ ਨੂੰ।

ਸੂਰਜ ਦੀ ਲਿਸ਼ਕੋਰ ਵਾਂਗਰਾਂ, ਮਿਲ ਜਾਇਆ ਕਰ ਏਸ ਤਰ੍ਹਾਂ,
ਮਿਲ ਜਾਂਦੀ ਹੈ ਰਿਸ਼ਮ-ਰੁਪਹਿਲੀ, ਮਨ ਤੇ ਬੱਦਲੀ ਛਾਈ ਨੂੰ।

l

o

## ਵਕਤ ਕਦੇ ਨਹੀਂ ਪਿੱਛੇ ਮੁੜਦਾ

ਵਕਤ ਕਦੇ ਨਹੀਂ ਪਿੱਛੇ ਮੁੜਦਾ, ਕਿੰਨੀ ਵਾਰ ਘੁਮਾਈਆਂ ਘੜੀਆਂ।
ਹਰ ਪਲ ਰੂਹ ਨੂੰ ਠਾਰਨ, ਤੇਰੇ ਨੈਣਾਂ ਚੋਂ ਕਵਿਤਾਵਾਂ ਪੜ੍ਹੀਆਂ।

ਖੁੱਲ੍ਹ ਕੇ ਹੱਸਣਾ ਤੇ ਸ਼ਰਮਾਉਣਾ, ਹੋਠਾਂ ਵਿੱਚ ਮੁਸਕਾਨ ਲੁਕਾਉਣਾ,
ਉਹ ਨਜ਼ਰਾਂ ਮੁੜ ਮਿਲੀਆਂ ਨਾ ਪਰ, ਦਿਲ ਵਿੱਚ ਵਾਂਗ ਨਗੀਨੇ ਜੜੀਆਂ।

ਮਿਲਣ ਘੜੀ ਦੀ ਉਹ ਖੁਸ਼ਬੋਈ, ਬਾਤਾਂ ਦੀ ਟੁਣਕਾਰ ਨਾ ਵਿੱਸਰੀ,
ਉਸ ਦਿਨ ਮਗਰੋਂ ਪਲ ਨਾ ਸੁੱਤੇ, ਤਾਂ ਹੀ ਹੁਣ ਵੀ ਅੱਖੀਆਂ ਚੜ੍ਹੀਆਂ।

ਏਨੇ ਸਾਲ ਗੁਜ਼ਰ ਗਏ ਭਾਵੇਂ, ਹੁਣ ਵੀ ਮਹਿਕਣ ਟਹਿਕਣ ਓਵੇਂ,
ਹਰੀਆਂ ਭਰੀਆਂ ਰੱਖੀਆਂ ਨੇ ਮੈਂ, ਯਾਦਾਂ ਵਿੱਚ ਫੁੱਲਾਂ ਦੀਆਂ ਲੜੀਆਂ।

ਉਹ ਤਸਵੀਰਾਂ ਮੇਰੀ ਪੂੰਜੀ, ਸਮਾਂ -ਕਾਲ ਨਾ ਪਹੁੰਚੇ ਜਿੱਥੇ,
ਨਾ ਜਲ ਡੋਬੇ, ਸਾੜੇ ਅਗਨੀ, ਵਕਤ ਫਰੇਮ ਦੇ ਅੰਦਰ ਮੜ੍ਹੀਆਂ।

ਵਕਤ ਠਹਿਰਿਆ ਓਸੇ ਥਾਂ ਤੇ, ਜਿੱਥੇ ਪਹਿਲੀ ਵਾਰ ਮਿਲੇ ਸੀ,
ਕੰਧ-ਘੜੀ ਦੇ ਅੰਦਰ ਸੂਈਆਂ, ਅੱਜ ਵੀ ਉਸੇ ਥਾਂ ਤੇ ਖੜ੍ਹੀਆਂ।

ਰੱਖਿਆ ਕਰ ਤੂੰ ਚੇਤੇ ਇਹ ਵੀ, ਕਿੱਥੇ ਕਿਸ ਨੂੰ ਬੰਨ੍ਹ ਬਹਾਇਆ,
ਕੈਦ ਉਮਰ ਦੀ ਕੱਟ ਲਈ ਜਿੰਨ੍ਹਾਂ, ਨਾ ਦੇ ਹੋਰ ਸਜ਼ਾਵਾਂ ਬੜੀਆਂ।

l

o

## ਮੈਂ ਅਜੇ ਨਿੱਕਾ ਹਾਂ ਭਾਵੇਂ

ਮੈਂ ਅਜੇ ਨਿੱਕਾ ਹਾਂ ਭਾਵੇਂ, ਕਾਇਮ ਕਰ ਦੇਣੀ ਮਿਸਾਲ!
ਰੋਕਿਉ ਨਾ, ਮੈਂ ਲਵਾਂਗਾ ਦਸਤਪੰਜਾ ਵਕਤ ਨਾਲ!

ਸੂਰਜੇ ਤੋਂ ਪਾਰ ਖੇਡਾਂ, ਜਾ ਕੇ ਸ਼ਾਮੀਂ ਪਰਤਦਾ ਹਾਂ,
ਬਾਜ਼ ਦਾ ਬੱਚਾ ਹਾਂ, ਫੜਦੇ, ਸ਼ਿਕਰਿਆਂ ਦੀ ਕੀ ਮਜ਼ਾਲ!

ਆਖਦੈਂ ਇਨਸਾਨ ਹਾਂ ਮੈਂ, ਕਿਉਂ ਨਾ ਮੂੰਹ ਬੋਲਦਾ ਤੂੰ,
ਤੇਰੇ ਪੱਲੇ ਹੈ ਪਕੇਰੀ, ਸਰਬ-ਲੋਹ ਤੋਂ ਸ਼ਬਦ-ਢਾਲ!

ਧਰਮ ਤੇ ਇਖ਼ਲਾਕ ਗਿਰਵੀ ਕਰਨ ਵਾਲੇ ਕੂਕਦੇ ਨੇ,
ਧਰਮ ਦੀ ਰਾਖੀ 'ਚ ਆਪਾਂ, ਕਾਇਮ ਕਰ ਦੇਣੀ ਮਿਸਾਲ!

ਮੈਂ ਕਿਉਂ ਪੈਰਾਂ 'ਚ ਪਾਵਾਂ, ਝਾਂਜਰਾਂ ਦਰਬਾਰ ਤੇਰੇ,
ਕਲਮ ਦੀ ਮੈਂ ਲਾਜ ਪਾਲਾਂ, ਕਿਉਂ ਬਣਾਂ ਮੰਡੀ ਦਾ ਮਾਲ!

ਭਰਮ ਨਾ ਮੈਨੂੰ ਇਹ ਕੋਈ, ਸਫ਼ਰ ਤਿੱਖੀ ਤੇਜ਼ ਧਾਰ,
ਮੈਂ ਤੁਰਾਂਗਾ ਏਸ ਉੱਤੇ, ਵੇਖ ਲਈਂ ਤੂੰ ਸਿਦਕ ਨਾਲ!

ਬਦਲਿਆ ਬਾਣਾ ਤੇ ਤਾਣਾ, ਤਣ ਲਿਆ ਜੱਲਾਦ ਨੇ ਵੀ,
ਝਟਕਿਉਂ ਜੇ ਬਚ ਗਿਆ ਤਾਂ, ਲਾਜ਼ਮੀ ਕਰਨਾ ਹਲਾਲ!

1

o

## ਖ਼ਤਰਨਾਕ ਅਣਗੌਲਿਆਂ ਕਰਨਾ

ਖ਼ਤਰਨਾਕ ਅਣਗੌਲਿਆਂ ਕਰਨਾ, ਸੋਚਾਂ ਵਿਚਲਾ ਤਲਖ਼ ਸਮੁੰਦਰ!
ਖੋਲ੍ਹ ਦਿਆ ਕਰ ਤੂੰ ਵੀ ਭਲਿਆ, ਹੋਠੀਂ ਲੱਗੇ ਚੁੱਪ ਦੇ ਜੰਦਰ!

ਮਸਤਕ ਸੱਚ ਤੋਂ ਲਾਂਭੇ ਕਰਨਾ, ਕਿਉਂ ਏਦਾਂ ਬਿਨ ਮੌਤੇ ਮਰਨਾ,
ਤਾਰੀ ਲਾਉਣ ਕਦੇ ਤਾਂ ਆ ਜਾ, ਧੁਖ਼ਦੇ ਦਿਲ-ਦਰਿਆ ਦੇ ਅੰਦਰ!

ਚੰਗੀ ਖ਼ਬਰ ਗੁਆਚ ਗਈ ਹੈ, ਕੀ ਪੜ੍ਹੀਏ ਅਖ਼ਬਾਰਾਂ ਵਿੱਚੋਂ,
ਵੇਚ ਰਹੀ ਜੋ ਦਿੱਲੀ ਸੌਦਾ, ਚੰਡੀਗੜ੍ਹ ਤੇ ਸ਼ਹਿਰ ਜਲੰਧਰ!

ਇਕ ਵਾਰੀ ਮੈਂ ਬਾਜ਼ ਨੂੰ ਪੁੱਛਿਆ, ਜਨਮ ਭੂਮ ਕਿੱਥੇ ਹੈ ਤੇਰੀ,
ਹੱਸ ਕਿਹਾ ਉਸ, ਮੇਰੀ ਨਗਰੀ, ਬਿਰਖ਼ ਕਿਸੇ ਦੀ ਭੀੜੀ ਕੰਦਰ!

ਨਾਗ ਵਰਮੀਆਂ ਅੰਦਰ ਪਲ਼ ਕੇ, ਸੜਕਾਂ ਤੇ ਫੁੰਕਾਰੇ ਮਾਰਨ,
ਧਰਮਸਾਲ ਤੋਂ ਬਾਹਰ ਖਲੋ ਕੇ, ਘੂਰਨ ਸਾਨੂੰ ਮਸਜਿਦ ਮੰਦਰ!

ਗਿਆਨ ਗੋਸ਼ਟਾਂ, ਤਰਕ ਦਲੀਲਾਂ, ਖ਼ਤਰੇ ਹੇਠ ਵਿਚਾਰ ਵਿਚਾਰਾ,
ਮੇਰੇ ਗੁਰ ਉਪਦੇਸ਼ ਦੇ ਪਿੱਛੇ, ਟੁੱਟ ਕੇ ਪੈ ਗਏ ਨਾਥ ਮਛੰਦਰ!

ਵੇਖ ਰਿਹਾ ਇਤਿਹਾਸ ਹੈ ਸਾਨੂੰ, ਬੁੱਤ ਬਣੇ ਹੋ, ਚੁੱਪ ਨੂੰ ਤੋੜੋ,
ਪਾੜ ਵਿਗਾੜ ਰਹੇ ਨੇ ਨਕਸ਼ਾ, ਵਤਨ ਮੇਰੇ ਦਾ ਸਾਰੇ ਬੰਦਰ!

1

੦

## ਬਿਨ ਰੰਗਾਂ ਤੋਂ ਰੀਝਾਂ ਦੇ ਫੁੱਲ

ਬਿਨ ਰੰਗਾਂ ਤੋਂ ਰੀਝਾਂ ਦੇ ਫੁੱਲ, ਕੰਧਾਂ ਤੇ ਵੀ ਬੋਲ ਰਹੇ ਨੇ।
ਮਾਏ ! ਤੇਰੇ ਸੁਪਨ ਪਰਿੰਦੇ, ਵੇਖ ਕਿਵੇਂ ਪਰ ਤੋਲ ਰਹੇ ਨੇ।

ਕਿਹੜਾ ਕਹਿੰਦੈ, ਰੇਸ਼ਮ ਅੱਟੀ ਹੀ ਬਣ ਸਕਦੀ ਫੁੱਲ ਫੁਲਕਾਰੀ,
ਵੇਖ ਲਵੋ ਮਿੱਟੀ ਦੇ ਕਣ ਵੀ, ਦਿਲ ਦੇ ਵਰਕੇ ਫ਼ੋਲ ਰਹੇ ਨੇ।

ਮਿੱਟੀ ਅੰਦਰ ਮਿੱਟੀ ਹੋ ਕੇ, ਮਿੱਟੀ ਕੀ ਕੁਝ ਬੋਲੇ, ਸੁਣ ਲਉ,
ਇੱਕ ਰੰਗ ਦੀ ਫੁਲਕਾਰੀ ਬਣ ਕੇ, ਕੰਧੀਂ ਦਰਦ ਫਰੋਲ ਰਹੇ ਨੇ।

ਮੀਹ ਆਵੇਗਾ, ਖ਼ੁਰ ਜਾਵੇਗਾ, ਚਾਵਾਂ ਦਾ ਇਹ ਬਾਗ਼-ਬਗੀਚਾ,
ਲਿੱਸੇ ਘਰ ਨੂੰ ਲੱਭ ਕੇ ਦੇਵੋ, ਫੁੱਲ ਕਲੀਆਂ ਰੰਗ ਟੋਲ ਰਹੇ ਨੇ।

ਜਿਸ ਦੇ ਬਾਗ਼ ਹਵਾਲੇ ਕੀਤਾ, ਉਹ ਹੀ ਆਰੀ ਫੇਰ ਰਿਹਾ ਹੈ,
ਰਖਵਾਲੇ ਹੀ ਪੱਤਾ ਪੱਤਾ, ਪੈਰਾਂ ਹੇਠ ਮਧੋਲ ਰਹੇ ਨੇ।

ਮਾਣ ਮਰਤਬੇ ਕਲਗੀ ਕੌਡਾਂ, 'ਕੱਠੀਆਂ ਕਰਦੇ ਮਰ ਚੱਲੇ ਹੋ,
ਸੋਨੇ ਦੇ ਇਹ ਮਹਿਲ ਮੁਨਾਰੇ, ਦੱਸੋ! ਕਿਸ ਦੇ ਕੋਲ ਰਹੇ ਨੇ

ਉੱਡੀਆਂ ਧੂੜਾਂ, ਚੜ੍ਹੀ ਹਨ੍ਹੇਰੀ, ਅੱਖੀਆਂ ਅੱਗੇ ਗਹਿਰ ਚੁਫ਼ੇਰੇ,
ਦੀਵੇ ਆਸ ਉਮੀਦ ਵਾਲੇ, ਜਗਦੇ, ਪਰ ਨਾ ਡੋਲ ਰਹੇ ਨੇ।

1

੦

## ਗ਼ਲੀ ਗ਼ਲੀ ਵਣਜਾਰਾ ਫਿਰਦਾ

ਗ਼ਲੀ ਗ਼ਲੀ ਵਣਜਾਰਾ ਫਿਰਦਾ, ਹੋਕਾ ਦਏ ਹਥਿਆਰਾਂ ਦਾ।
ਜਿੰਦਗੀ ਬਦਲੇ ਮੌਤ ਖ਼ਰੀਦੋ, ਸੌਦਾ ਗੁੱਝੀਆਂ ਮਾਰਾਂ ਦਾ।

ਉੱਡਣ ਖਟੋਲੇ, ਤੋਪਾਂ ਲੈ ਲਉ, ਅਮਨ ਚੈਨ ਤੋਂ ਸਾਵੇਂ ਤੋਲ,
ਸਸਿਤਾਂ ਬੰਨ੍ਹ ਕੇ ਘੁੱਗੀਆਂ ਮਾਰੋ, ਨਾਸ ਕਰੋ ਸਭ ਡਾਰਾਂ ਦਾ।

ਕਣਕਾਂ, ਨਰਮੇ, ਜੰਤ ਪਰਿੰਦੇ, ਖ਼੍ਵਾਬ ਖਿਆਲ ਤਿਆਗ ਦਿਓ,
ਸਿਰਫ਼ ਧਿਆਨ ਧਰੋ ਇਹ ਕਹਿੰਦਾ, ਤੇਗਾਂ ਤੇ ਤਲਵਾਰਾਂ ਦਾ।

ਸੱਤ ਸਮੁੰਦਰ ਪਾਰੋਂ ਆਇਆ, ਨਾਰਦ ਪਰਖਣ ਨਰਦਾਂ ਨੂੰ,
ਕਿੰਨਾ ਦਮ ਹੈ ਬਾਕੀ ਬਚਿਆ, ਹਿੰਮਤੀ ਪੌਣ ਸਵਾਰਾਂ ਦਾ।

ਸ਼ਾਮ ਸਵੇਰੇ ਟੀ ਵੀ ਭੌਂਕੇ, ਅੰਨ੍ਹੀ 'ਵਾ ਨੂੰ ਪਾਗਲ ਵਾਂਗ,
ਅੱਖਰ ਅੱਖਰ ਝੱਗੋ ਝੱਗ ਹੈ, ਹਲ਼ਕ ਗਏ ਹੈ ਅਖ਼ਬਾਰਾਂ ਦਾ।

ਵੇਖ ਲਓ ਖਰਗੋਸ਼ ਬਰਾਬਰ, ਨਾਲ ਸਕਿਾਰੀ ਦੌੜ ਰਿਹਾ,
ਸਮਝ ਰਿਹਾ ਨਾ ਚਾਲਾਂ ਇਹ ਜੀ, ਸਬਜ਼-ਬਾਗ ਸਰਕਾਰਾਂ ਦਾ।

ਸੋਚ ਬਾਜ਼ਾਰੀ, ਚੁਸਤ ਮਦਾਰੀ, ਤੇਜ਼ ਲਲਾਰੀ ਵੇਖ ਲਵੋ,
ਡੁੱਬਾ ਦੇ ਕੇ ਇੱਕ ਰੰਗ ਚਾਹੁੰਦੈ, ਚੁੰਨੀਆਂ ਤੇ ਦਸਤਾਰਾਂ ਦਾ।

1

०

## ਘਰ ਵਿੱਚ ਬੰਦ ਹਾਂ

ਘਰ ਵਿੱਚ ਬੰਦ ਹਾਂ, ਸੋਚ ਰਿਹਾ ਹਾਂ, ਕੰਧ ਤੇ ਲਿਖਿਆ ਕਦੋਂ ਪੜ੍ਹਾਂਗੇ।
ਲਿਖੇ ਲਿਖਾਏ ਸਬਕ ਸੁਣਦਿਆਂ, ਵਾਗ ਸਮੇਂ ਦੀ ਕਿੰਝ ਫੜਾਂਗੇ।

ਕੱਚੀ ਮਿੱਟੀ ਗੁੰਨ੍ਹ ਕੇ ਮਗਰੋਂ, ਮਨ ਭਾਉਂਦਾ ਸੰਸਾਰ ਸਿਰਜ ਕੇ,
ਭੱਠੇ ਦੀ ਅੱਗ ਦੇ ਵਿੱਚ ਆਪਣਾ, ਮਨ ਚਾਹਿਆ ਆਕਾਰ ਘੜਾਂਗੇ।

ਜ਼ਿੰਦਗੀ ਭਾਵੇਂ ਦੁਸ਼ਮਣ ਲੱਖਾਂ, ਇਸ ਨੂੰ ਸਦਾ ਸਲਾਮਤ ਰੱਖਾਂ,
ਲੱਖੀ ਜੰਗਲ ਮੇਰੇ ਅੰਗ ਸੰਗ, ਵੈਰੀ ਸਨਮੁਖ ਫੇਰ ਖੜ੍ਹਾਂਗੇ।

ਨਸਲ ਪ੍ਰਸਤੇ ਕੁਰਸੀ ਖ਼ਾਤਰ ਵੇਚ ਰਹੇ ਜੋ ਵਤਨ ਪ੍ਰਸਤੀ,
ਧਰਤੀ ਦੇ ਰਖਵਾਲੇ ਬਣ ਕੇ, ਹਰ ਵਾਇਰਸ ਦੇ ਨਾਲ ਲੜਾਂਗੇ।

ਮੇਰੇ ਸੰਗ ਇਤਿਹਾਸ ਤੁਰੇਗਾ, ਰਾਜਗੁਰੂ, ਸੁਖਦੇਵ, ਭਗਤ ਸਿੰਘ,
ਦੁਸ਼ਮਣ ਦੀ ਛਾਤੀ ਵਿੱਚ ਕਿੱਲਾਂ, ਇੱਕ ਸਾਹ ਹੋ ਕੇ ਫਿਰ ਜੜਾਂਗੇ।

ਦੂਜੇ ਦੇ ਘਰ ਅੱਗ ਬਸੰਤਰ, ਆਖਣ ਵਾਲੇ ਹੋਰ ਹੋਣਗੇ,
ਜੇ ਨਾ ਬਲ਼ਦੀ ਅਗਨ ਬੁਝਾਈ, ਆਪਾਂ ਇਸ ਵਿੱਚ ਆਪ ਸੜਾਂਗੇ।

ਹਰ ਮੁਸ਼ਕਿਲ ਦਾ ਹੱਲ ਹੁੰਦਾ ਹੈ, ਅੱਜ ਨਹੀਂ ਤਾਂ ਕੱਲ੍ਹ ਹੋਵੇਗਾ,
ਬਹਿ ਨਾ ਜਾਇਉ, ਤੁਰਦੇ ਰਹਿਣਾ, ਹਰ ਚੋਟੀ ਤੇ ਆਪ ਚੜ੍ਹਾਂਗੇ।

1

०

## ਧੋ ਕੇ ਰੂਹ ਤੋਂ ਨਕਸ਼ ਉਦਾਸੇ

ਧੋ ਕੇ ਰੂਹ ਤੋਂ ਨਕਸ਼ ਉਦਾਸੇ, ਹੱਸਿਆ ਕਰ ਮੁਸਕਰਾਇਆ ਕਰ ਤੂੰ।
ਜ਼ਿੰਦਗੀ ਤਾਂ ਇਕ ਅਮਰ ਗੀਤ ਹੈ, ਨਾ ਦਿਲ ਚਾਹੇ ਗਾਇਆ ਕਰ ਤੂੰ।

ਜਿਹੜੀ ਦਸਤਕ ਸੁਪਨੇ ਅੰਦਰ, ਵਾਰ ਵਾਰ ਖੜਕਾਵੇ ਬੂਹੇ,
ਖੋਲ੍ਹ ਦਿਆ ਕਰ ਮਨ ਦੇ ਜੰਦਰੇ, ਉਸ ਨੂੰ ਦਰਦ ਸੁਣਾਇਆ ਕਰ ਤੂੰ।

ਤੇਰੇ ਨਾਲੋਂ ਵਧ ਕੇ ਦੁਖੀਏ, ਹੋਰ ਬਥੇਰੇ ਉਹ ਵੀ ਲੋਕੀਂ,
ਜਿਨ੍ਹਾਂ ਕੋਲ ਸ਼ਬਦ ਵੀ ਹੈ ਨਹੀਂ, ਦਿਲ ਨੂੰ ਇਹ ਸਮਝਾਇਆ ਕਰ ਤੂੰ।

ਜਿੱਥੇ ਰੀਝਾਂ, ਸੁਪਨੇ ਸੂਹੇ, ਖੁਸ਼ਬੋਈਆਂ ਨੇ ਚੌਂਕ ਚੁਰਸਤੇ,
ਘੁੰਮਣ ਘੇਰਾ ਤੋੜਨ ਮਗਰੋਂ, ਉਸ ਨਗਰ ਵੀ ਜਾਇਆ ਕਰ ਤੂੰ।

ਤ੍ਰੇਲ ਦੇ ਮੋਤੀ ਫੁੱਲਾਂ ਉਤੇ, ਦਿਨ ਚੜ੍ਹਦੇ ਤੱਕ ਸਾਥ ਨਿਭਾਉਂਦੇ,
ਰੰਗ ਉਦਾਸ ਨਾ ਹੋਣ ਦਿਆ ਕਰ, ਖ਼ੁਸ਼ਬੋਈ ਬਣ ਜਾਇਆ ਕਰ ਤੂੰ।

ਦਰਦ ਪੋਟਲੀ ਦੇ ਜਾਂਦੇ ਨੇ, ਅਕਸਰ ਹੁਣ ਤਾਂ ਬਹੁਤੇ ਆਪਣੇ,
ਇਹ ਅਣਮਿਣਵੀਂ ਮਹਿੰਗੀ ਪੂੰਜੀ, ਹੱਸ ਕੇ ਝੋਲੀ ਪਾਇਆ ਕਰ ਤੂੰ।

ਵਿੰਗ ਤੜਿੰਗੇ ਰਾਹ ਦੇ ਪੈਂਡੇ, ਅਸਲ ਕਿਤਾਬ ਹਯਾਤੀ ਵਾਲੀ,
ਡੋਲਦਿਆਂ ਕਦਮਾਂ ਨੂੰ ਇਸ ਤੋਂ, ਪੜ੍ਹ ਕੇ ਸਬਕ ਪੜ੍ਹਾਇਆ ਕਰ ਤੂੰ।

1

੦

## ਆ ਜਾਂਦੇ ਨੇ, ਤੁਰ ਜਾਂਦੇ ਨੇ

ਆ ਜਾਂਦੇ ਨੇ, ਤੁਰ ਜਾਂਦੇ ਨੇ, ਦੁੱਖ ਸੁਖ ਤਾਂ ਮਹਿਮਾਨ ਜਹੇ ਨੇ।
ਰੂਹ ਵਿੱਚ ਸੁਪਨੇ ਕਰਨ ਕਲੋਲਾਂ ਉਹ ਤਾਂ ਮੇਰੀ ਜਾਨ ਜਹੇ ਨੇ।

ਸਿਰ ਤੇ ਨੀਲਾ ਅੰਬਰ ਫਿਰ ਵੀ, ਲਾਉਂਦੇ ਹੇਕਾਂ ਦਿਨ ਤੇ ਰਾਤਾਂ,
ਮੇਰੇ ਪਿੰਡ ਦੇ ਸਰਬ -ਨਿਵਾਸੀ, ਨਿਰਧਨ ਵੀ ਧਨਵਾਨ ਜਹੇ ਨੇ।

ਉਹ ਪਲ ਮੇਰੀ ਰੂਹ ਦੀ ਪੂੰਜੀ, ਜੋ ਖ਼ੁਸ਼ਬੋਈਆਂ ਬਣ ਕੇ ਆਉਂਦੇ,
ਸੱਚ ਪੁੱਛੋਂ ਜੇ ਫੇਰ ਦੁਬਾਰਾ, ਉਹ ਤੇਰੀ ਮੁਸਕਾਨ ਜਹੇ ਨੇ।

ਸਿਦਕ ਸਬੂਰੀ ਰੂਹ ਦਾ ਗਹਿਣਾ, ਸਦਾ ਜਗਾ ਕੇ ਰੱਖਦੀ ਮੈਨੂੰ,
ਵਿਚਲੀ ਗੱਲ ਤਾਂ ਕੇਵਲ ਏਨੀ, ਇਹ ਮਨ ਦੇ ਦਰਬਾਨ ਜਹੇ ਨੇ।

ਮਾਂ ਦੀ ਬੁੱਕਲ ਅੰਦਰ ਬੈਠੇ, ਬਾਲ ਅਲੂੰਏਂ ਨਿਰਛਲ ਹੱਸਦੇ,
ਰੂਹ ਦਾ ਚੰਬਾ ਖੇੜਨ ਖ਼ਾਤਰ, ਬਿਨ ਮੰਗੇ ਵਰਦਾਨ ਜਹੇ ਨੇ।

ਮਨ ਮਸਤਕ ਦੀ ਚਾਰ ਦੀਵਾਰੀ, ਅੰਦਰ ਬਾਲਣ ਜੋਤ ਨਿਰੰਤਰ,
ਤੇਰੇ ਬੋਲ ਮੁਹੱਬਤ ਵਾਲੇ, ਮੇਰੇ ਲਈ ਭਗਵਾਨ ਜਹੇ ਨੇ।

ਪਿਆਰ ਵਿਹੂਣੇ ਅੰਦਰੋਂ ਸੱਖਣੇ, ਅਗਨ - ਅੰਗੀਠੀ ਬਾਲੀ ਰੱਖਣ,
ਕੀ ਪੁੱਛਦੇ ਹੋ ਇਨ੍ਹਾਂ ਬਾਰੇ, ਤਨ-ਮਨ ਕਬਰਿਸਤਾਨ ਜਿਹੇ ਨੇ।

1

੦

## ਪਿੰਜਰਿਆਂ ਵਿੱਚ ਵੱਸਦੇ ਵੱਸਦੇ

ਪਿੰਜਰਿਆਂ ਵਿੱਚ ਵੱਸਦੇ ਵੱਸਦੇ, ਮਰ ਚੱਲੇ ਪਰਵਾਜ਼ ਦੋਸਤੋ।
ਭੁੱਲ ਗਿਆ ਹਾਂ ਸਕਿਵਾ ਕਰਨਾ, ਮਰ ਚੱਲੀ ਆਵਾਜ਼ ਦੋਸਤੋ।

ਛਣਕ ਰਹੀ ਜੋ ਪੈਰੀਂ ਝਾਂਜਰ, ਗਲ਼ ਵਿੱਚ ਗਾਨੀ ਸਾਹ ਨੂੰ ਘੁੱਟਦੀ,
ਏਸ ਤਰ੍ਹਾਂ ਹੀ ਰੂਹ ਮਰ ਚੱਲੀ, ਇਹ ਉਸ ਦਾ ਆਗਾਜ਼ ਦੋਸਤੋ।

ਆਪਾ ਧਾਪੀ, ਢੋਲ ਢਮੱਕੇ, ਖਿਲਰੀ ਤਾਸ਼ ਬਵੰਜਾ ਪੱਤੇ,
ਸੁਰ ਵਿੱਚ ਕੌਣ ਕਰੇ ਹੁਣ ਏਥੇ, ਬੇਸੁਰਿਆਂ ਦੇ ਸਾਜ਼ ਦੋਸਤੋ।

ਮੇਰੇ ਅੰਦਰ ਤਲਖ਼ ਸਮੁੰਦਰ, ਖਲਬਲੀਆਂ ਨੇ ਕਣ ਕਣ ਅੰਦਰ,
ਸਮਝ ਪਵੇ ਨਾ ਭਟਕਣ ਵਾਲਾ, ਇਹ ਕੈਸਾ ਅੰਦਾਜ਼ ਦੋਸਤੋ।

ਮੀਸਣੀਆਂ ਮੁਸਕਾਨਾਂ ਓਹਲੇ, ਹੋਰ ਬੜਾ ਕੁਝ ਛੁਪਿਆ ਰਹਿੰਦੈ,
ਜਾਣ ਗਿਆ ਹਾਂ ਮੈਂ ਵੀ ਹੁਣ ਤਾਂ, ਡੂੰਘੀ ਚੁੱਪ ਦਾ ਰਾਜ਼ ਦੋਸਤੋ।

ਮੈਥੋਂ ਵੱਧ ਡਰਾਕਲ ਕਿਹੜਾ, ਲੋਕ ਦਿਖਾਵੇ ਬਣਾਂ ਸੂਰਮਾ,
ਮੈਂ ਤਾਂ ਉਸ ਤੋਂ ਵੀ ਹਾਂ ਲੁਕਦਾ, ਜੋ ਮੇਰਾ ਹਮਰਾਜ਼ ਦੋਸਤੋ।

ਮੈਂ ਚੱਲਿਆ ਹਾਂ ਸੂਰਜ ਤੀਕਰ, ਮੇਰੇ ਖੰਭੀਂ ਸਿਦਕ ਸਮਰਪਣ,
ਇਹ ਸਾਰਾ ਕੁਝ ਬਹੁਤ ਜ਼ਰੂਰੀ, ਆਖੇ ਉੱਡਦਾ ਬਾਜ਼ ਦੋਸਤੋ।

1

o

## ਧਰਮ ਦਾਸ ਜੀ, ਧਰਮ ਨਾਲ ਜੀ

ਧਰਮ ਦਾਸ ਜੀ, ਧਰਮ ਨਾਲ ਜੀ, ਦੱਸਿਓ ਇਹ ਗੱਲਾਂ ਕਿਉਂ ਤੁਰੀਆਂ।
ਬਚ ਕੇ ਰਹਿਣਾ ਉਨ੍ਹਾਂ ਤੋਂ ਜਿਸ, ਮੂੰਹ ਵਿਚ ਰਾਮ ਬਗਲ ਵਿਚ ਛੁਰੀਆਂ।

ਬੁਰਕੇ ਵਾਲੀ, ਚੁੰਨੀ ਵਾਲੀ ਨੂੰ ਕੁਝ ਏਦਾਂ ਆਖ ਰਹੀ ਸੀ,
ਕਾਹਦਾ ਧਰਮ ਜੋ ਬੱਚੜੇ ਖਾਵੇ, ਏਨਾ ਕਹਿ ਕੇ, ਦੋਵੇਂ ਝੂਰੀਆਂ।

ਚੋਰ ਤੇ ਕੁੱਤੀ ਰਲ਼ ਗਏ ਦੋਵੇਂ, ਘਰ ਕੁੱਲੇ ਦੀ ਖ਼ੈਰ ਨਹੀਂ ਹੈ,
ਸੋਅ ਚੰਗੀ ਨਾ ਆਵੇ ਕਿਤਿਓਂ, ਚੜ੍ਹ ਚੜ੍ਹ ਆਵਣ ਖ਼ਬਰਾਂ ਬੁਰੀਆਂ।

ਧਰਮ ਕਰਮ ਖੰਭ ਲਾ ਕੇ ਉੱਡਿਆ, ਕਿੱਥੇ ਜਾਂ ਫ਼ਰਿਆਦ ਕਰਾ ਮੈਂ,
ਅਦਲ, ਕਚਹਿਰੀ, ਮੁਨਸਿਫ਼, ਕਾਜ਼ੀ, ਆਸ ਉਮੀਦਾਂ ਕੰਧਾਂ ਭੁਰੀਆਂ।

ਸਾਜ਼ਾਂ ਨਾਲ ਆਵਾਜ਼ ਨਾ ਮਿਲਦੀ, ਅਜਬ ਰਾਗ ਦਰਬਾਰੀ ਸੁਣੀਏ,
ਧੜਕਨ ਤੇਜ਼ ਧੜਕਦੀ, ਹੋਈਆਂ ਨਬਜ਼ਾਂ ਵੀ, ਸੁਰ ਤੋਂ ਬੇਸੁਰੀਆਂ।

ਸਾਂਝੀ ਕੰਧ ਸੀ ਬਾਬੇ ਵੇਲੇ, ਧਰਮਸਾਲ ਦੇ ਨਾਲ ਸੀ ਤਕੀਆ,
ਬੇ ਵਿਸ਼ਵਾਸੀ ਦਾ ਹੜ੍ਹ ਚੜ੍ਹਿਆ, ਵਿਸ਼ਵਾਸਾਂ ਦੀਆਂ ਨੀਹਾਂ ਖ਼ੁਰੀਆਂ।

ਲੋਕਾਂ ਦੇ ਵਿੱਚ ਵੰਡੀਆਂ ਪਾਉ, ਜੋ ਮਨ ਚਾਹੋ, ਹੁਕਮ ਚਲਾਉ,
ਰੂਹ ਨੂੰ ਕਾਂਬਾ ਲਾ ਕੇ ਲੁੱਟਣਾ, ਇਹ ਗੱਲਾਂ ਦੱਸ ਕਿੱਥੋਂ ਫੁਰੀਆਂ।

1

o

## ਤਨ-ਮਨ ਕਵਿਤਾ ਹੋਇਆ

ਤਨ-ਮਨ ਕਵਿਤਾ ਹੋਇਆ, ਪਿਘਲ ਗਿਆ ਸਾਰੇ ਦਾ ਸਾਰਾ।
ਵਕਤ -ਵੇਲਣੇ ਵਿੱਚੋਂ ਲੰਘ ਕੇ, ਵਹੇ ਨਿਰੰਤਰ ਸਿਰਜਣਹਾਰਾ।

ਏਸ ਜਨਮ ਦੇ ਹਰ ਇੱਕ ਪਲ ਨੂੰ, ਖ਼ਰਚਿਆ ਆਪਾਂ ਸ਼ਬਦਾਂ ਖ਼ਾਤਰ,
ਇਸ ਧਰਤੀ ਦੀ ਕਹਿਣ ਵਾਰਤਾ, ਕਿਹੜਾ ਆਉਣਾ ਫੇਰ ਦੁਬਾਰਾ।

ਸੀਸ ਤਲੀ ਤੇ ਧਰਨ ਸਮੇਂ ਦੀ, ਇਹ ਗੱਲ ਸਾਨੂੰ ਹੁਣ ਵੀ ਚੇਤੇ,
ਚਰਖ਼ੜੀਆਂ ਦੇ ਕੋਸ- ਮੀਨਾਰ ਨੇ, ਪੈਰ ਪੈਰ ਤੇ ਚੱਲਦਾ ਆਰਾ।

ਕਦਮ ਅਡੋਲ, ਸਿਦਕ ਤੇ ਨਿਸ਼ਚਾ, ਮੰਜ਼ਲ ਤੀਕ ਪੁਚਾਵੇ ਸਾਨੂੰ,
ਚੜ੍ਹਨ ਲਾਲੀਆਂ ਵਿਚ ਮੈਦਾਨੇ, ਤੱਕ ਫ਼ੌਜਾਂ ਦਾ ਲਸ਼ਕਰ ਭਾਰਾ।

ਬੰਦੇ ਕਿਉਂ ਪੈਟਰੋਲ ਟੈਂਕੀਆਂ, ਤੁਰੀ ਫਿਰੇ ਜਿਉਂ ਸੱਤ ਇਕਵੰਜਾ,
ਇੱਕ ਨਾ ਬੂੰਦ ਸਲਾਮਤ ਮਿੱਠੀ, ਸਗਲ ਸਮੁੰਦਰ ਕੌੜਾ ਖ਼ਾਰਾ।

ਬੰਦਾ ਹੈ ਬੰਦੇ ਦਾ ਦਾਰੂ, ਲੁਕਦਾ ਹੈ ਕਿਉਂ ਆਪਣਿਆਂ ਤੋਂ,
ਦੇਖ ਕਰੋਨਾ ਵਾਇਰਸ ਅੱਗੇ, ਬਣਿਆ ਕਿਵੇਂ ਗਲੋਬ ਵਿਚਾਰਾ।

ਸਰਮਾਏ ਦੀ ਦੌੜ ਦੌੜਦੇ, ਪਿੱਛਾ ਚੌੜ ਕਰਾ ਕੇ ਬਹਿ ਗਏ,
ਨਹੀਂ ਪੜ੍ਹਿਆ ਦੀਵਾਰ ਤੋਂ ਵੀਰੋ, ਸਹਿਜ ਤੋਰ ਦਾ ਸਬਕ ਪਿਆਰਾ।

1

o

## ਬਿਨ ਮਿਲਿਆਂ ਵੀ ਇਸ਼ਕ

ਬਿਨ ਮਿਲਿਆਂ ਵੀ ਇਸ਼ਕ ਨਿਰੰਤਰ ਹੋ ਸਕਦਾ ਹੈ।
ਇੱਕ ਅੱਥਰੂ ਵੀ ਦਰਦ ਸਮੁੰਦਰ ਹੋ ਸਕਦਾ ਹੈ।

ਤੂੰ ਇਹ ਜ਼ਿੰਦਗੀ ਦੌਲਤ ਵਾਂਗੂੰ ਸਮਝ ਲਿਆ ਕਰ,
ਗਿਣਤੀ ਮਿਣਤੀ ਵਾਧਾ ਘਾਟਾ ਹੋ ਸਕਦਾ ਹੈ।

ਜ਼ਖਮ ਦਿਲਾਂ ਦੇ ਅੰਦਰ ਵੱਲ ਨੂੰ ਜਾਣ ਨਾ ਦੇਵੀਂ,
ਏਸ ਤਰ੍ਹਾਂ ਇਹ ਦਰਿਆ ਪੱਥਰ ਹੋ ਸਕਦਾ ਹੈ।

ਮਰ ਕੇ ਆਪੇ ਸਿਵਿਆਂ ਅੰਦਰ ਸੜਨਾ ਪੈਂਦਾ,
ਏਸ ਚਿਖ਼ਾ ਵਿੱਚ ਦੂਜਾ ਕਿੱਦਾਂ ਹੋ ਸਕਦਾ ਹੈ।

ਮਾਂ, ਮਹਿਬੂਬਾ, ਭੈਣ ਤੇ ਪਤਨੀ, ਰੂਹ ਦੇ ਰਿਸ਼ਤੇ,
ਖ਼ੁਸ਼ਬੋਈ ਦਾ ਨਾਮ ਕੋਈ ਵੀ ਹੋ ਸਕਦਾ ਹੈ।

ਤੂੰ ਮੇਰੇ ਧੁਰ ਅੰਦਰ ਵੀ ਤੇ ਬਾਹਰ ਵੀ ਹੈਂ,
ਤੁਧ ਬਿਨ ਮੇਰਾ ਕੌਣ ਸਹਾਰਾ ਹੋ ਸਕਦਾ ਹੈ।

ਧੀ ਤਿਤਲੀ, ਖੁਸ਼ਬੋਈ, ਹੱਥਾਂ ਦੇ ਵਿੱਚ ਤੜਫੇ,
ਇਲਮ ਨਹੀਂ ਸੀ, ਵਕਤ ਵੀ ਜ਼ਾਲਮ ਹੋ ਸਕਦਾ ਹੈ।

1

o

## ਸਮਝਿਆ ਤੂੰ ਦੋਸਤੀ ਨੂੰ

ਸਮਝਿਆ ਤੂੰ ਦੋਸਤੀ ਨੂੰ, ਕਿਉਂ ਸਦਾ ਹੀ ਭਾਰ ਵਾਂਗ।
ਮੈਂ ਤਾਂ ਤੈਨੂੰ ਸਿਰ ਸਜਾਇਆ, ਹੈ ਸਦਾ ਦਸਤਾਰ ਵਾਂਗ।

ਮੈਂ ਹਮੇਸ਼ਾ ਢਾਲ਼ ਬਣ ਕੇ, ਨਾਲ ਨਿਭਿਆਂ ਰਾਤ ਦਿਨ,
ਦੱਸ ! ਤੂੰ ਮੇਰੇ ਤੇ ਕੀ ਕੀਤਾ, ਵਾਰ ਕਿਉਂ ਤਲਵਾਰ ਵਾਂਗ।

ਰਿਸ਼ਤਿਆਂ ਦੀ ਉਮਰ ਤਾਂ ਹੁੰਦੀ ਹੈ ਪੋਥੀ ਦੇ ਸਮਾਨ,
ਮੈਂ ਕਿਉਂ ਰੱਦੀ 'ਚ ਜਾਵਾਂ, ਸ਼ਾਮ ਨੂੰ ਅਖ਼ਬਾਰ ਵਾਂਗ।

ਬੋਝ ਤਾਂ ਬਣਨਾ ਨਹੀਂ ਮੈਂ, ਮਹਿਕ ਹਾਂ ਮੈਂ ਰੰਗ ਹਾਂ,
ਵਹਿਮ ਸੀ ਮੇਰਾ ਜੋ ਤੈਨੂੰ, ਸਮਝਿਆ ਸੀ ਯਾਰ ਵਾਂਗ।

ਬਹੁਤ ਮਿਲ ਜਾਣੇ ਨੇ ਤੈਨੂੰ, ਗੋਲੇ, ਬੇਗਮ, ਬਾਦਸ਼ਾਹ,
ਤਾਸ਼ ਦੇ ਪੱਤੇ ਬਥੇਰੇ, ਹਰ ਜਗ੍ਹਾ ਦਰਬਾਰ ਵਾਂਗ।

ਚੋਗ ਦਾ ਲਾਲਚ ਨਾ ਕੋਈ, ਸ਼ੌਕ ਹੈ ਪਰਵਾਜ਼, ਬੱਸ,
ਧਰਤ ਅੰਬਰ ਮੇਰੀ ਧਿਰ ਹੈ, ਪੰਛੀਆਂ ਦੀ ਡਾਰ ਵਾਂਗ।

ਵਕਤ ਕੋਲੋਂ ਮਲ੍ਹਮ ਲੈ ਕੇ, ਜ਼ਖ਼ਮ ਤਾਂ ਭਰ ਜਾਣਗੇ,
ਦਰਦ ਬੋਲੇਗਾ ਹਮੇਸ਼ਾਂ, ਪੀੜ ਦੀ ਗੁਫ਼ਤਾਰ ਵਾਂਗ।

o

## ਜ਼ਿੰਦਗੀ ਦੇ ਸਾਜ਼ ਨੂੰ

ਜ਼ਿੰਦਗੀ ਦੇ ਸਾਜ਼ ਨੂੰ, ਸੁਰ ਕਰਦਿਆਂ ਗੁਜ਼ਰੀ ਏ ਰਾਤ।
ਹਾਏ! ਤੇਰੀ ਜ਼ੁਲਫ਼ ਨੂੰ ਸਰ ਕਰਦਿਆਂ ਗੁਜ਼ਰੀ ਏ ਰਾਤ।

ਅਗਨ ਦਾ ਬਿਸਤਰ ਵਿਛੌਣਾ, ਬਣ ਗਿਆ ਤੂੰ ਵੇਖਦੀ,
ਪਰਤਦਾ ਪਾਸੇ ਰਿਹਾ, ਇਉਂ ਮਰਦਿਆਂ ਗੁਜ਼ਰੀ ਏ ਰਾਤ।

ਹੋਠ ਤਾਂ ਸੁੱਚੇ ਸੀ ਮੇਰੇ, ਤੇਰੀ ਰੂਹ ਦੀ ਪਿਆਸ ਵਾਂਗ,
ਫੇਰ ਕਿਸ ਤੋਂ ਇਹ ਭਲਾ, ਕਿਉਂ ਡਰਦਿਆਂ ਗੁਜ਼ਰੀ ਏ ਰਾਤ।

ਧਰਮ ਤੇ ਇਖਲਾਕ ਦੇ ਸ਼ੀਸ਼ੇ 'ਚ ਕੋਈ ਹੋਰ ਸੀ,
ਆਪਣੇ ਹੱਥੋਂ ਹੀ ਚਾਬਕ ਜਰਦਿਆਂ ਗੁਜ਼ਰੀ ਏ ਰਾਤ।

ਭਰਮ ਸੀ ਮਿੱਠਾ ਜਿਹਾ ਜਾਂ ਸੀ ਹਕੀਕਤ ਖ਼ਬਰ ਨਹੀਂ,
ਚਾਨਣੀ ਦੀ ਰਿਸ਼ਮ ਨੂੰ ਹੀ ਵਰਦਿਆਂ ਗੁਜ਼ਰੀ ਏ ਰਾਤ।

ਮੈਂ ਤੇਰੇ ਵਾਲਾਂ 'ਚ ਗੁੰਦਾਂ, ਤਾਰਿਆਂ ਦੀ ਕਹਿਕਸ਼ਾਂ,
ਇਸ ਤਰ੍ਹਾਂ ਦੇ ਖ਼ਵਾਬ, ਪੂਰੇ ਕਰਦਿਆਂ ਗੁਜ਼ਰੀ ਏ ਰਾਤ।

l

o

## ਚੱਲ ਨੀ ਭੈਣੇ ਆਪਾਂ ਰਲ਼ ਕੇ

ਚੱਲ ਨੀ ਭੈਣੇ ਆਪਾਂ ਰਲ਼ ਕੇ, ਵੀਰਾਂ ਦੇ ਸੰਗ ਕਦਮ ਵਧਾਈਏ।
ਘਰ ਦੀ ਚਾਰ ਦੀਵਾਰੀ ਅੰਦਰ, ਘਿਰ ਕੇ ਨਾ ਪਿੱਛੇ ਰਹਿ ਜਾਈਏ।

ਧਰਤੀ ਤੋਂ ਲੈ ਚੰਦਰਮਾ ਤੱਕ, ਕਿਹੜੀ ਥਾਂ ਜੋ ਸਾਥੋਂ ਓਹਲੇ,
ਹਰ ਵਰਕੇ ਤੇ ਲੀਕਾਂ ਵਾਹੀਏ, ਹਰ ਖੇਤਰ ਵਿੱਚ ਸੇਵ ਕਮਾਈਏ।

ਧਰਤੀ ਵਾਂਗਰ ਧੀ ਵੀ ਧਨ ਹੈ, ਬਾਬਲ ਧਰਮੀ ਨੂੰ ਇਹ ਦੱਸੀਏ,
ਦਾਦੀ ਨਾਨੀ ਮਾਂ ਮਮਤਾ ਨੂੰ, ਅਣਪੜ੍ਹਿਆ ਜੋ ਸਬਕ ਪੜ੍ਹਾਈਏ।

ਨਾ ਅਰਧਾਂਗਣ, ਨਾ ਹਾਂ ਅਬਲਾ, ਪੂਰੀ ਹਸਤੀ ਲੈ ਕੇ ਜੰਮੀ,
ਆਪੇ ਜੱਗ ਇਹ ਸਮਝ ਲਵੇਗਾ, ਪਹਿਲਾਂ ਤਾਂ ਖ਼ੁਦ ਨੂੰ ਸਮਝਾਈਏ।

ਗੀਤ ਗ਼ਜ਼ਲ ਕਵਿਤਾਵਾਂ ਜਹੀਆਂ, ਧੀਆਂ ਇਸ ਤੋਂ ਹੋਰ ਅਗੇਰੇ,
ਜ਼ਿੰਦਗੀ ਦੇ ਮੈਦਾਨ 'ਚ ਵੀ ਹੁਣ, ਰਣ ਚੰਡੀ ਦਾ ਰੂਪ ਵਿਖਾਈਏ।

ਜ਼ਿੰਦਗੀ ਦੀ ਸ਼ਤਰੰਜ ਦੇ ਮੋਹਰੇ, ਆਪਾਂ ਦੋਹਾਂ ਨੇ ਨਹੀਂ ਬਣਨਾ,
ਸੱਜੇ ਖੱਬੇ ਹੱਥ ਦੇ ਵਾਂਗੂੰ, ਇਕ ਦੂਜੇ ਦਾ ਸਾਥ ਨਿਭਾਈਏ।

ਸਦੀਆਂ ਸਿਦਕ, ਸਲੀਕਾ, ਸੇਵਾ, ਸ਼ੁਭ ਕਰਮਨ ਦਾ ਬੀਜ ਸਾਂਭਿਆ,
ਆ ਜਾ ਆਪਣੇ ਹੱਥੀਂ ਆਪੇ, ਵਿੱਚ ਸਿਆੜਾਂ ਇਹ ਸਭ ਲਿਆਈਏ।

l

## ਮੌਸਮ ਦੇ ਪੈਰਾਂ ਵਿੱਚ ਝਾਂਜਰ

ਮੌਸਮ ਦੇ ਪੈਰਾਂ ਵਿੱਚ ਝਾਂਜਰ, ਫ਼ੁੱਲਾਂ ਨੇ ਛਣਕਾਈ ਫੇਰ।
ਦਿਨ ਚੜ੍ਹਦੇ ਹੀ ਅਮਲਤਾਸ ਦੇ, ਅੰਗ ਸੰਗ ਵੇਖੋ ਛਣਛਣ ਢੇਰ।

ਟਾਹਣੀਆਂ ਉੱਤੇ ਬੈਠੇ ਰੱਬ ਦੇ, ਪੀਲੇ, ਲਾਲ, ਗੁਲਾਬੀ ਵੇਸ,
ਵੰਨ ਸੁਵੰਨੇ ਜੰਤ ਪਰਿੰਦੇ, ਟਹਿਕਣ ਚਹਿਕਣ ਚਾਰ ਚੁਫ਼ੇਰ।

ਬਲਿਹਾਰੀ ਦਾ ਅਤਾ-ਪਤਾ ਸਭ, ਲਿਖਿਆ ਬਾਬੇ ਕੁਦਰਤ ਹੈ,
ਨੀਂਦ ਖੁਮਾਰੀ ਦੇ ਵਿੱਚ ਸਾਨੂੰ, ਦਿਸਦੀ ਹੀ ਨਾ ਸੁਰਖ਼ ਸਵੇਰ।

ਘੁੱਗੀ ਕਹੇ ਸੁਭਾਨ ਦੀ ਕੁਦਰਤ, ਜਾਗ ਮੁਸਾਫ਼ਰ ਨੀਂਦਰ 'ਚੋਂ,
ਆਲ੍ਹਣਿਆਂ ਵਿਚ ਜਾਗੇ ਪੰਛੀ, ਤੈਨੂੰ ਢਾਹੇ ਨੀਂਦਰ ਫੇਰ।

ਪੱਤਿਆਂ ਦੇ ਸੁਰ ਸਾਜ਼ ਸੁਣਾਂ ਤਾਂ, ਰੂਹ ਅੰਦਰ ਕੁਝ ਤੁਰਦਾ ਹੈ,
ਵੱਤਰ ਮਨ ਦੀ ਮਿੱਟੀ ਅੰਦਰ, ਕੌਣ ਰਿਹਾ ਦੇ ਸੁਪਨੇ ਕੇਰ!

ਸਭਨਾਂ ਖ਼ਾਤਰ ਇੱਕੋ ਧਰਤੀ, ਸੂਰਜ ਟਿੱਕਾ ਅੰਬਰ ਵਿਚ,
ਟੁਕੜੇ ਟੁਕੜੇ ਹੋ ਕੇ ਵੀ ਨਾ, ਬੰਦਿਆ ਛੱਡੇਂ ਮੇਰ ਤੇ ਤੇਰ।

ਸਾਵਧਾਨ! ਸੁਲਤਾਨੀ ਵਾਇਰਸ, ਸਬਕ ਦਏ ਜੋ, ਪੜ੍ਹਿਓ ਨਾ,
ਇਸ ਦੀ ਇੱਛਿਆ, ਸਾਡੇ ਮਨ 'ਚੋਂ, ਮੁੱਕੇ ਹੀ ਨਾ ਸਹਿਮ ਹਨ੍ਹੇਰ।

1

## ਜੇਕਰ ਟੁਕੜੇ ਹੁੰਦਾ ਸੂਰਜ

ਜੇਕਰ ਟੁਕੜੇ ਹੁੰਦਾ ਸੂਰਜ, ਧਰਤੀ ਤੇ ਪਰਭਾਤ ਨਾ ਹੁੰਦੀ।
ਨਾ ਖਿੜਦੇ ਫੁੱਲ, ਰਸ ਦੇ ਨਾ ਫ਼ਲ, ਰੌਣਕ ਤਵਾ-ਪਰਾਤ ਨਾ ਹੁੰਦੀ।

ਮਾਣ ਅਤੇ ਮਰਯਾਦਾ ਸਾਂਭਣ, ਕਰਜ਼ ਉਤਾਰਨ ਸਰਬ ਸਮੇਂ ਦਾ,
ਧਰਮ, ਗੋਤਾਂ ਵਿਚ ਨਾ ਵੰਡੋ, ਸੂਰਮਿਆਂ ਦੀ ਜ਼ਾਤ ਨਾ ਹੁੰਦੀ।

ਸ਼ਾਸਤਰਾਂ ਤੇ ਸ਼ਸਤਰ ਦੇ ਸਮਤੋਲ ਸਿਰਜਿਆ ਮੇਰਾ ਵਿਰਸਾ,
ਸੀਸ ਤਲੀ ਧਰ, ਯਾਰ ਗਲੀ ਵੱਲ, ਜਾਣਾ ਸੌਖੀ ਬਾਤ ਨਾ ਹੁੰਦੀ।

ਭਲਾ ਕਹੋ ਜਾਂ ਬੁਰਾ ਮਨਾਉ, ਪੋਥੀਆਂ ਨਾਲੋਂ ਜੇ ਨਾ ਟੁੱਟਦੇ,
ਸੁਣੀ ਸੁਣਾਈ ਮੰਨਦੇ ਜੇ ਨਾ, ਏਨੀ ਲੰਮੀ ਰਾਤ ਨਾ ਹੁੰਦੀ।

ਧਰਮਾਂ ਵਾਲੇ ਅਸਲੀ ਵਸਤੂ, ਵੰਡਦੇ ਜੇਕਰ ਕਿਣਕਾ ਸਾਨੂੰ,
ਸਾਡੇ ਸੁਪਨੇ ਚਰ ਜਾਂਦਾ ਇਹ, 'ਨ੍ਹੇਰੇ ਦੀ ਔਕਾਤ ਨਾ ਹੁੰਦੀ।

ਕਹਿਣਾ ਸੌਖਾ, ਕਰਨਾ ਔਖਾ, ਫਾਂਸੀ ਚੁੰਮਣਾ ਤੇ ਮੁਸਕਾਉਣਾ,
ਮਿਲੇ ਸ਼ਹਾਦਤ ਨਾ ਬਿਨ ਮੰਗੇ, ਇਹ ਕੋਈ ਖ਼ੈਰਾਤ ਨਾ ਹੁੰਦੀ।

ਮੈਨੂੰ ਆਪ ਸਮੁੰਦਰ ਦੱਸਿਆ, ਜਦ ਮੈਂ ਤਪਦਾਂ ਜਲ ਕਣ ਉੱਡਦੇ,
ਇਹ ਹੌਕੇ ਹੀ ਬੱਦਲ ਬਣਦੇ, ਗੱਲੀ ਤਾਂ ਬਰਸਾਤ ਨਾ ਹੁੰਦੀ ?

1

o

## ਵੱਖੋ-ਵੱਖਰੀ ਜੜ੍ਹ ਹੈ ਭਾਵੇਂ

ਵੱਖੋ-ਵੱਖਰੀ ਜੜ੍ਹ ਹੈ ਭਾਵੇਂ, ਇਕ ਮਿੱਟੀ ਦੇ ਜਾਏ ਹਾਂ।
ਕਿਹੜਾ ਦੱਸ ਨਿਖੇੜੂ ਸਾਨੂੰ, ਸਦੀਆਂ ਤੋਂ ਹਮਸਾਏ ਹਾਂ।

ਇੱਕ ਦੂਜੇ ਦੀ ਗੱਲਵੱਕੜੀ ਵਿੱਚ, ਕਿੰਨਾ ਕੁਝ ਹੈ ਦੱਸੀਏ ਕੀ,
'ਕੱਲੇ 'ਕੱਲੇ ਮਰ ਨਾ ਜਾਇਓ, ਇਹ ਹੀ ਦੱਸਣ ਆਏ ਹਾਂ।

ਮਾਂ ਧਰਤੀ ਦੇ ਅੰਗ-ਸੰਗ ਰਹਿਣੈ, ਹਰ ਮੌਸਮ ਵਿੱਚ ਨਿਭਣਾ ਹੈ,
ਬੀਜ ਨਾਲ ਇਹ ਪੱਕਾ ਕਾਗਤ ਧੁਰੋਂ ਲਿਖਾ ਕੇ ਲਿਆਏ ਹਾਂ।

ਪੱਤ ਹਰਿਆਲੇ ਜਦ ਝੜ ਜਾਂਦੇ, ਨਾ ਡਰਦੇ ਨਾ ਕੰਬਦੇ ਜੀ,
ਸਾਡੇ ਵੀ ਤਾਂ ਦੁਸ਼ਮਣ ਚੋਖੇ, ਕਦੇ ਵੀ ਨਾ ਘਬਰਾਏ ਹਾਂ।

ਪੱਤਝੜ ਮਗਰੋਂ ਫੇਰ ਫੁਟਾਰਾ, ਹਰ ਟਾਹਣੀ ਤੋਂ ਗੀਤ ਸੁਣੋ,
ਅੰਤਰ ਧਿਆਨ ਕਰੋ ਤੇ ਸੁਣ ਲਓ, ਅਨਹਦ ਰਾਗ ਲਿਆਏ ਹਾਂ।

ਸਬਰ, ਸਮਰਪਣ, ਸਿਦਕੀ ਸੇਵਾ, ਸਾਡੇ ਸੰਗੀਓ ਸਿੱਖ ਲਵੋ,
ਧੁੱਪਾਂ ਸਹੀਏ, ਵੰਡੀਏ ਛਾਵਾਂ, ਕਦੇ ਨਹੀਂ ਪਛਤਾਏ ਹਾਂ।

ਪੱਤ ਪਤਰਾਲ ਨੇ ਭਾਵੇਂ ਖਿਹੰਦੇ, ਸਾਨੂੰ ਕੁਝ ਨਾ ਕਹਿ ਸਕਦੇ,
ਸਾਡੀ ਵਿਚ ਏਕਾ ਹੈ ਤਾਹੀਓਂ, ਇਕ ਸਾਹ ਹੋ ਲਹਿਰਾਏ ਹਾਂ।

1

o

## ਆਹ ਫੜ ਸੂਰਜ

ਆਹ ਫੜ ਸੂਰਜ, ਆਹ ਫੜ ਕਿਰਨਾਂ, ਖਿੜੇ ਗੁਲਾਬ ਨੇ ਤੇਰੇ ਲਈ।
ਮੋੜ ਦਿਆ ਕਰ ਸ਼ਾਮ ਢਲੇ ਤੋਂ, ਸਿਰਫ਼ ਚਿਰਾਗ ਬਨੇਰੇ ਲਈ।

ਅਗਨ ਲਗਨ ਨੂੰ ਜੰਦਰੇ ਅੰਦਰ, ਨਾ ਕਰਿਆ ਕਰ ਕਮਜ਼ਰਫ਼ਾ,
ਚੰਗਾ ਹੁੰਦੈ, ਜਗਣਾ ਮਘਣਾ, ਧਰਤੀ ਚਾਰ-ਚੁਫ਼ੇਰੇ ਲਈ।

ਇਹ ਅਣਖ਼ੀ ਇਤਿਹਾਸ ਤੇ ਵਿਰਸਾ, ਸਿਰਫ਼ ਢਾਡੀਆਂ ਖ਼ਾਤਰ ਨਾ,
ਚੰਗਾ ਭਲਕ ਸੰਵਾਰਨ ਖ਼ਾਤਰ, ਪੂੰਜੀ ਤੇਰੇ ਮੇਰੇ ਲਈ।

ਅੰਬਰ ਦੇ ਵਿੱਚ ਨਿੱਕੇ-ਨਿੱਕੇ ਕਿੰਨੇ ਤਾਰੇ ਟਿਮਕ ਰਹੇ,
ਪਹਿਰੇਦਾਰ ਖੜ੍ਹੇ ਨੇ ਇਹ ਸਭ, ਸਾਡੇ ਸੁਰਖ਼ ਸਵੇਰੇ ਲਈ।

ਹੱਥ ਕੜੀਆਂ, ਕਾਨੂੰਨ ਤੇ ਪਹਿਰਾ, ਸਿਰਫ ਨਕਾਬ ਹਕੂਮਤ ਦਾ,
ਮੈਂ ਦਰਬਾਨੀ ਕਰਦੇ ਵੇਖੇ, ਇਹ ਸਭ ਚੋਰ ਲੁਟੇਰੇ ਲਈ।

ਜੇ ਜ਼ਿੰਦਗੀ ਨੂੰ ਵਾਂਗ ਬਗੀਚੇ, ਜਾਣ ਲਵੇਂ ਤੂੰ ਇਕ ਵਾਰੀ,
ਤੈਨੂੰ ਸਮਝ ਪਵੇਗੀ ਆਪੇ, ਫੁੱਲ ਨਾ ਸਿਰਫ਼ ਫੁਲੇਰੇ।

ਭਰਮ-ਜਾਲ ਨੂੰ ਸਮਝ ਲਿਆ ਕਰ, ਤਾਣਾ ਬਾਣਾ ਬੱਦਲਾ ਦਾ,
ਸੁਰਮ ਸਲੇਟੀ ਕੋਰ ਚਮਕਦੀ, 'ਇਹ ਚਾਨਣ ਦੇ ਘੇਰੇ ਲਈ।

1

o

## ਕੀ ਆਖਾਂ ਹੁਣ ਇਸ ਤੋਂ ਵੱਧ ਮੈਂ

ਕੀ ਆਖਾਂ ਹੁਣ ਇਸ ਤੋਂ ਵੱਧ ਮੈਂ, ਦਰਦ ਸੁਣਾ ਕੇ ਦਿਲ ਨਹੀਂ ਭਰਿਆ।
ਅਚਨਚੇਤ ਕਿਉਂ ਚੁੱਪ ਧਾਰੀ ਤੂੰ, ਦੱਸ ਕੀ ਅਜਬ ਸਿਤਮ ਹੈ ਕਰਿਆ।

ਤੁਰਦੇ-ਤੁਰਦੇ ਤੁਰੇ ਜਾਂਦਿਆਂ, ਅੱਗੇ ਜਿਉਂ ਧਰਤੀ ਮੁੱਕ ਜਾਵੇ,
ਤੇਰੀ ਅੱਖ ਵਿੱਚ ਤੱਕਿਆ ਅੱਥਰੂ, ਲੱਗਦੈ ਖ਼ਾਰਾ ਸਾਗਰ ਤਰਿਆ।

ਅੰਬਰ ਵਿਚ ਉਡਾਰੀ ਭਰਦਾਂ, ਜਾਂ ਤਰਦਾ ਹਾਂ ਤਲਖ਼ ਸਮੁੰਦਰ,
ਮੇਰੇ ਵਿਚ ਨਿਰੰਤਰ ਵਹਿੰਦਾ, ਹਿੰਮਤ ਦਾ ਇੱਕ ਅੱਥਰਾ ਦਰਿਆ।

ਸੋਨੇ ਦੀ ਲੰਕਾ ਵਿਚ ਬੈਠਾ, ਅੱਜ ਵੀ ਹੁਕਮ ਹਕੂਮਤ ਕਰਦਾ,
ਹੇ ਭਗਵਾਨ ਜੀ, ਸਦੀਆਂ ਮਗਰੋਂ, ਸਾਥੋਂ ਇੱਕ ਰਾਵਣ ਨਹੀਂ ਮਰਿਆ।

ਕਈ ਵਾਰੀ ਤਾਂ ਏਦਾਂ ਲੱਗਦਾ, ਤੂੰ ਚੰਨ ਟੋਟਾ ਬੱਦਲਾਂ ਓਹਲੇ,
ਸੱਚ ਪੁੱਛੇਂ, ਇਹ ਕਹਿਰ ਮੇਰੇ ਤੋਂ, ਇੱਕ ਪਲ ਵੀ ਨਾ ਜਾਵੇ ਜਰਿਆ।

ਤੇਰੇ ਦਮ ਤੇ ਜੀਣ ਜੋਗੀਏ, ਹੁਣ ਤੀਕਰ ਹਾਂ ਸਾਬਤ ਬਚਿਆ,
ਦੱਸ ਭਲਾ ਇਹ ਅਗਨ ਸਮੁੰਦਰ, 'ਕੱਲ੍ਹਿਆਂ ਅੱਜ ਤੱਕ ਕਿਸ ਨੇ ਤਰਿਆ।

ਅਣ -ਆਖੇ ਦੀ ਸਰਲ ਵਿਆਖਿਆ, ਮੇਰੀ ਕਵਿਤਾ, ਗੀਤ, ਗਜ਼ਲ ਹੈ,
ਜੇ ਨਾ ਪਾਉਂਦਾ ਵਰਕਿਆਂ ਪੱਲੇ, ਮਨ ਰਹਿਣਾ ਸੀ ਭਰਿਆ ਭਰਿਆ।

1

o

## ਤੇਰੇ ਨੈਣਾਂ ਦੇ ਵਿਚ ਸੂਰਜ

ਤੇਰੇ ਨੈਣਾਂ ਦੇ ਵਿਚ ਸੂਰਜ, ਤੂੰ ਕੀ ਕਰਨੇ ਚੰਨ ਸਿਤਾਰੇ।
ਬੁੱਕਲ ਵਿੱਚ ਬ੍ਰਹਿਮੰਡ ਵਾਲੀਏ, ਦੁਨੀਆਂ ਚੱਲਦੀ ਪਿਆਰ ਸਹਾਰੇ।

ਤੜਕ ਸਾਰ ਪਰਭਾਤੀ ਗਾਉਂਦਾ, ਸਾਧੂ ਗਿਰ ਤਾਂ ਦੂਰ ਤੁਰ ਗਿਆ,
ਸ਼ਬਦ-ਸਦੀਵੀ, ਮਾਣਕ ਮੋਤੀ, ਜਾਂਦਾ ਜਾਂਦਾ ਦੇ ਗਿਆ ਸਾਰੇ।

ਦੇਖ ਕਿਵੇਂ ਅੱਜ ਹਰ ਮੂੰਹ ਕਿੱਦਾਂ, ਲੁਕਿਆ ਫਿਰਦਾ ਚਿੱਟੇ ਚਾਨਣ,
ਵਕਤ ਵਿਖਾਇਆ ਉਜਲਾ ਸ਼ੀਸ਼ਾ, ਵੇਖ ਓ ਬੰਦਿਆ ਆਪਣੇ ਕਾਰੇ।

ਤੂੰ ਵੀ ਚੂਹੇ-ਦੌੜ 'ਚ ਸ਼ਾਮਲ, ਜੇਤੂ ਬਣ ਕੇ ਵੀ ਹੈਂ ਚੂਹਾ,
ਸ਼ੀਸ਼ੇ ਨੇ ਖ਼ੁਦ ਦੱਸਿਆ ਮੈਨੂੰ, ਜਦ ਪੁੱਛਿਆ ਮੈਂ ਤੇਰੇ ਬਾਰੇ।

ਰੇਤ-ਛਲਾਵਾ ਮਾਰੂਥਲ ਹੈ, ਇਸ ਜ਼ਿੰਦਗੀ ਦੀ ਅਸਲ ਹਕੀਕਤ,
ਅੱਜ ਤੀਕਰ ਦਮ ਤੋੜ ਰਹੇ ਨੇ, ਮਿਰਗਜਲੀ ਲਈ ਮਿਰਗ ਵਿਚਾਰੇ।

ਨਿਰਮਲ ਜਲ ਵਿਚ ਘੋਲ ਪਤਾਸੇ, ਪੀਂਦੇ ਸਾਰੀ ਉਮਰ ਗੁਜ਼ਾਰੀ,
ਨੈਣ ਨਾ-ਸ਼ੁਕਰੇ, ਮੈਲੀ ਅੱਖ ਵਿਚ, ਹਾਲੇ ਵੀ ਖ਼ਾਰੇ ਦੇ ਖ਼ਾਰੇ।

ਮਾਰ ਆਵਾਜ਼, ਮੇਰਾ ਨਾਂ ਲੈ ਕੇ, ਨੀ ਮਿੱਠੀਏ ਨੀ ਪਵਨ ਸਮੀਰੇ,
ਬਖ਼ਸ਼ ਸਵਾਂਤੀ ਬੂੰਦ, ਮੇਘਲੇ, ਜਿਹੜੀ ਰੂਹ ਦੀ ਤਪਸ਼ ਨਿਵਾਰੇ।

1

○

## ਏਸ ਆਜ਼ਾਦੀ ਅੱਥਰੂ ਦਿੱਤੇ

ਏਸ ਆਜ਼ਾਦੀ ਅੱਥਰੂ ਦਿੱਤੇ, ਜਸ਼ਨ ਮਨਾ ਨਹੀਂ ਹੋਇਆ।
ਅੱਖੀਆਂ ਦੀ ਮਜਬੂਰੀ, ਮੈਥੋਂ ਹੰਝ ਲੁਕਾ ਨਹੀਂ ਹੋਇਆ।

ਖਾ ਗਏ ਲੱਖ ਕਰੋੜਾਂ ਰੀਝਾਂ, ਤਖ਼ਤਾਂ ਤਾਜਾਂ ਵਾਲੇ,
ਸਾਥੋਂ ਇਕ ਵੀ ਹੌਕਾ ਦਿਲ ਵਿਚ, ਦਰਦ ਪਚਾ ਨਹੀਂ ਹੋਇਆ।

ਆਈ ਵਿਸਾਖੀ, ਢੋਲ ਵਜਾਵੇਂ, ਚਾਹਵੇਂ ਰਲ਼ ਕੇ ਨੱਚੀਏ,
ਤੇਰੇ ਨਾਲ ਕਦੇ ਵੀ ਮਨ ਦਾ ਮੋਰ ਨਚਾ ਨਹੀਂ ਹੋਇਆ।

ਤੇਰੇ ਤੋਂ ਇਨਸਾਫ਼ ਮਿਲੇਗਾ, ਹੁਣ ਤਾਂ ਰੂਹ ਨਾ ਮੰਨੇ,
ਧੱਕੇ ਜਰਦੇ ਜਰਦੇ ਮੈਥੋਂ, ਮਨ ਸਮਝਾ ਨਹੀਂ ਹੋਇਆ।

ਲਾਰੇ ਲਾਵੇਂ, ਤੇਰੇ ਤੇ ਵਿਸ਼ਵਾਸ ਕਰੇ ਹੁਣ ਕਿਹੜਾ,
ਤੈਥੋਂ ਵੀ ਤਾਂ ਅੱਜ ਤੱਕ ਇੱਕ ਵੀ ਬੋਲ ਪੁਗਾ ਨਹੀਂ ਹੋਇਆ।

ਚਾਰ ਚੁਫ਼ੇਰੇ ਦੁਸ਼ਮਣ ਫ਼ੌਜਾਂ ਜੇ ਤੂੰ ਅੱਜ ਹੈਂ 'ਕੱਲ੍ਹਾ,
ਤੈਥੋਂ ਵੀ ਤਾਂ ਆਪਣਾ ਟੱਬਰ, ਗਲ਼ ਨਾਲ ਲਾ ਨਹੀਂ ਹੋਇਆ।

ਦੇਸ਼ ਦੀ ਖ਼ਾਤਰ ਸੂਲੀ ਚੜ੍ਹ ਗਏ, ਅੰਬਰ ਤਾਰੇ ਬਣ ਗਏ,
ਸੂਰਮਿਆਂ ਦਾ ਅੱਜ ਤੱਕ ਸਾਥੋਂ ਕਰਜ਼ ਚੁਕਾ ਨਹੀਂ ਹੋਇਆ।

ਚਾਲ਼ੀ ਮੀਲ ਪੁਰਾਣਿਆਂ ਤੋਂ ਵੀ ਥੋੜਾ ਪੈਂਡਾ ਭਾਵੇਂ,
ਅੰਬਰਸਰੋਂ ਲਾਹੌਰ ਨੂੰ ਸਾਥੋਂ ਸਫ਼ਰ ਮੁਕਾ ਨਹੀਂ ਹੋਇਆ।

ਰਾਵੀ ਦੇ ਉਰਵਾਰ ਪਾਰ ਹੜ੍ਹ ਚੜ੍ਹਿਆ ਲੋਕੀਂ ਡੁੱਬੇ,
ਅਜ਼ਾਦੀ ਦਾ ਤੋਹਫ਼ਾ ਸਾਥੋਂ ਕਦੇ ਭੁਲਾ ਨਹੀਂ ਹੋਇਆ।

ਮੱਥੇ ਤੇ ਕਾਲਖ਼ ਦਾ ਟਿੱਕਾ ਲਾ ਗਿਆ ਸੰਨ ਸੰਤਾਲੀ,
ਪੌਣੀ ਸਦੀ ਗੁਜ਼ਾਰ ਕੇ ਸਾਥੋਂ ਇਹ ਵੀ ਲਾਹ ਨਹੀਂ ਹੋਇਆ।

○

## ਵੇਦ ਕਤੇਬ ਦੇ ਨਾਂ ਤੇ ਜੋ ਵੀ ਲੜਦੇ ਨੇ

ਵੇਦ ਕਤੇਬ ਦੇ ਨਾਂ ਤੇ ਜੋ ਵੀ ਲੜਦੇ ਨੇ।
ਪਤਾ ਨਹੀਂ ਉਹ ਕਿਹੜੀ ਪੋਥੀ ਪੜ੍ਹਦੇ ਨੇ।

ਪਤਾ ਨਹੀਂ ਇਹ ਕਿਸ ਮਿੱਟੀ ਦੇ ਬਣੇ ਹੋਏ,
ਦਿਨ ਚੜ੍ਹਦੇ ਹੀ ਨਵੀਂ ਸ਼ਰਾਰਤ ਘੜਦੇ ਨੇ।

ਮਨ ਤੋਂ ਹੂੰਝਣ ਨਫ਼ਰਤ ਜੋ ਲਿਸ਼ਕੋਰਾਂ ਨਾਲ,
ਪਤਾ ਨਹੀਂ ਉਹ ਸੂਰਜ ਕਿੱਥੇ ਚੜ੍ਹਦੇ ਨੇ।

ਗੁੜ੍ਹਤੀ ਵਿਚ ਮਿਲ ਜਾਵੇ ਜਿਸਨੂੰ ਸ਼ਬਦ -ਕਣੀ,
ਉਹੀ ਤਾਂ ਇਨਸਾਫ਼ ਦੀ ਖ਼ਾਤਰ ਅੜਦੇ ਨੇ।

ਹੱਦਾਂ ਤੇ ਸਰਹੱਦਾਂ ਬਣੀਆਂ ਗਰਜ਼ਾਂ ਲਈ,
ਫ਼ਰਜ਼ਾਂ ਵਾਲੇ ਕਿਸ ਲਈ ਸੂਲੀ ਚੜ੍ਹਦੇ ਨੇ।

ਸਾਰਾ ਦਿਨ ਤਾਂ ਖ਼੍ਵਾਬ ਭਟਕਦੇ ਥਾਂ ਪਰ ਥਾਂ,
ਸ਼ਾਮ ਢਲੇ ਹੀ ਘਰ ਦੇ ਬੂਹੇ ਵੜਦੇ ਨੇ।

ਸੌ ਫੁੱਲਾਂ ਦੀ ਵਾੜੀ ਵਰਗਾ ਬੇਗ਼ਮਪੁਰ,
ਮਰਨ ਦਿਓ, ਜੋ ਵੇਖ ਵੇਖ ਕੇ ਸੜਦੇ ਨੇ।

1

ੳ

## ਖ਼ੁਸ਼ਬੂ ਦਾ ਫੁੱਲ ਤੂੰ ਵਿੱਛੜਨਾ

ਖ਼ੁਸ਼ਬੂ ਦਾ ਫੁੱਲ ਤੂੰ ਵਿੱਛੜਨਾ, ਕੀ ਕਹਿਰ ਕਰ ਗਿਆ।
ਖਿੜਿਆ ਗੁਲਾਬ, ਆਪਣੇ ਰੰਗਾਂ ਤੋਂ ਡਰ ਗਿਆ।

ਸ਼ਬਦਾਂ ਨੂੰ ਇਮਤਿਹਾਨ ਵਿੱਚ ਪਾਇਆ ਸੀ ਵਕਤ ਨੇ,
ਸਿਦਕਾਂ ਦੀ ਪਰਖ ਵਾਸਤੇ, ਤਵੀਆਂ ਤੇ ਧਰ ਗਿਆ।

ਹੰਝੂ ਦਾ ਅੱਖ 'ਚ ਠਹਿਰਨਾ, ਆਉਣ ਨਾ ਬਾਹਰ ਨੂੰ,
ਧੜਕਣ ਨੂੰ ਏਹੀ ਹਾਦਸਾ, ਪੱਥਰ ਹੈ ਕਰ ਗਿਆ।

ਆਇਆ ਤੂਫਾਨ, ਆਣ ਕੇ, ਰੁਕਿਆ ਨਾ ਅਟਕਿਆ,
ਬਸਤੀ ਉਜਾੜ ਤੁਰ ਗਿਆ, ਖੰਡਰ ਹੈ ਕਰ ਗਿਆ।

ਕਿੱਥੇ ਬਿਰਾਜਮਾਨ ਹੈਂ ਤੂੰ, ਦਿਲ ਦੇ ਮਹਿਰਮਾ,
ਦੇ ਜਾ ਉਧਾਰਾ ਜ਼ਖਮ ਇੱਕ, ਪਹਿਲਾ ਤਾਂ ਭਰ ਗਿਆ।

ਗ਼ਰਜ਼ਾਂ ਦੇ ਡੂੰਘੇ ਸਾਗਰੀਂ, ਮੈਂ ਤੈਰਦਾ ਨਹੀਂ,
ਜਿਹੜਾ ਵੀ ਲਾਸ਼ ਬਣ ਗਿਆ, ਉਹੀ ਏ ਤਰ ਗਿਆ।

ਤੇਰੀ ਰਜ਼ਾ ਕਮਾਲ ਹੈ, ਬੇ -ਰਹਿਮ ਐ ਖ਼ੁਦਾ,
ਬਾਗਾਂ 'ਚੋਂ ਫੁੱਲ ਤੋੜ ਕੇ, ਸਿਵਿਆਂ 'ਚ ਕਰ ਗਿਆ।

1

ੳ

## ਖ਼ੂਨ ਜਿਗਰ ਦਾ ਪਾਉਣਾ ਪੈਂਦਾ

ਖ਼ੂਨ ਜਿਗਰ ਦਾ ਪਾਉਣਾ ਪੈਂਦਾ, ਸ਼ਬਦ ਸਦਾ ਕੁਰਬਾਨੀ ਮੰਗਦੇ।
ਜੇ ਬੋਲੇ ਤਾਂ ਜਾਨ ਨੂੰ ਖ਼ਤਰਾ, ਨਾ ਬੋਲੇ ਤਾਂ ਸੂਲੀ ਟੰਗਦੇ।

ਹਰ ਪਲ ਜੀਕੂੰ ਇਮਤਿਹਾਨ ਹੈ, ਰਹਿਣਾ ਪੈਂਦੈ ਲੱਤ ਇੱਕੋ 'ਤੇ,
ਚੌਂਕੀਦਾਰ ਤੋਂ ਸਖ਼ਤ ਨੌਕਰੀ, ਫਕਿਰ ਚੁਫੇਰਿਉਂ ਰਹਿੰਦੇ ਡੰਗਦੇ।

ਖਿੱਲਰੇ ਪੁੱਲਰੇ ਸੁਪਨ ਹਜ਼ਾਰਾਂ, ਸ਼ਬਦਾਂ ਨੂੰ ਮੈਂ ਰਹਾਂ ਸੌਂਪਦਾ,
ਦਿਨ ਤੇ ਰਾਤ ਮੈਂ ਚੁਗਦਾ ਰਹਿੰਦਾਂ ਖਿੱਲਰੇ ਟੋਟੇ ਤਿੜਕੀ ਵੰਗ ਦੇ।

ਮਸ਼ਕ ਘਨੱਈਏ ਵਾਲੀ ਮੇਰੇ ਸ਼ਬਦ ਉਸੇ ਪਲ ਬਣ ਜਾਂਦੇ ਨੇ,
ਵਤਨਾਂ ਦੀ ਰਖਵਾਲੀ ਕਹਿ ਕੇ, ਬਨਣ ਆਸਾਰ ਜਦੋਂ ਵੀ ਜੰਗ ਦੇ।

ਇਹ ਵੈਰੀ ਨੇ ਮਾਨਵਤਾ ਦੇ, ਤਾਰ ਤਾਰ ਫੁਲਕਾਰੀਆਂ ਕਰਦੇ,
ਜੋ ਕਹਿੰਦੇ ਨੇ ਵਤਨ ਹਮਾਰਾ, ਹੋ ਜਾਊ ਸਾਰੇ ਇਕੋ ਰੰਗ ਦੇ।

ਸੱਚ ਪੁੱਛੋ ਤਾਂ ਤੋਰੀ ਫਿਰਦੀ, ਮਿਰਗ ਨੂੰ ਜੀਕਣ ਗੰਧ -ਕਥੂਰੀ,
ਸ਼ਬਦ ਬਿਨਾ ਮੈਂ ਰੁਲ਼ ਜਾਣਾ ਸੀ, ਜ਼ਿੰਦਗੀ ਜਾਂਦੀ ਭਾੜੇ ਭੰਗ ਦੇ।

ਦੇਸ਼ ਆਜ਼ਾਦ ਭਲਾ ਕੀ ਹੋਇਆ, ਮੇਰੀ ਰਾਵੀ ਹੋ ਗਈ ਟੁਕੜੇ,
ਪਹਿਲੀ ਵਾਰ ਤੱਕਿਆ ਜੱਗ ਨੇ, ਏਨੇ ਟੋਟੇ ਇਕੋ ਅੰਗ ਦੇ।

1

o

## ਆਹ ਫੜ ਸੂਰਜ, ਮੱਥੇ ਜੜ ਲੈ

ਆਹ ਫੜ ਸੂਰਜ, ਮੱਥੇ ਜੜ ਲੈ, ਅੰਬਰ ਵਿਚਲੇ ਚੰਨ ਸਿਤਾਰੇ।
ਨੂਰੋ ਨੂਰ ਚੁਫ਼ੇਰਾ ਕਰ ਦੇ, ਧਰਤੀ ਮਾਂ ਦੇ ਰਾਜ-ਦੁਲਾਰੇ।

ਗਿਠਮੁਠੀਆਂ ਨੇ ਧਰਮ ਕਰਮ ਨੂੰ, ਆਪਣੇ ਜੇਡ ਬਣਾ ਹੈ ਧਰਿਆ,
ਜੀਵਨ ਸੇਧ, ਸਮਰਪਣ ਗੁੰਮਿਆਂ, ਲੁਕਦੇ ਫਿਰਦੇ ਸ਼ਬਦ ਵਿਚਾਰੇ।

ਨਾਈਲਨ ਬੁਣੀ ਜੁਰਾਬ ਜਿਹੇ ਨੇ, ਹਰ ਇਕ ਪੈਰ 'ਚ ਪੂਰੇ ਬਹਿੰਦੇ,
ਬੰਦਿਆਂ ਨੂੰ ਕੀ ਹੋਇਆ ਯਾਰੋ, ਕਿੱਧਰ ਤੁਰ ਗਏ ਸਿਰ -ਦਸਤਾਰੇ।

ਸ਼ਬਦ ਕਟਿਹਰੇ ਅੰਦਰ ਫਸਿਆ, ਰੋਜ਼ ਤਰੀਕਾਂ ਭੁਗਤ ਰਿਹਾ ਹੈ,
ਅੰਨ੍ਹੀ ਨਗਰੀ ਚੌਪਟ ਰਾਜਾ, ਹੱਕ ਸੱਚ ਕਿੱਥੇ ਅਰਜ਼ ਗੁਜ਼ਾਰੇ।

ਬੇਗ਼ਮਪੁਰ ਦੇ ਨਕਸ਼ ਗੁਆ ਕੇ, ਮੇਰੇ ਵਰਗੇ ਕਿੰਨੇ ਪਾਗਲ,
'ਨ੍ਹੇਰ ਗੱਲੀ ਫਿਰਨ ਗੁਆਚੇ, ਸੁਰਗਪੁਰੀ ਦੇ ਵੇਚਣ ਲਾਰੇ।

ਕੂੜ ਫਿਰੇ ਪ੍ਰਧਾਨ ਅਜੇ ਵੀ, ਪੰਜ ਸਦੀਆਂ ਦੇ ਪੈਂਡੇ ਮਗਰੋਂ,
ਹੇ ਇਨਸਾਨ ! ਤੂੰ ਗੁੰਮਿਆਂ ਕਿੱਥੇ, ਲੱਭਦੇ ਫਿਰਦੇ ਤੈਨੂੰ ਸਾਰੇ।

ਨਿਸ਼ਚੇ ਤੋਂ ਬਿਨ ਭਟਕ ਰਹੇ ਹਾਂ, ਲਟਕ ਰਹੇ ਆਂ ਏਸੇ ਕਰਕੇ,
ਪੈਰਾਂ ਹੇਠ ਨਾ ਧਰਤੀ ਸਾਡੇ, ਬਿਨ ਵਿਸ਼ਵਾਸ਼ੋਂ, ਬੇ ਹਥਿਆਰੇ।

l

o

## ਸੁਰਮ ਸਲੇਟੀ ਰੰਗ 'ਚ ਰੂਹ ਨੂੰ

ਸੁਰਮ ਸਲੇਟੀ ਰੰਗ 'ਚ ਰੂਹ ਨੂੰ, ਡੋਬ ਲਿਆ ਦਿਲਦਾਰ ਅਸੀਂ।
ਹੋਰ ਕੋਈ ਰੰਗ ਨਹੀਉਂ ਕਰਨਾ ਇਸ ਤੇ ਦੂਜੀ ਵਾਰ ਅਸੀਂ।

ਧੁੱਪਾਂ ਛਾਵਾਂ ਵੰਡਦਾ ਸੂਰਜ, ਸਾਡੇ ਹਿੱਸੇ ਰਾਤ ਕਿਉਂ,
ਤਾਰਿਆਂ ਨਾਲ ਯਰਾਨੇ ਪਾਏ, ਬਦਲ ਲਿਆ ਪਰਿਵਾਰ ਅਸੀਂ।

ਰੋਜ਼ ਦਿਹਾੜੀ ਤੁਰਦੇ-ਤੁਰਦੇ, ਵਾਲੋਂ ਨਿੱਕੜੀ ਪੰਧੀ 'ਤੇ,
ਵਾਹੋ ਵਾਹੀ ਲੰਘਦੇ ਹਾਂ ਹੁਣ, ਤੇਗ਼ ਤਿਖ਼ੇਰੀ ਧਾਰ ਅਸੀਂ।

ਸੂਰਜ ਤੋਂ ਵੀ ਪਰਲੇ ਪਾਸੇ, ਕੌਤਕ ਵੇਖਣ ਜਾਵਾਂਗੇ,
ਹਿਮਤ ਨਾਲ ਪੁਗਾਵਾਂਗੇ ਜੇ, ਕੀਤਾ ਹੈ ਇਕਰਾਰ ਅਸੀਂ।

ਫੁੱਲਾਂ ਵਿਚ ਖੁਸ਼ਬੋਈ ਜਿਉਂ ਰੰਗ, ਸੁਰ ਸ਼ਬਦੀਂ ਢਲ ਜਾਵਾਂਗੇ,
ਬਣਨਾ ਨਾ ਪਰ ਧਰਤੀ ਉੱਤੇ, ਹੁਣ ਬੇਲੋੜਾ ਭਾਰ ਅਸੀਂ।

ਸਗਲ ਸ੍ਰਿਸ਼ਟੀ ਸਾਂਝੀ ਬੁੱਕਲ, ਲੀਕ ਵਿਹੂਣੀ ਧਰਤੀ ਜੋੜ,
ਏਸ ਤਰ੍ਹਾਂ ਹੀ ਜੋੜ ਲਵਾਂਗੇ, ਦਿਲ ਦੀ ਟੁੱਟੀ ਤਾਰ ਅਸੀਂ।

ਹਮਨਸਲਾਂ ਦੀ ਫਸਲ ਵਧਾਉ, ਰੰਗਾਂ ਦੀ ਰਖਵਾਲੀ ਲਈ,
ਮੁੱਕਦੇ-ਮੁੱਕਦੇ ਮੁੱਕ ਨਾ ਜਾਈਏ, ਗ਼ਰਜ਼ਾਂ ਤੇ ਅਸਵਾਰ ਅਸੀਂ।

l

## ਤੇਰੀ ਚੁੱਪ ਦਾ ਪਹਾੜ

ਤੇਰੀ ਚੁੱਪ ਦਾ ਪਹਾੜ, ਮੇਰੀ ਹਿੱਕ ਤੇ ਸਵਾਰ,
ਜਿੰਦੇ ਭੋਲਿਆਂ ਪਰਿੰਦਿਆਂ ਨੂੰ ਇੰਝ ਤਾਂ ਨਾ ਮਾਰ।

ਤੇਰੇ ਸ਼ਹਿਰ ਵਿਚੋਂ ਲੰਘਦਿਆਂ, ਹਰ ਵਾਰੀ ਲੱਗਾ,
ਕਦੇ ਭੁੱਲ ਕੇ ਵੀ ਕਰੀਏ ਨਾ ਦਿਲਾਂ ਦਾ ਵਪਾਰ।

ਮੈਨੂੰ ਸਮਝ ਨਾ ਆਇਆ ਇਹ ਮੁਹੱਬਤਾਂ ਦਾ ਕਿੱਸਾ,
ਇਹ ਤਾਂ ਨਕਦੀ ਦਾ ਸੌਦਾ, ਜੀਹਦੇ ਵਿੱਚ ਨਾ ਉਧਾਰ!

ਤੇਰੀ ਯਾਦ ਕਾਹਦੀ ਆਈ, ਗੁੰਮੇ ਹੋਸ਼ ਤੇ ਹਵਾਸ,
ਜਿਵੇਂ ਗਿੱਲੇ ਪਿੰਡੇ ਛੋਹੇ ਨੰਗੀ ਬਿਜਲੀ ਦੀ ਤਾਰ।

ਅੱਜ ਵਰ੍ਹਿਆਂ ਤੋਂ ਬਾਅਦ ਫਿਰ ਆਈ ਖੁਸ਼ਬੋਈ,
ਜਿਵੇਂ ਸ਼ਾਮੀਂ ਘਰੀਂ ਪਰਤੇ ਪਰਿੰਦਿਆਂ ਦੀ ਡਾਰ!

ਅੱਜ ਉਮਰਾਂ ਦੀ ਪੌਣੀ ਰੋਟੀ ਖਾਣ ਪਿੱਛੋਂ ਲੱਗਾ,
ਕਦੇ ਛੱਡਦੇ ਨਾ ਪਿੱਛਾ ਕੀਤੇ ਕੌਲ ਤੇ ਕਰਾਰ।

ਘੜੀ ਸਾਹਾਂ ਵਾਲੀ ਟਿੱਕ ਟਿੱਕ ਯਾਦ ਤੈਨੂੰ ਕਰੇ,
ਸਾਨੂੰ ਸਾਹਾਂ ਤੋਂ ਪਿਆਰਿਆ ਤੂੰ ਇੰਜ ਨਾ ਵਿਸਾਰ।

1

## ਦਿਲ ਦਾ ਕਮਾਲ ਵੇਖ

ਦਿਲ ਦਾ ਕਮਾਲ ਵੇਖ, ਪਹਿਲਾਂ ਤਾਂ ਨਹੀਂ ਬੋਲਦਾ।
ਜਦੋਂ ਮੁਸਕਾਵੇਂ, ਅੱਗੋਂ ਪਾਰੇ ਵਾਂਗੂੰ ਡੋਲਦਾ।

ਸੂਰਜੇ ਦੀ ਜਾਈਏ, ਲਿਸ਼ਕੋਰ ਤੇਰੇ ਨੂਰ ਦੀ,
ਰਾਤ ਦੇ ਹਨ੍ਹੇਰਿਆਂ 'ਚੋਂ ਰਹਾਂ ਤੈਨੂੰ ਟੋਲਦਾ।

ਤੇਰੇ ਅੱਗੇ ਟੁੱਟ ਗਿਆ, ਚੁੱਪ ਵਾਲਾ ਜੰਦਰਾ,
ਜਣੇ ਖਣੇ ਅੱਗੇ ਮੈਂ ਵੀ ਚਿੱਤ ਨਹੀਂ ਫ਼ਰੋਲਦਾ।

ਤੇਰੇ ਬਿਨਾਂ ਕਿਸੇ ਦਾ ਮੁਰੀਦ ਨਾ ਮੈਂ ਅੱਜ ਤੀਕ,
ਮੋਤੀਆਂ ਦੇ ਥਾਲ਼ ਐਵੇਂ ਮਿੱਟੀ 'ਚ ਨਹੀਂ ਰੋਲ਼ਦਾ।

ਤੂੰ ਤੇ ਮੈਥੋਂ ਦੂਰ ਕਿੰਨੀ ਦੇਰ ਹੋਈ ਤੁਰ ਗਈ,
ਯਾਦਾਂ ਵਾਲੀ ਗਠੜੀ ਮੈਂ ਕੀਹਦੇ ਅੱਗੇ ਫ਼ੋਲਦਾ।

ਸਮਿਆਂ ਦੇ ਨਾਗ ਸ਼ੀਸ਼ੇ ਉੱਤੇ ਡੰਗ ਮਾਰਿਆ,
ਆਪਣਾ ਵਜੂਦ ਵੇਖ, ਵਿੱਸ ਬੜੀ ਘੋਲ਼ਦਾ।

ਤੇਰੀ ਹੀ ਸੁਣਾਈ ਗੱਲ ਹਾਲੇ ਕੰਨੀਂ ਗੂੰਜਦੀ,
ਸਮਾਂ ਕਦੇ ਤੱਕੜੀ 'ਚ ਵਸਤਾਂ ਨਹੀਂ ਤੋਲਦਾ।

1

## ਟੁੱਟਿਆਂ ਸੌ ਵਾਰ

ਟੁੱਟਿਆਂ ਸੌ ਵਾਰ ਫਿਰ ਵੀ ਟਾਹਣੀਆਂ ਤੇ ਜੁੜ ਗਿਆ।
ਜ਼ਰਦ ਪੱਤਾ ਕਿਰ ਗਿਆ ਫਿਰ ਸਬਜ਼ ਪੱਤਾ ਪੁੰਗਰਿਆ।

ਧਰਤ ਅੰਦਰ ਉਗਮਦਾ ਤੇ ਬਿਣਮਦਾ ਵੇਖੋ ਕਮਾਲ,
ਤੁਰ ਰਿਹਾ ਹੈ ਜ਼ਿੰਦਗੀ, ਤੇਰਾ ਨਿਰੰਤਰ ਕਾਫ਼ਲਾ।

ਮੈਂ ਤੇਰੇ ਤੋਂ ਦੂਰ ਵੀ ਹਾਂ, ਨੇੜ ਵੀ ਧੜਕਣ ਦੇ ਵਾਂਗ,
ਮਨ-ਪਰਿੰਦਾ ਮੌਜ ਅੰਦਰ, ਇੱਕ ਥਾਂ ਨਹੀਂ ਠਹਿਰਦਾ।

ਸੜ ਗਿਆ ਜੰਗਲ ਤੇ ਉਸ ਵਿਚ ਰਾਖ਼ ਹੋਇਆ ਬਹੁਤ ਕੁਝ,
ਕਰਮ ਇਹ ਤੇਰਾ ਮੁਹੱਬਤ, ਫੇਰ ਹੈ ਜੰਗਲ ਹਰਾ।

ਅਜਬ ਹੈ ਰਿਸ਼ਤਾ ਸਨੇਹ ਦਾ, ਰੋਜ਼ ਤੁਰਨਾ ਤੇਗ ਤੇ,
ਵਾ-ਵਰੋਲੇ ਤੇਜ਼, ਤਿੱਖੇ, ਝੁਲਸਦੀ ਤਪਦੀ ਹਵਾ।

ਐ ਦਿਲਾ!ਪੁੱਛੀਂ ਕਦੇ ਤੂੰ ਇਸ਼ਕ ਨੂੰ ਵਿਸ਼ਵਾਸ ਨਾਲ,
ਚੋਰ ਵਾਂਗੂੰ ਤੂੰ ਕਦੋਂ ਸੈਂ ਏਥੇ ਆ ਕੇ ਬਹਿ ਗਿਆ।

ਖੁੱਲ੍ਹਦੀਆਂ ਨੇ ਖਿੜਕੀਆਂ, ਹਰ ਰੋਜ਼ ਰੌਸ਼ਨਦਾਨ ਵੀ,
ਮਨ ਦਾ ਬੂਹਾ ਤੇਰੇ ਮਗਰੋਂ, ਦਸਤਕਾਂ ਲਈ ਸਹਿਕਦਾ।

1

## ਨਵੇਂ ਰੰਗ ਵਿਚ ਰੰਗ ਦੇ

ਨਵੇਂ ਰੰਗ ਵਿਚ ਰੰਗ ਦੇ, ਮੈਨੂੰ ਮਹਿਕਾਂ ਭਰ ਕੇ।
ਮਿੱਟੀ ਦਾ ਬੁੱਤ ਛੂਹ ਕੇ, ਇਸ ਨੂੰ ਜੀਂਦਾ ਕਰ ਕੇ।

ਮੇਰੇ ਦਿਲ ਤੇ ਹੱਥ ਧਰ ਦੇ, ਇਹ ਧੜਕ ਪਵੇਗਾ,
ਇਸ ਨੂੰ ਧੜਕਣ ਲਾ ਦੇ, ਥੋੜ੍ਹੀ ਰਹਿਮਤ ਕਰ ਕੇ।

ਦਿਲ ਵਿਚ ਲੀਕਾਂ ਚਾਰ ਦੀਵਾਰੀ ਤੋਂ ਵੱਧ ਜਾਬਰ,
ਸਹਿਜ ਬਖਸ਼ ਦੇ ਇਨ੍ਹਾਂ ਨੂੰ ਫੁੱਲ ਕਲੀਆਂ ਕਰ ਕੇ।

ਦੂਰ ਦੇਸ ਪਰਦੇਸ ਅਸਲ ਵਿਚ ਜਿਸਮਾਂ ਲਈ ਹੈ,
ਪੌਣਾਂ ਵਾਂਗੂੰ ਮਿਲ ਜਾਇਆ ਕਰ ਹਿੰਮਤ ਕਰ ਕੇ।

ਜੀਵਣ ਖ਼ਾਤਰ ਜੀਵਨ ਨੂੰ ਤੂੰ ਸਮਝੀਂ ਪਹਿਲਾਂ,
ਕਿਉਂ ਮਰ ਚੱਲਿਐ, ਵਕਤੋਂ ਪਹਿਲਾਂ ਮੌਤੋਂ ਡਰ ਕੇ।

ਵੇਖੀਂ ਇਹ ਕੀ ਧੜਕੇ, ਤੇਰੇ ਚਰਨਾਂ ਦੇ ਵਿੱਚ,
ਲੱਗਦੈ ਮੈਂ ਦਿਲ ਭੁੱਲ ਗਿਆ ਹਾਂ ਏਥੇ ਧਰ ਕੇ।

ਪੜ੍ਹ ਲੈ, ਪੜ੍ਹ ਲੈ, ਇਹ ਪੁਸਤਕ ਹੈ ਤੇਰੇ ਕੰਮ ਦੀ,
ਹੋਰ ਕਿਸੇ ਨੇ ਕੀ ਕਰਨੀ ਨੇ ਦਿਲ ਦੇ ਵਰਕੇ।

1

o

## ਹੁਣੇ-ਹੁਣੇ ਬੱਸ ਚੇਤੇ ਕੀਤਾ

ਹੁਣੇ-ਹੁਣੇ ਬੱਸ ਚੇਤੇ ਕੀਤਾ, ਓਸੇ ਪਲ ਆਹ ਸੂਰਜ ਚੜ੍ਹਿਆ।
ਕਿਰਨਾਂ ਚਾਰ-ਚੁਫ਼ੇਰੇ ਝੁਰਮਟ, ਤੂੰ ਇਹ ਕਿਹੜਾ ਮੰਤਰ ਪੜ੍ਹਿਆ।

ਦਿਨ ਤੇ ਰਾਤ ਮਿਲਾ ਕੇ ਚੌਵੀ ਘੰਟੇ ਹੁੰਦੇ ਰੋਜ਼ ਦਿਹਾੜੀ,
ਮੇਰੇ ਸਾਹਾਂ ਅੰਦਰ ਧੜਕੇਂ, ਲਾਵੇਂ ਅੱਖ ਘੜੀ ਨਾ ਅੜਿਆ।

ਮਨ ਸਾਂਭਣ ਲਈ ਤਨ ਦੀਵਾਰਾਂ, ਮਨ ਤੇ ਪਹਿਰਾ ਤਨ ਦੀ ਖ਼ਾਤਰ,
ਮਹਿਕ ਤੇਰੀ ਦਾ ਮਾਣਕ ਮੋਤੀ, ਦਿਸਦਾ ਨਹੀਂ ਇਹ ਮੁੰਦਰੀ ਜੜਿਆ।

ਅਜੇ ਝਨਾਂ ਚੋਂ ਆਉਣ ਅਵਾਜ਼ਾਂ, ਪਾਰ ਲੰਘਾ ਦੇ ਸੋਹਣੀ ਨੂੰ ਤੂੰ,
ਵੇ ਵੀਰਾ ਵੇ ਜੀਣ ਜੋਗਿਆ, ਖ਼ੁਰ ਨਾ ਜਾਈਂ ਸਿਦਕੀ ਘੜਿਆ।

ਪੀਂਘ ਹੁਲਾਰੇ ਮਾਰ ਭਰ ਦਿਆਂ ਸੂਰਜ ਤੋਂ ਵੀ ਪਾਰ ਉਡਾਰੀ,
ਤੂੰ ਮਿਲਿਆ ਮਨ ਚੰਬਾ ਖਿੜਿਆ, ਜਾਪੇ ਜਿਉਂ ਹੈ ਚੇਤਰ ਚੜ੍ਹਿਆ।

ਤੇਰੇ ਮੋਹ ਦੀ ਰਿਸ਼ਮ ਸੁਨਹਿਰੀ, ਮਹਿਕ ਰਹੀ ਚੰਬੇਲੀ ਵਾਂਗਰ,
ਵੇਖ ਤੇਰੇ ਅਹਿਸਾਸ ਦੀ ਕੰਨੀ, ਨੂੰ ਮੈਂ ਕਿੰਨਾ ਘੁੱਟ ਕੇ ਫੜਿਆ।

ਦਿਨ ਦੇ ਚਿੱਟੇ ਚਾਨਣ ਅੰਦਰ, ਤੇਰੇ ਨੈਣਾਂ ਕੀ ਨਹੀਂ ਕੀਤਾ,
ਫੇਰ ਪਤਾ ਨਹੀਂ ਕਿਉਂ ਤੂੰ ਸਾਰਾ, ਦੋਸ਼ ਹਨ੍ਹੇਰੇ ਦੇ ਸਿਰ ਮੜ੍ਹਿਆ।

1

o

## ਛੱਡ ਦੇ ਹੁਣ ਤੂੰ ਬੀਤੀਆਂ ਗੱਲਾਂ

ਛੱਡ ਦੇ ਹੁਣ ਤੂੰ ਬੀਤੀਆਂ ਗੱਲਾਂ, ਕੀ ਲੈਣਾ ਏਂ ਹੌਕੇ ਭਰਕੇ ।
ਏਨੇ ਕਦਮ ਸਬੂਤੇ ਰਹਿ ਗਏ, ਸਫ਼ਰ ਸਹੀ, ਵਿਸ਼ਵਾਸ ਦੇ ਕਰਕੇ ।

ਗਰਦਨ ਸਿੱਧੀ ਰੱਖਣਾ ਕਹਿ ਕੇ, ਪੈਂਦਾ ਹੈ ਤਲਵਾਰ ਤੇ ਤੁਰਨਾ,
ਸੀ ਤੁਰ ਪਉ ਇੱਕ ਵਾਰ ਫ਼ੇਰ ਤਾਂ, ਮੁੜਦੇ ਹੋ ਮੰਜ਼ਿਲ ਸਰ ਕਰਕੇ ।

'ਕੱਲਿਆਂ ਤੁਰਨਾ ਔਖਾ ਹੈ ਪਰ, ਮੇਰੇ ਅੰਗ ਸੰਗ ਕਿੰਨੇ ਸਾਥੀ,
ਸਬਰ, ਸਿਦਕ, ਸੰਤੋਖ, ਸਮਰਪਣ, ਰੂਹ ਮੇਰੀ ਦੇ ਸੂਹੇ ਵਰਕੇ ।

ਕਿੰਨੀ ਵਾਰੀ ਮੰਡੀ ਬੂਹਿਓਂ, ਆ ਜਾਂਦੀ ਹੈ ਫ਼ੇਰ ਖ਼ਰੀਦਣ,
ਵਿਕਿਆ ਨਹੀਂ ਮੈਂ, ਤਾਂ ਹੀ ਝਾਕੇ, ਕੁਰਸੀ ਅੱਖ 'ਚ ਹਸਰਤ ਭਰਕੇ।

ਕੋਲ਼ੇ ਵਾਲੀ ਖਾਣ 'ਚ, ਦੋਧੇ ਵਸਤਰ ਚਿੱਟੇ ਰੱਖਣ ਖ਼ਾਤਰ,
ਸੱਚ ਪੁੱਛੇਂ ਤਾਂ ਜੀਣਾ ਪੈਂਦਾ, ਪਲ ਅੰਦਰ ਸੌ ਵਾਰੀ ਮਰ ਕੇ।

ਕੌੜਾ ਤੁੰਮਾ ਸੌ ਰੋਗਾਂ ਦੀ ਜੜ੍ਹ ਦਾ ਵੈਰੀ ਰੁਲ਼ਦਾ ਤਾਂਹੀਓਂ,
ਮਿੱਠਾ ਹੈ ਖ਼ਰਬੂਜ਼ਾ ਵਿਕਦਾ ਮੰਡੀ ਦੇ ਵਿੱਚ ਏਸੇ ਕਰਕੇ ।

ਹੇ ਗੁਰ ਸ਼ਬਦ ਨਾ ਡੋਲਣ ਦੇਵੀਂ, ਇੱਕ ਸਤਰੀ ਅਰਦਾਸ ਕਰਾਂ ਮੈਂ,
ਭੁੱਲ ਜਾਂਦਾ ਹਾਂ ਕਿੰਨੀ ਵਾਰੀ, ਸਿਰ ਤੇਰੇ ਕਦਮਾਂ ਤੇ ਧਰ ਕੇ।

1

O

## ਵਿਛੜਿਆਂ ਦਾ ਜ਼ਿਕਰ ਜਦੋਂ ਵੀ

ਵਿਛੜਿਆਂ ਦਾ ਜ਼ਿਕਰ ਜਦੋਂ ਵੀ, ਆਪਣੇ ਨਾਲ ਹੀ ਕਰ ਬਹਿੰਦਾ ਹਾਂ।
ਉਸ ਤੋਂ ਮਗਰੋਂ ਕਿੰਨਾ ਚਿਰ ਹੀ, ਅੱਖੀਉਂ ਅੱਥਰੂ ਬਣ ਵਹਿੰਦਾ ਹਾਂ।

ਤੜਪਾਉਂਦੇ ਨੇ ਰੋਸੇ, ਮਿਹਣੇ, ਆਪਣਿਆਂ ਦੇ ਨਾਲ ਸ਼ਿਕਾਇਤਾਂ,
ਮਿਲਣ -ਘੜੀ ਚੇਤੇ ਨਾ ਰਹਿੰਦੇ, ਪਲ ਕੁ ਪਹਿਲਾਂ ਜੋ ਕਹਿੰਦਾ ਹਾਂ।

ਮੈਂ ਆਪਣਾ ਹੀ ਦੁਸ਼ਮਣ ਬਣਿਆ, ਸਭ ਨੂੰ ਆਪਣਾ ਮੀਤ ਸਮਝਿਆ,
ਇਸੇ ਕਰਕੇ ਬਹੁਤੀ ਵਾਰੀ, ਆਪਣੇ ਹੱਥੀਂ ਖ਼ੁਦ ਢਹਿੰਦਾ ਹਾਂ।

ਮੈਂ ਸੂਰਜ ਤੋਂ ਏਹੀ ਸਿੱਖਿਐ, ਹਰ ਪਲ ਜਗਣਾ, ਹਰ ਥਾਂ ਮਘਣਾ,
ਨਾਲ ਹਨ੍ਹੇਰਿਆਂ ਮੱਥਾ ਲਾ ਕੇ, ਏਸੇ ਕਰਕੇ ਹੀ ਖਹਿੰਦਾ ਹਾਂ।

ਦਿਲ ਦਰਿਆ ਦੀ ਸੀਮਾ ਜਾਣੀਂ, ਸਾਰਾ ਕੁਝ ਨਾ ਇਸ ਤੋਂ ਮਿਲਣਾ,
ਤਾਂਹੀਓਂ ਮੋਤੀ ਢੂੰਡਣ ਖ਼ਾਤਰ, ਡੂੰਘੇ ਸਾਗਰ ਵਿਚ ਲਹਿੰਦਾ ਹਾਂ।

ਮਿੱਠੇ ਕੌੜੇ ਬੋਲ ਸੁਣਦਿਆਂ, ਹੁਣ ਤਾਂ ਫ਼ਰਕ ਪਛਾਣਾਂ ਮੈਂ ਵੀ,
ਉੱਤਰ ਹੁੰਦਿਆਂ ਸੁੰਦਿਆਂ ਪੱਲੇ, ਪਰ ਮੈਂ ਸੁਣ ਕੇ ਚੁੱਪ ਰਹਿੰਦਾ ਹਾਂ।

ਸ਼ੁਕਰ ਮੁਹੱਬਤ, ਵੇਖ ਲਿਆ ਤੂੰ ਜਦ ਤੋਂ ਮਿਹਰ ਨਜ਼ਰ ਦੀ ਕਰਕੇ,
ਇਸ ਤੋਂ ਵੱਧ ਹੁਣ ਕੀ ਦੱਸਾਂ ਮੈਂ, ਤੇਰੇ ਕਰਕੇ ਖੁਸ਼ ਰਹਿੰਦਾ ਹਾਂ।

l

O

## ਰੰਗ ਤੇ ਖ਼ੁਸ਼ਬੂ ਦਾ ਰਿਸ਼ਤਾ

ਰੰਗ ਤੇ ਖ਼ੁਸ਼ਬੂ ਦਾ ਰਿਸ਼ਤਾ, ਜਿਸ ਤਰ੍ਹਾਂ ਫੁੱਲਾਂ ਦੇ ਨਾਲ!
ਮੈਂ ਬਰਾਬਰ ਤੁਰ ਰਿਹਾ ਹਾਂ, ਵੇਖ ਤੇਰੇ ਨਾਲ ਨਾਲ!

ਹੱਦ ਨਾ ਸਰਹੱਦ ਰੋਕੇ, ਮਹਿਕ-ਬੁੱਲਾਂ ਜਿਸਮ ਹੀਣ,
ਨਾ ਕਰੇ ਮਹਿਸੂਸ ਮੈਨੂੰ, ਹੈ ਭਲਾ ਕਿਸ ਦੀ ਮਜ਼ਾਲ।

ਯਾਦ ਤੇਰੀ ਫੇਰ ਆਈ, ਇਸ ਤਰ੍ਹਾਂ ਮਹਿਸੂਸ ਹੋਇਆ,
ਖੇਡ ਕੇ ਪਰਤਣ ਘਰਾਂ ਨੂੰ, ਜਿਸ ਤਰ੍ਹਾਂ ਪਿੰਡਾਂ 'ਚ ਬਾਲ।

ਤੁਰਨ ਦਾ ਨਾਂ ਜ਼ਿੰਦਗੀ ਹੈ, ਮੀਲ ਪੱਥਰ ਅਰਥ-ਹੀਣ,
ਸਮਝਦਾ ਹਾਂ, ਪਰ ਕਿਉਂ ਮੈਂ, ਕਰ ਰਿਹਾ ਹਾਂ ਕਦਮ ਤਾਲ।

ਤੂੰ ਗੁਆਈਂ ਨਾ ਕਦੇ ਵੀ, ਤੁਰਨ ਦੀ ਦਿਲਕਸ਼ ਅਦਾ,
ਕੀ ਕਹਾਂ ਇਸ ਤੋਂ ਜ਼ਿਆਦਾ, ਬੇ ਮਿਸਾਲੋਂ ਬੇ ਮਿਸਾਲ।

ਡੁੱਲ੍ਹ ਨਾ ਜਾਵਣ ਕਿਤੇ, ਵੇਖੀਂ ਤੂੰ, ਪੀਵੇ ਰੇਤ ਨਾ,
ਹਾਸਿਆਂ ਦੀ ਫ਼ਸਲ ਮਹਿੰਗੀ, ਮੋਤੀਆਂ ਵਾਂਗੂੰ ਸੰਭਾਲ।

ਕੱਲ ਰਾਤੀਂ ਗੁਫ਼ਤਗੂ ਵਿੱਚ, ਖ਼ਬਰ ਨਹੀਂ ਮੈਂ ਕੀ ਕਿਹਾ,
ਚੰਨ ਤਾਰੇ ਸੁਣ ਰਹੇ ਸੀ, ਭੇਤ ਰੱਖਣਾ ਸੀ ਮੁਹਾਲ।

l

o

## ਵਕਤ ਮਿਲੇ ਤਾਂ ਹਿੰਮਤ ਕਰਕੇ

ਵਕਤ ਮਿਲੇ ਤਾਂ ਹਿੰਮਤ ਕਰਕੇ ਬੰਦ ਬੂਹਿਆਂ ਨੂੰ ਖੋਲ੍ਹ ਦਿਆ ਕਰ।
ਸ਼ਬਦ ਮਾਸੂਮ ਪਰਿੰਦੇ ਹੁੰਦੇ, ਮੂੰਹ ਆਇਆਂ ਨੂੰ ਬੋਲ ਦਿਆ ਕਰ।

ਰੂਹ ਦੇ ਸੁੱਚੇ ਮਾਣਕ ਮੋਤੀ, ਕਦਰ ਪੁਆਉਂਦੇ ਕਿਸੇ ਕਿਸੇ ਤੋਂ,
ਚਹੁੰ ਕੌਡਾਂ ਲਈ ਮਹਿੰਗਾ ਸੌਦਾ, ਸਸਤੇ ਭਾਅ ਨਾ ਤੋਲ ਦਿਆ ਕਰ।

ਦੀਨ ਈਮਾਨ ਵਿਰਾਸਤ ਪੂੰਜੀ, ਦਿਲ-ਦਰਿਆਵਾ ਖ਼ਰਚ ਲਿਆ ਕਰ,
ਮੱਖੀ - ਚੂਸ ਕੰਜੂਸ ਦੇ ਵਾਂਗੂੰ, ਬਹੁਤੀ ਨਾ ਗੰਢ ਗੋਲ਼ ਦਿਆ ਕਰ।

ਹਰ ਕਠਿਨਾਈ ਸਦਾ ਚੁਣੌਤੀ, ਸਮਝ ਲਿਆ ਕਰ ਰਮਜ਼ਾਂ ਯਾਰਾ,
ਸਕਿਵੇ ਨੈਣੀਂ ਅੱਥਰੂ ਬਣਦੇ, ਹਰ ਥਾਵੇਂ ਨਾ ਡੋਲ੍ਹ ਦਿਆ ਕਰ ।

ਟਾਕੀ ਦੇ ਵਿਚ ਜੁਗਨੂੰ ਜਿਹੜੇ, ਦਿਨੇ ਗੁਆਚਣ ਰਾਤੀਂ ਲੱਭਣ,
ਏਸ ਬੁਝਾਰਤ ਵਿਚਲੇ ਤਾਰੇ, ਬੱਚਿਆਂ ਨੂੰ ਵੀ ਟੋਲ਼ ਦਿਆ ਕਰ।

'ਕੱਲਿਆਂ 'ਕੱਲਿਆਂ ਧੁਖਦੇ ਰਹਿਣਾ, ਫਿਰ ਕਹਿਣਾ ਕਿ ਦਮ ਘੁੱਟਦਾ ਹੈ,
ਗ਼ਮ ਦੀ ਧੂਣੀ ਬਲਣੋਂ ਪਹਿਲਾਂ, ਸੱਜਣਾ ਦੇ ਸੰਗ ਫੋਲ ਦਿਆ ਕਰ।

ਚੰਦਨ ਰੁੱਖੜਾ ਸੀਤਲ ਛਾਵਾਂ, ਹੁੰਦਿਆ, ਤਪਦਾ ਮਨ ਦਾ ਵਿਹੜਾ,
ਵਗਦੀ ਰਹਿ ਲਟਬੌਰੀਏ ਪੌਣੇ, ਸਾਹੀਂ ਸੰਦਲ ਘੋਲ ਦਿਆ ਕਰ।

1

o

## ਮੇਰੇ ਹੱਥ ਵਿਚ ਸੂਰਜ ਨਹੀਂਓਂ

ਮੇਰੇ ਹੱਥ ਵਿਚ ਸੂਰਜ ਨਹੀਂਓਂ, ਦੀਵਾ ਹੈ ਇਕ ਟਿਮਕ ਰਿਹਾ।
ਇਹਦੇ ਸਿਰ ਤੇ ਰਾਤ ਹਨ੍ਹੇਰੀ, ਵਿਚੋਂ ਦੀ ਮੈਂ ਗੁਜ਼ਰ ਗਿਆ।

ਵਿਕਦੇ ਨੇ ਗੁਫ਼ਤਾਰ ਦੇ ਗ਼ਾਜ਼ੀ, ਮੰਡੀ ਦੇ ਵਿੱਚ ਗਾਹਕ ਬੜੇ,
ਏਸ ਸ਼ਹਿਰ ਕਿਰਦਾਰ ਗੁਆਚਾ, ਚਾਨਣ ਸੂਹੀ ਲੀਕ ਜਿਹਾ।

ਕਾਲ਼ਾ ਅੰਬਰ ਵਿਚ ਵਿਚ ਤਾਰੇ, ਇਹ ਹਨ ਵਿਛੜੇ ਮੀਤ ਮੇਰੇ,
ਸਿੱਲੀ ਅੱਖ ਨੇ ਵੇਖਦਿਆਂ ਹੀ, ਭਰਿਆ ਹੌਕਾ ਸਰਦ ਜਿਹਾ।

ਸੱਚੀ ਮੈਂ ਦਰਿਆ ਹੋਣਾ ਸੀ, ਵਹਿੰਦਾ ਜੇ ਮੈਂ ਬਹਿੰਦਾ ਨਾ,
ਨਾ ਪੀਂਦੇ ਇਹ ਰੇਤਲ ਟਿੱਬੇ, ਇਹ ਤੂੰ ਬਿਲਕੁਲ ਠੀਕ ਕਿਹਾ।

ਬੁਝਿਆ ਬੁਝਿਆ ਮਰ ਜਾਵੇਂਗਾ, ਜੱਗ ਤੇ ਕਰ ਦੇ ਸੁਰਖ਼ ਸਵੇਰ,
ਚਾਰ ਚੁਫ਼ੇਰ ਵਿਛਾ ਦੇ ਚਾਨਣ, ਦਿਲ ਨੂੰ ਕਿੰਨੀ ਵਾਰ ਕਿਹਾ।

ਸੂਰਜ ਦੀ ਲਿਸ਼ਕੋਰ ਵਰਗਿਆ, ਧਰਤ ਉਡੀਕੇ ਤੈਨੂੰ ਹੀ,
ਕਿਰਨਾਂ ਬੀਜ ਸਿਆੜਾਂ ਅੰਦਰ, ਗਲੀਆਂ ਕੂਚੇ ਤੂੰ ਰੁਸ਼ਨਾ।

ਗੀਤ ਗਜ਼ਲ ਜਾਂ ਆਖ ਰੁਬਾਈ, ਇਹ ਤੇਰੇ ਤੇ ਨਿਰਭਰ ਹੈ,
ਅੱਥਰੂ ਕਿਰਿਆ ਸਫ਼ਿਆਂ ਉੱਤੇ, ਦਿਲ ਨੇ ਆਪਣਾ ਦਰਦ ਕਿਹਾ।

1

## ਅੱਜ ਕੱਲ੍ਹ ਅੰਬਰੀ ਫ਼ਿਰਨ ਅਵਾਰਾ

ਅੱਜ ਕੱਲ੍ਹ ਅੰਬਰੀ ਫ਼ਿਰਨ ਅਵਾਰਾ, ਬੱਦਲ ਨੇ, ਬਰਸਾਤ ਨਹੀਂ।
ਇਸ ਤੋਂ ਵੱਧ ਮੈਂ ਕੁਝ ਨਹੀਂ ਕਹਿਣਾ, ਇਹ ਮੇਰੀ ਔਕਾਤ ਨਹੀਂ।

ਡੁੱਬਦੇ ਸੂਰਜ ਮੇਰਾ ਚਿਹਰਾ ਲੱਥਿਆ ਵੇਖ ਕੇ ਆਪ ਕਿਹਾ,
ਘਾਬਰ ਨਾ ਤੂੰ, ਕੱਲ੍ਹ ਆਵਾਂਗਾ, ਬਹੁਤੀ ਲੰਮੀ ਰਾਤ ਨਹੀਂ।

ਖ਼ੁਦ ਨੂੰ ਆਪ ਪਛਾਨਣ ਤੋਂ ਹੀ, ਮੁੱਕਰ ਜਾਵਾਂ ਨਾਮੁਮਕਿਨ,
ਭਾਵੇਂ ਡਰਿਆ, ਪਰ ਨਹੀਂ ਮਰਿਆ, ਐਸੇ ਵੀ ਹਾਲਾਤ ਨਹੀਂ।

ਏਹੀ ਹਾਲ ਰਿਹਾ ਤਾਂ ਵੇਖਿਓ, ਬੁਰਜ ਮੁਨਾਰੇ ਢਹਿ ਜਾਣੇ,
ਤਲਖ਼ ਹਕੀਕਤ ਆਪ ਵੇਖਿਉ, ਇਹ ਮੇਰੇ ਜਜ਼ਬਾਤ ਨਹੀਂ।

ਮੰਡੀ ਅੰਦਰ ਸਾਡੀਆਂ ਫਸਲਾਂ, ਕਿੰਜ ਲੁੱਟਦਾ ਲੁਟਵਾਉਂਦਾ ਏਂ,
ਸਮਝ ਸਕਾਂ ਨਾ ਬਦਨੀਤੀ ਨੂੰ, ਐਡੀ ਵੀ ਕੋਈ ਬਾਤ ਨਹੀਂ।

ਕਤਲ ਕਰੇਂ, ਖ਼ੁਦਕੁਸ਼ੀਆਂ ਆਖੇਂ, ਦੋਸ਼ ਦਏਂ ਵਹੀ ਫਿਰ ਸਾਨੂੰ ਹੀ,
ਧਰਤੀ ਪੁੱਤਰ ਟੁੱਟ ਸਕਦਾ ਏ, ਕਰਦਾ ਆਤਮਘਾਤ ਨਹੀਂ।

ਜ਼ਹਿਰ ਪਿਆਲਾ ਮੈਂ ਹੀ ਪੀਵਾ ਸੱਚ ਬੋਲਣ ਦੇ ਬਦਲੇ ਕਿਉਂ,
ਪੁੱਛ ਸਕਦਾ ਹਾਂ ਸਦੀਆਂ ਮਗਰੋਂ, ਹੁਣ ਮੈਂ ਉਹ ਸੁਕਰਾਤ ਨਹੀਂ।

1

## ਆਪਣੇ ਅੰਦਰ ਹਰ ਦਿਨ ਹਰ ਪਲ

ਆਪਣੇ ਅੰਦਰ ਹਰ ਦਿਨ ਹਰ ਪਲ ਮਾਨਣ ਦਾ ਅਹਿਸਾਸ ਜਗਾਓ।
ਇਸ ਧਰਤੀ ਦੇ ਕਣ ਕਣ ਅੰਦਰ ਮੋਹ ਮਮਤਾ ਦੇ ਬਿਰਖ਼ ਲਗਾਉ।

ਰੌਸ਼ਨੀਆਂ ਦੀ ਬਾਗ਼-ਬਗੀਚੇ, ਮੰਗਦੇ ਮੋਹ ਦਾ ਨਿਰਮਲ ਪਾਣੀ,
ਜ਼ਿੰਦਗੀ ਧਰਤ ਤਰੇੜਾਂ ਪਾਟੀ, ਭਰ ਭਰ ਮਸ਼ਕਾਂ ਜਲ ਵਰਤਾਉ।

ਮੈਂ ਵੀ ਸ਼ਬਦ -ਬਗੀਚਾ ਲਾਇਐ, ਏਸੇ ਲਈ ਸੱਜਣਾਂ ਦੀ ਖ਼ਾਤਰ,
ਰੋਕ ਟੋਕ, ਨਾ ਚਾਰ ਦੀਵਾਰੀ ਜਦ ਦਿਲ ਚਾਹੇ ਆਉ, ਜਾਓ।

ਸਿਖ਼ਰ ਦੁਪਹਿਰੇ, ਕੋਈ ਪਾਂਧੀ, ਰਾਹ ਪੁੱਛਣ ਵੀ ਆ ਸਕਦਾ ਹੈ,
ਬੂਹੇ ਤੇ ਹਰਿਆਲੀ ਛਤਰੀ, ਮੌਲਸਰੀ ਦੇ ਬੂਟੇ ਲਾਉ।

ਗ਼ਮ ਦਾ ਗੋਲ਼ਾ ਜੇ ਨਾ ਪਿਘਲੇ, ਮਨ ਪਥਰਾਵੇ ਹੌਲ਼ੀ ਹੌਲ਼ੀ,
ਧੜਕਣ ਦਾ ਸੁਰ ਤਾਲ ਬਣਾ ਕੇ, ਰੂਹ ਵਿੱਚ ਭਿੱਜੀ ਤਰਜ਼ ਬਣਾਉ।

ਹਿਰਨਾਂ ਦੇ ਸਿੰਗਾਂ ਤੇ ਚੜ੍ਹ ਕੇ, ਭੁੱਲ ਜਾਂਦੀ ਹੈ ਜਾਚ ਤੁਰਨ ਦੀ,
ਪੌਣਾਂ ਦੇ ਅਸਵਾਰ ਬਣੋ ਨਾ, ਖ਼ੁਦ ਨੂੰ ਆਪਣੇ ਕੋਲ ਬੁਲਾਉ।

ਇਕੋ ਵਾਰ ਕਿਹਾ ਹੀ ਕਾਫ਼ੀ, ਬਲਿਹਾਰੀ ਕੁਦਰਤ ਵਿੱਚ ਰਹਿੰਦੈ,
ਫੁੱਲ-ਪੱਤੀਆਂ ਸੰਗ ਕਰੋ ਗੁਫ਼ਤਗੂ, ਬਿਰਖ਼ ਬਰੂਟੇ ਮੀਤ ਬਣਾਉ।

1

## ਖੰਭਾਂ ਵਿਚ ਪਰਵਾਜ਼ ਭਰੇ ਜੇ

ਖੰਭਾਂ ਵਿਚ ਪਰਵਾਜ਼ ਭਰੇ ਜੇ, ਸੂਰਜ ਬਹੁਤਾ ਦੂਰ ਨਹੀਂ ਹੈ।
ਹਰ ਹਿੱਕੜੀ ਵਿੱਚ ਸੁਪਨ ਕਰੋੜਾਂ, ਕਿਹੜੀ ਅੱਖ ਪੁਰਨੂਰ ਹੈ।

ਸਿਰਲੱਥਾਂ ਦੀ ਬਸਤੀ ਅੰਦਰ, ਸਾਬਤ ਸੂਰੇ ਰਹਿਣ ਸਰੂਰੇ,
ਸੀਸ ਤਲੀ 'ਤੇ ਧਰ ਕੇ ਤੁਰਿਆ, ਇਹ ਕੋਈ ਪਹਿਲਾ ਪੂਰ ਨਹੀਂ ਹੈ।

ਕਿਣਕੇ ਵਿਚ ਜਿਉਂ ਕਾਇਨਾਤ ਹੈ, ਰਿਸ਼ਮਾਂ ਵਿੱਚ ਤੂੰ ਹਾਜ਼ਰ-ਨਾਜ਼ਰ,
ਤੇਰੀ ਨਜ਼ਰ ਇਨਾਇਤ ਮਗਰੋਂ, ਕਿਹੜਾ ਜ਼ੱਰਾ ਤੂਰ ਨਹੀਂ ਹੈ।

ਰਿਸ਼ਤਿਆਂ ਦੀ ਪਰਕਰਮਾ ਕਰਦੇ, ਬੇਵਿਸ਼ਵਾਸ਼ੀ ਕਦਮ ਕਦਮ 'ਤੇ,
ਹਰ ਪਲ ਤਿਲਕਣਬਾਜ਼ੀ ਦਾ ਡਰ, ਮੈਨੂੰ ਇਹ ਮਨਜ਼ੂਰ ਨਹੀਂ ਹੈ।

ਵਿੱਚ ਅਮਾਨਤ, ਕਰਾਂ ਖਿਆਨਤ, ਆਪਣੀ ਰੂਹ ਤੋਂ ਚੋਰੀ ਚੋਰੀ,
ਖ਼ੁਦ ਤੋਂ ਲੁਕਦੇ ਫਿਰਨਾ ਮਗਰੋਂ, ਮੇਰਾ ਇਹ ਦਸਤੂਰ ਨਹੀਂ ਹੈ।

ਬੁੱਲੇ ਸ਼ਾਹ ਦਾ ਸ਼ਹਿਰ ਕਸੂਰੋਂ, ਬਾਹਰ ਟਿਕਾਣਾ ਏਸੇ ਕਰਕੇ,
ਰੂਹ ਦੀ ਕਹਿੰਦੈ, ਦਿਲ ਦੀ ਕਰਦੈ, ਇਸ ਤੋਂ ਵੱਧ ਕਸੂਰ ਨਹੀਂ ਹੈ।

ਅਸਲ ਨਕਲ ਨੂੰ ਪਰਖ਼ਣ ਖ਼ਾਤਰ, ਇਹ ਪੈਮਾਨਾ ਚੇਤੇ ਰੱਖਿਉ,
ਉਸ ਤੋਂ ਆਸ ਕਰੋ ਨਾ ਫ਼ਲ ਦੀ, ਜਿਸ ਬੂਟੇ ਤੇ ਬੂਰ ਨਹੀਂ ਹੈ।

l

## ਏਦਾਂ ਹੀ ਨਾ ਬੈਠ ਰਿਹਾ ਕਰ

ਏਦਾਂ ਹੀ ਨਾ ਬੈਠ ਰਿਹਾ ਕਰ, ਖ਼ਤ ਲਿਖਿਆ ਕਰ ਰੂਹ ਦੇ ਰੰਗ ਦਾ।
ਤੇਰੀ ਚੁੱਪ ਦਾ ਕੋਰਾ ਵਰਕਾ, ਹਰ ਦਮ ਖ਼ੂਨ ਜਿਗਰ ਦਾ ਮੰਗਦਾ।

ਪਿਆਰ ਪਰਖ਼ਣਾ ਛੱਡ ਦੇ ਹੁਣ ਤੂੰ, ਇਕ ਦੂਜੇ ਦੀ ਧੜਕਣ ਜਹੀਏ,
ਅੱਜ ਤੀਕਰ ਮੈਂ ਸਾਂਭ ਕੇ ਰੱਖਿਆ, ਟੁੱਟਿਆ ਟੋਟਾ ਤੇਰੀ ਵੰਗ ਦਾ।

ਚੱਲ ਫਿਰ ਪੜ੍ਹਨ ਸਕੂਲੇ ਚੱਲੀਏ, ਇਕ ਦੂਜੇ ਮੂੰਹ ਰੋਟੀ ਪਾਈਏ,
ਕਾਫ਼ੀ ਚਿਰ ਦਾ ਦਿਲ ਕਰਦਾ ਸੀ, ਕਹਿ ਸਕਿਆ ਨਾ ਤੈਥੋਂ ਸੰਗਦਾ।

ਜਿੱਥੇ ਜਾ ਕੇ ਸ਼ਬਦ ਖਾਮੋਸ਼ੀ ਧਾਰਨ ਮਗਰੋਂ ਕੁਝ ਨਾ ਬੋਲਣ,
ਉਸ ਪਲ ਦਾ ਨਾਂ ਰੱਖਣੈਂ ਹਾਲੇ, ਜਿਹੜਾ ਮੈਨੂੰ ਸੂਲ਼ੀ ਟੰਗਦਾ।

ਕਦੇ ਗੁਲਾਬ ਨਹੀਂ ਮੈਂ ਛੋਹਣਾ, ਕਿੰਨੀ ਵਾਰੀ ਮਨ ਸਮਝਾਇਆ,
ਦਿਲ ਨਾ ਮੰਨਦਾ, ਫੁੱਲ ਚੁੰਮਦਾ ਹੈ, ਤੇਰੇ ਸੁਰਖ਼ ਲਬਾਂ ਦੇ ਰੰਗ ਦਾ।

ਲੰਮ ਸਲੰਮੀ ਗੁੱਤ ਵਿਚ ਗੁੰਦੇ, ਚੇਤੇ ਆਉਣ ਪਰਾਂਦੇ ਘੁੰਮਦੇ,
ਸਾਰੀ ਛੁੱਟੀ ਵਾਲਾ ਮੰਜ਼ਰ, ਅੱਜ ਵੀ ਮੈਨੂੰ ਰਹਿੰਦਾ ਡੰਗਦਾ।

ਹੀਰ ਸਲੇਟੀਆਂ, ਚੂਚਕ ਬੇਟੀਆਂ, ਸੂਹੇ ਸਾਲੂ ਵਿਚ ਲਪੇਟੀਆਂ,
ਹਰ ਵਾਰੀ ਕਿਓ ਰੰਗਪੁਰ ਵਰਦਾ, ਟੀਸੀ ਦਾ ਫੁੱਲ ਸਾਡੇ ਝੰਗ ਦਾ।

l